# ਪੰਜਾਬੀ ਦਾ ਭਾਸ਼ਾ ਸੰਸਾਰ

ਸੰਪਾਦਕ
ਅਮਰਜੀਤ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਪੰਜਾਬੀ ਦਾ ਭਾਸ਼ਾ ਸੰਸਾਰ

ਸੰਪਾਦਕ
ਅਮਰਜੀਤ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

PUNJABI DA BHASHA SANSAR
*editor*
AMARJIT SINGH

1989
ਦੂਜੀ ਵਾਰ : 1100
ਮੁੱਲ : 35-00

ਸਰਦਾਰ ਤੀਰਥ ਸਿੰਘ, ਐਲ-ਐਲ. ਐਮ., ਰਜਿਸਟ੍ਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ
ਪ੍ਰਕਾਸ਼ਿਤ ਅਤੇ ਐਡਵਿਨ ਪ੍ਰਿੰਟਰਜ਼, ਨਾਮਦਾਰ ਖ਼ਾਂ ਰੋਡ ਵਿਖੇ ਛਪੀ।

Sri Satguru Jagjit Singh Ji Elibrary NamdhariElibrary@gmail.com

## ਆਮੁੱਖ ਸ਼ਬਦ
## ਭਾਸ਼ਾ ਅਤੇ ਸਮਾਜਿਕ ਵਿਕਾਸ

(ਪਹਿਲਾ ਸੰਸਕਰਣ)

ਇਹ ਕਥਨ ਬਹੁਤ ਪੁਰਾਣਾ ਹੈ ਕਿ "ਮਨੁੱਖ ਇਕ ਸਮਾਜਿਕ ਜੀਵ ਹੈ"। ਇਸ ਦੇ ਨਾਲ ਨਾਲ ਇਹ ਵੀ ਇਕ ਤੱਥ ਹੈ ਕਿ ਭਾਸ਼ਾ ਨੇ, ਸਿੱਧੇ ਜਾਂ ਪਰੋਖ ਰੂਪ ਵਿਚ, ਮਨੁੱਖ ਦੀ ਜ਼ਿੰਦਗੀ ਵਿਚ ਇਕ ਅਹਿਮ ਭੂਮਿਕਾ ਨਿਭਾਈ ਹੈ। ਇਸ ਪੱਖ ਤੋਂ ਭਾਸ਼ਾ ਮਨੁੱਖੀ ਜੀਵਨ ਦੇ 'ਸਮਾਜੀਕਰਣ' ਦੀ ਇਕ ਮਹੱਤਵਪੂਰਣ ਕਿਰਿਆ ਹੈ। ਇਸ ਕਰਕੇ ਭਾਸ਼ਾ ਦਾ ਨਿਕਾਸ ਅਤੇ ਵਿਕਾਸ ਕੇਵਲ ਸਾਹਿਤ ਸ਼ਾਸਤਰੀਆਂ ਵਾਸਤੇ ਹੀ ਮਹਾਨਤਾ ਨਹੀਂ ਰਖਦਾ ਸਗੋਂ ਇਹ ਸਮਾਜ-ਵਿਗਿਆਨੀਆਂ ਦੇ ਅਧਿਐਨ ਦੀ ਵੀ ਜ਼ਰੂਰੀ ਕੜੀ ਹੈ।

ਮਨੁੱਖ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਦਾ ਅਧਿਐਨ ਕਰਨ ਵਾਲੇ ਵਿਦਵਾਨ ਭਾਸ਼ਾ ਨੂੰ ਇਕ ਵਿਸ਼ੇਸ਼ ਤੇ ਵਿਸ਼ਾਲ ਪੱਖ ਤੋਂ ਵੇਖਦੇ ਹਨ। ਸੰਸਾਰ ਦਾ ਪ੍ਰਸਿੱਧ ਸਮਾਜ-ਵਿਗਿਆਨੀ ਜੋਸਿਫ ਬਰਾਮ (Joseph Bram) ਭਾਸ਼ਾ ਦੀ ਪਰਿਭਾਸ਼ਾ ਕਰਦੇ ਹੋਏ ਲਿਖਦਾ ਹੈ ਕਿ "ਭਾਸ਼ਾ ਇਕਵੱਲੇ ਮਿਥੇ ਹੋਏ ਮੌਖਿਕ ਪ੍ਰਤੀਕਾਂ ਦੀ ਰਚਨਾਮੂਲਕ ਪ੍ਰਣਾਲੀ ਹੈ ਜਿਸ ਰਾਹੀਂ ਸਮਾਜਿਕ ਸਮੂਹ ਦੇ ਮੈਂਬਰ ਪਰਸਪਰ ਕਾਰਜ ਕਰਦੇ ਹਨ"। ਸਮਾਜ ਵਿਚ ਭਾਸ਼ਾ ਦੋਵੇਂ ਕਿਸਮ ਦੇ ਭਾਵ ਸਾਕਾਰਾਤਮਿਕ ਅਤੇ ਨਾਕਾਰਾਤਮਿਕ ਕਾਰਜ ਕਰਦੀ ਰਹੀ ਹੈ। ਇਸ ਦੇ ਸਾਕਾਰਾਤਮਿਕ ਕਾਰਜਾਂ ਵਿਚ ਮਨੁੱਖ ਨੂੰ ਮਨੁੱਖ ਨਾਲ ਜੋੜਨਾ, ਮਨੁੱਖ ਨੂੰ ਸਮਾਜ ਨਾਲ ਇਕ-ਮਿਕ ਕਰਨਾ ਅਤੇ ਇਕ ਸਮਾਜ ਨੂੰ ਦੂਸਰੇ ਸਮਾਜ ਨਾਲ ਮੇਲਣ ਆਦਿ ਦੇ ਕੰਮ ਆਉਂਦੇ ਹਨ। ਇਸ ਦੇ ਨਾਕਾਰਾਤਮਿਕ ਕਾਰਜ ਭਾਸ਼ਾ ਦੇ ਸਥਾਨਕ ਹੋਣ ਦੀ ਪ੍ਰਧਾਨਤਾ ਤੋਂ ਉਪਜੇ ਹਨ ਜਿਵੇਂ ਕਿ ਇਕ ਖਿੱਤੇ ਦੇ ਮਨੁੱਖਾਂ ਨੂੰ ਦੂਸਰੇ ਖਿੱਤੇ ਦੇ ਮਨੁੱਖਾਂ ਤੋਂ ਅਲੱਗ ਸਮਝਣਾ ਜਾਂ ਇਕ ਭਾਸ਼ਾ ਨੂੰ ਦੂਸਰੀ ਭਾਸ਼ਾ ਤੋਂ ਵਧੀਆ ਜਾਂ ਘਟੀਆ ਕਰਾਰ ਦੇਣਾ ਆਦਿ। ਇਹ ਦੋਵੇਂ ਕਾਰਜ ਸਮਾਜਿਕ ਪ੍ਰਕਿਰਿਆ ਵਿਚ ਇਕ ਵੇਲੇ ਹੀ ਮਿਲਦੇ ਹਨ ਅਤੇ ਕਈ ਵੇਰ ਇਹ ਸਥਿਤੀ ਅਸੁਖਾਵੇਂ ਸੰਬੰਧ ਪੈਦਾ ਕਰ ਦਿੰਦੀ ਹੈ। ਯੂਨਾਨ ਦੇ ਇਕ ਮਸ਼ਹੂਰ ਵਿਦਵਾਨ ਹਿਰਾਕੁਲਾਈਟਸ (Hiraclitus : 540-475 B.C.) ਜੋ ਪ੍ਰਾਚੀਨ ਯੂਨਾਨ ਦੇ ਉਸ ਯੁੱਗ-ਪਰਿਵਰਤਨ ਵਿਚ ਰਹਿ ਰਿਹਾ ਸੀ ਜਿਸ ਵਿਚ ਸਮਾਜ ਇਕਤੰਤਰ ਤੋਂ ਲੋਕਤੰਤਰ ਵੱਲ ਬਦਲ ਰਿਹਾ ਸੀ, ਨੇ ਇਕ ਸਦੀਵੀ ਸਿੱਧਾਂਤ ਪੇਸ਼ ਕਰਦਿਆਂ ਕਿਹਾ ਸੀ ਕਿ "ਸੰਸਾਰ ਇਕ ਪਰਿਵਰਤਨਸ਼ੀਲ ਵਸਤੂ ਹੈ"। ਇਸ ਵਿਦਵਾਨ ਦੇ ਇਸ ਕਥਨ ਨੇ, ਅਫਲਾਤੂਨ ਅਤੇ ਅਰਸਤੂ ਦੇ ਸਮੇਤ, ਆਉਣ ਵਾਲੇ ਸਾਰੇ ਵਿਦਵਾਨਾਂ ਉਤੇ ਇਕ ਠੋਸ ਪ੍ਰਭਾਵ ਪਾਇਆ ਹੈ। ਹੁਣ ਸਾਰੇ ਵਿਦਵਾਨ ਇਸ ਅਟੱਲ ਸਚਾਈ ਨਾਲ ਸਹਿਮਤ ਹੋ ਗਏ ਹਨ ਕਿ ਸੰਸਾਰ ਅਤੇ ਉਸ ਦੇ ਨਾਲ ਸੰਬੰਧ ਰਖਣ ਵਾਲੀਆਂ ਵਸਤੂਆਂ ਦਾ ਰੂਪ ਹਮੇਸ਼ਾਂ ਬਦਲਦਾ ਰਿਹਾ ਹੈ। ਮਨੁੱਖ ਦੀ ਭਾਸ਼ਾ ਵੀ ਇਸ ਸਿੱਧਾਂਤ ਤੋਂ ਮੁਕਤ ਨਹੀਂ ਹੈ। ਭਾਸ਼ਾ

Sri Satguru Jagjit Singh Ji Elibrary NamdhariElibrary@gmail.com

ਪਰਿਵਰਤਨ ਦੇ ਕਾਰਨਾਂ ਦੀਆਂ ਦੋ ਮੁੱਖ ਸ਼ਰੇਣੀਆਂ ਹਨ। ਪਹਿਲੀ ਸ਼ਰੇਣੀ ਨੂੰ ਭਾਸ਼ਾ ਵਿਗਿਆਨੀ "ਅਚੇਤ, ਸੁਤੇ ਸਿਧ ਅਤੇ ਨਿਰਦੇਸ਼ਨ ਰਹਿਤ ਲਹਿਰਾਂ" ਦਾ ਨਾਮ ਦਿੰਦੇ ਹਨ ਅਤੇ ਦੂਸਰੀ ਸ਼ਰੇਣੀ ਨੂੰ "ਵਿਵੇਕਪੂਰਣ-ਚੇਤੰਨ ਸੁਧਾਰ ਅਤੇ ਨਿਅੰਤਰਨ" ਕਿਹਾ ਜਾਂਦਾ ਹੈ। ਇਹ ਦੋਵੇਂ ਕਿਸਮ ਦੀਆਂ ਸ਼ਰੇਣੀਆਂ ਭਾਸ਼ਾ ਦੇ ਵਿਕਾਸ ਉਤੇ ਪ੍ਰਭਾਵ ਪਾਉਂਦੀਆਂ ਹਨ।

ਇਹ ਵੀ ਠੀਕ ਹੀ ਕਿਹਾ ਗਿਆ ਹੈ ਕਿ ਸਾਰੀਆਂ ਰਾਸ਼ਟਰੀ ਭਾਸ਼ਾਵਾਂ ਪਹਿਲਾਂ ਪਹਿਲਾਂ ਸਥਾਨਕ ਉਪ-ਬੋਲੀਆਂ ਦੇ ਰੂਪ ਵਿਚ ਹੀ ਹੋਂਦ ਵਿਚ ਆਈਆਂ ਅਤੇ ਸਮੇਂ ਦੇ ਅਸਰ ਨਾਲ ਇਕ ਸਥਾਨਕ ਉਪ-ਬੋਲੀ ਦੂਜੀ ਸਥਾਨਕ ਉਪ-ਬੋਲੀ ਨਾਲੋਂ ਵਧੇਰੇ ਪ੍ਰਮਾਣਿਕ ਮੰਨ ਲਈ ਜਾਂਦੀ ਹੈ ਅਤੇ ਉਹ ਬੋਲੀ, ਵਿਕਾਸ ਦੇ ਵਧੇਰੇ ਸਾਧਨ ਮਿਲਣ ਕਰਕੇ, ਰਾਸ਼ਟਰੀ ਭਾਸ਼ਾ ਵਿਚ ਤਬਦੀਲ ਹੋ ਜਾਂਦੀ ਹੈ। ਮਿਸਾਲ ਵਜੋਂ ਫਰਾਂਸ ਦੀਆਂ ਦੱਖਣੀ ਅਤੇ ਉੱਤਰੀ ਉਪ-ਬੋਲੀਆਂ ਨੂੰ ਵੇਖਿਆ ਜਾ ਸਕਦਾ ਹੈ ਜਿਸ ਵਿਚੋਂ ਪੈਰਸ ਦੇ ਨੇੜੇ ਦੀ ਬੋਲੀ (ਉੱਤਰੀ ਉਪ-ਬੋਲੀ) ਦੂਜੀ ਬੋਲੀ ਉਤੇ ਪ੍ਰਧਾਨਤਾ ਹਾਸਲ ਕਰ ਗਈ ਅਤੇ ਇਕ ਰਾਸ਼ਟਰੀ ਭਾਸ਼ਾ ਦੇ ਰੂਪ ਵਿਚ ਬਦਲ ਗਈ ਕਿਉਂਕਿ ਉਹ ਸ਼ਕਤੀ-ਕੇਂਦਰ ਦੇ ਨੇੜੇ ਦੀ ਉਪ-ਬੋਲੀ ਸੀ। ਇਹੋ ਜਿਹਾ ਹੀ ਵਿਕਾਸ ਇਟਲੀ, ਸਪੇਨ, ਇੰਗਲੈਂਡ, ਜਰਮਨੀ ਅਤੇ ਹੋਰ ਮੁਲਕਾਂ ਵਿਚ ਹੋਇਆ ਹੈ। ਭਾਰਤ ਵੀ ਇਸ ਪ੍ਰਕ੍ਰਿਆ ਤੋਂ ਪਾਸੇ ਨਹੀਂ ਹੈ। ਇਹ ਇਕ ਆਪਣੇ ਆਪ ਵਿਚ ਸੰਪੂਰਨ ਵਿਸ਼ਾ ਹੈ ਕਿ "ਸਮੇਂ ਦੀ ਰਾਜਨੀਤਿਕ-ਪ੍ਰਣਾਲੀ ਦਾ ਭਾਸ਼ਾ ਦੇ ਵਿਕਾਸ ਉਤੇ ਕਿੰਨਾ ਅਤੇ ਕਿਥੋਂ ਕੁ ਤਕ ਅਸਰ ਹੁੰਦਾ ਹੈ"? ਜਿਥੋਂ ਤਕ ਪੰਜਾਬੀ ਦਾ ਸੰਬੰਧ ਹੈ, ਇਹ ਸਹਿਜੇ ਹੀ ਵੇਖਿਆ ਜਾ ਸਕਦਾ ਹੈ ਕਿ ਅਜ਼ਾਦੀ ਤੋਂ ਪਹਿਲਾਂ ਜੋ ਪੰਜਾਬੀ ਲਿਖੀ ਜਾਂ ਬੋਲੀ ਜਾਂਦੀ ਸੀ ਉਸ ਵਿਚ ਵਧੇਰੇ ਸ਼ਬਦ ਉਰਦੂ ਅਤੇ ਫ਼ਾਰਸੀ ਦੇ ਹੁੰਦੇ ਸਨ। ਪਰ ਹੁਣ ਪੰਜਾਬੀ ਵਿਚ ਵਧੇਰੇ ਸ਼ਬਦ ਹਿੰਦੀ ਅਤੇ ਸੰਸਕ੍ਰਿਤ ਤੋਂ ਲਏ ਜਾਂਦੇ ਹਨ। ਇਹ ਸ਼ਬਦ ਕਈ ਤਾਂ ਆਪ-ਮੁਹਾਰੇ ਹੀ ਆ ਜਾਂਦੇ ਹਨ ਅਤੇ ਕਈ ਵਿਸ਼ੇਸ਼ ਯਤਨ ਕਰਕੇ, ਮੇਰਾ ਇਹ ਸਭ ਕੁਝ ਲਿਖਣ ਦਾ ਭਾਵ ਇਹ ਨਹੀਂ ਕਿ ਪੰਜਾਬੀ ਜਾਂ ਕਿਸੇ ਹੋਰ ਬੋਲੀ ਨੂੰ ਇਕ ਸੰਕੀਰਨ ਘੇਰੇ ਵਿਚ ਹੀ ਰਖਿਆ ਜਾਵੇ। ਪਰ ਮੈਂ ਇੰਨਾ ਜ਼ਰੂਰ ਕਹਿੰਦਾ ਹਾਂ ਕਿ ਬੋਲੀ ਮੂਲ ਦੇ ਰੂਪ ਵਿਚ ਬਦੋ-ਬਦੀ ਸ਼ਬਦ ਸ਼ਾਮਿਲ ਕਰਨ ਦੇ ਉਪਰਾਲਿਆਂ ਤੋਂ ਬਚਣਾ ਚਾਹੀਦਾ ਹੈ। ਵੈਸੇ ਪੰਜਾਬੀਆਂ ਵਾਂਗ ਪੰਜਾਬੀ ਭਾਸ਼ਾ ਦਾ ਹਿਰਦਾ ਹਮੇਸ਼ਾਂ ਹੀ ਵਿਸ਼ਾਲ ਰਿਹਾ ਹੈ ਅਤੇ ਇਸ ਵਿਚ ਪ੍ਰਾਚੀਨ ਸਮੇਂ ਤੋਂ ਲੈ ਕੇ ਹੋਰ ਬਦੇਸ਼ੀ ਬੋਲੀਆਂ ਜਾਂ ਭਾਰਤੀ ਬੋਲੀਆਂ ਦੇ ਸ਼ਬਦ ਇਉਂ ਰਚ ਮਿਚ ਗਏ ਹਨ ਜਿਵੇਂ ਕਿ ਖਿਚੜੀ ਵਿਚ ਘਿਉ ਰਚ ਜਾਂਦਾ ਹੈ ਅਤੇ ਹੁਣ ਉਹ ਓਪਰੇ ਨਹੀਂ ਜਾਪਦੇ। ਜੋ ਓਪਰੇ ਜਾਪਦੇ ਹਨ ਉਨ੍ਹਾਂ ਨੂੰ ਓਵੇਂ ਹੀ ਕੱਢ ਦੇਣਾ ਚਾਹੀਦਾ ਹੈ ਜਿਵੇਂ ਕਿ ਇਕ ਚੰਗੀ ਬਣਾਈ ਹੋਈ ਦਾਲ ਵਿਚੋਂ ਕੋੜਕੂ ਨੂੰ ਕੱਢ ਦਿੱਤਾ ਜਾਂਦਾ ਹੈ ਅਤੇ ਜੇ ਨਾ ਕਢਿਆ ਜਾਵੇ ਤਾਂ, ਜਾਂ ਤਾਂ ਦੰਦ ਤੰਗ ਹੁੰਦੇ ਹਨ ਅਤੇ ਜਾਂ ਸਾਰਾ ਸਵਾਦ ਮਾਰਿਆ ਜਾਂਦਾ ਹੈ।

ਭਾਸ਼ਾਵਾਂ ਦੇ ਵਿਕਾਸ ਵਿਚ ਇਕ ਹੋਰ ਪੜਾਅ ਵੀ ਆਉਂਦਾ ਹੈ ਜਿਸ ਵਿਚ ਕਈ ਵੇਰ ਕੁਝ ਕੰਮ ਚਲਾਊ ਬੋਲੀਆਂ (makeshift languages) ਹੋਂਦ ਵਿਚ ਆ ਜਾਂਦੀਆਂ ਹਨ। ਇਨ੍ਹਾਂ ਬੋਲੀਆਂ ਨੂੰ ਅਸੀਂ ਪੰਜਾਬੀ ਵਿਚ ਕਈ ਵਾਰੀ "ਗੁਲਾਬੀ/ਖਿਚੜੀ ਬੋਲੀਆਂ" (creolized languages) ਕਹਿੰਦੇ ਹਾਂ ਅਤੇ ਕਈ ਵਾਰੀ ਇਨ੍ਹਾਂ ਨੂੰ ਵਿਉਪਾਰੀ ਜਾਂ

Sri Satguru Jagjit Singh Ji Elibrary NamdhariElibrary@gmail.com

ਕਾਰੋਬਾਰੀ ਬੋਲੀਆਂ (pidgin languages) ਵੀ ਕਿਹਾ ਜਾਂਦਾ ਹੈ। ਇਨ੍ਹਾਂ ਬੋਲੀਆਂ ਦਾ ਭਾਸ਼ਾ ਦੇ ਤਕਨੀਕੀ ਪੱਖ ਤੋਂ ਭਾਵੇਂ ਇੰਨਾ ਮਹੱਤਵ ਨਹੀਂ ਹੈ ਪਰ ਸਮਾਜ ਵਿਚ ਪਰਸਪਰ ਸੰਬੰਧਾਂ ਨੂੰ ਇਹ ਜ਼ਰੂਰ ਦਰਸਾਉਂਦੀਆਂ ਹਨ ਅਤੇ ਇਸ ਪੱਖ ਤੋਂ ਇਹ ਘੱਟ ਮਹਾਨਤਾ ਨਹੀਂ ਰਖਦੀਆਂ। ਭਾਰਤ ਵਿਚ ਵੀ ਇਹੋ ਜਿਹੀਆਂ ਬੋਲੀਆਂ ਆਮ ਪ੍ਰਚੱਲਤ ਰਹੀਆਂ ਹਨ। ਹਿੰਦੁਸਤਾਨੀ ਬੋਲੀ ਇਸੇ ਸ਼੍ਰੇਣੀ ਵਿਚ ਆਉਂਦੀ ਹੈ।

ਆਧੁਨਿਕ ਸਮਾਜ ਵਿਚ ਜਿਥੇ ਕਿ ਭਾਸ਼ਾ ਨੇ ਕਾਫ਼ੀ ਉੱਨਤੀ ਕੀਤੀ ਹੈ ਉਥੇ ਕੁਝ ਸਮੱਸਿਆਵਾਂ ਵੀ ਸਾਹਮਣੇ ਲਿਆਂਦੀਆਂ ਹਨ। ਇਹ ਸਮੱਸਿਆਵਾਂ ਖ਼ਾਸ ਤੌਰ ਤੇ ਅੱਜ ਦੇ ਲੋਕਰਾਜੀ ਸਮਾਜ ਵਿਚ ਪੇਸ਼ ਹੋਈਆਂ ਹਨ ਜੋ ਮੁੱਖ ਰੂਪ ਵਿਚ ਤਿੰਨ ਕਿਸਮ ਦੀਆਂ ਹਨ :

1. "ਸੰਚਾਰ ਦੀ ਅਜਾਰੇਦਾਰੀ" : ਇਹ ਲੋਕਰਾਜੀ ਪ੍ਰਣਾਲੀ ਵਿਚ ਚੁਣੌਤੀ ਬਣ ਜਾਂਦੀ ਹੈ।
2. "ਗਿਆਨ ਅਤੇ ਜਾਣਕਾਰੀ ਦੀ ਵਿਆਖਿਆ" : ਇਹ ਨਾਗਰਿਕਾਂ ਦੀ ਆਪਣੀ ਕਾਬਲੀਅਤ ਉਤੇ ਨਿਰਭਰ ਕਰਦੀ ਹੈ ਜੋ ਵੱਖ ਵੱਖ ਵੀ ਹੁੰਦੀ/ਹੋ ਸਕਦੀ ਹੈ।
3. "ਵਿਅਕਤੀ ਨੂੰ ਆਪਣੀਆਂ ਤਰਜੀਹਾਂ ਅਤੇ ਪ੍ਰਥਮਤਾਵਾਂ ਬਾਰੇ ਗਿਆਨ ਦੇਣਾ" : ਇਸ ਨਾਲ ਭਿੰਨਤਾ ਦਾ ਜਨਮ ਹੁੰਦਾ ਹੈ।

ਇਥੇ ਮੈਂ ਇਕ ਹੋਰ ਦੁਵੰਦ ਦਾ ਵਰਣਨ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਇਕ ਪਾਸੇ ਤਾਂ ਇਕ ਉਪ-ਬੋਲੀ ਤੋਂ ਬੋਲੀ, ਬੋਲੀ ਤੋਂ ਉਪ-ਭਾਸ਼ਾ ਅਤੇ ਉਪ-ਭਾਸ਼ਾ ਤੋਂ ਭਾਸ਼ਾ ਵੱਲ ਵਿਕਾਸ ਦੇ ਯਤਨ ਹਨ ਅਤੇ ਦੂਸਰੇ ਪਾਸੇ ਸਾਰੇ ਸੰਸਾਰ ਦੀ ਇਕ ਭਾਸ਼ਾ ਬਣਾਉਣ ਦੇ ਯਤਨ ਹੋਏ ਹਨ। ਸਾਰੇ ਸੰਸਾਰ ਦੀ ਇਕ ਭਾਸ਼ਾ ਕਰਨ ਲਈ ਸਭ ਤੋਂ ਪਹਿਲਾ ਯਤਨ ਵੀਆਨਾ (ਆਸਟ੍ਰੀਆ) ਦੇ ਵਿਦਵਾਨ ਐਫ. ਸ਼ਲੀਅਰ (F. Schleyer) ਨੇ 1879 ਵਿਚ ਕੀਤਾ ਅਤੇ ਉਸ ਨੇ ਇਸ ਅੰਤਰ-ਰਾਸ਼ਟਰੀ ਭਾਸ਼ਾ ਦਾ ਨਾਂ "ਵੋਲਾਪੁਕ" (Volapuk) ਰਖਿਆ। ਇਸ ਦਿਸ਼ਾ ਵਿਚ ਦੂਜਾ ਯਤਨ ਪੋਲੈਂਡ ਦੇ ਵਿਦਵਾਨ ਡਾ. ਐਲ. ਐਲ. ਜ਼ੈਮਨਹੋਫ (L.L. Zamenhof) ਵਲੋਂ ਹੋਇਆ ਜਿਸ ਨੇ ਅੰਤਰ-ਰਾਸ਼ਟਰੀ ਭਾਸ਼ਾ ਦਾ ਨਾਂ ਅਸਪਰੈਂਟੋ (Esperanto) ਰਖਿਆ। ਅਗਲਾ ਉੱਦਮ ਇਟਲੀ ਦੇ ਵਿਦਵਾਨ ਪ੍ਰੋ. ਜੀ. ਪੀਅਨੋ (G. Peano) ਨੇ ਕੀਤਾ ਅਤੇ ਉਸ ਨੇ ਇਸ ਭਾਸ਼ਾ ਦਾ ਨਾਂ 'ਇੰਟਰ-ਲਿੰਗੂਆ" (Interlingua) ਰਖਣਾ ਮੁਨਾਸਬ ਸਮਝਿਆ। ਇਨ੍ਹਾਂ ਉੱਦਮਾਂ ਤੋਂ ਇਲਾਵਾ ਸੰਸਾਰ ਲਈ ਇਕ ਭਾਸ਼ਾ ਵਾਸਤੇ ਹੋਰ ਵੀ ਕਈ ਉੱਦਮ ਹੋਏ ਹਨ ਅਤੇ ਇਸ ਸੰਬੰਧ ਵਿਚ ਇਕ ਐਸੋਸੀਏਸ਼ਨ ਵੀ ਬਣੀ ਜਿਸ ਦਾ ਨਾਂ "ਅੰਤਰ-ਰਾਸ਼ਟਰੀ ਸਹਾਇਕ-ਭਾਸ਼ਾ ਐਸੋਸੀਏਸ਼ਨ" (International Auxiliary Languages Association) ਹੈ ਪਰ ਇਨ੍ਹਾਂ ਯਤਨਾਂ ਦੇ ਬਾਵਜੂਦ ਦੁਨੀਆਂ ਦੀ ਸੰਪੂਰਨ ਰੂਪ ਵਿਚ ਇਕ ਭਾਸ਼ਾ ਨਾ ਬਣ ਸਕੀ ਅਤੇ ਇਸ ਦੇ ਉਲਟ ਸੰਯੁਕਤ ਰਾਸ਼ਟਰ ਵਿਚ ਵੱਖ ਵੱਖ ਭਾਸ਼ਾਵਾਂ ਦੇ ਸ੍ਵੈ-ਅਨੁਵਾਦ ਦਾ ਕਾਰਜ ਵਧੇਰੇ ਤਕੜਾ ਕੀਤਾ ਗਿਆ/ਜਾ ਰਿਹਾ ਹੈ। ਇਸ ਕਰਕੇ ਹੀ ਵਿਦਵਾਨਾਂ ਦੁਆਰਾ ਇਹ ਕਿਹਾ ਗਿਆ ਕਿ "ਭਾਸ਼ਾ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਦਾ ਵਿਸ਼ਾ ਇੰਨਾ ਨਾਜ਼ੁਕ ਅਤੇ ਮਹੱਤਵਪੂਰਣ ਹੈ ਕਿ ਇਸ ਨੇ ਮਨੁੱਖੀ-ਸਮੱਸਿਆਵਾਂ ਦੋਹਾਂ ਨੂੰ ਸਾਹਮਣੇ ਲਿਆਂਦਾ ਹੈ"।

Sri Satguru Jagjit Singh Ji Elibrary NamdhariElibrary@gmail.com

## ਸੈਮੀਨਾਰ ਦੀ ਵਿਉਂਤ

ਭਾਸ਼ਾ ਅਤੇ ਸਮਾਜ ਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਪੰਜਾਬੀ ਵਿਕਾਸ ਵਿਭਾਗ ਨੇ ਜੁਲਾਈ, 1975 ਵਿਚ ਇਕ ਵਿਸ਼ਾਲ ਪੱਖੀ ਸੈਮੀਨਾਰ ਕਰਨ ਦੀ ਵਿਉਂਤ ਬਣਾਈ ਜਿਸ ਵਿਚ ਪੰਜਾਬੀ ਅਤੇ ਇਸ ਦੇ ਪਰਿਵਾਰ ਦੀਆਂ ਬੋਲੀਆਂ ਨੂੰ ਲਿਆ ਗਿਆ। ਸੈਮੀਨਾਰ ਦਾ ਨਾਂ ਰਖਣ ਵੇਲੇ ਇਹ ਵਿਸ਼ੇਸ਼ ਤੌਰ ਤੇ ਸੋਚਿਆ ਗਿਆ ਸੀ ਕਿ ਕੀ ਗਵਾਂਢੀ ਬੋਲੀਆਂ ਦੇ ਵਿਕਾਸ ਨੂੰ ਮੁੱਖ ਰਖਕੇ ਉਨ੍ਹਾਂ ਨੂੰ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦਾ ਨਾਂ ਦਿੱਤਾ ਜਾਵੇ ਜਾਂ ਨਾ। ਅੰਤ ਨੂੰ ਇਸੇ ਫੈਸਲੇ ਤੇ ਅਪੜਿਆ ਗਿਆ ਕਿ ਇਸ ਸੈਮੀਨਾਰ ਦਾ ਨਾਂ "ਡੋਗਰੀ, ਪਹਾੜੀ, ਲਹਿੰਦੀ ਤੇ ਪੋਠੋਹਾਰੀ ਦੀ ਪੰਜਾਬੀ ਨੂੰ ਦੇਣ" ਰਖਿਆ ਜਾਵੇ ਭਾਵੇਂ ਕੁਝ ਵਿਦਵਾਨਾਂ ਲਈ ਇਹ ਕਿੰਤੂ ਦਾ ਵਿਸ਼ਾ ਹੀ ਕਿਉਂ ਨਾ ਰਹੇ। ਇਸ ਸੈਮੀਨਾਰ ਦੀ ਵਿਉਂਤ ਵਿਚ ਪੰਜਾਬੀ ਵਿਕਾਸ ਵਿਭਾਗ ਦੇ ਅਕਾਦਮਿਕ ਅਮਲੇ ਤੋਂ ਇਲਾਵਾ ਭਾਸ਼ਾ ਵਿਗਿਆਨ, ਪੰਜਾਬੀ ਅਧਿਆਪਨ ਅਤੇ ਹੋਰ ਸੰਬੰਧਿਤ ਵਿਦਵਾਨਾਂ ਨੇ ਯੋਗ ਹਿੱਸਾ ਪਾਇਆ ਹੈ। ਸ. ਹਿੰਮਤ ਸਿੰਘ ਅਤੇ ਡਾ. ਬਲਦੇਵ ਰਾਜ ਗੁਪਤਾ ਨੇ ਇਸ ਪ੍ਰਤੀ ਵਿਸ਼ੇਸ਼ ਸੁਝਾ ਦਿੱਤੇ, ਜਿਨ੍ਹਾਂ ਦਾ ਮੈਂ ਰਿਣੀ ਹਾਂ। ਸੈਮੀਨਾਰ ਦੀ ਵਿਉਂਤ ਵਿਉਂਤਣ ਤੋਂ ਬਾਅਦ ਅਕਾਦਮਿਕ ਅਮਲੇ ਦੇ ਮੈਂਬਰਾਂ ਨੂੰ ਵੱਖ ਵੱਖ ਦਿਸ਼ਾਵਾਂ ਵਿਚ ਭੇਜਿਆ ਗਿਆ ਅਤੇ ਇਹ ਇਸ ਕਿਸਮ ਦਾ ਵਿਭਾਗ ਵਲੋਂ ਪਹਿਲਾ ਉੱਦਮ ਸੀ। ਸ. ਸੁਰਿੰਦਰ ਸਿੰਘ ਖਹਿਰਾ ਨੂੰ ਡੋਗਰੀ ਬੋਲੀ ਸੰਬੰਧੀ ਜ਼ਿੰਮੇਵਾਰੀ ਸੌਂਪ ਕੇ ਜੰਮੂ ਕਸ਼ਮੀਰ ਭੇਜਿਆ ਗਿਆ; ਸ. ਬਲਬੀਰ ਸਿੰਘ ਨੰਦਾ ਪਹਾੜੀ ਬੋਲੀ ਲਈ ਸ਼ਿਮਲੇ ਗਏ ਅਤੇ ਸ. ਕੁਲਦੀਪ ਸਿੰਘ ਧੀਰ ਪੋਠੋਹਾਰੀ ਬੋਲੀ ਲਈ ਲੁਧਿਆਣੇ ਆਦਿ ਜਾ ਕੇ ਪ੍ਰੋ. ਮੋਹਨ ਸਿੰਘ ਨੂੰ ਮਿਲੇ। ਇਸ ਤਰ੍ਹਾਂ ਨਾਲ ਸਾਰੀ ਵਿਉਂਤ ਬਣਾ ਕੇ ਦੋ ਦਿਨਾਂ ਦਾ ਸੈਮੀਨਾਰ 8-9 ਅਪ੍ਰੈਲ, 1976 ਨੂੰ ਚਾਰ ਸੈਸ਼ਨਾਂ ਵਿਚ ਕੀਤਾ ਗਿਆ। ਅਪ੍ਰੈਲ 8, 1976 ਨੂੰ ਪਹਿਲੇ ਸੈਸ਼ਨ "ਡੋਗਰੀ ਤੇ ਪੰਜਾਬੀ" ਦਾ ਉਦਘਾਟਨ ਸ. ਰੰਗੀਲ ਸਿੰਘ, ਉਸ ਸਮੇਂ ਦੇ ਸਿਖਿਆ ਮੰਤਰੀ, ਜੰਮੂ ਕਸ਼ਮੀਰ, ਨੇ ਕੀਤਾ। ਇਸ ਵਿਚ ਪ੍ਰੋ. ਸੇਵਾ ਸਿੰਘ ਨੇ ਖੋਜ-ਪੱਤਰ ਪੜ੍ਹਿਆ। ਇਸੇ ਦਿਨ ਹੀ ਦੂਸਰਾ ਸੈਸ਼ਨ ਪੋਠੋਹਾਰੀ/ਲਹਿੰਦੀ ਦਾ ਹੋਇਆ ਜਿਸ ਦਾ ਉਦਘਾਟਨ ਪ੍ਰੋ. ਮੋਹਨ ਸਿੰਘ ਨੇ ਕੀਤਾ ਅਤੇ ਪ੍ਰਧਾਨਗੀ ਡਾ. ਮੋਹਨ ਸਿੰਘ ਦਿਵਾਨਾ ਨੇ ਕੀਤੀ। ਇਸ ਸੈਸ਼ਨ ਵਿਚ ਡਾ. ਹਰਦੇਵ ਬਾਹਰੀ ਨੇ ਖੋਜ-ਪੱਤਰ ਪੇਸ਼ ਕੀਤਾ ਅਤੇ ਡਾ. ਹਰਨਾਮ ਸਿੰਘ ਸ਼ਾਨ ਨੇ ਆਪਣੇ ਖੋਜ-ਪੱਤਰ ਉਤੇ ਆਧਾਰਿਤ ਵਿਚਾਰ ਸਾਂਝੇ ਕੀਤੇ। ਅਪ੍ਰੈਲ 9, 1976 ਨੂੰ ਇਸ ਸੈਮੀਨਾਰ ਦਾ ਤੀਸਰਾ ਸੈਸ਼ਨ ਪਹਾੜੀ ਬੋਲੀ ਸੰਬੰਧੀ ਹੋਇਆ ਜਿਸ ਦਾ ਉਦਘਾਟਨ ਡਾ. ਬੀ ਐਸ. ਜੰਗੀ, ਉਸ ਵੇਲੇ ਦੇ ਵਾਈਸ-ਚਾਂਸਲਰ, ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਨੇ ਕੀਤਾ ਅਤੇ ਖੋਜ-ਪੱਤਰ ਡਾ. ਚੰਦਰ ਸ਼ੇਖਰ ਨੇ ਪੇਸ਼ ਕੀਤਾ। ਇਸੇ ਤਾਰੀਖ਼ ਨੂੰ ਚੌਥਾ ਤੇ ਆਖਰੀ ਸੈਸ਼ਨ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਸਰਵੇਖਣ ਸੰਬੰਧੀ ਹੋਇਆ ਜਿਸ ਦੀ ਪ੍ਰਧਾਨਗੀ ਡਾ. ਹਰਦੇਵ ਬਾਹਰੀ ਨੇ ਕੀਤੀ ਅਤੇ ਖੋਜ-ਪੱਤਰ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪੇਸ਼ ਕੀਤਾ।

ਇਸ ਸੈਮੀਨਾਰ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਖੋਜ-ਪੱਤਰ ਤੋਂ ਇਲਾਵਾ ਸੰਬੰਧਿਤ ਬੋਲੀਆਂ ਦੀਆਂ ਕਵਿਤਾਵਾਂ ਦੇ ਉਚਾਰਣ ਅਤੇ ਉਨ੍ਹਾਂ ਬੋਲੀਆਂ ਦੇ ਗੀਤਾਂ ਦੇ

Sri Satguru Jagjit Singh Ji Elibrary NamdhariElibrary@gmail.com

ਗਾਇਣ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਜਿਸ ਨੇ ਸੈਮੀਨਾਰ ਨੂੰ ਵਧੇਰੇ ਰੋਚਿਕ ਬਣਾ ਦਿੱਤਾ ਸੀ ।

ਇਸ ਸੈਮੀਨਾਰ ਦੀ ਰਿਪੋਰਟ ਹੁਣ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਅਤੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜਿਥੇ ਇਸ ਦਾ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਲਾਭ ਹੋਵੇਗਾ ਉਥੇ ਇਹ ਸਾਡੇ ਦੇਸ਼ ਦੇ ਇਸ ਖਿਤੇ ਦੇ ਪਰਸਪਰ ਸੰਬੰਧਾਂ ਨੂੰ ਨਿੱਗਰ ਲੀਹਾਂ ਉਤੇ ਪਾਉਣ ਲਈ ਵੀ ਸਹਾਈ ਹੋਵੇਗੀ । ਇਸ ਰਿਪੋਰਟ ਦੀ ਤਿਆਰੀ ਵਿਚ ਵਿਭਾਗ ਦੇ ਅਕਾਦਮਿਕ ਅਤੇ ਤਕਨੀਕੀ ਅਮਲੇ ਦੇ ਜਿਨ੍ਹਾਂ ਜਿਨ੍ਹਾਂ ਮੈਂਬਰਾਂ ਨੇ ਯੋਗਦਾਨ ਦਿੱਤਾ ਹੈ, ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ ।

**ਅਮਰਜੀਤ ਸਿੰਘ**
ਸੰਪਾਦਕ

Sri Satguru Jagjit Singh Ji Elibrary NamdhariElibrary@gmail.com

# ਤਤਕਰਾ


ਆਮੁੱਖ ਸ਼ਬਦ ; ਭਾਸ਼ਾ ਅਤੇ ਸਮਾਜਿਕ ਵਿਕਾਸ (v)
ਪਹਿਲਾ ਸੈਸ਼ਨ : ਡੋਗਰੀ ਦੀ ਪੰਜਾਬੀ ਨੂੰ ਦੇਣ (8-4-1976) 1
I. ਆਰੰਭਕ ਸ਼ਬਦ 3
II. ਸਵਾਗਤੀ ਸ਼ਬਦ 5
III. ਉਦਘਾਟਨੀ ਸ਼ਬਦ : ਸ. ਰੰਗੀਲ ਸਿੰਘ 11
IV. ਡੋਗਰੀ ਦੀ ਪੰਜਾਬੀ ਨੂੰ ਦੇਣ : ਪ੍ਰੋ. ਸੇਵਾ ਸਿੰਘ 14
ਡੋਗਰੀ ਕਵਿਤਾ ਅਤੇ ਲੋਕ ਗੀਤ 32
ਵਿਚਾਰ-ਵਟਾਂਦਰਾ 40
ਡੋਗਰੀ ਗਜ਼ਲ/ਕਵਿਤਾ 57
ਪ੍ਰਧਾਨਗੀ ਵਿਚਾਰ : ਸ. ਰੰਗੀਲ ਸਿੰਘ 61
ਦੂਸਰਾ ਸੈਸ਼ਨ : ਲਹਿੰਦੀ ਤੇ ਪੋਠੋਹਾਰੀ ਦੀ ਪੰਜਾਬੀ ਨੂੰ ਦੇਣ (8-4-1976) 63
I. ਆਰੰਭਕ ਸ਼ਬਦ 65
II. ਉਦਘਾਟਨੀ ਸ਼ਬਦ : ਪ੍ਰੋ. ਮੋਹਨ ਸਿੰਘ 66
III. ਲਹਿੰਦੀ ਦੀ ਪੰਜਾਬੀ ਨੂੰ ਦੇਣ : ਡਾ. ਹਰਦੇਵ ਬਾਹਰੀ 69
IV. ਪੋਠੋਹਾਰੀ ਦੀ ਪੰਜਾਬੀ ਨੂੰ ਦੇਣ : ਡਾ. ਹਰਨਾਮ ਸਿੰਘ ਸ਼ਾਨ 85
ਕੁਝ ਵਿਚਾਰ : ਡਾ. ਮੋਹਨ ਸਿੰਘ ਦੀਵਾਨਾ 128
ਪੋਠੋਹਾਰੀ ਗੀਤ 133
ਵਿਚਾਰ-ਵਟਾਂਦਰਾ 135
ਤੀਸਰਾ ਸੈਸ਼ਨ : ਪਹਾੜੀ ਤੇ ਪੰਜਾਬੀ (9-4-1976) 141
I. ਆਰੰਭਕ ਸ਼ਬਦ 143
II. ਸੁਆਗਤੀ ਸ਼ਬਦ 144
III. ਪੰਜਾਬੀ ਤੇ ਪਹਾੜੀ ਲੋਕ ਸਾਹਿਤ : ਆਪਸੀ ਸਾਂਝ ਤੇ ਰਿਸ਼ਤੇ :
ਚੰਦਰ ਸ਼ੇਖਰ 146
ਪਹਾੜੀ ਕਵਿਤਾ, ਗੀਤ 157
ਵਿਚਾਰ-ਵਟਾਂਦਰਾ 161
ਪ੍ਰਧਾਨਗੀ ਵਿਚਾਰ : ਡਾ. ਬੀ.ਐਸ.ਜੋਗੀ 175


Sri Satguru Jagjit Singh Ji Elibrary NamdhariElibrary@gmail.com

ਚੌਥਾ ਸੈਸ਼ਨ : ਪੰਜਾਬੀ ਦੀਆਂ ਉਪ-ਭਾਸ਼ਾਵਾਂ : ਸੰਖੇਪ ਸਰਵੇਖਣ (9-4-1976) 179

I. ਆਰੰਭਕ ਸ਼ਬਦ 181

II. ਪੰਜਾਬੀ ਦੀਆਂ ਉਪ-ਭਾਸ਼ਾਵਾਂ ਦਾ ਸੰਖੇਪ ਸਰਵੇਖਣ :
ਡਾ. ਪ੍ਰੇਮ ਪ੍ਰਕਾਸ਼ ਸਿੰਘ 182

Sri Satguru Jagjit Singh Ji Elibrary NamdhariElibrary@gmail.com

ਡੋਗਰੀ, ਪਹਾੜੀ, ਪੋਠੋਹਾਰੀ ਅਤੇ ਲਹਿੰਦੀ ਦੀ ਪੰਜਾਬੀ ਨੂੰ ਦੇਣ
8-9 ਅਪ੍ਰੈਲ, 1976

## ਪਹਿਲਾ ਸੈਸ਼ਨ

8 ਅਪ੍ਰੈਲ, 1976

## ਡੋਗਰੀ ਦੀ ਪੰਜਾਬੀ ਨੂੰ ਦੇਣ

ਖੋਜ-ਪੱਤਰ : ਪ੍ਰੋ. ਸੇਵਾ ਸਿੰਘ

ਉਦਘਾਟਨ ਤੇ ਪ੍ਰਧਾਨਗੀ
ਸ. ਰੰਗੀਲ ਸਿੰਘ, ਸਿਖਿਆ ਮੰਤਰੀ, ਜੰਮੂ-ਕਸ਼ਮੀਰ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

I

# ਆਰੰਭਕ ਸ਼ਬਦ

### ਅਮਰਜੀਤ ਸਿੰਘ, ਡਾਇਰੈਕਟਰ, ਪੰਜਾਬੀ ਵਿਕਾਸ

ਸਰਦਾਰ ਰੰਗੀਲ ਸਿੰਘ ਜੀ, ਸਿਖਿਆ ਮੰਤਰੀ, ਜੰਮੂ ਕਸ਼ਮੀਰ, ਸਰਦਾਰਨੀ ਰੰਗੀਲ ਸਿੰਘ ਜੀ, ਸਾਡੇ ਸੁਹਿਰਦ ਵਾਈਸ-ਚਾਂਸਲਰ ਸ੍ਰੀਮਤੀ ਇੰਦਰਜੀਤ ਕੌਰ ਜੀ ਸੰਧੂ ਤੇ ਵਿਦਵਾਨ ਦੋਸਤੋ ! ਅੱਜ ਮੈਂ ਅੰਤਰੀਵੀ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਸਾਡੀ ਇਸ ਮਹਿਫਲ ਵਿਚ ਸ. ਰੰਗੀਲ ਸਿੰਘ ਵਰਗੇ ਵਿਦਵਾਨ ਸ਼ਾਮਲ ਹੋਏ ਹਨ। ਇਹ ਉਪਰਾਲਾ ਅਸੀਂ ਸ੍ਰੀਮਤੀ ਇੰਦਰਜੀਤ ਕੌਰ ਸੰਧੂ, ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸੀਟੀ ਦੀ ਸਰਪਰਸਤੀ ਹੇਠ ਸ਼ੁਰੂ ਕੀਤਾ ਹੈ। ਮੈਂ ਅੱਜ ਆਪਣੇ ਆਪ ਨੂੰ ਬਹੁਤ ਨਿੱਕਾ ਨਿੱਕਾ ਅਤੇ ਨਾਲ ਹੀ ਬਹੁਤ ਵੱਡਾ ਵੱਡਾ ਮਹਿਸੂਸ ਕਰ ਰਿਹਾ ਹਾਂ। ਨਿੱਕਾ ਨਿੱਕਾ ਇਨ੍ਹਾਂ ਉੱਚ-ਕੋਟੀ ਦੇ ਵਿਦਵਾਨਾਂ ਦੀ ਸੰਗਤ ਵਿਚ, ਵੱਡਾ ਵੱਡਾ ਇਸ ਕਰਕੇ ਇਨ੍ਹਾਂ ਉੱਚ-ਕੋਟੀ ਦੇ ਵਿਦਵਾਨਾਂ ਨੇ ਸਾਡੇ ਇਸ ਉਪਰਾਲੇ ਵਿਚ ਨਿੱਘਾ ਸਹਿਯੋਗ ਦਿੱਤਾ ਹੈ। ਮੈਂ ਇਨ੍ਹਾਂ ਦਾ ਆਪਣੇ ਪੰਜਾਬੀ ਵਿਕਾਸ ਵਿਭਾਗ ਵਲੋਂ, ਸਟਾਫ਼ ਮੈਂਬਰਾਂ ਵਲੋਂ, ਆਪਣੇ ਵਲੋਂ ਸਵਾਗਤ ਕਰਦਾ ਹਾਂ ਅਤੇ ਜੀ ਆਇਆਂ ਆਖਦਾ ਹਾਂ। ਇਸ ਤੋਂ ਪਹਿਲਾਂ ਕਿ ਮੈਂ ਵਾਈਸ-ਚਾਂਸਲਰ ਸਾਹਿਬਾ ਦੀ ਖਿਦਮਤ ਵਿਚ ਬੇਨਤੀ ਕਰਾਂ ਕਿ ਉਹ ਅੱਜ ਦੇ ਮੁਖ ਮਹਿਮਾਨ ਪ੍ਰਤੀ ਸਵਾਗਤੀ ਸ਼ਬਦ ਕਹਿਣ, ਮੈਂ ਅੱਜ ਦੀ ਇਸ ਸਭਿਆਚਾਰਕ ਇਕੱਤ੍ਰਤਾ ਸੰਬੰਧੀ ਕੁਝ ਕਹਿਣਾ ਉਚਿਤ ਸਮਝਦਾ ਹਾਂ।

ਜਦੋਂ ਤੋਂ ਸਾਨੂੰ ਲਿਖਤੀ ਰੂਪ ਵਿਚ ਇਤਿਹਾਸ ਪ੍ਰਾਪਤ ਹੋਣ ਲਗਿਆ ਹੈ, ਅਸੀਂ ਵੇਖਦੇ ਹਾਂ ਕਿ ਪੰਜਾਬੀ ਅਤੇ ਪੰਜਾਬੀਆਂ ਦਾ ਹਿਰਦਾ ਸਦਾ ਹੀ ਵਿਸ਼ਾਲ ਰਿਹਾ ਹੈ। ਇਹ ਸੈਮੀਨਾਰ ਵੀ ਉਸ ਵਿਸ਼ਾਲਤਾ ਦਾ ਚਿੰਨ੍ਹ ਹੈ । ਇਸ ਸੈਮੀਨਾਰ ਵਿਚ ਅਸੀਂ ਇਹ ਯਤਨ ਕੀਤਾ ਹੈ ਕਿ ਬੋਲੀਆਂ, ਜਿਹੜੀਆਂ ਅੱਜ ਕਲ੍ਹ ਭੈਣ ਬੋਲੀਆਂ ਹਨ, ਵਿਚ ਇਕ ਚੰਗਾ ਸੁਮੇਲ ਅਤੇ ਇਕਸੁਰਤਾ ਪੈਦਾ ਕਰਨ ਦੀ ਰੀਝ, ਜੋ ਸਾਡੇ ਮਨ ਵਿਚ ਹੈ, ਪੂਰੀ ਕਰ ਸਕੀਏ। ਮੈਂ ਇਹ ਵੀ ਅਨੁਭਵ ਕਰਦਾ ਹਾਂ ਕਿ ਇਹੋ ਜਿਹੇ ਸੈਮੀਨਾਰ ਸਭਿਆਚਾਰਕ ਸਾਂਝ ਪੈਦਾ ਕਰਦੇ ਹਨ। ਇਹ ਸੈਮੀਨਾਰ ਪਹਿਲਾਂ ਚੰਡੀਗੜ੍ਹ ਵਿਚ ਕਰਵਾਇਆ ਗਿਆ ਸੀ। ਇਹ ਪ੍ਰਸਪਰ ਸਾਂਝ ਦੀ ਲੜੀ ਵਿਚ ਇਕ ਹੋਰ ਉਪਰਾਲਾ ਗਿਣਿਆ ਜਾ ਸਕਦਾ ਹੈ। ਵੈਸੇ ਉਪਰਾਲੇ ਆਪਣੇ ਆਪਣੇ ਹੁੰਦੇ ਹਨ। ਜਿੰਨੇ ਵੀ ਅਦਾਰੇ, ਸੁਮੇਲਤਾ, ਇਕਸੁਰਤਾ, ਅਨੁਰੂਪਤਾ ਦੇ ਉਪਰਾਲੇ ਕਰਨ ਉਂਨੇ ਹੀ ਚੰਗੇ ਗਿਣੇ ਜਾਣੇ ਚਾਹੀਦੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਸੈਮੀਨਾਰ ਰਾਸ਼ਟਰੀ ਭਾਵਨਾ, ਰਾਸ਼ਟਰੀ ਏਕਤਾ, ਰਾਸ਼ਟਰੀ-ਇਕਸੁਰਤਾ ਦੀ ਭਾਵਨਾ ਪੈਦਾ ਕਰਨ ਵਾਸਤੇ ਸਹਾਈ ਹੋਵੇਗਾ।

Sri Satguru Jagjit Singh Ji Elibrary NamdhariElibrary@gmail.com

ਮੇਰੇ ਪਾਸ ਸ਼ਬਦ ਨਹੀਂ ਹਨ ਕਿ ਮੈਂ ਵਿਦਵਾਨ ਸਾਥੀਆਂ ਦਾ ਧੰਨਵਾਦ ਕਰ ਸਕਾਂ। ਵਿਦਵਾਨ ਦੋਸਤੋ ਜੋ ਕੁਝ ਸ਼ਬਦ ਮੈਂ ਆਪ ਜੀ ਦੇ ਸੁਆਗਤ ਵਜੋਂ ਕਹਿ ਸਕਿਆ ਹਾਂ ਉਹ ਕਬੂਲ ਕਰੋ। ਹੁਣ ਮੈਂ ਸ੍ਰੀਮਤੀ ਇੰਦਰਜੀਤ ਕੌਰ ਸੰਧੂ, ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਹ ਸਵਾਗਤੀ ਸ਼ਬਦ ਕਹਿਣ।

Sri Satguru Jagjit Singh Ji Elibrary NamdhariElibrary@gmail.com

II

## ਸਵਾਗਤੀ ਸ਼ਬਦ

### ਸ੍ਰੀਮਤੀ ਇੰਦਰਜੀਤ ਕੌਰ ਸੰਧੂ, ਵਾਈਸ ਚਾਂਸਲਰ

ਸਤਿਕਾਰਯੋਗ ਸਰਦਾਰ ਰੰਗੀਲ ਸਿੰਘ ਜੀ, ਸਰਦਾਰਨੀ ਰੰਗੀਲ ਸਿੰਘ ਜੀ ਤੇ ਸੈਮੀਨਾਰ ਵਿਚ ਭਾਗ ਲੈਣ ਵਾਲੇ ਵਿਦਵਾਨੋਂ, ਅਧਿਆਪਕ ਸਾਥੀਓ ਤੇ ਵਿਦਿਆਰਥੀਓ !

ਇਹ ਕਹਿਣ ਵਿਚ ਮੈਨੂੰ ਬੜੀ ਖੁਸ਼ੀ ਤੇ ਫ਼ਖਰ ਏ ਕਿ ਜੰਮੂ-ਕਸ਼ਮੀਰ ਦੇ ਸਿਖਿਆ ਮੰਤਰੀ ਅੱਜ ਇਥੇ ਮੁਖ ਮਹਿਮਾਨ ਦੀ ਹੈਸੀਅਤ ਵਿਚ ਸੁਭਾਏਮਾਨ ਹਨ। ਆਪ ਉੱਚੀ ਵਿਦਿਆ ਨਾਲ ਵਿਭੂਸ਼ਤ ਪ੍ਰਬੰਧਕ, ਨੀਤੀਵਾਨ ਤੇ ਅਵਾਮੀ ਰਹਿਨੁਮਾ ਹਨ। ਐਮ. ਏ., ਐਲ-ਐਲ. ਬੀ. ਅਤੇ ਡੀ. ਆਈ. ਸੀ. ਦੀਆਂ ਡਿਗਰੀਆਂ ਹਾਸਲ ਕਰਕੇ ਆਪ ਨੇ ਲੰਡਨ ਯੂਨੀਵਰਸਿਟੀ ਤੋਂ ਐਲ-ਐਲ. ਐਮ. ਦੀ ਡਿਗਰੀ ਪ੍ਰਾਪਤ ਕੀਤੀ। ਵਿਦਿਆਰਥੀ ਜੀਵਨ ਵਿਚ ਵੀ ਆਪ ਸਮਾਜਿਕ, ਸਾਹਿਤਕ ਅਤੇ ਰਾਜਨੀਤਿਕ ਸਰਗਰਮੀਆਂ ਵਿਚ ਗਹਿਰੀ ਦਿਲਚਸਪੀ ਲੈਂਦੇ ਰਹੇ। ਲੰਡਨ ਤੋਂ ਵਾਪਸੀ ਉਪਰੰਤ ਆਪ ਗੌਰਮਿੰਟ ਸਰਵਿਸ ਦੇ ਸਿਲਸਲੇ ਵਿਚ ਮੁਨਸਿਫ ਤੇ ਸਬ-ਰਜਿਸਟਰਾਰ ਦੀ ਹੈਸੀਅਤ ਵਿਚ ਕੰਮ ਕਰਦੇ ਰਹੇ। ਸੰਨ 1966 ਵਿਚ ਆਪਨੇ ਸਰਕਾਰੀ ਮੁਲਾਜ਼ਮਤ ਤੋਂ ਅਸਤੀਫ਼ਾ ਦੇ ਦਿੱਤਾ। ਜਨ-ਕਲਿਆਣ ਅਤੇ ਲੋਕ-ਭਲਾਈ ਦੇ ਵਾਸਤੇ ਆਪ ਨੇ ਸੰਨ 1967 ਵਿਚ ਸਿਆਸੀ ਸਰਗਰਮੀਆਂ ਦੇ ਕਰਮ-ਖੇਤਰ ਵਿਚ ਪ੍ਰਵੇਸ਼ ਕੀਤਾ। ਸੰਨ 1947 ਦੇ ਦੇਸ਼ ਵੰਡਾਰੇ ਕਾਰਣ ਉਜੜੇ ਉਖੜੇ ਵਿਅਕਤੀਆਂ ਦੀ ਮੁਸਤਕਿਲ ਵਸੇਬੇ ਲਈ ਇਕ ਬਹੁਤ ਵੱਡਾ ਅੰਦੋਲਨ ਚਲਾਇਆ। ਸੰਨ 1971 ਵਿਚ ਆਮ ਚੋਣਾਂ ਵਿਚ ਆਪ ਨੂੰ ਸ਼ਾਨਦਾਰ ਕਾਮਯਾਬੀ ਹਾਸਲ ਹੋਈ। ਆਪਣੀ ਨਿਜੀ ਲਿਆਕਤ ਅਤੇ ਰਾਜਨੀਤਕ ਸੋਚ-ਸੁਖਮਤਾ ਦੇ ਆਧਾਰ ਤੇ ਆਪ ਮਨਿਸਟਰ ਆਫ਼ ਸਟੇਟ ਦੀ ਹੈਸੀਅਤ ਵਿਚ ਮੰਤਰੀ ਮੰਡਲ ਦੇ ਮੈਂਬਰ ਬਣੇ। 1975 ਵਿਚ ਮੰਤਰੀ ਮੰਡਲ ਵਿਚ ਅਦਲਾ ਬਦਲੀ ਹੋਈ ਅਤੇ ਆਪ ਨੇ ਅਸਤੀਫ਼ਾ ਦੇ ਦਿੱਤਾ। ਅਪ੍ਰੈਲ 1975 ਵਿਚ ਜਦੋਂ ਸ਼ੇਖ ਮੁਹੰਮਦ ਅਬਦੁਲਾ ਮੁਖ ਮੰਤਰੀ ਬਣੇ ਤਾਂ ਮਨਿਸਟਰ ਆਫ਼ ਸਟੇਟ ਦੀ ਹੈਸੀਅਤ ਵਜੋਂ ਆਪ ਫਿਰ ਮੰਤਰੀ-ਮੰਡਲ ਵਿਚ ਸ਼ਾਮਲ ਹੋਏ। ਉਦੋਂ ਤੋਂ ਲੈ ਕੇ ਹੁਣ ਤਕ ਆਪ ਰਿਆਸਤ ਜੰਮੂ ਕਸ਼ਮੀਰ ਵਿਚ ਸਿਖਿਆ ਮੰਤਰੀ ਹਨ। ਪੰਜਾਬੀ ਯੂਨੀਵਰਸਿਟੀ ਵਿਸ਼ੇਸ਼ ਰੂਪ ਵਿਚ ਆਪਦੀ ਧੰਨਵਾਦੀ ਹੈ ਕਿ ਆਪ ਨੇ ਆਪਣੇ ਰੁਝੇਵਿਆਂ ਦੇ ਬਾਵਜੂਦ ਸਾਡੀ ਬੇਨਤੀ ਪ੍ਰਵਾਨ ਕਰਕੇ ਇਥੇ ਤਸ਼ਰੀਫ ਲਿਆਉਣ ਦੀ ਕ੍ਰਿਪਾਲਤਾ ਕੀਤੀ ਹੈ ਅਤੇ ਇਸ ਸਮਾਰੋਹ ਦਾ ਉਦ-ਘਾਟਨ ਕਰਨਾ ਸਵੀਕਾਰ ਕੀਤਾ ਹੈ। ਇਸ ਲਈ ਅਸੀਂ ਆਪ ਜੀ ਦੇ ਦਿਲੋਂ ਰਿਣੀ ਹਾਂ।

ਭਾਸ਼ਾ ਮਨੁੱਖੀ ਅਤੇ ਕੌਮੀ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਇਕ ਅਤਿਅੰਤ ਮਹੱਤਵਪੂਰਣ ਅੰਗ ਹੈ। ਵਾਸਤਵ ਵਿਚ ਭਾਸ਼ਾ ਕੇਵਲ ਮਨੁੱਖ ਮਾਤਰ ਦੀ ਹੀ ਇਕ

Sri Satguru Jagjit Singh Ji Elibrary NamdhariElibrary@gmail.com

ਨਿਆਰੀ ਵਿਸ਼ੇਸ਼ਤਾ ਹੈ। ਭਾਸ਼ਾ ਹੀ ਮਨੁੱਖੀ ਸ਼ਖਸੀਅਤ ਦਾ ਜ਼ੇਵਰ ਹੈ। ਹਰੇਕ ਭਾਸ਼ਾ ਆਪਣੇ ਆਪ ਉਤਪੰਨ ਹੁੰਦੀ ਹੈ। ਕੋਈ ਭਾਸ਼ਾ ਕਿਸੇ ਖਾਸ ਉਚੇਚ ਜਾਂ ਕਿਸੇ ਹੁਕਮ ਜਾਂ ਕਿਸੇ ਹੋਰ ਵਿਸ਼ੇਸ਼ ਵਿਉਂਤ ਦੁਆਰਾ ਪੈਦਾ ਨਹੀਂ ਕੀਤੀ ਜਾ ਸਕਦੀ। ਭਾਸ਼ਾ ਤਾਂ ਕਿਸੇ ਭੂਮੀ-ਖੰਡ ਜਾਂ ਭੂਗੋਲਿਕ ਇਕਾਈ ਦੇ ਰਕਬੇ ਵਿਚ ਆਪਣੇ ਆਪ ਕੁਦਰਤੀ ਤੌਰ ਤੇ ਪੈਦਾ ਹੁੰਦੀ ਹੈ। ਜਿਵੇਂ ਬਿਰਛ ਕਿਸੇ ਧਰਤੀ ਵਿਚ ਪੈਦਾ ਹੁੰਦਾ ਹੈ ਅਤੇ ਉਸੇ ਧਰਤੀ ਵਿਚੋਂ ਜੀਵਨ-ਸ਼ਕਤੀ ਪ੍ਰਾਪਤ ਕਰਦਾ ਹੈ, ਉਸੇ ਤਰ੍ਹਾਂ ਭਾਸ਼ਾ ਜਿਸ-ਧਰਤੀ ਵਿਚ ਪੈਦਾ ਹੁੰਦੀ ਹੈ ਉਸੇ ਵਿਚੋਂ ਅਰਥਾਤ ਉਸਦੀਆਂ ਮਿਥਿਹਾਸਕ ਵਾਰਤਾਵਾਂ, ਰਸਮਾਂ, ਰੀਤਾਂ ਅਤੇ ਸਮੂਹੀ ਮਨੌਤਾਂ ਦੇ ਸਹਾਰੇ ਵਧਦੀ ਅਤੇ ਮੌਲਦੀ ਹੈ। ਜਿਵੇਂ ਜਿਵੇਂ ਸਭਿਆਚਾਰਕ ਲੋੜਾ ਪੇਸ਼ ਆਉਂਦੀਆਂ ਹਨ ਉਸੇ ਤਰ੍ਹਾਂ ਭਾਸ਼ਾ ਵਿਚ ਪਰਿਵਰਤਨ ਅਤੇ ਵਿਕਾਸ-ਵਿਸਥਾਰ ਪੈਦਾ ਹੁੰਦਾ ਰਹਿੰਦਾ ਹੈ। ਭਾਰਤ ਦੀਆਂ ਕੌਮੀ ਭਾਸ਼ਾਵਾਂ ਦੇ ਇਤਿਹਾਸ ਵਿਚ ਇਹ ਗੱਲ ਬੜੀ ਗੰਭੀਰ ਹੈ ਕਿ ਸਦੀਆਂ ਤੱਕ ਬਿਦੇਸ਼ੀ ਸਾਮਗਰੀ ਹਕੂਮਤ ਦੇ ਕਾਰਣ ਕੌਮੀ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਇਹ ਕੋਮਲ ਅਤੇ ਮਹੱਤਵਪੂਰਣ ਪੱਖ ਦੱਬਿਆ ਘੁੱਟਿਆ ਰਿਹਾ। ਜਿਥੋਂ ਤਕ ਪੰਜਾਬ ਅਤੇ ਪੰਜਾਬੀ ਭਾਸ਼ਾ ਦੇ ਇਤਿਹਾਸ ਦਾ ਸੰਬੰਧ ਹੈ ਇਹ ਇਕ ਹਕੀਕਤ ਹੈ ਕਿ ਦਸਵੀਂ ਸਦੀ ਤੋਂ ਲੈ ਕੇ ਉਨ੍ਹੀਵੀਂ ਸਦੀ ਤੱਕ ਫ਼ਾਰਸੀ ਭਾਸ਼ਾ ਸਰਕਾਰੀ ਜ਼ਬਾਨ ਦੀ ਹੈਸੀਅਤ ਵਜੋਂ ਇਥੇ ਬਿਰਾਜਮਾਨ ਰਹੀ। ਇਸ ਲੰਮੇ ਅਰਸੇ ਵਿਚ ਦੇਸ਼ ਦੇ ਉੱਤਮ ਬੁੱਧੀਮਾਨਾਂ ਨੇ ਆਪਣੇ ਉੱਤਮ ਤਜਰਬਿਆਂ ਦਾ ਉੱਤਮ ਪ੍ਰਗਟਾਉ ਫ਼ਾਰਸੀ ਦੇ ਮਾਧਿਅਮ ਦੁਆਰਾ ਕੀਤਾ। ਪਰ ਇਹ ਹਕੀਕਤ ਮੰਨਣੀ ਪਵੇਗੀ ਕਿ ਕਈਆਂ ਸਦੀਆਂ ਦੇ ਬੌਧਿਕ ਜਤਨ ਦੇ ਫਲਸਰੂਪ ਪੈਦਾ ਹੋਣ ਵਾਲਾ ਇਹ ਸਾਹਿਤ ਕੌਮੀ ਸਾਹਿਤ ਸੰਸਕ੍ਰਿਤੀ ਦਾ ਜੀਵਨ ਅੰਗ ਨਹੀਂ ਬਣ ਸਕਿਆ। ਧਾਰਮਿਕ ਸੁਧਾਰਕ ਅਤੇ ਲੋਕ ਕਵੀ ਆਪਣੀ ਸਥਾਨਕ ਲੋਕ ਭਾਸ਼ਾ ਦਾ ਪ੍ਰਯੋਗ ਕਰਦੇ ਰਹੇ। ਉਨ੍ਹਾਂ ਨੇ ਆਪਣੀਆਂ ਕੋਮਲ ਭਾਵਨਾਵਾਂ ਅਤੇ ਲੋਕ ਜੀਵਨ ਵਿਚ ਪ੍ਰਚੱਲਿਤ ਪ੍ਰੇਮ ਵਾਰਤਾਵਾਂ ਅਤੇ ਸੂਰਬੀਰਾਂ ਦਿਆਂ ਕਾਰਨਾਮਿਆਂ ਨੂੰ ਬਿਆਨ ਕੀਤਾ। ਪਰ ਇਹ ਗੱਲ ਨਿਸ਼ਚਿਤ ਹੈ ਕਿ ਜਿਤਨਾ ਚਿਰ ਕਿਸੇ ਜ਼ਬਾਨ ਨੂੰ ਕੌਮੀ ਜੀਵਨ ਦਿਆਂ ਸਾਰਿਆਂ ਪਹਿਲੂਆਂ ਵਿਚ ਯੋਗ ਸਥਾਨ ਨਾ ਦਿੱਤਾ ਜਾਵੇ ਉਤਨਾ ਚਿਰ ਉਸ ਜ਼ਬਾਨ ਦੀਆਂ ਸਾਰੀਆਂ ਸੰਭਾਵਨਾਵਾਂ ਪ੍ਰਫੁਲਤ ਨਹੀਂ ਹੁੰਦੀਆਂ। ਇਹੀ ਕਾਰਣ ਹੈ ਕਿ ਭਾਰਤ ਦੀਆਂ ਹੋਰ ਸਥਾਨਕ ਭਾਸ਼ਾਵਾਂ ਵਾਂਗ ਪੰਜਾਬੀ ਵਿਚ ਵੀ ਯੋਗ ਸ਼ਕਤੀ ਪੈਦਾ ਨਹੀਂ ਹੋ ਸਕਦੀ। ਹੁਣ ਜਦ ਕੌਮੀ ਜੀਵਨ ਅਤੇ ਕੌਮੀ ਸ਼ਖਸੀਅਤ ਦੀ ਸਭਿਆਚਾਰਕ ਉਸਾਰੀ ਦਾ ਪ੍ਰਸ਼ਨ ਸਨਮੁੱਖ ਹੈ ਤਾਂ ਇਹ ਵੀ ਉਚਿਤ ਅਤੇ ਆਵੱਸ਼ਕ ਹੈ ਕਿ ਪ੍ਰਾਂਤਿਕ ਭਾਸ਼ਾਵਾਂ ਦੀ ਸਰਬ-ਪੱਖੀ ਪ੍ਰਗਤੀ ਵੱਲ ਪੂਰਾ ਪੂਰਾ ਧਿਆਨ ਦਿੱਤਾ ਜਵੇ। ਕਿਸੇ ਭਾਸ਼ਾ ਦੀ ਸਰਬ-ਪੱਖੀ ਉੱਨਤੀ ਦਾ ਪ੍ਰਮਾਣ ਇਹ ਹੁੰਦਾ ਹੈ ਕਿ ਉਹ ਭਾਸ਼ਾ ਹਰ ਪ੍ਰਕਾਰ ਦੇ ਖਿਆਲਾਂ ਅਤੇ ਵਿਚਾਰਾਂ ਨੂੰ ਹਰ ਪ੍ਰਕਾਰ ਦੇ ਸਿਧਾਂਤਾਂ ਅਤੇ ਉਪ-ਸਿਧਾਂਤਾਂ ਨੂੰ ਸਪੱਸ਼ਟਤਾ ਪੂਰਵਕ ਪ੍ਰਗਟ ਕਰ ਸਕੇ।

ਕਈਆਂ ਸਦੀਆਂ ਦੀ ਗੁਲਾਮੀ ਦੇ ਪਿਛੋਂ ਭਾਰਤ ਵਿਚ ਸੁਤੰਤਰਤਾ ਦਾ ਸੂਰਜ ਪ੍ਰਕਾਸ਼ਮਾਨ ਹੋਇਆ। ਭਾਰਤ ਦੇ ਇਤਿਹਾਸ ਵਿਚ ਜਮਹੂਰੀਅਤ, ਵਿਗਿਆਨ ਅਤੇ ਧਰਮ ਨਿਰਪੇਖਤਾ ਦਾ ਕਾਲ ਸ਼ੁਰੂ ਹੋਇਆ। ਪੁਰਾਣੇ ਸੰਸਕਾਰਾਂ ਦੇ ਕਾਰਣ ਪੈਦਾ ਹੋਈਆਂ ਬਹੁਤ ਸਾਰੀਆਂ ਕੁਰੀਤੀਆਂ ਦਾ ਬਲ ਘਟ ਗਿਆ। ਸਮਾਜਿਕ ਉੱਨਤੀ ਅਤੇ ਪ੍ਰਗਤੀ ਲਈ

Sri Satguru Jagjit Singh Ji Elibrary NamdhariElibrary@gmail.com

ਲੋਕਵਾਦੀ ਅਤੇ ਲੋਕ ਹਿੱਤਕਾਰੀ ਦ੍ਰਿਸ਼ਟੀਕੋਣ ਨੂੰ ਸਵੀਕਾਰ ਕੀਤਾ ਗਿਆ । ਜਮਹੂਰੀਅਤ ਅਤੇ ਧਰਮ-ਨਿਰਖੇਪ ਜਨ-ਵਾਦ ਨੂੰ ਕੌਮੀ ਜੀਵਨ ਦਾ ਬੁਨਿਆਦੀ ਸਿਧਾਂਤ ਸਥਾਪਿਤ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਇਹ ਧਾਰਨਾ ਬਲਵਾਨ ਹੋ ਗਈ ਕਿ ਹਰੇਕ ਵਿਅਕਤੀ ਮਹਿਮਾ ਅਤੇ ਗੌਰਵ ਦਾ ਅਧਿਕਾਰੀ ਹੈ । ਸਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਉੱਚੀਆਂ ਅਤੇ ਸੁਚੀਆਂ ਕੀਮਤਾਂ ਦਾ ਨਿਰਮਾਣ ਅਤੇ ਵਿਕਾਸ ਉਸ ਸਾਂਝ ਅਤੇ ਸਹਿਯੋਗ ਕਾਰਣ ਸੰਭਵ ਹੈ ਜਿਸ ਨੂੰ ਸਮਾਜਿਕ ਸੰਗਠਨ ਕਿਹਾ ਜਾਂਦਾ ਹੈ । ਆਧੁਨਿਕ ਕਾਲ ਦੇ ਵਿਚਾਰ ਨੇ ਇਹ ਮੱਤ ਪ੍ਰਸਤੁਤ ਕੀਤਾ ਹੈ ਕਿ ਸਮਾਜਿਕ ਸੰਗਠਨ ਦੀ ਠੀਕ ਬੁਨਿਆਦ ਇਹ ਹੈ ਕਿ ਇਸ ਦਾ ਸੰਬੰਧ ਦੂਜਿਆਂ ਦੇ ਨਾਲ ਬਰਾਬਰੀ ਅਤੇ ਸਮਾਨਤਾ ਦਾ ਹੋਵੇ । ਜਮਹੂਰੀਅਤ ਇਨਸਾਨੀ ਬਰਾਦਰੀ ਲਈ ਸਾਂਝ ਅਤੇ ਇਕਸੁਰਤਾ ਦਾ ਐਸਾ ਵਾਤਾਵਰਣ ਸੰਭਵ ਬਣਾਉਂਦੀ ਹੈ ਜਿਸ ਵਿਚ ਇਨਸਾਨ ਸੁਤੰਤਰ ਹੈ, ਜਿਸ ਵਿਚ ਸੁਆਮੀ ਅਤੇ ਸੇਵਕ ਜਾਂ ਹਾਕਮ ਅਤੇ ਮਹਿਕੂਮ ਦਾ ਕੋਈ ਫ਼ਰਕ ਨਹੀਂ । ਕਿਸੇ ਵਿਅਕਤੀ ਜਾਂ ਕਿਸੇ ਵਰਗ ਨੂੰ ਇਹ ਅਧਿਕਾਰ ਨਹੀਂ ਕਿ ਕਿਸੇ ਵਿਅਕਤੀ ਜਾਂ ਵਰਗ ਦੀ ਮਿਹਨਤ ਅਤੇ ਕਮਾਈ ਦਾ ਸ਼ੋਸ਼ਣ ਕਰੇ ਜਾਂ ਕਿਸੇ ਹੋਰ ਵਿਅਕਤੀ ਜਾਂ ਵਰਗ ਉਪਰ ਵਧੀਕੀ ਕਰੇ । ਸਮਾਨਤਾ, ਬਰਾਬਰੀ, ਸਾਂਝ ਅਤੇ ਪਰਸਪਰ ਸਹਿਯੋਗ ਦੁਆਰਾ ਹੀ ਉਸ ਸੁਅਰਗ ਦੀ ਉਸਾਰੀ ਹੋ ਸਕਦੀ ਹੈ ਜਿਸ ਵਿਚ ਮਨੁੱਖੀ ਮਨ ਡਰ ਅਤੇ ਪਰੇਸ਼ਾਨੀ ਤੋਂ ਆਜ਼ਾਦ ਹੋਵੇ ਅਤੇ ਜਿਥੇ ਸੰਕੀਰਣਤਾ ਦਾ ਅਧਿਕਾਰ ਨਾ ਹੋਵੇ ।

ਸੋਚ ਅਤੇ ਚਿੰਤਨ ਵਿਚ ਨਵੀਂ ਰੁਚੀ ਅਤੇ ਨਵੀਨ ਦ੍ਰਿਸ਼ਟੀਕੋਣ ਦਾ ਪ੍ਰਾਰੰਭ ਉਦੋਂ ਹੁੰਦਾ ਜਦੋਂ ਕੋਈ ਅਤਿਅੰਤ ਮਹੱਤਵਪੂਰਣ ਘਟਨਾ ਵਾਪਰੇ । ਸੰਨ 1947 ਵਿਚ ਦੇਸ਼ ਦਾ ਵੰਡਾਰਾ ਹੋਇਆ । ਇਹ ਘਟਨਾ ਵਿਕਰਾਲ ਤਬਾਹਕਾਰੀ ਦੇ ਪੱਖੋਂ ਲਾਜਵਾਬ ਸੀ । ਇਤਿਹਾਸਕ ਜੀਵਨ ਵਿਚ ਇਸ ਘਟਨਾ ਦੇ ਨਾਲ ਇਕ ਨਵੀਨ ਪ੍ਰਾਰੰਭ ਉਦੇਮਾਨ ਹੋਇਆ । ਸਭਿਆਚਾਰ ਅਤੇ ਸੰਸਕ੍ਰਿਤੀ ਦੇ ਇਤਿਹਾਸ ਨੂੰ ਵਿਸ਼ੇਸ਼ ਕਰ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਨੂੰ ਮੁੱਖ ਰਖਕੇ ਵਿਚਾਰ ਕਰੀਏ ਤਾਂ ਇਹ ਕਹਿ ਸਕਦੇ ਹਾਂ ਕਿ ਸਭਿਆਚਾਰਕ ਵਿਅਕਤਿਤਵ ਦੀ ਨਵੀਨ ਉਸਾਰੀ ਅਤੇ ਪ੍ਰਗਤੀ ਲਈ ਜਿਸ ਵਾਤਾਵਰਣ ਦੀ ਉਡੀਕ ਅਤੇ ਲੋੜ ਸੀ ਉਹ ਹੋਂਦ ਵਿਚ ਆ ਗਿਆ । ਵੰਡ ਤੋਂ ਪਹਿਲਾਂ ਵੀ ਦੇਸ਼ ਦੇ ਨੇਤਾ ਜਿਹੜੇ ਸਾਰੇ ਦੇਸ਼ ਦੇ ਕਲਿਆਣ ਲਈ ਪ੍ਰਯਤਨਸ਼ੀਲ ਸਨ ਇਹ ਦੁਹਰਾਂਦੇ ਰਹਿੰਦੇ ਸਨ ਕਿ ਲੋਕ -ਜੀਵਨ ਅਤੇ ਸਿਖਿਆ ਪ੍ਰਣਾਲੀ ਵਿਚ ਸਥਾਨਕ ਲੋਕ ਭਾਸ਼ਾ ਨੂੰ ਮਹੱਤਵਪੂਰਣ ਸਥਾਨ ਮਿਲਣਾ ਚਾਹੀਦਾ ਹੈ। ਪਰੰਤੂ ਇਹ ਵੀ ਇਕ ਹਕੀਕਤ ਹੈ ਕਿ ਬਦੇਸ਼ੀ ਸਾਮਰਾਜੀ ਹਾਕਮਾਂ ਨੇ ਜਿਹੜਾ ਸ਼ਾਸਨ-ਪ੍ਰਬੰਧ ਸਥਾਪਿਤ ਕੀਤਾ ਸੀ ਉਸ ਵਿਚ ਲੋਕ ਜੀਵਨ ਅਤੇ ਵਿਸਥਾਰ ਦੀ ਕੋਈ ਸੰਭਾਵਨਾ ਨਹੀਂ ਸੀ । ਸ਼ਾਸਨ ਪ੍ਰਬੰਧ ਦੇ ਉੱਚ ਅਧਿਕਾਰੀ ਅਤੇ ਵਿਦਿਅਕ ਸੰਸਥਾਵਾਂ ਵਿਚ ਉੱਚ ਸ਼੍ਰੇਣੀਆਂ ਦੇ ਅਧਿਆਪਕ ਅੰਗਰੇਜ਼ੀ ਭਾਸ਼ਾ ਦੇ ਹੀ ਮਾਹਿਰ ਅਤੇ ਪ੍ਰਬੀਨ ਸਨ । ਉਸ ਪ੍ਰਬੰਧ ਵਿਚ ਲੋਕ ਭਾਸ਼ਾ ਨੂੰ ਕਿਸੇ ਗੰਭੀਰ ਸਭਿਆਚਾਰਕ ਅਤੇ ਵਿਗਿਆਨਕ ਪ੍ਰਯੋਜਨ ਲਈ ਇਸਤੇਮਾਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ । ਸੁਤੰਤਰਤਾ ਦੇ ਨਵੀਨ ਯੁਗ ਵਿਚ ਸਾਰੀਆਂ ਸਥਾਨਕ ਭਾਸ਼ਾਵਾਂ ਨੂੰ ਕੌਮੀ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਅੰਗ ਸਵੀਕਾਰ ਕੀਤਾ ਗਿਆ । ਪੰਜਾਬੀ ਵਿਚ ਪੰਜਾਬੀ ਭਾਸ਼ਾ ਸਦੀਆਂ ਤੋਂ ਸਾਰੇ ਪੰਜਾਬੀਆਂ ਦੀ ਭਾਸ਼ਾ ਦੇ ਤੌਰ ਤੇ ਮੌਜੂਦ ਹੈ । ਇਸ ਭਾਸ਼ਾ ਦਾ ਇਕ ਵਿਸ਼ੇਸ਼ ਮੁਹਾਂਦਰਾ, ਸਰੂਪ ਅਤੇ

Sri Satguru Jagjit Singh Ji Elibrary NamdhariElibrary@gmail.com

ਸੁਭਾਉ ਹੈ ਜੋ ਪੰਜ ਬੀਅਤ ਅਤੇ ਪੰਜਾਬੀ ਵਿਅਕਤਿਤਵ ਦੇ ਨਾਲ ਇਕਸੁਰ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਬਾਹਰੋਂ ਆਉਣ ਵਾਲੇ ਜਰਵਾਣੇ ਹਮਲਾਵਰਾਂ ਦਾ ਪਹਿਲਾ ਹਮਲਾ ਇਸ ਧਰਤੀ ਤੇ ਇਸ ਦੇ ਵਸਨੀਕਾਂ ਤੇ ਹੁੰਦਾ ਹੈ। ਨਿਤ ਦੀਆਂ ਜੰਗਾਂ ਨੇ ਪੰਜਾਬੀਆਂ ਨੂੰ ਸਹਿਨਸ਼ੀਲ ਪਰ ਸੂਰਬੀਰ ਬਣਾ ਦਿੱਤਾ ਹੈ। ਪੰਜਾਬ ਦੀ ਧਰਤੀ ਅਤੇ ਪੰਜਾਬ ਦੇ ਜਲਵਾਯੂ ਵਿਚ ਇਕ ਰਹੱਸਮਈ ਰਮਣੀਕਤਾ ਹੈ ਜਿਸ ਦੇ ਕਾਰਣ ਪੰਜਾਬੀ ਸ਼ਖਸੀਅਤ ਵਿਚ ਭਾਵਾਤਮਕ ਕੋਮਲਤਾ, ਵਫ਼ਾਦਾਰੀ, ਦਲੇਰੀ ਅਤੇ ਦਿਲਾਵਰੀ ਹੈ। ਪੰਜਾਬੀ ਵਿਅਕਤਿਤਵ ਵਿਚ ਜਿਥੇ ਸੂਰਬੀਰ ਦੀ ਸਬੱਲਤਾ ਹੈ ਉਥੇ ਉਸ ਵਿਚ ਸੰਤ ਅਤੇ ਦਰਵੇਸ਼ ਵਾਲੀ ਕੋਮਲਤਾ ਅਤੇ ਕਿਰਸਾਣ ਮਜ਼ਦੂਰ ਵਾਲੀ ਮਿਹਨਤ ਤੇ "ਨਿਸ਼ਚੈ ਕਰ ਅਪਨੀ ਜੀਤ ਕਰੂੰ" ਦੀ ਵਿਜੈਸ਼ਾਲੀ ਦ੍ਰਿੜ੍ਹਤਾ ਸੀ। ਪੰਜਾਬੀ ਭਾਸ਼ਾ ਵਿਚ ਸਬੱਲਤਾ, ਕੋਮਲਤਾ ਅਤੇ ਦ੍ਰਿੜ੍ਹਤਾ ਵਾਲੇ ਗੁਣ ਮੌਜੂਦ ਹਨ। ਕਿਸੇ ਕੌਮੀ ਜ਼ਬਾਨ ਦੀ ਨਿਆਰੀ ਵਿਸ਼ੇਸ਼ਤਾ ਅਤੇ ਉਸ ਦੇ ਸੁਤੰਤਰ ਸੁਭਾਉ ਦਾ ਨਿਰਭਰ ਉਸ ਬੁਨਿਆਦੀ ਸ਼ਬਦ-ਭੰਡਾਰ ਉਪਰ ਹੁੰਦਾ ਹੈ, ਜਿਸ ਦੁਆਰਾ ਉਸ ਭਾਸ਼ਾ ਦੇ ਵਿਅਕਤਿਤਵ ਦੀ ਪਛਾਣ ਅਤੇ ਫ਼ਰਕ ਸੰਭਵ ਹੈ। ਭਾਸ਼ਾ ਦਾ ਇਹ ਬੁਨਿਆਦੀ ਸ਼ਬਦ ਭੰਡਾਰ ਅਤਿਅੰਤ ਸੋਹਲ ਤੇ ਘੜਨ ਢਲਣ ਦੇ ਸਮਰੱਥ ਹੁੰਦਾ ਹੈ ਅਤੇ ਕਾਰਣ ਹੈ ਕਿ ਇਸ ਵਿਚ ਪਰਿਵਰਤਨ ਦੀ ਸੰਭਾਵਨਾ ਹਮੇਸ਼ਾਂ ਬਣੀ ਰਹਿੰਦੀ ਹੈ। ਸ਼ਬਦਾਂ ਦੇ ਨਵੇਂ ਰੂਪ ਢਲਦੇ ਰਹਿੰਦੇ ਹਨ ਅਤੇ ਨਵੀਨ ਸ਼ਬਦਾਂ ਦੀ ਘਾੜਤ ਹੁੰਦੀ ਰਹਿੰਦੀ ਹੈ। ਨਵੇਂ ਅਰਥ ਪ੍ਰਗਟਾਵੇ ਲਈ ਨਵੇਂ ਸ਼ਬਦ ਸਿਰਜ ਲਏ ਜਾਂਦੇ ਹਨ ਅਤੇ ਕਈ ਵਾਰੀ ਪ੍ਰਚੱਲਿਤ ਸ਼ਬਦਾਂ ਵਿਚ ਨਵੇਂ ਅਰਥ ਪੈਦਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਕਈ ਵਾਰੀ ਬਹੁਤ ਸਾਰੇ ਸ਼ਬਦ ਬੇਲੋੜੇ ਹੋਣ ਦੇ ਕਾਰਣ ਟਕਸਾਲੋਂ ਬਾਹਰ ਕੀਤੇ ਜਾਂਦੇ ਹਨ। ਭਾਸ਼ਾ ਦੇ ਵਿਕਾਸ, ਵਿਸਥਾਰ ਅਤੇ ਉੱਨਤੀ ਦੇ ਸੰਬੰਧ ਵਿਚ ਇਹ ਗੱਲ ਮਹੱਤਵ-ਪੂਰਨ ਹੈ ਕਿ ਕਿਸੇ ਭਾਸ਼ਾ ਦੇ ਵਿਨਾਸ਼ ਤੋਂ ਪ੍ਰਾਪਤ ਮਲਬੇ ਉਪਰ ਕਿਸੇ ਨਵੀਨ ਭਾਸ਼ਾ ਦੀ ਉਸਾਰੀ ਨਹੀਂ ਹੋ ਸਕਦੀ। ਭਾਸ਼ਾ ਚਿਰਕਾਲੀਨ ਪਰਿਕਿਰਿਆ ਦੇ ਨਤੀਜੇ ਵਜੋਂ ਹੋਂਦ ਵਿਚ ਆਉਂਦੀ ਹੈ ਅਤੇ ਬੋਲਣ ਵਾਲਿਆਂ ਦੀ ਸੁਭਾਵਕ ਪ੍ਰਤਿਭਾ ਅਤੇ ਸਭਿਆਚਾਰ ਅਨੁਸਾਰ ਉਸ ਵਿਚ ਲੋੜੀਂਦਾ ਵਿਕਾਸ ਹੁੰਦਾ ਰਹਿੰਦਾ ਹੈ।

ਭਾਸ਼ਾ ਦੇ ਵਿਕਾਸ ਸੰਬੰਧੀ ਆਧੁਨਿਕ ਵਿਚਾਰਵਾਨਾਂ ਦਾ ਦ੍ਰਿਸ਼ਟੀਕੋਣ ਇਹ ਹੈ ਕਿ ਜਦੋਂ ਕੋਈ ਸ਼ਕਤੀਸ਼ਾਲੀ ਦਲ ਕਿਸੇ ਵਿਸ਼ੇਸ਼ ਮੁਲਕ ਜਾਂ ਇਲਾਕੇ ਉਪਰ ਹਮਲਾ ਕਰਕੇ ਆਪਣੀ ਪ੍ਰਭੁਤਾ ਸਥਾਪਤ ਕਰਦਾ ਹੈ ਤਾਂ ਵਿਜਈ ਦਲ ਦੀ ਭਾਸ਼ਾ ਨੂੰ ਇਕ ਉੱਚਾ ਦਰਜਾ ਮਿਲ ਜਾਂਦਾ ਹੈ। ਪਰਾਜਿਤ ਲੋਕਾਂ ਦੀ ਭਾਸ਼ਾ ਜੇਤੂਆਂ ਦੀ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਗ੍ਰਹਿਣ ਕਰ ਲੈਂਦੀ ਹੈ। ਕਈ ਵਾਰੀ ਸਥਾਨਕ ਭਾਸ਼ਾ ਬਾਹਰੋਂ ਆਏ ਹਮਲਾਵਰਾਂ ਦੀ ਭਾਸ਼ਾ ਨੂੰ ਇਸ ਤਰ੍ਹਾਂ ਜਜ਼ਬ ਕਰ ਲੈਂਦੀ ਹੈ ਕਿ ਬਾਹਰਲੀ ਸ਼ਬਦਾਵਲੀ ਨੂੰ ਉਹ ਆਪਣਾ ਹੀ ਰੂਪ ਦੇ ਦੇਂਦੀ ਹੈ। ਸਥਾਨਕ ਭਾਸ਼ਾ ਨੂੰ ਧਰਤੀ ਦੇ ਨਾਲ ਤੇ ਬਾਹਰੋਂ ਆਉਣ ਵਾਲੀ ਭਾਸ਼ਾ ਨੂੰ ਅਸਮਾਨ ਦੇ ਨਾਲ ਤੁਲਨਾ ਦਿੱਤੀ ਜਾਂਦੀ ਹੈ। ਵਰਖਾ ਦੇ ਉਪਰੰਤ ਗਗਨ ਦਾ ਕੰਮ ਸਮਾਪਤ ਹੋ ਜਾਂਦਾ ਹੈ ਪਰੰਤੂ ਵਰਖਾ ਜਲ ਨੂੰ ਗ੍ਰਹਿਣ ਕਰਕੇ ਧਰਤੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਬਾਹਰਲੀ ਭਾਸ਼ਾ ਸ਼ਬਦ ਜਲ ਸਥਾਨਕ ਭਾਸ਼ਾ ਨੂੰ ਪ੍ਰਦਾਨ ਕਰਕੇ ਸਮਾਪਤ ਹੋ ਜਾਂਦੀ ਹੈ। ਪਰੰਤੂ ਉਸ ਭਾਸ਼ਾ ਜਲ ਨੂੰ ਸਿਰਜਣਸ਼ੀਲ ਪਰੰਪਰਾ ਦਾ ਰੂਪ ਪ੍ਰਦਾਨ ਕਰਨਾ ਸਥਾਨਕ ਭਾਸ਼ਾ

Sri Satguru Jagjit Singh Ji Elibrary NamdhariElibrary@gmail.com

ਦਾ ਕੰਮ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪੰਜਾਬੀ ਭਾਸ਼ਾ ਦੇ ਮੂਲ ਸੁਭਾਉ ਦੀ ਵਿਆਖਿਆ ਕਰਨ ਵਾਲੇ ਵਿਦਵਾਨ ਦੇ ਉਕਤ ਦ੍ਰਿਸ਼ਟੀਕੋਣ ਨੂੰ ਆਧਾਰ ਬਣਾ ਕੇ ਵਿਚਾਰ ਕਰਨਗੇ ਤਾਂ ਯਕੀਨ ਹੈ ਕਿ ਉਹ ਬਹੁਤ ਸਾਰੇ ਚੰਗੇ ਅਤੇ ਨਿਰੋਏ ਨਿਸ਼ਕਰਸ਼ ਪ੍ਰਾਪਤ ਕਰ ਸਕਣਗੇ।

ਭਾਸ਼ਾ ਸੰਬੰਧੀ ਗੰਭੀਰਤਾ ਪੂਰਬਕ ਸੋਚ ਵਿਚਾਰ ਕਰਨ ਵਾਲੇ ਵਿਦਵਾਨ ਅਤੇ ਸਾਧਾਰਣ ਵਿਅਕਤੀ ਇਹ ਗੱਲ ਜਾਣਦੇ ਹਨ ਕਿ ਭਾਸ਼ਾ ਪ੍ਰਯੋਗ ਵਿਚ ਕੁਝ ਸਥਾਨਕ ਭੇਦ ਹੁੰਦੇ ਹਨ। ਅਸਲ ਗੱਲ ਇਹ ਹੈ ਕਿ ਭਾਸ਼ਾ ਏਕਤਾ ਅਤੇ ਅਨੇਕਤਾ ਦਾ ਇਕ ਵਿਸ਼ਾਲ ਦ੍ਰਿਸ਼ ਪੇਸ਼ ਕਰਦੀ ਹੈ। ਭਾਸ਼ਾ ਵਿਗਿਆਨ ਦੇ ਨਾਲ ਸੰਬੰਧਿਤ ਪਾਰਿਭਾਸ਼ਕ ਸ਼ਬਦਾਵਲੀ ਦਾ ਪ੍ਰਯੋਗ ਕਰੀਏ ਤਾਂ ਇਹ ਕਹਿ ਸਕਾਂਗੇ ਕਿ ਛੋਟੇ ਜਿਹੇ ਥਾਂ ਜਾਂ ਥੋੜ੍ਹੀ ਜਿਹੀ ਜਨਸੰਖਿਆ ਵਿਚ ਬੋਲੀ ਜਾਣ ਵਾਲੀ ਜ਼ਬਾਨ ਨੂੰ ਉਪ-ਭਾਖਾ ਕਿਹਾ ਜਾਂਦਾ ਹੈ, ਜਿਸ ਦੀ ਮਿਆਰੀ ਵਿਸ਼ੇਸ਼ਤਾ ਦਾ ਪ੍ਰਾਣ-ਆਧਾਰ ਸਥਾਨਕ ਉਚਾਰਣ ਅਤੇ ਸਥਾਨਕ ਪ੍ਰਯੋਗ ਹੁੰਦਾ ਹੈ। ਹਰੇਕ ਉੱਨਤ ਭਾਸ਼ਾ ਦੇ ਨਾਲ ਬਹੁਤ ਸਾਰੀਆਂ ਉਪ-ਭਾਖਾਵਾਂ ਵੀ ਹੁੰਦੀਆਂ ਹਨ। ਪੰਜਾਬੀ ਵਿਚ ਉਪ-ਭਾਖਾਵਾਂ ਦੀ ਸਥਾਨਕ ਅਤੇ ਪ੍ਰਯੋਗਿਕ ਭਿੰਨਤਾ ਨੂੰ ਲੋਕ ਗੀਤਾਂ ਵਿਚ ਸਵੀਕਾਰ ਕੀਤਾ ਗਿਆ ਹੈ। ਲੋਕ ਗੀਤਾਂ ਦੀ ਇਕ ਪ੍ਰਸਿਧ ਪੰਗਤੀ ਇਸ ਪ੍ਰਕਾਰ ਹੈ :

'ਬਾਰੀਂ ਕੋਹੀਂ ਬੋਲੀ ਬਦਲੇ
ਕੋਹ ਕੋਹ ਤੇ ਪਾਣੀ।'

ਇਹ ਆਮ ਧਾਰਨਾ ਹੈ ਕਿ ਬਾਰੀਂ ਕੋਹੀਂ ਬੋਲੀ ਬਦਲ ਜਾਂਦੀ ਹੈ। ਥਾਂ ਥਾਂ ਤੇ ਬੋਲੀ ਦੇ ਬਦਲਵੇਂ ਰੂਪ ਨੂੰ ਉਪ-ਭਾਖਾ ਕਿਹਾ ਜਾਂਦਾ ਹੈ ਕਿ ਇਨ੍ਹਾਂ ਉਪ-ਭਾਖਾਵਾਂ ਵਿਚ ਮੂਲ ਸ਼ਬਦਾ-ਵਲੀ ਸਰੀਰ ਦੇ ਅੰਗਾਂ ਦੇ ਨਾਮ ,ਰਿਸ਼ਤੇਦਾਰੀਆਂ ਦੇ ਨਾਮ, ਬ੍ਰਿਛਾਂ ਦੇ ਨਾਮ, ਗਿਣਤੀ, ਵਚਨ ਅਤੇ ਲਿੰਗ ਇਤਿਆਦਿ ਦੇ ਉਚਾਰਣ ਅਤੇ ਪ੍ਰਯੋਗ ਦੀ ਭਿੰਨਤਾ ਹੈ। ਪੰਜਾਬੀ ਭਾਸ਼ਾ ਦੀ ਸਰਬ ਪੱਖੀ ਉੱਨਤੀ ਦੇ ਚਾਹਵਾਨ ਵਿਦਵਾਨਾਂ ਦਾ ਕਰਤਵ ਇਹ ਹੈ ਕਿ ਉਹ ਸਾਰੀਆਂ ਗੁਆਂਢੀ ਬੋਲੀਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਸਮੁੱਚੇ ਪੰਜਾਬੀ ਸਭਿਆਚਾਰਕ ਵਿਧਾਨ ਦੇ ਅਨੁਸਾਰ ਕਰਨ। ਸਥਾਨਕ ਭਾਸ਼ਾਵਾਂ ਵਿਚ ਉਚਾਰਣ ਅਤੇ ਪ੍ਰਯੋਗ ਦੇ ਫਰਕ ਹਨ ਪਰ ਇਹ ਸਾਰੀਆਂ ਕੇਂਦਰੀ ਪੰਜਾਬੀ ਦੇ ਸਰੀਰਕ ਬਿਰਛ ਦੀਆਂ ਡਾਲੀਆਂ ਹਨ ਜੋ ਬਿਰਛ ਦੇ ਵਿਸਥਾਰ ਦੀਆਂ ਸਹਾਇਕ ਹਨ। ਭਾਸ਼ਾ ਨੂੰ ਇਕ ਪ੍ਰਵਾਹ-ਧਾਰਾ ਮੰਨਿਆ ਜਾਂਦਾ ਹੈ। ਭਾਸ਼ਾ ਅਤੇ ਉਪ-ਭਾਖਾਵਾਂ ਦੇ ਪਰਸਪਰ ਸੰਬੰਧ ਨੂੰ ਸਪੱਸ਼ਟ ਕਰਨ ਲਈ ਇਹ ਕਿਹਾ ਜਾ ਸਕਦਾ ਹੈ ਕਿ ਮਿਆਰੀ ਭਾਸ਼ਾ ਦੀ ਹੈਸੀਅਤ ਕੇਂਦਰੀ-ਪ੍ਰਵਾਹ (central stream) ਨਾਲ ਦੀ ਹੈ ਅਤੇ ਉਪ-ਭਾਖਾਵਾਂ ਉਨ੍ਹਾਂ ਲਹਿਰਾਂ ਦੇ ਸਮਾਨ ਹਨ ਜੋ ਕਿਨਾਰਿਆਂ ਨਾਲ ਵਗਦੇ ਪਾਣੀ ਨਾਲ ਪੈਦਾ ਹੁੰਦੀਆਂ ਹਨ ਅਤੇ ਕੇਂਦਰੀ-ਪ੍ਰਭਾਵ ਦੀ ਗਤੀਸ਼ੀਲਤਾ ਨੂੰ ਤੀਬਰ ਕਰਦੀਆਂ ਰਹਿੰਦੀਆਂ ਹਨ। ਅੱਜ ਦੇ ਇਸ ਸਮਾਰੋਹ ਵਿਚ ਜਿਹੜੇ ਵਿਦਵਾਨ ਖੋਜ ਨਿਬੰਧ ਪੜ੍ਹ ਰਹੇ ਹਨ ਉਹ ਆਪਣੇ ਆਪਣੇ ਵਿਸ਼ੇ-ਖੇਤਰ ਦੇ ਵਿਸ਼ੇਸ਼ਗ ਹਨ। ਉਹ ਆਪਣੇ ਗੰਭੀਰ ਅਧਿਐਨ ਦੇ ਜਿਹੜੇ ਸਿੱਟੇ ਸਰੋਤਿਆਂ ਦੇ ਸਨਮੁਖ ਪ੍ਰਸਤੁਤ ਕਰਨਗੇ ਉਨ੍ਹਾਂ ਉਪਰ ਲਾਭਦਾਇਕ ਚਰਚਾ ਹੋਵੇਗੀ, ਇਹ ਮੈਨੂੰ ਪੂਰਾ ਯਕੀਨ ਹੈ। ਪਰ ਜੇ ਇਸ ਵਿਚਾਰ-ਵਟਾਂਦਰੇ ਵਿਚ ਕੇਂਦਰੀ ਭਾਸ਼ਾ ਅਤੇ ਗੁਆਂਢੀ ਬੋਲੀਆਂ ਦੇ ਪਰਸਪਰ ਸੰਬੰਧ ਅਤੇ ਆਦਾਨ ਬਾਰੇ ਚਰਚਾ ਪੰਜਾਬੀ ਦੇ ਮੂਲ

Sri Satguru Jagjit Singh Ji Elibrary NamdhariElibrary@gmail.com

ਸੁਭਾਉ ਦੀਆਂ ਸੰਭਾਵਨਾਵਾਂ ਦੇ ਆਧਾਰ ਤੇ ਕੀਤੀ ਜਾਵੇ ਤਾਂ ਪੰਜਾਬੀ ਦੀ ਇਕ ਨਿਗਰ ਤੇ ਵੱਡਮੁਲੀ ਸੇਵਾ ਹੋਵੇਗੀ ।

ਪਰਿਵਰਤਨ ਅਤੇ ਵਿਕਾਸ ਦੀਆਂ ਸ਼ਕਤੀਆਂ ਸਦਾ ਗਤੀਮਾਨ ਰਹਿੰਦੀਆਂ ਹਨ । ਵਿਕਾਸ-ਪ੍ਰਵਾਹ ਕਿਸੇ ਇਕ ਪੜਾਉ ਤੇ ਰੁਕਦਾ ਨਹੀਂ । ਜੇ ਵਿਕਾਸ ਪ੍ਰਵਾਹ ਵਿਚ ਠਹਿਰਾਉ ਆ ਜਾਵੇ ਤਾਂ ਸਾਫ਼ ਜ਼ਾਹਿਰ ਹੈ ਕਿ ਹੋਰ ਸੰਭਾਵਨਾਵਾਂ ਦੀ ਸਮਾਪਤੀ ਹੋ ਗਈ ਹੈ । ਪੰਜਾਬੀ ਇਕ ਸੁਤੰਤਰ ਅਤੇ ਸੰਪੂਰਣ ਭਾਸ਼ਾ ਹੈ ਜਿਸ ਨੇ ਆਪਣੇ ਵਿਤ ਅਨੁਸਾਰ ਸਭਿਆਚਾਰਕ ਲੋੜਾਂ ਦੀ ਪੂਰਤੀ ਕੀਤੀ ਹੈ । ਪਰ ਪੰਜਾਬੀਅਤ ਦੇ ਪ੍ਰੇਮ ਅਤੇ ਅਭਿਮਾਨ ਵਿਚ ਜੇ ਅਸੀਂ ਇਹ ਮਿਥ ਲਈਏ ਕਿ ਸਾਡੀ ਜ਼ਬਾਨ ਨੂੰ ਹੋਰ ਤਰੱਕੀ ਦੀ ਲੋੜ ਨਹੀਂ ਤਾਂ ਇਹ ਸਾਡਾ ਮਿਥਿਆ ਅਭਿਮਾਨ ਹੋਵੇਗਾ । ਸਭਿਆਚਾਰਕ ਅਤੇ ਸਾਂਸਕ੍ਰਿਤਕ ਜੀਵਨ ਵਿਚ ਵਿਕਾਸ ਦੇ ਕਿਸੇ ਪੜਾਉ ਨੂੰ ਅੰਤਿਮ ਅਖੀਰਲਾ ਪੜਾਉ ਨਹੀਂ ਕਿਹਾ ਜਾ ਸਕਦਾ । ਸਿਹਤਮੰਦ ਚਿੰਤਨ ਦੀ ਸ਼ਰਤ ਇਹ ਹੈ ਕਿ ਵਿਕਾਸ ਦੀ ਇਕ ਸਿਖਰ ਤੇ ਪਹੁੰਚ ਕੇ ਉਚੇਰੀਆਂ ਸਿਖਰਾਂ ਦੀ ਸੰਭਾਵਨਾ ਸਪੱਸ਼ਟ ਹੋ ਜਾਵੇ । ਪੰਜਾਬੀ ਨੂੰ ਉੱਨਤੀ ਅਤੇ ਪ੍ਰਗਤੀ ਦੀਆਂ ਜਿਹੜੀਆਂ ਹੋਰ ਸਿਖਰਾਂ ਵਲ ਜਾਣ ਦੀ ਲੋੜ ਹੈ ਉਨ੍ਹਾਂ ਸੰਬੰਧੀ ਵਿਚਾਰ ਕਰਨਾ ਉਚਿਤ ਹੋਵੇਗਾ । ਮਹਾਂ ਭਾਰਤ ਇਕ ਮਹਾਨ ਗ੍ਰੰਥ ਹੈ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਿਹੜੇ ਭਾਵ ਕਿਸੇ ਹੋਰ ਥਾਂ ਹਨ ਉਹ ਇਸ ਗ੍ਰੰਥ ਵਿਚ ਹਨ, ਜੋ ਕੁਝ ਇਸ ਗ੍ਰੰਥ ਵਿਚ ਨਹੀਂ ਉਹ ਕਿਸੇ ਥਾਂ ਵੀ ਨਹੀਂ । ਇਸ ਵਾਕ ਦੇ ਸਮਾਨਾਂਤਰ ਮੈਂ ਇਹ ਕਹਿਣਾ ਉਚਿਤ ਸਮਝਦੀ ਹਾਂ ਕਿ ਪੰਜਾਬ ਦੀ ਪ੍ਰਗਤੀ ਅਤੇ ਉੱਨਤੀ ਬਾਰੇ ਅਸਾਡੇ ਸਨਮੁਖ ਆਦਰਸ਼ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਜਿਥੇ ਕਿਤੇ ਕੋਈ ਭਾਵ, ਵਿਚਾਰ, ਦ੍ਰਿਸ਼ਟੀਕੋਣ ਜਾਂ ਸਿਧਾਂਤ ਨੂੰ ਸਾਡੀ ਭਾਸ਼ਾ ਪ੍ਰਗਟ ਕਰ ਸਕਦੀ ਹੈ ਅਤੇ ਜਿਸ ਗੱਲ ਨੂੰ ਪ੍ਰਗਟ ਕਰਨ ਦੀ ਸਮਰੱਥਾ ਸਾਡੀ ਭਾਸ਼ਾ ਵਿਚ ਨਹੀਂ ਉਸਨੂੰ ਪ੍ਰਗਟ ਕਰਨਾ ਕਿਸੇ ਹੋਰ ਭਾਸ਼ਾ ਦੇ ਵਸ ਵੀ ਨਹੀਂ । ਇਸ ਪ੍ਰਕਾਰ ਦੀ ਸਰਬਪੱਖੀ ਪ੍ਰਗਟਾਉ ਸ਼ਕਤੀ ਪੰਜਾਬੀ ਭਾਸ਼ਾ ਵਿਚ ਉਸੇ ਸੂਰਤ ਵਿਚ ਸੰਭਵ ਹੈ ਜੇ ਪੰਜਾਬੀ ਅਤੇ ਇਸ ਦੀਆਂ ਗੁਆਂਢੀ ਬੋਲੀਆਂ ਦੇ ਸ਼ਬਦ-ਰਤਨ ਸੰਚਿਤ ਕਰ ਲਏ ਜਾਣ ਤੇ ਉਨ੍ਹਾਂ ਦੀ ਸੰਭਾਲ ਦਾ ਪੂਰਾ ਪੂਰਾ ਯਤਨ ਕੀਤਾ ਜਾਵੇ ।

ਅੰਤ ਵਿਚ ਮੇਰਾ ਇਹ ਖੁਸ਼ਗਵਾਰ ਫਰਜ਼ ਹੈ ਕਿ ਮੈਂ ਸਤਿਕਾਰਯੋਗ ਸਿਖਿਆ ਮੰਤਰੀ ਸ. ਰੰਗੀਲ ਸਿੰਘ ਜੀ ਨੂੰ ਬੇਨਤੀ ਕਰਾਂ ਕਿ ਉਹ ਇਸ ਸਮਾਰੋਹ ਦਾ ਉਦਘਾਟਨ ਕਰਨ ।

Sri Satguru Jagjit Singh Ji Elibrary NamdhariElibrary@gmail.com

III

# ਉਦਘਾਟਨੀ ਸ਼ਬਦ

### ਸ. ਰੰਗੀਲ ਸਿੰਘ, ਸਿੱਖਿਆ ਮੰਤਰੀ, ਜੰਮੂ ਕਸ਼ਮੀਰ

ਇੰਦਰਜੀਤ ਕੌਰ ਜੀ ਸੰਧੂ, ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਸਤਿਕਾਰ ਯੋਗ ਬਜ਼ੁਰਗੋ ਅਤੇ ਸਾਥੀਓ !

ਮੇਰੇ ਕੋਲ ਮੈਨੂੰ ਉਹ ਯੋਗ ਸ਼ਬਦ ਨਹੀਂ ਢੁਕਦੇ ਜਿਨ੍ਹਾਂ ਰਾਹੀਂ ਮੈਂ ਖ਼ਾਸ ਕਰਕੇ ਵਾਈਸ-ਚਾਂਸਲਰ ਸਾਹਿਬਾ ਦਾ ਅਤੇ ਤੁਹਾਡੇ ਸਾਰੇ ਸਾਥੀਆਂ ਦਾ ਧੰਨਵਾਦ ਕਰ ਸਕਾਂ ਕਿ ਅਜਿਹੀ ਵਿਸ਼ੇਸ਼ ਕਾਨਫਰੰਸ ਵਿਚ ਪ੍ਰਧਾਨਗੀ ਦਾ ਸੱਦਾ ਦੇ ਕੇ ਜਿਹੜਾ ਆਦਰ ਤੇ ਸਨਮਾਨ ਮੈਨੂੰ ਦਿੱਤਾ ਹੈ। ਮੈਂ ਸ਼ਾਇਦ ਆਪਣੇ ਆਪ ਨੂੰ ਉਸ ਯੋਗ ਨਹੀਂ ਸਮਝਦਾ। ਇਕ ਦੂਸਰੇ ਨਾਲ ਮਿਲਕੇ ਬੈਠਣਾ ਤੇ ਉਨ੍ਹਾਂ ਸਾਰੀਆਂ ਗੱਲਾਂ ਤੇ ਵਿਚਾਰ ਕਰਨਾ ਜਿਹੜੀਆਂ ਇਕ ਦੂਜੇ ਨਾਲ ਸੰਬੰਧਿਤ ਹਨ, ਮੌਕਾ ਦਿੰਦੀਆਂ ਹਨ, ਸਾਰੇ ਸਾਥੀਆਂ ਨੂੰ ਕਿ ਉਹ ਇਕ ਦੂਜੇ ਦੀ ਭਾਸ਼ਾ ਦੇ ਬਾਰੇ ਜਾਂ ਉਪ-ਭਾਸ਼ਾਵਾਂ ਦੇ ਬਾਰੇ ਬਹੁਤ ਸਾਰੀਆਂ ਉਹ ਗਲਤ-ਫਹਿਮੀਆਂ ਜਿਹੜੀਆਂ ਸਮੁੱਚੇ ਤੌਰ ਤੇ ਬੈਠ ਕੇ ਆਹਮਣੇ-ਸਾਹਮਣੇ ਅੱਜ ਤਕ ਵਿਚਾਰੀਆਂ ਨਹੀਂ ਗਈਆਂ ਉਨ੍ਹਾਂ ਤੇ ਵਿਚਾਰ-ਵਟਾਂਦਰਾ ਕਰ ਕੇ ਆਉਣ ਵਾਲੇ ਸਮੇਂ ਲਈ ਇਕ ਅੱਛਾ ਮਾਹੌਲ ਪੈਦਾ ਕੀਤਾ ਜਾਏ। ਮੈਂ ਸਮਝਨਾਂ ਕਿ ਇਹ ਬੜੀ ਸ਼ਲਾਘਾਯੋਗ ਕੋਸ਼ਿਸ਼ ਹੈ, ਯਤਨ ਹੈ, ਜੋ ਪੰਜਾਬੀ ਯੂਨੀਵਰਸਿਟੀ ਨੇ ਕੀਤਾ ਹੈ। ਇਸ ਤੋਂ ਪਹਿਲਾਂ ਭੀ ਉੱਤਰੀ ਭਾਸ਼ਾਵਾਂ ਬਾਰੇ ਚੰਡੀਗੜ੍ਹ ਵਿਖੇ ਇਕ ਦੋ-ਰੋਜ਼ਾ ਕਾਨਫਰੰਸ ਹੋਈ ਸੀ। ਉਸ ਵਿਚ ਵੀ ਮੈਨੂੰ ਮੌਕਾ ਮਿਲਿਆ ਸੀ ਸੰਬੋਧਿਤ ਕਰਨ ਦਾ। ਅਸੀਂ ਜੰਮੂ-ਕਸ਼ਮੀਰ ਦੇ ਰਹਿਣ ਵਾਲੇ ਹਾਂ ਤੇ ਜੰਮੂ ਕਸ਼ਮੀਰ ਵੈਸੇ ਵੀ ਭਾਰਤ ਦੇ ਨਕਸ਼ੇ ਵਿਚ ਇਕ ਖ਼ਾਸ ਮਹੱਤਤਾ ਰਖਦਾ ਹੈ। ਇਹ ਉਨ੍ਹਾਂ ਸਾਰੇ ਤਜਰਬਿਆਂ, ਜਿਨ੍ਹਾਂ ਦੇ ਮੁਖ ਆਧਾਰ ਸੋਸ਼ਲਿਜ਼ਮ ਸੈਕੂਲਰਿਜ਼ਮ ਹਨ, ਦੀ ਲੇਬਾਰੇਟਰੀ ਹੈ ਅਤੇ ਸਾਡੀ ਅੱਜ ਦੀ ਭਾਰਤੀ ਸੰਸਕ੍ਰਿਤੀ ਇਨ੍ਹਾਂ ਵਿਚ ਯਕੀਨ ਰਖਦੀ ਹੈ। ਜੰਮੂ ਕਸ਼ਮੀਰ ਤਿੰਨ ਹਿੱਸਿਆਂ ਵਿਚ ਵੰਡਿਆ ਹੈ—ਇਹ ਹਿੱਸੇ ਹਨ ਜੰਮੂ, ਕਸ਼ਮੀਰ ਅਤੇ ਲਦਾਖ। ਇਨ੍ਹਾਂ ਤਿੰਨ ਰਿਜਨਜ਼ ਦੀ ਬੋਲੀ ਵਖੋ ਵਖ ਹੈ, ਰਹਿਣ ਸਹਿਣ ਵਖੋ ਵਖ ਹੈ, ਪਹਿਰਾਵਾ ਵਖੋ ਵਖ ਹੈ ਅਤੇ ਵਖੋ ਵਖ ਧਰਮਾਂ ਦੇ ਲੋਕ ਉਥੇ ਵਸਦੇ ਹਨ—ਅਰਬੀ, ਸਿਖ, ਈਸਾਈ, ਮੁਸਲਮਾਨ, ਹਿੰਦੂ। ਜੰਮੂ ਕਸ਼ਮੀਰ ਦੀਆਂ ਤਿੰਨ ਬੋਲੀਆਂ ਰਿਜਨਲ ਲੈਂਗੁਏਜਜ਼ ਤਸੱਵਰ ਕੀਤੀਆਂ ਗਈਆਂ ਹਨ—ਡੋਗਰੀ, ਕਸ਼ਮੀਰੀ ਤੇ ਲਦਾਖੀ। ਪਿਛਲੇ ਕੋਈ ਵੀਹ ਸਾਲਾਂ ਤੋਂ (1953 ਈ. ਤੋਂ ਬਾਅਦ) ਜਦ ਅਸੀਂ ਜੰਮੂ ਕਸ਼ਮੀਰ ਵਿਚ 'ਕਲਚਰਲ ਅਕੈਡਮੀ ਆਫ਼ ਲੈਂਗੁਏਜਜ਼' ਦੀ ਸਥਾਪਨਾ ਕੀਤੀ ਤਾਂ ਇਕ ਕੋਸ਼ਿਸ਼ ਕੀਤੀ ਕਿ ਜਿਹੜੀਆਂ ਸਥਾਨਕ ਭਾਸ਼ਾਵਾਂ ਹਨ, ਇਨ੍ਹਾਂ ਦੇ ਬਾਰੇ 'ਚ ਖੋਜ ਕੀਤੀ ਜਾਏ ਅਤੇ ਜਿਹੜੇ ਤਿੰਨੇ ਰਿਜਨਜ਼ ਹਨ, ਉਨ੍ਹਾਂ ਨੂੰ ਉਨ੍ਹਾਂ ਦੀਆਂ ਭਾਸ਼ਾਵਾਂ

Sri Satguru Jagjit Singh Ji Elibrary NamdhariElibrary@gmail.com

ਨੂੰ ਅਗੇ ਬੜ੍ਹਾਉਣ ਵਾਸਤੇ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਏ। ਤੇ ਸਾਡੇ ਵਾਸਤੇ ਇਹ ਹੋਰ ਜ਼ਿਆਦਾ ਖੁਸ਼ੀ ਦੀ ਗੱਲ ਹੈ ਕਿ ਇਥੇ ਅਸੀਂ ਇਹ ਅਜੀਬੋ ਗਰੀਬ ਤਜਰਬਾ ਕਰ ਰਹੇ ਹਾਂ ਕਿ ਜੰਮੂ ਕਸ਼ਮੀਰ ਵਿਚ ਇਨ੍ਹਾਂ ਸਾਰੀਆਂ ਭਾਸ਼ਾਵਾਂ ਨੂੰ ਤੇ ਇਸ ਦੇ ਨਾਲ ਨਾਲ 'ਪੰਜਾਬੀ, ਬਾਲਤੀ, ਦਾਰਦੀ' ਇਨ੍ਹਾਂ ਸਾਰੀਆਂ ਭਾਸ਼ਾਵਾਂ ਨੂੰ ਮੁਖ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਨਾਲ ਲੈ ਕੇ ਕਿਸ ਤਰ੍ਹਾਂ ਅਗੇ ਅਸੀਂ ਚਲਣਾ ਹੈ।

ਪਹਿਲੀ ਕਾਨਫਰੰਸ ਜਿਹੜੀ ਬੋਲੀਆਂ ਬਾਰੇ ਚੰਡੀਗੜ ਵਿਚ ਹੋਈ ਸੀ ਉਸਦਾ ਕਾਫ਼ੀ ਚੰਗਾ ਅਸਰ ਰਿਹਾ ਹੈ। ਜੰਮੂ ਵਿਚ ਡੋਗਰੀ ਭਾਸ਼ਾ ਨਾਲ ਤਅੱਲਕ ਰਖਣ ਵਾਲੇ ਤੇ ਕਸ਼ਮੀਰੀ ਭਾਸ਼ਾ ਨਾਲ ਕਸ਼ਮੀਰ ਵਿਚ ਤਅੱਲਕ ਰਖਣ ਵਾਲੇ ਬਹੁਤ ਸਾਰੇ ਸੱਜਣ ਮੈਨੂੰ ਉਸ ਤੋਂ ਬਾਅਦ ਮਿਲੇ। ਕਾਫ਼ੀ ਪ੍ਰਭਾਵਿਤ ਹੋ ਕੇ ਉਹ ਗਏ ਅਤੇ ਉਨ੍ਹਾਂ ਦਾ ਵੀ ਖ਼ਿਆਲ ਸੀ ਕਿ ਇਹੋ ਜਿਹੀ ਇਕ ਕਾਨਫਰੰਸ ਜੰਮੂ ਕਸ਼ਮੀਰ ਵਿਚ ਕਰਨੀ ਚਾਹੀਦੀ ਹੈ ਤਾਂ ਕਿ ਅਗੇ ਵਾਸਤੇ ਇਹ ਬੁਨਿਆਦ ਬੰਨ੍ਹੀ ਜਾਏ ਕਿ ਕਿਸ ਤਰ੍ਹਾਂ ਰਲ ਮਿਲ ਕੇ ਇਨ੍ਹਾਂ ਸਾਰੀਆਂ ਭਾਸ਼ਾਵਾਂ ਦੇ ਬਾਰੇ ਵਿਚ ਵਿਚਾਰ-ਵਟਾਂਦਰਾ ਹੁੰਦਾ ਰਹੇ। ਮੈਂ ਸਮਝਨਾਂ ਕਿ ਅੱਜ ਦੀ ਇਹ ਕਾਨਫਰੰਸ ਸਾਡੇ ਵਾਸਤੇ ਖਾਸ ਵਿਸ਼ੇਸ਼ਤਾ ਵਾਲੀ ਬਣ ਜਾਂਦੀ ਹੈ। ਮੈਨੂੰ ਅੱਜ ਦੇ ਇਸ ਸਮਾਰੋਹ ਦੀ ਪ੍ਰਧਾਨਗੀ ਵਾਸਤੇ ਵੀ ਕਿਹਾ ਹੈ, ਉਦਘਾਟਨ ਕਰਨ ਨੂੰ ਵੀ ਕਿਹਾ ਹੈ। ਮੈਂ ਸਮਝਨਾਂ ਕਿ ਇਹ ਮੇਰੀ ਖੁਸ਼ਕਿਸਮਤੀ ਹੈ। ਇਸ ਦੋ-ਰੋਜ਼ਾ ਸੈਮੀਨਾਰ ਵਿਚ ਕੁਝ ਪੇਪਰ ਵੀ ਪੜ੍ਹੇ ਜਾਣਗੇ। ਉਹ ਪੇਪਰਜ਼ ਬੜੇ ਮਹੱਤਵਪੂਰਣ ਹਨ ਕਿਉਂਕਿ ਵਖੋ ਵਖ ਉਪ-ਭਾਸ਼ਾਵਾਂ ਨਾਲ ਤਅੱਲਕ ਰਖਦੇ ਹਨ। ਮੈਂ ਇਹ ਯਕੀਨ ਕਰਾਂਗਾ ਕਿ ਇਹਸੈਮੀਨਾਰ ਹਰ ਪੱਖ ਤੋਂ ਇਕ ਕਾਮਯਾਬ ਸੈਮੀਨਾਰ ਹੋਵੇਗਾ। ਮੈਂ ਆਪਣੀਆਂ ਸ਼ੁਭ ਇਛਾਵਾਂ ਦਿੰਦਾ ਹਾਂ ਅਤੇ ਆਸ ਕਰਦਾਂ ਕਿ ਤੁਸੀਂ ਦੋ ਦਿਨ ਮਿਲ ਬੈਠ ਕੇ ਜੋ ਵਿਚਾਰ-ਵਟਾਂਦਰਾ ਕਰੋਗੇ ਉਸਦੇ ਜੋ ਅਸਰ ਨਿਕਲਗੇ, ਉਹ ਕੇਵਲ ਪੰਜਾਬੀ ਲਈ ਹੀ ਨਹੀਂ ਸਗੋਂ ਜਿਹੜੀਆਂ ਬਾਕੀ ਦੀਆਂ ਭਾਸ਼ਾਵਾਂ ਹਨ ਉਨ੍ਹਾਂ ਵਾਸਤੇ ਵੀ ਬਹੁਤ ਚੰਗੇ ਰਹਿਣਗੇ।

ਪੰਜਾਬੀ ਦੀ ਇਕ ਆਪਣੀ ਵੀ ਸਮੱਸਿਆ ਹੋ ਸਕਦੀ ਹੈ। ਉਸਦੇ ਬਾਰੇ ਵਿਚ ਵੀ ਮੈਂ ਇਕ ਰਿਪੋਰਟ ਪੜ੍ਹ ਰਿਹਾ ਸੀ। ਪਿਛੇ ਸ਼ਾਇਦ ਇਥੇ ਇਕ ਇਕੱਤ੍ਰਤਾ ਹੋਈ ਸੀ ਕਿ ਪੰਜਾਬੀ ਦੀਆਂ ਵਿਸ਼ੇਸ਼ ਸਮੱਸਿਆਵਾਂ ਕੀ ਹਨ ? ਲੇਕਿਨ ਮੈਂ ਇਹ ਸਮਝਨਾਂ ਕਿ ਪੰਜਾਬੀ ਨੇ ਪਿਛਲੇ ਇਨ੍ਹਾਂ ਸਾਲਾਂ ਦੇ ਵਿਚ ਇੰਨੀ ਉੱਨਤੀ ਕੀਤੀ ਹੈ ਕਿ ਪੰਜਾਬੀ ਹੁਣ ਪੰਜਾਬ ਦੀਆਂ ਹੱਦਾਂ ਤੋਂ ਪਾਰ ਟਪ ਕੇ ਸਿਰਫ਼ ਭਾਰਤ ਦੇ ਬਾਕੀ ਹਿੱਸਿਆਂ ਤਕ ਹੀ ਸੀਮਿਤ ਨਹੀਂ ਰਹੀ, ਸਗੋਂ ਦੁਨੀਆਂ ਦੇ ਹਰ ਇਕ ਸ਼ਹਿਰ ਤਕ ਪਹੁੰਚ ਚੁਕੀ ਹੈ। ਮੈਨੂੰ ਮੌਕਾ ਮਿਲਿਆ ਸੀ ਪਿਛੇ 'ਈਸਟ' ਵਲ ਜਾਣ ਦਾ—ਇੰਡੋਨੇਸ਼ੀਆ, ਸਿੰਘਾਪੁਰ;—ਮਲੇਸ਼ੀਆ—ਅਤੇ ਇਹ ਜਾਣ ਕੇ ਬੜੀ ਖੁਸ਼ੀ ਹੋਈ ਕਿ ਉਥੇ ਵੀ ਜਿਹੜੇ ਸਾਡੇ ਪੰਜਾਬੀ ਭਰਾ ਹਨ ਉਹ ਆਪਣੀ ਭਾਸ਼ਾ ਦੀ ਉੱਨਤੀ ਦੇ ਵਾਸਤੇ ਸਿਰ-ਤੋੜ ਕੋਸ਼ਿਸ਼ ਕਰ ਰਹੇ ਹਨ ਅਤੇ ਬੜੀ ਥੋੜ੍ਹੀ ਗਿਣਤੀ ਹੋਣ ਦੇ ਬਾਵਜੂਦ ਵੀ ਉਥੇ ਮੈਗਜ਼ੀਨ ਅਤੇ ਹੋਰ ਚੰਦ ਇਹ ਜਿਹੇ ਪੇਪਰ ਪੰਜਾਬੀ ਵਿਚ ਨਿਕਲ ਰਹੇ ਹਨ। ਖ਼ਾਸ ਕਰਕੇ ਯੂ. ਕੇ. ਵਿਚ ਪੰਜਾਬੀ ਦਾ ਕਾਫ਼ੀ ਪ੍ਰਯੋਗ ਹੋ ਰਿਹਾ ਹੈ। ਇਸੇ ਤਰ੍ਹਾਂ ਅਮਰੀਕਾ ਤੇ ਹੋਰ ਬਹੁਤ ਸਾਰੇ ਸ਼ਹਿਰਾਂ ਦੇ ਵਿਚ ਪੰਜਾਬੀ ਆਪਣਾ ਕਾਫ਼ੀ ਸਥਾਨ ਬਣਾ ਰਹੇ ਹਨ। ਇਹਦੇ ਬਾਰੇ ਸ਼ਾਇਦ ਦੋ ਰਾਵਾਂ ਵੀ ਹੋ ਸਕਦੀਆਂ ਹਨ, ਲੇਕਿਨ ਮੇਰੀ

Sri Satguru Jagjit Singh Ji Elibrary NamdhariElibrary@gmail.com

ਰਾਇ ਇਹ ਹੈ ਕਿ ਹੁਣ ਚੂੰਕਿ ਪੰਜਾਬੀ ਇਹ ਸਾਰੀਆਂ ਹੱਦਾਂ ਟਪ ਗਈ ਹੈ ਕਿ ਪੰਜਾਬੀ ਨੂੰ ਕਿਸੇ ਪਾਸੋਂ ਕੋਈ ਇੰਨਾ ਬਹੁਤ ਖ਼ਤਰਾ ਨਹੀਂ ਲੇਕਿਨ ਹੁਣ ਪੰਜਾਬੀ ਦੀ ਫਿਰ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਜਿਹੜੀਆਂ ਉਸਦੇ ਨਾਲ ਦੀਆਂ ਉਪ-ਭਾਸ਼ਾਵਾਂ ਹਨ, ਉਨ੍ਹਾਂ ਨੂੰ ਅਗੇ ਵਧਾਉਣ ਵਾਸਤੇ ਪੰਜਾਬੀ ਕੀ ਕੁਝ ਕਰ ਸਕਦੀ ਹੈ, ਕਿਉਂਕਿ ਇਨ੍ਹਾਂ ਦੀ ਸਾਂਝ ਅੱਜ ਦੀ ਨਹੀਂ, ਇਨ੍ਹਾਂ ਦੀ ਸਾਂਝ ਬਹੁਤ ਪੁਰਾਣੀ ਹੈ ਤੇ ਇਨ੍ਹਾਂ ਲਫ਼ਜ਼ਾਂ ਨਾਲ ਹੀ ਮੈਂ ਇਸ ਸਮਾਰੋਹ ਦਾ ਉਦਘਾਟਨ ਕਰਦਾ ਹਾਂ।

Sri Satguru Jagjit Singh Ji Elibrary NamdhariElibrary@gmail.com

IV

# ਡੋਗਰੀ ਦੀ ਪੰਜਾਬੀ ਨੂੰ ਦੇਣ

ਪ੍ਰੋ. ਸੇਵਾ ਸਿੰਘ

ਡੋਗਰੀ ਪੰਜਾਬ ਦੀ ਸਭ ਤੋਂ ਪ੍ਰਮੁੱਖ ਉਪਭਾਸ਼ਾ ਹੈ। ਇਹ ਵਿਚਾਰ ਡਾ. ਗ੍ਰੀਅਰਸਨ ਨੇ ਲਿੰਗੁਇਸਟਿਕ ਸਰਵੇ ਆਫ ਇੰਡੀਆ ਦੀ ਨੌਵੀਂ ਜਿਲਦ ਵਿਚ ਰੱਖੇ ਹਨ ਅਤੇ ਸੰਨ 1931 ਦੀ ਮਰਦੁਮ ਸ਼ੁਮਾਰੀ, ਜਿਲਦ 24, ਭਾਗ ਪਹਿਲਾ, ਪੰਨਾ 282 ਤੇ ਡੋਗਰੀ ਬਾਰੇ ਇਸ ਤਰ੍ਹਾਂ ਜ਼ਿਕਰ ਕੀਤਾ ਗਿਆ ਹੈ :

"It is a Dialect of Panjabi, spoken in the Jammu Province and adjoining parts of Punjab, closely resemble the standard dialect."

'ਡੁਗਰ' ਸ਼ਬਦ ਦਾ ਨਿਕਾਸ ਦਵਿਗ੍ਰਤ ਤੋਂ ਹੋਇਆ ਮੰਨਿਆ ਜਾਂਦਾ ਹੈ ਜਿਸ ਦੇ ਅਰਥ ਹਨ ਦੋਹਾਂ ਝੀਲਾਂ ਦੇ ਵਿਚਾਲੇ ਦੀ ਧਰਤੀ। ਜੰਮੂ ਵਿਚ ਇਹ ਝੀਲਾਂ ਹਨ ਸਰੋਇਨਸਰ ਤੇ ਮਾਨਸਰ। ਪਰ 'ਡੁਗਰ' ਸ਼ਬਦ ਜੋ ਬਾਰ੍ਹਵੀਂ ਸਦੀ ਵਿਚ ਵੀ ਪ੍ਰਚੱਲਿਤ ਰਿਹਾ ਹੈ ਤੇ ਜਿਸ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਅਤੇ ਹੋਰ ਬਾਣੀ 'ਚੋਂ ਮਿਲਦੇ ਹਨ, ਦੁਰਗਮ ਅਰਥਾਤ ਪਹਾੜੀ ਤੇ ਬਿੱਖੜੇ ਇਲਾਕੇ ਨੂੰ ਪ੍ਰਗਟ ਕਰਦਾ ਹੈ। ਇਹ ਸ਼ਬਦ ਡੋਗਰੀ ਬੋਲੀ ਦੇ ਨਾਂ ਵਜੋਂ ਪੁਰਾਤਨਤਾ ਤੋਂ ਪ੍ਰਚੱਲਿਤ ਰਿਹਾ ਹੈ। ਇਸ ਦਾ ਹਵਾਲਾ ਅਮੀਰ ਖੁਸਰੋ ਨੇ ਵੀ ਦਿੱਤਾ ਹੈ।[1]

ਸੋ ਡੋਗਰੀ, ਡੁਗਰ ਦੇਸ਼ ਦੀ ਬੋਲੀ ਹੈ ਜਿਸ ਦਾ ਖੇਤਰ ਰਾਵੀ ਤੋਂ ਲੈ ਕੇ ਪੱਛਮ ਵਿਚ ਚਿਨਾਬ ਤਕ ਫੈਲਿਆ ਹੋਇਆ ਹੈ ਤੇ ਜਿਸ ਵਿਚ ਕਠੂਆ, ਜੰਮੂ ਤੇ ਊਧਮਪੁਰ ਤਿੰਨ ਜ਼ਿਲ੍ਹੇ ਸ਼ਾਮਿਲ ਹਨ।

ਸੰਨ 1947 ਤੋਂ ਬਾਅਦ ਡੋਗਰੀ ਦੇ ਭਾਸ਼ਾ ਵਿਗਿਆਨੀਆਂ ਨੇ ਡਾ. ਗ੍ਰੀਅਰਸਨ ਦੇ ਵਿਚਾਰ ਨਾਲ ਅਸੰਮਤੀ ਪ੍ਰਗਟ ਕਰਦੇ ਹੋਏ ਡੋਗਰੀ ਨੂੰ ਇਕ ਮੁਕੰਮਲ ਤੇ ਸੁਤੰਤਰ ਭਾਸ਼ਾ ਮੰਨਿਆ ਹੈ। ਡੀ.ਸੀ. ਪ੍ਰਸ਼ਾਦ ਦਾ ਵਿਚਾਰ ਹੈ ਕਿ, "ਡੋਗਰੀ ਪੰਜਾਬੀ ਨਾਲੋਂ ਵਧੇਰੇ ਸੰਜੋਗਾਤਮਕ ਹੈ ਭਾਵੇਂ ਪਰਸਪਰ ਮੇਲ ਜੋਲ ਕਾਰਣ ਇਨ੍ਹਾਂ ਦੋਵਾਂ ਵਿਚ ਸ਼ਬਦਾਂ ਦੀ ਕੁਝ ਸਾਂਝ ਹੈ, ਪਰੰਤੂ ਡੋਗਰੀ, ਪੱਛਮੀ ਪਹਾੜੀ ਗਰੁੱਪ ਨਾਲ ਕੁਝ ਮਿਲਦੀ ਹੈ। ਪਰ ਪੰਜਾਬੀ ਨਾਲ ਉਸ ਦੀ ਕੁਝ ਸਾਂਝ ਨਹੀਂ।[2] ਇਸੇ ਤਰ੍ਹਾਂ ਡਾ. ਸਿਧੇਸ਼ਵਰ ਵਰਮਾ ਅਨੁਸਾਰ ਡੋਗਰੀ ਇਕ ਸਰਹੱਦੀ ਬੋਲੀ

---

1. 'ਨੂਹ ਸਿਪਹਿਰ', ਕਿਰਤ ਅਮੀਰ ਖੁਸਰੋ
2. Duggar in Research bi-annual 1960, D.C. Prashad.

Sri Satguru Jagjit Singh Ji Elibrary NamdhariElibrary@gmail.com

ਹੈ ਤੇ ਆਪਣੇ ਨਿਕਾਸ ਤੇ ਵਿਕਾਸ ਵਜੋਂ ਪੰਜਾਬੀ ਤੋਂ ਸੁਤੰਤਰ ਹੈ।[1]

ਪ੍ਰੋ. ਉੱਜਲ ਸਿੰਘ ਬਾਹਰੀ ਨੇ, ਜਿਨ੍ਹਾਂ ਦੀ ਡੋਗਰੀ ਸੰਬੰਧੀ ਖੋਜ ਵਧੇਰੇ ਹੈ ਆਪਣੇ ਅਧਿਐਨ ਦਵਾਰਾ ਜੋ ਸਿੱਟੇ ਕਢੇ ਹਨ ਉਨ੍ਹਾਂ ਦਾ ਸਾਰ ਇਸ ਪ੍ਰਕਾਰ ਹੈ[2] :

(ੳ) ਡੋਗਰੀ ਦੀਆਂ ਧੁਨੀਆਂ ਪੰਜਾਬੀ ਦੀਆਂ ਹੋਰ ਉਪ-ਭਾਖਾਵਾਂ ਨਾਲ ਸਾਂਝੀਆਂ ਹਨ। ਇਹ ਸਾਂਝ ਉਨ੍ਹਾਂ ਨੂੰ ਹੋਰ ਹਿੰਦ-ਆਰਿਆਈ ਬੋਲੀਆਂ ਨਾਲੋਂ ਨਿਖੇੜਦੀ ਹੈ।

(ਅ) ਡੋਗਰੀ ਤੇ ਪੰਜਾਬੀ ਦੇ ਸਵਰਾਂ ਵਿਚ ਸਮਾਨਤਾ ਹੈ ਤੇ ਇਨ੍ਹਾਂ ਵਿਚ ਅਨੇਕਾਂ ਸ਼ਬਦ ਸਾਂਝੇ ਹਨ ਜਿਹੜੇ ਹੋਰ ਭਾਰਤੀ ਬੋਲੀਆਂ ਵਿਚ ਉਨ੍ਹਾਂ ਹੀ ਵਿਆਕਰਣਿਕ ਤੇ ਧੁਨੀਆਤਮਿਕ ਰੂਪਾਂ ਵਿਚ ਨਹੀਂ ਵਰਤੇ ਜਾਂਦੇ।

(ੲ) ਡੋਗਰੀ ਦੀਆਂ ਵਿਆਕਰਣਿਕ ਵਿਸ਼ੇਸ਼ਤਾਈਆਂ ਪੰਜਾਬੀ ਤੋਂ ਛੁਟ ਹੋਰ ਕਿਸੇ ਭਾਸ਼ਾ ਨਾਲ ਨਹੀਂ ਮਿਲਦੀਆਂ।

(ਸ) ਡੋਗਰੀ ਵਿਆਕਰਣ ਵਿਚ ਕੁਝ ਨਿੱਜੀ ਵਿਸ਼ੇਸ਼ਤਾਈਆਂ ਹਨ ਜਿਨ੍ਹਾਂ ਦਾ ਪੰਜਾਬੀ ਨਾਲ ਕੁਝ ਅੰਤਰ ਹੈ ਪਰ ਸਮੁੱਚੇ ਤੌਰ ਤੇ ਇਨ੍ਹਾਂ ਦੀ ਪੁਰਾਤਨ ਪੰਜਾਬੀ ਅਤੇ ਰਿਆਸਤੀ ਪੰਜਾਬੀ ਉਪ-ਭਾਖਾਵਾਂ ਨਾਲ ਵਿਆਕਰਣਿਕ ਤੇ ਸ਼ਬਦਾਵਲੀ ਦੀ ਸਾਂਝ ਇਸ ਨੂੰ ਲਹਿੰਦੀ ਪੰਜਾਬੀ ਦੀਆਂ ਉਪ-ਭਾਖਾਵਾਂ ਦੇ ਵਧੇਰੇ ਨੇੜੇ ਲੈ ਜਾਂਦੀ ਹੈ।

ਪੰਜਾਬ ਤੇ ਜੰਮੂ ਦੋ ਗਵਾਂਢੀ ਪ੍ਰਾਂਤ ਹਨ। ਪੂਰਬੀ ਪੰਜਾਬ ਵਿਚ ਜ਼ਿਲ੍ਹਾ ਗੁਰਦਾਸਪੁਰ ਦੇ ਮਾਧੋਪੁਰ ਤੋਂ ਲੈ ਕੇ ਪੱਛਮੀ ਪੰਜਾਬ ਦੇ ਸਿਆਲਕੋਟ, ਗੁਜਰਾਤ ਤੇ ਰਾਵਲਪਿੰਡੀ ਜ਼ਿਲ੍ਹਿਆਂ ਤੋਂ ਛੁਟ ਉਤਰ-ਪੱਛਮੀ ਸਰਹੱਦੀ ਸੂਬੇ ਦੇ ਜ਼ਿਲ੍ਹਾ ਹਜ਼ਾਰਾ ਤਕ ਜੰਮੂ ਕਸ਼ਮੀਰ ਰਿਆਸਤ ਦੀਆਂ ਮਿਲਦੀਆਂ ਹੱਦਾਂ ਰਾਹੀਂ ਠੇਠ ਪੰਜਾਬੀ ਅਤੇ ਲਹਿੰਦੀ ਪੰਜਾਬੀ ਨੇ ਪਰਵੇਸ਼ ਕਰਕੇ ਆਪਣਾ ਅਸਰ ਕੀਤਾ ਹੈ। ਜੰਮੂ ਪ੍ਰਾਂਤ ਦਾ ਮੈਦਾਨੀ ਇਲਾਕਾ ਪੰਜਾਬੀ ਤੋਂ ਮੁਤਾਸਰ ਹੁੰਦਾ ਰਿਹਾ ਹੈ ਤੇ ਇਸ ਇਲਾਕੇ ਦੀ ਬੋਲੀ ਨੂੰ ਸਾਧਾਰਣ ਪੰਜਾਬੀ ਵੀ ਕਿਹਾ ਗਿਆ ਹੈ।[3] ਪਰ ਡੋਗਰੀ ਉਚਾਰਣ ਵੀ ਜੰਮੂ ਤੋਂ ਪਾਰ ਦੀਆਂ ਹੱਦਾਂ ਤਕ ਪੁਜਦਾ ਰਿਹਾ ਹੈ। ਪੰਜਾਬੀ ਇਕ ਵੱਡੇ ਖੇਤਰ ਦੀ ਜ਼ਬਾਨ ਹੋਣ ਕਰਕੇ ਜੰਮੂ ਪ੍ਰਾਂਤ ਨੂੰ ਆਪਣੇ ਕਲਾਵੇ ਵਿਚ ਲਈ ਬੈਠੀ ਹੈ। ਸੰਨ 1947 ਤੋਂ ਬਾਅਦ ਸਮੁੱਚੇ ਪੱਛਮੀ ਪੰਜਾਬ ਦਾ ਰਿਆਸਤ ਨਾਲ ਸੰਪਰਕ ਟੁਟ ਚੁੱਕਾ ਹੈ, ਸੋ ਪੂਰਬੀ ਪੰਜਾਬ ਨਾਲ ਵਧ ਰਹੇ ਸੰਪਰਕ ਕਰਕੇ ਪੰਜਾਬੀ ਤੇ ਡੋਗਰੀ ਦੀ ਪਰਸਪਰ ਨੇੜਤਾ ਇਕ ਕੁਦਰਤੀ ਅਸਰ ਹੈ।

ਇਹ ਭੂਗੋਲਿਕ ਨੇੜਤਾ ਦਾ ਹੀ ਪਰਿਣਾਮ ਹੈ ਕਿ ਪੰਜਾਬ ਅਤੇ ਜੰਮੂ ਪ੍ਰਾਂਤਾਂ ਵਿਚ ਧਾਰਮਿਕ, ਸਭਿਆਚਾਰਕ ਅਰਥਾਤ ਸੰਸਕ੍ਰਿਤਕ, ਇਤਿਹਾਸਕ ਤੇ ਆਰਥਿਕ ਸਾਂਝ ਜਾਂ ਨੇੜਤਾ ਹੈ ਜੋ ਇਕ ਅਟਲ ਸਚਾਈ ਹੈ ਅਤੇ ਸਦੀਆਂ ਤੋਂ ਇਕ ਸਾਂਝੀ ਸੰਸਕ੍ਰਿਤੀ ਪਨਪਦੀ ਆਈ ਹੈ। ਧਾਰਮਿਕ ਉਤਸਵ ਤੇ ਦੇਵੀ ਦੇ ਦਰਸ਼ਨਾਂ ਲਈ ਲੱਖਾਂ ਪੰਜਾਬੀ ਯਾਤਰੂਆਂ

1. Ibid.
2. ਆਲੋਚਨਾ ਤ੍ਰੈਮਾਸਕ 1965, ਪੰਜਾਬੀ ਦੁਨੀਆ, ਅਪ੍ਰੈਲ 1967 ਅਤੇ ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, ਕ੍ਰਿਤ ਉਜਲ ਸਿੰਘ ਬਾਹਰੀ—ਪੰਨਾ 176-192.
3. Census report J. & K. state, part I, 1911, chapter IX, page 178,

Sri Satguru Jagjit Singh Ji Elibrary NamdhariElibrary@gmail.com

ਦੀਆਂ ਜੰਮੂ ਦੇ ਪਹਾੜਾਂ ਵਲ ਵਹੀਰਾਂ, ਭਿੰਨ ਭਿੰਨ ਮੌਸਮਾਂ ਵਿਚ ਮਨਾਏ ਜਾਂਦੇ ਲੋਹੜੀ, ਬਸੰਤ ਤੇ ਵੈਸਾਖੀ ਆਦਿ ਤਿਉਹਾਰਾਂ ਸਮੇਂ ਭੰਗੜੇ, ਨਾਚ ਤੇ ਬੋਲੀਆਂ ਅਤੇ ਬਰਸਾਤਾਂ ਸਮੇਂ ਵਸਲ ਤੇ ਹਿਜਰ ਦੇ ਗੀਤਾਂ ਦੀਆਂ ਹੇਕਾਂ ਤੇ ਯੁੱਧਾਂ ਜੰਗਾਂ ਵਿਚ ਜੂਝ ਰਹੇ ਗਭਰੂਆਂ ਲਈ ਮਿਲਣ ਦੀਆਂ ਸਿੱਕਾਂ ਸੱਧਰਾਂ ਤੇ ਉਨ੍ਹਾਂ ਦੇ ਸੁਖ ਦੀ ਕਾਮਨਾ ਤੇ ਅਰਜੋਈਆਂ, ਇਨ੍ਹਾਂ ਸਭਨਾਂ ਵਿਚੋਂ ਇਕੋ ਹੀ ਰੂਹ ਦੀ ਧੜਕਣ ਪ੍ਰਗਟ ਹੁੰਦੀ ਹੈ। ਇਸੇ ਤਰ੍ਹਾਂ ਕਸ਼ਮੀਰ ਤੇ ਪੰਜਾਬੀ ਰਾਜ ਸਮੇਂ ਪੰਜਾਬੀ ਤੇ ਡੋਗਰਾ ਗਭਰੂਆਂ ਦੀਆਂ ਲਦਾਖ, ਚਿਤਰਾਲ ਤੇ ਤਿੱਬਤ ਤਕ ਇਕੱਠਿਆਂ ਮਾਰੀਆਂ ਮੱਲਾਂ ਇਤਿਹਾਸਕ ਸੱਚ ਹਨ।

ਇਨ੍ਹਾਂ ਗੱਲਾਂ ਤੋਂ ਛੁਟ ਪੰਜਾਬੀ ਭਾਸ਼ਾ ਅਤੇ ਸਾਹਿਤ ਡੋਗਰੀ ਬੋਲੀ ਤੇ ਸਾਹਿਤ ਤੇ ਪ੍ਰਭਾਵ ਪਾਉਂਦਾ ਰਿਹਾ ਹੈ। ਸਭ ਤੋਂ ਪਹਿਲਾਂ ਇਹ ਅਸਰ ਡੋਗਰੀ ਲੋਕ-ਗੀਤਾਂ ਵਿਚੋਂ ਪ੍ਰਗਟ ਹੁੰਦਾ ਹੈ। ਹੁਣ ਤੱਕ ਰਿਆਸਤੀ ਕਲਚਰਲ ਅਕੈਡਮੀ ਵਲੋਂ ਪ੍ਰਕਾਸ਼ਤ ਕੀਤੇ ਗਏ ਲਗਪਗ ਦਸ ਸੰਗ੍ਰਹਿਆਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਗੀਤਾਂ ਵਿਚ ਜੀਵਨ-ਖੇਤਰ ਦੇ ਭਿੰਨ ਭਿੰਨ ਰੂਪ ਜਿਵੇਂ ਬਾਲਪਣ, ਵਿਆਹ ਢੰਗ, ਵਿਛੋੜਾ ਵਸਲ, ਧਰਮ, ਸਭਿਆਚਾਰ, ਮਿਥਿਹਾਸ ਤੇ ਜੀਵਨ ਦਾ ਪਰੰਪਰਾਗਤ ਚਿਤਰਣ ਲਗਪਗ ਪੰਜਾਬੀ ਲੋਕ-ਗੀਤਾਂ ਵਰਗਾ ਹੈ। ਡੋਗਰੀ ਲੋਕ ਗੀਤਾਂ ਦੀਆਂ ਵੰਨਗੀਆਂ ਹਨ—(1) ਬਾਰਾਂ (ਵਾਰਾਂ)—ਮੀਆਂ ਡੀਡੋ, ਵਜ਼ੀਰ ਰਤਨੂੰ ਗੁੱਗਾ, ਰਾਮ ਸਿੰਘ ਤੇ ਰੂਪ ਬਸੰਤ ਆਦਿ; (2) ਕਾਰਕਾਂ—ਦੇਵੀ ਦੇਵਤਿਆਂ ਤੇ ਮਹਾਨ ਵਿਅਕਤੀਆਂ ਦੀ ਕੀਰਤੀ ਵਿਚ ਲਿਖੇ ਗੀਤ ਜਿਵੇਂ ਬਾਵਾ ਜਿਤੋਂ, ਦਾਤਾ ਰਾਨੂੰ, ਰਾਜਾ ਬਾਹੂ; (3) ਭਜਨ ਗੀਤ ਅਰਥਾਤ ਬਿਸ਼ਨਪਦੇ; (4) ਬਿਆਹੀਆਂ—ਪੁਤਰ-ਜਨਮ ਸਮੇਂ ਦਾ ਗੀਤ; (5) ਘੋੜੀਆਂ ਤੇ ਸੁਹਾਗ; (6) ਝੰਜੋਟੀਆਂ; (7) ਭਾਖਾਂ; (8) ਚੰਨ-ਬਰਹਾ ਤੇ ਰਿੱੜੂ ਗੀਤ, ਇਸਤਰੀ-ਪੁਰਸ਼ ਦਾ ਵਿਛੋੜਾ ਮੂਲ ਵਿਸ਼ਾ; (9) ਗਰਲੋਡਰੂ—ਮਕਾਨ ਤੇ ਸ਼ਤੀਰ ਪਾਉਣ ਸਮੇਂ ਜਾਂ ਕਿਰਤ ਵਿਚ ਹੱਲ ਸ਼ੇਰੀ ਪ੍ਰਗਟਾਉਂਦਾ; (10) ਢੋਲਰੂ—ਬਸੰਤ ਰੁੱਤਾਂ ਦਾ ਵਰਣਨ ਤੇ ਢੋਲ ਦੀ ਯਾਦ; (11) ਗੁੱਜਰੀ ਆਦਿ।

ਲੋਕ ਗੀਤਾਂ ਤੋਂ ਛੁਟ ਦੂਜਾ ਪ੍ਰਭਾਵ ਜੋ ਪੰਜਾਬੀ ਕਵਿਤਾ ਰਾਹੀਂ ਡੋਗਰੀ ਵਿਚ ਪਰਵੇਸ਼ ਕਰਦਾ ਰਿਹਾ ਉਹ ਦੋਹਾਂ ਪ੍ਰਾਂਤਾਂ ਦੇ ਨਿਰੰਤਰ ਮੇਲ ਜੋਲ ਤੇ ਸਾਂਝੇ ਕਵੀ ਦਰਬਾਰਾਂ ਦਾ ਪ੍ਰਤੀਫਲ ਸੀ। ਡੋਗਰੀ ਵਿਚ ਕਵੀ ਸੰਮੇਲਨ ਦੀ ਨਵੇਕਲੀ ਪਰੰਪਰਾ ਚਾਲੂ ਨਹੀਂ ਸੀ ਹੋਈ ਇਸ ਲਈ ਉਹ ਮੁਢਲੇ ਕਵੀ ਜਿਨ੍ਹਾਂ ਨੇ ਬਾਅਦ ਵਿਚ ਡੋਗਰੀ ਕਵਿਤਾ ਵਲ ਰੁਖ ਕੀਤਾ ਪਹਿਲਾਂ ਪੰਜਾਬੀ ਵਿਚ ਹੀ ਲਿਖਦੇ ਰਹੇ। ਇਹ ਕਵੀ ਹਨ; ਲਾਲਾ ਹਰਦੱਤ,[1] ਰਾਮ ਧਨ, ਬਰਕਤ ਪਹਾੜੀ, ਦੁਰਗਾ ਦਾਸ ਚਮਕ ਤੇ ਸਿਆਲਕੋਟ ਦਾ ਜੰਮਪਲ ਚੂੰਨੀ ਲਾਲ ਕਮਲਾ ਜਿਸ ਦੀਆਂ ਪ੍ਰਸਿੱਧ ਰਚਨਾਵਾਂ 'ਸ਼ਿਵ ਦਰਸ਼ਨ', 'ਸੈਰੇ ਕਸ਼ਮੀਰ' ਤੇ 'ਨਯਾ ਕਸ਼ਮੀਰ' ਹਨ। ਇਨ੍ਹਾਂ ਤੋਂ ਛੁਟ ਡੋਗਰੀ ਦੇ ਪ੍ਰਸਿੱਧ ਗੀਤਕਾਰ ਕਿਸ਼ਨ ਸਮੈਲਪੁਰੀ ਦੇ ਗੀਤਾਂ ਵਿਚ ਪੰਜਾਬੀ ਲੋਕ ਧੁਨਾਂ ਦੀ ਵਰਤੋਂ ਅਤੇ ਦੀਨੂੰ ਭਾਈ ਪੰਤ ਦੀ ਡੋਗਰੀ

1. 'ਡੋਗਰੀ ਭਜਨ ਮਾਲਾ' ਕਿਰਤ ਪੰ. ਹਰਦੱਤ, ਵਿਚ ਡੋਗਰੀ ਦੇ ਨਾਲ ਪੰਜਾਬੀ ਤੇ ਹਿੰਦੀ ਭਜਨ ਸ਼ਾਮਿਲ ਕੀਤੇ ਹੋਏ ਮਿਲਦੇ ਹਨ।

Sri Satguru Jagjit Singh Ji Elibrary NamdhariElibrary@gmail.com

ਰਚਨਾ 'ਗੁਤਲੂੰ' ਦਾ ਪੰਜਾਬੀ ਰੂਪ ਤੇ ਇਸ ਦੀ ਪੰਜਾਬ ਵਿਚ ਪ੍ਰਸਿੱਧੀ ਇਸੇ ਅਸਰ ਦਾ ਹੀ ਨਤੀਜਾ ਹੈ।

ਇਸ ਵਿਚ ਕੋਈ ਸ਼ਕ ਨਹੀਂ ਕਿ ਕੁਝ ਮੁੱਢਲੇ ਤੇ ਵਰਤਮਾਨ ਡੋਗਰੀ ਕਵੀਆਂ ਨੇ ਪੰਜਾਬੀ ਬੋਲੀ ਦੇ ਪ੍ਰਭਾਵ ਨੂੰ ਕਬੂਲਿਆ ਪਰ ਇਹ ਪ੍ਰਭਾਵ ਡੋਗਰੀ ਵਿਚ ਪਕੀਆਂ ਤੇ ਚਿਰਸਥਾਈ ਲੀਹਾਂ ਨਹੀਂ ਪਾ ਸਕਿਆ। ਡੋਗਰੀ ਦੇ ਸੂਝਵਾਨ ਤੇ ਚੇਤੰਨ ਸਾਹਿਤਕਾਰ ਸੰਨ 1947 ਤੋਂ ਕੁਝ ਚਿਰ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਸੰਗਠਿਤ ਤੇ ਸਾਰਥਕ ਤੋਰ ਤੇ ਇਕ ਨਵੇਕਲੀ ਸਾਹਿਤਕ ਲਹਿਰ ਨੂੰ ਜਨਮ ਦੇਣ ਵਿਚ ਸਫਲ ਹੋਏ। ਇਸ ਨਵੇਕਲੇ ਰੁਖ ਨੂੰ ਅਪਨਾਉਣ ਦਾ ਕਾਰਣ ਇਸ ਪ੍ਰਕਾਰ ਸੀ :

ਦੇਸ਼ ਦੀ ਵੰਡ ਤੋਂ ਬਾਅਦ ਜ਼ਵਾਨਾਂ ਦੇ ਆਧਾਰ ਤੇ ਸੂਬਿਆਂ ਦੀ ਬਣਤਰ ਹੋਂਦ ਵਿਚ ਆਈ ਅਤੇ ਰਿਆਸਤ ਜੰਮੂ ਕਸ਼ਮੀਰ ਦਾ ਇਕ ਵਿਸ਼ੇਸ਼ ਸਥਾਨ ਨਿਸ਼ਚਿਤ ਹੋਇਆ। ਰਿਆਸਤ ਦਾ ਵੱਖਰਾ ਵਿਧਾਨ ਬਣਿਆ ਜਿਸ ਅਨੁਸਾਰ ਜੰਮੂ, ਕਸ਼ਮੀਰ ਤੇ ਲਦਾਖ ਤਿੰਨ ਇਕਾਈਆਂ ਦੀ ਸਮੁੱਚਤਾ ਨੂੰ ਸਵੀਕਾਰ ਕੀਤਾ ਗਿਆ। ਰਿਆਸਤੀ ਵਿਧਾਨ ਅਨੁਸਾਰ ਡੋਗਰੀ, ਕਸ਼ਮੀਰੀ ਤੇ ਲਦਾਖੀ ਤਿੰਨ ਪਰਮੁੱਖ ਇਲਾਕਾਈ ਜ਼ਬਾਨਾਂ ਦੇ ਵਿਕਾਸ ਦੀ ਜ਼ਮਾਨਤ ਦਿੱਤੀ ਗਈ। ਵਿਧਾਨ ਵਿਚ ਹੀ ਇਨ੍ਹਾਂ ਤਿੰਨਾਂ ਤੋਂ ਛੁੱਟ ਪੰਜਾਬੀ, ਪਹਾੜੀ, ਦਰਦੀ, ਬਾਲਤੀ ਨੂੰ ਵੀ ਰਿਆਸਤ ਦੀਆਂ ਜ਼ਬਾਨਾਂ ਮੰਨਿਆ ਗਿਆ। ਪੰਜਾਬੀ, ਜੋ ਵੰਡ ਤੋਂ ਪਹਿਲਾਂ ਹੋਈਆਂ ਮਰਦਮ ਸ਼ੁਮਾਰੀਆਂ ਦੇ ਆਧਾਰ ਤੇ ਭਾਵੇਂ ਹੁਣ ਵੀ ਸੰਨ 1961 ਦੀ ਜਨਸੰਖਿਆ ਵਿਚ ਡੋਗਰੀ ਨੂੰ ਪੰਜਾਬੀ ਪਰਿਵਾਰ ਦੀ ਇਕ ਸ਼ਾਖਾ ਮੰਨ ਕੇ ਪੰਜਾਬੀ ਸਿਰਲੇਖ ਹੇਠ ਰਖਿਆ ਗਿਆ ਹੈ—ਦੂਜੀ ਵੱਡੀ ਜ਼ਬਾਨ ਮੰਨੀ ਜਾਂਦੀ ਰਹੀ। ਪਾਕਿਸਤਾਨੀ ਹਮਲੇ ਤੋਂ ਬਾਅਦ ਰਿਆਸਤ ਦਾ ਬਹੁਤਾ ਭਾਗ ਖੁਸ ਜਾਣ ਤੇ ਅਤੇ ਹੁਣ ਖਿਲਰੇ ਰੂਪ ਹੋਣ ਕਰਕੇ ਆਪਣੇ ਸਥਾਨ ਤੋਂ ਡਿਗ ਕੇ ਕਿਸੇ ਵੀ ਸਰਪਰੱਸਤੀ ਤੋਂ ਵਾਂਝੀ ਰਹਿ ਗਈ ਹੈ। ਇਸ ਸੂਰਤ ਵਿਚ ਇਲਾਕਾਈ ਜ਼ਬਾਨਾਂ ਦੇ ਵਿਕਾਸ ਲਈ ਸਰਕਾਰੀ ਸਰਪਰੱਸਤੀ ਨੂੰ ਮੁੱਖ ਰੱਖਕੇ ਅਤੇ ਡੋਗਰੀ ਲਈ ਉੱਨਤੀ ਦੇ ਸਾਧਨ ਉਪਲਬਧ ਹੋਣ ਕਰਕੇ ਡੋਗਰੀ ਦੇ ਸਾਹਿਤਕਾਰਾਂ ਦਾ ਆਪਣੀ ਬੋਲੀ ਦੀ ਉੱਨਤੀ ਤੇ ਸੰਭਾਲ ਵਲ ਰੁਚਿਤ ਹੋਣਾ ਕੁਦਰਤੀ ਗੱਲ ਸੀ।

ਸੋ ਸੰਨ 1947 ਤੋਂ ਬਾਅਦ ਹੀ ਡੋਗਰੀ ਸਾਹਿਤਕਾਰਾਂ ਨੇ ਇਕ ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਸਾਹਿਤ ਰਚਨਾ ਦੀ ਲਹਿਰ ਚਲਾਈ। ਹੁਣ ਤਕ ਇਸ ਵਿਚ ਚੋਖਾ ਸਾਹਿਤ ਲਿਖਿਆ ਜਾ ਚੁੱਕਾ ਹੈ ਅਤੇ ਇਸ ਦੇ ਸਾਹਿਤਕ ਵਿਕਾਸ ਨੂੰ ਮੁੱਖ ਰਖਕੇ ਜਾਂ ਕੁਝ ਰਾਜਨੀਤਕ ਮਸਲਿਹੱਤਾਂ ਅਧੀਨ ਕੇਂਦਰੀ ਸਾਹਿਤ ਅਕੈਡਮੀ ਨੇ ਡੋਗਰੀ ਨੂੰ 1962 ਈ. ਵਿਚ ਮਾਨਤਾ ਦੇ ਕੇ ਇਸ ਦੇ ਸਾਹਿਤਕਾਰਾਂ ਨੂੰ ਇਨਾਮ ਦੇਣੇ ਆਰੰਭ ਕਰ ਦਿੱਤੇ ਹਨ। ਇਹ ਗੱਲ ਡੋਗਰੀ ਦੇ ਸਾਹਿਤਕਾਰਾਂ ਲਈ ਬੜੀ ਉਤਸ਼ਾਹ ਜਨਕ ਸਿੱਧ ਹੋਈ ਹੈ।

ਜਿਥੇ ਅਸੀਂ ਡੋਗਰੀ ਜ਼ਬਾਨ ਦੇ ਨਿਜੱਤਵ ਨੂੰ ਮੰਨਣੋਂ ਇਨਕਾਰੀ ਨਹੀਂ, ਉਥੇ ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕਰ ਸਕਦੇ ਕਿ ਇਹ ਸਾਹਿਤਕ ਪੱਖ ਤੋਂ ਪੰਜਾਬੀ ਪਰਿਵਾਰ ਦਾ ਇਕ ਅੰਗ ਹੈ। ਕਿਸੇ ਕੇਂਦਰੀ ਰੂਪ ਦੇ ਵਿਕਾਸ ਤੋਂ ਪਹਿਲਾਂ ਇਕ ਵੱਡੀ ਜ਼ਬਾਨ ਵਿਚ ਸਾਹਿਤ ਦੀ ਸਿਰਜਨਾ ਦਾ ਵੱਖ ਵੱਖ ਇਲਾਕਾਈ ਰੂਪਾਂ ਵਿਚ ਸੀਮਤ ਤੋਰ ਤੇ ਹੁੰਦਾ ਕਰਮ ਇਕ ਸੁਭਾਵਿਕ ਗੱਲ ਹੈ। ਪੰਜਾਬੀ ਵਿਚ ਇਤਿਹਾਸਕ ਅਤੇ ਰਾਜਨੀਤਕ ਕਾਰਨਾਂ

Sri Satguru Jagjit Singh Ji Elibrary NamdhariElibrary@gmail.com

ਕਰਕੇ ਕੁਝ ਸਮੇਂ ਤਕ ਲਹਿੰਦੀ-ਪੰਜਾਬੀ ਸਾਹਿਤਕ ਮਾਨਤਾ ਮਾਣਦੀ ਰਹੀ। ਇਸ ਵਿਚ ਬਾਬਾ ਫ਼ਰੀਦ ਤੇ ਹੋਰ ਸੂਫ਼ੀ ਕਵੀਆਂ ਦੀਆਂ ਰਚਨਾਵਾਂ, ਗੁਰੂ ਗ੍ਰੰਥ ਸਾਹਿਬ ਵਿਚ ਸ਼ਲੋਕ ਡਖਣੇ ਤੇ ਪੰਜਾਬੀ ਕਵਿਤਾ ਤੇ ਲਹਿੰਦੀ ਦੀ ਸ਼ਬਦਾਵਲੀ ਦਾ ਪ੍ਰਭਾਵ ਅਤੇ ਪੰਜਾਬੀ ਦੀ ਪੁਰਾਤਨ ਵਾਰਤਕ ਵਿਚ ਲਹਿੰਦੀ ਦਾ ਰੰਗ ਇਕ ਇਤਿਹਾਸਕ ਸਚਾਈ ਹੈ। ਪਰ ਜਦੋਂ ਪੰਜਾਬੀ ਵਿਚ ਇਸ ਦੇ ਕੇਂਦਰ ਤੇ ਪਰਮਾਣੀਕ ਰੂਪ ਨੇ ਵਿਕਾਸ ਕੀਤਾ ਤਾਂ ਸਮੁੱਚੇ ਪੰਜਾਬ ਦੇ ਕਿਸੇ ਵੀ ਭਾਗ 'ਚੋਂ ਉਗਮਦੇ ਸਾਹਿਤਕਾਰਾਂ ਨੇ ਮਾਝੀ ਰੂਪ ਨੂੰ ਹੀ ਆਪਣੀਆਂ ਲਿਖਤਾਂ ਲਈ ਢੁੱਕਵਾਂ ਮਾਧਿਅਮ ਤਸੱਵਰ ਕੀਤਾ। ਇਸ ਨਾਲ ਹੀ ਇਲਾਕਾਈ ਬੋਲੀਆਂ ਦਾ ਪ੍ਰਭਾਵ ਪੰਜਾਬੀ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਅਛੋਪਲੇ ਹੀ ਆਪਣੀ ਹੋਂਦ ਬਣਾਈ ਰੱਖਦਾ ਰਿਹਾ ਹੈ। ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਅਤੇ ਨੱਜਮ ਹੁਸੈਨ ਸਈਅਦ ਦੀਆਂ ਰਚਨਾਵਾਂ ਵਿਸ਼ੇਸ਼ ਪਰਮਾਣ ਹਨ।

ਪਰ ਡੋਗਰੀ ਦੀ ਗੱਲ ਹੁਣ ਵੱਖਰੀ ਹੈ। ਇਹਦੇ ਸਾਹਿਤਕ ਭਾਸ਼ਾ ਬਣਨ ਵਿਚ ਕੋਈ ਸੰਦੇਹ ਨਹੀਂ। ਹੁਣ ਤਕ ਇਸ ਵਿਚ ਉਪਜੇ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਤੋਂ ਇਹ ਗੱਲ ਸਹੀ ਹੋ ਜਾਂਦੀ ਹੈ। ਹਾਂ, ਅਸੀਂ ਇਸ ਦੇ ਸਾਹਿਤ ਦਾ ਅਧਿਐਨ ਕਰਕੇ ਇਸ ਗੱਲ ਨੂੰ ਪੱਕਿਆਂ ਕਰਨਾ ਹੈ ਕਿ ਪੰਜਾਬੀ ਬੋਲੀ ਲਈ ਡੋਗਰੀ ਦੀ ਦੇਣ ਇਕ ਹਕੀਕਤ ਹੈ ਕੋਈ ਫਰਜ਼ੀ ਨਹੀਂ। ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਡੋਗਰੀ ਸਾਹਿਤ ਦੇ ਵੱਖ ਵੱਖ ਰੂਪਾਂ ਦਾ ਲੇਖਾ ਜੋਖਾ ਇਸ ਪ੍ਰਕਾਰ ਕਰਦੇ ਹਾਂ :

**ਡੋਗਰੀ ਕਵਿਤਾ**

ਡੋਗਰੀ ਕਵਿਤਾ ਦੇ ਪਿਛੋਕੜ ਵਿਚ ਲੋਕ-ਗੀਤਾਂ ਦੀ ਇਕ ਵਿਸ਼ਾਲ ਪਰ ਬਹੁ-ਪੱਖੀ ਪਰੰਪਰਾ ਹੈ। ਇਸ ਲਈ ਇਹ ਕਵਿਤਾ ਲੋਕ-ਜੀਵਨ ਨਾਲ ਇਕ-ਮਿਕ ਹੋ ਕੇ ਲੋਕ-ਭਾਵਾਂ ਨੂੰ ਪ੍ਰਗਟ ਕਰਦੀ ਹੈ।

ਇਸ ਕਵਿਤਾ ਦਾ ਇਤਿਹਾਸ ਬਹੁਤਾ ਪੁਰਾਣਾ ਵੀ ਨਹੀਂ, ਇਸ ਦਾ ਪਹਿਲਾ ਕਵੀ ਦੇਵੀ ਦਿੱਤਾ ਅੱਜ ਤੋਂ ਦੋ ਕੁ ਸੋ ਸਾਲ ਪਹਿਲਾਂ ਰਾਜਾ ਰੰਜੀਤ ਦੇਵ ਦੇ ਸਮੇਂ ਹੋਇਆ। ਜਿਸ ਦੀ ਇਕੋ ਇਕ ਡੋਗਰੀ ਰਚਨਾ 'ਕਿਲਿਆਂ ਬਤਨਾ ਛੋੜੀ ਦਿੱਤਾ' ਸਜਵਿਆਹੀਆਂ ਤੇ ਤੁਹਮਤਾਂ ਲਾਂਦੇ ਲੋਕਾਂ ਨੂੰ ਨੰਗਾ ਕਰਦੀ ਹੈ। ਦੂਜਾ ਕਵੀ ਪੰਡਤ ਗੰਗਾ ਰਾਮ (1777-1858 ਈ.) ਦਾਤੂ ਤੋਂ ਇਕ ਸੌ ਵਰ੍ਹੇ ਬਾਅਦ ਮਹਾਰਾਜਾ ਰਣਬੀਰ ਸਿੰਘ ਦੇ ਸਮੇਂ ਵਿਚ ਹੋਇਆ ਜਿਸ ਦੀ ਇਕੋ ਹੀ ਡੋਗਰੀ ਦੀ ਕਵਿਤਾ 'ਕੰਢੀਆ ਦਾ ਬਸਣਾ' ਉਪਲਬਧ ਹੋਈ ਹੈ। ਇਨ੍ਹਾਂ ਕਵੀਆਂ ਤੋਂ ਛੁਟ ਲਾਲਾ ਰਾਮ ਧਨ, ਪੰ. ਹਰਦੱਤ ਸ਼ਾਸਤਰੀ, ਚੂੰਨੀ ਲਾਲ ਕਮਲਾ, ਦੁਰਗਾ ਦਾਸ ਚਮਕ ਤੇ ਬਰਕਤ ਪਹਾੜੀ ਆਦਿ ਡੋਗਰੀ ਦੇ ਮੁੱਢਲੇ ਕਵੀ ਹਨ। ਪੰ. ਗੰਗਾ ਰਾਮ, ਲਾਲਾ ਰਾਮ ਧਨ ਤੇ ਹਰਦੱਤ ਸ਼ਾਸਤਰੀ ਨੇ ਡੋਗਰੀ ਪੰਜਾਬੀ ਵਿਚ ਘੱਟ ਪਰ ਸੰਸਕ੍ਰਿਤ ਤੇ ਬ੍ਰਿਜ ਵਿਚ ਵਧੇਰੇ ਰਚਨਾ ਕੀਤੀ ਹੈ। ਇਨ੍ਹਾਂ ਦੇ ਹੋਰ ਸਾਥੀਆਂ ਦੀ ਪੰਜਾਬੀ ਵਲ ਰੁਚੀ ਦਾ ਵਰਣਨ ਅਸੀਂ ਉਪਰ ਕਰ ਚੁਕੇ ਹਾਂ।

ਡੋਗਰੀ ਕਵਿਤਾ ਦੇ ਮੁੱਢਲੇ ਅਤੇ ਬਾਅਦ ਦੇ ਬਹੁਤੇ ਕਵੀ ਸਮਾਜ ਨਾਲ ਵਧੇਰੇ ਜੁੜੇ ਰਹਿਣ ਕਾਰਣ ਸਮਾਜ ਸੁਧਾਰਕ ਅਤੇ ਸੁਧਾਰਕਵਾਦੀ ਰੰਗ ਨੂੰ ਹੀ ਅਪਣਾਉਂਦੇ ਹਨ। ਸੋ ਇਸ ਦਾ ਵਿਸ਼ਾ ਪਰਵਾਰਿਕ ਜੀਵਨ ਵਿਚ ਬੁਰਾਈਆਂ, ਸਮਾਜਕ ਰਸਮ ਰਿਵਾਜ

Sri Satguru Jagjit Singh Ji Elibrary NamdhariElibrary@gmail.com

ਜਿਵੇਂ ਬੁੱਢੀ ਉਮਰ ਦੇ ਵਿਆਹ, ਛੂਤ-ਛਾਤ, ਅਖੌਤੀ ਧਾਰਮਿਕ ਕਰਮ ਕਾਂਡ, ਕਟੜਤਾ, ਫੈਸ਼ਨ ਪ੍ਰਸਤੀ ਹੀ ਹੈ। ਇਹ ਸਮਾਜ ਸੁਧਾਰਕ ਰੰਗ ਹਰਦੱਤ ਸ਼ਾਸਤਰੀ, ਠਾਕਰ ਰਘੁਨਾਥ ਸਿੰਘ ਸਮਿਆਲ, ਪਰਮਾਨੰਦ ਅਲਮਸਤ ਆਦਿਕ ਦੀ ਕਵਿਤਾ ਵਿਚੋਂ ਵਧੇਰੇ ਉਜਾਗਰ ਹੁੰਦਾ ਹੈ। ਹਰਦੱਤ ਸ਼ਾਸਤਰੀ 'ਮੇਰਾ ਦੇਸ਼', ਡੋਗਰਾ ਦੇਸ਼', 'ਫੈਸ਼ਨ', 'ਬੇਕਾਰੀ', 'ਖਜੱਲ ਖਵਾਰੀ', 'ਦਾਲਤੀ ਦਾ ਧੰਦਾ' ਆਦਿਕ ਕਵਿਤਾਵਾਂ ਵਿਚ ਅੰਧ ਵਿਸ਼ਵਾਸ, ਸਮਾਜਿਕ ਬੁਰਾਈਆਂ ਤੇ ਵਹਿਮਾਂ ਭਰਮਾਂ ਨੂੰ ਨੰਗਾ ਕਰਦਾ ਹੈ। ਅਖੌਤੀ ਧਾਰਮਿਕ ਕਾਂਡਾਂ ਤੇ ਪਰਮਾਨੰਦ ਅਲਮਸਤ ਇਨ੍ਹਾਂ ਸਤਰਾਂ ਵਿਚ ਇਕ ਕਾਰੀ ਚੋਟ ਕਰਦਾ ਹੈ :

ਸੁਰਗ ਨੀ ਜਾਣ ਹੁੰਦਾ ਪਿੱਤਲ ਖੜਕਾਏ ਦੇ।
ਛੈਣੇ ਛਣਕਾਏ ਦੇ, ਘੜਿਆਲ ਠਣਕਾਏ ਦੇ।

ਠਾਕੁਰ ਰਘੁਨਾਥ ਸਿੰਘ ਸਮਿਆਲ ਡੋਗਰਿਆਂ ਦੇ ਪਛੜੇਪਨ ਤੇ ਝੂਰਦਾ ਨਵੇਂ ਜ਼ਮਾਨੇ ਵਿਚ ਆਈ ਆਜ਼ਾਦੀ ਨੂੰ ਬਰਬਾਦੀ ਸਮਝਦਾ ਹੋਇਆ ਖਿਝ ਕੇ ਲਿਖਦਾ ਹੈ :

ਝਕਨ ਮੁੰਡੇ ਨਾ ਸੰਗਣ ਕੁੜੀਆਂ ਮੰਗਣ ਸਭ ਆਜ਼ਾਦੀ।
ਚਲਿਆ ਫੈਸ਼ਨ ਵੱਧੀ ਬਸ਼ਰਮੀ ਹੋਣ ਲਗੀ ਬਰਬਾਦੀ।

ਇਸੇ ਲਈ ਉਹ ਕਹਿੰਦਾ ਹੈ ਜੇ ਭਲਾ ਚਾਹੁੰਦੇ ਹੋ ਤਾਂ 'ਇੰਦੇ ਕੋਲਾ ਛੁੜਕੋ' ਅਰਥਾਤ ਇਨ੍ਹਾਂ ਤੋਂ ਪਲਾ ਛੁੜਾ ਲਵੋ।

ਸ੍ਰੀ ਨੀਲੰਬਰ ਦੇਵ ਸ਼ਰਮਾ ਆਧੁਨਿਕ ਕਵਿਤਾ ਦਾ ਮੁੱਢ ਸੰਨ 1947 ਤੋਂ ਉਪਰੰਤ ਹੋਇਆ ਹੀ ਮੰਨਦਾ ਹੈ।[1] ਪਰ ਆਧੁਨਿਕ ਕਵਿਤਾ ਦੀਆਂ ਲੀਹਾਂ ਇਕਦਮ ਹੋਂਦ ਵਿਚ ਨਹੀਂ ਆਈਆਂ। ਡੋਗਰੀ ਵਿਚ 1947 ਈ. ਤੋਂ ਬਾਅਦ ਹੀ ਜੋ ਕਵਿਤਾ ਲਿਖੀ ਗਈ ਉਸ ਦਾ ਮੂਲ ਵਿਸ਼ਾ ਦੇਸ਼ ਪਿਆਰ ਹੀ ਸੀ। ਡੋਗਰਾ ਦੇਸ਼ ਨੂੰ ਇਕ ਰਾਜਨੀਤਕ ਇਕਾਈ ਦੇ ਤੌਰ ਤੇ ਮਾਨਤਾ ਅਤੇ ਡੋਗਰੀ ਬੋਲੀ ਨੂੰ ਸਾਹਿਤਕ ਰੰਗਣ ਦੇਣ ਦੇ ਸਾਹਿਤਕਾਰਾਂ ਵਲੋਂ ਚੇਤੰਨ ਯਤਨ ਅਤੇ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਜਿਵੇਂ ਰਿਆਸਤੀ ਕਲਚਰਲ ਅਕੈਡਮੀ, ਡੋਗਰੀ ਸੰਸਥਾ ਜੰਮੂ, ਡੋਗਰੀ ਸਾਹਿਤ ਮੰਡਲ ਜੰਮੂ; ਡੋਗਰਾ ਮੰਡਲ ਦਿੱਲੀ; ਕਾਂਗੜਾ ਸੇਵਕ ਸਭਾ ਦਿੱਲੀ, ਕਾਂਗੜਾ ਮਿੱਤਰ ਮੰਡਲ ਬੰਬਈ ਅਤੇ ਰੇਡੀਓ ਜੰਮੂ ਆਦਿ ਦੀ ਡੋਗਰੀ ਦੀ ਉੱਨਤੀ ਤੇ ਸਾਹਿਤ ਦੀ ਸਿਰਜਨਾ ਲਈ ਦਿੱਤੇ ਯੋਗਦਾਨ ਨੇ ਦੇਸ਼ ਪਿਆਰ ਦੀ ਇਕ ਲਹਿਰ ਦਾ ਰੂਪ ਧਾਰਨ ਕੀਤਾ ਜੋ ਗੋਸ਼ਟੀਆਂ ਤੇ ਕਵੀ ਸੰਮੇਲਨਾਂ ਰਾਹੀਂ ਡੁਗੱਰ ਦੀ ਧਰਤੀ ਦੇ ਕੋਨੇ ਕੋਨੇ ਵਿਚ ਉਤਸ਼ਾਹ ਪੈਦਾ ਕਰਨ ਲਗ ਪਈ। ਸੰਨ 1947 ਵਿਚ ਪਾਕਿਸਤਾਨੀ ਹੱਲੇ ਨੇ ਇਸ ਭਾਵਨਾ ਨੂੰ ਹੋਰ ਪ੍ਰਚੰਡ ਕੀਤਾ। ਦੇਸ਼ ਪਿਆਰ ਦੀ ਕਵਿਤਾ ਨਾਲ ਹੀ ਡੋਗਰੀ ਕਵਿਤਾ ਦੇ ਹੋਏ ਆਰੰਭ ਬਾਰੇ ਲਿਖਦਿਆਂ ਬਲਰਾਜ ਪੁਰੀ ਲਿਖਦਾ ਹੈ[2] :

"ਡੋਗਰੀ ਕਵਿਤਾ ਦੀ ਸਾਧਨਾ ਦਾ ਸ੍ਰੀ ਗਣੇਸ਼ ਦੇਸ਼ ਪਿਆਰ ਦੀ ਕਵਿਤਾ ਦੇ ਰੂਪ ਵਿਚ ਹੋਇਆ। ਸੁਤੰਤਰਤਾ ਦੀ ਲੋਈ 'ਚ ਜਨਮ ਲੈਣੇ ਆਲੀ ਚੇਤਨਾ ਦਾ ਏ ਟਕੋਂਦਾ ਪਹਿਲੂ ਹਾ। ਜੰਮੂ ਕਸ਼ਮੀਰ ਦਾ ਨਵਾਸੀ ਹੋਣੇ ਤੇ ਡੋਗਰਾ ਹੋਣੇ ਦੀ ਭਾਵਨਾ ਨੇ ਕਦੇ.ਏ

1. An Introduction to Modern Dogri Literature.
2. ਡੋਗਰੀ ਕਵਿਤਾ ਸਮੱਸਿਆ ਤੇ ਖਤਰੇ ਡੋਗਰੀ ਸਾਹਿਤ ਦਰਪਣ, ਪੰਨਾ 42.

Sri Satguru Jagjit Singh Ji Elibrary NamdhariElibrary@gmail.com

ਸੁੰਦਰ ਕਵਤਾਏਂਗੀ ਜਨਮ ਦਿੱਤਾ।'

ਪ੍ਰੋ. ਨੀਲੰਬਰ ਦੇਵ ਸ਼ਰਮਾ ਅਨੁਸਾਰ, "ਸੰ. 1940-50 ਵਿਚਲਾ ਦਹਾਕਾ ਡੋਗਰੀ ਕਵਿਤਾ ਦਾ ਦੇਸ਼ ਭਗਤੀ ਦਾ ਸਮਾਂ ਕਿਹਾ ਜਾ ਸਕਦਾ ਹੈ। ਸਾਰੇ ਹੀ ਕਵੀਆਂ ਨੇ ਇਕੋ ਹੀ ਲਹਿਜੇ ਵਿਚ ਡੋਗਰੀ, ਡੁਗਰ ਤੇ ਡੋਗਰਿਆਂ ਦੀ ਵਡਿਆਈ ਦੇ ਗੀਤ ਗਾਏ ਹਨ।"[1]

ਇਸ ਗੱਲ ਦੇ ਮੰਨਣ ਵਿਚ ਕੋਈ ਸੰਦੇਹ ਨਹੀਂ ਕਿ ਡੋਗਰੀ ਕਵਿਤਾ ਵਿਚ ਦੇਸ਼ ਭਗਤੀ ਦੀ ਕੁਝ ਵਧੀਕ ਮਾਤਰਾ ਹੈ। ਸਮੁੱਚੇ ਤੌਰ ਤੇ ਕਵੀ ਬੀਤੇ ਵਲ ਝਾਕਦੇ ਹਨ, ਵਰਤਮਾਨ ਅਵਸਥਾ ਤੇ ਝੂਰਦੇ ਹੋਏ ਭਾਵਕ ਹੋ ਜਾਂਦੇ ਹਨ। ਕਿਸ਼ਨ ਸਮੈਲਪੁਰੀ, ਪਰਮਾਨੰਦ ਅਲਮਸਤ, ਦੀਨੂੰ ਭਾਈ ਪੰਤ, ਬਾਲ ਕ੍ਰਿਸ਼ਨ ਸ਼ਰਮਾ, ਯੱਸ਼ ਸ਼ਰਮਾ, ਰਾਮ ਨਾਥ ਸ਼ਾਸਤਰੀ, ਸ਼ੰਭੂ ਨਾਥ, 'ਦੀਪਾ' ਤੇ ਕੇਹਰ ਸਿੰਘ ਮਧੁਕਰ ਦੇਸ਼ ਪਿਆਰ ਸੰਬੰਧੀ ਲਿਖਣ ਵਾਲੇ ਉੱਘੇ ਕਵੀ ਹਨ। ਕ੍ਰਿਸ਼ਨ ਸਮੈਲਪੁਰੀ ਡੁਗਰ ਦੇਸ਼ ਨੂੰ ਸੁਰਗ ਤੇ ਤਰਜੀਹ ਦੇਂਦਾ ਹੈ :

ਸੁਰਗੈ ਦੀ ਗਲ ਨਹੀਂ ਲਾ ਅੜਿਆ।
ਜਸ ਆਪਣੇ ਦੇਸੈ ਦਾ ਗਾ ਅੜਿਆ।

ਹਰਦਤ ਦੀ ਭਾਵਕਤਾ ਸੁੱਤੇ ਡੋਗਰਿਆਂ ਨੂੰ ਵੇਖ ਉਸ ਦੇ ਵੇਦਨਾਮਈ ਵਰਣਨ ਤੋਂ ਪ੍ਰਗਟ ਹੁੰਦੀ ਹੈ :

ਕੀਆ ਕੁਜਾਰਾ ਰੰਗ, ਓ ਡੋਗਰਿਆ ਦੇਸਾ।
... ... ... ... ... ...
ਕੇ ਆਖਾਂ ਮੇਰਿਆ ਦੇਸਾ! ਤੇਰਾ ਕੇ ਹਾਲ ਹੋਣਾ ਐ,
ਤੁਮੀ ਲਗਾ ਕੁੱਤੇ ਬੰਨੇਂ ਕ ਸਾਰੀ ਉਮਰ ਰੋਣਾ ਐ।

ਇਸੇ ਤਰ੍ਹਾਂ ਯੱਸ਼ ਸ਼ਰਮਾ ਆਪਣੇ ਡੁਗਰ ਦੇਸ਼ ਨੂੰ ਅੱਖੀਆਂ 'ਚ ਸਮਾਉਣ ਦੀ ਕਾਮਨਾ ਕਰਦਾ ਹੈ :

ਹੋਰ ਕੋਈ ਲਾਲਸਾ ਨਹੀਂ ਹੋਰ ਕੋਈ ਇੱਛਾ ਨਹੀਂ,
ਬਸ ਮੇਰਾ ਦੇਸ਼ ਮੇਰੀ ਅੱਖੀਂ 'ਚ ਸਮਾਈ ਜਾ।

ਦੀਨੂੰ ਭਾਈ ਪੰਤ ਦੇਸ਼ ਦੀ ਸੁੰਦਰਤਾ ਕਵੀ ਦੀ ਨਜ਼ਰ ਨਾਲ ਵੇਖਣ ਦੀ ਪ੍ਰੇਰਨਾ ਕਰਦਾ ਹੈ :

ਦੂਰੇ ਦੂਰੇ ਤਾਈ ਜਿੱਥੇ ਨਜ਼ਰੇ ਦੀ ਪਹੁੰਚ।
ਖੁਲ੍ਹੇ ਖੁਲ੍ਹੇ ਪਾੜੇਂ ਸੈਲੇ ਜੰਗਲੇ ਦੀ ਰੌਂਸ।
ਘਣੇ ਘਣੇ ਬੂਟੇ ਪਰ ਪੰਖਣੂੰ ਬਸੇਣ।
ਗਾਨ ਮਿੱਠੇ ਸੁਹਾਨੇ ਗੀਤ ਨਮੇਂ ਨਿੱਤ ਨਿੱਤ।
ਮੇਰੇ ਦੇਸੈ ਦਾ ਸ਼ਲੈਪਾ ਮੇਰੀ ਅੱਖੀਂ ਕੰਨੇ ਦਿੱਖ।

ਡੋਗਰੀ ਦੇ ਕਵੀਆਂ ਦੀ ਦੇਸ਼-ਭਗਤੀ ਇਕ ਪਾਸੜ ਤੇ ਸੀਮਤ ਜਾਪਦੀ ਹੈ। ਸੰਨ 1947

1. An Introduction to Modern Dogri Literature, page 102.

Sri Satguru Jagjit Singh Ji Elibrary NamdhariElibrary@gmail.com

ਵਿਚ ਹੋਏ ਖੂੰਨੀ ਸਾਕੇ ਦੇ ਪ੍ਰਤਿਕਰਮ[1] ਵਿਰੁਧ ਕਵੀਆਂ ਨੇ ਲਿਖਣੋਂ ਸੰਕੋਚ ਕੀਤਾ ਹੈ, ਭਾਵੇਂ ਕੁਝ ਕਵੀ ਰਿਆਸਤ ਵਿਚ ਚਲ ਰਹੀ ਆਜ਼ਾਦੀ ਦੀ ਜਦੋਂ ਜਹਿਦ ਦੀ ਹਾਮੀ ਭਰਦੇ ਰਹੇ ਅਤੇ ਆਪਣਾ ਯੋਗਦਾਨ ਦੇਂਦੇ ਰਹੇ ਪਰ ਫਿਰਕਾ ਪ੍ਰਸਤੀ ਵਿਰੁੱਧ ਖੁਲ੍ਹ ਕੇ ਲਿਖਣ ਦਾ ਸਾਹਸ ਪੈਦਾ ਨਹੀਂ ਕਰ ਸਕੇ। ਹਾਂ, ਕੇਹਰ ਸਿੰਘ ਮਧੁਕਰ ਫਿਰਕਾਪ੍ਰਸਤੀ ਵਿਰੁੱਧ ਲਿਖਦਾ ਹੋਇਆ ਏਕਤਾ ਦੀ ਜਿੱਤ ਲਈ ਆਸ਼ਾਵਾਦੀ ਹੈ :

ਫਿਰਕਾ ਪ੍ਰਸਤੀ ਦੀ ਅੱਗ ਜੇੜੇ ਲਾਂਦੇਨ,
ਦੇਸਾ ਆਲੀ ਏਕਤਾ ਦੀ ਨੀਏਂਗੀ ਹਲਾਂ ਦੇਨ।
ਹਾਥੀਆਂ ਦੇ ਪੈਰੇਂ ਖਲ ਪੈਰ ਜੀਆਂ ਸਾਰੇ ਔਣ
ਇਸ ਪਾਪਾ ਅਗੇ ਪਾਪ ਸਾਰੇ ਹਾਰ ਖਾਈਂ ਖਹੂਣ ॥

ਮਧੂਕਰ ਦੇਸ਼ ਪਿਆਰ ਦੀ ਭਾਵਨਾ ਨੂੰ ਰਾਵੀਓਂ ਪਾਰ ਦੀ ਦੁਨੀਆਂ ਅਰਥਾਤ ਸਮੁੱਚੇ ਦੇਸ਼ ਨਾਲ ਜੋੜਦਾ ਹੈ :

ਮੇਰਾ ਏ ਦੇਸ ਐ ਗੰਗਾ ਦਾ, ਗੋਦ ਜਮਨਾ ਦੀ,
ਮੇਰਾ ਏ ਦੇਸ ਐ ਭੰਡਾਰ ਖਾਣ ਅਮਨਾਂ ਦੀ।
ਮੇਰਾ ਏ ਦੇਸ ਐ ਮੰਦਰ ਰੰਗੀਨ ਬ੍ਹਾਰੇਂਦਾ,
ਮੇਰਾ ਏ ਦੇਸ ਐ ਇਕ ਗੀਤ ਅਮਰ ਪਯਾਰੇਂਦਾ।

ਇਸ ਲਈ ਸੁਚੇਤ ਤੇ ਦੂਰ ਦਰਸ਼ੀ ਸਾਹਿਤਕਾਰ ਨਿਰੋਲ ਦੇਸ਼-ਪਿਆਰ ਦੇ ਤਰਾਨੇ ਹੀ ਨਹੀਂ ਗਾਂਦੇ ਰਹੇ, ਉਨ੍ਹਾਂ ਨੇ ਦੇਸ਼ ਦੀ ਰਾਜਸੀ ਅਵਸਥਾ ਦਾ ਜਾਇਜ਼ਾ ਵੀ ਲਿਆ ਹੈ। ਇਹ ਗੱਲ ਮਾਣ ਵਾਲੀ ਹੈ ਕਿ ਡੋਗਰੀ ਦੇ ਸਾਹਿਤਕਾਰ ਕਿਤੇ ਕਿਤੇ ਸ਼ਖਸੀ ਰਾਜ ਤੇ ਟਕੋਰ ਕਰਨੋਂ ਵੀ ਨਹੀਂ ਝਿਜਕੇ, ਭਾਵੇਂ ਉਨ੍ਹਾਂ ਦੇ ਵਿਚਾਰ ਵਿਚ ਦੱਬੀ ਘੁੱਟੀ ਵਿਦਰੋਹ ਦੀ ਅੱਗ ਕੁਝ ਕੁ ਕਵੀਆਂ ਵਿਚ ਸਿਰ ਚੁੱਕ ਸਕੀ ਹੈ। ਠਾਕਰ ਰਘੁਨਾਥ ਸਿੰਘ ਸਮਿਆਲ ਜੋ ਨੌਕਰਸ਼ਾਹੀ ਸਰਕਾਰ ਦਾ ਅਹਿਲ ਅਫਸਰ ਰਿਹਾ ਹੈ ਤੇ ਜਿਸ ਨੂੰ ਆਜ਼ਾਦੀ ਤੋਂ ਬਾਅਦ ਸ਼ਖਸੀ ਰਾਜ ਦੇ ਖੁਸਣ ਦਾ ਦੁੱਖ ਹੋਇਆ, ਤੋਂ ਛੁਟ ਹੋਰ ਕਿਸੇ ਕਵੀ ਦੀ ਰਚਨਾ ਵਿਚ ਸਾਨੂੰ ਰਾਜ-ਭਗਤੀ ਦੇ ਝਲਕਾਰੇ ਨਹੀਂ ਮਿਲਦੇ। ਰਿਆਸਤ ਦੇ ਗਿਣਵੇਂ ਜਗੀਰਦਾਰਾਂ, ਤੇ ਰਾਜ-ਭਗਤ ਨੁਮਾਇੰਦਾ ਖਾਨਦਾਨ ਤੋਂ ਛੁਟ ਆਮ ਜਨਤਾ ਦੀ ਗਰੀਬੀ ਤੇ ਭੁੱਖ ਨੰਗ ਦਾ ਚਿੱਤਰ ਦੀਨੂੰ ਭਾਈ ਪੰਤ ਦੀਆਂ ਇਹ ਪੰਗਤੀਆਂ ਇਸ ਤਰ੍ਹਾਂ ਖਿਚਦੀਆਂ ਹਨ :

ਲੱਕ ਮੀਹਣਾ ਮਾਰਦੇ, ਡੋਗਰੇ ਦਾ ਰਾਜ ਓ।
ਡੋਗਰੇ ਦਾ ਹਾਲ ਮੰਦਾ ਮਿਲਦਾ ਨੀ ਸਾਗ ਓ।

ਇਸੇ ਹੀ ਰਾਜ ਨੂੰ ਰਾਵਣ ਦੀ ਲੰਕਾ ਨਾਲ ਮੇਲਦਾ ਹੋਇਆ ਹਰਦਤ ਸ਼ਾਸਤਰੀ ਵੰਗਾਰਦਾ ਹੈ :

---

1. ਇਸ ਪ੍ਰਤਿਕਰਮ ਬਾਰੇ ਪ੍ਰੋ. ਨੀਲੰਬਰ ਦੇਵ ਸ਼ਰਮਾ ਨੇ ਆਪਣੀ ਪੁਸਤਕ 'ਆਧੁਨਿਕ ਡੋਗਰੀ ਸਾਹਿਤ ਦੀ ਜਾਣ-ਪਛਾਣ' ਵਿਚ ਪੰਨਾ 7 ਤੇ ਇਸ ਤਰ੍ਹਾਂ ਲਿਖਿਆ ਹੈ :
"In Jammu Province and other adjoining areas Hindu Communalism was at its worst."

Sri Satguru Jagjit Singh Ji Elibrary NamdhariElibrary@gmail.com

ਲੰਕਾ ਤੇਰੀ ਨਹੀਓਂ ਬੱਚਣੀ ।

ਪਦਮਾ 'ਰਾਜੇ ਦੀਆਂ ਮੰਡੀਆਂ' ਦੀਆਂ ਇੱਟਾਂ ਦਾ ਰੰਗ ਮਨੁੱਖਤਾ ਦੇ ਲਹੂ ਦੀ ਲਾਲੀ ਸਮਾਨ ਦਸਦੀ ਹੈ ਤੇ ਸਮਝਦੀ ਹੈ ਕਿ ਮਹਿਲਾਂ ਦੀ ਉਸਾਰੀ ਵਿਚ ਮੁਸ਼ੱਕਤ ਕਰਨ ਵਾਲੇ ਮਜ਼ੂਰ ਫੇਰ ਵੀ ਭੁੱਖੇ ਭਾਣੇ ਹੀ ਰਹੇ :

ਮੂੰਹ ਔਦਾ ਗ੍ਰਾਹ ਜਿਨੇ ਖਸੀ ਲਿਆ ।
ਅਣਬਨਿਆ ਲਹੂ ਜਿਨੇ ਚੂਸੀ ਲਿਆ ।

ਦੀਨੂੰ ਭਾਈ ਪੰਤ ਸੰ: 1945 ਵਿਚ ਚਨੈਂਟੀ ਦੇ ਰਾਜ ਵਿਰੁੱਧ ਹੋਈ ਐਜੀਟੇਸ਼ਨ ਦੀ ਅਗਵਾਈ ਕਰਦਾ ਭਾਜ ਦਾ ਰਾਹ ਅਪਣਾਉਂਦਾ ਹੈ :

ਤੂੰ ਏ ਬਸ ਪਾਪੀਆ, ਅਸ ਦੂਰ ਚਲੇ ।
ਤੇਰੇ ਜੁਲਮੇ ਥੋਆਂ, ਹੋਈ ਮਜਬੂਰ ਚਲੇ ।

ਮਹਾਰਾਜਾ ਹਰੀ ਸਿੰਘ ਦੀ ਮੌਤ ਤੇ ਮੋਹਨ ਲਾਲ ਸਪੋਲੀਆ ਦੇ ਲਿਖੇ ਮਰਸੀਏ ਬਾਰੇ ਲਿਖਦੇ ਹੋਏ ਪ੍ਰੋ. ਨੀਲੰਬਰ ਦੇਵ ਕਹਿੰਦਾ ਹੈ ਕਿ "ਇਹ ਨਿਰੋਲ ਨਾਅਰਾਬਾਜ਼ੀ, ਅਤੇ ਝੂਠੀ ਮਸ਼ਹੂਰੀ ਖਟਣ ਲਈ ਬਦਲਦੇ ਹਾਲਤਾਂ ਵਿਚ ਸਵਾਰਥ ਦੀ ਪ੍ਰਾਪਤੀ ਦਾ ਇਕ ਢੰਗ ਸੀ ਜਿਸ ਵਿਚ ਰੋਹ ਦੀ ਮਾਤਰਾ ਵਧੀਕ ਸੀ ।"[1]

ਪਰ ਬੀਤੇ ਤੇ ਰੋਹ ਪ੍ਰਗਟ ਕਰਨ ਦੀ ਥਾਂ ਹੁਣ ਕਵੀਆਂ ਦੇ ਸਾਹਮਣੇ ਆਰਥਿਕ ਲੁਟ-ਖਸੁਟ ਅਮੀਰ-ਗ਼ਰੀਬ ਵਿਚਾਲੇ ਵਧ ਰਹੀ ਖਾਈ, ਸੰਸਾਰ ਵਿਚ ਸਰਦ ਜੰਗ ਦੀ ਅਵਸਥਾ ਆਦਿਕ ਸਮੱਸਿਆਵਾਂ ਆਈਆਂ ਅਤੇ ਉਨ੍ਹਾਂ ਨੂੰ ਲੁਕਾਈ ਦੇ ਜੀਵਨ ਨੂੰ ਸੁਖੀ ਬਣਾਉਣ ਦਾ ਇਕੋ ਹੀ ਇਕ ਰਾਹ ਸਮਾਜਵਾਦ ਨਜ਼ਰੀਂ ਆਇਆ । ਉਸ ਸਮੇਂ ਭਾਰਤ ਦੀਆਂ ਹੋਰ ਜ਼ਬਾਨਾਂ ਵਿਚ ਪ੍ਰਗਤੀਵਾਦੀ ਰੁਚੀ ਦੀ ਹੀ ਪ੍ਰਧਾਨਤਾ ਸੀ । ਇਸ ਲਈ ਡੋਗਰੀ ਦੇ ਨਵੇਂ ਸਾਹਿਤਕਾਰਾਂ ਨੇ ਜੋ ਹਿੰਦੀ ਤੇ ਉਰਦੂ ਸਾਹਿਤ ਸਿਰਜਨਾ ਤੋਂ ਡੋਗਰੀ ਵਲ ਰੁਚਿਤ ਹੋਏ, ਇਨ੍ਹਾਂ ਹੀ ਭਾਵਾਂ ਨੂੰ ਡੋਗਰੀ ਵਿਚ ਪ੍ਰਗਟ ਕਰਨਾ ਸ਼ੁਰੂ ਕੀਤਾ । ਦੀਨੂੰ ਭਾਈ ਪੰਤ, ਰਾਮ ਨਾਥ ਸ਼ਾਸਤਰੀ, ਕੇਹਰ ਸਿੰਘ ਮਧੁਕਰ, ਵੇਦਪਾਲ ਦੀਪ, ਪਦਮਾ, ਅਤੇ ਨਵੀਂ ਢਾਣੀ ਦੇ ਕਵੀ ਰਾਮ ਲਾਲ ਸ਼ਰਮਾ, ਚਰਨ ਸਿੰਘ, ਨਰ ਸਿੰਘ-ਦੇਵ ਜਮਵਾਲ, ਮੋਹਨ ਲਾਲ ਸਪੋਲੀਆ, ਤਾਰਾ ਸਮੈਲਪੁਰੀ, ਓਂਕਾਰ ਸਿੰਘ ਅਵਾਰਾ, ਪ੍ਰਿੰਸ ਗੁਲੇਰੀ ਅਤੇ ਗੌਤਮ ਵਿਆਥਿਟ ਆਦਿ ਕਵੀਆਂ ਨੇ ਅਮੀਰ ਗ਼ਰੀਬ ਦੇ ਵਿਤਕਰੇ, ਗ਼ਰੀਬਾਂ ਦਾ ਨੁਚੜਦਾ ਲਹੂ, ਨੇਤਾਵਾਂ ਦੇ ਝੂਠੇ ਲਾਰੇ, ਪਰਮੇਸ਼ਰ ਨਿਰਾ ਡਰਾਵਾ ਦਸਦੇ ਹੋਏ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਿਸੇ ਇਕ ਪਾਸੇ ਵਲ ਹੋ ਕੇ ਆਪਣੀ ਤਕਦੀਰ ਬਦਲਣ ਲਈ ਹਮਲਾ ਮਾਰਨ ਲਈ ਵੰਗਾਰਿਆ :

1. ਇਹ ਪੈਸੇ ਦੀ ਦੁਨੀਆ ਯਾਰੋ, ਖੂੰਨ ਨੁਚੜਦਾ ਕੰਗਾਲੇ ਦਾ ।
2. ਕਦੋਂ ਤੋੜੀ ਮਾਨਵਤਾ ਏ ਬਿਕਦੀ ਰੌਣੀ ਚੌਂਕ ਬਜ਼ਾਰੇ
   ਕਦੂਆਂ ਤੋੜੀਂ ਲਾਰਾ ਦੇਣਾ, ਨੇਤਾਏਂ ਦੇ ਲਮੇ ਲਾਰੇ ।

(ਓਂਕਾਰ ਸਿੰਘ ਆਵਾਰਾ)

---

1. An Introduction to Modern Dogri Literature, page 140.

Sri Satguru Jagjit Singh Ji Elibrary NamdhariElibrary@gmail.com

3. ਫਸਲ ਚੰਗੀ ਐ ਥੋ ਰੁਟੀ ਨੇਈ ਥੋਐ ਗ੍ਰੀਬੇ ਗੀ
ਮੈਂ ਕਿਰਸਾਣ ਦੀ ਏ ਮਿਹਨਤ ਸਫਲ ਆਖਾਂ ਕ ਨਹੀਂ ਆਖਾਂ।

(ਦੀਪ)

4. ਸ਼ਹਿਰ੍ਹਏ ਦੇ ਚੁਟਕਲੇ ਤੇ ਲੀਡਰੇ ਦੇ ਲਸ਼ਕਰੇ,
ਕਾਗਦੇ ਦੇ ਅੱਖਰੇ ਤੇ ਕੁਰਸੀਏ ਦੇ ਤਸ਼ਕਰੇ,
ਨਹੀਂ ਜੁੜਦੇ ਕਪੜੇ ਤੇ ਨਹੀਂ ਮਿਟੀ ਭੁੱਖ ਓ।
ਕੰਮ ਕਰਨਾ ਸਿੱਖ ਦੇਸਾ ਕੰਮ ਕਰਨਾ ਸਿਖ।

(ਦੀਨੂੰ ਭਾਈ ਪੰਤ)

ਦੇਸ਼ ਦੀ ਗ਼ਰੀਬੀ ਦਾ ਵਰਣਨ ਕਰਦੇ ਹੋਏ ਜਿਥੇ ਦੀਨੂੰ ਭਾਈ ਕੰਮ ਕਰਨ ਦੀ ਪ੍ਰੇਰਨਾ ਕਰਦਾ ਹੈ ਉਥੇ ਉਹ ਕਿਸੇ ਇਕ ਪਾਸੇ ਹੋ ਜਾਣ ਦੀ ਚਿਤਾਵਨੀ ਵੀ ਦੇਂਦਾ ਹੈ। ਕੇਹਰ ਸਿੰਘ ਮਧੂਕਰ ਤੇ ਵੇਦਪਾਲ ਦੀਪ ਬਗਾਵਤ ਦਾ ਸੁਭਾਅ ਦੇਂਦੇ ਹੋਏ ਅੰਤਮ ਹਮਲੇ ਲਈ ਵੰਗਾਰਦੇ ਹਨ :

1. ਉਠ ਮਜ਼ੂਰਾ ਜਾਗ ਕਸਾਨਾ ਤੇਰਾ ਵੇਲਾ ਆਇਆ ਓ।
ਇਹ ਪਰਮੇਸਰ ਛੜਾ ਭਰਾਵਾ, ਠੱਗੇ ਜਾਲ ਵਛਾਯਾ ਓ।

(ਪੰਤ)

2. ਤੂੰ ਕੁਣ ਐਂ ਕੀ ਖੜੋਤਾ ਏਂ ? ਕੇ ਬਿੱਚ ਦੁਰੱਸਤੇ ਸੋਚਾਂ ਦੇ,
ਜਾਂ ਇਧਰ ਹੋ, ਜਾ ਉਧਰ ਹੋ, ਹੋਰਨੇਂ ਦਾ ਰਸਤਾ ਰੋਕਾ ਦੇ।

(ਪੰਤ)

3. ਰੂਪ ਸੁਗਾ ਦਾ ਬਦਲੇ ਕਰਦਾ, ਇਕੋ ਪਲਟਾ ਖਾਣਾ,
ਪਲੋ ਛਿਨੇ ਦੀ ਗਲ ਛੜੀ ਹੁਣ ਬਿੰਦਕ ਜ਼ੋਰ ਲੈ ਲਾਣਾ।

(ਮਧੂਕਰ)

ਦੀਪ ਜਥੇਬੰਦਕ ਜਦੋਂ ਜਹਿਦ ਦਾ ਕਾਇਲ ਹੈ ਉਹਨੂੰ ਯਕੀਨ ਹੈ ਕਿ ਬਲ ਦੇ ਸਹਾਰੇ ਹੀ ਨਿਆਂ ਦੇ ਹੱਕਦਾਰ ਨਿਆਂ ਹਾਸਿਲ ਕਰ ਲੈਣਗੇ :

1. ਕਲ ਮੇਹਾ ਕਲਾ ਮੇਰੇ ਸਾਥੀ ਨਾ ਗਲੇਣ ਅਜ।
2. ਕੋਈ ਐ ਮਜਾਲ ਜੇੜਾ ਔਣੇ ਆਲਾ ਕਲ ਰੋਕੈ,
ਕਾਮੇ ਹੱਥ ਬੰਡਾ ਤੇ ਦ੍ਰਾਟੀ ਰੋਕੇ, ਹਲ ਰੋਕੇ
ਤੀਲੇ ਦੀਐ ਕੰਧੇ ਕੰਨੇ ਹਾਬ ਲਈ ਥਮੋਣ ਅਜ।
3. ਮੰਜ਼ਲ ਕਤਾਂ ਐ ਕੁੱਤ ਪਾਸੈ, ਹਲਾ ਨਮਾ ਐ ਕੁਤ ਪਾਸੈ।
ਇਹ ਗਲ ਨਹੀਂ ਕ ਕੁਣ ਜਿਤੱਗ ਦਿਖਕ ਨਜ਼ਾਂ ਐ ਕੁਤ ਪਾਸੈ।

(ਵੇਦਪਾਲ ਦੀਪ)

ਡੋਗਰੀ ਕਵਿਤਾ ਵਿਚ ਜਿਥੇ ਅਗਾਂਹ-ਵਧੂ ਵਿਚਾਰਾਂ ਦੀ ਬਹੁਲਤਾ ਕਾਰਨ ਰੁਝਾਨ ਪ੍ਰਗਤੀਵਾਦੀ ਹੀ ਰਿਹਾ, ਉਥੇ ਕੁਝ ਕਵੀ ਮਨੁੱਖ ਦੀ ਸੋਚਣੀ ਵਿਚ ਆਏ ਖਿਚਾਓ, ਗੰਭੀਰਤਾ ਤੇ ਅੰਤਰਮੁਖੀ ਰੁਝਾਨਾਂ ਨੂੰ ਚਿਤ੍ਰਨ ਦੇ ਆਹਰ ਵਿਚ ਲਗੇ ਰਹੇ। ਰਾਮ ਨਾਥ ਸ਼ਾਸਤਰੀ, ਦੀਪ, ਮਧੂਕਰ, ਪਦਮਾ, ਚਰਨ ਸਿੰਘ, ਨਰਸਿੰਘ ਦੇਵ ਜਮਵਾਲ ਆਦਿ ਨੇ

Sri Satguru Jagjit Singh Ji Elibrary NamdhariElibrary@gmail.com

ਕੇਵਲ ਸਮਾਜਕ ਚੇਤੰਨਤਾ ਦਾ ਵਾਸਤਵਿਕ ਚਿੱਤਰ ਹੀ ਨਹੀਂ ਖਿਚਿਆ ਸਗੋਂ ਆਪਣੀਆਂ ਕਿਰਤਾਂ ਵਿਚ ਕਲਾ ਪੱਖ ਤੋਂ ਪਕਿਆਈ ਵੀ ਲਿਆਂਦੀ। ਰਵਾਇਤੀ ਛੰਦਾਬੰਦੀ ਦੀ ਵਰਤੋਂ ਤੋਂ ਛੁੱਟ ਗਜ਼ਲ ਤੇ ਵੀ ਹੱਥ ਅਜ਼ਮਾਇਆ ਗਿਆ ਹੈ। ਰਾਮ ਨਾਥ ਸ਼ਾਸਤਰੀ ਨੇ ਗਜ਼ਲ ਵਿਚ ਬੌਧਿਕਤਾ ਦੇ ਤਜਰਬੇ ਕੀਤੇ ਤੇ ਦੂਜੇ ਪਾਸੇ ਵੇਦਪਾਲ ਦੀਪ ਦੀਆਂ ਗਜ਼ਲਾਂ ਵਿਚ ਸਮਾਜਕ ਚੇਤੰਨਤਾ ਆਈ। ਇਸੇ ਤਰ੍ਹਾਂ ਮਧੁਕਰ ਦੀ ਨਵੀਨ ਕਵਿਤਾ (ਡੋਲਾ ਕੁਨ ਠਪੋਆ) ਤੇ ਪਦਮਾ ਦੀ ਰਚਨਾ 'ਮੇਰੀ ਕਵਿਤਾ ਮੇਰੇ ਗੀਤ' ਜਿਸ ਲਈ ਸੰ. 1971 ਦਾ ਸਾਹਿਤ ਅਕੈਡਮੀ ਅਵਾਰਡ ਦਿੱਤਾ ਗਿਆ, ਡੋਗਰੀ ਦੀ ਸ੍ਰੇਸ਼ਟ ਕਵਿਤਾ ਦੇ ਨਮੂਨੇ ਹਨ। ਚਰਨ ਸਿੰਘ ਦੀ ਰਚਨਾ ਵਿਚ ਪ੍ਰਕਿਰਤੀ ਲਈ ਚੇਤੰਨਤਾ, ਜਜ਼ਬਾਤੀ ਤਜਰਬਿਆਂ ਦੀ ਡੂੰਘਾਈ ਤੇ ਬੋਲੀ ਤੇ ਪੂਰਾ ਕਾਬੂ, ਉਹਨੂੰ ਡੋਗਰੀ ਕਵਿਤਾ ਵਿਚ ਇਕ ਵਿਸ਼ੇਸ਼ ਸਥਾਨ ਦਿਵਾਂਦੇ ਹਨ।

ਬੌਧਿਕਤਾ ਦੇ ਆਉਣ ਤੇ ਵੀ ਡੋਗਰੀ ਕਵਿਤਾ ਵਿਚ ਸਰੋਦੀ ਰੰਗ ਦੀ ਘਾਟ ਨਹੀਂ ਵਾਪਰੀ। ਖੁਲ੍ਹੀ ਕਵਿਤਾ ਦੇ ਤਜਰਬੇ ਅਜੇ ਘੱਟ ਹੀ ਹੋਏ ਹਨ। ਪਰਮਾਨੰਦ ਅਲਮਸਤ, ਕਿਸ਼ਨ ਸਮੈਲਪੁਰੀ, ਯਸ਼ ਸ਼ਰਮਾ ਤੇ ਪਦਮਾ ਡੋਗਰੀ ਦੇ ਪ੍ਰਸਿੱਧ ਗੀਤਕਾਰ ਹਨ। ਇਨ੍ਹਾਂ ਨੇ ਲੋਕ ਧਾਰਨਾ ਦੇ ਆਧਾਰ ਤੇ ਰੁਮਾਂਚਿਕ ਪਰ ਜਜ਼ਬਾਤੀ ਰੰਗ ਵਿਚ ਰੰਗੇ ਸੁੰਦਰਤਾ ਤੇ ਪਿਆਰ, ਜੁਦਾਈ ਦੇ ਦੁਖ, ਸੱਸਾਂ ਦੀ ਸਖਤੀ ਅਤੇ ਖਿਆਲੀ ਸੁੱਖਾਂ ਦੀ ਕਾਮਨਾ ਭਰੇ ਨਗ਼ਮੇ ਗਾਏ ਹਨ।

### ਗੱਦ ਸਾਹਿਤ

ਡੋਗਰੀ ਗੱਦ ਲਈ ਵਾਤਾਵਰਣ ਸੰ. 1947 ਤੋਂ ਬਾਅਦ ਹੀ ਕਾਇਮ ਕੀਤਾ ਗਿਆ। ਪਰ ਇਸ ਦੀ ਪ੍ਰਫੁੱਲਤਾ ਦੇ ਸਾਧਨਾਂ ਦੀ ਨੀਂਹ ਮਹਾਰਾਜਾ ਰੰਬੀਰ ਸਿੰਘ ਦੇ ਸਮੇਂ ਹੀ ਰੱਖੀ ਗਈ। ਮਹਾਰਾਜਾ ਰੰਬੀਰ ਸਿੰਘ ਨੇ ਡੋਗਰੀ ਦੀ ਲਿਪੀ ਦੀ ਜਾਣਕਾਰੀ ਲਾਜ਼ਮੀ ਕਰਾਰ ਦਿੱਤੀ, ਪੁਸਤਕਾਂ ਦੇ ਅਨੁਵਾਦ ਕਰਾਏ ਜਿਵੇਂ 'ਦੰਡ ਵਿਧੀ' ਆਦਿ ਅਤੇ ਕਸਰਤ ਬਾਰੇ ਨਿਯਮਾਵਲੀ, ਦਰਖਾਸਤਾਂ ਤੇ ਫ਼ੁਰਮਾਨ ਡੋਗਰੀ ਵਿਚ ਲਿਖੇ ਜਾਂਦੇ ਰਹੇ।

ਮਹਾਰਾਜਾ ਰੰਬੀਰ ਸਿੰਘ ਦਾ ਡੋਗਰੀ ਅਰਥਾਤ ਸਥਾਨਕ ਬੋਲੀ ਨੂੰ ਦਫਤਰੀ ਜ਼ਬਾਨ ਦੇ ਤੌਰ ਤੇ ਲਾਗੂ ਕਰਨਾ ਉਸ ਸਮੇਂ ਦੇ ਭਾਰਤ ਵਿਚ ਬੜੀ ਮਹਾਨਤਾ ਵਾਲੀ ਗੱਲ ਸੀ। ਉਨ੍ਹਾਂ ਦੇ ਇਸ ਉੱਦਮ ਨੂੰ ਮਹਾਰਾਜਾ ਪ੍ਰਤਾਪ ਸਿੰਘ ਦੇ ਸਮੇਂ ਬੰਦ ਕਰ ਦਿੱਤਾ ਗਿਆ ਅਤੇ ਪ੍ਰੋ. ਨੀਲੰਬਰ ਦੇਵ ਇਸ ਦੀ ਜ਼ਿੰਮੇਂਵਾਰੀ ਉਸ ਸਮੇਂ ਦੇ ਕੁਝ ਸਵਾਰਥੀ ਉੱਘੇ ਕਰਮਚਾਰੀਆਂ ਦੇ ਸਿਰ ਮੜ੍ਹਦਾ ਹੈ[1]।

ਆਜ਼ਾਦੀ ਤੋਂ ਪਹਿਲਾਂ ਵਾਰਤਕ ਦੀ ਕੋਈ ਖ਼ਾਸ ਵੰਨਗੀ ਨਜ਼ਰ ਨਹੀਂ ਆਉਂਦੀ। ਹਾਂ, ਸ੍ਰੀ ਸ਼ਿਵਨਾਥ ਦੇ ਕਥਨ ਅਨੁਸਾਰ[2] ਪ੍ਰੋ. ਗੌਰੀ ਸ਼ੰਕਰ ਦਾ ਗੀਤਾਂ ਦਾ ਕੇਂਦਰੀ ਜੰਮੂ ਦੀ ਡੋਗਰੀ ਵਿਚ ਅਨੁਵਾਦ ਵਾਰਤਕ ਵਲ ਇਕ ਮੁੱਢਲਾ ਕਦਮ ਸੀ। ਡੋਗਰੀ ਦੇ ਸਾਰੇ ਆਲੋਚਕ ਇਸ ਗੱਲ ਤੇ ਸਹਿਮਤ ਹਨ ਕਿ ਵਾਰਤਕ ਦੀ ਪਹਿਲੀ ਪੁਸਤਕ ਭਗਵਤ ਪ੍ਰਸਾਦ

1. An Introduction to Modern Dogri Literature, page 155.
2. Dogri Literature since Independence.

Sri Satguru Jagjit Singh Ji Elibrary NamdhariElibrary@gmail.com

ਸਾਠੇ ਦੀਆਂ ਕਹਾਣੀਆਂ ਦਾ ਸੰਗ੍ਰਹਿ 'ਪਹਿਲਾ ਫੁੱਲ' ਸੀ। ਅਰਥਾਤ ਡੋਗਰੀ ਦੀ ਵਾਰਤਕ ਗਲਪ ਸਾਹਿਤ ਤੋਂ ਹੀ ਆਰੰਭ ਹੁੰਦੀ ਹੈ ਤੇ ਇਸ ਵਿਚ ਪਹਿਲਾ ਸਥਾਨ ਕਹਾਣੀ ਹੈ।

ਕਹਾਣੀ

'ਸਾਠੇ' ਦੀਆਂ ਕਹਾਣੀਆਂ ਲੋਕ-ਜੀਵਨ, ਗ਼ਰੀਬੀ ਤੇ ਵਹਿਮ ਭਰਮਾਂ ਦਾ ਵਰਣਨ ਲੋਕ ਕਥਾਵਾਂ ਦੀ ਸ਼ੈਲੀ ਵਿਚ ਕਰਦੀਆਂ ਹਨ। ਇਸ ਤੋਂ ਬਾਅਦ ਲਲਤਾ ਮਹਿਤਾ ਦਾ 'ਸੂਈ ਧਾਗਾ' ਤੇ ਡੀ. ਸੀ. ਪ੍ਰਸ਼ਾਂਤ ਦੀਆਂ ਕੁਝ ਕਹਾਣੀਆਂ ਮੁਢਲੇ ਯਤਨ ਹਨ। ਸੰ. 1954 ਤੋਂ ਬਾਅਦ ਕੁਝ ਚੇਤੰਨ ਸਾਹਿਤਕਾਰਾਂ ਨੇ ਹਿੰਦੀ ਉਰਦੂ ਵਲੋਂ ਹੱਟ ਕੇ ਡੋਗਰੀ ਕਹਾਣੀ ਵਲ ਰੁਖ ਕੀਤਾ। ਇਨ੍ਹਾਂ ਦੇ ਨਾਂ ਹਨ ਰਾਜ ਕੁਮਾਰ[1] ਅਬਰੋਲ[2] ਵੇਦ ਰਾਹੀ[3] ਮਦਨ ਮੋਹਨ,[4] ਨਰਿੰਦਰ ਖਜੂਰੀਆ, ਨੀਲੰਬਰ ਦੇਵ ਸ਼ਰਮਾ, ਕਵੀ ਰਤਨ ਸ਼ਰਮਾ ਆਦਿ। ਇਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਵਿਚ—ਕੁਝ ਲੇਖਕਾਂ ਨੂੰ ਛੱਡ ਕੇ—ਵਧੇਰੇ ਆਦਰਸ਼ਵਾਦ ਤੇ ਭਾਵੁਕਤਾ ਹੈ। ਮਦਨ ਮੋਹਨ ਸ਼ਰਮਾ ਡੋਗਰੀ ਕਹਾਣੀ ਵਿਚ ਆਦਰਸ਼ਵਾਦ ਤੇ ਭਾਵੁਕਤਾ ਤੇ ਜ਼ੋਰ, ਸ਼ਹਿਰੀ ਜੀਵਨ ਦੇ ਚਿੱਤਰਣ ਦੀ ਘਾਟ ਤੋਂ ਛੁਟ ਇਨ੍ਹਾਂ ਦੇ ਵਿਸ਼ਿਆਂ ਦੀ ਕਮਜ਼ੋਰੀ ਬਾਰੇ ਇਸ ਤਰ੍ਹਾਂ ਲਿਖਦੇ ਹਨ[5] :

"ਸਾਡੀ ਕਹਾਣੀ ਦੀ ਤ੍ਰੀ ਬੜੀ ਕਮੀਐ ਏਦੇ ਵਿਸ਼ਿਆਂ ਦੀ। ਸਾੜੀਆਂ ਮਤੀਆਂ (ਬਹੁਤੀਆਂ) ਕਹਾਣੀਆਂ ਗ੍ਰਾਏ ਦੀ ਗਰੀਬੀ, ਦੌਹਰੀ; ਅਨਮੇਲ ਬਿਆਹਾਂ, ਸੱਸੈ ਨੂਏਂ ਦੇ ਝਗੜੇ ਤੇ ਇਸੈਂ ਜਨੇਹ ਸਮਾਜੀ ਮਸਲੇ ਉਪਰ ਲਖੋਈਆਂ ਹਨ। ਇਸ ਚਾਲੀਂ ਦੀ ਏਂ ਕਹਾਣੀਏਂ ਦੇ ਖਾਤਮੇ ਉਪਰੰਤ ਈਆਂ ਸੋਈ ਹੁੰਦਾ ਹੈ ਜੀਆਂ ਲੇਖਕ ਪਾਠਕੇ ਗੀ ਕਿਸੁ ਸਿਖ ਮਤ ਦੇਣਾ ਚਾਹੁੰਦਾ ਹੈ। ਔਹਦੇ ਸਾਹਮਣੇ ਕੋਈ ਝੂਠਾ ਸੱਚਾ ਆਦਰਸ਼ ਰੱਖਣਾ ਚਾਹੁੰਦਾ ਹੈ।"

ਇਨ੍ਹਾਂ ਊਣਤਾਈਆਂ ਦੇ ਬਾਵਜੂਦ ਵੀ ਇਨ੍ਹਾਂ ਵਿਚੋਂ ਨਰਿੰਦਰ ਖਜੂਰੀਆ, ਮਦਨ ਮੋਹਨ ਸ਼ਰਮਾ ਅਤੇ ਵੇਦ ਰਾਹੀ ਨੇ ਨਵੀਨ ਸਾਹਿਤਕ ਝੁਕਾਅ ਤੋਂ ਜਾਣੂ ਹੁੰਦੇ ਹੋਏ, ਕੁਝ ਉੱਤਮ ਕਹਾਣੀਆਂ ਲਿਖੀਆਂ ਹਨ। ਵੇਦ ਰਾਹੀ ਨੇ ਸ਼ਹਿਰੀ ਜੀਵਨ ਦੀਆਂ ਸਮਾਜਕ ਸਮੱਸਿਆਵਾਂ ਨੂੰ ਪਿਛੋਕੜ ਵਿਚ ਰੱਖ ਕੇ ਪਾਤਰਾਂ ਦੀ ਮਾਨਸਿਕ ਖਿਚੋਤਾਣ ਅਤੇ ਮਾਨਵਵਾਦ ਕਲਾ ਪੂਰਤ ਢੰਗ ਨਾਲ ਬਿਆਨ ਕੀਤਾ ਹੈ। ਮਦਨ ਮੋਹਨ ਨੇ ਪੁਰਾਣੀਆਂ ਰਿਵਾਇਤਾਂ ਦੀ ਨਿਰਾਰਥਕਤਾ ਅਤੇ ਸਮਾਜਕ ਪਰਿਵਰਤਨ ਨੂੰ ਸਹੀ ਭਾਂਤ ਅਨੁਭਵ ਕੀਤਾ ਹੈ। ਉਹ ਪਾਤਰਾਂ ਦੀ ਚਿਹਨੀ ਕਸ਼ਮਕਸ਼ ਨੂੰ ਚਿਤਰਦਾ ਹੈ। ਇਸੇ ਤਰ੍ਹਾਂ ਨਰਿੰਦਰ ਖਜੂਰੀਆ ਡੋਗਰਾ ਪੇਂਡੂ ਜੀਵਨ ਤੇ ਇਥੋਂ ਦੇ ਵਾਸੀਆਂ ਦੀ ਗ਼ਰੀਬੀ ਤੇ ਮਜਬੂਰੀ ਦਾ ਯਥਾਰਥਕ ਚਿੱਤਰ ਖਿਚਦਾ ਹੈ ਭਾਵੇਂ ਉਹ ਕੁਝ ਭਾਵੁਕ ਵੀ ਹੋ ਜਾਂਦਾ ਹੈ। ਉਹ ਜਗੀਰਦਾਰਾਨਾ ਨਜ਼ਾਮ ਤੇ ਜਾਤ ਪਾਤ ਦੀਆਂ ਸਖ਼ਤੀਆਂ ਤੇ

1. ਪੈਰਾਂ ਦੇ ਨਿਸ਼ਾਨ, ਦੂਜ ਨੇ ਅੰਗਾਰੇ, ਮੇਰੀਆਂ ਕਹਾਣੀਆਂ।
2. ਕਾਲੇ ਹੱਥ।
3. ਖੀਰਲਾ ਮਾਣੂ: ਪਹਾੜੀ ਕਾਂ, ਚਾਨਣੀ ਰਾਤ, ਦੁਧ ਲਹੂ ਤੇ ਝਾੜ
4. ਕੋਲੇ ਦੀਆਂ ਲਕੀਰਾਂ, ਰੋਚਕ ਕਹਾਣੀਆਂ, ਨੀਲਾ ਅੰਬਰ ਤੇ ਕਾਲੇ ਬੱਦਲ।
5. ਡੋਗਰੀ ਗਦ ਇਕ ਪਰਚੋਲ ਡੋਗਰੀ ਸਾਹਿਤ ਦਰਪਣ, ਪੰਨਾ 73.

Sri Satguru Jagjit Singh Ji Elibrary NamdhariElibrary@gmail.com

ਭਾਰੀ ਚੋਟ ਕਰਦਾ ਹੈ। ਨਰਿੰਦਰ ਦੀ ਬੇਵਕਤ ਮੌਤ ਡੋਗਰੀ ਸਾਹਿਤ ਤੇ ਵਿਸ਼ੇਸ਼ ਤੌਰ ਤੇ ਗਾਲਪ ਸਾਹਿਤ ਲਈ ਇਕ ਭਾਰੀ ਘਾਟਾ ਹੈ।

ਡੋਗਰੀ ਕਹਾਣੀ ਬਰਾਬਰ ਵਿਕਾਸ ਕਰਦੀ ਜਾ ਰਹੀ ਹੈ। ਜਿਥੇ ਪਹਿਲੇ ਪੂਰ ਦੇ ਕਹਾਣੀ ਲੇਖਕ ਵੀ ਲਿਖਦੇ ਰਹੇ ਹਨ ਜਿਨ੍ਹਾਂ ਵਿਚੋਂ ਮਦਨ ਮੋਹਨ, ਵੇਦ ਰਾਹੀ ਅਤੇ ਮੌਤ ਤੋਂ ਕੁਝ ਚਿਰ ਪਹਿਲਾਂ ਨਰਿੰਦਰ ਖਜੂਰੀਆ ਇਸ ਖੇਤਰ ਵਿਚ ਕਹਾਣੀ ਤੇ ਗਾਲਬ ਰਹੇ ਉਥੇ ਨਵੀਂ ਪੋਦ ਨੇ ਇਸ ਖੇਤਰ ਵਿਚ ਪਰਵੇਸ਼ ਕੀਤਾ। ਇਹ ਗੱਲ ਗੌਰਵ ਵਾਲੀ ਹੈ ਕਿ ਸੰ. 1970-74 ਦੇ ਸਮੇਂ ਪੰਦਰ੍ਹਾਂ ਕਹਾਣੀ ਸੰਗ੍ਰਹਿ ਪ੍ਰਕਾਸਿਤ ਕੀਤੇ ਗਏ। ਨਵੇਂ ਪੂਰ ਦੇ ਸਿਰਕਢ ਕਹਾਣੀ ਲੇਖਕ ਨਰ ਸਿੰਘ ਦੇਵ ਜਮਵਾਲ, ਸ੍ਰੀ ਵਾਸਤਵ ਵਿਕਲ, ਸ਼ਿਵ ਕੁਮਾਰ ਸ਼ਰਮਾ, ਓਮ ਗੋਸਵਾਮੀ, ਓ. ਪੀ. ਸ਼ਰਮਾ, ਛਤਰਪਾਲ, ਬੰਧੂ ਸ਼ਰਮਾ ਆਦਿ ਹਨ। ਇਨ੍ਹਾਂ ਵਿਚੋਂ ਓ.ਪੀ ਸ਼ਰਮਾ, ਬੰਧੂ ਸ਼ਰਮਾ, ਓਮ ਗੋਸਵਾਮੀ ਤੇ ਛਤਰਪਾਲ ਨਵੀਨਤਮ ਝੁਕਾਵਾਂ ਨੂੰ ਅਪਣਾਉਂਦੇ ਹਨ। ਇਨ੍ਹਾਂ ਵਿਚ ਮੰਤਵ ਦੀ ਸੁਹਿਰਦਤਾ ਹੈ, ਅਜੋਕੇ ਮਨੁੱਖ ਦੀ ਮਾਨਸਿਕ ਸਥਿਤੀ ਤੇ ਉਲਝਣਾਂ ਤੇ ਅੰਤਰਮੁਖੀ ਝਾਤ ਮਾਰਦੇ ਹਨ, ਉਨ੍ਹਾਂ ਦਾ ਮੁਸ਼ਾਹਿਦਾ ਸਪੱਸ਼ਟ ਹੈ ਤੇ ਬੋਲੀ ਤੇ ਪੂਰਾ ਕਾਬੂ ਹੈ। ਇਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਤੋਂ ਡੋਗਰੀ ਕਹਾਣੀ ਦੇ ਚੰਗੇ ਭਵਿੱਖ ਦੀ ਆਸ ਬੱਝਦੀ ਹੈ।

**ਨਾਵਲ**

ਕਹਾਣੀ ਭਾਵੇਂ ਡੋਗਰੀ, ਵਾਰਤਕ ਸਾਹਿਤ ਵਿਚ ਸਭ ਤੋਂ ਅਗਲੀ ਸਫ ਵਿਚ ਖਲੋਤੀ ਹੈ ਪਰ ਇਸ ਸਾਹਿਤ ਦੇ ਹੋਰ ਅੰਗ ਜਿਵੇਂ ਨਾਵਲ, ਤੇ ਨਾਟਕ ਦੀਆਂ ਨੀਹਾਂ ਵੀ ਰੱਖ ਚੁੱਕੀਆਂ ਹਨ, ਭਾਵੇਂ ਇਨ੍ਹਾਂ ਦਾ ਵਿਕਾਸ ਅਜੇ ਮੁੱਢਲੇ ਪੜਾਵਾਂ ਤੇ ਹੈ। ਸਭ ਤੋਂ ਪਹਿਲਾਂ ਅਸੀਂ ਨਾਵਲ ਤੇ ਝਾਤ ਮਾਰਦੇ ਹਾਂ।

ਸੰ. 1960 ਵਿਚ ਇਕੋ ਸਮੇਂ ਤਿੰਨ ਨਾਵਲ ਪ੍ਰਕਾਸ਼ਿਤ ਹੋਏ। ਇਹ ਸਨ : ਨਰਿੰਦਰ ਖਜੂਰੀਆ ਦਾ 'ਸ਼ੈਲੋ' ਮਦਨ ਮੋਹਨ ਦਾ 'ਧਾਰਾਂ ਤੇ ਧੂੜਾਂ' ਅਤੇ ਵੇਦ ਰਾਹੀ ਦਾ 'ਹਾੜ, ਬੇੜੀ ਤੇ ਪਤਣ'। ਇਨ੍ਹਾਂ ਦੇ ਪਲਾਟ ਪੇਤਲੇ, ਇਸਤਰੀ ਪਾਤਰ ਆਦਰਸ਼ਕ ਅਤੇ ਸਮਾਜਕ ਸਮੱਸਿਆਵਾਂ ਦਾ ਪ੍ਰਗਟਾ ਵਧਾ ਚੜ੍ਹਾ ਕੇ ਕੀਤਾ ਹੈ। ਪ੍ਰੋ. ਮਦਨ ਮੋਹਨ ਸ਼ਰਮਾ ਇਨ੍ਹਾਂ ਨਾਵਲਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਦਾ ਹੈ[1] :

'ਇਨ੍ਹਾਂ ਤੌਂ ਉਪ-ਨਿਆਸ 'ਚ ਸਾਡੇ ਪ੍ਰਾਂਤੀ ਜੀਵਨੇ ਦਾ ਲਗਭਗ ਹਰ ਰੂਪ ਸਾਹਮਣੇ ਉੱਘੀ ਔਂਦਾ ਐ। ਪ੍ਰਾਂਤੈ ਦੀ ਗਰੀਬੀ, ਅਗਿਆਨ, ਅੰਧ ਵਿਸ਼ਵਾਸ ਤੇ ਪੁਰਾਣੀਆਂ ਰਸਮਾਂ, [illegible], [illegible] ਤੇ ਫੀ ਐ ਸੰਘਰਸ਼ ਜਿਸ ਬਿਚਾ ਸਾਡੇ ਪ੍ਰਾਂਤੇ ਅੱਜ ਲੰਘਾ ਕਰਦੇਨ ਤੇ [illegible] [illegible]-ਦੁਸ਼ਮਨ ਤਾਕਤਾਂ ਲੜੀਆਂ ਗੁਏ ਦੇ ਸਿੱਧੇ ਸਾਧੇ ਲੋਕੇਂਗੀ ਅਗੜਾ ਨਹੀਂ [illegible] [illegible] [illegible] —ਇੰਨੇ ਸਬਨੇ ਗਲੇਂ ਦਾ ਬਰਣਨ ਇੰਨੇ ਉਪਨਿਆਸੇਂ 'ਚ ਬੜੇ [illegible] [illegible] ਪ੍ਰਭਾਵਤ ਕਰਨੇ ਆਲੇ ਢੰਗਾਂ ਕੀਤੇ ਹੋਏ ਦਾ ਐ।''

ਇਨ੍ਹਾਂ ਤਿੰਨਾਂ ਨਾਵਲਾਂ ਤੋਂ ਛੁੱਟ 1970-74 ਦੇ ਸਮੇਂ ਵਿਚ ਤਿੰਨ ਹੋਰ ਨਾਵਲ

1. [illegible]—ਡੋਗਰੀ ਸਾਹਿਤ ਦਰਸ਼ਨ, ਪੰਨਾ 86.

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ਿਤ ਹੋਏ। ਪਿਸ਼ੌਰੀ ਲਾਲ ਗੁਪਤਾ ਦਾ 'ਜਿੱਸਲੇ ਨ੍ਹੇਰਾ ਪਈ ਗਿਆ', ਸ਼ਕੁੰਤਲਾ ਸ਼ਰਮਾ ਦਾ 'ਬਦ ਸੀਸ' ਅਤੇ ਸਵਰਗੀ ਵਤਸ ਵਿਕਲ ਦਾ, 'ਫੁਲ ਬਿਨਾ ਡਾਲੀ'। ਇਸ ਅਖੀਰਲੇ ਨਾਵਲ ਨੂੰ ਸਾਹਿਤ ਅਕੈਡਮੀ ਦਾ ਅਵਾਰਡ ਦਿੱਤਾ ਗਿਆ।

ਕੇਵਲ ਛਿਆਂ ਪੁਸਤਕਾਂ ਨਾਲ ਡੋਗਰੀ ਉਪ-ਨਿਆਸ ਦਾ ਖੇਤਰ ਬਹੁਤਾ ਪ੍ਰਫੁੱਲਤ ਨਹੀਂ ਕਿਹਾ ਜਾ ਸਕਦਾ, ਪਰ ਆਰੰਭ ਤਸੱਲੀਬਖਸ਼ ਹੈ ਤੇ ਲੇਖਕਾਂ ਦੇ ਵਧਦੇ ਅਭਿਆਸ ਤੇ ਤਜਰਬੇ ਤੋਂ ਇਸ ਵਿਚ ਚੰਗੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

**ਨਾਟਕ**

ਲੋਕਾਂ ਨਾਲ ਸਿੱਧਾ ਸੰਪਰਕ ਪੈਦਾ ਕਰਕੇ ਆਪਣੀ ਬੋਲੀ, ਸਭਿਆਚਾਰ ਤੇ ਇਤਿਹਾਸਕ ਮਹਾਨਤਾ ਬਾਰੇ ਜਾਣਕਾਰੀ ਦੇਣ ਦਾ ਸਭ ਤੋਂ ਚੰਗਾ ਮਾਧਿਅਮ ਨਾਟਕ ਹੀ ਸੀ ਜੋ ਡੋਗਰੀ ਦੇ ਸਾਹਿਤਕਾਰਾਂ ਨੇ ਵਰਤੋਂ ਵਿਚ ਲਿਆਂਦਾ। ਜੰਮੂ ਵਿਚ ਰੰਗਮੰਚ ਦੀ ਰਵਾਇਤ ਪੁਰਾਣੀ ਹੈ। ਸਭ ਸੁਸਾਇਟੀਆਂ ਵਲੋਂ ਕਸਬਿਆਂ ਤੇ ਪਿੰਡਾਂ ਵਿਚ ਰਾਮਾਇਣ ਤੇ ਮਹਾਂਭਾਰਤ ਦੇ ਦ੍ਰਿਸ਼ ਵਖਾਏ ਜਾਂਦੇ। ਮਗਰੋਂ ਕਈ ਨਾਟ-ਕਲਬ ਹੋਂਦ ਵਿਚ ਆ ਗਏ ਜੋ ਇਤਿਹਾਸਕ ਜਾਂ ਮਿਥਿਹਾਸਕ ਅਤੇ ਸਮਾਜਿਕ ਨਾਟਕ ਖੇਡਣ ਦਾ ਪ੍ਰਬੰਧ ਕਰਦੇ। ਇਹ ਨਾਟਕ ਵਿਸ਼ੇਸ਼ ਤੌਰ ਤੇ ਉਰਦੂ ਹਿੰਦੀ ਜਾਂ ਪੰਜਾਬੀ ਵਿਚ ਹੀ ਹੁੰਦੇ।

ਪਰ ਚੇਤੰਨ ਤੌਰ ਤੇ ਡੋਗਰੀ ਵਿਚ ਨਾਟਕ ਲਿਖਣ ਦੀ ਰਵਾਇਤ ਅਜ਼ਾਦੀ ਤੋਂ ਬਾਅਦ ਹੀ ਚਲੀ। ਇਲਾਕਾਈ ਭਾਸ਼ਾਵਾਂ ਦੇ ਵਿਕਾਸ ਦੀ ਲਹਿਰ ਤੋਂ ਉਤੇਜਿਤ ਹੋ ਕੇ ਡੋਗਰੀ ਲੇਖਕਾਂ ਨੇ ਨਾਟਕ ਲਿਖਣੇ ਸ਼ੁਰੂ ਕੀਤੇ। ਜੰਮੂ ਰੇਡੀਓ ਦੇ ਚਾਲੂ ਹੋਣ ਨਾਲ ਰੇਡੀਓ ਨਾਟਕ ਤੇ ਇਕਾਂਗੀ ਨਸ਼ਰ ਹੋਣ ਲਗੇ। ਪਹਿਲੇ ਇਕਾਂਗੀ ਵਿਸ਼ਵਾ ਨਾਥ ਖਜੂਰੀਆ ਤੇ ਡੀ. ਸੀ. ਪ੍ਰਸ਼ਾਂਤ ਨੇ ਲਿਖੇ। ਪਰ ਡੋਗਰੀ ਨਾਟਕ ਦਾ ਮੁੱਢ ਪ੍ਰੋ. ਰਾਮ ਨਾਥ ਸ਼ਾਸਤਰੀ ਨੇ 1948 ਈ. ਵਿਚ 'ਬਾਵਾ ਜਿੱਤੋ,' ਲਿਖ ਕੇ ਬੰਨ੍ਹਿਆ। ਇਹ ਨਾਟਕ ਬਾਵਾ ਜਿੱਤੋ ਸੰਤ ਕਿਸ਼ਨ ਦੀ ਜੀਵਨੀ ਤੇ ਆਧਾਰਿਤ ਸੀ ਜੋ ਉਸੇ ਸਾਲ ਜੰਮੂ ਤੋਂ 33 ਮੀਲ ਦੂਰ ਟੋਕਰੀ ਦੇ ਸਥਾਨ ਤੇ ਹਜ਼ਾਰਾਂ ਦਰਸ਼ਕਾਂ ਦੇ ਸਾਹਮਣੇ ਸਫਲਤਾ ਨਾਲ ਖੇਡਿਆ ਗਿਆ। ਇਸ ਤੋਂ ਬਾਅਦ ਰਾਮ ਨਾਥ ਸ਼ਾਸਤਰੀ, ਦੀਨੂੰ ਭਾਈ ਪੰਤ ਤੇ ਰਾਮ ਕੁਮਾਰ ਬਰੋਲ ਤਿੰਨਾਂ ਨੇ 'ਨਮਾ ਗਰਾਂ' ਨਾਂ ਦਾ ਨਾਟਕ ਲਿਖਿਆ। ਇਸ ਵਿਚ ਸਮਾਜ ਦੀਆਂ ਸਭਨਾਂ ਬੁਰਾਈਆਂ ਦਾ ਵਰਣਨ ਸੁਧਾਰਵਾਦੀ ਢੰਗ ਨਾਲ ਕੀਤਾ। ਭਾਵੇਂ ਇਸ ਵਿਚ ਪ੍ਰਚਾਰ ਦੀ ਮਾਤਰਾ ਵਧੇਰੇ ਸੀ ਪਰ ਦਰਸ਼ਕਾਂ ਤੇ ਇਹਦਾ ਬਹੁਤ ਸਿਹਤਮੰਦ ਪ੍ਰਭਾਵ ਪਿਆ।

ਸੰਨ 1952 ਵਿਚ ਵੇਦ ਰਾਹੀ ਦਾ 'ਧਾਰੇ ਦੇ ਅਥਰੂ' ਨਾਟਕ ਪ੍ਰਕਾਸ਼ਿਤ ਹੋਇਆ। ਇਹਦੇ ਵਿਚ ਡੁੱਗਰ ਦੇ ਪਿੰਡਾਂ ਵਿਚ ਦੋਹਰੀ ਤੇ ਅਨਮੇਲ ਵਿਆਹ ਦੀ ਸਮੱਸਿਆ ਲਈ ਗਈ। ਇਸ ਦੀ ਭਾਕੀ ਪਹਾੜੀ ਹੈ ਪਰ ਬੋਲੀ ਮੈਦਾਨੀ ਹੈ ਤੇ ਨੀਲੰਬਰ ਦੇਵ ਸ਼ਰਮਾ ਅਨੁਸਾਰ ਇਸ ਤੇ ਪੰਜਾਬੀ ਦਾ ਅਸਰ ਵਧੇਰੇ ਹੈ। ਤੀਜਾ ਨਾਟਕ ਦੀਨੂੰ ਭਾਈ ਪੰਤ ਦਾ 'ਸਰਪੰਚ' ਹੈ। ਉਹਨੇ ਇਕ ਹੋਰ ਨਾਟਕ 'ਸੰਜਾਲੀ' ਨਾਂ ਹੇਠ ਪ੍ਰਕਾਸ਼ਿਤ ਕੀਤਾ। ਦੋਹਾਂ 'ਚੋਂ ਸਰਪੰਚ ਵਧੇਰੇ ਪ੍ਰਭਾਵਸ਼ਾਲੀ ਹੈ ਜਿਥੇ ਰਸੂਖ ਵਾਲੇ ਲੋਕ ਪੈਸੇ ਦੇ ਬਲਬੋਤੇ ਜੰਮੂ ਦੇ ਰਾਜੇ ਦਾ ਨਿਆਂ ਵੀ ਖ਼ਰੀਦ ਸਕਦੇ ਹਨ। ਇਨ੍ਹਾਂ ਨਾਟਕਾਂ ਤੋਂ ਛੁਟ ਸ਼ਾਹੂਕਾਰਾਂ ਦੇ ਜ਼ੁਲਮਾਂ ਨੂੰ ਨੰਗਾ ਕਰਦਾ ਨਾਟਕ 'ਦੇਹਰੀ' ਕਰਤਾ ਰਾਮ ਕੁਮਾਰ ਅਬਰੋਲ, ਡੀ. ਸੀ. ਪ੍ਰਸ਼ਾਂਤ ਦਾ ਪੁਰਾਣਿਕ

Sri Satguru Jagjit Singh Ji Elibrary NamdhariElibrary@gmail.com

ਕਹਾਣੀ ਤੇ ਆਧਾਰਤ ਨਾਟਕ 'ਦੇਵਕਾ ਜਨਮ', ਰਾਮਨਾਥ ਸ਼ਾਸਤਰੀ ਦਾ 'ਸਾਰ', ਨਰਿੰਦਰ ਖਜੂਰੀਆ 'ਢਲਦੀਆਂ ਕੰਧਾਂ' ਤੇ ਮਦਨ ਮੋਹਨ ਦੇ ਨਾਟਕ 'ਮੇਰਾ ਮਿੱਤਰ ਮੇਰੇ ਸ਼ਤਰੂ, 'ਜਨੌਰ', 'ਏਕ ਜਨਮ ਹੋਰ' (ਰੇਡੀਓ ਨਾਟਕ), ਨਰਸਿੰਘ ਦੇਵ ਜਮਵਾਲ ਦਾ 'ਮੰਧਲਿਕਾ' ਕਲਚਰਲ ਅਕੈਡਮੀ ਵਲੋਂ ਪ੍ਰਕਾਸ਼ਿਤ 'ਡੋਗਰੀ ਏਕਾਂਕੀ', ਹਿਮਾਚਲ ਵਿਚ ਛਪੇ 'ਪ੍ਰੇਖਾਂ ਇਕਾਂਗੀ' ਤੇ ਓਮ ਗੋਸਵਾਮੀ ਦੇ ਲਿਖੇ 'ਬਾਲ ਏਕਾਂਕੀ' ਵਰਣਨ ਯੋਗ ਰਚਨਾਵਾਂ ਹਨ ।

ਇਹ ਡੋਗਰੀ ਕਹਾਣੀ, ਨਾਵਲ ਤੇ ਨਾਟਕ ਦਾ ਸੰਖੇਪ ਜਿਹਾ ਸਰਵੇਖਣ ਹੈ । ਇਹ ਸਾਹਿਤਕ ਸਿਨਫਾਂ ਪੇਂਡੂ ਸਮਾਜ ਦੇ ਘੇਰੇ ਚੋਂ ਬਾਹਰ ਨਹੀਂ ਝਾਕਦੀਆਂ । ਜਿਸ ਗੱਲ ਲਈ ਡੋਗਰੀ[1] ਦੇ ਕੁਝ ਪਰਮੁਖ ਆਲੋਚਕ ਖੁਣਸ ਖਾਣ ਲਗ ਪਏ ਹਨ। ਪਰ ਜੇ ਹਕੀਕਤ ਵੇਖੀ ਜਾਏ ਤਾਂ ਡੋਗਰੀ ਜੀਵਨ ਤੇ ਪੇਂਡੂ ਰਹਿਣ ਬਹਿਣੀ ਤੇ ਸੋਚਣੀ ਦਾ ਵਧੇਰੇ ਗਲਬਾ ਹੈ । ਕਿਉਂ ਜੋ ਬਹੁਤੀ ਵਸੋਂ ਪਿੰਡਾਂ 'ਚ ਵਸਦੀ ਹੈ ਇਸ ਲਈ ਸਾਹਿਤਕਾਰਾਂ ਦਾ ਇਸ ਸਮਾਜ ਵਲ ਝੁਕਾਅ ਸੁਭਾਵਿਕ ਗੱਲ ਹੈ ।

**ਸਾਹਿਤਕ ਵਾਰਤਕ**

ਡੋਗਰੀ ਵਿਚ ਨਿਰੋਲ ਸਾਹਿਤਕ ਵਾਰਤਕ ਦੀਆਂ ਲੀਹਾਂ ਵੀ ਪੈ ਚੁੱਕੀਆਂ ਹਨ। ਸੰਨ 1961 ਤੋਂ ਪਹਿਲਾਂ ਇਸ ਤਰ੍ਹਾਂ ਦੀ ਵਾਰਤਕ ਬਹੁਤ ਘੱਟ ਮਿਲਦੀ ਹੈ । ਪਰ ਇਸ ਤੋਂ ਬਾਅਦ ਵਾਰਤਕ ਦੇ ਭਿੰਨ ਭਿੰਨ ਰੂਪਾਂ ਤੇ ਹੱਥ ਅਜ਼ਮਾਇਆ ਜਾਣ ਲਗਾ । ਸਭਿਆਚਾਰ, ਹਾਸ-ਰਸ ਤੇ ਵਿਅੰਗ, ਬਾਲ ਸਾਹਿਤ; ਆਲੋਚਨਾਤਮਿਕ ਤੇ ਸਾਹਿਤਕ ਚਰਚਾ ਤੇ ਨਿਰੋਲ ਸਾਹਿਤਕ ਨਿਬੰਧ ਵਾਰਤਕ ਦਾ ਭਾਗ ਬਣਦੇ ਗਏ । ਵਾਰਤਕ ਦੇ ਇਹ ਰੂਪ ਕੁਝ ਤਾਂ ਵਿਅਕਤੀਗਤ ਯਤਨਾਂ ਦਾ ਸਿੱਟਾ ਹਨ ਅਤੇ ਕੁਝ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਉੱਦਮ ਦਾ ਨਤੀਜਾ ਹਨ ।

ਸਭ ਤੋਂ ਪਹਿਲਾਂ ਵਿਸ਼ਵਾਨਾਥ ਨੇ ਡੋਗਰੀ ਲੋਕ-ਨਾਚ ਤੇ ਲੋਕ-ਸਾਹਿਤ ਤੇ ਲੇਖ ਲਿਖੇ । ਇਸੇ ਪ੍ਰਕਾਰ ਪ੍ਰਸਾਂਤ ਦਾ ਲਿਖਿਆ 'ਡੋਗਰੀ ਸ਼ੱਦ ਦਾ ਵਿਕਾਸ', ਸੰਸਾਰ ਚੰਦ ਤੇ ਸ੍ਰੀ ਵਿਦਿਆ ਰਤਨ ਦੇ 'ਪਹਾੜੀ ਚਿਤਰਕਲਾ' ਬਾਰੇ ਲੇਖ ਵਰਣਨ ਯੋਗ ਹਨ ।

ਪਰ ਵਾਰਤਕ ਦੀ ਸਭ ਤੋਂ ਪਹਿਲੀ ਕਿਰਤ, ਜਿਸ ਵਿਚ ਡੋਗਰੀ ਭਾਸ਼ਾ ਤੇ ਸਾਹਿਤ ਬਾਰੇ ਲੇਖ ਸ਼ਾਮਿਲ ਹਨ, ਸ੍ਰੀ ਸ਼ਿਆਮ ਲਾਲ ਸ਼ਰਮਾ ਤੇ ਉਹਦੀ ਪਤਨੀ ਸ਼ਕਤੀ ਸ਼ਰਮਾ ਦੀ ਰਚਨਾ 'ਤ੍ਰਿਵੇਣੀ' ਹੈ। ਇਸ ਤੋਂ ਛੁਟ 'ਡੋਗਰੀ ਸਾਹਿਤ ਦਰਪਣ' ਗੱਜ਼ਟੀਆਂ 'ਚ ਪੜ੍ਹੇ ਗਏ ਡੋਗਰੀ ਬੋਲੀ ਤੇ ਸਾਹਿਤ ਸੰਬੰਧੀ ਲੇਖ-ਸੰਗ੍ਰਹਿ, ਡੋਗਰੀ ਸਾਹਿਤ ਚਰਚਾ ਕਿਰਤ ਲਕਸ਼ਮੀ ਨਾਰਾਇਣ; ਡੋਗਰੀ ਕਾਵਿ ਚਰਚਾ (ਚੰਚਲ ਸ਼ਰਮਾ ਤੇ ਚੰਪਾ ਸ਼ਰਮਾ); ਸਪਤਕ (ਵਿਸ਼ਵਨਾਥ ਖਜੂਰੀਆ); 'ਸਿਆੜਾ' (ਸ਼ਕਤੀ ਸ਼ਰਮਾ) ਆਦਿ ਲੇਖਾਂ ਦੀਆਂ ਕੁਝ ਉੱਘੀਆਂ ਰਚਨਾਵਾਂ ਹਨ । ਡੋਗਰੀ ਵਿਚ ਹਾਸ ਰਸ, ਚੋਭਾਂ ਤੋਂ ਤਨਜ਼ ਭਰੇ ਲੇਖ ਵੀ ਵਿਕਾਸ ਕਰ ਰਹੇ ਹਨ । ਇਸ ਵਿਸ਼ੇ ਤੇ ਲਕਸ਼ਮੀ ਨਾਰਾਇਣ ਦੀ 'ਕੰਡਿਆਰੀ ਦੇ ਫੁਲ' ਤੇ ਜਮੂੰ ਕਸ਼ਮੀਰ ਸਰਵੇ ਆਰਗੇਨਾਈਜੇਸ਼ਨ ਦਾ ਸੰਗ੍ਰਹਿ 'ਚੁਭਾਂ ਤੇ ਹਾਸੇ', 'ਭੂਰੇ ਦੇ ਲਡੂ' ਚੰਗੀਆਂ ਕਿਰਤਾਂ ਹਨ । ਸ੍ਰੀ

1. An Introduction to Modern Dogri Literature, page 219.

Sri Satguru Jagjit Singh Ji Elibrary NamdhariElibrary@gmail.com

ਮਲਕ ਰਾਜ ਸਰਾਫ ਦੀ ਲਿਖੀ 'ਲਾਲ ਹੰਸ ਰਾਜ ਦੀ ਜੀਵਨੀ' ਤੇ ਕੁਝ ਹੀ ਵਰ੍ਹੇ ਪਹਿਲਾਂ ਛਪੀ ਕੇਦਾਰ ਸ਼ਾਸਤਰੀ ਦੀ ਪੁਸਤਕ 'ਡੋਗਰੀ ਨਿਬੰਧਾਵਲੀ' ਤੇ ਚੰਚਲ ਸ਼ਰਮਾ ਦੇ ਲਿਖੇ ਸਾਹਿਤਕ ਲੇਖਾਂ ਦਾ ਸੰਗ੍ਰਹਿ 'ਨਜ਼ਰ ਆਪਣੀ ਆਪਣੀ' ਡੋਗਰੀ ਦੀ ਉੱਚ ਪੱਧਰ ਦੀਆਂ ਕੁਝ ਸਜਰੀਆਂ ਪੁਸਤਕਾਂ ਹਨ।

ਪੁਸਤਕਾਂ ਤੋਂ ਛੁਟ ਵਾਰਤਕ ਦੇ ਵਿਕਾਸ ਅਤੇ ਪਾਠਕਾਂ ਤੇ ਸਾਹਿਤਕਾਰਾਂ ਨੂੰ ਸੇਧ ਦੇਣ ਲਈ ਕਾਗਜ਼ਾਂ ਦੇ ਮੈਗਜ਼ੀਨਾਂ ਦੇ ਡੋਗਰੀ ਵਿਭਾਗ, ਡੋਗਰੀ ਸੰਸਥਾ ਜੰਮੂ ਦਾ 'ਨਮੀਂ ਚੇਤਨਾ', ਕਲਚਰਲ ਅਕੈਡਮੀ ਵਲੋਂ ਡੋਗਰੀ ਵਿਚ 'ਸ਼ੀਰਾਜ਼ਾ' ਜੰਮੂ ਕਸ਼ਮੀਰ ਸਰਵੇ ਆਰਗੇਨਾਈਜ਼ੇਸ਼ਨ ਦਾ 'ਫੁਲਵਾੜੀ' ਅਤੇ ਓਮ ਗੋਸਵਾਮੀ ਦਾ ਪਤਰ 'ਅੰਬਰ' ਬਕਾਇਦਗੀ ਨਾਲ ਚਲਣ ਵਾਲੇ ਕੁਝ ਮਾਸਕ ਤੇ ਦੋ ਜਾਂ ਤ੍ਰੈਮਾਸਕ ਰਸਾਲੇ ਹਨ। ਡੋਗਰੀ ਵਿਚ ਅਜੇ ਕੋਈ ਦੈਨਿਕ ਪੱਤਰ ਆਪਣਾ ਸਥਾਨ ਨਹੀਂ ਬਣਾ ਸਕਿਆ।

ਡੋਗਰੀ ਦੇ ਮੌਲਿਕ ਕਾਵਿ ਸਾਹਿਤ ਅਤੇ ਗੱਦ ਸਾਹਿਤ ਤੋਂ ਛੁਟ ਇਸ ਵਿਚ ਪੱਛਮੀ ਤੇ ਭਾਰਤੀ ਉੱਨਤ ਭਾਸ਼ਾਵਾਂ ਦੇ ਪੁਰਾਤਨ ਕਲਾਸਕੀ ਅਤੇ ਆਧੁਨਿਕ ਸਾਹਿਤ ਦਾ ਅਨੁਵਾਦ ਕਰਕੇ ਵਾਧਾ ਕੀਤਾ ਜਾ ਰਿਹਾ ਹੈ। ਇਸ ਕੰਮ ਵਿਚ ਰਿਆਸਤੀ ਕਲਚਰਲ ਅਕੈਡਮੀ ਦਾ ਮਹੱਤਵਪੂਰਨ ਰੋਲ ਹੈ। ਅਕੈਡਮੀ ਵਲੋਂ ਹੀ ਡੋਗਰੀ ਸ਼ਬਦ-ਕੋਸ਼, ਅਖਾਣ ਮੁਹਾਵਰਾ ਕੋਸ਼ ਅਤੇ ਲੋਕ-ਗੀਤ ਤੇ ਲੋਕ ਕਥਾਵਾਂ ਦਾ ਪ੍ਰਕਾਸ਼ਨ ਇਕ ਹੋਰ ਵੱਡਾ ਕੰਮ ਹੈ।

ਡੋਗਰੀ ਸਾਹਿਤ ਦੀ ਉਮਰ ਤਿੰਨ ਦਹਾਕੇ ਕਹੀ ਜਾ ਸਕਦੀ ਹੈ ਤੇ ਇਸ ਦੀਆਂ ਪੁਸਤਕਾਂ ਦਾ ਭੰਡਾਰ ਪੰਜ ਸੌ ਦੇ ਲਗਪਗ ਹੈ। ਇਹ ਸਭ ਕੁਝ ਡੁਗਰ ਦੇ ਚੇਤੰਨ ਬੁਧੀ ਜੀਵੀ ਵਰਗ ਦੀਆਂ ਕੋਸ਼ਿਸ਼ਾਂ ਦਾ ਅਤੇ ਸਰਕਾਰੀ ਸਰਪ੍ਰਸਤੀ ਦਾ ਹੀ ਪ੍ਰਤੀਫਲ ਹੈ। ਡੋਗਰੀ ਨੂੰ ਸਕੂਲੀ ਸਤਰ ਤੇ ਸਹਿਜੇ ਸਹਿਜੇ ਲਾਗੂ ਕੀਤਾ ਜਾ ਰਿਹਾ ਹੈ। ਜੰਮੂ ਵਿਸ਼ਵ ਵਿਦਿਆਲੇ ਵਲੋਂ ਤਿਲਕ, ਪਰਵੀਨ ਤੇ ਸ਼ਰੋਮਣੀ ਪ੍ਰੀਖਿਆ ਦਾ ਪ੍ਰਬੰਧ ਲੋਕਾਂ ਵਿਚ ਡੋਗਰੀ ਦੀ ਅਹਿਮੀਅਤ ਦੇ ਸਮਰੱਥਾ ਦਾ ਗਿਆਨ ਪੈਦਾ ਕਰਨ ਦੇ ਸਮਾਨ ਹਨ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਡੋਗਰੀ ਦੇ ਹਿਤੈਸ਼ੀ ਤੇ ਆਲੋਚਕ ਇਸ ਦੀ ਉੱਨਤੀ ਦੇ ਰਾਹ ਵਿਚ ਕੁਝ ਰੋਕਾਂ ਤੇ ਸਮੱਸਿਆਵਾਂ ਤੋਂ ਚਿੰਤਾਤੁਰ ਹਨ। ਸ੍ਰੀ ਬਲਰਾਜ ਪੁਰੀ, ਪ੍ਰੋ. ਮਦਨ ਮੋਹਨ ਸ਼ਰਮਾ ਤੇ ਸ੍ਰੀ ਵਿਸ਼ਵਾਨਾਥ ਇਨ੍ਹਾਂ ਸਮੱਸਿਆਵਾਂ ਨੂੰ ਕੁਝ ਇਸ ਤਰ੍ਹਾਂ ਅਨੁਭਵ ਕਰਦੇ ਹਨ :

1. ਇਕ ਕੇਂਦਰੀ ਸਾਹਿਤਕ ਬੋਲੀ ਦਾ ਰੂਪ ਨਾ ਬਝਣਾ, ਡੋਗਰੀ ਦੇ ਨਿਯਮ-ਬੱਧ ਸ਼ਬਦ-ਜੋੜ ਤੇ ਮੁਹਾਵਰੇ ਦੀ ਅਣਹੋਂਦ, ਅਤੇ ਉਰਦੂ ਤੇ ਹਿੰਦੀ ਦਾ ਪ੍ਰਭਾਵ।
2. ਸਰਕਾਰ ਵਲੋਂ ਡੋਗਰੀ ਨੂੰ ਪਾਠ-ਨਿਯਮਾਂਵਲੀ ਵਿਚ ਸ਼ਾਮਿਲ ਕਰਨ ਵਿਚ ਢਿੱਲ ਮਠ।
3. ਪਾਠਕਾਂ ਦੀ ਘਾਟ।
4. ਵਿਗਿਆਨਕ ਆਲੋਚਨਾਤਮਿਕ ਸਾਹਿਤ ਦੀ ਘਾਟ।
5. ਜੰਮੂ ਤੇ ਹਿਮਾਚਲ ਵਿਚਾਲੇ ਡੋਗਰੀ ਦੇ ਨਾਮਕਰਣ ਬਾਰੇ ਤੱਤੋਂਦ ਅਤੇ ਸਾਂਝੇ ਯਤਨਾਂ ਦੀ ਅਣਹੋਂਦ।

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਸਮੱਸਿਆਵਾਂ ਦੀ ਸਫ਼ਾਈ ਨੂੰ ਜਾਨਣ ਲਈ ਕੁਝ ਵਿਚਾਰ ਕਰਨਾ ਉਚਿਤ ਜਾਪਦਾ ਹੈ। ਆਜ਼ਾਦੀ ਤੋਂ ਬਾਅਦ ਜ਼ਬਾਨਾਂ ਦੇ ਆਧਾਰ ਤੇ ਪ੍ਰਾਂਤਾਂ ਦੀ ਬਣਤਰ ਦੇ ਨਤੀਜੇ ਵਜੋਂ ਹਰ ਪ੍ਰਾਂਤ ਦੀ ਜ਼ਬਾਨ ਨੂੰ ਸਕੂਲੀ ਪੱਧਰ ਤੇ ਮਾਧਿਅਮ ਦਾ ਰੂਪ ਧਾਰਨ ਵਿਚ ਕੋਈ ਉਲਝਣ ਨਹੀਂ ਵਾਪਰੀ। ਇਨ੍ਹਾਂ ਦੇ ਸਾਹਿਤਕ ਤੌਰ ਤੇ ਵਿਕਾਸ ਹੋਣ ਕਰਕੇ ਕੁਝ ਚਿਰ ਪਹਿਲਾਂ ਹੀ ਇਹ ਮਾਧਿਅਮ ਦਾ ਕੰਮ ਸਾਰਣ ਲਗ ਪਈਆਂ ਸਨ। ਪਰ ਰਿਆਸਤ ਜੰਮੂ ਕਸ਼ਮੀਰ ਦੀਆਂ ਦੋ ਪਰਮੁੱਖ ਸੂਬਾਈ ਜ਼ਬਾਨਾਂ ਕਸ਼ਮੀਰੀ ਤੇ ਡੋਗਰੀ ਆਜ਼ਾਦੀ ਤੋਂ ਤੁਰੰਤ ਬਾਅਦ ਕੁਝ ਤਾਂ ਇਨ੍ਹਾਂ ਵਿਚ ਵਾਰਤਕ ਦੀ ਅਣਹੋਂਦ ਜਾਂ ਪਿਛਲੇ ਪੰਝੀ ਸਾਲਾਂ ਵਿਚ ਵੀ ਕੋਈ ਸਪੱਸ਼ਟ ਨੀਤੀ ਦੇ ਅਭਾਵ ਕਾਰਣ ਇਹ ਮਾਧਿਅਮ ਦੇ ਸਮਰੱਥ ਨਹੀਂ ਹੋ ਸਕੀਆਂ। ਤੇ ਮਾਧਿਅਮ ਦਾ ਕੰਮ ਕਸ਼ਮੀਰ ਵਿਚ ਉਰਦੂ (ਸਰਕਾਰੀ ਜ਼ਬਾਨ ਦੇ ਨਾਤੇ) ਅਤੇ ਜੰਮੂ ਵਿਚ ਉਰਦੂ ਤੇ ਹਿੰਦੀ ਹੀ ਸਾਰਦੀਆਂ ਹਨ। ਸੋ ਡੋਗਰੀ ਚਿੰਤਕਾਂ ਲਈ ਇਸ ਪੱਖੋਂ ਨਿਰਾਸ਼ ਹੋਣਾ ਠੀਕ ਨਹੀਂ, ਇਸ ਕੰਮ ਵਿਚ ਸਮੇਂ ਦੀ ਲੋੜ ਹੁੰਦੀ ਹੈ।

ਦੂਜਾ; ਡੋਗਰੀ ਵਿਚ ਪਾਠਕਾਂ ਦੀ ਘਾਟ ਇਸ ਦੀ ਆਪਣੀ ਲਿਪੀ ਦੇ ਵਿਕਾਸ ਦੀ ਅਣਹੋਂਦ, ਬੋਲੀ ਦੇ ਕੇਂਦਰੀ ਤੇ ਨਿਯਮਬੱਧ ਮੁਹਾਵਰੇ ਦੀ ਸਮੱਸਿਆ ਤੇ ਉਪਰੋਕਤ ਵਿਚਾਰ ਕੀਤੀ ਪਾਠ-ਨਿਯਮਾਂਵਲੀ ਵਿਚ ਡੋਗਰੀ ਦੀ ਪੜ੍ਹਾਈ ਦੀ ਘਾਟ ਆਦਿ ਕਾਰਨਾਂ ਨਾਲ ਜੁੜੀ ਹੈ। ਡੋਗਰੀ ਦੇ ਮੌਢੀ ਸਾਹਿਤਕਾਰਾਂ ਵਲੋਂ ਆਪਣੀ ਬੋਲੀ ਲਈ ਦੇਵ ਨਾਗਰੀ ਲਿਪੀ ਨੂੰ ਅਪਨਾਉਣ ਦਾ ਫੈਸਲਾ ਰਾਸ਼ਟਰੀ ਏਕਤਾ (National Integration) ਨੂੰ ਮੁੱਖ ਰੱਖਕੇ (ਜਿਵੇਂ ਕਿ ਉਨ੍ਹਾਂ ਵਲੋਂ ਦਲੀਲ ਦਿੱਤੀ ਜਾਂਦੀ ਹੈ) ਕੀਤਾ ਹੈ। ਮਹਾਰਾਜਾ ਰੰਬੀਰ ਸਿੰਘ ਦੀ ਲਿਪੀ ਸੰਬੰਧੀ ਨੀਤੀ ਨੂੰ ਹੁਣ ਉਵੇਂ ਹੀ ਸੁਰਜੀਤ ਨਹੀਂ ਕਿਹਾ ਜਾ ਸਕਦਾ ਜਿਵੇਂ ਕਸ਼ਮੀਰੀ ਜ਼ਬਾਨ ਲਈ ਇਸ ਦੀ ਢੁੱਕਵੀਂ ਤੇ ਪਹਿਲਾਂ ਪ੍ਰਚੱਲਿਤ ਲਿਪੀ, ਸ਼ਾਰਦਾ ਨੂੰ ਮੁੜ ਚਾਲੂ ਕਰਨਾ ਅਸੰਭਵ ਹੈ। ਡੋਗਰੀ ਦੇ ਨਿਯਮਬੱਧ ਸ਼ਬਦ-ਜੋੜ ਤੇ ਇਸ ਦੇ ਪ੍ਰਮਾਣੀਕ ਮੁਹਾਵਰੇ ਦਾ ਪ੍ਰਚੱਲਿਤ ਹੋਣਾ ਕਿਸੇ ਸਾਂਝੇ ਫੈਸਲੇ ਦਾ ਨਤੀਜਾ ਹੀ ਹੋ ਸਕਦਾ ਹੈ। ਇਹ ਗੱਲ ਡੋਗਰੀ ਦੇ ਲੇਖਕਾਂ ਦੀਆਂ ਰਚਨਾਵਾਂ ਤੋਂ ਸਿੱਧ ਹੋ ਜਾਂਦੀ ਹੈ ਕਿ ਸ਼ਹਿਰੀ ਜੀਵਨ ਨਾਲ ਜੁੜੇ ਹੋਏ ਲੇਖਕਾਂ ਦੀ ਬੋਲੀ ਵਧੇਰੇ ਸਾਧਾਰਣ ਤੇ ਆਮ ਫਹਿਮ ਹੈ। ਉਹ ਉਰਦੂ, ਹਿੰਦੀ ਤੇ ਪੰਜਾਬੀ ਦੇ ਪ੍ਰਭਾਵ ਵੀ ਕਬੂਲਦੇ ਹਨ। ਦੂਜੇ ਪਾਸੇ ਪੇਂਡੂ ਲੇਖਕ ਇਲਾਕਾਈ ਬੋਲੀ ਵਰਤਦੇ ਹਨ ਜੋ ਵਧੇਰੇ ਗੁਟ (synthetic) ਤੇ ਵਿਆਕਰਣਕ ਤੌਰ ਤੇ ਵਾਕ ਬਣਤਰ ਨੂੰ ਨਿਖੇੜ ਕੇ ਨਹੀਂ ਪੇਸ਼ ਕਰ ਸਕਦੀ। ਇਸ ਤੋਂ ਛੁਟ ਡੋਗਰੀ ਲੇਖਕ ਵਿਕਸਤ ਜ਼ਬਾਨਾਂ ਜਿਵੇਂ ਹਿੰਦੀ, ਉਰਦੂ, ਪੰਜਾਬੀ ਦੀ ਸ਼ਬਦਾਵਲੀ ਦੇ ਵਟਾਂਦਰੇ ਤੋਂ ਸੰਕੋਚ ਕਰਦੇ ਹਨ। ਡੋਗਰੀ ਨਾਲ ਪੰਜਾਬੀ ਸ਼ਬਦਾਵਲੀ ਤੇ ਵਿਆਕਰਣ ਸਾਂਝ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਅਤੇ ਡੋਗਰੀ ਲੇਖਕਾਂ ਵਲੋਂ ਇਸ ਸਚਾਈ ਵਲੋਂ ਅੱਖਾਂ ਮੀਟ ਲੈਣਗੀਆਂ ਯੋਗ ਰਵੱਈਆ ਨਹੀਂ ਜਾਪਦਾ। ਦੇਵਨਾਗਰੀ ਲਿਪੀ ਨੂੰ ਅਪਨਾ ਕੇ ਡੋਗਰੀ ਬੋਲੀ ਤੇ ਸਾਹਿਤ ਲਈ ਇਕ ਮੋਕਲਾ ਤੇ ਰਾਸ਼ਟਰੀ ਖੇਤਰ ਦੀ ਕਲਪਨਾ ਚੰਗੀ ਹੈ ਪਰ ਉਸ ਖੇਤਰ ਵਿਚ ਡੋਗਰੀ ਅਨੁਵਾਦ ਰਾਹੀਂ ਹੀ ਸਮਝੀ ਜਾ ਸਕੇਗੀ। ਦੂਜੇ ਪਾਸੇ ਡੁਗਰ ਦੇਸ਼ ਦੇ ਗੁਆਂਢ ਵਿਚ ਇਕ ਅਜਿਹਾ ਖੇਤਰ ਹੈ

Sri Satguru Jagjit Singh Ji Elibrary NamdhariElibrary@gmail.com

ਜਿਥੇ ਡੋਗਰੀ ਦੇ ਸਮਝਣ ਵਿਚ ਕੋਈ ਬਾਹਲਾ ਤਰਦੱਦ ਨਹੀਂ ਕਰਨਾ ਪੈਂਦਾ। ਭਾਵੇਂ ਇਹ ਦੇਵਨਾਗਰੀ ਵਿਚ ਲਿਖੀ ਹੋਵੇ ਜਾਂ ਗੁਰਮੁਖੀ ਵਿਚ ਲਿਖੀ ਹੋਵੇ। ਇਹ ਖੇਤਰ ਡੋਗਰੀ ਦੇ ਵਿਕਾਸ ਵਿਚ ਕਾਫ਼ੀ ਹੱਥ ਵਟਾ ਸਕਦਾ ਹੈ।

ਡੋਗਰੀ ਸਾਹਿਤ ਦੇ ਇਸ ਸਰਵੇਖਣ ਤੋਂ ਬਾਅਦ ਸਾਨੂੰ ਇਹ ਗੱਲ ਮੰਨਣ ਵਿਚ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ ਕਿ ਇਹ ਸਾਡੇ ਪੰਜਾਬੀ ਪਰਿਵਾਰ ਦਾ ਵਿਕਾਸ ਕਰ ਰਿਹਾ ਇਕ ਅੰਗ ਹੈ ਅਤੇ ਇਸ ਨੂੰ ਅਪਨਾਉਣਾ ਸਾਡਾ ਫ਼ਰਜ਼ ਬਣਦਾ ਹੈ। ਸਾਨੂੰ ਕੋਲ ਤੇ ਫੇਹਲ ਦੋਵਾਂ ਪੱਖਾਂ ਤੋਂ ਆਪਣੀ ਸੁਹਿਰਦਤਾ ਦਾ ਸਬੂਤ ਦੇਣਾ ਚਾਹੀਦਾ ਹੈ। ਡੁਗਰ ਦੇਸ਼ ਦੇ ਵਾਸੀਆਂ ਦੇ ਮਨਾਂ ਵਿਚ ਹੀਣਤਾਭਾਵ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਵਿਸ਼ਵਾਸ ਨੂੰ ਜਿਤਣਾ ਤੇ ਅਪਣੱਤ ਦਾ ਯਕੀਨ ਦਿਵਾਣਾ ਸਮੇਂ ਦੀ ਲੋੜ ਹੈ। ਕਿਉਂਕਿ ਦੋ ਗਵਾਢੀ ਪ੍ਰਾਂਤ ਪਰਸਪਰ ਮੇਲ ਮਿਲਾਪ ਤੋਂ ਹੀ ਲਾਭ ਲੈ ਸਕਦੇ ਹਨ, ਇਸ ਲਈ ਜ਼ਰੂਰੀ ਹੈ ਕਿ ਡੋਗਰੀ ਸਾਹਿਤ ਤੇ ਬੋਲੀ ਦਾ ਪੰਜਾਬੀ ਜਗਤ ਵਿਚ ਪ੍ਰਚਾਰ ਕਰਨ ਲਈ ਉਹ ਸਾਰੇ ਸਾਧਨ ਵਰਤੇ ਜਾਣ ਜੋ ਪੰਜਾਬੀ ਦੇ ਵਿਕਾਸ ਲਈ ਸਾਡੇ ਕੋਲ ਮੌਜੂਦ ਹਨ। ਇਸ ਸਾਹਿਤ ਨੂੰ ਪੰਜਾਬੀ ਲਿਪੀ-ਬੱਧ ਕਰਕੇ ਜਾਂ ਕੇਂਦਰੀ ਰੂਪ ਦੇ ਕੇ ਪੰਜਾਬ ਵਿਚ ਮਕਬੂਲ ਬਣਾਇਆ ਜਾ ਸਕਦਾ ਹੈ। ਪੰਜਾਬ ਦੇ ਵਿਸ਼ਵ-ਵਿਦਿਆਲੇ ਤੇ ਭਾਸ਼ਾ ਵਿਭਾਗ ਇਸ ਕੰਮ ਵਿਚ ਵਧੇਰੇ ਸਹਾਈ ਹੋ ਸਕਦੇ ਹਨ। ਇਸ ਦਾ ਪਰਿਣਾਮ ਇਹ ਹੋਵੇਗਾ ਕਿ ਜਿਥੇ ਦੋਹਾਂ ਪ੍ਰਾਂਤਾਂ ਦੀਆਂ ਸਾਂਝਾਂ ਪੱਕੀਆਂ ਹੋਣਗੀਆਂ ਉਥੇ ਪੰਜਾਬੀ ਸਾਹਿਤ ਵਿਚ ਇਕ ਮਹੱਤਵਪੂਰਣ ਵਾਧਾ ਵੀ ਹੋਵੇਗਾ।

Sri Satguru Jagjit Singh Ji Elibrary NamdhariElibrary@gmail.com

# ਡੋਗਰੀ ਕਵਿਤਾ ਅਤੇ ਲੋਕ ਗੀਤ

ਪ੍ਰੋ. ਸੇਵਾ ਸਿੰਘ ਦੇ ਪੇਪਰ ਪੇਸ਼ ਕਰਨ ਤੋਂ ਬਾਅਦ ਵਿਉਂਤ ਪ੍ਰੋਗਰਾਮ ਅਨੁਸਾਰ ਵਿਚਾਰ-ਵਟਾਂਦਰੇ ਤੋਂ ਪਹਿਲਾਂ ਡੋਗਰੀ ਕਵਿਤਾ ਦਾ ਉਚਾਰਨ ਅਤੇ ਡੋਗਰੀ ਗੀਤ ਗਾਏ ਜਿਨ੍ਹਾਂ ਨੇ ਪਹਿਲੀ ਵਾਰ ਆਪਣਾ ਹੀ ਸਮਾਂ ਬਨ੍ਹਿਆ। (ਸੰਪਾਦਕ)

## 1. ਕੁੱਥੇ ਕੀਆ ਤੁਗੀ ਪੁਕਾਰਾਂ

– ਤਾਰਾ ਸਮੇਲ ਪੁਰੀ

ਛੁਪਲੇ ਛੁਪਲੇ ਪੈਰੇਂ ਜੀਆਂ
ਸੌਨੇ ਦੀ ਇਕ ਕਾਲ ਘਟਾ ਬਾ
ਬਿਜਲੀ ਮਿਲਕੀ ਲੋਪ ਹੋਈ ਜਾ
ਕਿੰਨੀ ਸੁੰਦਰ, ਕਿੰਨੀ ਭੋਲੀ
ਨੀਮੀਆਂ ਨਜ਼ਰਾਂ
ਤੇਰੀ ਇਕ ਮੁਸਕਾਨ ਛਲੀ ਗੇਈ
ਘਾਲ ਮਨੈ ਪਰ ਕੇ ਕੇ ਬੀਤੀ
ਕਿਆਂ ਦਸਾਂ
ਕੁਨ ਕੋਈ ਜਾਨੈ
ਨੈਨ ਨਸ਼ੀਲੇ
ਮਧ ਪਿਆਲੇ ਜਨ
ਮੇਰੀ ਉਜੜੀ ਆਸੇਂ ਅੰਦਰ
ਉਂ ਆਂਗੀ ਅਜੇਂ ਛਲਨੇ ਕਰਦੇ
ਉਲਕੇ ਕਰਦੇ
ਪਰ ਤੇਰੀ ਕੋਈ ਦੱਸ ਨੀ ਪੌਂਦੀ
ਬੋਲ ਮੇਰੀ ਕਵੀਤਾ ਦੀਏ ਲੜੀਏ
ਸੁੰਨੀ ਰਾਤੀਂ ਯਾਦ ਤੇਰੀ ਫੀ
ਜਿਆ ਇਕ ਨਮਾਨਾ ਪੰਛੀ
ਨਿਮੋਂ ਝਾਣਾ
ਹਿਰਖੇ ਡੁੱਬਾ
ਡਾਲੀ ਬੈਠਾ ਤਾਰ ਮਨੈ ਕੇ ਛੇੜੀ ਦਿੰਦਾ

Sri Satguru Jagjit Singh Ji Elibrary NamdhariElibrary@gmail.com

ਪੀ ਪੀ ਕਰਦਾ ਭਰੇ ਉਡਾਰੀ
ਬਣੀ ਪਪੀਹਾ ਗਾਸੇ ਚੜ੍ਹਦਾ
ਸੁੰਨ ਮਸੁੰਨੇ ਕਾਲੇ ਅੰਬਰ
ਰਾਤ ਰਾਤ ਭਰ ਦੂਰ ਦੂਰ ਤਕ
ਪੀ ਪੀ—ਪੀ ਪੀ
ਭਾਖਾਂ ਲਾਂਦਾ
ਅਤੀ ਬਜੋਗੀ ਆਲੇ ਦਿੰਦਾ
ਪਰ ਦੋਰੀ ਕੋਈ ਦੱਸ ਨੀ ਪੌਂਦੀ
ਬੋਲ ਮੇਰੀ ਕਵਿਤਾ ਦੀਏ ਲੜੀਏ
ਕੁਥੇ ਕੀਆਂ ਤੁਗੀ ਪੁਕਾਰਾਂ, ਬੋਲ ਮੇਰੀ ਕਵਿਤਾ ਦੀਏ ਲੜੀਏ
ਡੋਹ ਡੋਹ ਕਰਦੀ ਚਾਨਣੀਆਂ ਵਿਚ
ਚਿੱਟੀ ਚਿੱਟੀ ਨਿਰਮਲ ਰਾਤੀਂ
ਏ ਮਨ ਬੋਰਾ
ਸੁੰਨੇ ਜਾੜੈ
ਚਕਰਾ ਬਨੀਏਂ ਨਦੀ ਕਿਨਾਰੇ
ਜੋਰੈ ਜੋਰੈ ਨੇ ਕਰਲਾਂਦਾ
ਪਾਰ ਕੁਆਰੇ ਭਾਖਾ ਲਾਂਦਾ
ਅਤੀ ਬਜੋਗੀ ਜਾੜ ਬਝੌਂਦਾ
ਚਿੱਤੇ ਦੀ ਸਭ ਪੀਲ ਡੱਲੀਏਂ
ਰੋਂਦੀ ਰੋਂਦੀ ਟਾਪਾ ਹੋਈ ਜਾਂਦਾ
ਨਿੰਮੋਝਾਣੀ ਯਾਦ ਕੁਸੈ ਦੀ
ਅੱਥਰੂਐਂ ਦਾ ਤੇਲ ਬਣਾਈ ਐ
ਨੈਨੇ ਦੇ ਦੋ ਦੀਪਕ ਬਾਲੀਂ
ਦੂਰ ਦੂਰ ਤਕ ਬਿਟ ਬਿਟ ਦਿੱਖੈ
ਪਰ ਤੇਰੀ ਕੋਈ ਦਿੱਸ ਨੀ ਪੌਂਦੀ
ਬੋਲ ਮੇਰੀ ਕਵਿਤਾ ਦੀਏ ਲੜੀਏ
ਕੁੱਥੇ ਕੀਆਂ ਤੁਗੀਂ ਪੁਕਾਰਾਂ, ਬੋਲ ਮੇਰੀ ਕਵਿਤਾ ਦੀਏ ਲੜੀਏ
ਵਿਆਕੁਲ ਮਨ
ਭੌਰਾ ਜਨ ਬਨੀਐ
ਜੰਗਲ ਜਾਲੇ
ਪਹਾੜ ਜੁਆੜੈਂ
ਉਚੀ ਧਾਰੇ
ਜੁਗੋ ਜੁਗੋ ਥੋ ਥਾਂ ਥਾਂ ਭੜਕੈ
ਢੂੱਲੇ ਉਪਰ ਚੱਕਰ ਕੱਟੈ

Sri Satguru Jagjit Singh Ji Elibrary NamdhariElibrary@gmail.com

ਕਲੀ ਕਲੀ ਥੋਂ ਸਾਰ ਪਛਾਣੇ
ਫੁੱਲੋ ਦੀ ਮੁਸਕਾਨੇ ਅੰਦਰ
ਤੇਰਾ ਰੂਪ ਛਲੈ ਆ ਉਲਕੇ
ਗਾਸੇ ਦੀ ਇਸ ਨੀਲ ਤਨੈ ਬਿਚ
ਤੇਰੀ ਹੀ ਮੁਸਕਾਨ ਭਰੀ ਦੀ
ਏ ਗਾਸੈ ਦਾ ਚੰਨ ਬਣੇਂਦਾ
ਤੇਰੇ ਹੀ ਮੱਥੇ ਦੀ ਬਿੰਦੀ
ਸੂਰਜ
ਚੰਨ
ਏ ਤਾਰੇ ਚਮਕਨ
ਸਬ ਤੇਰੇ ਹੀ ਗੋਹਨੇ ਬੰਧੇ
ਟਿੱਕਾ
ਬਿੰਦੀ
ਹਾਰ
ਪੰਜੇਬਾ
ਪਰ ਤੇਰੀ ਕੋਈ ਦਿਸ ਨਾ ਪੌਂਦੀ
ਬੋਲ ਮੇਰੀ ਕਵੀਤਾ ਦੀਏ ਲੜੀਏ,
ਕੁਥੇ ਕੀਆਂ ਤੁਗੀ ਪੁਕਾਰਾਂ,
ਬੋਲ ਮੇਰੀ ਕਵੀਤਾ ਦੀਏ ਲੜੀਏ ।

## 2. 'ਕੁੰਡਿਆ'

ਜੰਗ ਬਹਾਦਰ ਸਿੰਘ ਵੱਲੋਂ ਗਾਇਆ ਗਿਆ ਹੈ

ਕਪੜੇ ਧੋਆਂ ਕਣੇਂ ਰੋਆਂ ਕੁੰਡਿਆ,
ਮੁਖੋਂ ਬੋਲੇ ਜੁਆਨੀ ਹੋ ।
ਹਥੀ ਬਿਚ ਰੇਸ਼ਮੀ ਰੁਮਾਲ ਚੌਂਚਲੋ,
ਬਿਚ ਛੱਲਾ ਨਿਸ਼ਾਨੀ ਹੋ ।
ਕਾਲੀਆਂ ਅੱਖੀਆਂ, ਐਥੋਂ ਦੀਆਂ ਫਾੜੀਆਂ,
ਬਿਚ ਅਥਰੂ ਨਿਸ਼ਾਨੀ ਹੋ ।
ਕਪੜੇ ਧੋਆਂ..............................
ਅੱਧੀ ਅੱਧੀ ਰਾਤੀ ਨਾ ਆਵੀਂ ਕੁੰਡਿਆ,
ਪੰਜ ਭਰੀਆਂ ਬੰਦੂਕਾਂ ਹੋ.........
ਮੇਰੀਏ ਜਿੰਦੇ, ਪੰਜ ਭਰੀਆਂ . ............

Sri Satguru Jagjit Singh Ji Elibrary NamdhariElibrary@gmail.com

ਅੱਧੀ ਅੱਧੀ ਰਾਤੀ ਅਸਾਂ ਔਣਾ ਚੈਂਚਲੋਂ,
ਕੇ ਕਰਨਾ ਲੋਕਾਂ ਹੋ............
ਮੇਰੀਏ ਜਿੰਦੇ, ਕੇ ਕਰਨਾ ਲੋਕੇਂ ਹੋ.........
ਕੱਲੇ ਦੀ ਰਾਤੀ ਅਸੀਂ ਟੁਰੀ ਜਾਣਾ ਚੈਂਚਲੋਂ।
ਕੰਮ ਪਈ ਗਿਆ ਭਾਰੀ ਹੋ।
ਮੇਰੀਏ ਜਿੰਦੇ ਕੰਮ ਪਈ..................
ਕੱਲੇ ਦੀ ਰਾਤੀ ਨਾ ਜਾਵੀਂ ਕੂੰਝਿਆ,
ਦੋਇਆਂ ਜਿੰਦੜੀਂ ਵਾਰੀ ਹੋ,
ਮੇਰੀਏ ਜਿੰਦੇ ਦੋਇਆਂ ਜਿੰਦੜੀ............
ਕਪੜੇ ਧੋਆਂ ਕਣੈਂ ਰੋਆਂ...............

## 3. ਗਜ਼ਲ

ਸਪਨ ਮਾਲਾ

ਉਡਾਰੂ ਜਦ ਵੀ ਉਠਦੇ ਨੇ, ਪਰਾਂ ਨੂੰ ਤੋਲ ਉਠਦੇ ਨੇ,
ਉਡਾਰੀ ਅੰਤ ਦੀ ਲੈ ਕੇ ਵੀ, ਧਰਤੀ ਕੋਲ ਉਡਦੇ ਨੇ।
ਹਵਾਵਾਂ ਨਾਲ ਉਡਦੇ ਵਾ ਵਰੋਲੇ, ਨਹੀਂ ਕਿਸੇ ਭਾਖੇ,
ਕਿੰਨ੍ਹਾਂ ਦੇ ਪੋਲ ਖੁਲ੍ਹਦੇ ਨੇ, ਕਿੰਨ੍ਹਾਂ ਦੇ ਪੋਲ ਉਡਦੇ ਨੇ।
ਜਿਨ੍ਹਾਂ ਦੀ ਰੀਝ ਹੈ ਗਗਨਾਂ ਤੇ ਘੁੰਮਣਾ ਮੁੜ ਪਰਤ ਆਣਾ,
ਉਹ ਖਾਂਦੇ ਨਹੀਂ ਕਲਾ ਬਾਜੀ, ਤੇ ਐਹਲ ਅਡੋਲ ਉਠਦੇ ਨੇ।
ਜ਼ਮਾਨਾ ਕਿਸ ਨੂੰ ਫਟਕਾਰੇ ਜ਼ਮਾਨਾ ਕਿਸ ਨੂੰ ਸਤਕਾਰੇ,
ਕਿਸੇ ਦੀ ਬਾਤ ਉਠਦੀ ਏ ਕਿਸੇ ਦੇ ਬੋਲ ਉਠਦੇ ਨੇ।
ਕਨਾਂਧਾ ਬਿਰਹਾ ਦਾ ਜਦ ਅੰਤਲੇ ਹੱਡ ਖੋਰ ਕੇ ਖਾ ਲਵੇ,
ਤਾਂ ਸੱਖਣਾ ਖੋਲ ਰਹਿ ਜਾਵੇ, ਤੇ ਸੱਖਣੇ ਖੋਲ ਉਡਦੇ ਨੇ।
ਜਦੋਂ ਸ਼ਰਮਾਂ ਦੀ ਰਾਖੀ ਕਰਨ ਲਈ ਬੇਸ਼ਰਮ ਬਹਿ ਜਾਵਨ,
ਤਾਂ ਅਖਲਾਕਾਂ ਦੇ ਪਰੱਖਚੇ ਬੜੇ ਹੀ ਸੌਹਲ ਉਡਦੇ ਨੇ।
ਜਦੋਂ ਨੈਨਾਂ ਦੀਆਂ ਸਿੱਪਾਂ ਦੇ ਮੋਤੀ ਧਰਤ ਤੇ ਖਿਲਰਨ,
ਤਾਂ ਉਹ ਘਨਮੋਲ ਨਹੀਂ ਹੁੰਦੇ ਸਗੋਂ ਬੇਮੋਲ ਉੱਡਦੇ ਨੇ।
ਜਿਹੜੇ ਸੁਧਰੀ ਸੁਖਾਵੀਂ ਜ਼ਿੰਦਗੀ ਦਾ ਦਮ ਨਹੀਂ ਭਰਦੇ,
ਅਜਿਹੇ ਘਰਮੋਲਿਤ ਪਾ ਕੇ ਬੜਾ ਘਮਰੋਲ ਉਡਦੇ ਨੇ।

Sri Satguru Jagjit Singh Ji Elibrary NamdhariElibrary@gmail.com

ਪਛਾਵੇਂ ਮੋਰ ਨਾ ਆਵਣ ਤੇ ਚਾਰੇ ਪਹਿਰ ਲੰਘ ਜਾਵਣ,
ਤਾਂ ਫੇਰ ਕਿਸ ਕਾਰ ਉਹ ਆਵਨ ਜੋ ਪਾਣੀ ਛੋਲ ਉਡਦੇ ਨੇ।

ਜਿਹੜਾ ਚਾਹੁੰਦੇ ਨਹੀਂ ਕਿ ਉਡਦਿਆਂ ਦੇ ਪਰ ਗਿਣੇ ਕੋਈ,
ਉਹ ਡਾਰਾਂ ਨਾਲ ਉਡਦੇ ਨੇ ਤੇ ਪਾ ਕੇ ਰੌਲ ਉਡਦੇ ਨੇ।

## 4. 'ਚੰਨ'

ਜੰਗ ਬਹਾਦਰ ਸਿੰਘ ਵਲੋਂ

ਚੰਨ ਮ੍ਹਾੜਾ ਚੜਿਆ ਤੇ ਲਗਾ ਪਰਦਖਣਾ।
ਖਾਣਾ ਪੀਣਾ ਅਪਣਾ ਤੇ ਚੇਤਾ ਸ੍ਹਾੜਾ ਰਖਣਾ।
ਚੰਨ ਮ੍ਹਾੜਾ ਚੜਿਆ ਤੇ ਭਿੰਬਰ ਰਜੌਰੀਆ।
ਬਣੀ ਜਾਇਆਂ ਪਖਰੂ ਤੇ ਮਿਲੀ ਜਾਇਆ ਚੋਰੀਆ।
ਚੰਨ ਮ੍ਹਾੜਾ ਚੜਿਆ ਤੇ ਲਗਾ ਜੰਮੂ ਛੌਣੀਆਂ।
ਅਸੈਂ ਚਲੀ ਜਾਣਾ ਤੇ ਗਲਾਂ ਚੇਤੇ ਰੌਣੀਆਂ।
ਚੰਨ ਮ੍ਹਾੜਾ ਚੜਿਆ ਤੇ ਪਾਰ ਖੋਹਾ ਚੌਂਦੀਆਂ।
ਸ਼ੀਸ਼ੇ ਆਲੇ ਗਜਰੇ ਤੇ ਰੌਂਚ ਮਾਰਾਂ ਪੌਂਦੀਆਂ।
ਚੰਨਾਂ ਦੀਆਂ ਹਟੀਆ ਮੈਂ ਨਾਰਦਾਨਾ ਛਟਿਆ।
ਅਸੈਂ ਤੇਰੀ ਖਾਤਰ ਚੰਨਾ ਜੇਲ-ਖਾਨਾ ਕਟਿਆ।
ਚੰਨਾਂ ਦੀਆਂ ਹਟੀਆ ਮੈਂ ਨਾਰਦਾਨਾ ਤੋਲਿਆ।
ਉਮਰਾਂ ਓ ਬੀਤੀ ਗਈਆਂ ਭੇਤ ਨਇਉਂ ਖੋਲਿਆ।

## 5. ਗਜ਼ਲ

ਤਾਰਾ ਸਮੈਲ ਪੁਰੀ

ਤੂੰਦੀ ਜੇ ਚੰਚਲ ਨਜ਼ਰੇ ਦਾ, ਇਕ ਬਿੰਦ ਕ ਸ਼ਾਰਾ ਹੋਈ ਜਾਂਦਾ,
ਫਿਰੀ ਔਧ ਮਝਾਟੇ ਡੁਬਦੇ ਦਾ ਬੀ ਪਾਰ ਤੁਆਰਾ ਹੋਈ ਜਾਂਦਾ।
ਛਾਤੀ ਪਰ ਮੂੰਗ ਦਲੌਂਦੇ ਰੇ, ਪਰ ਹੱਸਦੇ ਹੱਸਦੇ ਜਰਦੇ ਰੇ,
ਜੇ ਉਫ ਬੀ ਕਰਦੇ, ਲੋਕੇਂ ਲੱਦੀ ਗੱਲੈਗੀ ਬਾਹਰਾ ਹੋਈ ਜਾਂਦਾ।
ਨਫਰਤ ਦੀ ਅੰਧੀ ਚਲਦੀ ਏ, ਹਿਰਖੇ ਦੀਆਂ ਪੱਤੀਆਂ ਉਡਦੀਆਂ ਨੇ,
ਫੀ ਬੱਸਦਾ ਰੱਸਦਾ ਬਾਗ ਮਨਾ, ਉੱਜੜੇ ਦਾ ਦਾਰਾ ਹੋਈ ਜਾਂਦਾ।

Sri Satguru Jagjit Singh Ji Elibrary NamdhariElibrary@gmail.com

ਤੁਸ ਮੁੰਬਾਂ ਬਨੀਐ ਸੱਤ ਬਖਲੇ, ਤੇ ਦੂਰੋਂ ਦੂਰੋਂ ਲੰਗਦੇ ਰੇ,
ਇਕ ਬਾਰ ਬੀ ਕੋਲੋਂ ਲੰਘਦੇ ਤਾਂ ਕਿਸ ਹੋਰ ਨਜ਼ਾਰਾ ਹੋਈ ਜਾਂਦਾ।

ਅਸ ਹਾਰ ਖੜੇ ਤੁਸ ਪਾਰ, ਖੜੇ ਤੇ ਮੰਝੇ ਮਾਰੂ ਭੌਂੜਾ ਨਾ,
ਸੂਾੜਾ ਬੀ ਜਿਗਰਾ ਦਿਖਦੇ ਫੀ ਜੇ ਖਿੰਦਕ ਸ਼ਾਰਾ ਹੋਈ ਜਾਂਦਾ।

## 6. ਗੀਤ

### ਸਪਨ ਮਾਲਾ

ਹਾੜਾ ਬੇਈਮਾਨ ਲਾ ਝੂਠਾ ਲਾਰਾ
ਇਕ ਵਾਰ ਤਾਂ ਕਰ ਦੇ ਜੰਨਤ ਲਈ ਸ਼ਾਰਾ

ਹਾੜਾ ਬੇਈਮਾਨ......

ਮੇਰੀ ਤਲੀ ਤੇ ਧਰ ਦੇ ਇਕ ਹੰਝੂ ਖਾਰਾ
ਹੁਜਰੇ ਬੈਠਨ ਲਈ ਦਸ ਦੇ ਕੋਈ ਢਾਰਾ

ਹਾੜਾ ਬੇਈਮਾਨ.........

ਰਤਾ ਹੁੰਭ ਕੇ ਪਾ ਦੇ ਨੈਨਾਂ ਧੀ ਲੋਦੇ
ਅੰਬਰੋਂ ਦਾ ਝਿਲਮਿਲ ਕਰਦਾ ਕੋਈ ਤਾਰਾ

ਹਾੜਾ ਬੇਈਮਾਨ.........

ਜਿੰਦ ਹੀਰ ਸਲੇਟੀ ਤੋਂ ਰਾਂਝਣ ਹੋ ਜਾ
ਵੱਸ ਜਾਵੇ ਦਿਲ ਦਾ ਇਹ ਤਖਤ ਹਜ਼ਾਰਾ

ਹਾੜਾ ਬੇਈਮਾਨ..........

ਮੈਨੂੰ ਕੰਡੇ ਦੇ ਤੋਂ ਸੌਖਾ ਹੋ ਜਾ
ਅਤੇ ਮੈਥੋਂ ਲੈ ਜਾ ਫੁੱਲਾਂ ਦਾ ਖਾਰਾ

ਹਾੜਾ ਬੇਈਮਾਨ.........

ਤੇਰੀ ਯਾਦ ਦੀ ਮੂਰਤ ਰਹੇ ਦਿਲ ਦੇ ਅੰਦਰ
ਇਹ ਦੇਹ ਬਣ ਜਾਵੇ ਇਕ ਠਾਕੁਰ ਦੁਆਰਾ

ਹਾੜਾ ਬੇਈਮਾਨ.........

ਤੋਂ ਮਾਸ ਦਾ ਲੋਭੀ ਖਾ ਬੋਟੀ ਬੋਟੀ
ਹੱਡੀਆਂ ਦਾ ਚਿਨ ਲੈ ਇਕ ਮਹਲ ਮੁਨਾਰਾ

ਹਾੜਾ ਬੇਈਮਾਨ.........

Sri Satguru Jagjit Singh Ji Elibrary NamdhariElibrary@gmail.com

ਕੁਜ ਘੋਲ ਦੇ ਜੋਹਰਾਂ ਪੌਨਾਂ ਦੇ ਸਾਹੀ
ਹੋ ਜਾਏ ਮੇਰੇ ਜਿਅਨੇ ਦਾ ਚਾਰਾ

ਹਾੜਾ ਬੇਈਮਾਨ.........

ਤੇਰਾ ਨਾਮ ਸਿਮਰਦੇ ਮਾਲਾ ਦੇ ਮਨਕੇ
ਅਸਾਂ ਮੰਗ ਲੇ ਆਂਦਾ ਇਕ ਰੱਬ ਉਚਾਰਾ

ਹਾੜਾ ਬੇਈਮਾਨ.........

ਇਕ ਵਾਰ ਦਵਾ ਦੇ ਮੈਨੂੰ ਇਸ਼ਕ ਹੁਲਾਰਾ

ਹਾੜਾ ਬੇਈਮਾਨ.........

## 7. ਗੁਜਰੀ

ਜੰਗ ਬਹਾਦਰ ਸਿੰਘ ਵਲੋਂ

ਕੁਥੇਂਆਂ ਦਾ ਆਂਦੀ ਤੇਰੀ ਬੇ ਗੁਜਰੀ,
ਤੇ ਕੁਥੇਆਂ ਦਾ ਆਯਾ ਜ਼ਿਮੀਂਦਾਰ ।
ਕਿ ਕਿਹ ਕੰਮ ਕਰੈ ਬੇ ਤੇਰੀ ਗੁਜਰੀ,
ਕਿਹ ਕਿਹ ਕੰਮ ਕਰੈ ਜਿਮੀਂਦਾਰ ।
ਮੱਝੀਆਂ ਚਾਰੈ ਤੇਰੀ ਗੁਜਰੀ,
ਸਚੈਂ ਗੌਆ ਚਾਰੈ ਜਿਮੀਂਦਾਰ ॥
ਗੌਆਂ ਨੈ ਮਾਰੀ ਬੇ ਲੱਤ ਦੀ,
ਮੇਰੀ ਕੌਰੀ ਭਣੀ ਬੇ ਹੱਥ ਦੀ,
ਕਣੈਂ ਬੇਸਰ ਭਣੀ ਬੇ ਣੱਕ ਦੀ,
ਕਣੈਂ ਚਾਦਰ ਫਟੀ ਲਠੇ ਦੀ,
ਮੇਰਾ ਮੋਤੀ ਚਲੈ ਹੱਲ ਹਜ਼ਾਰ ।

## 8. ਗੀਤ

ਸਪਨ ਮਾਲਾ

ਇਕ ਚੰਨ ਝਮੱਕੇ ਮਾਰੇ ਭਈ ਬੱਲੇ
ਨਾਲੇ ਚਮਕਣ ਤਾਰੇ ਭਈ ਬੱਲੇ
ਖੇਡਨ ਆਖਿਆਂ ਦੇ ਵੇਹੜੇ ਲੈ ਹੱਲਾ ਸ਼ੇਰੀ
ਹੰਝੂ ਖਾਰੇ ਖਾਰੇ ਭਈ ਬੱਲੇ ਬੱਲੇ

Sri Satguru Jagjit Singh Ji Elibrary NamdhariElibrary@gmail.com

ਜੰਮੇ ਹਨ ਕੱਚ ਦੇ ਪੁਤਲੇ ਲੈ ਹੱਲਾ ਸ਼ੇਰੀ
ਸਾਰੇ ਟੁੱਟਣ ਹਾਰੇ ਭਈ ਬੱਲੇ ਬੱਲੇ
ਖੋਹ ਦਿਲ ਹੋ ਗਏ ਨੇ ਰਾਹੀ ਲੈ ਹੱਲਾ ਸ਼ੇਰੀ
ਪ੍ਰੀਤਾਂ ਦੇ ਹਤਿਆਰੇ ਭਈ ਬੱਲੇ ਬੱਲੇ
ਮੋਤੀ ਦੀ ਕਾਹਦੀ ਹਾੜਾਂ ਹੁਨ ਹੱਲਾ ਸ਼ੇਰੀ
ਉਮ੍ਰ ਹੀ ਲਾ ਗਈ ਲਾਰੇ ਭਈ ਬੱਲੇ ਬੱਲੇ
ਇਕ ਜਿੰਦ ਵਿਹਾਜੀ ਸਾਇਆਂ ਲੈ ਹੱਲਾ ਸ਼ੇਰੀ
ਬੈਹ ਸ਼ਗਨਾ ਦੇ ਖਾਰੇ ਭਈ ਬੱਲੇ ਬੱਲੇ
ਅਸਾਂ ਮਨਸ ਪੂਜ ਕੇ ਛੋੜੇ ਲੈ ਹੱਲਾ ਸ਼ੇਰੀ
ਇਹ ਅਰਮਾਨ ਬਿਚਾਰੇ ਭਈ ਬੱਲੇ ਬੱਲੇ
ਕੋਹੜੀ ਵੇ ਤਬੀਬਾ ਕੋਹੜੀ ਲੈ ਹੱਲਾ ਸ਼ੇਰੀ
ਮੁੜ ਨਹੀਂ ਚੱਲਣੇ ਚਾਰੇ ਭਈ ਬੱਲੇ ਬੱਲੇ
ਸਾਵੇ ਜਗਦੇ ਨਹੀਂ ਦੀਵੇ ਲੈ ਹੱਲਾ ਸ਼ੇਰੀ
ਮਾਲਾ ਦੇ ਲਿਸ਼ਕਾਰੇ ਭਈ ਬੱਲੇ ਬੱਲੇ ।

Sri Satguru Jagjit Singh Ji Elibrary NamdhariElibrary@gmail.com

# ਵਿਚਾਰ-ਵਿਟਾਂਦਰਾ

**ਡੋਗਰੀ ਕਵਿਤਾਵਾਂ/ਗੀਤਾਂ ਤੋਂ ਬਾਅਦ, ਕਾਫੀ ਬਰੇਕ ਉਪਰੰਤ, ਪ੍ਰੋ. ਸੇਵਾ ਸਿੰਘ ਵੱਲੋਂ ਪੇਸ਼ ਕੀਤੇ ਗਏ ਪੇਪਰ ਉਤੇ ਵਿਚਾਰ-ਵਿਟਾਂਦਰਾ ਸ਼ੁਰੂ ਹੋਇਆ।**

**(ਸੰਪਾਦਕ)**

**ਅਮਰਜੀਤ ਸਿੰਘ :** ਇਸ ਤੋਂ ਪਹਿਲਾਂ ਕਿ ਮੈਂ ਬੇਨਤੀ ਕਰਾਂ ਉਨ੍ਹਾਂ ਵਿਦਵਾਨਾਂ ਨੂੰ ਜਿਨ੍ਹਾਂ ਨੇ ਵਿਚਾਰ-ਵਿਟਾਂਦਰੇ ਵਿਚ ਹਿੱਸਾ ਲੈਣਾ ਹੈ, ਇਕ ਦੋ ਚੀਜ਼ਾਂ ਪ੍ਰੋਗਰਾਮ ਦੀ ਬਾਬਤ ਅਸੀਂ ਉਲੀਕੀਆਂ ਹਨ, ਉਹ ਦਸਣਾ ਚਾਹੁੰਦਾ ਹਾਂ। ਪਹਿਲਾ 'ਪਟਿਆਲਾ ਦਰਸ਼ਨ' ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਸ਼ਾਮ ਨੂੰ ਸਾਢੇ ਪੰਜ ਵਜੇ ਯੂਨੀਵਰਸਿਟੀ ਬਸ ਇਸ ਵਾਸਤੇ ਚਲੇਗੀ। ਦੂਸਰਾ ਇਹ ਕਿ ਸਾਢੇ ਸਤ ਵਜੇ (ਸ਼ਾਮ) ਆਰਟਸ-ਆਡੀਟੋਰੀਅਮ ਵਿਚ ਇਕ ਸਭਿਆਚਾਰਕ ਪ੍ਰੋਗਰਾਮ ਰੱਖਿਆ ਗਿਆ ਹੈ।

ਹੁਣ ਅਸੀਂ ਵਿਚਾਰ-ਵਿਟਾਂਦਰਾ ਸ਼ੁਰੂ ਕਰਦੇ ਹਾਂ :

1. **ਡਾ. ਜਸਬੀਰ ਸਿੰਘ ਆਹਲੂਵਾਲੀਆ :** ਮਾਨਯੋਗ ਵਾਈਸ-ਚਾਂਸਲਰ ਜੀਓ, ਵਿਦਵਾਨ ਸਾਥੀਓ! ਸਭ ਤੋਂ ਪਹਿਲਾਂ ਤਾਂ ਮੈਂ ਵਧਾਈ ਦਿੰਦਾ ਹਾਂ ਇਸ ਯੂਨੀਵਰਸਿਟੀ ਨੂੰ, ਵਾਈਸ-ਚਾਂਸਲਰ ਸਾਹਿਬਾ ਨੂੰ, ਇਸ ਵਿਭਾਗ ਨੂੰ ਤੇ ਉਨ੍ਹਾਂ ਦੇ ਮੁਖੀ ਜਿਨ੍ਹਾਂ ਨੇ ਇਕ ਬਹੁਤ ਮਹੱਤਵਪੂਰਨ ਮਸਲੇ ਬਾਰੇ, ਇਹ ਸਮਾਗਮ ਕੀਤਾ ਹੈ। ਚੰਡੀਗੜ੍ਹ ਵਿਚ ਵੀ ਅਸਾਂ ਇਸ ਕਿਸਮ ਦਾ ਉਪਰਾਲਾ ਕੀਤਾ ਸੀ। ਉਥੇ ਵੀ ਵਾਈਸ-ਚਾਂਸਲਰ ਸਾਹਿਬ ਤਸ਼ਰੀਫ ਲਿਆਏ ਸਨ। ਅੱਜ ਵੀ ਇਹ ਸਮਾਗਮ ਹੋਇਆ ਹੈ। ਮੈਂ ਸਮਝਨਾਂ ਇਨ੍ਹਾਂ ਦੋਹਾਂ ਸਮਾਗਮਾਂ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਪੰਜਾਬੀ ਦੇ ਆਪਣੀਆਂ ਆਂਢ-ਗੁਆਂਢ ਦੀਆਂ ਬੋਲੀਆਂ/ਭਾਸ਼ਾਵਾਂ ਨਾਲ ਜੋ ਸੰਬੰਧ ਰਹੇ ਹਨ, ਉਨ੍ਹਾਂ ਬਾਰੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਉਹ ਸੰਬੰਧ ਕਿਸ ਕਿਸਮ ਦੇ ਰਹੇ ਹਨ, ਕਿਸ ਕਿਸਮ ਦੇ ਹੋਣੇ ਹਨ, ਇਸ ਮਸਲੇ ਬਾਰੇ ਮੈਂ ਸਮਝਦਾ ਕਿ ਇਸ ਲੋੜ ਦਾ ਕੁਝ ਅਹਿਸਾਸ ਹੋਇਐ ਕਿ ਇਕ ਨਵੇਂ ਤੌਰ ਤੇ ਨਵੇਂ ਨਜ਼ਰੀਏ ਤੋਂ ਇਨ੍ਹਾਂ ਵਿਚਾਰਾਂ ਨੂੰ ਵੇਖਿਆ ਜਾਏ, ਇਨ੍ਹਾਂ ਬਾਰੇ ਦੋਬਾਰਾ ਗੋਰ ਕੀਤੀ ਜਾਏ ਕਿ ਸਾਡੇ ਇਨ੍ਹਾਂ ਜ਼ਬਾਨਾਂ ਨਾਲ ਕੀ ਸੰਬੰਧ ਹਨ। ਇਸ ਸੰਬੰਧ ਵਿਚ ਦੋ ਨੁਕਤੇ ਉਠਦੇ ਹਨ। ਇਹ ਜੋ ਨਵਾਂ ਨਜ਼ਰੀਆ ਅਸੀਂ ਅਪਨਾਉਣਾ ਹੈ, ਇਸਦੀ ਕਿਉਂ ਲੋੜ ਹੈ ਔਰ ਇਸ ਨਵੇਂ ਨਜ਼ਰੀਏ ਦਾ ਰੁਖ ਕਿਧਰ ਨੂੰ ਹੈ। ਜੋ ਪਹਿਲੇ ਦੋ ਨਜ਼ਰੀਏ ਰਹੇ ਹਨ ਉਹ ਪ੍ਰੋ. ਸੇਵਾ ਸਿੰਘ ਜੀ ਦੇ ਪਰਚੇ ਵਿਚ ਨਜ਼ਰ ਆਉਂਦੇ ਹਨ। ਪੁਰਾਣੇ ਨਜ਼ਰੀਏ ਅਨੁਸਾਰ ਪਹਾੜੀ, ਔਰ ਖ਼ਾਸ ਕਰਕੇ ਡੋਗਰੀ, ਜਿਸ ਨੂੰ ਪੰਜਾਬੀ ਦੀ ਉਪ ਭਾਖਾ (ਡਾਇਲੈਕਟ) ਕਿਹਾ ਜਾਂਦਾ ਰਿਹਾ ਹੈ, ਹੋ ਸਕਦਾ ਹੈ ਕਿ ਕੋਈ ਐਸਾ ਸਮਾਂ ਹੋਵੇ ਜਿਸ ਵੇਲੇ ਡੋਗਰੀ ਜ਼ਬਾਨ

Sri Satguru Jagjit Singh Ji Elibrary NamdhariElibrary@gmail.com

ਵਿਕਸਤ ਨਾ ਹੋਈ ਹੋਵੇ ਜਾਂ ਵਿਕਸਿਤ ਨਾ ਹੋ ਰਹੀ ਹੋਵੇ ਅਤੇ ਇਸਦਾ ਦਰਜਾ ਉਪ-ਭਾਖਾ ਵਾਲਾ ਹੋਵੇ। ਦੂਸਰਾ ਨਜ਼ਰੀਆ ਜੋ ਉਨ੍ਹਾਂ ਦੇ ਪਰਚੇ ਵਿਚ ਸੀ ਜੋ ਮੈਂ ਸਮਝਨਾਂ ਇਕ ਪ੍ਰਤੀਕਰਮ ਵਜੋਂ ਹੈ ਕਿ ਡੋਗਰੀ ਦਾ ਜਾਂ ਇਨ੍ਹਾਂ ਭਾਖਾਵਾਂ ਦਾ ਪੰਜਾਬੀ ਨਾਲ ਸੰਬੰਧ ਤੋਂ ਬਿਲਕੁਲ ਹੀ ਇਨਕਾਰ ਕੀਤਾ ਜਾਏ। ਸਮੇਂ ਸਮੇਂ ਇਹ ਦੋਵੇਂ ਅਤਿਵਾਦੀ ਨਜ਼ਰੀਏ ਕਿਉਂ ਅਪਨਾਉਣ ਦੀ ਲੋੜ ਹੈ ਉਸ ਬਾਰੇ ਮੈਂ ਇੰਨਾ ਹੀ ਕਹਾਂਗਾ ਕਿ ਇਸ ਭਾਸ਼ਾ ਦਾ ਵਿਕਾਸ ਟੈਕਸਟ-ਬੁਕ ਵਿਚ ਦਿੱਤੇ ਨਿਯਮਾਂ ਜਾਂ ਫਾਰਮੂਲੇਸ਼ਨਜ਼ ਅਨੁਸਾਰ ਨਹੀਂ ਹੁੰਦਾ। ਇਹ ਜ਼ਿੰਦਗੀ ਦੀਆਂ ਸਮਾਜੀ ਔਰ ਸਿਆਸੀ ਹਕੀਕਤਾਂ ਅਨੁਸਾਰ ਹੁੰਦਾ ਹੈ। ਹੁਣ ਜਦ ਕਿ ਸਮਾਜੀ ਔਰ ਸਿਆਸੀ ਹਕੀਕਤਾਂ ਇਨ੍ਹਾਂ ਗੁਆਂਢੀਆਂ ਦੇ ਵਾਤਾਵਰਨ ਵਿਚ ਬਦਲ ਚੁੱਕੀਆਂ ਹਨ, ਇਸ ਲਈ ਉਹ ਪੁਰਾਣਾ ਸੰਬੰਧ ਭਾਵੇਂ ਭਾਸ਼ਾ ਵਿਗਿਆਨ ਦੇ ਪੱਖ ਤੋਂ ਕਿੰਨਾ ਵੀ ਅਸੀਂ ਉਸਨੂੰ ਹੱਕ-ਵਜਾਨਬ ਕਰਾਰ ਦੇ ਸਕਦੇ ਹੋਈਏ ਕਿ ਉਹ ਉਪ-ਭਾਖਾਵਾਂ ਹਨ, ਮੈਂ ਸਮਝਦਾਂ ਕਿ ਇਹ ਉਨ੍ਹਾਂ ਹਕੀਕਤਾਂ ਵਲੋਂ ਅੱਖਾਂ ਮੀਟਣ ਵਾਲੀ ਗੱਲ ਹੋਵੇਗੀ ਜਿਹੜੀਆਂ ਹਕੀਕਤਾਂ ਭਾਸ਼ਾ ਦੇ ਵਿਕਾਸ ਵਿਚ ਬੜਾ ਅਹਿਮ ਰੋਲ ਅਦਾ ਕਰਦੀਆਂ ਹਨ। ਦੂਸਰੀ ਮੈਂ ਇਹ ਗੱਲ ਸਮਝਦਾ ਕਿ ਪੰਜਾਬੀ ਨੇ ਹੁਣ ਤਕ, ਸਿਰਫ ਪੰਜਾਬੀ ਨੇ ਨਹੀਂ ਹੋਰ ਵੀ ਬਹੁਤ ਸਾਰੀਆਂ 'ਰਿਜਨਲ ਭਾਸ਼ਾਵਾਂ' ਨੇ, 'ਅੰਗਰੇਜ਼ੀ ਦੇ ਭਾਸ਼ਾ-ਵਿਗਿਆਨੀ ਸਾਮਰਾਜਵਾਦ' ਦੇ ਖ਼ਿਲਾਫ ਜਦੋ-ਜਹਿਦ ਕੀਤੀ ਹੈ। ਇਕ ਬੜੀ ਸਵੈ-ਵਿਰੋਧੀ ਗੱਲ ਹੋਵੇਗੀ ਕਿ ਜਿਹੜੀ ਭਾਸ਼ਾ ਖੁਦ ਅੰਗਰੇਜ਼ੀ ਦੇ ਲਿੰਗੁਇਸਟਿਕ ਇਮਪੀਰੀਐਲਿਜ਼ਮ' ਦੇ ਖ਼ਿਲਾਫ ਜਦੋ-ਜਹਿਦ ਕਰ ਰਹੀ ਹੋਵੇ ਉਹ ਆਪਣੀਆਂ ਆਂਢ-ਗੁਆਂਢ ਦੀਆਂ ਭਾਸ਼ਾਵਾਂ ਵਲ ਉਸੇ ਕਿਸਮ ਦਾ ਸਾਮਰਾਜੀ ਵਤੀਰਾ ਅਪਣਾ ਕੇ ਇਹ ਸਾਬਤ ਕਰੇ ਕਿ ਇਹ ਸਾਡੀਆਂ ਉਪ-ਭਾਖਾਵਾਂ ਹਨ। ਜੇ ਕਿਸੇ ਵੇਲੇ ਉਨ੍ਹਾਂ ਜ਼ਬਾਨਾਂ ਵਿਚ ਮਾਂ ਔਰ ਧੀ ਦਾ ਸੰਬੰਧ ਰਿਹਾ ਹੈ ਤੇ ਮੈਂ ਸਮਝਦਾਂ ਕਿ ਹੁਣ ਭੈਣਾਂ ਭੈਣਾਂ ਵਾਲਾ ਸੰਬੰਧ ਹੋਵੇਗਾ ਔਰ ਇਸਦੀ ਵਿਸ਼ੇਸ਼ ਏਕਤਾ ਹੋਵੇਗੀ। ਉਹ ਏਕਤਾ ਹੋਵੇਗੀ ਇਕ ਸਾਂਸਕ੍ਰਿਤਿਕ ਏਕਤਾ ਜੋ ਮੈਂ ਸਮਝਦਾਂ ਕਿ ਸਾਰੇ ਉੱਤਰੀ ਭਾਰਤ ਦੀ ਸਾਂਸਕ੍ਰਿਤਿਕ ਏਕਤਾ ਹੈ, ਇਹ ਜਮਨਾ ਤੋਂ ਲੈ ਕੇ Indus (ਸਿੰਧ) ਤਕ ਦਾ ਇਲਾਕਾ ਜਿਸ ਨੂੰ ਕਦੇ ਸਪਤ-ਸਿੰਧੂ ਕਿਹਾ ਜਾਂਦਾ ਸੀ ਇਹ ਇਤਿਹਾਸਕ ਤੌਰ ਤੇ ਇਕੋ ਹੀ ਸੂਤ ਵਿਚ ਪਰੋਇਆ ਖੇਤਰ ਰਿਹਾ ਹੈ। ਇਕੋ ਹੀ ਧੜਕਣ ਵਿਚ ਇਹ ਧੜਕਦਾ ਰਿਹਾ ਹੈ। ਇਸਦੀ ਸਾਂਸਕ੍ਰਿਤਿਕ ਏਕਤਾ ਰਹੀ ਹੈ। ਇਸ ਸਾਂਸਕ੍ਰਿਤਿਕ ਏਕਤਾ ਨੂੰ ਪ੍ਰਗਟਾਉਣ ਦੇ ਵੱਖ ਵੱਖ ਮਾਧਿਅਮ ਹਨ—ਪੰਜਾਬੀ, ਡੋਗਰੀ, ਪਹਾੜੀ, ਰਾਜਸਥਾਨੀ, ਹਰਿਆਣਵੀ। ਹੁਣ ਜਦ ਕਿ ਹਾਲਾਤ ਬਦਲ ਚੁੱਕੇ ਹਨ ਤਾਂ ਮੈਂ ਸਮਝਦਾਂ ਹਾਂ ਕਿ ਸਾਨੂੰ ਨਵੇਂ ਸਿਰੇ ਤੋਂ ਜਾਇਜ਼ਾ ਲੈ ਕੇ ਪੰਜਾਬੀ ਦਾ ਇਨ੍ਹਾਂ ਆਪਣੇ ਆਂਢ-ਗੁਆਂਢ ਦੀਆਂ ਭਾਸ਼ਾਵਾਂ ਨਾਲ ਇਕ ਨਵਾਂ ਸੰਪਰਕ ਪੈਦਾ ਕਰਨਾ ਚਾਹੀਦਾ ਹੈ, ਇਕ ਨਵਾਂ ਰਿਸ਼ਤਾ ਸਥਾਪਤ ਕਰਨਾ ਚਾਹੀਦਾ ਹੈ। ਇਸ ਸਾਂਸਕ੍ਰਿਤਿਕ ਏਕਤਾ ਦੇ ਆਧਾਰ ਤੇ ਹੀ ਇਹ ਸਾਰੇ ਕਿੱਤੇ ਦੀ ਸਾਂਸਕ੍ਰਿਤਿਕ ਏਕਤਾ ਰਹੀ ਹੈ।

2. **ਸ੍ਰੀ ਬੀ. ਕੇ. ਬਾਲੀ, ਸੰਪਾਦਕ ਸਦਾਇ-ਜਮਹੂਰ :** ਪ੍ਰੋ. ਸੇਵਾ ਸਿੰਘ ਦੇ ਲੇਖ ਪਰ ਹੁਣੇ ਵਿਚਾਰ ਕੀਤਾ ਗਿਆ ਹੈ। ਮੈਂ ਪੁਣਛ ਦਾ ਰਹਿਣ ਵਾਲਾ ਹਾਂ। ਮੈਂ ਸਮਝਨਾਂ ਹਾਂ ਉਨ੍ਹਾਂ ਦਾ ਲੇਖ ਬੜਾ ਅੱਛਾ ਸੀ ਪਰ ਕਿਤੇ ਪੁਣਛੀ ਦਾ ਕਿਤੇ ਜ਼ਿਕਰ ਨਹੀਂ ਆਇਆ। ਪੁਣਛੀ ਪੰਜਾਬੀ ਦਾ ਅੰਗ ਹੈ। ਸਾਡੀ ਬੋਲੀ ਭਾਵ ਪੁਣਛੀ ਤੇ ਪੰਜਾਬੀ

Sri Satguru Jagjit Singh Ji Elibrary NamdhariElibrary@gmail.com

ਵਿਚ ਖਾਸ ਫਰਕ ਨਹੀਂ। ਮਿਸਾਲ ਵਜੋਂ ਤੁਸੀਂ ਕਹਿੰਦੇ ਹੋ 'ਤੁਸੀ ਕਿਥੇ ਗਏ ਸੀ' ਅਸੀਂ ਕਹਿੰਦੇ ਹਾਂ ਕਿ, 'ਤੁਸ ਕਿਥੇ ਗਏ ਸੋ'। ਇਸ ਤਰ੍ਹਾਂ ਦਾ ਇਸ ਲੇਖ ਵਿਚ ਜੇ ਪੁਣਛ ਦਾ ਥੋੜਾ ਜ਼ਿਕਰ ਹੁੰਦਾ ਤਾਂ ਮੈਂ ਸਮਝਦਾ ਹੋਰ ਵੀ ਜ਼ਿਆਦਾ ਮੁਕੰਮਲ ਹੁੰਦਾ।

3. ਪ੍ਰੋ. ਐਸ. ਐਸ. ਜੋਸ਼ੀ : ਇਸ ਪੇਪਰ ਤੋਂ ਬਾਅਦ ਗੱਲਾਂ ਸਿਰਫ ਦੋ ਸਾਹਮਣੇ ਆਉਂਦੀਆਂ ਹਨ। ਪਹਿਲੀ ਤਾਂ ਇਹ ਕਿ ਜਿਹੜਾ ਅੱਜ ਦਾ ਮੂਲ ਵਿਸ਼ਾ ਹੈ ਡੋਗਰੀ, ਪਹਾੜੀ, ਪੱਠੋਹਾਰੀ ਤੇ ਲਹਿੰਦੀ ਦੀ ਪੰਜਾਬੀ ਨੂੰ ਦੇਣ' ਆਪਣੇ ਆਪ ਵਿਚ ਸਪੱਸ਼ਟ ਨਹੀਂ। ਪੰਜਾਬੀ ਨੂੰ ਕਿਹੜੇ ਪੱਖ ਤੇ ਦੇਣ ਦਾ ਵਿਚਾਰ ਕੀਤਾ ਜਾਵੇ। ਕੀ ਪੰਜਾਬੀ ਭਾਸ਼ਾ ਨੂੰ ਦੇਣ ਦੀ ਗੱਲ ਹੈ, ਪੰਜਾਬੀ ਸਭਿਆਚਾਰ ਨੂੰ ਜਾਂ ਪੰਜਾਬੀ ਸਾਹਿਤ ਨੂੰ। ਪ੍ਰੋਫੈਸਰ ਸਾਹਿਬ ਨੇ ਆਪਣੇ ਪੇਪਰ ਵਿਚ ਸ਼ਾਇਦ ਇਸੀ ਕਰਕੇ ਪੰਜਾਬੀ ਦੇ ਡੋਗਰੀ ਸਾਹਿਤ ਉਪਰ ਹੋਏ ਪ੍ਰਭਾਵ ਨੂੰ ਤਾਂ ਕਬੂਲਿਆ ਹੈ ਤੇ ਉਹਦਾ ਜ਼ਿਕਰ ਵੀ ਕੀਤਾ ਹੈ ਤੇ ਪੂਰੇ ਪੇਪਰ ਵਿਚੋਂ ਕਿਤੇ ਵੀ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਡੋਗਰੀ ਦੀ ਪੰਜਾਬੀ ਨੂੰ ਕੀ ਦੇਣ ਹੈ ਤੇ ਡੋਗਰੀ ਦਾ ਪੰਜਾਬੀ ਤੇ ਕੀ ਪ੍ਰਭਾਵ ਹੈ ? ਇਹ ਨਿਰਣਾ ਕਰਨਾ ਕੋਈ ਬਹੁਤ ਸੌਖੀ ਗੱਲ ਨਹੀਂ ਕਿ ਭਾਸ਼ਾ ਕੀ ਹੁੰਦੀ ਹੈ ਤੇ ਉਪ-ਭਾਖਾ ਕੀ ਹੁੰਦੀ ਹੈ ? ਭਾਸ਼ਾ ਤੇ ਉਪ-ਭਾਖਾ (language & dialect) ਵਿਚ ਜਿਹੜੀ ਲਾਈਨ ਹੈ ਉਹ ਖਿਚ ਲੈਣਾ ਕੋਈ ਬਹੁਤ ਸੌਖੀ ਗੱਲ ਨਹੀਂ। ਇਹਦੇ ਲਈ ਕਾਰਨ ਇਕੱਲੇ ਹੀ ਭਾਸ਼ਾ ਵਿਗਿਆਨਕ ਨਹੀਂ, ਹੋਰ ਵੀ ਬਹੁਤ ਸਾਰੇ ਹੁੰਦੇ ਹਨ। ਇਸਦਾ ਵੀ ਫੈਸਲਾ ਕਰ ਲੈਣਾ। ਦੋ ਆਦਮੀਆਂ ਨੇ ਕਹਿ ਦਿੱਤਾ ਕਿ ਉਹ ਉਪ-ਭਾਖਾ ਹੈ ਤੇ ਦੋ ਆਦਮੀਆਂ ਨੇ ਕਹਿ ਦਿੱਤਾ ਕਿ ਉਪ-ਭਾਖਾ ਨਹੀਂ। ਇਹ ਵੀ ਕੋਈ ਨਿਰਣੇ ਤੇ ਪਹੁੰਚਣ ਲਈ ਕਾਫ਼ੀ ਨਹੀਂ। ਮੈਂ ਸਿਰਫ ਇੰਨਾ ਹੀ ਕਹਿਣਾ ਚਾਹੁੰਨਾ।

4. ਡਾ. ਧਰਮਪਾਲ ਸਿੰਗਲ[1]—ਜੰਮੂ ਯੂਨੀਵਰਸਿਟੀ : ਮੇਰੇ ਵੀ ਇਕ ਦੋ ਨੁਕਤੇ ਹਨ। ਇਕ ਦੋ ਵਲ ਜੋਸ਼ੀ ਸਾਹਿਬ ਨੇ ਧਿਆਨ ਦੁਆਇਆ ਹੈ ਕਿ ਜਿਸ ਤਰ੍ਹਾਂ ਦਾ ਇਹ ਨਾਮ ਦਿੱਤਾ ਗਿਆ ਹੈ—ਨਾਮ ਆਪਣੇ ਆਪ ਵਿਚ ਸਪੱਸ਼ਟ ਹੈ—ਇਸ ਵਿਚ ਅਸਪੱਸ਼ਟਤਾ ਵਾਲੀ ਕੋਈ ਗੱਲ ਨਹੀਂ। ਅਸਪੱਸ਼ਟਤਾ ਸਿਰਫ ਪੱਤਰ ਵਿਚ ਹੈ। ਪੱਤਰ ਵਿਚ ਬਹੁਤ ਸਰਵੇਖਣ ਹੀ ਦਿੱਤਾ ਗਿਆ ਹੈ ਕਿ ਕਵਿਤਾ ਅੱਜ ਐਹ ਲਿਖੀ ਜਾ ਰਹੀ, ਨਾਟਕ ਐਹ ਹੈ, ਨਾਵਲ ਐਹ ਹੈ, ਉਸਦਾ ਪੰਜਾਬੀ ਭਾਸ਼ਾ ਦੇ ਨਾਲ ਕੀ ਸੰਬੰਧ ਹੈ, ਭਾਸ਼ਾਈ ਤੌਰ ਤੇ ਜਾਂ ਸਾਹਿਤਕ ਵਿਚਾਰਾਂ ਦੇ ਤੌਰ ਤੇ ਜਾਂ ਵਾਦਾਂ ਦਾ ਕੀ ਪ੍ਰਭਾਵ ਗ੍ਰਹਿਣ ਕੀਤਾ ਹੈ, ਕੀ ਦਿੱਤਾ ਹੈ, ਕੀ ਲਿਤਾ ਹੈ, ਇਸ ਬਾਰੇ ਮੈਂ ਸਮਝਨਾਂ ਕੋਈ ਬਹੁਤਾ ਜ਼ਿਕਰ ਇਸ ਵਿਚ ਨਹੀਂ ਕੀਤਾ। ਅਸਲ ਵਿਚ ਸਰਵੇਖਣ ਵੀ ਮੈਨੂੰ ਇਹ ਨਹੀਂ ਲਗਦਾ ਸਗੋਂ ਬਹੁਤਾ ਤਜ਼ਕਰਾ ਹੀ ਜਾਪਦਾ ਹੈ, ਕਿਉਂਕਿ ਇਸ ਵਿਚ ਬਹੁਤੇ ਨਾਮ ਹੀ ਗਿਣਾਏ ਗਏ ਹਨ। ਮੈਂ ਜੋ ਸਮਝਨਾਂ ਹਾਂ, ਚਾਹੀਦਾ ਇਹ ਸੀ ਕਿ ਡੋਗਰੀ ਦੇ ਨਾਲ ਜਿਹੜੇ ਉਪ-ਭਾਸ਼ਾਈ ਸੰਬੰਧ ਰਹੇ ਨੇ ਉਸ ਪੁਰਾਣੇ ਪੱਖ ਦਾ ਜ਼ਿਕਰ ਕੀਤਾ ਜਾਂਦਾ। ਪਰ ਜਦੋਂ ਵੀ

1. ਡਾ. ਧਰਮਪਾਲ ਸਿੰਗਲ ਅੱਜ ਕਲ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਰਿਜਨਲ ਸੈਂਟਰ, ਜਲੰਧਰ ਵਿਖੇ ਪੰਜਾਬੀ ਦੇ ਰੀਡਰ ਹਨ।

Sri Satguru Jagjit Singh Ji Elibrary NamdhariElibrary@gmail.com

ਕਿਸੇ ਪ੍ਰੇਮੀ ਨੇ ਸ਼ੁਰੂ ਕੀਤਾ ਉਥੇ ਦੋ ਰਾਵਾਂ ਦਿੱਤੀਆਂ ਨੇ ਜਿਹੜੀਆਂ ਇਸ ਤਰ੍ਹਾਂ ਕਹਿੰਦੇ ਨੇ ਕਿ ਡੋਗਰੀ ਉਪ-ਭਾਸ਼ਾ ਰਹੀ ਹੈ ਜਾਂ ਨਹੀਂ ਰਹੀ। ਇਸ ਗੱਲ ਦੇ ਉਤੇ ਵਿਚਾਰ ਕਰਦੇ ਹੋਏ ਉਸੇ ਸਮੱਸਿਆ ਨੂੰ ਅਗੇ ਵਧਾਇਆ ਜਾਣਾ ਚਾਹੀਦਾ ਸੀ ਕਿ ਕੀ ਪੰਜਾਬੀ ਨੂੰ ਵੀ ਕੋਈ ਡੋਗਰੀ ਨੇ ਦੇਣ ਦਿੱਤੀ ਹੈ। ਮੇਰਾ ਇਕ ਨਿਸ਼ਚਿਤ ਮਤ ਇਹ ਕਹਿੰਦਾ ਹੈ ਕਿ ਅਸੀਂ ਕਈ ਵਾਰ ਪੰਜਾਬੀ ਵਾਲੇ ਇਹ ਤਾਂ ਸਮਝਦੇ ਆਂ ਕਿ ਡੋਗਰੀ ਸਾਡੀ ਉਪ-ਭਾਸ਼ਾ ਹੈ ਪਰ ਡੋਗਰੀ ਵਾਲਿਆਂ ਦੀ ਇਹ ਵੀ ਇਕ ਸ਼ਿਕਾਇਤ ਆਮ ਹੈ ਕਿ ਕੀ ਡੋਗਰੀ ਨੂੰ ਸਾਂਭਣ ਲਈ ਜਾਂ ਉਸਦੀ ਬਿਹਤਰੀ ਤੇ ਬਹਿਬੂਦੀ ਲਈ ਪੰਜਾਬੀ ਵਾਲਿਆਂ ਨੂੰ ਕਦੇ ਖ਼ਿਆਲ ਵੀ ਆਇਆ ਹੈ ਕਿ ਇਸ ਪੰਜਾਬ ਤੋਂ ਪਰ੍ਹੇ ਦੇ ਇਲਾਕੇ ਵਿਚ ਵੀ ਕੋਈ ਪੰਜਾਬੀ ਬੋਲਦਾ ਇਲਾਕਾ ਹੈ। ਯਾਨੀ ਉਸ ਵੱਲੋਂ ਜਿਹੜਾ ਵਿਤਕਰੇ ਭਰਿਆ ਸਲੂਕ ਜਿਹੜਾ ਸਾਡੇ ਨਾਲ ਹੁੰਦਾ ਹੈ ਕੀ ਅਸੀਂ ਉਸਦੇ ਬਾਵਜੂਦ ਵੀ ਅਸੀਂ ਪੰਜਾਬੀ ਦੇ ਨਾਲ ਬਣੇ ਰਹੀਏ। ਮੈਂ ਸਮਝਦਾਂ ਬਹੁਤੀ ਇਹ ਉਨ੍ਹਾਂ ਦੀ ਇਕ ਮਾਨਸਿਕ ਸਮੱਸਿਆ ਹੈ। ਸਮੱਸਿਆ ਇੰਨੀ ਭਾਸ਼ਾ ਦੀ ਨਹੀਂ ਜਿੰਨੇ ਵੀ ਉਦਾਹਰਣ ਉਨ੍ਹਾਂ ਨੇ ਦਿੱਤੇ ਨੇ, ਉਨ੍ਹਾਂ ਵਿਚ ਤੁਸੀਂ ਦੇਖਿਆ ਕਿ ਪੰਜਾਬੀ ਦੀ ਸ਼ਬਦਾਵਲੀ ਅਤੇ ਪੰਜਾਬੀ ਦਾ ਲੋਕ-ਮੁਹਾਵਰੇ ਦੇ ਖੇਤਰ ਵਿਚ ਉਨ੍ਹਾਂ ਦੀ ਜਿਹੜੀ ਬਹੁਲਤਾ ਹੈ, ਉਹ ਕਿਸ ਕਦਰ ਹੈ। ਇਹ ਕਿਸੇ ਤੋਂ ਗੁੱਝੀ ਨਹੀਂ ਹੈ। ਲੇਕਨ ਫਿਰ ਵੀ ਜੇ ਉਹ ਇਸ ਗੱਲ ਤੋਂ ਇਨਕਾਰੀ ਨੇ, ਇਨਕਾਰੀ ਹੋਣ ਦੇ ਦੋ ਹੀ ਕਾਰਨ ਹੋ ਸਕਦੇ ਹਨ। ਇਕ ਕਾਰਨ ਮੈਂ ਚੰਡੀਗੜ੍ਹ ਵੀ ਆਪਣੇ ਪੇਪਰ ਵਿਚ ਕਿਹਾ ਸੀ ਕਿ ਕੁਝ ਲੋਕਾਂ ਨੇ, ਜਿਸ ਤਰ੍ਹਾਂ ਇਨ੍ਹਾਂ ਨੇ, ਇਕ ਥਾਂ ਇਕ ਲਫ਼ਜ਼ ਬੜਾ ਸੁਹਣਾ ਵਰਤਿਆ ਕਿ ਇਕ ਗਿਣੇ ਮਿਥੇ ਪ੍ਰੋਗਰਾਮ ਅਧੀਨ ਇਸਨੂੰ ਅਲੱਗ ਕਰਨ ਦਾ ਇਕ ਸਿਲਸਿਲਾ ਸੀ ਉਵੇਂ ਕੀਤਾ ਗਿਆ। ਇਹ ਕਿਉਂ ਕੀਤਾ ਗਿਆ—ਇਹ ਰਿਆਸਤ ਦੀ ਥੋੜ੍ਹੀ ਆਪਣੀ ਰਾਜਨੀਤੀ ਹੈ। ਉਸਨੂੰ ਮੈਂ ਸਮਝਨਾਂ ਸਰਕਾਰੀ ਕਰਮਚਾਰੀ ਹੋਣ ਦੇ ਨਾਤੇ ਸ. ਸੇਵਾ ਸਿੰਘ ਬਹੁਤੇ ਸਪੱਸ਼ਟ ਸ਼ਬਦਾਂ ਵਿਚ ਨਹੀਂ ਕਹਿ ਸਕੇ ਹਨ। ਲੇਕਨ ਅਸੀਂ ਜਿਹੜੇ ਪੰਜਾਬੀ ਦੇ ਨਾਲ ਹਿਤ ਰਖਦੇ ਹਾਂ, ਮੈਂ ਸਮਝਦਾ ਹਾਂ ਕਿ ਇਹਦੇ ਤੇ ਥੋੜ੍ਹਾ ਜਿਹਾ ਡੂੰਘੇਰਾ ਵਿਚਾਰ ਕਰਾਂਗੇ। ਕੀ ਡੋਗਰੀ ਨੇ ਪੰਜਾਬੀ ਨੂੰ ਜਿਹੜੀ ਦੇਣ ਦਿੱਤੀ ਹੈ ਉਸਦਾ ਮੁਲਾਂਕਣ ਕਰਕੇ ਡੋਗਰੀ ਨੂੰ ਮੁੜ ਕੇ ਆਪਣੇ ਪਰਿਵਾਰ ਵਿਚ ਸ਼ਾਮਲ ਰੱਖ ਸਕਦੇ ਹਾਂ ਜਾਂ ਨਹੀ ਰਖ ਸਕਦੇ ? ਨਹੀਂ ਤਾਂ ਇਹੋ ਜਿਹੇ ਵਿਚਾਰ ਕਿ ਡੋਗਰੀ ਦੇ ਪੰਜਾਬੀ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ ਆਦਿ ਪ੍ਰਚੱਲਤ ਹੋਣਗੇ। ਇਹੋ ਜਿਹੇ ਵਿਚਾਰ ਆਮ ਦਿੱਤੇ ਜਾ ਰਹੇ ਨੇ ਤੇ ਉਨ੍ਹਾਂ ਵਿਚਾਰਾਂ ਦਾ ਜੋ ਆਧਾਰ ਹੈ ਉਹ ਅਸੀਂ ਸਾਰੇ ਸਮਝਨੇ ਆਂ ਕਿ ਕੀ ਹੈ।

5. **ਸ. ਸੁਖਪਾਲ ਵੀਰ ਸਿੰਘ ਹਸਰਤ :** ਸਤਿਕਰਯੋਗ ਪ੍ਰਧਾਨ ਸਿੱਖਿਆ ਮੰਤਰੀ ਜੰਮੂ ਕਸ਼ਮੀਰ, ਸ. ਰੰਗੀਲ ਸਿੰਘ ਜੀ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ 'ਡੋਗਰੀ, ਪਹਾੜੀ, ਪੱਠੋਹਾਰੀ ਤੇ ਲਹਿੰਦੀ ਦੀ ਪੰਜਾਬੀ ਨੂੰ ਦੇਣ' ਦੇ ਵਿਸ਼ੇ ਸੰਬੰਧੀ ਇਸ ਯੂਨੀਵਰਸਿਟੀ ਵਲੋਂ ਇਹ ਸੈਮੀਨਾਰ ਪੰਜਾਬ ਦੇ, ਜੰਮੂ ਦੇ, ਔਰ ਦੂਸਰੇ ਇਲਾਕੇ ਦੇ ਪ੍ਰਮੁਖ ਵਿਦਵਾਨਾ ਲਈ ਰਖਿਆ ਗਿਆ ਹੈ, ਜਿਸ ਦੇ ਮੌਕੇ ਤੇ ਪੰਜਾਬੀ ਦੇ ਵਿਕਾਸ ਦਾ ਵਧੇਰੇ ਭਾਰ ਹੈ। ਏਹੋ ਜਿਹੀ ਹੀ ਕਾਨਫਰੰਸ ਨਵੰਬਰ 1975 ਵਿਚ ਚੰਡੀਗੜ੍ਹ ਵਿਖੇ ਹੋਈ ਸੀ। ਉਸ ਕਾਨਫ਼ਰੰਸ ਵਿਚ ਜਿਹੜੇ ਪਹਾੜੀ ਦੇ, ਹਰਿਆਣਵੀ ਦੇ ਅਤੇ ਡੋਗਰੀ ਦੇ ਲੇਖਕ ਆਏ ਸਨ,

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੇ ਕਾਫੀ ਮਹੱਤਵਪੂਰਨ ਵਿਚਾਰ ਪੇਸ਼ ਕੀਤੇ ਸਨ ਅਤੇ ਉਸਦਾ ਕਾਫ਼ੀ ਚੰਗਾ ਅਸਰ ਪਿਆ ਸੀ। ਉਨ੍ਹਾਂ ਨੂੰ ਜੇ ਪੂਰੀਆਂ ਭਾਸ਼ਾਵਾਂ ਮੰਨ ਲਈਏ ਤਾਂ ਵੀ ਜੇ ਉਨ੍ਹਾਂ ਨੂੰ ਪੰਜਾਬੀ ਦੀਆਂ ਉਪ-ਭਾਸ਼ਾਵਾਂ ਕਹਿੰਦੇ ਹਾਂ ਤਾਂ ਵੀ, ਆਪੋ ਵਿਚ ਨੇੜੇ ਹੋਣ ਦਾ ਕਾਫੀ ਮੌਕਾ ਮਿਲਿਆ ਸੀ। ਲੇਕਨ ਇਕ ਗੱਲ ਬੜੀ ਸਪੱਸ਼ਟ ਕਰ ਲੈਣੀ ਚਾਹੀਦੀ ਹੈ ਕਿ ਜਾਂ ਤਾਂ ਇਹ ਜਿਵੇਂ ਵਿਸ਼ਾ ਰਖਿਆ ਗਿਆ ਹੈ, ਬਹੁਤ ਮਹੱਤਵਪੂਰਨ ਅਤੇ ਚੰਗਾ ਹੈ ਭਾਵੇਂ ਅਸੀਂ ਇਨ੍ਹਾਂ ਨੂੰ ਭਾਸ਼ਾਵਾਂ ਮੰਨੀਏ ਜਾਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਮੰਨੀਏ, ਇਕ ਗੱਲ ਸਪੱਸ਼ਟ ਹੈ ਕਿ ਸਪਤ-ਸਿੰਧੂ ਦੀ ਮੁਖ ਤੌਰ ਤੇ ਭਾਸ਼ਾ ਪੰਜਾਬੀ ਹੀ ਰਹੀ ਹੈ। ਕੁਝ ਸਮਾਂ ਜਿਹੜੀਆਂ ਉਪ-ਭਾਸ਼ਾਵਾਂ ਵਧੇਰੇ ਡਿਵੈਲਪ (ਵਿਕਸਤ) ਹੋ ਗਈਆਂ, ਉਨ੍ਹਾਂ ਵਿਚ ਅਜਿਹਾ ਸਾਹਿਤ ਰਚਿਆ ਜਾਣ ਲਗਾ ਅਤੇ ਉਨ੍ਹਾਂ ਦੀ ਰੂਪ ਰੇਖਾ ਕੇਂਦਰੀ ਪੰਜਾਬੀ ਨਾਲੋਂ ਕਾਫੀ ਵੱਖਰੀ ਹੋ ਗਈ। ਸਪਤ-ਸਿੰਧੂ ਦੀ ਏਸ ਇਲਾਕੇ ਦੀ ਭਾਸ਼ਾ ਵਿਚ ਏਕਤਾ ਤੇ ਅਨੇਕਤਾ ਤਾਂ ਹੋ ਸਕਦੀ ਹੈ, ਲੇਕਨ ਇਹ ਵੇਖਣਾ ਹੈ ਕਿ ਇਨ੍ਹਾਂ ਭਾਸ਼ਾਵਾਂ ਨੇ ਜਿਹੜੀ ਪੰਜਾਬੀ ਨੂੰ ਦੇਣ ਦਿੱਤੀ ਹੈ ਉਸ ਨਾਲ ਪੰਜਾਬੀ ਨੂੰ ਨੁਕਸਾਨ ਹੋਇਆ ਹੈ ਜਾਂ ਲਾਭ ਹੋਇਆ ਹੈ। ਇਕ ਗੱਲ ਬੜੀ ਸਾਫ ਹੈ। ਪਿਛੇ ਗੁਰਦਿਆਲ ਸਿੰਘ ਜਿਨ੍ਹਾਂ ਨੂੰ ਸਾਹਿਤ ਅਕੈਡਮੀ ਦਾ ਇਨਾਮ ਮਿਲਿਆ ਹੈ ਉਨ੍ਹਾਂ ਦੇ ਨਾਵਲਾਂ ਨੂੰ ਜੇ ਕੋਈ ਮੇਰੇ ਦਫਤਰ ਵਿਚ ਜਾਂ ਬਾਹਰ ਚੰਡੀਗੜ੍ਹ ਵਿਚ ਰਹਿੰਦੇ ਪੰਜਾਬੀ ਪੜ੍ਹਦੇ ਨੇ, ਉਹ ਮੇਰੇ ਕੋਲ ਉਸ ਨਾਵਲ ਵਿਚੋਂ ਸ਼ਬਦਾਂ ਦੇ ਅਰਥ ਪੁਛਣ ਆ ਜਾਂਦੇ ਨੇ ਕਿਉਂਕਿ ਉਹ ਮਲਵਈ ਉਪ-ਭਾਖਾ ਵਿਚ ਲਿਖਿਆ ਗਿਆ ਹੈ। ਉਹ ਕਹਿੰਦਾ ਹੈ ਕਿ ਮਲਵਈ ਹੀ ਪੰਜਾਬੀ ਹੈ। ਜੇ ਇਸ ਤਰ੍ਹਾਂ ਵਖਰੇਵਾਂ ਪੈਣ ਲਗਿਆ ਤਾਂ ਮਲਵਈ ਦਾ ਜਾਂ ਦੁਆਬੇ ਦਾ ਜਾਂ ਮੇਰਾ ਮਤਲਬ ਹੈ ਮਾਝੇ ਦਾ ਵਖਰੇਵਾਂ ਪੈ ਜਾਵੇਗਾ। ਅਸਲ ਵਿਚ ਪੰਜਾਬੀ ਦੀ ਕੇਂਦਰੀ ਬੋਲੀ ਇਕੋ ਹੀ ਹੈ। ਇਸ ਤਰ੍ਹਾਂ ਮੋਹਨ ਸਿੰਘ ਹੋਰਾਂ ਨੇ ਬੜੇ ਸੋਹਣੇ ਗੀਤ ਲਿਖੇ ਹਨ, ਪੋਠੋਹਾਰੀ 'ਚ ਜਿਹਨੂੰ ਲਹਿੰਦੀ ਕਿਹਾ ਗਿਆ ਹੈ। ਗੁਰਦਿਆਲ ਸਿੰਘ ਨੇ ਮਲਵਈ ਵਿਚ ਨਾਵਲ ਲਿਖੇ ਹਨ। ਸੋਹਣ ਸਿੰਘ ਸੀਤਲ ਹੋਰਾਂ, ਮਾਝੇ ਦੀ ਭਾਸ਼ਾ ਵਰਤੀ ਹੈ। ਲੇਕਿਨ ਜੋ ਪੰਜਾਬੀ ਦੀ ਅਸਲ ਭਾਸ਼ਾ ਹੈ ਉਹ ਕੇਂਦਰੀ ਭਾਸ਼ਾ ਹੈ। ਮੇਰੀ ਬੇਨਤੀ ਇੰਨੀ ਹੈ ਇਨ੍ਹਾਂ ਭਾਸ਼ਾਵਾਂ ਦੀ ਪੰਜਾਬੀ ਨੂੰ ਮਹੱਤਵਪੂਰਨ ਦੇਣ ਹੈ।

6. ਡਾ ਹਰਨਾਮ ਸਿੰਘ ਸ਼ਾਨ : ਮਾਨਯੋਗ ਪ੍ਰਧਾਨ ਜੀ! ਹਰ ਬੋਲੀ ਔਰ ਉਪ-ਬੋਲੀ ਲਈ ਮੇਰੇ ਦਿਲ ਵਿਚ ਤੁਹਾਡੇ ਵਾਂਗ ਹੀ ਭਰਵਾਂ ਸਤਿਕਾਰ ਹੈ। ਇਹ ਸਾਡੀਆਂ ਕੌਮੀ ਅਤੇ ਆਪਣੀਆਂ ਬੋਲੀਆਂ ਹਨ। ਲੇਕਨ ਸੰਸਾਰ ਦੇ ਭਾਸ਼ਾ ਵਿਗਿਆਨੀ ਸਾਨੂੰ ਇਹ ਦੱਸਦੇ ਹਨ ਕਿ ਹਰ ਬੋਲੀ ਔਤ ਉਪ-ਬੋਲੀ ਦਾ ਆਪੋ ਆਪਣਾ ਖੇਤਰ, ਆਪੋ ਆਪਣਾ ਸਥਾਨ ਤੇ ਆਪੋ ਆਪਣੀ ਦੇਣ ਹੁੰਦੀ ਹੈ। ਕਿਸੇ ਸਰਕਾਰੀ ਸਰਪ੍ਰਸਤੀ ਜਾਂ ਰਾਜਨੀਤਕ ਸਥਿਤੀ ਨੂੰ ਮੁੱਖ ਰਖਦਿਆਂ ਕਦੀ ਵੀ ਕਿਸੇ ਬੋਲੀ ਜਾਂ ਉਪ-ਬੋਲੀ ਦੇ ਹੱਕਾਂ ਨੂੰ ਨਾ ਝੁਠਲਾਇਆ ਜਾ ਸਕਦਾ ਹੈ, ਨਾ ਜਤਲਾਇਆ ਜਾ ਸਕਦਾ ਅਤੇ ਨਾ ਹੀ ਇਨ੍ਹਾਂ ਨੂੰ ਹਥਿਆਇਆ ਜਾ ਸਕਦਾ ਹੈ। ਉਪ-ਬੋਲੀਆਂ ਜੋ ਕੁਝ ਵੀ ਲਿਖਦੀਆਂ ਜਾਂ ਦੇਂਦੀਆਂ ਹਨ ਉਹ ਵੀ ਅਸਲ ਭਾਸ਼ਾ ਜਾਂ ਮਾਂ ਬੋਲੀ ਹੁੰਦੀ ਹੈ। ਉਹਦੇ ਸਾਹਿਤ ਨੂੰ ਉਹਦੀ ਝੋਲੀ ਨੂੰ ਅਮੀਰ ਕਰਦੀ ਹੈ। ਜੇ ਅੱਜ ਡੋਗਰੀ ਨੂੰ ਪਿਛਲੇ ਵੀਹ ਪੱਚੀ ਸਾਲਾਂ ਵਿਚ ਇਹ ਸਥਾਨ

Sri Satguru Jagjit Singh Ji Elibrary NamdhariElibrary@gmail.com

ਸਰਕਾਰੀ ਸਰਪ੍ਰਸਤੀ ਦੇ ਤੌਰ ਤੇ ਦਿੱਤਾ ਜਾ ਰਿਹਾ ਹੈ। ਕਲ੍ਹ ਮਲਵਈ ਪ੍ਰਸੋਂ ਪੋਠੋਹਾਰੀ, ਹਰ ਇਕ ਦੇ ਨਾਲ ਇਸ ਤਰ੍ਹਾਂ ਹੋਏਗਾ। ਹਿੰਦੀ ਦੀਆਂ ਵੀ ਕਈ ਇਸੇ ਤਰ੍ਹਾਂ ਉਪ-ਬੋਲੀਆਂ ਹਨ। ਹਾਂ ਹੋ ਸਕਦਾ ਹੈ ਕਿ ਜਿਵੇਂ ਈਰਾਨ ਵਿਚ ਹੋਇਆ ਹੈ। ਈਰਾਨ ਦੀ ਆਪਣੀ ਬੋਲੀ ਪਹਿਲਾਂ ਹੋਰ ਸੀ। ਲੇਕਿਨ ਜੋ ਵਰਤਮਾਨ ਬੋਲੀ ਹੈ ਉਹ ਉਪ-ਬੋਲੀ ਸੀ। ਇਸਨੇ ਆਪਣਾ 'ਸਟੇਟਸ' ਇਤਨਾ ਵਧਾ ਲਿਆ ਹੈ ਅਤੇ ਇਸਨੇ ਸਾਹਿਤ ਨੂੰ ਇਤਨਾ ਅਮੀਰ ਕਰ ਦਿੱਤਾ ਹੈ ਕਿ ਉਹ ਇਸ ਵੇਲੇ ਸਾਰੇ ਈਰਾਨ ਦੀ ਕੌਮੀ ਭਾਸ਼ਾ ਹੈ। ਜੇ ਡੋਗਰੀ ਜਾਂ ਪੋਠੋਹਾਰੀ ਜਾਂ ਮਲਵਈ ਅਜੇਹੀ ਸੂਰਤ ਅਖਤਿਆਰ ਕਰ ਲਏ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ। ਇਕ ਗੱਲ ਚੇਤੇ ਰੱਖਣੀ ਕਿ ਲੰਡਨ ਦੇ ਇਕ ਬੜੇ ਵੱਡੇ ਵਿਦਵਾਨ ਸਰ ਮਾਲਟਰ ਵ੍ਹੀਲਰ ਨੇ ਪਾਕਿਸਤਾਨ ਬਣਨ ਤੋਂ ਕੁਝ ਵਰ੍ਹੇ ਬਾਅਦ ਇਕ ਕਿਤਾਬ ਲਿਖੀ "Five Thousand Years of Pakistan" ਮੈਂ ਉਦੋਂ ਉਥੇ ਹੀ ਸਾਂ ਤੇ ਬ੍ਰਿਟਿਸ਼ ਅਕੈਡਮੀ ਵਿਚ ਮੇਲ ਹੋਇਆ। ਮੈਂ ਕਿਹਾ ਮਾਲਟਰ ਵ੍ਹੀਲਰ ਤੁਸੀਂ ਪਾਕਿਸਤਾਨ ਸੰਨ 1947 ਵਿਚ ਬਣਾਇਆ, ਪੰਜ ਹਜ਼ਾਰ ਸਾਲ ਕਿਹੜੇ ਹੋ ਗਏ ਪਾਕਿਸਤਾਨ ਦੇ ਬਣਨ ਦੇ ਕਿ ਤਦੋਂ ਦਾ ਇਤਿਹਾਸ ਲਿਖ ਦਿੱਤੇ। ਉਸਨੇ ਬੜੀ ਸ਼ਰਮ ਮਹਿਸੂਸ ਕੀਤੀ ਤੇ ਕਹਿੰਦਾ ਕਿ ਮੈਨੂੰ ਹੁਣ ਅਗਲਾ ਲਫਜ਼ ਨਾ ਕਹੋ। ਮੈਂ ਸਮਝਦਾਂ ਮੈਂ ਆਪਣੀ ਸਾਰੀ ਜ਼ਿੰਦਗੀ ਲੰਡਨ ਦੇ ਸਕਾਲਰਸ਼ਿਪ ਨੂੰ ਮਲੀਆ ਮੇਟ ਕਰ ਦਿੱਤੇ ਆਪਣੀ ਕਿਤਾਬ ਦਾ ਹੈਡਿੰਗ ਦੇ ਕੇ ਅਤੇ ਉਸਨੂੰ ਇਹ ਤਸ਼ਖੀਸ਼ ਦੇ ਕੇ। ਭਰਾਵੋ 25 ਸਾਲਾ ਸਰਕਾਰੀ ਸਰਪ੍ਰਸਤੀ ਮਿਲਣ ਦੇ ਨਾਲ ਕੀ ਕਦੇ ਕਿਸੇ ਜ਼ਬਾਨ ਦਾ ਜਾਂ ਉਹਦੀ ਉਪ-ਬੋਲੀ ਦਾ ਸਟੇਟਸ ਇਉਂ ਹੋ ਜਾਂਦਾ ਹੈ ਕਿ ਉਹ ਇਹ ਕਹੇ ਕਿ ਮੈਂ ਮਾਂ ਬੋਲੀ ਨਾਲੋਂ ਵੱਖਰੀ ਬੋਲੀ ਹਾਂ।

ਕਹਿਣ ਨੂੰ ਕੋਈ ਭਾਵੇਂ ਕੁਝ ਕਹੀ ਜਾਵੇ ਕਿਸੇ ਨੂੰ ਕੋਈ ਰੋਕਦੈ। ਪਰ ਜੋ ਕੁਝ ਸਾਡੇ ਸਾਹਮਣੇ ਪੇਸ਼ ਕੀਤਾ ਗਿਐ ਮੈਂ ਸਿਰਫ ਉਸੇ ਵਲ ਤੁਹਾਡਾ ਧਿਆਨ ਦਵਾਨਾਂ ਸਫਾ ਉਤੇ ਇਹ ਹੈ 'ਲੋਕ ਮਿਹਣਾ ਮਾਰਦੇ ਡੋਗਰੀ ਦਾ ਰਾਜ ਓ, ਡੋਗਰੇ ਦਾ ਹਾਲ ਮੰਦਾ ਮਿਲਦਾ ਨਹੀਂ ਸਾਗ ਓ।" ਮੈਨੂੰ ਦਸੋ ਕਿ ਇਹਦੇ ਵਿਚ ਔਰ ਮਾਝੀ ਪੰਜਾਬੀ ਵਿਚ ਕਿੰਨਾਂ ਕੁ ਫਰਕ ਹੈ। ਇਹਦੇ ਮੁਕਾਬਲੇ ਤੇ ਮੇਰਾ ਪੇਪਰ ਜਿਹੜਾ ਹੈ ਇਹਦੇ ਛਬੀਵੇਂ ਸਫੇ ਤੇ ਪੜ੍ਹੋ ਪੋਠੋਹਾਰੀ ਦੀ ਦੇਣ ਵਿਚ ਮੈਂ ਛਬੀਵੇਂ ਸਫੇ ਤੇ ਇਕ ਪੋਠੋਹਾਰੀ ਕਵਿਤਾ ਦਾ ਨਮੂਨਾ ਦਸਿਆ ਹੈ ਕਿ ਉਹ ਵੀ ਸਾਡੀ ਵੱਖਰੀ ਬੋਲੀ ਹੈ :

> 'ਢੱਕੀ ਉਤੇ ਖੜ੍ਹੀ ਜੋ ਉਡੀਕਾਂ ਕਰੇ ਤੇਰੀਆਂ,
> ਆਖਣੀਆਂ ਵੇਹੜਾ ਤੈਂਢੇ ਬਿਨਾਂ ਲੁਗਾ ਲੁਗਾ ਦਿਸੇ,
> ਭਾਵੇਂ ਤੈਂਢੇ ਵੀਰਾਂ ਨੀਆਂ ਰੌਣਕਾਂ ਬਥੇਰੀਆਂ।"

ਮੈਂ ਸਮਝਦਾਂ ਜੋ ਕੁਝ ਮੈਂ ਡੋਗਰੀ ਦਾ ਇਸ ਪਰਚੇ ਵਿਚ ਪੜ੍ਹਿਆ ਜਾਂ ਜੋ ਕੁਝ ਪੇਸ਼ ਕੀਤਾ ਗਿਐ ਜਦ ਸਪੋਲੀਆ ਸਾਹਿਬ ਦੇ ਜ਼ਬਾਨੀ ਬੋਲਿਐ, ਵਾਰਤਕ ਵਿਚ ਔਰ ਕਵਿਤਾ ਵਿਚ ਜੋ ਕੁਝ ਪੇਸ਼ ਕੀਤੈ, ਉਸ ਦਾ ਔਰ ਪੋਠੋਹਾਰੀ ਦੇ ਇਹ ਜੋ ਲਫਜ਼ ਹਨ ਕਿੰਨਾ ਕੁ ਫਰਕ ਹੈ ਅਤੇ ਕਿਵੇਂ, ਇਹ ਦੋ ਬੋਲੀਆਂ ਵੱਖੋ ਵੱਖਰੀਆਂ ਹਨ। ਮੈਨੂੰ ਅਜੇ ਤਕ ਇਹ ਸਮਝ ਨਹੀਂ ਆਈ। ਹੁਣ ਮੇਰੇ ਦਿਲ ਵਿਚ ਬੜਾ ਸਤਿਕਾਰ ਹੈ ਡੋਗਰੀ ਦਾ, ਮਲਵਈ ਦਾ, ਹਰਿਆਣਵੀ ਦਾ, ਲੇਕਿਨ ਇਹ ਇਕੋ ਮਾਂ ਬੋਲੀ ਦੀਆਂ ਉਪ-ਭਾਸ਼ਾਵਾਂ ਹਨ। ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਵਿਚ ਜੋ ਕੁਝ ਲਿਖਿਆ ਰਚਿਆ ਜਾ ਰਿਹੈ ਉਸੀ ਤਰ੍ਹਾਂ ਮੇਰਾ ਵਿਰਸਾ ਉਨ੍ਹਾਂ ਦਾ ਹੈ ਜੋ ਡੋਗਰੀ ਦੇ ਲੋਕ-ਗੀਤ ਹਨ ਤੇ ਜੋ ਕੁਝ ਵਾਰਤਕ ਵਿਚ ਸੁਣਾਇਆ ਗਿਐ। ਇਥੇ ਸਾਡੇ ਸਾਹਮਣੇ ਵਾਰਤਕ ਵਿਚ ਨਾ ਨਾਵਲ, ਨਾ ਕਹਾਣੀ ਦੀ ਕੋਈ ਚੀਜ਼ ਪੇਸ਼ ਹੋਈ ਹੈ ਜਿਸਨੂੰ ਮੌਲਿਕ ਕਹਿੰਦੇ ਹਨ। ਜੋ ਅਲੋਚਨਾਤਮਿਕ ਤੌਰ ਤੇ ਟੂਕਾਂ ਦਿੱਤੀਆਂ ਹਨ। ਮੈਂ ਸਮਝਦਾਂ ਉਹ ਬਿਲਕੁਲ ਬਨਾਵਟੀ ਹੈ ਜੋ ਕੁਝ ਸਪੋਲੀਆ ਸਾਹਿਬ ਨੇ ਜ਼ਬਾਨੀ ਬੋਲਿਆ ਬਿਲਕੁਲ ਸੋਲਾਂ ਆਨੇ ਦਰੁਸਤ ਹੈ। ਵਕਤ ਜਿਆਦਾ ਨਹੀਂ ਲੈਣਾ ਚਾਹੁੰਦਾ। ਇਸ ਲਈ ਮੈਂ ਚਾਹਨਾਂ ਗੱਲ ਆਪਣੀ ਛੇਤੀ ਕਹਾਂ। ਉਹ ਬਿਲਕੁਲ ਸੋਲਾਂ ਆਨੇ ਸੌ ਫੀ ਸਦੀ ਮੈਂ ਸਮਝਦਾਂ ਕਿ ਪੰਜਾਬੀ ਹੈ। ਉਹਦਾ ਫ਼ਰਕ ਪੋਠੋਹਾਰੀ ਦੇ ਨਾਲ ਬਹੁਤ ਹੀ ਭਾਰੀ ਹੈ। ਲੇਕਿਨ ਜਿਹੜਾ ਲੋਕ-ਗੀਤ ਸੁਣ ਇਆ ਗਿਐ ਉਹਦੀਆਂ ਤੁਕਾਂ ਵੀ ਨੋਟ ਕੀਤੀਆਂ ਹਨ। ਤੁਸਾਂ ਵੀ ਸੁਣਿਐ ਜਿਹੜੀ ਕਵਿਤਾ ਸੁਣਾਈ ਗਈ ਹੈ ਜਾਂ ਕਵਿਤਾ ਦੀਆਂ ਜਿੰਨੀਆਂ ਵੀ ਤੁਕਾਂ ਦਿੱਤੀਆਂ ਗਈਆਂ ਹਨ। ਸਿਵਾਏ ਕੋਈ ਲਫਜ਼ ਹੇਠ ਉਤੇ ਹੋਣ ਦੇ ਉਸ ਵਿਚ ਮਲਵਈ ਦੇ ਕਈ ਲਫਜ਼ ਹਨ ਜਿਹੜੇ ਮੈਂ ਨਹੀਂ ਸਮਝਦਾ ਪੋਠੋਹਾਰੀ ਦੇ ਕਈ ਸ਼ਬਦ ਹਨ ਜਿਹੜੇ ਤੁਸੀਂ ਨਹੀਂ ਸਮਝਦੇ, ਮਾਝੀ ਦੇ ਕਈ ਸ਼ਬਦ ਹਨ ਜਿਨ੍ਹਾਂ ਬਾਰੇ ਕੋਸ਼ ਦੇਖਣਾ ਪੈਂਦਾ ਹੈ। ਫਿਰ ਕਿਸ ਤਰ੍ਹਾਂ ਵੱਖੋ ਵੱਖਰੀਆਂ ਜ਼ਬਾਨਾਂ ਹਨ।

ਅਖੀਰ ਵਿਚ ਮੈਂ ਤੁਹਾਡਾ ਧਿਆਨ ਇਸ ਗੱਲ ਵਲ ਦਿਵਾਉਣ ਦੀ ਆਗਿਆ ਮੰਗਦਾ ਹਾਂ ਕਿ ਜਦੋਂ ਤਕ ਕਿਸੇ ਬੋਲੀ ਦਾ ਮੁਹਾਰਾ ਔਰ ਉਹਦੇ ਸ਼ਬਦ-ਕੋਸ਼ ਵਿਚ ਇੰਨਾ ਫਰਕ ਨਹੀਂ ਹੁੰਦਾ ਜਿੰਨਾ ਕਿ ਹਿੰਦੀ ਔਰ ਪੰਜਾਬੀ ਦਾ ਹੈ, ਉਦੋਂ ਤਕ ਉਹ ਵੱਖਰੀਆਂ ਬੋਲੀਆਂ ਨਹੀਂ ਹੁੰਦੀਆਂ। ਅੱਜ ਕਲ੍ਹ ਦੀ ਹਿੰਦੀ ਪਹਿਲੀ ਨਹੀਂ ਅਤੇ ਅੱਜ ਕਲ੍ਹ ਦੀ ਪੰਜਾਬੀ ਵਿਚ ਕਿੰਨਾ ਫਰਕ ਹੈ। ਜਿੰਨਾ ਚਿਰ ਹਿੰਦੀ ਔਰ ਪੰਜਾਬੀ ਦੇ ਵਾਂਗ ਫਰਕ ਨਹੀਂ ਹੁੰਦਾ ਉੱਨੀ ਦੇਰ ਡੋਗਰੀ, ਪੋਠੋਹਾਰੀ, ਹਰਿਆਣਵੀ, ਮਲਵਈ ਵੱਖ ਵੱਖ ਜ਼ਬਾਨਾਂ ਇਕੋ ਹੀ ਜ਼ਬਾਨ ਪੰਜਾਬੀ ਦੀਆਂ ਉਪ-ਬੋਲੀਆਂ ਹਨ। ਨਾਂ ਭਾਵੇਂ ਪੰਜਾਬੀ ਜ਼ਬਾਨ ਦਾ ਕੋਈ ਰਖ ਲਓ ਮੈਨੂੰ ਕੋਈ ਇਤਰਾਜ਼ ਨਹੀਂ ਹੋਏਗਾ ਲੇਕਿਨ ਇਸ ਗੱਲ ਤੋਂ ਮੁਕਰਨਾ ਸਰਕਾਰੀ ਸਰਪ੍ਰਸਤੀ ਜਾਂ ਕਿਹੋ ਜਿਹੇ ਹਾਲਾਤ ਨੂੰ ਮੁੱਖ ਰਖਦਿਆਂ ਕਿ ਇਹ ਕਿਸੇ ਜ਼ਬਾਨ ਦੀਆਂ ਉਪ-ਬੋਲੀਆਂ ਨਹੀਂ ਤੇ ਇਹ ਸਭ ਸੁਤੰਤਰ ਜ਼ਬਾਨਾਂ ਹਨ, ਮੈਂ ਸਮਝਦਾ ਹਾਂ ਭਾਸ਼ਾ ਵਿਗਿਆਨ ਦੇ ਇਤਿਹਾਸ ਅਤੇ ਉਹ ਸਾਰੀ ਪਰੰਪਰਾ ਤੋਂ ਮੁਕਰਨਾ ਹੋਵੇਗਾ। ਇਨ੍ਹਾਂ ਚੋਂ ਕਿਸੇ ਨੂੰ ਚਿੜ੍ਹ ਹੋਵੇ ਤਾਂ ਜਿਵੇਂ ਖ਼ਾਸ ਕਰਕੇ ਗੁਰਮੁਖੀ ਲਿਪੀ ਤੋਂ ਹੀ ਅਸੀਂ ਕਹਿ ਸਕਦੇ ਹਾਂ ਕਿ ਇਸ ਦਾ ਨਾਉਂ ਪੰਜਾਬੀ ਲਿਪੀ ਰਖ ਦਿਓ ਸਾਨੂੰ ਕੋਈ ਇਤਰਾਜ਼ ਨਹੀਂ ਪਰ ਅੱਖਰਾਂ ਤੋਂ ਤੁਸੀਂ ਕਿਉਂ ਚਿੜਦੇ ਹੋ। ਇਸੇ ਤਰ੍ਹਾਂ ਮੈਂ ਕਹਿਨਾ ਜੇ ਪੰਜਾਬੀ ਲਫ਼ਜ਼ ਤੋਂ ਕਿਸੇ ਨੂੰ ਇਤਰਾਜ਼ ਹੈ ਤਾਂ ਇਸ ਜ਼ਬਾਨ ਦਾ ਨਾਂ ਕੋਈ ਹੋਰ ਰਖ ਦਿਓ। ਲੇਕਿਨ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਸ਼ਾ-ਵਿਗਿਆਨ ਦੀ ਰੁਚੀ ਤੋਂ ਜਾਂ ਦ੍ਰਿਸ਼ਟੀ ਤੋਂ ਇਹ ਕਿਸੇ ਇਕ ਜ਼ਬਾਨ ਦੀਆਂ ਉਪ-ਬੋਲੀਆਂ ਹਨ।

7. **ਕਮਲ ਕਸ਼ਮੀਰੀ :** ਮੈਂ ਸਮਝਦਾਂ ਕਿ ਪੇਪਰ ਆਪਣੀ ਗੱਲ ਠੀਕ ਕਹਿ ਸਕਿਆ ਹੈ, ਚਾਹੇ ਜਿਹੜੀ ਅਸੀਂ ਚੀਜ਼ ਮੰਗਦੇ ਸਾਂ ਉਹ ਗੱਲ ਖੁਲ੍ਹ ਕੇ ਨਹੀਂ ਆਖੀ ਗਈ। ਪਰ ਜਿਵੇਂ ਖ਼ਾਨ ਜੀ ਨੇ ਕਿਹਾ ਹੈ ਉਹ ਗੱਲ ਇਸ ਚੋਂ ਉਭਰਦੀ ਜ਼ਰੂਰ ਹੈ। ਇਨ੍ਹਾਂ ਨੇ ਉਹ

Sri Satguru Jagjit Singh Ji Elibrary NamdhariElibrary@gmail.com

ਗੱਲ ਕਹਿ ਦਿੱਤੀ ਹੈ, ਮੇਰਾ ਖਿਆਲ ਹੈ ਹੁਣ ਦੁਹਰਾਉਣ ਦੀ ਕੋਈ ਲੋੜ ਨਹੀਂ। ਪਰ ਮੈਂ ਇੰਨਾ ਕੁ ਆਖਾਂਗਾ ਕਿ ਜਿਹੜਾ ਲੋਕ-ਗੀਤ ਮੈਂ ਸੁਣਿਆ "ਕਪੜੇ ਧੋਵਾਂ ਕਣੋ ਰੋਆਂ ਕੁੰਝਿਆਂ ਮੁਖੋਂ ਬੋਲੇ ਜੁਆਨੀ ਹੋ।" ਇਹ ਕਿਸੇ ਪੰਜਾਬੀ ਨੂੰ ਸਮਝਣ ਵਿਚ ਕੋਈ ਦਿੱਕਤ ਨਹੀਂ ਹੋਈ। ਜਾਂ ਉਨ੍ਹਾਂ ਨੇ ਇਕ ਤੁਕ ਪੜ੍ਹੀ ਏ "ਉਠ ਮਜੂਰਾ ਜਾਗ ਕਿਸਾਨਾ ਤੇਰਾ ਵੇਲਾ ਆਇਆ ਓ, ਇਹ ਪਰਮੇਸ਼ਰ ਛੋਲ ਡਰਾਵਾ ਢਗੇ ਜਾਲ ਵਿਛਾਇਆ ਓ" ਕੋਈ ਮੁਸ਼ਕਲ ਨਹੀਂ। ਹਾਂ ਇਕ ਗੱਲ ਜ਼ਰੂਰ ਇਨ੍ਹਾਂ ਦੇ ਪੇਪਰ 'ਚ ਰਹਿ ਗਈ ਏ ਉਹ ਇਹ ਹੈ ਕਿ ਜਿਸ ਵਕਤ ਮਹਾਰਾਜਾ ਰਣਜੀਤ ਸਿੰਘ ਨੇ ਡੋਗਰੀ ਦੀ ਉੱਨਤੀ ਵਾਸਤੇ ਜਾਂ ਉਸ ਨੂੰ ਸਰਕਾਰੀ ਜ਼ਬਾਨ ਬਣਾਉਣ ਵਾਸਤੇ ਇਹ ਉਪਰਾਲਾ ਕੀਤਾ ਸੀ, ਤਾ ਉਨ੍ਹਾਂ ਦਿਨਾਂ ਵਿਚ ਡੋਗਰੀ ਵਿਚ ਕੋਈ ਪੁਰਾਣੀਆਂ ਕਿਤਾਬਾਂ ਦੇ ਤਰਜਮੇ ਹੋਏ ਸਨ। ਮਿਸਾਲ ਦੇ ਤੌਰ ਤੇ 'ਤਾਜ ਤੇ ਸੰਘਾਰ' ਜਾਂ 'ਹਿੰਦੁਸਤਾਨੀ ਮਜਾਹਿਦੇ' ਜਾਂ 'ਤਸ਼ਰਹੀ-ਉਲ-ਬੁਦਨ' ਇਹੋ ਜਿਹੀਆਂ ਬਹੁਤ ਸਾਰੀਆਂ ਕਿਤਾਬਾਂ ਹਨ। ਸੈਂਕੜੇ ਤੇ ਹਜ਼ਾਰਾਂ ਕਿਤਾਬਾਂ ਨੇ ਜਿਨ੍ਹਾਂ ਦੇ ਤਰਜਮੇ ਹੋਏ ਨੇ ਤੇ ਇਨ੍ਹਾਂ ਕਿਤਾਬਾਂ 'ਚ ਜਿਹੜੀ ਜ਼ਬਾਨ ਵਰਤੀ ਗਈ ਏ ਉਹ ਨਰੋਲ ਪੰਜਬੀ ਏ। ਜੇ ਉਹ ਤਰੱਕੀ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਡੋਗਰੀ ਵਾਸਤੇ ਹੋ ਰਹੀ ਸੀ, 'ਡੋਗਰੀ ਦੇ ਨਾਂ ਤੇ ਚਾਲੂ ਰਹਿੰਦੀ ਤੇ ਉਹ ਪੰਜਾਬੀ 'ਚ ਤਰੱਕੀ ਹੋਣੀ ਸੀ। ਪਰ ਬਦ-ਕਿਸਮਤੀ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਮਗਰੋਂ ਹੀ ਝਟ ਬੰਦ ਕਰ ਦਿੱਤੀ ਗਈ ਸੀ ਤੇ ਉਹ ਬਹੁਤੀਆਂ ਕਿਤਾਬਾਂ ਹੀ ਗਵਾਚ ਗਈਆਂ। ਕੁਝ ਕਿਤਾਬਾਂ ਬਚੀਆਂ ਨੇ ਤੇ ਉਹ ਵੀ ਇਸ ਵੇਲੇ ਮੇਰੇ ਕੋਲ ਕੋਈ ਹਵਾਲਾ ਨਹੀਂ ਹੈ। ਪਰ ਮੈਂ ਕਈ ਆਰਟੀਕਲਾਂ ਵਿਚ ਨੋਟ ਕੀਤੀ ਹੋਈ ਏ, ਉਹ ਬਿਲਕੁਲ ਪੰਜਾਬੀ ਹੈ। ਇਹ ਗੱਲ ਸਾਫ ਹੈ ਕਿ ਕਿਸੇ ਦੌਰ ਵਿਚ ਡੋਗਰੀ ਤੇ ਪੰਜਾਬੀ ਦੀ ਤਰੱਕੀ ਹੋਈ ਸੀ। ਹਾਂ ਅਬਲਤਾ ਇਕ ਗੱਲ ਹੈ—ਇਸ ਵੇਲੇ ਇਸ ਆਰਟੀਕਲ ਵਿਚ ਰਹਿ ਗਈ ਏ। ਵੈਸੇ ਰਾਮ ਧੰਨ ਬਾਰੇ ਕਿਹਾ ਜਾਂਦਾ ਹੈ ਕਿ ਡੋਗਰੀ ਦਾ ਕਵੀ ਨਹੀਂ ਸੀ। ਰਾਮ ਧੰਨ ਨੇ ਇਕੋ ਕਵਿਤਾ ਡੋਗਰੀ ਵਿਚ ਲਿਖੀ ਸੀ 'ਚੰਦੇ ਦੀ ਚਾਨਣੀ' ਬਾਕੀ ਰਾਮ ਧੰਨ ਨੇ 43 ਕਿੱਸੇ ਲਿਖੇ ਨੇ ਜ਼ਿੰਦਗੀ ਵਿਚ। ਰਾਮ ਧੰਨ ਮੁਹੰਮਦ ਕਾਲੀ ਦਾ ਸਮਕਾਲੀ ਸੀ ਉਸ ਨੂੰ ਵਿਸਤਾਰ ਨਾਲ ਨਹੀਂ ਵੇਖਿਆ ਗਿਆ ਅਜ ਤਕ ਇਹ ਸਾਡੀ ਬਦਕਿਸਮਤੀ ਹੈ। ਪਰ ਹੁਣ ਗੁਰੂ ਨਾਨਕ ਯੂਨੀਵਰਸਿਟੀ ਇਕ ਕਿੱਸਾ 'ਪੂਰਨ ਭਗਤ' ਛਾਪ ਰਹੀ ਏ ਤੇ ਉਹਦੇ ਵਿਚ ਉਹਦੇ ਪਿਛੇ ਜਿਲਦ ਤੇ 43 ਕਿੱਸਿਆਂ ਦੇ ਨਾਂ ਮੌਜੂਦ ਨੇ। ਇਹ ਬੜਾ ਪ੍ਰਮੁਖ ਕਵੀ ਹੋਇਐ ਪੰਜਾਬੀ ਵਿਚ। ਬ੍ਰਿਜ ਭਾਸ਼ਾ ਵਿਚ ਇਸ ਨੇ ਕੋਈ ਕਵਿਤਾ ਜ਼ਰੂਰ ਲਿਖੀ ਸੀ, ਉਹ ਵੀ ਕਾਲੀਦਾਸ ਗੁਜਰਾਂਵਾਲਾ ਜਦੋਂ ਮਿਲਣ ਆਇਆ ਤੇ ਉਹਦੇ ਪ੍ਰਭਾਵ ਕਾਰਨ ਉਹਨੇ ਬ੍ਰਿਜ ਭਾਸ਼ਾ ਵਿਚ ਕੁਝ ਕੁ ਛੰਦ ਕਹੇ ਹੋਏ ਨੇ ਜਿਹੜੇ ਮਿਲਦੇ ਨਹੀਂ। ਪਰ ਅਸਲੀ ਉਸ ਨੇ 43 ਕਿੱਸਿਆਂ ਦੀ ਰਚਨਾ ਪੰਜਾਬੀ ਵਿਚ ਕੀਤੀ। ਉਸਦੀ ਇਕ ਮਹੱਤਵਪੂਰਨ ਦੇਣ ਰਾਮਾਇਣ ਸੀ। ਸੰਪੂਰਨ ਰਾਮਾਇਣ ਦਾ ਤਰਜਮਾ ਪੰਜਾਬੀ ਵਿਚ ਕੀਤਾ ਸੀ। ਔਰ ਉਸ ਨੇ ਆਪਣੇ ਹੱਥਾਂ ਨਾਲ ਉਹਦੀ ਚਿੱਤਰਕਾਰੀ ਕੀਤੀ—ਹਰ ਪੰਨੇ ਤੇ ਇਕ ਚਿੱਤਰ। ਪਰ ਸੰਨ 1947 ਤੋਂ ਪਹਿਲਾਂ ਉਹ ਕਿਤੇ ਗਵਾਚ ਗਈ ਸੀ। ਦੂਜੀ ਗੱਲ ਚੂਨੀ ਲਾਲ ਕਮਲਾ ਨਰੋਲ ਪੰਜਾਬੀ ਦਾ ਇਕ ਕਵੀ ਹੋਇਐ। ਡੋਗਰੀ ਵਿਚ ਉਹਦਾ ਜ਼ਿਕਰ ਆਇਆ ਹੋਣੈ। ਉਹਦੇ ਮੇਰੇ ਕੋਲ ਦੋ ਚਾਰ ਖਰੜੇ ਮੌਜੂਦ ਹਨ। ਦਸਦੇ ਨੇ ਕਿ ਉਸ

Sri Satguru Jagjit Singh Ji Elibrary NamdhariElibrary@gmail.com

ਵਲੋਂ ਪੰਜਾਬੀ ਵਿਚ ਕੁਝ ਕੁ ਭਗਵਤ ਗੀਤਾ ਦਾ ਤਰਜਮਾ ਵੀ ਹੈ। ਬਸ ਇੰਨਾ ਕਹਿ ਕੇ ਮੈਂ ਸਭ ਦਾ ਧੰਨਵਾਦ ਕਰਦਾ ਹਾਂ।

8. ਪ੍ਰੋ. ਕ੍ਰਿਪਾਲ ਸਿੰਘ ਕਸੇਲ : ਦੋਸਤੋ ਜਿਨ੍ਹਾਂ ਉੱਦੇਸ਼ਾਂ ਨੂੰ ਮੁਖ ਰਖ ਕੇ ਇਹ ਸੈਮੀਨਾਰ ਰਖਿਆ ਗਿਆ ਹੈ ਭਾਵੇਂ ਇਸ ਸੈਮੀਨਾਰ ਵਿਚ ਸਾਰੇ ਸਿੱਟੇ ਹਨ ਉਹ ਨਾਂ ਨਿਕਲ ਸਕਣ ਲੇਕਨ ਇਹ ਇਕ ਬੜਾ ਅੱਛਾ ਆਰੰਭ ਹੈ। ਜੋ ਕੁਝ ਵੀ ਇਥੇ ਵਿਚਾਰ ਕੀਤੀ ਗਈ ਹੈ ਔਰ ਜੋ ਕੁਝ ਪੇਪਰ ਵਿਚ ਕਿਹਾ ਗਿਆ ਹੈ ਉਸ ਤੋਂ ਤਿੰਨ ਗੱਲਾਂ ਸਾਫ ਹੁੰਦੀਆਂ ਹਨ। ਇਕ ਤੇ ਇਹ ਕਿ ਡੋਗਰੀ ਔਰ ਪੰਜਾਬੀ ਦਾ, ਜੋ ਪੰਜਾਬੀ ਦੀ ਉਪ-ਭਾਸ਼ਾ ਦੇ ਰੂਪ ਵਿਚ ਪ੍ਰਵਾਨ ਕੀਤੀ ਗਈ ਸੀ, 1947 ਤੋਂ ਪਹਿਲਾਂ ਕੀ ਸੰਬੰਧ ਔਰ ਸਰੂਪ ਸੀ। ਦੂਸਰਾ 1947 ਤੋਂ 1976 ਤਕ, ਜਿਸ ਤਰ੍ਹਾਂ ਡੋਗਰੀ ਉਪ-ਭਾਸ਼ਾ ਨੇ ਹੁਣ ਭਾਸ਼ਾ ਦੇ ਰੂਪ ਵਿਚ ਵਿਕਾਸ ਕਰਨਾ ਸ਼ੁਰੂ ਕੀਤਾ ਹੈ, ਇਸ ਦੇ ਪ੍ਰਸੰਗ ਵਿਚ ਦੋਹਾਂ ਭਾਸ਼ਾਵਾਂ ਦਾ ਕੀ ਰਿਸ਼ਤਾ ਹੈ। ਤੀਸਰਾ ਇਹ ਕਿ ਜੋ ਆਉਣ ਵਾਲਾ ਸਮਾਂ ਹੈ 1976 ਤੋਂ ਪਿਛੋਂ, ਉਸ ਵਿਚ ਜੋ ਡੋਗਰੀ ਪੰਜਾਬੀ ਅਤੇ ਹੋਰ ਜਿਹੜੀਆਂ ਇਸ ਖੇਤਰ ਦੀਆਂ ਭਾਸ਼ਾਵਾਂ ਹਨ ਉਨ੍ਹਾਂ ਦਾ ਪਰਸਪਰ ਕੀ ਸੰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਕੀ ਰਿਸ਼ਤਾ ਹੈ ਔਰ ਸਭ ਦੇ ਸਾਹਮਣੇ ਕਿਸ ਤਰ੍ਹਾਂ ਦੀਆਂ ਸਾਂਝੀਆਂ ਸਮੱਸਿਆਵਾਂ ਹਨ। ਸੋ ਇਹ ਇਸ ਬਾਰੇ ਏਡੀ ਛੇਤੀ ਨਿਰਣਾ ਕਰ ਲੈਣਾ ਠੀਕ ਨਹੀਂ, ਹਾਲੀ ਕੁਝ ਸਮਾਂ ਲਗੇਗਾ। ਮੈਂ ਡਾ. ਜਸਬੀਰ ਸਿੰਘ ਆਹਲੂਵਾਲੀਆ ਦਾ ਜੋ ਵਿਚਾਰ ਹੈ ਕਿ ਪੰਜਾਬੀ ਨੇ ਕਈ ਸੌ ਸਾਲ ਭਾਸ਼ਾ ਦੀ ਸਾਮਰਾਜੀ ਨੀਤੀ ਵਿਰੁਧ ਸੰਘਰਸ਼ ਕੀਤਾ ਹੈ ਉਸ ਬਾਰੇ ਕਹਿੰਦਾ ਹਾਂ ਕਿ ਡੋਗਰੀ ਬਾਰੇ ਪੰਜਾਬੀ ਨੇ ਕਿੰਨਾ ਕੁ ਅਪਣਾਇਆ ਹੈ ਤੇ ਕੀ ਕੁਝ ਪ੍ਰਵਾਣ ਕੀਤਾ ਹੈ ? ਇਹ ਵੀ ਮੈਂ ਸਮਝਦਾ ਹਾਂ ਕਿ ਬੜਾ ਅੌਖੇਰਾ ਮਸਲਾ ਹੈ। ਭਾਰਤ ਵਿਚ ਇਕ ਵਾਸਤਵਿਕ ਔਰ ਸਮਾਨ ਯੋਗ ਸਥਿਤੀ ਪ੍ਰਾਪਤ ਕਰਨ ਲਈ। 1966 ਤਕ ਪੰਜਾਬੀਆਂ ਨੂੰ ਸੰਘਰਸ਼ ਕਰਨਾ ਪਿਆ ਹੈ। ਉਸ ਤੋਂ ਬਾਅਦ ਹੁਣੇ ਸਾਡਾ ਇਸ ਪਾਸੇ ਵਲ ਵੀ ਧਿਆਨ ਗਿਆ ਹੈ ਇਕ ਬੜੀ ਅੱਛੀ ਗੱਲ ਹੈ। ਮੈਂ ਆਪ ਜੀ ਦਾ ਧਿਆਨ ਦਵਾਊਂਦਾ ਹਾਂ ਕਿ ਪੰਜਾਬੀ ਕਿਵੇਂ ਡੋਗਰੀ ਨੂੰ ਅਪਣਾਉਂਦੀ ਹੈ ਉਸ ਖੇਤਰ ਵਿਚ ਉਥੋਂ ਦੀ ਭਾਸ਼ਾ ਤੇ ਉਥੋਂ ਦੀ ਸੰਸਕ੍ਰਿਤੀ ਦਾ ਇਕ ਉਦਾਹਰਣ ਦਿੰਦਾ ਹਾਂ। ਕ੍ਰਿਪਾ ਸਾਗਰ ਦੀਆਂ ਰਚਨਾਵਾਂ 'ਦੀਡੋ ਜਮਵਾਲ' ਨਾਟਕ ਅਤੇ 'ਲਛਮੀ ਦੇਵੀ' ਵਿਚ ਜੰਮੂ ਪ੍ਰਦੇਸ਼ ਦੀ ਡੋਗਰੀ ਉਪ-ਭਾਸ਼ਾ ਦੀ ਜੋ ਸ਼ਬਦਾਵਲੀ ਹੈ, ਜੋ ਲਹਿਜਾ ਹੈ, ਉਸਦੀ ਉਸ ਕਲਾਕਾਰ ਨੇ, ਸਾਹਿਤਕਾਰ ਕਵੀ ਨੇ, ਜਿਸ ਤਰ੍ਹਾਂ ਉਸ ਸਥਾਨਕ ਉਪ-ਭਾਸ਼ਾ ਦੀ ਵਰਤੋਂ ਕੀਤੀ ਹੈ, ਇਕ ਬੜੀ ਜਿਊਂਦੀ ਜਾਗਦੀ ਮਿਸਾਲ ਹੈ। ਲੇਕਨ ਪਿਛਲੀ ਲੀਹ ਪੁੱਟਣ ਦਾ ਕੋਈ ਲਾਭ ਨਹੀਂ ਹੋਵੇਗਾ। ਸਾਨੂੰ ਨਵੀਆਂ ਸਥਿਤੀਆਂ ਵਿਚ ਨਵੇਂ ਰਿਸ਼ਤਿਆਂ ਨੂੰ 'ਐਕਸਪਲੋਰ' ਕਰਨਾ ਪਵੇਗਾ ਅਤੇ ਨਵੀਂ ਕਾਰਜ ਵਿਧੀ ਨੂੰ ਵਿਕਸਤ ਕਰਨਾ ਪਵਗਾ। ਇਸ ਲਈ ਇਸ ਵਿਸ਼ੇ ਤੇ ਕਈ ਹੋਰ ਸੈਮੀਨਾਰਾਂ ਪਿਛੋਂ ਇਹ ਨੀਤੀ ਸਾਡੇ ਸਾਹਮਣੇ ਸਪੱਸ਼ਟ ਹੋਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਤੋਂ ਆਗਿਆ ਮੰਗਦਾ ਹਾਂ।

9. ਸ. ਭੁਪਿੰਦਰ ਸਿੰਘ ਖਹਿਰਾ : ਇਸ ਪੇਪਰ ਵਿਚ ਇਹ ਕਿਹਾ ਗਿਆ ਹੈ ਕਿ "ਜਿਥੇ ਅਸੀਂ ਡੋਗਰੀ ਦੇ ਨਿਜਤਵ ਨੂੰ ਮੰਨਣੋਂ ਇਨਕਾਰੀ ਨਹੀਂ ਉਥੇ ਇਹ ਕਹਿਣ ਤੋਂ ਵੀ

Sri Satguru Jagjit Singh Ji Elibrary NamdhariElibrary@gmail.com

ਸੰਕੋਚ ਨਹੀਂ ਕਰ ਸਕਦੇ ਕਿ ਇਹ ਸਾਹਿਤਕ ਪੱਖ ਤੋਂ ਪੰਜਾਬੀ ਪਰਿਵਾਰ ਦਾ ਇਕ ਅੰਗ ਹੈ।" ਇਸ ਵਿਚ ਹੀ ਕੁਝ ਵਿਸ਼ੇਸ਼ ਸਮਾਇਆ ਹੋਇਆ ਹੈ ਜਿਹੜਾ ਅਸੀਂ ਅਜੇ ਤਕ ਨਹੀਂ ਪਛਾਣਿਆ। ਭਾਵ ਇਸ ਦਾ ਇਹ ਹੈ ਕਿ ਪੰਜਾਬੀ ਦੇ ਕੁਝ ਇਹੋ ਜਿਹੇ ਲੱਛਣ ਨੇ ਜਿਹੜੇ ਡੋਗਰੀ ਨਾਲ ਸਾਂਝੇ ਨੇ ਤੇ ਕੁਝ ਇਹੋ ਜਿਹੇ ਲੱਛਣ ਨੇ ਜਿਹੜੇ ਡੋਗਰੀ ਤੋਂ ਵੱਖਰੇ ਨੇ। ਇਸ ਸੁਮੇਲ ਤੇ ਵਿਰੋਧ ਨੂੰ ਜਾਣੇ ਬਗ਼ੈਰ ਨਾ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਡੋਗਰੀ ਦੀ ਪੰਜਾਬੀ ਨੂੰ ਕੀ ਦੇਣ ਹੈ, ਨਾ ਹੀ ਪੰਜਾਬੀ ਦੀ ਡੋਗਰੀ ਨੂੰ ਦੇਣ ਬਾਰੇ ਅਸੀਂ ਕਿਸੇ ਸਿੱਟੇ ਤੇ ਪਹੁੰਚ ਸਕਦੇ ਹਾਂ। ਪਹਿਲੀ ਗੱਲ ਹੈ ਕਿ ਇਨ੍ਹਾਂ ਮੇਲਾਂ ਤੇ ਵਿਰੋਧਾਂ ਨੂੰ ਜਾਣਿਆ ਜਾਵੇ ਕਿ ਡੋਗਰੀ ਤੋਂ ਪੰਜਾਬੀ ਦਾ ਵੱਖਰਾ ਕੀ ਹੈ ਤੇ ਪੰਜਾਬੀ ਦੇ ਨਾਲ ਮਿਲਵਾਂ ਕੀ ਹੈ।

ਦੂਜੀ ਗੱਲ ਇਹ ਹੈ ਕਿ ਪੰਜਾਬ ਦੇ ਸਭਿਆਚਾਰਕ ਜਾਂ ਸਮਾਜਕ ਰਿਸ਼ਤੇ ਪਿਛਲੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਭੀ ਪਹਿਲਾਂ ਡੋਗਰੀ ਰਿਜਨ ਦੇ ਨਾਲ ਜ਼ਿਆਦਾ ਰਹੇ ਹਨ। ਇਸ ਤੋਂ ਬਾਅਦ ਇਹ ਰਿਸ਼ਤੇ ਕੁਝ ਘਟਦੇ ਰਹੇ, ਸਾਨੂੰ ਇਸ ਸੰਦਰਭ ਵਿਚ ਵੀ ਦੇਖਣਾ ਚਾਹੀਦਾ ਹੈ ਕਿ ਡੋਗਰੀ ਬੋਲੀ ਉਪਰ ਇਕ ਦੋ ਉਪ-ਬੋਲੀਆਂ ਨੇ, ਜਿਹੜੀਆਂ ਦਾਰਦਿਕ ਗਰੁਪ ਨਾਲ ਸੰਬੰਧ ਰਖਦੀਆਂ ਹਨ ਤੇ ਦੂਜੇ ਪਾਸੇ ਉਹ ਜਿਹੜੀਆਂ ਸਾਇਨੋ-ਤਿਬਤੀ ਗਰੁਪ ਨਾਲ ਸੰਬੰਧ ਰਖਦੀਆਂ ਨੇ (ਲਦਾਖ ਦੀਆਂ ਬੋਲੀਆਂ) ਇਨ੍ਹਾਂ ਦੋਹਾਂ ਬੋਲੀਆਂ ਦਾ ਵੀ ਇਸ ਤੇ ਕਾਫ਼ੀ ਅਸਰ ਹੋਇਆ ਹੈ। ਪਿਛੇ ਜਿਹੇ ਡੋਗਰੀ ਪੰਜਾਬੀ ਦੇ ਬਾਹਲੀ ਨੇੜੇ ਸੀ, ਅੱਜ ਜ਼ਿਆਦਾ ਦੂਰ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਵੀ ਕੁਛ ਇਹੋ ਜਿਹਾ ਹੀ ਕਿਹਾ ਜਾ ਸਕਦਾ ਹੈ ਕਿ ਡੋਗਰੀ Indo-Aryan Language Group ਦੇ ਲੱਛਣ ਨੂੰ ਤਿਆਗ ਰਹੀ ਹੈ ਤੇ ਦਾਰਦਿਕ ਗਰੁਪ ਤੇ ਤਿਬਤੀ ਗਰੁਪ ਦੇ ਲੱਛਣਾਂ ਨੂੰ ਸਵੀਕਾਰ ਕਰ ਰਹੀ ਹੈ।

ਤੀਸਰਾ ਮਸਲਾ ਇਹ ਹੈ ਡੋਗਰਾ ਰਿਜਨ ਲਈ। ਜਿਵੇਂ ਡੋਗਰਾ ਰਿਜਨ ਦੇ ਲੋਕ ਨੇ, ਚਾਹੇ ਅਸੀਂ ਇਹਨੂੰ ਉਪ-ਭਾਸ਼ਾ ਮੰਨਦੇ ਆਂ, ਉਨ੍ਹਾਂ ਨੂੰ ਸਵੀਕਾਰ ਹੋਏ ਬਿਨਾਂ ਅਸੀਂ ਨਹੀਂ ਕਹਿ ਸਕਦੇ ਕਿ ਇਹ ਪੰਜਾਬੀ ਦੀ ਉਪ-ਭਾਸ਼ਾ ਹੈ ਜਾਂ ਇਹ ਇਕ ਵੱਖਰੀ ਬੋਲੀ ਹੈ। ਇਹ ਆਪਾਂ ਨੂੰ ਉਨ੍ਹਾਂ ਨੂੰ ਵਿਸ਼ਵਾਸ ਵਿਚ ਲੈਣਾ ਪੈਣਾ ਹੈ ਕਿਉਂਕਿ ਇਹਦੀ ਦੁਨੀਆਂ ਸਾਹਮਣੇ ਇਕ ਬਹੁਤ ਵੱਡੀ ਉਦਾਹਰਣ ਹੈ। ਇਕ ਤੁਰਕੀ ਹੈ—ਤੁਰਕੀ ਦੇ ਵਿਚ ਬਲਕਾਨ ਮੁਲਕ ਹੈ। ਬਲਕਾਨ ਬੋਲੀ ਥੋੜ੍ਹੇ ਜੇਹੇ ਰਿਜਨ ਵਿਚ ਬੋਲਦੇ ਨੇ ਅਤੇ ਇਕ ਕਬੀਲੇ ਦੇ ਡੋਗਰੀ ਤੋਂ ਵੀ ਕਿਤੇ ਘੱਟ ਲੋਕ ਬਲਕਾਨ ਬੋਲੀ ਬੋਲਦੇ ਨੇ ਉਥੇ ਤੁਰਕੀ ਲੋਕਾਂ ਨੂੰ ਵੀ ਇਕ ਸੌ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਕਿ ਇਸ ਬੋਲੀ ਨੂੰ ਤਬਾਹ ਕਰ ਸਕਣ ਜਾਂ ਇਹ ਸਵੀਕਾਰ ਕਰ ਸਕਣ ਕਿ ਇਹ ਤੁਰਕੀ ਦੀ ਉਪ-ਭਾਸ਼ਾ ਜਾਂ ਉਪ-ਬੋਲੀ ਹੈ। ਪਰ ਉਹ ਬੋਲੀ ਦਿਨੋਂ ਦਿਨ ਵਿਕਸਿਤ ਹੁੰਦੀ ਜਾਂ ਰਹੀ ਹੈ। ਉਹਨੇ ਆਪਣੀ ਸ਼ਬਦਾਵਲੀ ਆਪਣੇ ਪੈਟਰਨ, ਆਪਣਾ ਸਭ ਕੁਝ ਪੈਦਾ ਕਰ ਲਿਆ ਹੈ ਤੇ ਇਕ ਵੱਖਰੀ ਬੋਲੀ ਦੇ ਤੌਰ ਤੇ ਖੜ੍ਹੀ ਹੈ ਜਿਸ ਦਾ ਕਿ ਖੇਤਰਫਲ ਬਹੁਤ ਘੱਟ ਹੈ। ਇਸ ਲਈ ਜੇ ਡੋਗਰੀ ਦੀ ਪੰਜਾਬੀ ਦੇ ਨਾਲ ਸਾਂਝ ਪੈਦਾ ਕਰਨੀ ਹੈ ਤਾਂ ਮੁੱਖ ਗੱਲ ਇਹ ਹੀ ਹੈ ਕਿ ਇਸ ਦੇ ਮੇਲਾਂ ਤੇ ਵਿਰੋਧ ਨੂੰ ਸਮਝਿਆ ਜਾਵੇ ਕਿ ਇਸ ਦਾ ਪੰਜਾਬੀ ਨਾਲ ਕੀ ਸਾਂਝਾ ਹੈ ਤੇ ਕੀ ਵੱਖਰਾ ਹੈ! ਜੇ ਅਸੀਂ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੇ ਤਾਂ ਇਹੋ ਜਿਹੇ ਸੈਮੀਨਾਰ ਇਹਦੇ ਬਾਰੇ ਕੁਝ ਨਹੀਂ ਸੁਧਾਰ ਸਕਦੇ। ਮੇਰਾ ਖ਼ਿਆਲ ਹੈ ਕਿ ਇਹ ਵਿਦਵਾਨ ਸੱਜਣ ਮੇਲਾਂ ਤੇ ਵਿਰੋਧਾਂ ਨੂੰ ਪਰਖਣ ਦੀ ਕੋਸ਼ਿਸ਼ ਕਰਨਗੇ ਕਿ ਪੰਜਾਬੀ ਤੇ

Sri Satguru Jagjit Singh Ji Elibrary NamdhariElibrary@gmail.com

ਡੋਗਰੀ ਦੇ ਵਿਚ ਸਾਂਝਾ ਕੀ ਹੈ ਤੇ ਵੱਖਰਾ ਕੀ ਹੈ। ਇਨ੍ਹਾਂ ਦੇ ਸਭਿਆਚਾਰ ਵਿਚ ਸਾਂਝ ਕੀ ਹੈ ਤੇ ਵੱਖਰਾ ਕੀ ਹੈ ਤੇ ਇੰਨਾ ਹੀ ਮੈਂ ਕਹਿਣਾ ਚਾਹੁੰਨਾ।

10. ਸ. ਈਸ਼ਰ ਸਿੰਘ ਅਟਾਰੀ : ਆਦਰਨੀਯ ਵਿਦਿਆ ਮੰਤਰੀ ਸਾਹਿਬ, ਆਦਰਨੀਯ ਵੀ. ਸੀ. ਸਾਹਿਬਾ ਅਤੇ ਦੋਸਤੋ ! ਜਿਥੇ ਗੱਲ ਜਸਬੀਰ ਸਿੰਘ ਜੀ ਨੇ ਖ਼ਤਮ ਕੀਤੀ ਸੀ ਤੇ ਜਿਥੇ ਕਸੇਲ ਜੀ ਨੇ ਇਸ਼ਾਰਾ ਕੀਤਾ ਸੀ ਮੈਂ ਗੱਲ ਉਥੋਂ ਸ਼ੁਰੂ ਕਰਨੀ ਚਾਹੁੰਨਾਂ। ਭਾਸ਼ਾ ਬਾਰੇ ਨਰੋਲ ਭਾਸ਼ਾਈ ਦ੍ਰਿਸ਼ਟੀਕੋਣ ਤੋਂ ਜਾਂ ਤਕਨੀਕੀ ਤੌਰ ਤੇ ਭਾਸ਼ਾ ਦੇ ਪੱਖ ਤੋਂ ਹੀ ਵਿਚਾਰਨ ਦੀ ਗੱਲ ਹੈ। ਸਾਨੂੰ ਇਸ ਗੱਲ ਨੂੰ ਮਿਥ ਕੇ ਔਰ ਇਹ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਸਾਡਾ ਅੱਜ ਦਾ ਜਿਹੜਾ ਪ੍ਰਸੰਗ ਹੈ, ਜਿਥੇ ਸਾਡਾ ਰਾਸ਼ਟਰ ਜਾ ਰਿਹਾ ਹੈ ਔਰ ਰਾਸ਼ਟਰ ਵਿਚ ਨਵੀਂ ਚੇਤੰਨਤਾ ਭਾਸ਼ਾਈ ਪੱਖ ਤੋਂ, ਭਾਵਨਾਤਮਕ ਪੱਖ ਤੋਂ, ਸਾਂਸਕ੍ਰਿਤਿਕ ਪੱਖ ਤੋਂ ਅਸੀਂ ਇਕ ਨਵਾਂ ਬਿੰਬ ਉਸਾਰਨਾ ਚਾਹੁੰਦੇ ਹਾਂ ਉਸ ਪ੍ਰਸੰਗ ਵਿਚ ਸਾਡੀਆਂ ਭਾਸ਼ਾਵਾਂ ਦਾ ਕੀ ਰੋਲ ਹੈ। ਇਥੇ ਮੈਂ ਸਪੱਸ਼ਟ ਕਰਨਾ ਚਾਹੁੰਨਾ ਕਿ ਜਿਥੋਂ ਤਕ ਪੱਤਰ ਲਿਖਣ ਦਾ ਸੰਬੰਧ ਹੈ, ਜਿਥੋਂ ਤੱਕ ਡੋਗਰੀ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦੇਣ ਦਾ ਸੰਬੰਧ ਹੈ, ਉਹ ਬੜਾ ਮੁਲਵਾਨ ਪੇਪਰ ਹੈ। ਪ੍ਰੋ. ਸਾਹਿਬ ਨੇ ਬੜੀ ਹੀ ਰੀਝ ਨਾਲ, ਬੜੇ ਵਿਸਤਾਰ ਨਾਲ ਲਿਖਿਆ ਹੈ। ਸੰਕੋਚ ਵੀ ਵਿਚ ਹੈ, ਉਸਦੇ ਕਈ ਕਾਰਣ ਹੋ ਸਕਦੇ ਹਨ। ਸਹਾਨੁਭੂਤੀ ਵੀ ਵਿਚ ਹੈ। ਲੇਕਿਨ ਉਨ੍ਹਾਂ 2-3 ਮਸਲੇ ਜਿਹੜੇ ਸਾਡੇ ਸਾਹਮਣੇ ਰਖੇ ਨੇ ਉਹ ਜ਼ਰੂਰ ਰੰਗ ਦਿੱਤੇ ਨੇ। ਦੇਣ ਕੀ ਹੈ ਜਾਂ ਕੋਈ ਦੇਣ ਨਹੀਂ—ਅਸੀਂ ਇਸ ਨੂੰ ਜ਼ਰਾ ਕੁ ਵਿਸ਼ਾਲ ਪ੍ਰਸੰਗ ਵਿਚ ਲੈ ਆਈਏ ਕਿ ਅਸੀਂ ਨਵੇਂ ਪ੍ਰਸੰਗ ਵਿਚ ਆਪਣੀਆਂ ਭਾਸ਼ਾਵਾਂ ਪ੍ਰਤੀ ਹੁਣ ਨੀਤੀ ਕੀ ਅਪਨਾਣੀ ਹੈ। ਡੋਗਰੀ ਲਈ ਇਕ ਡੋਗਰ ਰਿਜਨ ਅਜੇ ਤਕ ਨਿਸ਼ਚਿਤ ਨਹੀਂ ਹੈ। ਇਹ ਸਿਰਫ ਜੰਮੂ ਕਸ਼ਮੀਰ ਤਕ ਸੰਬੰਧਿਤ ਨਹੀਂ। ਡਾ. ਕਰਮ ਸਿੰਘ ਜੀ ਨੇ ਕਿਸੇ ਵਕਤ ਕਿਹਾ ਸੀ ਕਿ ਜਦੋਂ ਇਹ ਡੋਗਰ ਬੋਲੀ ਦਾ ਰਿਜਨ ਅਸੀਂ ਨਿਸ਼ਚਿਤ ਕਰਨਾ ਹੈ, ਕੁਝ ਰਿਜਨ ਇਸ ਵਿਚ ਪਾਉਣੇ ਪੈਣਗੇ ਅਤੇ ਕੁਝ ਕਢਣੇ ਪੈਣਗੇ। ਇਕ ਤਾਂ ਇਹ ਗੱਲ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਡੋਗਰ ਰਿਜਨ ਕਿਉਂ ਬਣਨਾ ਹੈ ? ਇਸ ਦੀ ਕੀ ਲੋੜ ਹੈ ? ਦੂਸਰੀ ਸਾਰੇ ਭਾਰਤ ਵਿਚ ਭਾਸ਼ਾਵਾਂ ਪ੍ਰਤੀ ਖਾਸ ਤੌਰ ਤੇ ਪ੍ਰਾਦੇਸ਼ਿਕ ਭਾਸ਼ਾਵਾਂ ਪ੍ਰਤੀ ਸਾਡੀ ਨੀਤੀ ਸਾਡੇ ਸਾਹਮਣੇ ਸਪੱਸ਼ਟ ਹੋਣੀ ਚਾਹੀਦੀ ਹੈ। ਉਹ ਇਹ ਹੈ ਕਿ ਅਸੀਂ ਹਰ ਭਾਸ਼ਾ, ਛੋਟੀ ਤੋਂ ਛੋਟੀ ਭਾਸ਼ਾ ਨੂੰ ਵਿਕਸਤ ਔਰ ਉਨਤ ਵੇਖਣਾ ਚਾਹੁੰਦੇ ਹਾਂ, ਜਿਸ ਤਰ੍ਹਾਂ ਰੂਸ ਦੇ ਆਜ਼ਾਦ ਹੁੰਦਿਆਂ ਹੀ, ਸਮਾਜਵਾਦ ਆਉਂਦਿਆਂ ਹੀ, ਛੋਟੀ ਤੋਂ ਛੋਟੀ ਭਾਸ਼ਾ ਨੂੰ, ਭਾਵੇਂ ਉਪਭਾਖਾ ਸੀ, ਭਾਵੇਂ ਉਹ ਕਿਸੇ ਛੋਟੇ ਤੋਂ ਛੋਟੇ ਖੇਤਰ ਦੀ ਭਾਸ਼ਾ ਸੀ, ਨੂੰ ਉਹਨਾਂ ਨੇ ਪਰਵਾਨ ਕਰ ਲਿਆ ਸੀ। ਜਿਨ੍ਹਾਂ ਦੀ ਲਿਪੀ ਨਹੀਂ ਸੀ, ਉਨ੍ਹਾਂ ਨੂੰ ਲਿਪੀ ਦਿੱਤੀ। ਸਾਨੂੰ ਇਹ 'ਸੌ ਫੁੱਲ ਖਿੜਨ ਦਿਓ' ਦੀ ਨੀਤੀ ਸਾਰੇ ਭਾਰਤ ਵਿਚ ਭਾਸ਼ਾਵਾਂ ਦੇ ਪ੍ਰਤੀ ਅਪਨਾਣੀ ਪਏਗੀ ਕਿਉਂਕਿ ਭਾਸ਼ਾ ਸਾਡੀ ਭਾਵਾਤਮਕ ਅਤੇ ਰਾਸ਼ਟਰੀ ਏਕਤਾ ਦੇ ਸੰਬੰਧ ਵਿਚ ਬੜਾ ਵੱਡਾ ਰੋਲ ਅਦਾ ਕਰਦੀ ਹੈ। ਜੇ ਭਾਸ਼ਾ ਬਾਰੇ ਅਸੀਂ 25 ਸਾਲ, 26 ਸਾਲ ਆਜ਼ਾਦ ਹੋਣ ਤੋਂ ਬਾਅਦ ਇਹੋ ਸੋਚਣਾ ਹੈ ਕਿ ਇਹ ਉਪ-ਭਾਖਾ ਤੇ ਇਹ ਮਾਂ ਭਾਖਾ ਹੈ, ਮਾਂ ਭਾਖਾ ਨੂੰ ਅਸੀਂ ਇਸ ਦਰਜੇ ਤੇ ਰੱਖਣਾ ਹੈ ਤੇ ਉਪ-ਭਾਖਾ ਤੇ ਥੋੜ੍ਹਾ ਜਿਹਾ ਖਿਝਣਾ ਹੈ ਤਾਂ ਇਹ ਗੱਲ ਨਹੀਂ ਚਲੇਗੀ।

ਤੁਹਾਨੂੰ ਯਾਦ ਹੋਵੇਗਾ ਕਿ ਸੰਵਿਧਾਨ ਵਿਚ ਮੰਨੀਆਂ ਗਈਆਂ ਪ੍ਰਾਦੇਸ਼ਕ ਭਾਸ਼ਾਵਾਂ

Sri Satguru Jagjit Singh Ji Elibrary NamdhariElibrary@gmail.com

ਵਿਚ ਸਿੰਧੀ ਭਾਸ਼ਾ ਨੂੰ ਵੀ ਪ੍ਰਵਾਨ ਕਰ ਲਿਆ ਗਿਆ ਹੈ, ਹਾਲਾਂ ਸਾਡੇ ਭਾਰਤ ਵਿਚ ਸਿੰਧੀ ਦਾ ਕੋਈ ਖੇਤਰ ਨਹੀਂ ਸੀ। ਪੰਜਾਬੀ ਦੇ ਖੇਤਰ ਲਈ ਅਸੀਂ ਬੜਾ ਸੰਘਰਸ਼ ਕੀਤਾ ਹੈ ਅਤੇ ਪੰਜਾਬੀ ਦੇ ਹੋਰ ਰਾਜਨੈਤਿਕ ਕਾਰਨ ਵੀ ਹਨ। ਮੈਂ ਤੁਹਾਡਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਭਾਵੇਂ ਸਿੰਧੀ ਦਾ ਇਕ ਨਿਸ਼ਚਿਤ ਖੇਤਰ ਨਹੀਂ ਫਿਰ ਵੀ ਸਿੰਧੀ ਨੂੰ ਇਕ ਸੁਤੰਤਰ ਭਾਸ਼ਾ ਤੌ ਤੌਰ ਤੇ ਸਾਡੇ ਸੰਵਿਧਾਨ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਹੈ।

ਅੱਜ ਇਸ ਸੈਮੀਨਾਰ ਦਾ ਇਕ ਲਾਭ ਜ਼ਰੂਰ ਹੋਇਆ ਹੈ ਕਿ ਸਿਰਫ ਤਕਨੀਕੀ ਤੌਰ ਤੇ ਇਸ ਖ਼ਿਆਲ ਨੂੰ ਵੇਖਿਆ ਜਾਵੇ ਕਿ ਪਹਿਲੀ ਦੇਣ ਕੀ ਹੈ? ਇਹ ਸਿਰਫ ਅਕਾਦਮਿਕ ਪੱਧਰ ਦੀ ਗੱਲ ਨਹੀਂ। ਇਸ ਨੂੰ ਵਿਸ਼ਾਲ ਪ੍ਰਸੰਗ ਵਿਚ ਵੇਖਣਾ ਚਾਹੀਦਾ ਹੈ ਕਿ ਸਾਡੀਆਂ ਇਨ੍ਹਾਂ ਚੋਹਾਂ ਪੰਜਾਂ ਭਾਸ਼ਾਵਾਂ ਦਾ ਰਿਸ਼ਤਾ ਕੀ ਹੋਣਾ ਚਾਹੀਦਾ ਹੈ ਔਰ ਜੇ ਪੰਜਾਬੀ ਨੂੰ ਅਸੀਂ ਵੱਡੀ ਭਾਸ਼ਾ ਮੰਨਿਆ ਤਾਂ ਸਾਡਾ ਇਹਨਾਂ ਵਲ ਕੀ ਰਵੱਈਆ ਹੋਣਾ ਚਾਹੀਦਾ ਹੈ। ਇਹ ਸੈਮੀਨਾਰ ਇਸ ਗੱਲ ਨੂੰ ਜ਼ਰੂਰ ਸਾਹਮਣੇ ਲਿਆ ਰਿਹਾ ਹੈ। ਇਹਦੇ ਬਾਰੇ ਸਪੱਸ਼ਟ ਮੱਤ ਹੈ ਕਿ ਪੰਜਾਬੀ ਦਾ ਇਨ੍ਹਾਂ ਪ੍ਰਤੀ ਰਿਸ਼ਤਾ ਇਹ ਹੋਣਾ ਚਾਹੀਦਾ ਹੈ ਕਿ ਇਹ ਬੋਲੀਆਂ ਸੁਤੰਤਰ ਰੂਪ ਵਿਚ ਵਿਕਸਤ ਹੋਣ ਔਰ ਇਹਦੇ ਨਾਲ ਪੰਜਾਬੀ ਨੂੰ ਕੋਈ ਕਮੀ ਨਹੀਂ ਹੋਵੇਗੀ। ਪੰਜਾਬੀ ਦੀਆਂ ਉਪ-ਭਾਖਾਵਾਂ ਸ਼ਕਤੀਸ਼ਾਲੀ ਹੋ ਕੇ ਵਿਕਸਤ ਹੋ ਕੇ ਜੇ ਉਹ ਪੰਜਾਬੀ ਨਾਲ ਸਾਂਝ ਰਖਣ ਤਾਂ ਇਹ ਪੰਜਾਬੀ ਦੇ ਵਿਕਾਸ ਦੇ ਖੇਤਰ ਨੂੰ ਵੱਡਾ ਕਰੇਗੀ। ਜਿਵੇਂ ਉਨ੍ਹਾਂ ਨੇ ਆਪਣੇ ਪਰਚੇ ਵਿਚ ਕਿਹਾ ਹੈ ਕਿ ਡੋਗਰੀ ਸਮਝਣ ਦਾ ਖੇਤਰ, ਇਸਦਾ, ਆਲੇ ਦੁਆਲੇ ਦਾ ਪ੍ਰਭਾਵ ਖੇਤਰ ਜ਼ਿਆਦਾ ਪੰਜਾਬੀ ਦਾ ਹੈ। ਪੰਜਾਬੀ ਉਸ ਨੂੰ ਜ਼ਿਆਦਾ ਸਮਝਦੇ ਨੇ। ਡੋਗਰੀ ਸ਼ਾਇਦ ਉਤਰ ਪ੍ਰਦੇਸ਼ ਵਿਚ ਓਨੀ ਆਸਾਨੀ ਨਾਲ ਨਹੀਂ ਸਮਝੀ ਜਾਂਦੀ ਜਿੰਨੀ ਸਾਡੇ ਪੰਜਾਬ ਵਿਚ ਸਮਝੀ ਜਾਂਦੀ ਹੈ। ਸੋ ਜਦ ਇਸ ਖੇਤਰ ਦੇ ਆਲੇ-ਦੁਆਲੇ ਪੰਜਾਬੀ ਦਾ ਪ੍ਰਭਾਵ ਹੈ ਤਾਂ ਇਸਨੇ ਪੰਜਾਬੀ ਨੂੰ ਵਧਾਉਣਾ ਹੈ ਅਤੇ ਪੰਜਾਬੀ ਨੇ ਇਸਨੂੰ ਵਧਾਉਣਾ ਹੈ। ਤਾਂ ਜੇ ਇਸਦੀ ਲਿਪੀ ਨਿਸ਼ਚਯ ਰੂਪ ਵਿਚ ਹੋਣੀ ਪੰਜਾਬੀ ਪ੍ਰਵਾਨ ਕਰ ਲਈ ਜਾਵੇ ਤਾਂ ਮੇਰੇ ਵਿਚਾਰ ਵਿਚ ਦੋਨੋਂ ਪਾਸੇ ਇਹਦਾ ਲਾਭ ਹੋਵੇਗਾ।

11. **ਹਰੀ ਸਿੰਘ ਜਾਚਕ** : ਪ੍ਰਧਾਨ ਸਾਹਿਬ, ਵਾਈਸ ਚਾਂਸਲਰ ਸਾਹਿਬਾ, ਹੋਰ ਭੈਣੋਂ ਅਤੇ ਭਰਾਵੋ ! ਮੈਂ ਬੜੇ ਅਦਬ ਤੇ ਨਿਰਮਾਣਤਾ ਨਾਲ ਤੁਹਾਡੀ ਸੇਵਾ ਵਿਚ ਇਹ ਬੇਨਤੀ ਕਰਨੀ ਹੈ ਕਿ ਜੋ ਹੁਣ ਦੀਆਂ ਗੱਲਾਂ ਤੋਂ ਸੁਣਿਆ ਜਾਂ ਇਸ ਪਰਚੇ ਵਿਚ ਜੋ ਪੜ੍ਹਿਆ ਗਿਆ ਮੈਨੂੰ ਐਸਾ ਪ੍ਰਤੀਤ ਹੁੰਦਾ ਹੈ ਕਿ ਅਸੀਂ ਬਹੁਤੇ ਸਾਗਰ ਦੇ ਥੱਲੇ ਅਤੇ ਉਸਦੀਆਂ ਲਹਿਰਾਂ ਵਿਚ ਕੁਝ ਬਹੁਤਾ ਫਰਕ ਸਮਝਣ ਲਗ ਪਏ ਹਾਂ। ਥੱਲੇ ਨੂੰ ਭੁੱਲ ਕੇ ਲਹਿਰਾਂ ਨੂੰ ਵਖ ਵੱਖ ਫੜਣ ਦਾ ਯਤਨ ਕਰਦੇ ਹਾਂ। ਮੈਨੂੰ ਤਾਂ ਇਹ ਲਗਦਾ ਹੈ ਕਿ ਬਹੁਤੇ ਸੱਜਣ ਇਸ ਪੋਲਿਟੀਕਲ ਪੰਜਾਬ ਨੂੰ ਹੀ ਪੰਜਾਬ ਸਮਝਣ ਲਗ ਪਏ ਨੇ। ਇਹ ਬਹੁਤ ਗਲਤ ਹੈ। ਪੋਲਿਟੀਕਲ ਪੰਜਾਬ ਕਿਸੇ ਹੋਰ ਮਸਲੇ ਨਾਲ ਬਣ ਗਿਆ, ਔਰ ਇਲਾਕੇ ਬਣਦੇ ਰਹਿੰਦੇ ਨੇ। ਪਰ ਜੋ ਸਭਿਆਚਾਰਕ ਏਕੇ ਦੇ ਇਲਾਕੇ ਹੁੰਦੇ ਹਨ ਉਹ ਪੋਲਿਟੀਕਲ ਇਲਾਕੇ ਤੋਂ ਵੱਖਰੇ ਹੁੰਦੇ ਹਨ। ਪੰਜਾਬ, ਇਹੀ ਪੰਜਾਬ ਨਹੀਂ, ਇਸ ਤੋਂ ਇਲਾਵਾ ਪੰਜਾਬ ਹਰਿਆਣੇ ਵਿਚ ਵੀ ਹੈ। ਪੰਜਾਬ ਹਿਮਾਚਲ ਵਿਚ ਵੀ ਹੈ। ਜੰਮੂ ਕਸ਼ਮੀਰ ਵਿਚ ਵੀ ਹੈ।

Sri Satguru Jagjit Singh Ji Elibrary NamdhariElibrary@gmail.com

ਰਾਜਸਥਾਨ ਵਿਚ ਵੀ ਹੈ। ਦਿੱਲੀ ਵਿਚ ਵੀ ਹੈ। ਤੁਸੀਂ ਸਾਰੇ ਉਸਦੇ ਵਾਰਸ ਹੋ। ਵਾਰਸ ਜੇ ਆਪਣੀ ਵਰਾਸਤ ਹੀ ਨਾ ਸਾਂਭਣ, ਤਾਂ ਕੋਈ ਉਨ੍ਹਾਂ ਨੂੰ ਸਿਆਣੇ ਨਹੀਂ ਕਹੇਗਾ। ਮਾਲਕਾਂ ਨੂੰ ਜੇ ਕੋਈ ਉਨ੍ਹਾਂ ਤੇ ਹਕੂਮਤ ਕਰਨ ਵਾਲੇ ਭੁਲਾ ਦੇਣ ਤਾਂ ਉਹ ਇਹ ਸਮਝਣ ਕਿ ਅਸੀਂ ਵਾਰਸ ਨਹੀਂ, ਇਹ ਚੀਜ਼ ਸਾਡੀ ਨਹੀਂ ਤੇ ਮੈਂ ਸਮਝਦਾਂ ਕਿ ਇਹ ਵਾਪਰ ਰਿਹੈ। ਇਹ ਸਾਡੀ ਜਿਹੜੀ ਦਿਮਾਗੀ ਦਿਸ਼ਾ ਦਿਨੋ-ਦਿਨ ਬਣਦੀ ਜਾਂਦੀ ਹੈ, ਇਹ ਕਿਤੇ ਸਾਡੇ ਸਭਿਆਚਾਰ ਨੂੰ ਬਹੁਤੀ ਸੱਟ ਨਾ ਲਾ ਜਾਏ। ਪੋਲਿਟੀਕਲ ਬੰਦੇ ਤਾਂ ਸ਼ਾਇਦ ਜ਼ਿਆਦਾ ਸੱਟ ਨਾ ਲਾ ਸਕਣ ਪਰ ਇਥੇ ਜਿਹੜੇ ਸਿਆਣੇ ਲੋਕ ਬੈਠੇ ਨੇ, ਇਹ ਪੋਲਿਟੀਕਲ ਚਾਲਾਂ ਦੇ ਹੇਰ ਫੇਰ ਵਿਚ ਹੀ ਫਸ ਕੇ ਆਪਣਾ ਆਪ ਭੁੱਲ ਕੇ ਸਭ ਕੁਝ ਨਾ ਗਵਾ ਬੈਠਣ। ਮੈਂ ਸਮਝਦਾ ਹਾਂ ਉਹਦੇ ਲਈ ਸਾਨੂੰ ਵਧੇਰੇ ਸੁਚੇਤ ਹੋ ਕੇ ਰਹਿਣਾ ਚਾਹੀਦਾ ਹੈ

ਪ੍ਰੋ. ਸੇਵਾ ਸਿੰਘ ਜੀ ਨੇ ਹੁਣੇ ਜਿਹੜਾ ਪਰਚਾ ਪੜ੍ਹਿਆ ਸੀ ਤੇ ਉਹਦੇ ਵਿਚ ਡੋਗਰੀ ਸਾਹਿਤ ਦੀਆਂ ਜੋ ਮਿਸਾਲਾਂ ਦਿੱਤੀਆਂ ਹਨ, ਮੈਨੂੰ ਤੇ ਉਹ ਬਿਲਕੁਲ ਕੋਈ ਵੱਖਰੀ ਬੋਲੀ ਨਹੀਂ ਜਾਪੀ। ਇਕ ਇਲਾਕਾਈ ਬੋਲੀ ਦੇ ਲਫ਼ਜ਼ਾਂ ਦਾ ਹੀ ਅਸਰ ਆਇਆ ਹੈ। ਥੋੜ੍ਹੀਆਂ ਜਿਹੀਆਂ ਲਹਿਰਾਂ ਦਾ ਜੇ ਜ਼ਰਾ ਕੁ ਵੱਖਰਾਪਨ ਹੋ ਗਿਆ ਹੈ ਤਾਂ ਮੁੜ ਕੇ ਇਕੋ ਹੀ ਪਾਣੀ ਵਿਚ ਸਮਾ ਗਿਆ ਤਾਂ ਇਹਦੇ ਵਿਚ ਫਰਕ ਕੀ ਪੈ ਗਿਆ, ਉਹਦੇ ਵਿਚ ਕਿਉਂ ਵੱਖਰੀ ਬੋਲੀ ਤੇ ਕਿਉਂ ਵੱਖਰੀ ਲਿਪੀ ਦੀ ਮੰਗ ਕੀਤੀ ਜਾਂਦੀ ਹੈ। ਮੈਂ ਇਥੇ ਅਦਬ ਤੇ ਨਿਰਮਾਣਤਾ ਨਾਲ ਬੇਨਤੀ ਕਰਦਾਂ ਕਿ ਇਥੇ ਪੋਲਿਟੀਕਲ ਸਤਾਧਾਰੀ ਵੀ ਬੈਠੇ ਨੇ, ਸ. ਰੰਗੀਲ ਜੀ ਬੈਠੇ ਨੇ ਇਸ ਦਾ ਧਿਆਨ ਰਖਣ ਕਿ ਉਥੇ ਗੁਰਮੁਖੀ ਲਿਪੀ ਹੀ ਕਿਉਂ ਨਹੀਂ ਰੱਖੀ ਜਾਂਦੀ ਜਦ ਕਿ ਉਹ ਬੋਲੀ ਹੀ ਸਾਡੀ ਹੈ ਇਹ ਪੰਜਾਬੀ ਦਾ ਵਿਰਸਾ ਹੈ ਤੇ ਉਸ ਨੂੰ ਉਸੇ ਹੀ ਢੰਗ ਨਾਲ ਸਾਂਭਿਆ ਜਾਵੇ। ਇਹਨੂੰ ਗਵਾਇਆ ਨਾ ਜਾਵੇ। ਠੀਕ ਹੈ ਜੇ ਇਕ ਵੋਟ ਨਾਲ ਅੱਜ ਹਿੰਦੁਸਤਾਨ ਦੀ ਲਿਪੀ ਹਿੰਦੀ ਬਣ ਗਈ ਤਾਂ ਉਹ ਵੀ ਪੰਜਾਬੀਆਂ ਨੇ ਬਣਾ ਦਿੱਤੀ ਪਰ ਹੁਣ ਆਪਣੀ ਵਰਾਸਤ ਤਾਂ ਨਾ ਗਵਾਉ। ਜੋ ਸੇਵਾ, ਡੋਗਰੀ ਬੋਲੀ ਵਾਲਿਆਂ ਨੇ ਕੀਤੀ, ਪੰਜਾਬੀ ਦੀ ਉਸ ਸੇਵਾ ਨੂੰ ਸਾਂਭੋ। ਡੋਗਰੀ ਸਾਹਿਤ ਵਿਚ ਰਚੀਆਂ ਪੁਸਤਕਾਂ ਨੂੰ ਯੂਨੀਵਰਸਿਟੀਆਂ ਵਿਚ ਥਾਂ ਦਿਓ ਕਿਉਂਕਿ ਇਹ ਤੁਹਾਡੀ ਹੈ। ਜੇ ਤੁਸੀਂ ਆਖੋ ਕਿ ਨਿਰੋਲ ਕੇਂਦਰੀ ਬੋਲੀ ਵਿਚ ਹੀ ਰਚੀਆਂ ਪੁਸਤਕਾਂ ਹੀ ਯੂਨੀਵਰਸਿਟੀਆਂ ਦੇ ਕੋਰਸ ਨੇ ਤਾਂ ਠੀਕ ਨਹੀਂ। ਤੁਸੀਂ ਆਪ ਆਪਣਾ ਵਿਰਸਾ ਚੁੱਕ ਚੁੱਕ ਕੇ ਬਾਹਰ ਸੁੱਟੀ ਜਾਂਦੇ ਹੋ, ਆਪਣੀ ਜਾਇਦਾਦ, ਅੰਦਰੋਂ ਸੋਨਾ ਚਾਂਦੀ ਨੂੰ ਚੁੱਕ ਕੇ ਬਾਹਰ ਸੁੱਟੀ ਜਾਂਦੇ ਹੋ, ਬਈ ਫੜੋ ਇਹ ਸਾਡੀ ਨਹੀਂ ਚੀਜ਼।

ਮੈਂ ਬਹੁਤ ਅਦਬ ਨਾਲ ਬੇਨਤੀ ਕਰਦਾਂ ਕਿ ਆਪਣੇ ਵਿਰਸੇ ਨੂੰ ਸਾਂਭੋ। ਨਾਲ ਇਕ ਹੋਰ ਛੋਟੀ ਜਿਹੀ ਗੱਲ ਹੈ ਕਿ ਤੁਸੀਂ ਜੇ ਇਸ ਸਭਿਆਚਾਰ ਦੇ ਵਾਰਸ ਹੋ ਤਾਂ ਇਸ ਸਭਿਆ-ਚਾਰ ਦੇ ਵਾਕਈ ਮੁਦੱਈ ਬਣੋ। ਕਿਸੇ ਹੋਰ ਸਭਿਆਚਾਰ ਦਾ ਜਦ ਅਸੀਂ ਸਭ ਕੁਝ ਕਬੂਲ ਲੈਨੇ ਹਾਂ, ਉਹੋ ਹੀ ਸਭਿਆਚਾਰ ਲਈ ਖਤਰਾ ਹੈ। ਮੈਂ ਕਿਸੇ ਦਾ ਨਾਂ ਨਹੀਂ ਲੈਂਦਾ ਪਰ ਮਹਿਸੂਸ ਜ਼ਰੂਰ ਕਰਦਾਂ। ਮੈਂ ਤੁਹਾਥੋਂ ਖਿਮਾਂ ਮੰਗਦਾ ਹਾਂ।

12. **ਪ੍ਰੋ. ਪ੍ਰੀਤਮ ਸਿੰਘ ਜੀ** : ਪ੍ਰਧਾਨ ਜੀ ਤੇ ਦੋਸਤੋ ! ਮੈਂ ਇਸ ਅੱਜ ਵਾਲੇ ਵਿਸ਼ੇ ਨੂੰ ਬੜਾ ਹੀ ਮਹੱਤਵ ਵਾਲਾ ਵਿਸ਼ਾ ਸਮਝਦਾਂ। ਉਹ ਇਸ ਕਰਕੇ ਕਿ ਡੋਗਰੀ, ਪਹਾੜੀ, ਪੋਠੋਹਾਰੀ ਤੇ ਲਹਿੰਦੀ ਕਿਸੇ ਵੱਖਰੀ ਪੰਜਾਬੀ ਜ਼ਬਾਨ ਨੂੰ ਦੇਣ ਨਹੀ ਦੇ ਰਹੀਆਂ ਬਲਕਿ ਇਹ

Sri Satguru Jagjit Singh Ji Elibrary NamdhariElibrary@gmail.com

ਇਕੋ ਸਾਰ ਦੇ ਹਿੱਸੇ ਹੈਗੇ ਨੇ। ਜਿਸ ਤਰੀਕੇ ਨਾਲ ਵੀ ਜਦੋਂ ਅਸੀਂ ਉਨ੍ਹਾਂ ਦੀ ਪਛਾਣ ਕਰਦੇ ਹਾਂ ਤਾਂ ਪੰਜਾਬੀ ਹੀ ਕਹਿੰਦੇ ਹਾਂ। ਪੰਜਾਬੀ ਦੇ ਵਿਚ ਵੱਖਰੇ ਵੱਖਰੇ ਰੰਗਾਂ ਨੂੰ ਉਖਾੜਨ ਲਈ ਇਹ ਇਕ ਯਤਨ ਹੈ ਤੇ ਉਸ ਯਤਨ ਮਾਤਰ ਹੀ ਮੈਂ ਇਹ ਪੇਪਰ ਅੱਜ ਵਾਲਾ ਸਮਝਦਾ ਹਾਂ। ਅਸਲ ਵਿਚ ਅਸੀਂ ਜਿਸ ਤਰੀਕੇ ਨਾਲ ਅੱਜ ਪੰਜਾਬੀ ਜ਼ਬਾਨ ਔਰ ਪੰਜਾਬੀ ਇਲਾਕੇ ਨੂੰ ਸਮਝਦੇ ਹਾਂ ਸਾਡਾ ਪੁਰਾਣਾ ਹਿੰਦੁਸਤਾਨ ਇਸ ਤਰੀਕੇ ਨਾਲ ਨਹੀਂ ਸੀ ਉਸਾਰਿਆ ਹੋਇਆ। ਜ਼ਬਾਨਾਂ ਜਿਸ ਤਰ੍ਹਾਂ ਅੱਜ ਅਸੀਂ ਸਮਝਦੇ ਆਂ ਇਸ ਤਰ੍ਹਾਂ ਨਹੀਂ ਸਨ। ਮਸਲਨ ਮੈਥਲੀ ਜ਼ਬਾਨ ਅੱਜ ਦੀ ਹਿੰਦੀ ਜ਼ਬਾਨ ਤੋਂ ਪੁਰਾਣੀ ਹੈ। ਡੋਂਗਲ ਔਰ ਬੋਂਗਲ ਰਾਜਸਥਾਨ ਦੀਆਂ ਹਨ। ਇਹ ਅੱਜ ਦੀ ਹਿੰਦੀ ਤੋਂ ਪੁਰਾਣੀਆਂ ਹਨ। ਲੇਕਿਨ ਜੋ ਸਾਡੀ ਵਿਚਾਰਧਾਰਾ ਅੱਜ ਦੀ ਹੈ ਉਹਦੇ ਮੁਤਾਬਿਕ ਅਸੀਂ ਹਿੰਦੀ ਦੀਆਂ ਉਪਭਾਸ਼ਾਵਾਂ ਉਨ੍ਹਾਂ ਨੂੰ ਬਣਾਇਆ ਹੋਇਐ। ਜਿਸ ਨੂੰ ਅਸੀਂ ਪੰਜਾਬੀ ਪ੍ਰਦੇਸ਼ ਕਹਿੰਦੇ ਹਾਂ ਤੇ ਜਿਹੜੀ ਡਾ, ਆਹਲੂਵਾਲੀਆ ਨੇ ਪੰਜਾਬ ਪ੍ਰਦੇਸ਼ ਮੰਨਿਆ ਹੈ, ਇਹ ਸਾਰੀਆਂ ਉਹਦੇ ਵਿਚ ਸਥਾਪਿਤ ਭਾਸ਼ਾਵਾਂ ਸਨ ਔਰ ਉਹ ਇਲਾਕਿਆਂ ਜਾਂ ਕਬੀਲਿਆਂ ਦੀਆਂ ਭਾਸ਼ਾਵਾ ਸਨ ਜਿਨ੍ਹਾਂ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ।

ਇਥੇ ਇਸ ਤਰ੍ਹਾਂ ਪੇਪਰ ਵਿਚ ਵੀ ਸ. ਸੇਵਾ ਸਿੰਘ ਜੀ ਨੇ ਕਿਹਾ ਹੈ ਕਿ ਡੋਗਰੀ ਦਾ ਇਤਿਹਾਸ ਇੰਨੇ ਸਾਲ ਪੁਰਾਣਾ ਹੈ। ਮੈਂ ਉਨ੍ਹਾਂ ਤੋਂ ਖਿਮਾ ਮੰਗਦਾ ਹੋਇਆ ਇਹ ਕਹਿਨਾਂ ਕਿ ਇਹ ਇਸ ਤਰ੍ਹਾਂ ਹੋ ਨਹੀਂ ਸਕਦਾ। ਡੋਗਰੀ ਤਾਂ ਘੱਟੋ ਘੱਟ ਤੁਹਾਨੂੰ ਹਜ਼ਾਰ ਸਾਲ ਪੁਰਾਣੀ ਮਿਲ ਹੀ ਜਾਵੇਗੀ ਜੋ ਅੱਜ ਨਹੀਂ ਮਿਲੀ ਤੇ ਇਹ ਸਾਡਾ ਕੰਮ ਹੈ ਲਭਣ ਵਾਲਾ। ਪਾਕਿਸਤਾਨ ਵਿਚ ਉਨ੍ਹਾਂ ਨੇ ਇਕ ਕੰਮ ਆਰੰਭ ਕੀਤੈ ਔਰ ਉਹ ਇਹ ਹੈ ਕਿ ਟੇਪ ਰਿਕਾਰਡ ਦੇ ਦਿੱਤੇ ਆਪਣੀ ਕਲਚਰਲ ਅਕੈਡਮੀ ਨੂੰ ਅਤੇ ਉਸ ਲਈ ਬੰਦੇ ਲਾ ਦਿੱਤੇ ਹਨ। ਚੂੰਕਿ ਸਿਖਿਆ ਮੰਤਰੀ ਜੀ ਇਥੇ ਬੈਠੇ ਨੇ, ਮੈਂ ਇਨ੍ਹਾਂ ਦੇ ਸਾਹਮਣੇ ਇਹ ਸੁਝਾਅ ਪੇਸ਼ ਕਰਨਾ ਚਾਹੁੰਦੇ ਹਾਂ। ਇਹ ਭਾਸ਼ਾ ਨੂੰ ਬਹੁਤ ਵਧੀਆ ਲੜਾਈ ਦਾ ਹਥਿਆਰ ਬਣਾ ਸਕਦੇ ਹਨ। ਵਿਦਵਾਨ ਉਨ੍ਹਾਂ ਦੇ ਹੱਥ ਠੋਕੇ ਵੀ ਬਣ ਜਾਂਦੇ ਹਨ। ਇਸ ਲੜਾਈ ਵਿਚ ਉਹ ਵੀ ਐਸ ਬੰਨੇ ਜਾਂ ਉਸ ਬੰਨੇ ਖੜੇ ਕੇ ਪੂਰੀ ਸੇਵਾ ਕਰਦੇ ਹਨ। ਕਈ ਵਾਰੀ ਅਣਜਾਣੇ ਵੀ ਸੇਵਾ ਕਰਦੇ ਹਨ। ਪਰ ਅਸਲ ਵਿਚ ਵਿਦਵਾਨ ਦਾ ਕੰਮ ਇਹ ਨਹੀਂ ਹੈ। ਵਿਦਵਾਨ ਦਾ ਕੰਮ ਤੇ ਹੈ ਯਥਾਰਥ ਨੂੰ ਸਾਂਭੀ ਰਖੇ। ਗੁਰੂ ਗ੍ਰੰਥ ਸਾਹਿਬ ਦੇ ਵਿਚ ਡੋਗਰੀ ਦੇ ਡੁਗਰ ਦੇ ਇਲਾਕੇ ਦੇ ਕਿਹੜੇ ਸ਼ਬਦ ਆਏ ਨੇ ਇਹ ਸਾਡਾ ਕੰਮ ਹੈ ਲਭਣਾ। ਇਹ ਕਿਸੇ ਪੋਲਿਟੀਸ਼ੀਅਨ ਨੇ ਨਹੀਂ। ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਜੋ ਬਾਬਾ ਫ਼ਰੀਦ ਵਿਚ ਹੈਗੇ ਨੇ ਤਾਂ ਵਿਸ਼ੇਸ਼ ਡੁਗਰ ਦੇ ਕਿਹੜੇ ਸ਼ਬਦ ਨੇ। ਇਹਦੇ ਨਾਲ ਨਾ ਮੇਰਾ ਘਾਟਾ, ਨਾ ਕਿਸੇ ਡੋਗਰੀ ਵਾਲੇ ਦਾ ਘਾਟਾ। ਇਹਦੇ ਨਾਲ ਦੋਵੇਂ ਪਾਸੇ ਅਮੀਰ ਹੁੰਦੇ ਨੇ। ਜਿਹੜੀ ਬੋਲਣ ਵਾਲੇ ਦੀ ਜ਼ਬਾਨ ਹੈ, ਉਹ ਕਲਚਰ ਦੀ ਸੰਸਕ੍ਰਿਤੀ ਦਾ ਮਾਧਿਅਮ ਹੈ। ਬਲਕਿ ਸੰਸਕ੍ਰਿਤੀ ਭਾਸ਼ਾ ਦੇ ਰਾਹੀਂ, ਭਾਸ਼ਾ ਉਤੇ ਸਵਾਰ ਹੋ ਕੇ ਹੀ ਬਾਹਰ ਨਿਕਲਦੀ ਹੈ। ਉਸ ਸੰਸਕ੍ਰਿਤੀ ਦੇ ਵਿਚ ਇਹ ਵੱਖਰੇ ਵੱਖਰੇ ਰੰਗ ਕਿਉਂ ਮੌਜੂਦ ਨੇ? ਡੁਗਰ ਦਾ ਇਲਾਕਾ ਸਾਬਤ ਇਲਾਕਾ ਹੈ, ਇਕ ਨਿਸ਼ਚਿਤ ਇਲਾਕਾ ਹੈ, ਜਿਹਦਾ ਸਾਨੂੰ ਪਤਾ ਹੈ। ਜੇ ਇਹ ਨਕਸ਼ੇ ਵਿਚ ਨਹੀਂ ਆਇਆ, ਕਿਸੇ ਪੋਲਿਟੀਕਲ ਸਰਹੱਦ-ਬੰਦੀ ਕਰਕੇ ਤਾਂ ਫਿਰ

Sri Satguru Jagjit Singh Ji Elibrary NamdhariElibrary@gmail.com

ਵੀ ਸਾਨੂੰ ਪਤਾ ਹੈ ਕਿ ਫਲਾਣੇ ਇਲਾਕੇ ਦੇ ਲੋਕ ਡੋਗਰੀ ਭਾਸ਼ਾ, ਡੋਗਰੀ ਬੋਲੀ ਬੋਲਦੇ ਨੇ ਤੇ ਉਨ੍ਹਾਂ ਦਾ ਡੋਗਰੀ ਲਹਿਜਾ ਹੈ। ਇਹ ਹੋਣ ਦਾ ਮਤਲਬ ਸਾਫ ਹੈ ਕਿ ਉਹ ਸੈਂਕੜੇ ਵਰ੍ਹੇ ਤੋਂ ਇਕ ਥਾਂ ਉਤੇ ਬੈਠ ਕੇ ਇਕੋ ਤਰ੍ਹਾਂ ਦੀ ਬੋਲੀ ਇਕੋ ਤਰ੍ਹਾਂ ਦੇ ਲਹਿਜੇ ਵਾਲੇ ਲੋਕ ਉਥੇ ਬੋਲਦੇ ਰਹੇ ਹਨ। ਬੋਲੀ ਉਥੇ ਸਥਾਪਿਤ ਹੋ ਚੁੱਕੀ ਹੈ ਔਰ ਸਾਡਾ ਕੰਮ ਹੈ ਉਸ ਦੀ ਖੋਜ ਕਰਨਾ। ਇਹ ਜੋ ਉੱਦਮ ਕੀਤਾ ਗਿਆ ਹੈ ਸੈਮੀਨਾਰ ਵਾਲਾ ਇਸ ਗੱਲੋਂ ਯੂਨੀਵਰਸਿਟੀ ਅਧਿਕਾਰੀ ਵਧਾਈ ਦੇ ਪਾਤਰ ਨੇ। ਇਨ੍ਹਾਂ ਨੂੰ ਇਸ ਗੱਲ ਉਤੇ ਫਰਕ ਵਾਸਤੇ ਨਾ ਵਰਤਿਆ ਜਾਵੇ ਕਿ ਕਿਸ ਤਰ੍ਹਾਂ ਅਸੀਂ ਇਕ ਦੂਜੇ ਦੇ ਵਿਰੋਧੀ ਬਣ ਸਕਦੇ ਹਾਂ, ਡੁਗਰ ਵਾਲੇ ਇਲਾਕੇ ਔਰ ਪੰਜਾਬ ਦੇ ਇਲਾਕੇ ਨੂੰ ਅਸੀਂ ਇਕ ਦੂਸਰੇ ਦੇ ਵੱਖਰੇ ਵੱਖਰੇ ਕੈਂਪ ਬਣਾ ਕੇ ਕਿਸ ਤਰ੍ਹਾਂ ਲੜਾ ਸਕਦੇ ਹਾਂ! ਮੇਰਾ ਖਿਆਲ ਹੈ ਸਾਡਾ ਇਥੇ ਇਹ ਮੰਤਵ ਬਿਲਕੁਲ ਨਹੀਂ ਹੈ। ਮੰਤਵ ਬੜਾ ਸ਼ਲਾਘਾ ਯੋਗ ਹੈ। ਜਿਹੜਾ ਕੰਮ ਅਸੀਂ ਅਗੇ ਨਹੀਂ ਕੀਤਾ, ਜਿਸਦਾ ਇਥੇ ਉਲਥਾ ਵੀ ਦਿੱਤਾ ਗਿਆ, ਸ਼ਾਇਦ ਡਾ. ਸਿੰਗਲ ਨੇ ਦਿੱਤਾ ਸੀ। ਆਉ ਉਸ ਉਲਾਂਭੇ ਨੂੰ ਠੀਕ ਕਰੀਏ। ਚਾਹੀਦਾ ਇਹ ਹੈ, ਅਗੋਂ ਲਈ, ਕਿ ਡੋਗਰੀ, ਪਹਾੜੀ, ਪੋਠੋਹਾਰੀ, ਲਹਿੰਦੀ ਸਾਰਿਆਂ ਨੂੰ ਇਕੋ ਰੱਸੇ ਨਾਲ ਬੰਨ੍ਹਣ ਦੀ ਥਾਂ ਕੇਵਲ ਡੋਗਰੀ ਉਤੇ ਇਸ ਕਿਸਮ ਦੀ ਬੈਠਕ ਕੀਤੀ ਜਾਵੇ ਜਾਂ ਦੋ ਜਾਂ ਤਿੰਨ ਬੈਠਕਾਂ ਕੀਤੀਆਂ ਜਾਣ ਔਰ ਇਕ ਸਾਲ ਦੀ ਤਿਆਰੀ ਦੇ ਬਾਅਦ ਕੀਤੀਆਂ ਜਾਣ ਤਾਂ ਕਿ ਡੋਗਰ ਦੀ ਸਿਰਫ ਬੋਲੀ ਦੀ ਥਾਂ ਡੋਗਰ ਦੀ ਸਾਰੀ ਸੰਸਕ੍ਰਿਤੀ ਨਿਖਰ ਕੇ ਸਾਡੇ ਸਾਹਮਣੇ ਆਏ। ਇਹ ਪਤਾ ਲਗੇ ਕਿ ਡੋਗਰੀ ਭਾਸ਼ਾ ਵੀ ਹੈ। ਭੁਲ ਜਾਉ ਕਿ ਪੰਜਾਬੀ ਜ਼ਬਾਨ ਦੇ ਨਾਲ ਕਦੀ ਉਸ ਨੇ ਟੱਕਰ ਲੈਣੀ ਹੈ। ਜ਼ਬਾਨ ਜੋ ਚੜ੍ਹ ਕੇ ਪੂਰੀ ਉਤਰੇਗੀ ਉਹ ਵੱਧ ਕੇ ਤਰੱਕੀ ਕਰ ਜਾਏਗੀ। ਖੁਸ਼ ਹੋਵੋ ਕਿ ਇਹ ਪੰਜਾਬੀ ਦੀ ਹੀ ਸ਼ਾਖ ਹੈ। ਤੁਹਾਡਾ ਆਪਣਾ ਬੱਚਾ ਤਰੱਕੀ ਕਰਦਾ ਹੈ, ਤੁਸੀਂ ਖੁਸ਼ ਹੁੰਦੇ ਹੋ। ਤੁਹਾਡੀ ਆਪਣੀ ਬੇਟੀ ਤਰੱਕੀ ਕਰਦੀ ਹੈ, ਤਾਂ ਤੁਸੀਂ ਖੁਸ਼ ਹੁੰਦੇ ਹੋ। ਜੇ ਡੋਗਰੀ ਤਰੱਕੀ ਕਰੇ ਤਾਂ ਕਿਸੇ ਦੇ ਦਿਲ ਵਿਚ ਇਸ ਮਾਮਲੇ ਤੇ ਕੋਈ ਔਖ ਹੋਵੇ ਤਾਂ ਇਹ ਸਮਝ ਨਹੀਂ ਆ ਸਕਦੀ, ਕਮ-ਸੇ-ਕਮ ਵਿਦਵਾਨਾਂ ਨੂੰ ਇਹ ਸਮਝ ਨਹੀਂ ਆਉਣੀ ਚਾਹੀਦੀ। ਇਸ ਝਗੜੇ ਵਿਚ ਪੈਣ ਦੀ ਥਾਂ ਤੇ ਆਪਾਂ ਉਸ ਤਰ੍ਹਾਂ ਕਰੀਏ ਜਿਸ ਤਰ੍ਹਾਂ ਪਾਕਿਸਤਾਨ ਨੇ ਸ਼ੁਰੂ ਕੀਤਾ ਹੈ। ਉਨ੍ਹਾਂ ਨੇ ਟੇਪ-ਰਿਕਾਰਡ ਦੇ ਦਿੱਤੇ ਨੇ। ਜਿਸ ਬੰਦੇ ਨੂੰ ਇਸ ਕੰਮ ਤੇ ਲਾਇਆ, ਮੈਂ ਉਥੇ ਉਸ ਨੂੰ ਮਿਲਿਆ ਹਾਂ। ਪਾਕਿਸਤਾਨ ਵਿਚ ਉਸਨੇ ਜੋ ਦਸਿਐ ਉਹ ਇਹ ਸੀ ਕਿ ਉਹ ਹਿੰਦੁਸਤਾਨ ਦਾ ਹੁਸ਼ਿਆਰਪੁਰ ਦਾ ਹੈ। ਉਸ ਨੇ ਕਿਹਾ ਕਿ ਅਸੀਂ ਟੇਪ-ਰਿਕਾਰਡ ਲੈ ਕੇ ਜਾਂਦੇ ਹਾਂ ਤੇ ਕੋਸ਼ਸ਼ ਇਹ ਕਰਦੇ ਹਾਂ ਕਿ ਜਿਥੇ ਹਾਲੇ ਮੋਟਰ ਨਹੀਂ ਪਹੁੰਚੀ, ਜਿਥੇ ਹਾਲੇ ਅੱਜ ਦੀ ਤਹਿਜ਼ੀਬ ਨਹੀਂ ਪਹੁੰਚੀ, ਉਥੇ ਬੁੱਢੀਆਂ ਕੋਲੋਂ, ਬੁੱਢਿਆਂ ਕੋਲੋਂ ਉਨ੍ਹਾਂ ਦੀ ਭਾਸ਼ਾ ਰਿਕਾਰਡ ਕਰ ਲਈਏ। ਉਨ੍ਹਾਂ ਨੇ ਰਿਕਾਰਡ ਕਰ ਕਰ ਕੇ ਸਾਢੇ ਸਤਾਈ ਹਜ਼ਾਰ ਫੁਟ ਟੇਪ ਗੀਤਾਂ, ਕਹਾਣੀਆਂ ਤੇ ਬੋਲ ਚਾਲ ਦੇ ਰੂਪ ਤਿਆਰ ਕਰ ਲਈ ਹੈ। ਇਹ ਵੀ ਉਹਨੇ ਬੜੀ ਸੁਆਦਲੀ ਗੱਲ ਦਸੀ ਸੀ ਜਿਥੇ ਲੜਾਈ ਹੋ ਰਹੀ ਉਨ੍ਹਾਂ ਨੇ ਉਥੇ ਟੇਪ ਲਾ ਦਿੱਤੇ ਔਰ ਉਨ੍ਹਾਂ ਦੀ ਲੜਾਈ ਰਿਕਾਰਡ ਕਰ ਲਈ।

ਅਸਲ ਵਿਚ ਸਾਰੀ ਗੱਲ ਉਦੋਂ ਨਿਖਰਦੀ ਹੈ ਜਦੋਂ ਭਾਸ਼ਾ ਵਿਗਿਆਨੀ ਦੇ

Sri Satguru Jagjit Singh Ji Elibrary NamdhariElibrary@gmail.com

ਸਾਹਮਣੇ ਆਉਂਦੀ ਹੈ। ਆਖ਼ਰ ਤਾਂ ਫੈਸਲਾ ਉਨ੍ਹਾਂ ਨੇ ਹੀ ਦੇਣਾ ਹੈ ਤੇ ਕਦੀ ਵੀ ਜਦੋਂ ਫੈਸਲਾ ਉਨ੍ਹਾਂ ਨੇ ਦੇਣਾ ਹੈ ਤਾਂ ਇਹ ਦੇਖਣੈ ਕਿ ਇਹ ਆਵਾਜ਼ ਕਿਥੋਂ ਨਿਕਲਦੀ ਹੈ, ਸੰਘ ਦੇ ਕਿਹੜੇ ਹਿੱਸੇ ਵਿਚੋਂ ਕਿਹੜੀ ਥਾਂ ਦਾ ਸੰਪਰਕ ਕਿਹੜੀ ਥਾਂ ਨਾਲੋਂ ਹੋ ਰਿਹੈ। ਇਹ ਆਵਾਜ਼, ਇਹ ਧੁਨੀ ਨਿਕਲ ਰਹੀ ਹੈ। ਇਹ ਕਿਸ ਤਰ੍ਹਾਂ ਪੈਦਾ ਹੋ ਰਹੀ ਹੈ ਇਹ ਹੋ ਨਹੀਂ ਸਕਦਾ ਕਿ ਜੋ ਲਿਖਿਆ ਹੋਇਆ ਹੈ ਜਾਂ ਜੋ ਛਪਿਆ ਹੋਇਆ ਹੈ ਉਸ ਨੂੰ ਪੰਜਾਬੀ ਵਿਚ, ਅਸੀਂ ਪੰਜਾਬੀ ਬੋਲ ਰਹੇ ਲੋਕ ਹਾਂ, ਅਸੀਂ ਉਹ ਵੀ ਨਹੀਂ ਉਠਾ ਸਕਦੇ। ਜੇ ਭਾਸ਼ਾ ਵਿਗਿਆਨ ਸਹੀ ਹੈ ਤਾਂ ਇਹ ਗੁਰਮੁਖੀ ਬਿਲਕੁਲ ਨਿਕੰਮੀ ਹੈ। ਜਿਹੜੀ ਫਾਰਸੀ ਅੱਖਰਾਂ ਵਿਚ ਅਸੀਂ ਲਿਖਦੇ ਹਾਂ ਉਹ ਵੀ ਬਿਲਕੁਲ ਨਿਕੰਮੀ ਹੈ। ਜਿਸ ਤਰੀਕੇ ਨਾਲ ਅਸੀਂ ਬੋਲ ਰਹੇ ਹਾਂ ਉਸ ਦੀ ਤਾਂ ਕਿਸੇ ਨੂੰ ਭੀ ਸਮਝ ਨਹੀਂ ਆ ਸਕਦੀ ਕਿ ਬੋਲ ਐਸ ਤਰ੍ਹਾਂ ਦੇ ਹੁੰਦੇ ਤੇ ਬੋਲੀ ਬੋਲ ਨਾਲ ਸੰਬੰਧ ਰਖਦੀ ਹੈ। ਇਸ ਇਲਾਕੇ ਵਿਚ, ਜਿਵੇਂ ਪੁਣਛ ਦਾ ਕਿਸੇ ਨੇ ਕਿਹਾ ਸੀ ਕਿ ਪੇਪਰ ਵਿਚ ਜ਼ਿਕਰ ਨਹੀਂ ਆਇਆ, ਹੁਣ ਮੁਹੰਮਦ ਬਖਸ਼ ਵਰਗਾ ਸ਼ਾਇਰ ਉਥੇ ਹੋਇਐ ਅਤੇ ਹੋਰ ਅਨੇਕ ਸ਼ਾਇਰ ਹੋਏ ਹਨ। ਕੋਸ਼ਿਸ਼ ਅਸੀਂ ਇਹ ਕਰੀਏ ਕਿ ਉਸ ਇਲਾਕੇ ਵਿਚ ਜਿਸ ਕਿਸੇ ਨੇ ਲਿਖਿਐ ਉਹ ਇਕੱਠਾ ਕਰੀਏ ਤੇ ਦਿਲ ਵਿਚੋਂ ਇਹ ਵਿਰੋਧ ਕਢ ਕੇ ਕਿ ਇਹਨੂੰ ਅਸੀਂ ਡੋਗਰੀ ਕਹਿਣੈ ਜਾਂ ਨਹੀਂ ਕਹਿਣੈ, ਆਪਣੀ ਸ਼ਾਖ ਬਣਾਉਣੈ ਕਿ ਨਹੀਂ ਬਣਾਉਣੈ। ਜਿਵੇਂ ਟੇਪ ਨੇ ਰਿਕਾਰਡ ਕਰਨਾ ਹੈ ਕਿਸੇ ਚੀਜ਼ ਨੂੰ ਤਾਂ ਬਗੈਰ ਸੋਚੇ ਕਰਨਾ ਹੈ ਕਿ ਕਿਸ ਦੇ ਗਲੇ ਵਿਚੋਂ ਕਿਹੜੀ ਚੀਜ਼ ਨਿਕਲ ਰਹੀ ਏ। ਫਿਰ ਸਾਇੰਟਿਫਿਕ ਤੌਰ ਤੇ ਇਹ ਸੋਚਿਆ ਜਾਏ ਅਤੇ ਜਿਹੜੀ ਬੋਲੀ ਵਿਚ ਇਥੇ ਲੋਕਾਂ ਨੇ ਲਿਖਿਆ ਹੈ ਉਸ ਨੂੰ ਅਸੀਂ ਸੰਭਾਲੀਏ ਕਿਉਂਕਿ ਉਹ ਨਸ਼ਟ ਹੋ ਰਹੀ ਹੈ, ਉਹ ਲਹਿਜਾ ਨਸ਼ਟ ਹੋ ਰਿਹਾ ਹੈ। ਜੇ ਹੁਣ ਅੱਜ ਡੋਗਰੀ ਬੋਲਣ ਵਾਲੇ ਇਸ ਗੱਲ ਤੇ ਜ਼ੋਰਦਾਰ ਪਹਿਰਾ ਦੇਣ ਕਿ ਅਸੀਂ ਗੁਰਮੁਖੀ ਵਿਚ ਨਹੀਂ ਲਿਖਣਾ ਦੇਵਨਾਗਰੀ ਵਿਚ ਲਿਖਣਾ ਹੈ ਤਾਂ ਇਹ ਯਕੀਨੀ ਹੈ ਕਿ ਦੇਵਨਾਗਰੀ ਕਰਕੇ ਉਨ੍ਹਾਂ ਦੇ ਉਤੇ ਭਾਸ਼ਾ ਦਾ ਅਸਰ ਪਏਗਾ। ਜੋ ਭਾਸ਼ਾ ਦੇਵਨਾਗਰੀ ਵਿਚ ਲਿਖੀ ਜਾ ਰਹੀ ਹੈ ਜਾਂ ਜਾਣੀ ਹੈ ਤਾਂ ਹਿੰਦੀ ਦਾ ਪ੍ਰਭਾਵ ਉਨ੍ਹਾਂ ਦੀ ਬੋਲੀ ਉਤੇ ਜ਼ਰੂਰ ਪਏਗਾ ਜਿਵੇਂ ਫਾਰਸੀ ਅਖਰਾਂ ਵਿਚ ਜਿਹੜੀ ਪੰਜਾਬੀ ਲਿਖੀ ਹੋਈ ਸੀ ਉਹਦੇ ਉਤੇ ਉਰਦੂ ਅਤੇ ਫਾਰਸੀ ਦਾ ਅਸਰ ਪਿਆ ਸੀ। ਇਹ ਬਾਅਦ ਦੀਆਂ ਗੱਲਾਂ ਨੇ ਅਤੇ ਉਨ੍ਹਾਂ ਦੀਆਂ ਗੱਲਾਂ ਨੇ ਜਿਨ੍ਹਾਂ ਨੂੰ ਇਸ ਤਰ੍ਹਾਂ ਹੀ ਪਸੰਦ ਹੈ। ਪਰ ਨੀਤੀ ਦੇ ਝਗੜੇ ਨੂੰ ਛੱਡ ਕੇ ਐਸ ਵੇਲੇ ਜੋ ਕੁਝ ਹੈ ਉਹਨੂੰ ਸੰਭਾਲ ਲਈਏ ਤੇ ਫਿਰ ਸ਼ਾਇਦ ਜਦੋਂ ਪ੍ਰੋਫੈਸਰ ਸੇਵਾ ਸਿੰਘ ਵਰਗੇ ਵਿਦਵਾਨ ਇਥੇ ਲਿਖਣ ਲਗਣਗੇ ਤਾਂ ਉਨ੍ਹਾਂ ਪੱਖਾਂ ਨੂੰ ਵੀ ਉਜਾਗਰ ਕਰ ਲੈਣਗੇ ਜਿਹੜੇ ਪੱਖਾਂ ਨੂੰ ਅੱਜ ਇਥੇ ਉਜਾਗਰ ਕਰਨਾ ਚਾਹੀਦਾ ਸੀ।

13. **ਵਿਜੇ ਸੂਮਨ ਜੀ :** ਆਦਰਨੀਯ ਬਜ਼ੁਰਗੋ ਤੇ ਸਾਥੀਓ ! ਮੈਂ ਇਕ ਲੇਖਕ ਹਾਂ ਅਤੇ ਜਿਹੜਾ ਆਦਮੀ ਬਹੁਤ ਲਿਖਦਾ ਹੋਵੇ ਕੋਈ ਜ਼ਰੂਰੀ ਨਹੀਂ ਕਿ ਬੋਲ ਵੀ ਸਕਦਾ ਹੋਵੇ। ਇਸ ਗੱਲੋਂ ਹੋ ਸਕਦਾ ਹੈ ਕਿ ਮੈਂ ਬੋਲਣ ਵਿਚ ਗਲਤੀ ਕਰਾਂ। ਲੇਕਿਨ ਮੈਂ ਕੁਝ ਨੁਕਤੇ ਦਸਾਂਗਾ ਜਿਹੜੀਆਂ ਸਾਡੀਆਂ ਮੁਸ਼ਕਲਾਂ ਨੇ ਅਤੇ ਤੁਸੀਂ ਗੌਰ ਕਰਨਾ ਹੈ। ਮੇਰੇ ਅਜ਼ੀਜ਼ ਦੋਸਤ 'ਖਾਲਿਦ' ਦਾ ਲਿਖਿਆ ਹੈ ਕਿ ਡੋਗਰੀ ਜ਼ਬਾਨ ਕਦੇ ਵੀ

Sri Satguru Jagjit Singh Ji Elibrary NamdhariElibrary@gmail.com

ਸਰਕਾਰੀ ਜ਼ਬਾਨ ਨਹੀਂ ਸੀ। ਇਹ ਦਰੁਸਤ ਨਹੀਂ ਹੈ ਕਿ ਡੋਗਰੀ ਜ਼ਬਾਨ ਸਰਕਾਰੀ ਜ਼ਬਾਨ ਨਹੀਂ ਸੀ। ਅਸ਼ਟਾਮਾਂ ਤੇ ਵੀ ਡੋਗਰੀ ਜ਼ਬਾਨ ਲਿਖੀ ਜਾਂਦੀ ਸੀ। ਇਹ ਪੜ੍ਹਾਈ ਵੀ ਜਾਂਦੀ ਸੀ।

ਪ੍ਰੋਫ਼ੈਸਰ ਸਾਹਿਬ ਨੇ ਜਿਹੜਾ ਪੇਪਰ ਡੋਗਰੀ ਬਾਰੇ ਪੜ੍ਹਿਆ ਹੈ ਉਹ ਐਸਾ ਮਾਲੂਮ ਹੁੰਦੈ ਕਿ ਉਨ੍ਹਾਂ ਸਿਰਫ਼ ਇਕ ਨਿਸ਼ਾਨੇ ਨੂੰ ਮੁਖ ਰੱਖਕੇ ਸਾਰਾ ਤਾਣਾ ਬੁਣਿਆਂ ਤੇ ਅਸਲ ਗੱਲ ਤੋਂ ਦੂਰ ਰਹਿ ਗਏ ਹਨ। ਗੁਰਮੁਖੀ ਬਾਰੇ ਜੰਮੂ ਕਸ਼ਮੀਰ ਵਿਚ ਕਾਨਫਰੰਸ ਹੋਈ ਸੀ। ਇਸ ਵਿਚ ਬਲਰਾਜ ਸਾਹਨੀ ਆਏ ਸਨ ਤੇ ਉਨ੍ਹਾਂ ਜ਼ੋਰ ਲਾਇਆ ਸੀ ਕਿ ਗੁਰਮੁਖੀ ਤੇ ਜ਼ੋਰ ਨਾ ਪਾਓ। ਪੰਜਾਬੀ ਭਾਸ਼ਾ ਨੂੰ ਵਧਾਣਾ ਹੈ ਤਾਂ ਇਸ ਨੂੰ ਉਰਦੂ ਵਿਚ ਲਿਖੋ। ਲੰਡਿਆਂ ਵਿਚ ਵੀ ਤੇ ਹਿੰਦੀ ਵਿਚ ਵੀ ਲਿਖੋ। ਪਰ ਸਾਡੇ ਕੁਝ ਦੋਸਤ ਬਜ਼ੁਰਗ ਬੜੇ ਨ ਰਾਜ਼ ਹੋ ਗਏ ਨੇ ਕਿ ਇਹ ਕੀ ਕਹਿੰਦੇ ਪਏ ਓ। ਉਰਦੂ out of date ਹੈ। ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬੀ ਚਲੀ ਸੀ ਪਿਸ਼ਾਵਰ ਤੋਂ ਲੈ ਕੇ ਬੰਬੇ ਤਕ, ਪਿਸ਼ਾਵਰ ਤੋਂ ਕਲਕਤੇ ਤਕ ਵੀ ਮਿਲਦੀ ਸੀ ਪਰ ਗੁਰਮੁਖੀ ਆਈ ਤਾਂ ਅੰਮ੍ਰਿਤਸਰ ਤੋਂ ਜਲੰਧਰ ਆ ਗਈ ਅਗੇ ਨਹੀਂ ਚਲ ਸਕੀ। ਪੰਜਾਬੀ ਦੀ ਇਕ ਹੋਰ ਲਿਪੀ "ਲੰਡੇ" ਹੈ। ਅਸਲ ਵਿਚ ਸਵਾਲ ਭਾਸ਼ਾ ਦੇ ਪ੍ਰਚਾਰ ਦਾ ਹੈ। ਸਵਾਲ ਪੰਜਾਬੀ ਦੇ ਵਿਕਾਸ ਦਾ ਹੈ ਨਾ ਕਿ ਸਵਾਲ ਖੇਤਰ ਦਾ।

14. ਪ੍ਰੋ. ਦੇਵਿੰਦਰ ਸਿਘ : ਮਾਨਯੋਗ ਪ੍ਰਧਾਨ ਸਾਹਿਬ, ਵੀ.ਸੀ. ਸਾਹਿਬ ਤੇ ਵਿਦਵਾਨ ਸਾਥੀਓ! ਮੈਂ ਪਹਿਲੇ ਪਰਚੇ ਬਾਰੇ ਛੋਟੀ ਜੇਹੀ ਗੱਲ ਕਹਾਂਗਾ ਜ਼ਿਆਦਾ ਨਹੀਂ। ਵਕਤ ਬਹੁਤਾ ਹੋ ਗਿਆ। ਸੋ ਸਭ ਤੋਂ ਵੱਡੀ ਗੱਲ ਹੈ ਕਿ ਜਿਸ ਮਾਹੌਲ ਵਿਚ ਡੋਗਰੀ ਦਾ ਪਰਚਾ ਪੜ੍ਹਿਆ ਗਿਆ, ਉਸ ਵਿਚ ਪੰਜਾਬੀ ਪਿਆਰਿਆਂ ਦੀ ਪ੍ਰਧਾਨਤਾ ਹੈ। ਯਾਨੀ ਸਾਰਿਆਂ ਦਾ ਝੁਕਾਓ ਪੰਜਾਬੀ ਨੂੰ ਵਡਿਆਉਣ ਦਾ ਹੈ ਔਰ ਤੁਸੀਂ ਦੇਖੋਗੇ ਕਿ ਇਥੇ ਦੋ ਕਵੀਆਂ ਭਾਵ ਸਪੋਲੀਆ ਸਾਹਿਬ ਤੇ ਤਾਰਾ ਸਮਾਇਲਪੁਰੀ ਤੋਂ ਇਲਾਵਾ ਤੁਸੀਂ ਦੇਖੋਗੇ ਕਿ ਹੋਰ ਕੋਈ ਡੋਗਰੀ ਦਾ ਪ੍ਰਤੀਨਿਧ ਨਹੀਂ ਹੈ। ਇਸ ਲਈ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਡੋਗਰੀ ਬਾਰੇ ਜਿੰਨੀਆਂ ਗੱਲਾਂ ਅਸੀਂ ਕਰਾਂਗੇ ਉਹ ਪੰਜਾਬੀ ਨੂੰ ਉਸ ਦਾ ਹੱਕ ਜਮਾਉਣ ਵਾਸਤੇ ਹੋਣਗੀਆਂ ਤੇ ਡੋਗਰੀ ਨੂੰ ਉਸ ਵਿਚ ਸ਼ਾਮਲ ਕਰਨ ਬਾਰੇ ਹੀ ਅਸੀਂ ਕਰਾਂਗੇ। ਵਧੀਆ ਇਹ ਹੁੰਦਾ ਕਿ ਇਕ ਪਰਚਾ ਇਨ੍ਹਾਂ ਨੂੰ ਬੜੇ ਖੁਲ੍ਹੇ ਦਿਲ ਨਾਲ ਲਿਖਣ ਦਿੱਤਾ ਜਾਂਦਾ। ਡੋਗਰੀ ਵਾਲਿਆਂ ਨੂੰ ਕਿਹਾ ਜਾਂਦਾ ਕਿ ਤੁਸੀਂ ਵੀ ਆਪਣਾ ਦਾਅਵਾ ਜਮਾਂ ਲਓ ਕਿ ਡੋਗਰੀ ਪੰਜਾਬੀ ਨਾਲੋਂ ਕਿੰਨੀ ਕੁ ਵੱਖਰੀ ਹੈ ਔਰ ਇਥੇ ਅਸੀਂ ਕੁਝ ਥੋੜ੍ਹੀ ਜਿਹੀ ਚਰਚਾ ਕਰਦੇ, ਬਹਿਸ ਕਰਦੇ ਅਤੇ ਅਸੀਂ ਉਨ੍ਹਾਂ ਦੀ ਤਸਲੀ ਕਰਵਾਉਂਦੇ। ਇਹ ਖ਼ਾਸ ਕਰਕੇ ਡੋਗਰੀ ਬਾਰੇ ਕਹਿੰਦਾ ਹਾਂ। ਇਸ ਤਰ੍ਹਾਂ ਤੁਸੀਂ ਦੇਖੋਗੇ ਕਿ ਹਵਾ ਵਿਚ ਤਲਵਾਰਾਂ ਹੋਣਗੀਆਂ। ਅਸੀਂ ਇਥੇ ਜਿੰਨੇ ਫੈਸਲੇ ਕਰ ਲਵਾਂਗੇ ਉਹ ਪੂਰੇ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਨੂੰ ਅਪਨਾਉਣਾ ਇਕ ਬਹੁਤ ਵੱਡੀ ਸਮੱਸਿਆ ਹੈ। ਹੁਣ ਸਮੱਸਿਆ ਇਹ ਨਹੀਂ ਕਿ ਡੋਗਰੀ ਦੀ ਪੰਜਾਬੀ ਨੂੰ ਕੀ ਦੇਣ ਹੈ, ਇਹ ਲੱਭਣ ਵਾਲੀ ਗੱਲ ਨਹੀਂ। ਸਾਡੇ ਸਾਹਮਣੇ ਮਸਲਾ ਇਹ ਹੈ ਕਿ ਜੋ ਡੋਗਰੀ ਦੇ ਪਹਿਲਵਾਨ ਹਨ ਉਹ ਅਸਾਡੇ ਅਖਾੜੇ ਵਿਚ ਆਉਣ ਲਈ ਤਿਆਰ ਹਨ ਜਾਂ ਨਹੀਂ ਤੇ ਮੈਂ ਇੰਨੀ ਗੱਲ ਕਹਿਣੀ ਚਾਹੁੰਦਾ ਸੀ।

Sri Satguru Jagjit Singh Ji Elibrary NamdhariElibrary@gmail.com

ਅਮਰਜੀਤ ਸਿੰਘ : ਅੱਜ ਅਸਲ ਵਿਚ ਡੋਗਰੀ ਕਵਿਤਾ ਤੇ ਗੀਤ ਆਦਿ ਏਨੇ ਚੰਗੇ ਲੱਗੇ ਹਨ ਕਿ ਇਕ ਇਕ ਵੰਨਗੀ ਹੋਰ ਸੁਣਨ ਦੀ ਫਰਮਾਇਸ਼ ਆਈ ਹੈ। ਇਸ ਲਈ ਪ੍ਰਧਾਨਗੀ ਵਿਚਾਰਾਂ ਤੋਂ ਪਹਿਲਾਂ ਤੇ ਪ੍ਰਧਾਨ ਜੀ ਦੀ ਆਗਿਆ ਨਾਲ ਅਸੀਂ ਇਕ ਵਾਰ ਫੇਰ ਡੋਗਰੀ-ਕਾਵਿ ਦਾ ਰਸ ਮਾਣਦੇ ਹਾਂ।

## 1. ਡੋਗਰੀ ਗ਼ਜ਼ਲ

ਸਪਨ ਮਾਲਾ

ਮੇਰੀ ਜਿੰਦੂ ਦਾ ਇਹ ਪਖਰੂ, ਬੜਾ ਹੋਰ ਦਾ ਹੁੱਟੇ ਦਾ
ਡੁਆਰੀ ਗਾਸ ਪਰ, ਫ੍ਹੀ ਬੀ ਬਜੋਦੇਂ ਗੈ ਨਈ ਪੁੱਟੇ ਦਾ।
ਚੁਰਾਸੀ ਲੱਖ ਜੂਨੀ ਤੇ ਦਿਨੇ ਦੇ ਉਹ ਚਵੀ ਘੰਟੇ
ਸਮਾਂ ਹਰ ਪੱਲ ਦੇ ਪਿੱਛੂ ਮੀ ਨਮੀ ਜੂਨੀ ਚ ਸੁਹੋਂਦਾ।
ਜੋ ਨੇਹਰੇ ਪੱਖ ਜੰਮੇ ਨਾ ਉਨੇਂ ਲੋਂਦੀ ਬੀ ਨਈਂ ਲੱਮਦਾ
ਉਨੇਂਗੀ ਚੋਟ ਨਹੀਂ ਭਾਖਾ ਜੋਕਾ ਕਛ ਬੈਂਦੀਏਂ ਲੁੱਟੇਦਾ।
ਕੁਸੇ ਮੱਖੇ ਦੀ ਰੱਖੇ ਦਾ ਕੁਸੇ ਰੱਖੇ ਦੀ ਲੀਕੇ ਦਾ,
ਭਰੋਸੇ ਕਿਹ ਕੁਸੇ ਕਰਨਦੇਂ ਅਪਨੇ ਮਨ ਗੀ ਖੁੱਟੇ ਦਾ।
ਕੱਚੇ ਰਸਮੇਂ ਰਵਾਜੇ ਚ ਕੱਚੇ ਚੰਦਰੇ ਸਮਾਜੇ ਚ,
ਇਹ ਮਾਨੂੰ ਆਪੂੰ ਅਪਨੇ ਆਪੇਂਗੀ ਰੱਸੇ ਚ ਜੁੱਟੇ ਦਾ।
ਹੋਦੇ ਕੋਦੀ ਤੰਦ ਖਿਸਕੀ ਦੀ ਓਸੀ ਕੋਦੀ ਗੰਡ ਬੀ ਪੈਂਦੀ ਜਾ,
ਸਮਾਲ ਕੇ ਕੁਸੈ ਕਰਨਾ ਜਦੂੰ ਤਾਨਾਂ ਗੋ ਤੁਰੇਟੇ ਦਾ।
ਕੁਸੇ ਕੇਹ ਸਾਧਨਾ ਕਰਨੀ, ਕੁਸੈ ਕਿਹ ਫੇਰਨੀ, ਮਾਲਾ
ਜਦੂ ਆਪਣੀ ਗੀ ਸੱਚੇ ਦਾ, ਇਹ ਮੁੰਗਲਾ ਜਿੰਦ ਕੁੱਟੇ ਦਾ।

ਡੋਗਰੀ ਕਵਿਤਾ

## 2. ਅਨ ਸੱਭੇ ਗੀਤ

ਤਾਰਾ ਸਮੋਲ ਪੁਰੀ

ਕਲ ਕਲ ਕਰਦੇ
ਛਲ ਛਲ ਕਰਦੇ
ਹਸਦੇ
ਨੱਚਦੇ
ਆਪ ਮੁਹਾਰੇ
ਚਾਂਦੀ ਚਿੱਟੇ ਚੰਚਲ ਨਾੜੂ

Sri Satguru Jagjit Singh Ji Elibrary NamdhariElibrary@gmail.com

ਉਚੇ ਪਹਾੜੋਂ
ਧਾਰੇ ਜਾੜੋਂ
ਛੋਹ ਛੋਹ ਕਰਦੀ
ਚਿੱਟੀ ਚਿੱਟੀ ਚਾਨਣੀ ਆਂਗੀ
ਚੱਗੇ ਲਾਂਗੇ
ਸਾ ਸਾ ਰੇ ਰੇ ਸਰਗਮ ਗਾਂਦੇ
ਰਿੜ੍ਹਦੇ ਖਿਲਦੇ
ਖਿੰਗਰ ਬੱਟੇ ਗਰਮਾਲੀ ਚੋਂ
ਸੈਲੀ ਸੈਲੀ ਝਾਲਰ ਲ੍ਹਾਂਦੇ
ਰੋੜੇ ਕਰਦੇ
ਖੇੜ੍ਹੇ ਕਰਦੇ
ਕੁਪੜ ਦੰਦੇ ਠੋਕਰ ਖਾਂਦੇ
ਦੋਧੀ ਮਟਕੀ ਡੋਲੈ ਕਰਦੇ
ਚਿੱਟੇ ਛੁਮਰੇ ਢਠੇ ਕਰਦੇ
ਧਰਤੀ ਉਠੀ ਨੱਠੇ ਕਰਦੇ
ਚੈਂਚਲ ਬਚਪਨ
ਅਨਸੋਭੀ ਅਲਜਾਣੀ ਬੱਚਾ
ਬੇ ਬਹਾਸਾ ਜਨ ਦੋੜੇ ਕਰਦਾ
ਦਸੋ ਇਹ ਇਕ ਗੀਤ ਨਹੀਂ ਏ ?
ਜੀਵਨ ਦਾ ਸੰਗੀਤ ਨਹੀਂ ਏ ?
ਏ ਦਿਖੋ
ਏ ਕੋਮਲ ਕਲੀਆਂ
ਰੰਗ ਬਿਰੰਗੇ ਸਾਲੂ ਨੇਦੇ
ਨਿਰਮਲ ਹਾਸੇ ਸੋਹਲ ਪ੍ਰੀਤਾਂ
ਅਨ ਭੋਲੀ ਅਨ ਮੋੜ ਜੁਆਨੀ
ਹਿਰਖੇ ਦੀ ਅਨਜਾਨੀ ਬੱਚਾ.
ਖਿੜ ਖਿੜ ਹੱਸਨ
ਰੂਪ ਸੁਆਰਨ
ਪਰ ਕਿਨਾਂ ਚਿਰ ਚੈਂਚਲ ਤਾਈ
ਖੀਰੀ ਵੀ ਭੌਰੇ ਦਾ ਘੇਰਾ
ਪਾਗਲ ਭੌਰੇ
ਏ ਰਸ ਲੋਭੀ
ਪੈਨੀਆਂ ਨਜ਼ਰਾਂ

Sri Satguru Jagjit Singh Ji Elibrary NamdhariElibrary@gmail.com

ਗੁਣ ਕਰਦੇ
ਗੀਤ ਸੁਨਾਦੇ
ਪ੍ਰੀਤ ਜਤਾਂਦੇ
ਠੱਗੀ ਠੂੰਗੀ ਰਸ ਲੇਈ ਜੰਦੇ
ਡੂੰਗੇ ਝੂਰੇ ਡੱਬੀ ਜੰਦੇ
ਅਪਬਸਏਂ ਨੇ ਗੰਦ ਭਰੀ ਦੀ
ਬਲਗੀ ਬਲਗੀ ਸੁੱਕੀ ਜਾਣ
ਹੌਖੀ ਹੌਖੀ ਮੁੱਕੀ ਜਾਣਾ
ਦਸੋ ਇਹ ਇਕ ਗੀਤ ਨਹੀਂ ਏ ?
ਜੀਵਨ ਦਾ ਸੰਗੀਤ ਨਹੀਂ ਏ ।

ਏ ਦਿਖੋ
ਇਕ ਸਰ ਭਰੇ ਦਾ
ਬੱਡਾ ਬੱਡਾ
ਘਿਰੇ ਘਿਰੇ ਦਾ
ਰੁਕੀ ਰੁਕੀ ਦੀ ਜੀਵਨ ਧਾਰਾ
ਛਾਤੀ ਦੇ ਵਿੱਚ ਕਮਲ ਜੜੇ ਦੇ
ਭਰੀ ਭਰੀ ਦੀ
ਜਰੀ ਧਰੀ ਦੀ
ਕੁਸ ਛਲੀਏ ਗੀ ਬਲਰੀ ਕਰਦੀ
ਏ ਕੁਸ ਦੀ ਮਜਬੂਰ ਜੁਆਨੀ
ਰੂਪ ਸ਼ਲੈਪਾ ਸੈਹਮ ਬਨੇ ਦਾ
ਮਨ ਹਿੱਸਲੇ ਦਾ
ਚੋਂਚਲ ਭੌਂਕੇ ਤਾਰ ਮਨੇ ਦੇ ਛੇੜੀ ਜੰਦੇ
ਲੈਹਰਾ ਰੂਪੀ ਸੀਕਾਂ ਹੌਕੇ
ਘਾਲ ਮਨੇ ਚਾ ਉਠੀ ਉਠੀ
ਆਸੇ ਪਾਸੇ ਕੰਡੇ ਤੱਸਨ
ਫਟੇ ਟਟੇ ਦਾ ਅੰਬਰ ਲਭੇ
ਫੀ ਛਾਤੀ ਵਿਚ ਧੀਰਜ ਲੈਂਦਾ
ਦਸੋ ਕੀ ਇਕ ਗੀਤ ਨਹੀਂ ਏ
ਜੀਵਨ ਦਾ ਸੰਗੀਤ ਨਹੀਂ ਏ।

ਏ ਦਿਖੋ ਇਹ ਸਾਗਰ ਗੈਹਰਾ ।
ਨੀਲਮ ਥੇਵਾ ਘੁਲੇ ਘੁਲੇ ਦਾ ।
ਜਿੰਦੂ ਦੇ ਬਿਚ ਕ

Sri Satguru Jagjit Singh Ji Elibrary NamdhariElibrary@gmail.com

ਅਤੀ ਸੁਆਲੋ
ਤ੍ਰੰਦ ਉਮੰਗਾ
ਚੰਨੇ ਦੇ ਰੂਪੇ ਦਾ ਲੋ ਸ਼ੀ
ਜੁਗੋ ਜੁਗੋ ਖੋਂ ਪ੍ਰੀਤ ਪੁਰਾਣੀ
ਮਨ ਉਛਲਦਾ ਹਾਂ ਬਾਂ ਲਾਂਦਾ
ਚੈਨ ਨੀ ਥੰਦਾ
ਮਨ ਧੁਖਦਾ ਇਕ ਧੂੰਜਨ ਉਠਦਾ
ਢਿੱਗਲ ਬਨੀਐ ਗਾਸੇ ਚਵਦਾ
ਪ੍ਰੀਤ ਨਿਮਾਣੀ ਬਿੱਜ ਸੁਹਾਣੀ
ਬੱਦਲੋ ਓਲੋ
ਗਾਸੇ ਗਾਸੇ ਚੱਕਰ ਲਾਂਦੀ
ਚੇਨੇ ਕੂਟੇ ਘੇਰੇ ਪਾਂਦੀ
ਪਤ ਰੂਪੇ ਦੇ ਦੂਰੇ ਬਾਸੇ
ਖਿੜ ਖਿੜ ਹੱਸ ਦੂਰਾ ਹਾਸੇ
ਨੱਸੀ ਜਾਨ ਛਪੀ ਜਾਣਾ
ਮਨ ਕਲਪਾਣਾ
ਪਾਗਲ ਜਨ ਏ ਨੁਟੀ ਪੁਟੀ ਕਾਲੀ ਬਦਲੀ
ਪਹਾੜੇ ਜਾੜੇ ਛਮ ਛਮ ਰੋਂਦੀ
ਚਿੱਟੇ ਮੋਤੀ ਟਪ ਟਪ ਕਿਰਦੇ
ਝੜਦੇ ਜੰਦੇ
ਤਾਕ ਮਨੈ ਦਾ ਹੌਲਾ ਹੋਂਦਾ
ਏ ਨਾੜੂ ਇਹ ਕੌਮਲ ਕਲੀਆਂ
ਏ ਸਰ ਲਹਿਰਾਂ ਭਰਨੈ ਨਦੀਆਂ
ਸਬ ਸਾਗਰ ਦੇ ਹਿਰਖੀ ਧੰਧੇ
ਸਬ ਇਕੋ ਗੀਤ ਦੀਆਂ ਲੜੀਆਂ
ਦਸੱ ਫਿਰ ਇਹ ਕੁੱਲ ਸ੍ਰਿਸ਼ਟੀ
ਏ ਸਬ ਕਿਸ਼ ਇਕ ਗੀਤ ਨਹੀਂ ਏ
ਜੀਵਨ ਦਾ ਸੰਗੀਤ ਨਹੀਂ ਏ ।

Sri Satguru Jagjit Singh Ji Elibrary NamdhariElibrary@gmail.com

# ਪ੍ਰਧਾਨਗੀ ਵਿਚਾਰ

ਸ. ਰਣਜੀਤ ਸਿੰਘ

ਵੀ. ਸੀ. ਸਾਹਿਬਾ ਤੇ ਸਤਿਕਾਰਯੋਗ ਸਾਥੀਓ ! ਅੱਜ ਦੀ ਇਹ ਬੈਠਕ ਮੇਰੇ ਖ਼ਿਆਲ ਮੁਤਾਬਕ ਕਾਫ਼ੀ ਦਿਲਚਸਪ ਰਹੀ ਹੈ ਕਿਉਂਕਿ ਡੋਗਰੀ ਦਾ ਪੇਪਰ ਪੜ੍ਹਿਆ ਗਿਐ। ਅਸੀਂ ਵੀ ਡੋਗਰੀ ਨਾਲ ਸੰਬੰਧਿਤ ਹਾਂ ਜਿਸਦੀਆਂ ਕੀਮਤੀ 'ਸੁਜੈਸ਼ਨਜ਼' ਦੋਨਾਂ ਸਾਈਡਾਂ ਤੋਂ ਆਈਆਂ ਨੇ ਉਹ ਬੜੀਆਂ ਵਿਚਾਰ ਕਰਨ ਵਾਲੀਆਂ ਹਨ। ਇਹ ਵੀ ਗੱਲ ਠੀਕ ਹੈ ਕਿ ਅਸੀਂ ਅੱਜ ਦੀ ਬੈਠਕ ਵਿਚ ਹੀ ਇਸ ਦਾ ਕੋਈ ਨਿਰਣਾ ਨਹੀਂ ਕਰ ਸਕਦੇ ਕਿ ਡੋਗਰੀ ਦੀ ਪੰਜਾਬੀ ਨੂੰ ਕੀ ਦੇਣ ਹੈ ਜਾਂ ਪੰਜਾਬੀ ਦੀ ਡੋਗਰੀ ਨੂੰ ਕੀ ਦੇਣ ਹੈ। ਇਹਦੇ ਵਾਸਤੇ ਖੋਜ ਦੀ ਲੋੜ ਹੈ ਤੇ ਸਮੇਂ ਦੀ ਲੋੜ ਹੈ। ਲੇਕਿਨ ਜਿਹੜਾ ਇਹ ਇਸ ਸਿਲਸਿਲੇ ਦੇ ਵਿਚ ਅੱਜ ਆਰੰਭ ਹੋਇਆ ਹੈ ਉਹ ਕਾਫ਼ੀ ਸ਼ਲਾਘਾਯੋਗ ਹੈ। ਇਕ ਤਾਂ ਇਹ ਵੇਖਣਾ ਹੈ ਕਿ ਇਨ੍ਹਾਂ ਦੀ ਇਕ ਦੂਜੇ ਨੂੰ ਦੇਣ ਕੀ ਹੈ। ਦੂਜਾ ਜਿਸ ਜਿਸ ਰੂਪ ਦੇ ਵਿਚ ਇਸ ਵੇਲੇ ਦੋਹਾਂ ਬੋਲੀਆਂ ਦੇ ਪ੍ਰਾਂਤਾਂ ਵਿਚ ਅਵਸਥਾ ਹੈ ਉਸ ਨੂੰ ਸਵੀਕਾਰ ਕਰਨਾ ਹੈ ਤੇ ਅਗੇ ਵਾਸਤੇ ਇਹ ਵੇਖਣਾ ਹੈ ਕਿ ਆਪਸ ਦੀ ਜਿਹੜੀ ਰਿਸ਼ਤੇਦਾਰੀ ਹੈ ਉਹ ਕਿਸ ਕਿਸਮ ਦੀ ਰਖਣੀ ਹੈ। ਇਸ ਬਹਿਸ ਵਿਚ ਮੈਂ ਸਮਝਦਾ ਹਾਂ ਕਿ ਜੇ ਅਸੀਂ ਪੈ ਜਾਈਏ ਕਿ ਕਿਹੜੀ ਭਾਸ਼ਾ ਹੈ ਕਿਹੜੀ ਉਪ-ਭਾਖਾ ਹੈ, ਕਿਹੜੀ, ਕਿੰਝ ਤੇ ਕੀ ਦੀ ਗੱਲ ਅਕੈਡਮਿਕ ਹੈ ਤੇ ਇਸ ਨੂੰ ਕਈ ਸਾਲ ਲਗ ਜਾਣਗੇ, ਇਹਦੇ ਵਿਚਾਰ ਕਰਦਿਆਂ ਤੇ ਖੋਜ ਪੱਖ ਤੋਂ ਵਿਚਾਰਾਂ ਹੋਣੀਆਂ ਵੀ ਚਾਹੀਦੀਆਂ ਨੇ। ਲੇਕਿਨ ਮੈਂ ਸਮਝਦਾ ਹਾਂ ਕਿ ਅੱਜ ਦੇ ਸੈਮੀਨਾਰ ਦਾ ਇਹ ਮਕਸਦ ਨਹੀਂ ਕਿ ਅਸੀਂ ਇਹ ਵਿਚਾਰ ਕਰੀਏ ਕਿ ਕਿਹੜੀ ਬੋਲੀ ਉਪ-ਬੋਲੀ ਹੈ ਤੇ ਕਿਹੜੀ ਬੋਲੀ ਸੁਤੰਤਰ ਬੋਲੀ ਹੈ। ਜਿਸ ਤਰ੍ਹਾਂ ਸਾਡੀਆਂ ਰਿਆਸਤਾਂ ਦੀ ਭਾਸ਼ਾ ਦੇ ਆਧਾਰ ਤੇ 'ਰੀਆਰ-ਗੇਨਾਈਜ਼ੇਸ਼ਨ' ਹੁੰਦੀ ਹੈ, ਇਹਦੇ ਬਾਰੇ ਵੀ ਅੱਜ ਤਕ ਬਹੁਤ ਲੋਕੀਂ ਆਪਣੀ ਆਪਣੀ ਰਾਇ ਰਿਜ਼ਰਵ (reserve) ਰਖਦੇ ਹਨ। ਕਈ ਕਹਿੰਦੇ ਹਨ ਠੀਕ ਹੋਇਆ, ਕਈ ਕਹਿੰਦੇ ਹਨ ਠੀਕ ਨਹੀਂ ਹੋਇਆ। ਬਰਹਾਲ ਉਸ ਬਹਿਸ ਵਿਚ ਵੀ ਅਸੀਂ ਨਹੀਂ ਪਵਾਂਗੇ। ਲੇਕਿਨ ਜਿਹੜਾ ਸਥਾਨ ਜਿਸ ਜਿਸ ਰਿਜਨ ਦੇ ਵਿਚ ਜਿਸ ਬੋਲੀ ਨੂੰ ਪ੍ਰਾਪਤ ਹੈ ਉਸ ਦੇ ਮੁਤਾਬਕ ਅਸੀਂ ਇਹ ਬੈਠ ਕੇ ਵਿਚਾਰ ਕਰਨਾ ਹੈ ਕਿ ਅਸੀਂ ਇਕ ਦੂਸਰੇ ਨਾਲ ਮੇਲ ਮਿਲਾਪ ਅਗੇ ਵਾਸਤੇ ਕਿਵੇਂ ਰਖਣਾ ਹੈ। ਇਹ ਵੀ, ਮੈਂ ਸਮਝਦਾ ਹਾਂ ਕਿ ਸਾਡੀ ਇਸ ਕਾਨਫਰੰਸ ਦਾ ਸੁਝਾਓ ਦੇ ਤੌਰ ਤੇ ਉਤੇ ਕਿਹਾ ਜਾ ਸਕਦਾ ਹੈ। ਲੇਕਿਨ ਇਸ ਲਈ ਕੋਈ ਫੋਰਮ ਨਹੀਂ ਜਿਹਦੇ ਵਿਚ ਅਸੀਂ ਇਕ ਦੂਸਰੇ ਨੂੰ ਇਹ ਸੁਝਾ ਦੇਈਏ ਕਿ ਤੁਹਾਡੀ ਇਹ ਲਿਪੀ ਹੋਣੀ ਚਾਹੀਦੀ ਹੈ ਜਾਂ ਤੁਹਾਡੀ ਇਹ ਲਿਪੀ ਨਹੀਂ ਹੋਣੀ ਚਾਹੀਦੀ। ਇਹ ਕਿਉਂਕਿ ਜਿਸ ਸਥਾਨ ਨਾਲ ਇਹ ਗੱਲ ਤੁਅਲਕ ਰਖਦੀ ਹੈ ਇਹ ਉਥੇ ਦੇ ਲੋਕ

Sri Satguru Jagjit Singh Ji Elibrary NamdhariElibrary@gmail.com

ਹੀ ਇਹਦਾ ਫੈਸਲਾ ਕਰ ਸਕਦੇ ਹਨ।

ਬੜੀ ਅਛੀ ਬੁਨਿਆਦ ਅੱਜ ਬੰਨ੍ਹੀ ਗਈ ਹੈ ਔਰ ਏਦਾਂ ਲਗਦਾ ਹੈ ਕਿ ਇਸ ਬਾਰੇ ਵਿਚਾਰ ਕਰਨ ਵਾਸਤੇ ਇਕ ਬੜਾ ਵਸੀਹ ਮੈਦਾਨ ਅਗੇ ਖੁਲ੍ਹਾ ਪਿਆ ਹੈ। ਅਸੀਂ ਅੱਜ ਇਹੀ ਕਹਾਂਗੇ ਕਿ ਕੋਸ਼ਿਸ਼ ਕਰਨੀ ਚਾਹੀਦੀ ਹੈ ਸਾਡੇ ਵਿਚ ਮੇਲ ਮਿਲਾਪ ਖੁਲ੍ਹਾ ਹੀ ਰਹੇ ਤੇ ਖੁਲ੍ਹਾ ਹੀ ਰਹਿਣਾ ਚਾਹੀਦੈ ਤੇ ਅਗੇ ਅਸੀਂ ਦੇਖ ਲਿਐ ਕਿ ਜਿਸ ਵੇਲੇ ਅਸੀਂ ਥੋੜ੍ਹਾ ਜਿਹਾ ਤੰਗ ਨਜ਼ਰੀਆ ਰਖਦੇ ਹਾਂ ਤਾਂ ਉਸ ਦੇ ਨਤੀਜੇ ਬਹੁਤ ਭੈੜੇ ਨਿਕਲਦੇ ਨੇ। ਔਰ ਸਭ ਤੋਂ ਵੱਡੀ ਇਕ ਪੰਜਾਬੀ ਦੀ ਮੈਂ ਸਮਝਦਾਂ ਬਦਕਿਸਮਤੀ ਰਹੀ ਹੈ ਕਿ ਠੀਕ ਜਾਂ ਗ਼ਲਤ ਇਸਨੂੰ ਧਰਮ ਨਾਲ ਜੋੜ ਦਿੱਤਾ ਗਿਆ। ਕਿਸ ਨੇ ਕੀਤਾ, ਕਿਸ ਨੇ ਨਹੀਂ ਕੀਤਾ, ਇਹ ਗੱਲ ਵੀ ਵੇਖਣ ਵਾਲੀ ਹੈ। ਲੇਕਿਨ ਇਕ ਗੱਲ ਬਣ ਗਈ ਕਿ ਪੰਜਾਬੀ ਸਿੱਖਾਂ ਦੀ ਬੋਲੀ ਹੈ। ਇਸ ਕਰਕੇ ਵੀ ਮੈਂ ਸਮਝਨਾਂ ਕਿ ਪੰਜਾਬੀ ਨੂੰ ਕਾਫ਼ੀ ਨੁਕਸਾਨ ਪਹੁੰਚਿਐ। ਸੋ ਇਸ ਗੱਲ ਵਿਚੋਂ ਵੀ ਅਸਾਂ ਇਸ ਨੂੰ ਕਢਣੈ।

ਮੈਂ ਇਕ ਦਫ਼ਾ ਫਿਰ ਆਪਣੇ ਸਾਰੇ ਸਾਥੀਆਂ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਬੜੀ ਦਿਲਚਸਪੀ ਨਾਲ ਬਹਿਸ ਦੇ ਵਿਚ ਪੂਰਾ ਪੂਰਾ ਹਿੱਸਾ ਲਿਆ ਹੈ। ਮੈਂ ਚਾਹੁੰਦਾ ਤਾਂ ਜ਼ਰੂਰ ਸਾਂ ਕਿ ਬਾਕੀ ਦੇ ਸੈਸ਼ਨ ਵੀ ਸਾਰੇ ਅਟੈਂਡ ਕਰਦਾ। ਪਹਾੜੀ ਵੀ ਸਾਡਾ ਖ਼ਾਸ ਵਿਸ਼ੇਸ਼ ਸਬਜੈਕਟ ਹੈ। ਪਤਾ ਨਹੀਂ ਬਹੁਤ ਸਾਰੇ ਲੋਕੀ ਜਾਣਦੇ ਨੇ ਜਾਂ ਨਹੀਂ ਪਹਾੜੀ ਅੱਜ ਵੀ ਲਖਾਂ ਦੀ ਤਾਦਾਦ ਦੇ ਵਿਚ ਜੰਮੂ ਕਸ਼ਮੀਰ ਵਿਚ ਲੋਕ ਵਸਦੇ ਹਨ ਉਹ ਦੂਰ ਦਰਾਡੇ ਪਹਾੜਾਂ ਦੇ ਵਿਚ ਪੰਜਾਬੀ ਬੋਲੀ ਬੋਲਦੇ ਹਨ ਔਹ ਸਾਡੇ ਕੋਲ representations ਵੀ ਆਈਆਂ ਹਨ ਕਿ ਉਹਨਾਂ ਵਾਸਤੇ ਕੋਈ ਕਦਮ ਚੁਕਣੇ ਚਾਹੀਦੇ ਹਨ। ਉਨ੍ਹਾਂ ਦੀ ਪਹਾੜੀ ਵਿਚ ਔਰ ਪੰਜਾਬੀ ਵਿਚ ਥੋੜ੍ਹਾ ਫਰਕ ਹੈ। ਉਨ੍ਹਾਂ ਦੀਆਂ ਜੋ ਆਪਣੀਆਂ ਭਾਵਨਾਵਾਂ ਨੇ ਉਹ ਸਾਰੇ ਸ਼ਬਦ ਜਿਹੜੇ ਇਸਤੇਮਾਲ ਕਰਦੇ ਨੇ ਉਹ ਪੰਜਾਬੀ ਦੇ ਕਰਦੇ ਹਨ। ਲੇਕਿਨ ਉਨ੍ਹਾਂ ਦਾ ਲਿਖਣ ਦਾ ਤਰੀਕਾ ਹੈ ਫਾਰਸੀ ਲਿਪੀ ਵਿਚ ਹੈ। ਲਖਾਂ ਦੀ ਤਾਦਾਦ ਵਿਚ ਦੂਰ ਦੁਰਾਡੇ ਕਰੂਣਾ ਦਾ ਇਲਾਕਾ, ਗੁਰੇਜ ਦਾ ਇਲਾਕਾ, ਪੁਣਛ ਦਾ ਇਲਾਕਾ ਹੈ, ਇਹਦੇ ਵਿਚ ਲੋਕ ਉਹ ਰਹਿੰਦੇ ਹਨ ਔਰ ਉਨ੍ਹਾਂ ਨੇ ਸਾਨੂੰ ਕਈ ਵਾਰ ਕਿਹੈ ਕਿ ਜੰਮੂ-ਕਸ਼ਮੀਰ ਦੀ ਰਿਆਸਤ ਨੂੰ ਇਸ ਬਾਰੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਫ਼ਾਰਸੀ ਲਿਪੀ ਵਿਚ ਵੀ ਕੁਝ ਸਾਹਿਤ ਉਨ੍ਹਾਂ ਤੋੜੀ ਪਹੁੰਚੇ ਤਾਂ ਕਿ ਅੱਜ ਕਲ੍ਹ ਜਿਹੜੀਆਂ ਨਵੀਆਂ ਗੱਲਾਂ ਆ ਰਹੀਆਂ ਹਨ ਉਹ ਉਸ ਤੋਂ ਜਾਣੂ ਹੋ ਸਕਣ। ਤੇ ਇਹ ਵੀ ਇਕ ਬਹੁਤ ਵੱਡਾ ਖੇਤਰ ਹੈ ਜਿਹਦੇ ਵਿਚ ਸਾਰਿਆਂ ਨੇ ਮਿਲਕੇ ਵਿਚਾਰ ਕਰਨਾ ਹੈ। ਬਰਹਾਲ ਮੈਂ ਆਪਣੀਆਂ ਸ਼ੁਭ ਇੱਛਾਵਾਂ ਤੁਹਾਨੂੰ ਦੇਨਾਂ ਔਰ ਆਸ ਕਰਨਾਂ ਕਿ ਇਸ ਕਾਨਫਰੰਸ ਦੇ ਜਿਹੜੇ ਸਮੁੱਚੇ ਸਿੱਟੇ ਨਿਕਲਣਗੇ ਉਹ ਸਾਡਿਆਂ ਸਾਰਿਆਂ ਵਾਸਤੇ ਬੜੇ ਲਾਭਦਾਇਕ ਹੋਣਗੇ ਔਰ ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਵੇਂ ਕਿ ਸੁਝਾਅ ਵੀ ਆਏ ਹਨ ਕਿ ਇਕ ਵਿਸ਼ੇਸ਼ ਕਾਨਫਰੰਸ ਜੰਮੂ-ਕਸ਼ਮੀਰ ਵਿਚ ਇਸ ਸਿਲਸਿਲੇ ਤੇ ਹੋਣੀ ਚਾਹੀਦੀ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਉਹ ਕਾਨਫਰੰਸ ਅਸੀਂ ਜਲਦੀ ਕਰੀਏ ਤਾਂ ਕਿ ਹੋਰ ਵਧੇਰੇ ਇਕ ਦੂਸਰੇ ਦੇ ਖ਼ਿਆਲਾਂ ਦਾ ਪਤਾ ਲਗ ਸਕੇ।

ਸ਼ੁਕਰੀਆ

Sri Satguru Jagjit Singh Ji Elibrary NamdhariElibrary@gmail.com

## ਦੂਸਰਾ ਸੈਸ਼ਨ

8 ਅਪ੍ਰੈਲ, 1976

### ਲਹਿੰਦੀ ਤੇ ਪੋਠੋਹਾਰੀ ਦੀ ਪੰਜਾਬੀ ਨੂੰ ਦੇਣ

ਖੋਜ-ਪੱਤਰ : ਡਾ. ਹਰਦੇਵ ਬਾਹਰੀ ਤੇ ਪ੍ਰੋ. ਹਰਨਾਮ ਸਿੰਘ ਸ਼ਾਨ

ਉਦਘਾਟਨ
ਪ੍ਰੋ. ਮੋਹਨ ਸਿੰਘ

ਪ੍ਰਧਾਨਗੀ
ਡਾ. ਮੋਹਨ ਸਿੰਘ ਦਿਵਾਨਾ
ਤੇ ਬਾਅਦ ਵਿਚ
ਪ੍ਰੋ. ਮੋਹਨ ਸਿੰਘ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

I

# ਆਰੰਭਕ ਸ਼ਬਦ

ਅਮਰਜੀਤ ਸਿੰਘ, ਡਾਇਰੈਕਟਰ, ਪੰਜਾਬੀ ਵਿਕਾਸ

ਅਸੀਂ ਸੈਮੀਨਾਰ ਦਾ ਦੂਸਰਾ ਸੈਸ਼ਨ ਸ਼ੁਰੂ ਕਰ ਰਹੇ ਹਾਂ। ਸਾਨੂੰ ਬੜੀ ਖੁਸ਼ੀ ਹੈ ਕਿ ਡਾ. ਮੋਹਨ ਸਿੰਘ ਦਿਵਾਨਾ ਸਾਡੇ ਵਿਚ ਬਿਰਾਜਮਾਨ ਹਨ। ਇਨ੍ਹਾਂ ਦੇ ਅੱਜ ਬਹੁਤ ਹੀ ਜ਼ਿਆਦਾ ਰੁਝੇਵੇਂ ਸੀ ਪਰ ਫਿਰ ਵੀ ਇਨ੍ਹਾਂ ਨੇ ਸਾਡੇ ਲਈ ਵਕਤ ਕਢਿਆ ਹੈ ਜਿਸ ਲਈ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ। ਸਾਡੇ ਵਿਚਕਾਰ ਅੱਜ ਪ੍ਰੋ. ਮੋਹਨ ਸਿੰਘ ਜੀ ਵੀ ਹਨ। ਸਭ ਤੋਂ ਪਹਿਲਾਂ ਮੈਂ ਪ੍ਰੋ. ਮੋਹਨ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਸੈਸ਼ਨ ਦਾ ਉਦਘਾਟਨ ਕਰਨ।

Sri Satguru Jagjit Singh Ji Elibrary NamdhariElibrary@gmail.com

II

# ਉਦਘਾਟਨੀ ਸ਼ਬਦ

## ਪ੍ਰੋ. ਮੋਹਨ ਸਿੰਘ

ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੁੰਦੀ ਹੈ ਕਿ ਸ੍ਰੀਮਤੀ ਇੰਦਰਜੀਤ ਕੌਰ ਸੰਧੂ ਜੀ ਦੇ ਆਉਣ ਨਾਲ ਕਲਚਰਲ ਸਰਗਰਮੀਆਂ ਵੱਧ ਗਈਆਂ ਹਨ। ਮੈਨੂੰ ਪੂਰਨ ਆਸ ਹੈ ਕਿ ਇਹ ਸਿਲਸਿਲਾ ਜਾਰੀ ਰਖਣਗੇ ਅਤੇ ਸਾਡਾ ਪੰਜਾਬੀ ਲੇਖਕਾਂ ਦਾ, ਵੀ ਫਰਜ਼ ਬਣਦਾ ਹੈ, ਕਿ ਅਸੀਂ ਵੱਧ ਤੋਂ ਵੱਧ ਇਹਨਾਂ ਨੂੰ ਸਹਿਯੋਗ ਦੇਈਏ। ਇਹ ਸਾਡਾ ਆਪਣਾ ਕੰਮ ਹੈ। ਇਸ ਸਮਾਗਮ ਵਿਚ ਪੋਠੋਹਾਰੀ ਬੋਲੀ ਬਾਰੇ ਕੁਝ ਗੱਲਾਂ ਹੋਣੀਆਂ ਚਾਹੀਦੀਆਂ ਹਨ। ਮੈਂ ਪੋਠੋਹਾਰ ਦਾ ਰਹਿਣ ਵਾਲਾ ਹਾਂ। ਮੈਂ ਸਮਝਦਾ ਹਾਂ ਕਿ ਇਹ ਜੋ ਅਸੀਂ ਵਖਿਆਨ ਕਰ ਰਹੇ ਹਾਂ ਕਿ ਇਹ ਡੋਗਰੀ ਹੈ, ਇਹ ਪਹਾੜੀ ਹੈ, ਇਹ ਪੋਠੋਹਾਰੀ ਹੈ, ਤਾਂ ਦਰਅਸਲ ਅਗਰ ਅਸੀਂ ਆਰਥਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਾਹਿਤ ਦਾ, ਬੋਲੀਆਂ ਦਾ, ਸਭਿਆਚਾਰ ਦਾ ਸੰਬੰਧ 'ਟਰੇਡ ਰੂਟਸ' ਨਾਲ ਹੁੰਦਾ ਹੈ। ਪੁਰਾਣਿਆਂ ਜ਼ਮਾਨਿਆਂ ਵਿਚ ਇਕ ਰਾਹ ਸੈਂਟਰਲ ਏਸ਼ੀਆ ਵਲ ਮੁਲਤਾਨ ਤੋਂ ਉਪਰੋਂ ਦੀ ਜਾਂਦਾ ਸੀ। ਇਕ ਦਰਿਆ ਸਿੰਧ ਦੇ ਉਰਲੇ ਬੰਨਿਉਂ ਵੀ ਜਾਂਦਾ ਸੀ। ਰੋਪੜ ਦੇ ਵਿਚ ਜਿਹੜਾ ਖੂਹ ਨਿਕਲਿਆ ਹੈ, ਜਿਥੇ ਤੁਹਾਨੂੰ ਦਰਾਵੜ ਸਭਿਅਤਾ ਦੇ ਕੁਝ ਚਿੰਨ੍ਹ ਮਿਲਦੇ ਹਨ, ਉਹਦਾ ਕਾਰਨ ਸਿਰਫ ਇਹੋ ਹੈ ਕਿ ਤਜਾਰਤ ਲਈ ਕੋਈ ਸੋਖਾ ਰਸਤਾ ਲਭਣਾ ਪੈਂਦਾ ਸੀ। ਇਸ ਲਈ ਪਹਿਲਾਂ ਜਿਹੜਾ ਰਸਤਾ ਸੀ ਉਹ ਪਹਾੜਾਂ ਦੇ ਦਾਮਨ ਦੇ ਨਾਲ ਨਾਲ ਚਲਦਾ ਸੀ। ਉਹਦਾ ਕਾਰਨ ਇਹ ਹੈ ਕਿ ਉਥੇ ਦਰਿਆਵਾਂ ਦੇ ਪਾਟ ਘੱਟ ਚੌੜੇ ਹੁੰਦੇ ਨੇ ਤੇ ਪਾਣੀ ਵੀ ਘੱਟ ਹੁੰਦਾ ਹੈ। ਇਸ ਲਈ ਲੋਕਾਂ ਦਾ ਦਰਿਆ ਨੂੰ ਅਬੂਰ ਕਰਨਾ ਸੋਖਾ ਹੋ ਜਾਂਦਾ ਹੈ। ਇਕ ਮੈਦਾਨੀ ਰੂਟ ਵੀ ਸੀ ਜਿਹੜਾ ਦਰਿਆ ਖ਼ੈਬਰ ਵਲ ਨੂੰ ਬਾਅਦ ਵਿਚ ਖੁਲ੍ਹਿਆ ਤੇ ਉਹ ਤਜਾਰਤ ਦਾ ਪੱਖ ਬਣਿਆ ਜਾਂ ਹਮਲਾਵਰਾਂ ਦਾ ਪੱਖ ਬਣਿਆ, ਜੋ ਆਪਣੀਆਂ ਨਵੀਆਂ ਬੋਲੀਆਂ, ਕਲਚਰ, ਨਾਲ ਲੈ ਕੇ ਆਏ, ਉਹ ਬਾਅਦ ਵਿਚ ਆ ਕੇ ਜ਼ਿਆਦਾ ਮਕਬੂਲ ਹੋ ਗਏ। ਇਸ ਤਰ੍ਹਾਂ ਮੁਲਤਾਨ ਨਾਲ ਮੁਸਲਮਾਨਾਂ ਦਾ ਪਹਿਲਾ ਸੰਪਰਕ ਹੋਇਆ, ਕਿਉਂਕਿ ਮੁਕਰਾਮ ਦੇ ਕੰਢੇ ਦੇ ਨਾਲ ਨਾਲ ਮੈਸੋਪੋਟਾਮੀਆ ਤੋਂ ਇਹਨਾਂ ਦੇ ਲਾਗੇ ਲਾਗੇ ਮੁਕਰਾਮ ਦੇ ਕੰਢੇ ਕੰਢੇ ਇਕ ਤਜਾਰਤ ਦਾ ਰਸਤਾ ਸੀ।

ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਉਸ ਵੇਲੇ ਪੰਜਾਬ ਵਿਚ ਦੋ ਤਜਾਰਤੀ ਰਸਤੇ ਸਨ। ਇਕ ਪਹਾੜਾਂ ਦੇ ਦਾਮਨ ਦੇ ਨਾਲ ਨਾਲ ਚਲਣ ਵਾਲਾ ਸੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਹਜ਼ਾਰੇ ਤੋਂ ਲੈ ਕੇ, ਕੋਹਮਰੀ ਦੇ ਪਹਾੜਾਂ ਤੋਂ ਲੈ ਕੇ, ਇਹ ਰਸਤਾ ਤੁਰਦਾ ਤੁਰਦਾ ਪਹਾੜ ਦੇ ਦਾਮਨ ਦੇ ਨਾਲ ਨਾਲ ਅੱਗੇ ਚਲਾ ਜਾਂਦਾ ਹੈ—

Sri Satguru Jagjit Singh Ji Elibrary NamdhariElibrary@gmail.com

ਹੁਸ਼ਿਆਰਪੁਰ ਦੀਆਂ ਪਹਾੜੀਆਂ ਦੇ ਅਤੇ ਚੰਡੀਗੜ੍ਹ ਦੇ ਕੋਲ। ਇਹ ਰੋਪੜ ਵਾਲਾ ਰਸਤਾ ਹੀ ਉਪਰ ਸ਼ਿਮਲੇ ਦੀਆਂ ਪਹਾੜੀਆਂ ਨੂੰ ਚਲਾ ਜਾਂਦਾ ਹੈ। ਇਸ ਵਾਸਤੇ ਮੈਂ ਹੈਰਾਨ ਹਾਂ ਅਤੇ ਤੁਸੀਂ ਵੀ, ਜਿਨ੍ਹਾਂ ਨੇ ਇਸ ਰਿਜਨ ਦੀਆਂ ਭਾਸ਼ਾਵਾਂ ਦਾ ਅਧਿਐਨ ਕੀਤਾ ਹੈ, ਇਸ ਗੱਲ ਨੂੰ ਮੰਨਗੇ ਕਿ ਇਹ ਜਿਹੜਾ ਰਸਤਾ ਹੈ, ਇਸ ਵਿਚ ਬੋਲੀਆਂ ਦੀ ਸਾਂਝ ਹੋਰ ਹੈ। ਮੈਦਾਨ ਵਿਚ ਵਸਣ ਵਾਲੀਆਂ ਜਿਹੜੀਆਂ ਬੋਲੀਆਂ ਹਨ, ਉਨ੍ਹਾਂ ਦੀ ਸਾਂਝ ਵੱਖਰੀ 'ਡਿਵੈਲਪ' ਹੋਈ ਹੈ, ਭਾਵੇਂ ਇਹਨਾਂ ਦਾ ਮੂਲ ਇਕੋ ਹੀ ਸੀ। ਇਹ ਇਕ ਦੂਜੇ ਦੇ ਨੇੜੇ ਹੁੰਦੀਆਂ ਹੋਈਆਂ ਵੀ ਦੋ ਭੈਣਾਂ ਵੱਖਰੀਆਂ ਹੋ ਗਈਆਂ। ਇਕ ਸਾਂਝ ਪਹਾੜੀ ਬੋਲੀਆਂ ਦੀ ਇਹ ਹੈ ਕਿ ਉਹਨਾਂ ਦੇ ਵਿਚ ਜੋ ਸੰਯੋਗਾਤਮਕ ਰੁਚੀ ਹੈ, ਉਹ ਹਾਲੇ ਚਲਦੀ ਹੈ ਅਤੇ ਲਾਂ ਪਿਛੇ ਆਉਂਦੀ ਹੈ ਜਿਵੇਂ, 'ਵੇਹ ਇਸ ਜੰਮੂਏ ਦੇ ਰਾਜੇ ਇਕ ਗੱਦਰ ਮੰਗਾਈ ਨੇ' ਇਕ ਪਹਾੜ ਦਾ ਲੋਕ ਗੀਤ ਹੈ। ਅਸੀਂ ਜੰਮੂ ਦਾ ਰਾਜਾ ਕਹਾਂਗੇ। ਉਹ ਜੰਮੂਏ ਦਾ ਰਾਜਾ ਕਹਿੰਦੇ ਨੇ। ਇਹ ਲਾਂ ਚਲਦੀ ਹੈ।

ਇਕ ਵਾਰੀ ਮੈਨੂੰ ਮੌਕਾ ਮਿਲਿਆ, ਡਾ. ਰੰਧਾਵਾ ਦੇ ਪਿੰਡ ਜਾਣ ਦਾ, ਉਹਨਾਂ ਦੇ ਬਾਹਰ ਇਕ 'ਨੇਮ ਪਲੇਟ' ਲਗੀ ਹੋਈ ਸੀ, ਉਹਦੇ ਉਤੇ ਲਿਖਿਆ ਹੋਇਆ ਸੀ—'ਮਿਲਣੇ ਦਾ ਸੁਮਾਂ,' ਮਿਲਣ ਦਾ ਨਹੀਂ। ਮੈਂ ਇਹ ਵੇਖਿਆ ਕਿ ਪੋਠੋਹਾਰ ਤੋਂ ਲੈ ਕੇ ਹੁਸ਼ਿਆਰਪੁਰ ਤਕ ਇਹ ਲਾਂ ਖਹਿੜਾ ਨਹੀਂ ਛੱਡਦੀ ਪਈ। ਇਕ ਤੇ ਮੈਂ ਕਹਿੰਦਾ ਹਾਂ ਕਿ ਕੋਈ ਵਖਰੇਵਾਂ ਨਹੀਂ। ਪਰ ਇਹਨਾਂ ਨੂੰ ਮੈਂ ਉਪ-ਭਾਖਾਵਾਂ ਨਹੀਂ ਕਹਿੰਦਾ, ਮੈਂ ਉਨ੍ਹਾਂ ਨੂੰ ਲੋਕ-ਬੋਲੀਆਂ ਕਹਿੰਦਾ ਹਾਂ। ਪੰਜਾਬੀ ਹੁਣ ਭਾਸ਼ਾ ਬਣ ਗਈ ਹੈ। ਇਹ ਵੀ ਬੋਲੀ ਹੀ ਸੀ। ਇਹ ਸਭ ਲੋਕ-ਬੋਲੀਆਂ ਹਨ ਜਿਹੜੀਆਂ ਲੋਕ-ਬੋਲੀਆਂ ਵਪਾਰ-ਪੱਥ ਤੇ ਆ ਜਾਂਦੀਆਂ ਨੇ, ਜਾਂ ਰਾਜ ਕੇਂਦਰ ਦੇ ਨੇੜੇ ਆ ਜਾਂਦੀਆਂ ਜਾਂ ਉਹਨਾਂ ਨੂੰ ਰਾਜ-ਸੱਤਾ ਪ੍ਰਾਪਤ ਹੋ ਜਾਂਦੀ ਹੈ, ਉਹ ਭਾਸ਼ਾਵਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਉਹ ਵੱਡੀਆਂ ਨਹੀਂ ਹੁੰਦੀਆਂ ਤੇ ਬਾਕੀ ਜਿਹੜੀਆਂ ਅਵਿਕਸਤ ਰਹਿ ਜਾਂਦੀਆਂ ਹਨ ਉਹ ਛੋਟੀਆਂ ਨਹੀਂ ਹੁੰਦੀਆਂ। ਇਸ ਲਈ ਅਸੀਂ ਇਹ ਗ਼ਲਤੀ ਕਰਦੇ ਹਾਂ। ਸਾਨੂੰ ਉਹਨਾਂ ਨੂੰ ਭਾਖਾਵਾਂ ਕਹਿਣ ਦੀ ਲੋੜ ਹੀ ਕੋਈ ਨਹੀਂ, ਉਹ ਬੋਲੀਆਂ ਹਨ। ਜੋ ਭੂਗੋਲਿਕ ਪ੍ਰਭਾਵ ਹੁੰਦੇ ਹਨ, ਉਹ ਇਹੋ ਜਿਹੀਆਂ ਬੋਲੀਆਂ ਦੀ ਵੰਡ ਜ਼ਿਆਦਾ ਕਰ ਦਿੰਦੇ ਨੇ। ਆਸਾਮ ਵਿਚ ਇਤਨੇ ਨੇੜੇ ਨੇੜੇ ਪਹਾੜ ਦਰਿਆ ਤੇ ਘਾਟੀਆਂ ਨੇ ਕਿ ਉਥੇ 200 'ਡਾਇਆਲੈਕਟਸ' ਹਨ। ਪੰਜਾਬ ਵਿਚ ਇੰਨੀਆਂ ਨਹੀਂ ਹਨ।

ਹੁਣ ਮੈਂ ਪੋਠੋਹਾਰੀ ਬਾਰੇ ਦੂਜੀ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਵਾਰੀ ਮੈਂ ਬੰਬਈ ਜਾ ਰਿਹਾ ਸੀ, ਰਸਤੇ ਵਿਚ ਇਕ ਆਦਮੀ ਛੋਟੇ ਛੋਟੇ ਪੈਂਫਲੈਟਸ ਵੇਚ ਰਿਹਾ ਸੀ। ਮੈਂ ਕਿਹਾ ਬਈ ਕੀ ਹੈ? ਉਹ ਕਹਿਣ ਲੱਗਾ ਇਹ ਗੁਜਰਾਤੀ ਸਿਖਣ ਦਾ ਕਾਇਦਾ ਹੈ। ਉਹ ਮੈਂ ਲੈ ਲਿਆ। ਮੈਂ ਉਹਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਉਥੇ ਮੈਂ ਵੇਖਕੇ ਹੈਰਾਨ ਹੋਇਆ ਕਿ ਇਥੇ ਪੋਠੋਹਾਰ ਵਿਚ ਅਤੇ ਉਧਰ ਗੁਜਰਾਤ ਵਿਚ ਕਾ, ਕੇ, ਕੀ ਅਤੇ ਦਾ, ਦੇ, ਦੀ, ਦੀ ਜਗ੍ਹਾ ਨਾ, ਨੇ, ਨੀ ਹੈ। ਇਹ ਕਿਉਂ? ਇਹ ਇਕ ਮਸਲਾ ਹੈ, ਭਾਸ਼ਾ ਵਿਗਿਆਨੀਆਂ ਸਾਹਮਣੇ। ਸਾਰੇ ਪਾਸੇ ਕਾ, ਕੇ, ਕੀ, ਜਾਂ ਦਾ, ਦੇ, ਦੀ, ਹੈ, ਸਿਰਫ ਪੋਠੋਹਾਰ ਦੇ ਰਿਜਨ ਵਿਚ ਇਹ ਨਾ, ਨੇ, ਨੀ ਕਿਉਂ ਹੈ? ਗੁਜਰਾਤ ਵਿਚ ਵੀ ਨਾ, ਨੇ, ਨੀ

Sri Satguru Jagjit Singh Ji Elibrary NamdhariElibrary@gmail.com

ਕਿਉਂ ਹੈ ? ਅਤੇ ਮੈਂ ਇਸ ਦੇ ਮੁਤੱਲਕ ਜਦੋਂ ਜ਼ਿਆਦਾ ਸੋਚਿਆ ਤਾਂ ਮੈਂ ਇਸ ਸਿੱਟੇ ਤੇ ਪਹੁੰਚਿਆ ਕਿ ਇਹ ਦਰਅਸਲ ਗੋਜਰੀ ਬੋਲੀ ਦਾ ਪ੍ਰਭਾਵ ਹੈ ਅਤੇ ਸ਼ਾਇਦ ਗੁਜਰਾਤ ਦਾ ਨਾਂ ਵੀ ਸ਼ਾਇਦ ਗੁਜਰ ਸਭਿਅਤਾ ਦੇ ਅਸਰ ਅਧੀਨ ਹੀ ਪਿਆ ਹੈ। ਉਥੇ ਸਾਡੇ ਕੋਲ ਇਕ ਗੁਜਰਖ਼ਾਨ ਵੀ ਹੈ ਅਤੇ ਏਥੇ ਸਾਡੇ ਕੋਲ ਗੁਜਰਾਤ ਵੀ ਹੈ। ਸਾਡੇ ਕੋਲ ਗੋਜਰਾਂ ਵੀ ਹੈ, ਸਾਡੇ ਕੋਲ ਗੁਜਰਮਲ ਵੀ ਹੈ। ਇਹ ਚੀਜ਼ਾਂ ਜਿਹੜੀਆਂ ਨੇ, ਉਥੇ ਪ੍ਰਭਾਵ ਜ਼ਿਆਦਾ ਰਿਹਾ ਹੈ। ਕਸ਼ਮੀਰ ਦੇ ਵਿਚ ਹਾਲੇ ਵੀ ਗੋਜਰੀ ਇਕ ਵੱਡੀ ਬੋਲੀ ਹੈ। ਉਹਦੇ ਵਿਚ ਲਿਖਤੀ ਸਾਹਿਤ ਬਹੁਤਾ ਨਹੀਂ, ਲੋਕ ਸਾਹਿਤ ਹੈ। ਮੈਂ ਇਹ ਸਮਝਨਾਂ ਕਿ ਇਹ ਨਾ, ਨੇ, ਨੀ ਜਿਹੜੇ ਹਨ, ਇਹ ਇਕ ਖ਼ਾਸ, ਇਕ ਵਿਸ਼ੇਸ਼ ਗੱਲ ਹੈ ਜਿਹੜੀ ਪੰਜਾਬੀ ਤੋਂ ਪੋਠੋਹਾਰੀ ਨੂੰ ਨਿਖੇੜਦੀ ਹੈ। ਮਗਰ ਬਾਕੀ ਗਰਾਮਰ ਸਾਰੀ ਪੋਠੋਹਾਰੀ ਦੀ ਹੈ। ਮੈਂ ਇਹ ਕਹਿੰਦਾ ਹਾਂ ਕਿ ਅਸੀਂ ਇਹਨਾਂ ਨੂੰ ਉਪ-ਬੋਲੀਆਂ ਕਹਿ ਕੇ ਨਾ ਚਿੜਾਈਏ, ਇਹ ਵੀ ਇਕ ਕਿਸਮ ਦੀਆਂ ਬੋਲੀਆਂ ਹਨ। ਪੰਜਾਬੀ ਐਸ ਵੇਲੇ ਭਾਸ਼ਾ ਬਣ ਗਈ ਹੈ। ਇਸ ਵੇਲੇ ਮੈਂ ਸਿਰਫ ਐਨੀ ਔਬਜ਼ਰਵੇਸ਼ਨ (observation) ਹੀ ਕਰ ਸਕਦਾ ਹਾਂ।

ਮੈਨੂੰ ਇਹ ਬੜੀ ਖੁਸ਼ੀ ਹੋਈ ਹੈ ਕਿ ਇਹ ਸਮਾਗਮ ਇਥੇ ਇਸ ਤਰ੍ਹਾਂ ਰਖਿਆ ਗਿਆ ਹੈ ਤੇ ਸਾਰੇ ਪ੍ਰਤੀਨਿਧ ਲੋਕ ਬੜੀ ਦੂਰੋਂ ਦੂਰੋਂ ਆਏ ਨੇ। ਮੈਂ ਕਹਿੰਦਾ ਹਾਂ ਕਿ ਅਗਲੀ ਵਾਰੀ ਡੋਗਰੀ ਦੇ ਪ੍ਰਤੀਨਿਧ ਵੀ ਬੁਲਾਓ, ਕਸ਼ਮੀਰੀ ਦੇ ਪ੍ਰਤੀਨਿਧ ਵੀ ਬੁਲਾਓ, ਤਾਂ ਜੋ ਇਹ ਕੰਮ ਹੋਰ ਵੀ ਅਗੇ ਹੋਵੇ। ਇਹਨਾਂ ਸ਼ਬਦਾਂ ਨਾਲ ਮੈਂ ਇਸ ਸਮਾਗਮ ਦਾ ਉਦਘਾਟਨ ਕਰਦਾ ਹਾਂ।

Sri Satguru Jagjit Singh Ji Elibrary NamdhariElibrary@gmail.com

III

# ਲਹਿੰਦੀ ਦੀ ਪੰਜਾਬੀ ਨੂੰ ਦੇਣ

ਡਾਕਟਰ ਹਰਦੇਵ ਬਾਹਰੀ

ਮਾਨਯੋਗ ਪ੍ਰਧਾਨ ਜੀ, ਵਾਈਸ-ਚਾਂਸਲਰ ਸਾਹਿਬਾ, ਭੈਣੋਂ ਅਤੇ ਭਰਾਵੋ ! ਮੈਨੂੰ ਸਵੇਰ ਦੀ ਬਹਿਸ ਸੁਣਕੇ ਥੋੜ੍ਹਾ ਡਰ ਵੀ ਲਗ ਗਿਆ ਹੈ। ਇਕ ਮੇਰੀ ਕਿਤਾਬ ਹੈ, 'Prussian Influance on Hindi' ਅਤੇ ਇਕ ਮੈਂ ਲੇਖ ਲਿਖਿਆ ਸੀ 'ਬੰਗਾਲੀ ਕਾ ਹਿੰਦੀ ਪਰ ਪ੍ਰਭਾਵ'। ਉਸਦੇ ਪੰਜ ਸਾਲ ਬਾਅਦ ਲੇਖ ਲਿਖਿਆ ਸੀ 'ਹਿੰਦੀ ਕਾ ਬੰਗਾਲੀ ਪਰ ਪ੍ਰਭਾਵ'। ਇਥੇ ਸੁਆਲ ਉਠਾਇਆ ਗਿਆ ਹੈ ਕਿ ਡੋਗਰੀ, ਪਹਾੜੀ, ਪੋਠੋਹਾਰੀ ਤੇ ਲਹਿੰਦੀ ਦੀ ਪੰਜਾਬੀ ਨੂੰ ਦੇਣ ਤੇ ਪੰਜਾਬੀ ਦੀ ਉਹਨਾਂ ਨੂੰ ਦੇਣ ਵੀ ਹੋਣਾ ਚਾਹੀਦਾ ਸੀ। ਅਸਲ ਵਿਚ ਇਹ ਤਾਂ ਇਕ ਅਲਗ ਵਿਸ਼ਾ ਹੈ। ਲੇਕਿਨ ਅੱਜ ਦਾ ਜੋ ਵਿਸ਼ਾ ਹੈ ਉਸ ਨੂੰ ਸੋਚੋ ਤਾਂ ਇਹ ਸੁਆਲ ਨਹੀਂ ਉਠਣਾ ਚਾਹੀਦਾ। ਇਕ ਹੋਰ ਗੱਲ ਉਠਾਈ ਗਈ ਕਿ ਡੋਗਰੀ ਦੇ ਵਿਚ ਪੁਣਛੀ ਦਾ ਜ਼ਿਕਰ ਨਹੀਂ ਆਇਆ। ਬੋਲੀਆਂ ਦੀ ਕੋਈ ਲਿਸਟ ਨਹੀਂ ਦੇਣੀ ਸੀ। ਡੋਗਰੀ ਨੇ ਸਮੁੱਚੇ ਤੌਰ ਤੇ ਪੰਜਾਬੀ ਨੂੰ ਕੀ ਦਿੱਤਾ, ਕੀ ਪ੍ਰਭਾਵ ਹੈ, ਕੀ ਦੇਣ ਹੈ ? ਇਹ ਵਿਸ਼ੇ ਸੀ। ਅਗਰ ਪੁਣਛੀ ਨੇ ਕੁਝ ਨਹੀਂ ਦਿੱਤਾ ਤਾਂ ਪੁਣਛੀ ਦਾ ਜ਼ਿਕਰ ਨਾ ਹੋਣਾ ਕੋਈ ਵੱਡਾ ਗੱਲ ਨਹੀਂ ਹੈ। ਤੁਸੀਂ ਪੁਣਛੀ ਨੂੰ ਡੋਗਰੀ ਦੀ ਬੋਲੀ ਸਮਝਦੇ ਹੋ, ਹਾਲਾਂ ਕਿ ਮੈਂ ਉਸਨੂੰ ਲਹਿੰਦੀ ਦੀ ਬੋਲੀ ਸਮਝਦਾ ਹਾਂ ਅਤੇ ਇਹ ਗੱਲ ਹੈ ਵੀ ਠੀਕ। ਪੁਣਛੀ ਦਾ ਜ਼ਿਕਰ ਨਹੀਂ ਆਇਆ। ਇਹ ਵੀ ਕੋਈ ਬਹੁਤ ਵੱਡੀ ਸ਼ਿਕਾਇਤ ਨਹੀਂ ਹੋਣੀ ਚਾਹੀਦੀ। ਫਿਰ ਬਹਿਸ ਚਲਦੀ ਰਹੀ ਕਿ ਪੰਜਾਬੀ ਦਾ ਤੇ ਇਸ ਦਾ ਕੀ ਸੰਬੰਧ ਹੋਣਾ ਚਾਹੀਦਾ ਹੈ। ਇਹ ਬਹਿਸ ਵੀ ਨਹੀਂ ਹੋਣੀ ਚਾਹੀਦੀ। ਇਹ ਵੀ ਇਕ ਅਲਗ ਵਿਸ਼ਾ ਹੈ ਕਿ ਪੰਜਾਬੀ ਡੋਗਰੀ ਦਾ ਜੋ ਸੰਬੰਧ ਇਸ ਵਕਤ ਹੋ ਰਿਹਾ ਹੈ ਜਾਂ ਸਿਆਸਤ ਜਿਸ ਵਿਚ ਬੜਾ ਹਿੱਸਾ ਲੈ ਰਹੀ ਹੈ ਔਰ ਅਗੇ ਕੀ ਭਵਿਸ਼ ਹੈ ? ਇਸ ਤਰ੍ਹਾਂ ਦੀਆਂ ਗੱਲਾਂ ਅਲਗ ਹਨ। ਮੈਂ ਜਿਸ ਵਿਸ਼ੇ ਤੇ ਗੱਲ ਕਰਾਂਗਾ ਉਹ ਹੈ "ਲਹਿੰਦੀ ਦੀ ਪੰਜਾਬੀ ਨੂੰ ਦੇਣ" :

## ਖੋਜ-ਪੱਤਰ

ਪੰਜਾਬੀ ਯੂਨੀਵਰਸਿਟੀ ਨੇ ਇਸ ਲੇਖ ਦਾ ਇਹ ਸਿਰਨਾਵਾਂ ਦੇ ਕੇ ਸਾਨੂੰ ਬੜੀ ਔਖਿਆਈ ਵਿਚ ਪਾ ਦਿੱਤਾ ਹੈ। ਲਹਿੰਦੀ ਵੀ ਤਾਂ ਪੰਜਾਬੀ ਹੈ, ਤੇ ਮੈਂ ਸਦਾ ਇਹੋ ਮੰਨਦਾ ਤੇ ਕਹਿੰਦਾ ਆ ਰਿਹਾ ਹਾਂ। ਹੁਣ ਮੈਂ ਕੀਕੁਰ ਸੋਚਾਂ ਕਿ ਪੰਜਾਬੀ ਨੇ ਪੰਜਾਬੀ ਨੂੰ ਕੀ ਕੁਝ ਦਿੱਤਾ। ਹਿੰਦੀ ਵਿਚ ਪਹਿਲੋਂ ਬ੍ਰਿਜ-ਭਾਸ਼ਾ ਜਾਂ ਅਵਧੀ ਵਿਚ ਸਾਹਿਤ ਲਿਖਿਆ ਜਾਂਦਾ ਸੀ, ਬਾਅਦ ਵਿਚ ਖੜੀ ਬੋਲੀ ਦੀ ਪ੍ਰਧਾਨਤਾ ਹੋ ਗਈ ਉਹ ਵੀ ਹਿੰਦੀ। ਕਦੇ ਕੋਈ ਇਹ ਨਹੀਂ ਕਹਿੰਦਾ ਭਈ ਬ੍ਰਿਜ ਭਾਸ਼ਾ ਨੇ ਹਿੰਦੀ ਨੂੰ ਇਹ ਦਿੱਤਾ ਤੇ ਖੜੀ ਬੋਲੀ ਨੇ ਇਹ

Sri Satguru Jagjit Singh Ji Elibrary NamdhariElibrary@gmail.com

ਦਿੱਤਾ। ਹਾਂ ਇਹ ਸੋਚਿਆ ਜਾ ਸਕਦਾ ਹੈ ਕਿ ਹਿੰਦੀ ਸਾਹਿਤ ਵਿਚ ਬ੍ਰਿਜ ਭਾਸ਼ਾ ਜਾਂ ਖੜੀ ਬੋਲੀ ਦਾ ਕੀ ਹੱਥ ਰਿਹਾ ਹੈ, ਇਨ੍ਹਾਂ ਦੀ ਕੀ ਥਾਂ ਹੈ।

ਪੰਜਾਬੀ ਸਾਹਿਤ ਦਾ ਆਰੰਭ ਲਹਿੰਦੀ ਵਿਚ ਹੋਇਆ। ਉਸ ਜ਼ਮਾਨੇ ਵਿਚ ਲਹਿੰਦੀ ਦੀ ਹੱਦ ਸ਼ਾਇਦ ਦਿੱਲੀ ਤਕ ਸੀ। ਲਹਿੰਦੀ ਈ ਪੰਜਾਬੀ ਜਾਂ ਪੰਜਾਂ ਦਰਿਆਵਾਂ ਦੀ ਬੋਲੀ ਸੀ। ਜਿਸ ਨੂੰ ਅਸੀਂ ਅੱਜ ਪੰਜਾਬੀ ਆਖਦੇ ਹਾਂ ਉਸ ਦਾ ਜਨਮ ਹਾਲੀਂ ਨਹੀਂ ਹੋਇਆ ਸੀ। ਪੰਜਾਬੀ ਅਸਲੋਂ ਲਹਿੰਦੀ ਉਪਰ ਪਏ ਖੜੀ ਬੋਲੀ ਦੇ ਪ੍ਰਭਾਵ ਦੀ ਉਪਜ ਹੈ ਜੋ ਧੀਰੇ-ਧੀਰੇ ਵਧਦਾ-ਫੈਲਦਾ ਰਿਹਾ ਹੈ ਤੇ ਲਹਿੰਦੀ ਨੂੰ ਪੱਛਮ ਵਲ ਧਕੇਲਦਾ ਰਿਹਾ ਹੈ। ਸ਼ੇਖ ਫ਼ਰੀਦ ਦੇ ਵਕਤ ਤੋਂ ਯਾਨੀ ਚੌਧਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅੰਤਲੇ ਚਰਣ ਤਕ ਦੀ ਸਾਹਿੱਤ-ਭਾਸ਼ਾ ਲਹਿੰਦੀ ਈ ਹੈ। ਉਹ ਜ਼ਮਾਨੇ ਦੇ ਨਾਲ ਬਦਲੀ ਜ਼ਰੂਰ ਹੈ। ਇਹਦੇ ਪਰਿਵਰਤਨ ਦੇ ਦੋ ਤਿੰਨ ਮੁੱਖ ਕਾਰਣ ਸਨ। ਇਕ ਤਾਂ ਪੂਰਬ ਦਾ ਪ੍ਰਭਾਵ ਸੀ ਜਿਹਦੇ ਕਰਕੇ ਇਹ ਪੂਰਬੀ ਪੰਜਾਬੀ ਦੇ ਰੂਪ ਵਿਚ ਢਲਦੀ ਗਈ ਹੈ, ਤੇ ਪੱਛਮ ਵਲ ਹਟਦਿਆਂ ਕੇਂਦਰ ਤੋਂ ਵੀ ਹਟ ਗਈ ਹੈ ਤੇ ਇਸ ਦੀ ਪ੍ਰਧਾਨਤਾ ਖ਼ਤਮ ਹੋ ਗਈ। ਦੂਜਾ ਕਾਰਣ ਇਹ ਹੈ ਕਿ ਪਹਿਲੋਂ ਪੰਜਾਬ ਦੇ ਕੇਂਦ੍ਰਾਂ ਵਿਚੋਂ ਮੁਲਤਾਨ ਦਾ ਮਹੱਤਵ ਸਭ ਤੋਂ ਜ਼ਿਆਦਾ ਸੀ। ਲਾਹੌਰ ਉਜੜ-ਪੁਜੜ ਗਿਆ ਸੀ। ਇਥੇ ਗ਼ਜ਼ਨੀਆਂ ਦਾ ਰਾਜ ਸੀ ਜਿਹੜਾ ਲੜਖੜਾਂਦਾ ਰਹਿੰਦਾ ਸੀ। ਗਿਆਰਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਅਕਬਰ ਦੇ ਵੇਲੇ ਤਕ ਯਾਨੀ ਪੰਜ-ਕੁ ਸਦੀਆਂ ਉੱਤਰੀ ਪੰਜਾਬੀ ਵਿਚ ਅਫਰਾ-ਤਫਰੀ, ਗੜਬੜ ਤੇ ਅਸ਼ਾਂਤੀ ਫੈਲੀ ਰਹੀ। ਅੰਮ੍ਰਿਤਸਰ ਹਾਲੀ ਬਣਿਆ ਈ ਨਹੀਂ ਸੀ। ਪੰਜਾਬ ਦਾ ਇਕੋ ਵੱਡਾ ਸ਼ਹਿਰ ਸ਼ਾਂਤ ਸੀ-- ਮੁਲਤਾਨ। ਮੁਲਤਾਨ ਦੀ ਆਪਣੀ ਪੁਰਾਣੀ ਪਰੰਪਰਾ ਸੀ। ਇਹ ਹਿੰਦੂਆਂ ਦਾ ਤੀਰਥ ਸੀ। ਪ੍ਰਹਿਲਾਦ ਭਗਤ ਦੀ ਇਹੋ ਨਗਰੀ ਸੀ। ਅੱਠਵੀਂ ਸਦੀ ਤੋਂ ਈ ਇਹ ਅਰਬ ਮੁਸਲਮਾਨਾਂ ਦੇ ਹੱਥ ਆ ਗਿਆ ਸੀ। ਜੋ ਖੂਨ-ਖਰਾਬਾ ਜਾਂ ਉਥਲ-ਪੁਥਲ ਹੋਣੀ ਸੀ, ਹੋ ਗਈ। ਪੰਜਾਬੀ ਬੋਲੀ ਦੇ ਉਭਰਨ ਤਕ ਹਿੰਦੂ ਮੁਸਲਮਾਨ ਰਸ-ਪਸ ਗਏ ਸਨ। ਇਹ ਸਭ ਸੂਫ਼ੀ ਫ਼ਕੀਰਾਂ ਦੇ ਜਤਨ ਉਨ੍ਹਾਂ ਦੀ ਸਦਭਾਵਨਾ ਦਾ ਨਤੀਜਾ ਸੀ। ਸਿਆਸੀ, ਧਾਰਮਿਕ ਤੇ ਸੰਪ੍ਰਦਾਈ ਝਗੜਿਆਂ ਤੋਂ ਦੂਰ ਮੁਲਤਾਨ ਲਹਿੰਦੀ ਪੰਜਾਬੀ ਸਾਹਿਤ ਦਾ ਕੇਂਦਰ ਬਣ ਗਿਆ। ਉਥੋਂ ਦੇ ਫ਼ਕੀਰਾਂ ਨੇ ਇਹ ਭਾਸ਼ਾ, ਸਾਹਿਤ ਦਾ ਕੇਂਦਰ ਬਣਾ ਦਿੱਤਾ। ਉਥੋਂ ਦੇ ਫ਼ਕੀਰਾਂ ਨੇ ਭਾਸ਼ਾ, ਸਾਹਿਤ ਰੂਪ, ਛੰਦ ਆਦਿ ਦੀ ਜਿਹੜੀ ਲੀਹ ਪਾਈ ਉਸੇ ਉਤੇ ਸਦੀਆਂ ਤਕ ਸੂਫ਼ੀ ਸ਼ਾਇਰ, ਸਿੱਖ ਗੁਰੂ ਸਾਹਿਬਾਨ, ਕਿੱਸਾਕਾਰ, ਵੀਰ-ਰਸੀ ਕਵੀ ਤੇ ਵਾਰਤਕਕਾਰ ਤੁਰਨ ਦੀ ਕੋਸ਼ਿਸ਼ ਕਰਦੇ ਰਹੇ। ਮਜ਼ੇ ਦੀ ਗੱਲ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੇ ਅੰਤ ਤਕ ਕੋਈ ਵਿਰਲਾ ਸਾਹਿਤਕਾਰ ਪੂਰਬੀ ਪੰਜਾਬ ਦਾ ਹੋਇਆ ਹੈ। ਪੂਰਬੀ ਪੰਜਾਬ ਵਿਚ ਹਿੰਦੀ ਤੇ ਬ੍ਰਿਜਭਾਸ਼ਾ ਦੇ ਲਿਖਾਰੀ ਤਾਂ ਬਥੇਰੇ ਹੋਏ ਹਨ, ਪਰ ਪੰਜਾਬੀ ਦੇ ਲਗਪਗ ਸਾਰੇ ਉਸਾਰੂ ਲਹਿੰਦੀ ਇਲਾਕੇ ਦੇ ਹੋਏ ਹਨ। ਸ਼ੇਰੇ ਪੰਜਾਬ ਵੀ ਸਾਰੇ ਨੂੰ ਇਕ ਛੱਤਰ ਤਲੇ ਨਹੀਂ ਲਿਆ ਸਕੇ। ਸਤਲੁਜ ਤੋਂ ਖੱਬੇ ਪਾਸੇ ਦੀਆਂ ਰਿਆਸਤਾਂ ਪੰਜਾਬ ਤੋਂ ਕੱਟੀਆਂ ਰਹਿ ਗਈਆਂ। ਅੰਗ੍ਰੇਜ਼ੀ ਰਾਜ ਤੋਂ ਪਹਿਲਾਂ ਮਾਲਵਾ ਜਾਂ ਪੁਆਧ ਨੇ ਪੰਜਾਬੀ ਦੇ ਵਿਕਾਸ ਵਿਚ ਕੋਈ ਆਪਣਾ ਯੋਗਦਾਨ ਦਿੱਤਾ ਹੋਵੇ ਤਾਂ ਮੇਰੇ ਇਲਮ ਵਿਚ ਉਹ ਨਹੀਂ ਆਇਆ।

Sri Satguru Jagjit Singh Ji Elibrary NamdhariElibrary@gmail.com

ਸੋ ਮੇਰਾ ਕਹਿਣਾ ਇਹ ਹੈ ਕਿ ਅੰਗ੍ਰੇਜ਼ੀ ਕਾਲ ਤੋਂ ਪਹਿਲਾਂ ਇਤਿਹਾਸਿਕ ਕਾਰਣ ਈ ਇਹੋ ਜਿਹੇ ਜੁੜਦੇ ਰਹੇ ਕਿ ਪੱਛਮੀ ਪੰਜਾਬੀ ਨੂੰ ਸਾਹਿਤ ਵਿਚ ਆਪਣੀ ਪ੍ਰਧਾਨਤਾ ਬਣਾਏ ਰਖਣ ਦਾ ਮੌਕਾ ਮਿਲਿਆ ਰਿਹਾ। ਪਰ ਇਹ ਵੀ ਖ਼ਿਆਲ ਰਖਣਾ ਹੈ ਕਿ ਕੋਈ ਵੀ ਸਾਹਿਤਕ ਭਾਸ਼ਾ ਕਿਸੇ ਇਕ ਇਲਾਕੇ ਦੇ ਸ਼ੁੱਧ ਨਿਰੋਲ ਰੂਪ ਵਿਚ ਨਹੀਂ ਹੁੰਦੀ। ਬੋਲੀ ਵਿਆਪਕਤਾ ਮੰਗਦੀ ਹੈ। ਵਿਆਪਕ ਕਰਨ ਦੀ ਚਿੰਤਾ ਵਿਚ ਸਾਹਿਤਕਾਰ ਉਸ ਆਪਣੀ ਬੋਲੀ ਨੂੰ ਭਾਸ਼ਾ ਬਣਾਉਣਾ ਚਾਹੁੰਦਾ ਹੈ। ਇਹੋ ਭਾਰੀ ਫ਼ਰਕ ਹੈ ਬੋਲੀ ਤੇ ਭਾਸ਼ਾ ਦਾ।

(2)

ਸੂਫ਼ੀਆਂ ਦੇ ਆਗੂ ਲਹਿੰਦੀ ਕਵੀ ਸ਼ੇਖ਼ ਫ਼ਰੀਦ ਸ਼ਕਰਗੰਜ ਮੁਲਤਾਨ ਦੇ ਕੋਲ ਦੇ ਰਹਿਣ ਵਾਲੇ ਸਨ। ਦਿੱਲੀ ਤੇ ਫਰੀਦਕੋਟ ਵਿਚ ਵੀ ਉਨ੍ਹਾਂ ਦਾ ਕਈ ਸਾਲ ਵਾਸਾ ਰਿਹਾ। ਇਸ ਕਰਕੇ ਲਹਿੰਦੀ ਤੋਂ ਛੁਟ ਉਨ੍ਹਾਂ ਦੀ ਬੋਲੀ ਵਿਚ ਹਿੰਦੀਪਣ ਤੇ ਥੋੜ੍ਹਾ ਜਿਹਾ ਪੂਰਬੀਪਣ ਜ਼ਰੂਰ ਹੈ, ਪਰ ਉਨ੍ਹਾਂ ਦੀ ਆਮ ਭਾਸ਼ਾ ਅਪਭ੍ਰੰਸ਼ ਤੋਂ ਨਿਖੜੀ ਹੋਈ ਪੁਰਾਣੀ ਲਹਿੰਦੀ ਹੈ। ਬਾਅਦ ਵਿਚ ਸਾਰੇ ਸੂਫ਼ੀ ਕਵੀ ਭਾਵੇਂ ਉਹ ਮੁਲਤਾਨ ਦੇ ਸਨ ਜਾਂ ਝੰਗ ਦੇ, ਜਿਹਲਮ ਦੇ ਸਨ ਜਾਂ ਹਜ਼ਾਰੇ ਦੇ, ਲਾਹੌਰ ਦੇ ਸਨ ਜਾਂ ਸ਼ੇਖ਼ੂਪੁਰੇ ਦੇ, ਜਲੰਧਰ ਦੇ ਸਨ ਜਾਂ ਪਠਾਨਕੋਟ ਦੇ, ਉਨ੍ਹਾਂ ਦੀ ਬੋਲੀ ਵਿਚ ਲਹਿੰਦੀ ਦਾ ਰੂਪ ਵਰਤਮਾਨ ਹੈ।

ਹੇਠਾਂ ਕੁਝ ਨਮੂਨੇ ਇਸ ਖਿਆਲ ਨਾਲ ਦਿੱਤੇ ਜਾ ਰਹੇ ਹਨ ਕਿ ਇਕ ਤਾਂ ਗੱਲ ਚੇਤੇ ਰਹੇ ਕਿ ਕਰੀਬ-ਕਰੀਬ ਸਾਰਾ ਸੂਫ਼ੀ ਸਾਹਿਤ ਲਹਿੰਦੀ ਪੰਜਾਬੀ ਦਾ ਸਾਹਿਤ ਹੈ, ਦੂਜੇ ਇਹ ਪੜਤਾਲ ਕੀਤੀ ਜਾਵੇ ਕਿ ਵਕਤ ਨਾਲ ਲਹਿੰਦੀ ਉਤੇ ਹੌਲੇ-ਹੌਲੇ ਪਰ ਬਰਾਬਰ ਵਧਦਾ ਹੋਇਆ ਪੂਰਬੀ ਪੰਜਾਬੀ ਦਾ ਤਾਂ ਨਹੀਂ ਪਰ ਮਾਝੀ ਪੰਜਾਬੀ ਦਾ ਪ੍ਰਭਾਵ ਅਵੱਸ਼ ਪੈਂਦਾ ਰਿਹਾ ਹੈ ਤੇ ਲਹਿੰਦੀ ਨੂੰ ਧਕੇਲ ਧਕੇਲ ਕੇ ਮਾਝੀ ਆਪਣੀ ਥਾਂ ਬਣਾਂਦੀ ਰਹੀ ਹੈ।

ਫ਼ਰੀਦ (1173-1266 ਈ.) : ਮੁਲਤਾਨੀ :

ਫ਼ਰੀਦਾ ਕੂਕੇਦਿਆ-ਚਾਂਗੇਦਿਆ ਮਤੀ ਦੇਂਦਿਆ ਨਿਤ।
ਜੋ ਸੈਤਾਨ ਵੰਞਾਇਆ ਸੇ ਕਿਤ ਫੇਰਹਿ ਚਿਤ॥

ਫ਼ਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ।
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ।
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥

ਫ਼ਰੀਦਾ ਥੀਉ ਪਵਾਹੀ ਦਭੁ, ਜੇ ਸਾਂਈ ਲੋੜਹਿ ਸਭੁ।
ਇਕੁ ਛਿਜਹਿ ਬਿਆ ਲਤਾੜੀਅਹਿ, ਤਾਂ ਸਾਈ ਦੈ ਦਰਿ ਵਾੜੀਅਹਿ॥

ਫ਼ਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ।
ਅਜੁ ਫ਼ਰੀਦੈ ਕੂਜੜਾ ਸੈ ਕੋਹਾ ਥੀਓਮਿ॥

ਫ਼ਰੀਦਾ ਚਾਰਿ ਗਵਾਇਆ ਹੰਢਿ ਕੈ, ਚਾਰ ਗਵਾਇਆ ਸੰਮਿ।
ਲੇਖਾ ਰਬੁ ਮੰਗੇਸੀਆ, ਤੂ ਆਂਹੋ ਕੇਰ੍ਹੇ ਕੰਮਿ॥

Sri Satguru Jagjit Singh Ji Elibrary NamdhariElibrary@gmail.com

ਸ਼ਾਹ ਹੁਸੈਨ (1538-1593 ਈ.) : ਭਾਵੇਂ ਲਾਹੌਰ ਦਾ ਸੀ, ਪਰ ਵੇਖੋ :

ਫੇਰ ਨ ਹੋਸੀ ਰੰਗਲਾ ਚੂੜਾ ਵਤਿ ਨ ਹੋਸੀ ਅਹਿਲ ਜਵਾਨੀ।
ਹਸ ਲੈ ਖੇਡ ਲੈ ਨਾਲ ਦਿਲ ਜਾਨੀ ਮੂੰਹ ਤੈ ਪਉਸੀਆ ਖਾਕ ਦਾ ਧੂੜਾ॥

ਤੱੜੇ ਸਿਰ ਵੰਞੇ ਧੜ ਨਾਲੋਂ ਤਾਂ ਵੀ ਹਾਲ ਨ ਹਲੀਦੇ ਵੇ।

ਦੁਨੀਆਂ ਤੋਂ ਮਰ ਜਾਵਣਾ ਵਤ ਨਹੀਂ ਆਵਣਾ।

ਚਾਰ ਦਿਹਾੜੇ ਗੋਇਲ ਵਾਸਾ।
ਕਿਆ ਜਾਣਾ ਕਿਤ ਢਲਸੀ ਪਾਸਾ।

ਜੋ ਰਬ ਭਾਵੇ ਸੋਈ ਥੀਸੀ, ਸਾਈ ਬਾਤ ਹੈ ਚੰਗੀ।

ਰਾਤ ਹਨੇਰੀ ਪੰਧ ਦੁਰਾਡਾ ਸਾਥੀ ਨਹੀਂਓ ਨਾਲ।
ਨਾਲ ਮਲਾਹ ਦੇ ਅਣਬਣ ਹੋਈ, ਕੈਂ ਦਰ ਕਰੀਂ ਪੁਕਾਰ॥

ਜੰਗਲ ਬੇਲੇ ਫਿਰਾਂ ਢੂੰਡੇਂਦੀ ਕੂਕ ਨ ਸਕਾਂ ਮਾਰੀ ਲਾਜ ਦੀ ਓ।
ਕਹੇ ਹੁਸੈਨ ਫ਼ਕੀਰ ਸਾਈਂ ਦਾ ਰਾਤੀਂ ਦਿਹੇਂ ਮੈਂ ਜਾਗਦੀ ਓ॥

ਸੁਲਤਾਨ ਬਾਹੂ (1631-1691 ਈ.) : ਝੰਗ ਦੇ :

ਜੇ ਚੜ੍ਹ ਚੰਨਾ ਤੂੰ ਕਰ ਰੁਸ਼ਨਾਈ ਜ਼ਿਕਰ ਕਰੇਂਦੇ ਤਾਰੇ ਹੂ।
ਗਲੀਆਂ ਦੇ ਵਿਚ ਫਿਰਨ ਨਿਮਾਣੇ ਲਾਲਾਂ ਦੇ ਵਣਜਾਰੇ ਹੂ।
ਗਲੀਆਂ ਦੇ ਵਿਚ ਫਿਰਨ ਨਿਮਾਣੇ ਵਤਨ ਕਿਤਾਬਾਂ ਚਾਈ ਹੂ।
ਦੋਹੀਂ ਜਹਾਨੀਂ ਮੁੱਠੇ ਬਾਹੂ ਜਿਨ੍ਹਾਂ ਖਾਧੀ ਵੇਚ ਕਮਾਈ ਹੂ।

ਜਿਵੇਂ ਅਗ ਤੇ ਪਾਣੀ ਥਾਂ ਇੱਕੋ ਵਿਚ ਵਾਸਾ ਨਹੀਂ ਕਰੇਂਦਾ ਹੂ।
ਦੋਹੀਂ ਜਹਾਨੀਂ ਮੁੱਠੇ ਬਾਹੂ ਜੇਹੜਾ ਦਾਵਾ ਮੂਲੋਂ ਕੂੜ ਕਰੇਂਦਾ ਹੂ।

ਮੌਲਾਨਾ ਅਬਦੁੱਲਾ (ਜਨਮ 1644 ਈ. ਦੇ ਆਸ ਪਾਸ) : ਮਿੰਟਗੁਮਰੀ ਦੇ, ਰਹੇ ਲਾਹੌਰ :

ਹਜ਼ਾਰ ਹਿਕੋਂ ਚੇਤਾਲੀਆ ਵਰਿਹਾਂ ਮਾਂਹ ਅਤੇ ਦਹ ਜਮ।
ਹਜ਼ਾਰ ਹਿਕੋ ਤਿਰਤਾਲੀਆ ਵਰਿਹਾਂ ਸਾਵੇ ਦਹ ਮਹੀਨੇ।

ਮੌਲਵੀ ਹਬੀਬੁੱਲਾ (ਜਨਮ 1650 ਈ. ਦੇ ਲਗਪਗ) : ਗੁਜਰਾਤ ਦੇ :

ਰੋਜ਼ ਕਿਆਮਤ ਆਵਸੀ ਉਹ ਦੇਂਹ ਹੋਸੀ ਸਖਤ।

ਹਭੋ ਜਾਨ ਮਰਸੇਨੀ ਪਿਛੋਂ ਜੀਵਨ ਹਕ।

ਲਹਿੰਦੇ ਦਾਉ ਚੜਸੀਆ ਸੂਰਜ ਬਾਝ ਕਮਾਨ।
ਪੇਸ਼ ਕਿਆਮਤ ਹੋਸੀਆ ਵੱਡਾ ਇਹ ਨਿਸ਼ਾਨ॥

ਠੇਠ ਤੇ ਸੋਹਣੀ ਰਵਾਂ ਲਹਿੰਦੀ ਵਿਚ ਲਿਖਣ ਵਾਲੇ ਸੂਫ਼ੀਆਂ ਦੀ ਸੂਚੀ ਲੰਬੀ ਹੈ। ਮੌਲਵੀ ਅਬਦੁਲ ਕਰੀਮ (ਝੰਗ ਵਾਲੇ), ਕਮਾਲਦੀਨ (ਨਗਾਰੇ ਵਾਲੇ), ਤੇ ਮੀਆਂ ਚਰਾਗ

Sri Satguru Jagjit Singh Ji Elibrary NamdhariElibrary@gmail.com

(ਡੇਰਾ ਗਾਜ਼ੀ ਖਾਨ) ਤਾਂ ਹੈਸਨ ਦੀ ਲਹਿੰਦੀ ਭਾਸ਼ੀ, ਪਰ ਬੁਲ੍ਹੇ ਸ਼ਾਹ (1680-1758 ਈ.) ਤਾਂ ਕਸੂਰ (ਲਾਹੌਰ) ਦੇ ਸਨ। ਉਨ੍ਹਾਂ ਦੀ ਲਹਿੰਦੀ ਵੇਖੋ :

ਮੈਂ ਨਾਤੀ ਧੋਤੀ ਰਹਿ ਗਈ, ਕਾਈ ਗੰਢ ਮਾਹੀ ਦਿਲ ਪੈ ਗਈ
ਦੁਖ ਸੂਲਾਂ ਨੇ ਕੀਤਾ ਏਕਾ, ਨਾ ਕੋਈ ਸੁਹਰਾ ਨਾ ਕੋਈ ਪੇਕਾ

ਦਰਦ ਵਿਹੂਣ ਪਈ ਦਰ ਤੇਰੇ, ਤੂੰ ਹੀ ਦਰਦ ਰਿੰਵਾਣੀ ਦਾ
ਕੋਠੇ ਚੜ੍ਹ ਮੈਂ ਦੇਵਾਂ ਹੋਕਾ, ਇਸ਼ਕ ਵਿਹਾਝੇ ਕੋਈ ਨ ਲੁੱਕਾ।

ਭੌਂਦਾ ਭੌਂਦਾ ਊਰਾ ਡਿੱਗਾ ਛਿੱਥ ਉਲਝੀ ਤੰਦ ਟੁੱਟੀ
ਆਸ਼ਕ ਬਕਰੀ ਮਸ਼ੂਕ ਕਸਾਈ ਮੈਂ ਮੈਂ ਕਰਦੀ ਕੁੱਠੀ।

ਭੈਣਾ ਮੈਂ ਕਤਦੀ ਕਤਦੀ ਹੁੱਟੀ
ਪੀੜ੍ਹੀ ਪੱਛੀ ਪਛਵਾੜੇ ਰਹਿ ਗਈ
ਹਥ ਵਿਚ ਰਹਿ ਗਈ ਜੁੱਟੀ ।

ਮੈਂਡੇ ਤਕਲੇ ਨੂੰ ਵਲ ਪੈ ਪੈ ਜਾਂਦੇ ਕੌਣ ਲੁਹਾਰ ਸਦਾਵੇ ।
ਤਕਲੇ ਤੋਂ ਵਲ ਲਾਹ ਵੇ ਲੁਹਾਰਾ, ਮੈਂਡੀ ਤੰਦ ਟੁਟ ਟੁਟ ਜਾਵੇ।

ਅੰਦਰ ਸਾਡੇ ਮੁਰਸ਼ਿਦ ਵਸਦਾ ਨੇਹੁੰ ਲਗਾ ਤਾਂ ਜਾਤਾ।

ਕਾਫ਼ੀਆਂ ਦੀਆਂ ਕੁਝ ਪਹਿਲੀਆਂ ਲਾਈਨਾਂ ਦਿੱਤੀਆਂ ਜਾ ਰਹੀਆਂ ਹਨ :

ਹੁਣ ਬਸ ਕਰ ਜੀ ਹੁਣ ਬਸ ਕਰ ਜੀ।
    ਕਾਈ ਬਾਤ ਅਸਾਂ ਨਾਲ ਹਸ ਕਰ ਜੀ।
ਕੁਝ ਕੱਤ ਕੁੜੇ ਨਾ ਵੱਤ ਕੁੜੇ
    ਛੱਲੀ ਲਾਹ ਭਰੋਟੇ ਘੱਤ ਕੁੜੇ।
ਹਿਕ ਅਲਫ਼ ਪੜ੍ਹੋ ਛੁਟਕਾਰਾ ਹੈ।
ਇਸ਼ਕ ਅਸਾਂ ਨਾਲ ਕਹੀ ਕੀਤੀ ਲੋਕ ਮਰੇਂਦੇ ਤਾਨੇ।
ਹੋਏ ਨੈਣ ਨੈਣਾਂ ਦੇ ਬਰਦੇ
    ਦਰਸਨ ਸੈਆਂ ਕੋਹਾਂ ਤੋਂ ਕਰਦੇ।
ਮੈਂ ਜਾਤਾ ਇਸ਼ਕ ਸੁਖਾਲਾ ਹੈ।
ਮਾਟੀ ਕੁਦਮ ਕਰੇਂਦੀ ਸਾਰ।
ਖਾਕੀ ਖਾਕ ਸਿਉਂ ਰਲ ਜਾਣਾ
    ਕੁਝ ਨਹੀਂ ਜ਼ੋਰ ਧਿਙਾਣਾ।
ਵਤ ਨ ਕਰੇਸਾਂ ਮਾਣ ਰੰਝੇਟੇ ਯਾਰ ਦਾ ਵੇ ਅੜਿਆ :

ਇਨ੍ਹਾਂ ਦੇ ਬਾਅਦ ਵੱਡੇ ਸੂਫ਼ੀਆਂ ਵਿਚੋਂ ਅਲੀ ਹੈਦਰ (1690-1751 ਈ.), ਹਜ਼ਰਤ ਗੁਲਾਮ ਫ਼ਰੀਦ (1845-1901 ਈ.) ਤੇ ਨੌਰੰਗ ਤੇ ਬਖਸ਼ ਤਾਂ ਹੈਸਨ ਈ ਮੁਲਤਾਨੀ।

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਦੀ ਬੋਲੀ ਨਖਾਲਿਸ ਲਹਿੰਦੀ ਹੈ। ਪੂਰਬੀ ਪਰ ਬਹੁਤ ਹੀ ਘੱਟ ਹੈ। ਨਮੂਨੇ :

ਸੇ ਸਾਬਤ ਸਿਦਕ ਅਸਾਡੜਾ ਏ ਤੈਂਡੇ ਜੀਊ ਦੀ ਖਬਰ ਨਾ ਕਾ ਰਾਂਝਾ।
ਮਝੀ ਛੋੜ ਕੇ ਝਲ ਦੇ ਵਿਚ ਸਾਈਆਂ ਅਤੇ ਹੀਰ ਨਿਮਾਣੀ ਬੇ ਆ ਰਾਂਝਾ।

ਮੀਮ ਮਾਰ ਵੇ ਢੋਲੀ ਢੋਲ ਵੇਖਾਂ, ਕੇਈ ਇਸ਼ਕ ਦਾ ਤਿਖੜਾ ਤਾਲ ਵਲੇ।
ਕਰ ਧਊਂ ਧਊਂ ਧਾਣਾ ਇਸ਼ਕ ਅਵਲੜਾ, ਧੂੰ ਧੂੰ ਕੀਤੋਸ ਬਾਲ ਵਲੇ।

ਹੇ ਹਰਫ਼ ਕਹੇ ਇਹ ਨਾਗ ਅਵਾਣੇ, ਵਲ ਵਲ ਕੁੰਡਲ ਘਤਦੇ ਨੀਂ।
ਉਹ ਮੁਲਾਂ ਦੋਹਣ ਇਹ ਸ਼ੇਖ ਕਲੰਦਰ ਬਗਲੀਂ ਪਾਏ ਵਤਦੇ ਨੀਂ।

ਵਜੀਦ ਜਲੰਧਰ ਦਾ ਰਹਿਣ ਵਾਲਾ ਸੂਫ਼ੀ ਫ਼ਕੀਰ ਸੀ। ਪਰ ਲਹਿੰਦੀ ਤੇ ਪੂਰਬੀ ਪੰਜਾਬੀ ਦਾ ਮੇਲ ਵੇਖਣ ਜੋਗ ਹੈ :

ਇਕਨਾਂ ਦੇ ਘਰ ਪੁਤ ਪੁਤਾਂ ਘਰ ਪੋਤਰੇ
ਇਕਨਾਂ ਦੇ ਘਰ ਧੀਆਂ ਧੀਆਂ ਘਰ ਦੋਹਤਰੇ।
ਇਕਨਾਂ ਦੇ ਘਰ ਇਕ ਉਹ ਵੀ ਜਾਏ ਮਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਞ ਨ ਇੰਞ ਕਰ।

ਇਹਦੇ ਲਗਪਗ ਸੌ ਵਰਹੇ ਪਿੱਛੋਂ ਮੀਆਂ ਅਮਾਮ ਬਖਸ਼ ਹੋਇਆ ਹੈ। ਉਸਦੀ ਉਮਰ ਲਾਹੌਰ ਵਿਚ ਕਟੀ। ਬੋਲੀ ਦਾ ਫ਼ਰਕ ਵੇਖੋ, ਜੋ ਕੇਂਦ੍ਰੀ ਪੰਜਾਬੀ ਹੈ, ਲਹਿੰਦੀ ਦੇ ਕੋਈ ਕੋਈ ਪ੍ਰਯੋਗ ਤੇ ਰੂਪ ਆ ਜਾਂਦੇ ਹਨ ਜ਼ਰੂਰ, ਪਰ ਇਹ ਜ਼ਮਾਨਾ ਲਹਿੰਦੀ ਕਲਾ ਦਾ ਤੇ ਕੇਂਦ੍ਰੀ ਪੰਜਾਬੀ ਦੀ ਚੜ੍ਹਦੀ ਕਲਾ ਦਾ ਜ਼ਮਾਨਾ ਹੈ। ਇਕ ਅੱਧ ਵਾਕ ਇਨ੍ਹਾਂ ਦਾ ਵੀ ਸੁਣ ਲਵੋ :

ਤੇਰੀ ਵੇਖ ਤਸਵੀਰ ਸਰੀਰ ਮੇਰਾ, ਬੱਧਾ ਜੁਲਫ਼ਾਂ ਦੀ ਘੱਤ ਜ਼ੰਜੀਰ ਰਾਣੀ।
ਮੇਰੀ ਜਾਨ ਦਲਗੀਰ ਜਹੀਰ ਹੋਈ, ਭਾਹਿ ਇਸ਼ਕ ਦੇ ਵਿਚ ਅਸੀਰ ਰਾਣੀ।
ਅੱਖੀਂ ਤੀਰ ਕਲੇਜੜਾ ਚੀਰ ਗਏ, ਨੈਣਾਂ ਤੇਰਿਆਂ ਦੇ ਤਿਖੇ ਤੀਰ ਰਾਣੀ।
ਅਮਾਮ ਬਖਸ਼ ਨਾ ਧੀਰ ਖਲੀਰ ਮੈਨੂੰ, ਚਾਹੇ ਫੜੇ ਇਹ ਇਸ਼ਕ ਤਕਸੀਰ ਰਾਣੀ।

(3)

ਪੰਜਾਬੀ ਸਾਹਿਤ ਦੀ ਦੂਜੀ ਵਿਰਾਸਤ ਉਸਦਾ ਕਿਸਾ-ਕਾਵਿ ਹੈ। ਇਹਦਾ ਮੁੱਢ ਹੀ ਲਹਿੰਦੀ ਤੋਂ ਹੁੰਦਾ ਹੈ। ਉਹ ਵਿਕਾਸ ਵੀ ਲਹਿੰਦੀ ਦੇ ਹੱਥੋਂ ਹੁੰਦਾ ਰਿਹਾ ਹੈ। ਦਮੋਦਰ ਤੋਂ ਲੈ ਕੇ ਵੀਹਵੀਂ ਸਦੀ ਤਕ ਦੇ ਸਾਰੇ ਕਿੱਸਿਆਂ ਦੀ ਬੋਲੀ ਲਹਿੰਦੀ ਹੈ। ਉਹ ਲਹਿੰਦੀ ਜਿਸ ਤਰ੍ਹਾਂ ਅਸੀਂ ਸੂਫ਼ੀ ਕਾਵਿ ਵਿਚ ਵੇਖਦੇ ਰਹੇ ਹਾਂ ਬਦਲਦੀ ਜ਼ਰੂਰ ਰਹੀ ਹੈ; ਇਹ ਸੁਭਾਵਕ ਵੀ ਹੈ ਤੇ ਜ਼ਰੂਰੀ ਵੀ।

ਪਤਾ ਨਹੀਂ ਕੀ ਗੱਲ ਹੈ—ਸਤਲੁਜੋਂ ਇਧਰ ਪੂਰਬ ਨੂੰ ਕੋਈ ਪ੍ਰੇਮੀ ਨਹੀਂ ਹੋਏ, ਕੋਈ ਪ੍ਰੇਮ ਕਥਾ ਨਹੀਂ ਲਿਖੀ ਗਈ। ਲਹਿੰਦੀ ਦੀ ਧਰਤੀ ਨੇ ਸਾਨੂੰ ਹੀਰ ਤੇ ਰਾਂਝਾ ਦਿੱਤੇ, ਸੋਹਣੀ ਤੇ ਮਹੀਂਵਾਲ ਦਿੱਤੇ, ਤੇ ਦਿੱਤੇ ਸਾਹਿਬਾਂ ਤੇ ਮਿਰਜ਼ਾ। ਇਹ ਕੋਈ ਥੋੜ੍ਹੀ ਜਿਹੀ ਦਾਤ ਨਹੀਂ ਹੈ। ਇਹੋ ਪਾਤਰ ਕਿੱਸੇਕਾਰਾਂ ਦੇ ਹੱਥੋਂ ਭਗਤ ਤੇ ਭਗਵਾਨ ਹ ਗਏ।

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਦੇ ਬਗੈਰ ਅਸੀਂ ਪ੍ਰੇਮ ਦੀ ਵਿਆਖਿਆ ਹੀ ਨਹੀਂ ਕਰ ਸਕਦੇ। ਲਹਿੰਦੀ ਦੇ ਇਹ ਅਮਰ ਪ੍ਰੇਮੀ ਜੁਗ ਜੁਗ ਤੋੜੀਂ ਸਾਡੇ ਕਾਵਿ ਨੂੰ ਪ੍ਰੇਰਣਾ ਦੇਂਦੇ ਰਹਿਣਗੇ। ਸਿਰਫ ਪੰਜਾਬੀ ਸਾਹਿਤ ਵਿਚ ਹੀ ਨਹੀਂ ਸਾਰੇ ਭਾਰਤੀ ਸਾਹਿਤ ਵਿਚ ਇਨ੍ਹਾਂ ਦਾ ਵਿਸ਼ੇਸ਼ ਸਥਾਨ ਹੈ। ਵਾਹ ਦਮੋਦਰਾ, ਤੂੰ ਚੰਗਾ ਅੱਖੀਂ ਡਿੱਠਾ ਕਿੱਸਾ ਲਿਖਿਆ ਜਿਹੜਾ ਸੂਫ਼ੀਆਂ, ਸੰਤਾਂ, ਗੁਰਾਂ, ਪੀਰਾਂ, ਕਵੀਆਂ, ਨਾਟਕਕਾਰਾਂ, ਕਹਾਣੀਕਾਰਾਂ ਤੇ ਲੋਕ-ਲੁਗਾਈਆਂ ਦਾ ਰਾਮਾਇਣ ਮਹਾਂਭਾਰਤ ਬਣ ਗਿਆ। ਲਹਿੰਦੀ ਵਿਚ 70-80 ਤਾਂ ਹੀਰਾਂ ਹੀ ਲਿਖੀਆਂ ਮਿਲਦੀਆਂ ਹਨ ਤੇ ਹੋਰ ਕਿੱਸਿਆਂ ਦੀ ਗਿਣਤੀ ਇੰਨੀ ਹੈ। ਧੀਰੇ ਧੀਰੇ ਲਹਿੰਦੀ ਕਵੀਆਂ ਨੇ ਆਲੇ-ਦੁਆਲੇ ਦੇ ਪ੍ਰੇਮੀ ਜੋੜੇ ਆਪਣੇ ਸਾਹਿਤ ਵਿਚ ਸਾਕਾਰ ਕਰ ਦਿੱਤੇ—ਬਲੋਚਿਸਤਾਨ ਦੇ ਸੱਸੀ ਪੁੰਨੂੰ, ਸਿੰਗਲ ਦੀਪ ਦੇ ਰੂਪ ਬਸੰਤ, ਮਿਸਰ ਦੇ ਯੂਸਫ਼ ਜ਼ੁਲੈਖਾਂ, ਅਰਬ ਦੇ ਲੈਲਾ-ਮਜਨੂੰ, ਵਗੈਰਾ। ਇਨ੍ਹਾਂ ਕਿੱਸਿਆਂ ਨੂੰ ਪਹਿਲਾਂ ਸੂਫ਼ੀਆਂ ਨੇ ਅਧਿਆਤਮਕ ਰੰਗ ਦਿੱਤਾ, ਤਾਂ ਹਿੰਦੂਆਂ ਨੂੰ ਵੀ ਆਪਣੇ ਸਿੱਧਾਂਤ ਦੇ ਦ੍ਰਿਸ਼ਟਾਂਤਾਂ ਲਈ ਪੂਰਨ ਭਗਤ, ਹਕੀਕਤ ਰਾਇ ਤੇ ਹੋਰ ਧਰਮਵੀਰ ਮਿਲ ਗਏ। ਫਿਰ ਯੋਧੇ ਤੇ ਕਰਮਵੀਰ ਵੀ ਮਿਲ ਗਏ। ਬਾਅਦ ਦੇ ਕਿੱਸਿਆਂ ਵਿਚ ਵਕਤ ਦੀ ਮੰਗ ਦੇ ਨਾਲ ਲਹਿੰਦੀ ਪਿੱਛੇ ਹਟਦੀ ਗਈ ਹੈ, ਤੇ ਆਪਣੀ ਥਾਂ ਕੇਂਦ੍ਰੀ ਬੋਲੀ ਨੂੰ ਦੇਂਦੀ ਗਈ ਹੈ। ਤੁਸੀਂ ਮੁਕਾਬਲਾ ਕਰਕੇ ਵੇਖੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਤੋਂ ਪਹਿਲੇ ਦੀ ਭਾਸ਼ਾ ਦਾ ਉਸ ਕਾਲ ਦੇ ਬਾਅਦ ਦੀ ਭਾਸ਼ਾ ਨਾਲ। ਤੁਸੀਂ ਸੁਣੋ ਦਮੋਦਰ, ਹਾਫ਼ਜ਼ ਬਰਖੁਰਦਾਰ, ਵਾਰਸਸ਼ਾਹ, ਮੁਕਬਲ, ਹਾਸ਼ਮ, ਕਾਦਰਯਾਰ ਤੇ ਅਹਿਮਦਯਾਰ ਨੂੰ ਅਤੇ ਫਿਰ ਸੁਣੋ ਅਹਿਮਦ ਬਖਸ਼, ਸ਼ਾਹ ਮੁਹੰਮਦ, ਅਮਾਮ ਬਖਸ਼ ਸ਼ਾਹ, ਫ਼ਜ਼ਲ ਸ਼ਾਹ ਨੂੰ ਤੇ ਚਲੇ ਆਓ ਸੂਬਾ ਸਿੰਘ ਦੀ ਹੀਰ ਤਕ। ਤੁਹਾਨੂੰ ਘਟਦੀ-ਘਟਦੀ, ਜਾਂਦੀ-ਜਾਂਦੀ, ਘਿਸਟਦੀ-ਪਿਟਦੀ ਲਹਿੰਦੀ ਦੇ ਤੇ ਵਧਦੀ-ਵਧਦੀ, ਥਿਰਕਦੀ-ਨਚਦੀ, ਕੇਂਦ੍ਰੀ ਪੰਜਾਬੀ ਦੇ ਦਰਸ਼ਨ ਹੁੰਦੇ ਜਾਣਗੇ। ਨਮੂਨੇ :

ਦਮੋਦਰ (16ਵੀਂ ਸਦੀ) : ਝੰਗ ਦੇ :

ਖੂੰਡੀ ਤੇ ਹਥ ਵੰਝਲੀ ਲੀਤੀ, ਚਲਨ ਤੇ ਚਿਤ ਚਾਇਆ।
ਚੀਰ ਲਾਲ ਤੇ ਉਚੀ ਅਮਰੀ ਲਕ ਨੀਲਾ ਖੇਸ ਬਨਾਇਆ।
ਨੱਕ ਬੁਲਾਕ ਤੇ ਕੰਨੀਂ ਲੁੜਕੇ ਚੂੜੀਆਂ ਰੁਣ ਝੁਣ ਲਾਇਆ
ਘਿਨ ਘੜਾ ਸਿਰ ਉਤੋਂ ਮਾਏ ਨਹੀਂ ਤਾਂ ਭੋਂਇ ਮਰੇਂਦੀ
ਵਿਚ ਮਸੀਤੇ ਚੰਨ ਫਥਿਓਈ, ਮੈਂ ਵਰ ਨੀਹੋਂ ਦੇਂਦੀ
ਹਸ ਰਸ ਸਿਰ ਰੱਖ ਅਸਾਡੇ, ਨਹੀਂ ਆਪੇ ਨਿਕਲ ਵੈਂਦੀ॥

ਅੱਧਾ ਧੜ ਹੰਨੇ ਵਿਚ ਫਾਥਾ ਅੱਧਾ ਢੱਠਾ ਧਰਤੀ
ਆਖ ਦਮੋਦਰ ਕੀਕਣ ਦਿੱਸੇ ਜਿਉਂ ਧੋਬੀ ਸੁੱਥਣ ਘਤੀ॥

ਪੀਲੂ (17ਵੀਂ ਸਦੀ) : ਪੂਰਬੀ ਪੰਜਾਬੀ ਬੋਲਣ ਵਾਲੇ ਪ੍ਰਦੇਸ਼ ਦੇ ਸਨ :

ਕਾਂਜਨ ਬੱਧਾ ਤੱਕਲਾ ਤੱਕਲੇ ਬੱਧਾ ਤੀਰ।
ਲਠ ਪਲਾਣਾ ਮੇਲਿਆ, ਕਰੜੀ ਘਤ ਜ਼ੰਜੀਰ॥

ਕੁਥਿਆ ਮੁਢ ਧਤੂਰੀਆਂ ਜਿਉ ਦਰ ਵਿਚ ਖਲਾ ਫਕੀਰ।
ਟਿੰਡਾਂ ਗੇੜਨ ਗੇੜਿਆਂ ਭਰ ਭਰ ਡੋਲ੍ਹਣ ਨੀਰ ॥

ਚੜ੍ਹਦੇ ਮਿਰਜ਼ੇ ਖਾਨ ਨੂੰ ਵੰਝਲ ਦੇਂਦਾ ਮੱਤ
ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ
ਹਸ ਕੇ ਲਾਵਣ ਯਾਰੀਆ ਰੋ ਕੇ ਦੇਵਣ ਦੱਸ
ਪੁਤ ਮਰਵਾਨ ਬਿਗਾਨੜੇ ਧੌਣੋਂ ਦੇ ਕੇ ਲੱਤ
ਲਖੀਂ ਹਥ ਨ ਆਂਵਦੀ ਦਾਨਸ਼ਮੰਦਾਂ ਦੀ ਪੱਤ।

ਹਾਫ਼ਜ਼ ਬਰਖੁਰਦਾਰ (ਲਿਖਤ 1687 ਈ.) : ਜੇਹਲਮ ਝਨ੍ਹਾਂ ਦੇ ਦੁਆਬੇ ਦੇ :

ਵਿਹੜੇ ਉੱਚੇ ਸਸਤੀ ਸਿਰ ਵਿਚ ਪਾਵੇ ਖੇਹ।
ਅਤੇ ਹਾਰ ਹਮੇਲਾਂ ਜ਼ੇਵਰਾਂ ਸਟ ਸਟ ਪਾਵੇ ਇਹ ॥

ਕਰੇ ਦੁਆਈਂ ਸਸੜੀ ਰਬਾ ਦਿਹੁੰ ਚਾੜ੍ਹੀ ਝਬ।
ਮੈਂ ਰਜ ਲਗ ਸੋਵਾਂ ਯਾਰ ਦੇ ਤਾਂ ਦਿਹੁੰ ਚਾੜ੍ਹੀਂ ਰਬ।। (ਸੱਸੀ ਪੁਨੂੰ)

ਖੂਹੇ ਅੰਦਰ ਤ੍ਰੈ ਦਿਨ ਰਾਤੀਂ ਯੂਸਫ਼ ਬੈਠ ਲੰਘਾਏ।
ਉਥੇ ਆ ਕਿਆਮ ਕੀਤੋਨੇ ਖੂਹ ਡਿਠੋ ਨੇ ਪਾਣੀ। (ਯੂਸਫ ਜ਼ੁਲੈਖਾਂ)

ਲਖੀਂ ਹੱਥ ਨ ਆਂਵਦੀ ਦਾਨਸ਼ਮਦਾਂ ਦੀ ਪੱਤ।
ਮੈਂ ਬਕਰਾ ਦੇਸਾਂ ਪੀਰ ਦਾ ਜੇ ਘਰ ਆਵੇਂ ਵਤ ॥ (ਮਿਰਜ਼ਾ ਸਾਹਿਬਾਂ)

ਏਹ ਮੁਝ ਨ ਘਲਸੇਂ ਜੀਂਵਦੀ ਤੁਧ ਨ ਦੇਸੀ ਛੋੜ।
ਸਾਹਿਬਾਂ ਦੀਆਂ ਨਸੀਹਤਾਂ ਹਿਕ ਨ ਚੜ੍ਹੀਆ ਤੋੜ ॥ (ਮਿਰਜ਼ਾ ਸਾਹਿਬਾਂ)

ਵਾਰਸ ਸ਼ਾਹ (:735-1785 ਈ.) : ਸ਼ੇਖੂਪੁਰਾ ਦੇ। ਕਸੂਰ ਤੇ ਪਾਕਪਟਨ ਵਿਚ ਜ਼ਿੰਦਗੀ ਕਟੀ :

ਨੱਢੀ ਸਿਆਲਾਂ ਦੀ ਵਿਆਹ ਕੇ ਲਿਆਵਸਾਂ ਮੈਂ
ਕਰੇ ਬੋਲੀਆਂ ਨਾ ਨਾਹੋਲੀਆਂ ਨੀ।

ਤੈਨੂੰ ਡੂੰਘਲੇ ਖੂਹ ਵਿਚ ਚਾ ਬੋੜਾਂ
ਕੁਲ ਨੂੰ ਪੱਟਿਓ ਦੀ ਬੱਚੀ ਮੀਰੀਏ ਨੀ।

ਰਾਂਝਾ ਸੁੱਟ ਖੂੰਡੀ ਅਤੇ ਲਾਹ ਭੂਰਾ
ਛਡ ਚਲਿਆ ਸਭ ਮੰਗਵਾੜ ਮੀਆਂ
ਜਿਹਾ ਚੋਰ-ਨੂੰ ਖੁਰੇ ਦਾ ਖੜਕ ਪਹੁੰਚੇ
ਛੱਡ ਤੁਰਦਾ ਏ ਸੰਨ੍ਹ ਦਾ ਪਾੜ ਮੀਆਂ।

ਕਰਾਮਾਤ ਹੈ ਕਹਿਰ ਦੀ ਦਾ ਨਾਂ ਰੰਨੇ, ਕਿਹਾ ਘਤਿਆ ਆਨ ਵਸੋਰਿਆ ਈ।
ਫ਼ਕਰ ਆਖਸਨ ਸੱਚੀ ਕੁਝ ਰਬ ਕਰਸੀ, ਐਵੇਂ ਜੋਗੀ ਨੂੰ ਚਾ ਵਡੋਰਿਆ ਈ।

Sri Satguru Jagjit Singh Ji Elibrary NamdhariElibrary@gmail.com

ਸੌੜੀਆਂ ਗਲੀਆਂ ਲਗਦੇ ਧਿੱਕੇ ਹਾਲ ਨਾ ਵੇਖੀਂ ਮਾਏ ।
ਉਚੀਆਂ ਕੜੀਆਂ ਨੀਵੇਂ ਦਰਵਾਜ਼ੇ ਅਸਾਂ ਲਿਖ ਲਿਖ ਹਾਲ ਵੰਞਾਏ ॥

ਹਾਫ਼ਜ਼ ਸ਼ਾਹ ਜਹਾਨ 'ਮੁਕਬਲ' (ਲਿਖਤ 1768 ਈ.) : ਮਾਝੇ ਦੇ :

ਰਾਂਝਾ ਆਖਦਾ ਆਖਿਆ ਮੰਨਸਾਂ ਮੈਂ ਹੀਰੇ ਆਖ ਜੋ ਆਂਵਦਾ ਜੀਉ ਤੇਰੇ ।
ਹੀਰ ਆਖਦੀ ਪਿਉਕੇ ਭੇਜ ਮੈਨੂੰ, ਤੂੰ ਭੀ ਰਾਂਝਿਆ ਆਪਣੇ ਜਾ ਡੇਰੇ ।

ਹੀਰ ਆਖਦੀ ਫਿਕਰ ਨਾ ਕਰੀਂ ਰਾਂਝਾ ਤੇਰੀ ਝੂਰਦੀ ਬੁਰੀ ਬਲਾ ਮੀਆਂ ।
ਨਹੀਂ ਸੰਗਸਾਂ ਸੂਲੀਆਂ ਫਾਂਸੀਆਂ ਤੋਂ ਕਾਜ਼ੀ ਸ਼ਰਹ ਦੇ ਝਗੜਸਾਂ ਜਾ ਮੀਆਂ ।
ਆਪ ਕਟਸਾਂ ਬਣੀ ਪਰ ਮੂਲ ਤੈਨੂੰ ਤੱਤੀ ਲਗਣ ਨਾ ਦੇਵਸਾਂ ਵਾ ਮੀਆਂ ॥

ਰਾਂਝਾ ਆਖਦਾ ਰੰਨਾ ਥੀਂ ਨਫਾ ਨਾਹੀਂ
ਰੰਨਾ ਨਾਲ ਨਾ ਦੋਸਤੀ ਲਾਈਏ ਜੀ ।

ਰੰਨਾਂ ਸੱਚਿਆਂ ਨੂੰ ਚਾ ਕਰਨ ਝੂਠੇ
ਵਾਰੇ ਰੰਨਾਂ ਦੇ ਮੂਲ ਨਾ ਜਾਈਏ ਜੀ ।

ਹੁਣ ਵੇਖੋ ਅੰਤਲੇ ਮੱਧ ਕਾਲ ਦੇ ਸਭ ਤੋਂ ਵੱਡੇ ਤੇ ਚੋਟੀ ਦੇ ਕਵੀ ।

ਹਾਸ਼ਮ ਸ਼ਾਹ ਕਰੈਸ਼ੀ (1735-1843 ਈ:) : ਅੰਮ੍ਰਿਤਸਰ ਦੇ ਜੰਮ-ਪਲ ਦੀ ਭਾਸ਼ਾ :—

ਮਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪਰ ਧਰਸਾਂ ।
ਜਦ ਤਕ ਜਾਨ ਰਹੇ ਵਿਚ ਤਨ ਦੇ, ਮਰਨੋਂ ਮੂਲ ਨ ਡਰਸਾਂ ।

ਤੈਂਡਾਂ ਇਸ਼ਕ ਕਸਾਈ ਵੜਿਆ ਜਿਨ ਨਾਲ ਸੂਲਾਂ ਦਿਲ ਭਰਿਆ ।
ਫਾਹੀ ਸ਼ੌਕ ਮਾਹੀ ਦੇ ਹਾਸ਼ਮ, ਮੈਂ ਖੜੀ ਦੁਖਾਂ ਵਿਚ ਫਾਹੀ ਖਬਰ ਨ ਆਹੀ ।

ਅਹਿਮਦ ਯਾਰ (1768-1854 ਈ.) : ਗੁਜਰਾਤ ਦੇ :

ਇਕ ਬਾਦਸ਼ਾਹ ਖੁਰਾਸਾਨ ਜ਼ਿਮੀ ਦਾ ਆਹਾ ਵੱਡਾ ਨਿਆਈਂ
ਅੰਦਰਵਾਰ ਕੋਈ ਵੜ ਜਾਏ. ਮੁੜ ਬਾਹਰ ਵੰਜ ਪੌਂਦਾ
ਕਿਸੇ ਉਜਾੜੇ ਜੰਗਲ ਜੂਹੇ ਫਿਰਦਾ ਤੇ ਵੱਤ ਭੌਂਦਾ ।
ਪੁਛਿਓਸੁ ਆਖਣ ਵਾਲਾ ਕਿਥੇ ਕਿਤ ਵਲ ਥਾਉਂ ਟਿਕਾਣਾ ।
ਗੁਜ਼ਰੇ ਖਾਬ ਖ਼ਿਆਲ ਮਜ਼ੇ ਦੇ ਪੂਰੇ ਤੈਂ ਮਹੀਨੇ ।
ਯਾਦ ਪਇਓਸ ਕੰਮ ਕਿਸ ਘੱਲਿਆ ਪਰਦੇਸੀ ਮਸਕੀਨੇ ।

ਕਾਦਰਯਾਰ (ਜਨਮ 1805 ਈ.) : ਗੁਜਰਾਂਵਾਲੇ ਦੇ :

ਇਕ ਵਤਨ ਨ ਆਹਾ ਆਪਣਾ, ਦੂਜਾ ਬਣਿਆ ਚੋਰ ।
ਹਇਆ ਥਈਆ ਕਾਦਰਾ, ਟੁਰਿਆ ਹਿਹਸ ਭਰੋੜ ।

Sri Satguru Jagjit Singh Ji Elibrary NamdhariElibrary@gmail.com

ਦੋਵੇਂ ਹੋਏ ਵੱਖਰੇ, ਹੋਰੀ ਖ਼ਤਰ ਨ ਕੋਂ ।
ਰੋ ਰੋ ਮਹੀਂਵਾਲ ਨੇ ਫੋਲੇ ਦੁਖ ਉਥੇਂ ।
ਤੇਰੇ ਕਾਰਣ ਸੋਹਣੀ ਹਾਲ ਵੰਵਾਇਆ ਮੈਂ ।

ਫਜ਼ਲ ਸ਼ਾਹ (1827-1890 ਈ.) : ਲਾਹੌਰ ਦੇ :

ਮੇਰਾ ਪੱਕਿਓਂ ਚਾ ਕੱਚਾ
ਕਿਹੜਾ ਦੇ ਤਕਦੀਰ ਮਿਟਾ ਬੋਲੀ
ਜੇਕਰ ਆਪ ਰੱਖੇ ਮਾਰੇ ਕੌਣ ਸਾਈਆਂ ।
ਮੋਈ ਹੋਈ ਨੂੰ ਦੇਇ ਜਿਵਾ ਬੋਲੀ ।
ਜੇਕਰ ਸੰਗ ਰਖੀ ਕੀਕਰ ਸੰਗ ਮਿਲਸਾਂ
ਸੰਗ ਵਾਲੜੇ ਸੰਗ ਗਵਾ ਬੋਲੀ ।
ਸੋਹਣੀ ਤਾਂ ਹੋਵਾਂ ਜੇਕਰ ਅਜ ਮਿਲਸਾਂ
ਨਹੀਂ ਤਾਂ ਕੰਝੜੀ ਨਾਮ ਧਰਾ ਬੋਲੀ ।

ਇਸ ਜ਼ਮਾਨੇ ਦੇ ਕਿੱਸੇਕਾਰਾਂ ਦੀ ਆਮ ਬੋਲੀ ਦਾ ਰੁਖ ਮਾਝੀ ਪੰਜਾਬੀ ਵਲ ਹੋ ਗਿਆ ਸੀ । ਸ਼ਾਹ ਮੁੰਹਮਦ, ਅਗਰਾ, ਅਮਾਮ ਬਖਸ਼, ਤੇ ਅਹਿਮਦ ਬਖਸ਼ ਦੀ ਬੋਲੀ ਵਿਚ ਲਹਿੰਦੀ ਦੀ ਮਾਤ੍ਰਾ ਬਹੁਤ ਘੱਟ ਹੈ: ਪਰ ਹੈ ਜ਼ਰੂਰ । ਹੋਰ ਤਾਂ ਹੋਰ ਸੂਬਾ ਸਿੰਘ ਦੀ 'ਹੀਰ' ਵਿਚ 'ਦੱਸਨੀ ਹਾਂ', 'ਬੋਲੇ ਮੱਝੀਆਂ' ਤੇ ਹੋਰ ਅਨੇਕ ਲਹਿੰਦੀ ਪ੍ਰਯੋਗ ਬਰਾਬਰ ਮਿਲ ਜਾਂਦੇ ਹਨ ।

(4)

ਪੰਜਾਬੀ ਦੀ ਤੀਜੀ ਬਹੁਮੁੱਲੀ ਸੰਪੱਤੀ ਧਾਰਮਿਕ ਬਾਣੀ, ਖ਼ਾਸ ਕਰਕੇ ਗੁਰਬਾਣੀ ਹੈ । ਸੂਫ਼ੀ ਸਾਹਿਤ ਤੇ ਕਿੱਸਾ ਕਾਵਿ ਦੀ ਤਰ੍ਹਾਂ ਪੰਜਾਬੀ ਧਾਰਮਿਕ ਸਾਹਿਤ ਦੀ ਨੀਂਹ ਵੀ ਲਹਿੰਦੀ ਨੇ ਖੜ੍ਹੀ ਕੀਤੀ । ਨਾਥਾਂ ਨੂੰ ਮੰਨੋ ਤਦ, ਬਾਬਾ ਫ਼ਰੀਦ ਨੂੰ ਗਿਣੋ ਤਦ ਤੇ ਗੁਰੂ ਨਾਨਕ ਨੂੰ ਭਗਤੀ ਲਹਿਰ ਦਾ ਆਗੂ ਆਖੀਏ ਤਦ, ਪੰਜਾਬ ਦੀ ਅਧਿਆਤਮਕ ਬਾਣੀ ਲਹਿੰਦੀ ਪ੍ਰਦੇਸ਼ ਦੇ ਮੂੰਹੋਂ ਫੁਰਦੀ ਹੈ । ਫ਼ਰਕ ਇਹ ਹੈ ਕਿ ਆਮ ਤੌਰ ਤੇ ਮੁਸਲਮਾਨ ਕਵੀ ਬਾਕੀ ਭਾਰਤ ਦੀ ਸਾਹਿਤਕ ਤੇ ਭਾਸ਼ਾਈ ਪਰੰਪਰਾ ਤੋਂ ਨਾਵਾਕਫ਼ ਸਨ, ਅਛੂਤੇ ਸਨ, ਪਰ ਨਾਥ ਤੇ ਸਿੱਖ ਗੁਰੂ ਵਿਆਪਕ ਦੇਸ਼ ਦੇ ਨਾਲ ਜੁੜੇ ਹੋਏ ਸਨ । ਯੁਗ ਯੁਗ ਦੀ ਭਾਸ਼ਾਈ ਮਰਯਾਦਾ ਨੂੰ ਨਿਭਾਣਾ ਉਨ੍ਹਾਂ ਲਈ ਸੁਭਾਵਿਕ ਤੇ ਜ਼ਰੂਰੀ ਸੀ । ਇਸੇ ਕਰਕੇ ਸੂਫ਼ੀਆਂ ਤੇ ਹੋਰ ਮੁਸਲਮਾਨ ਕਿੱਸਾਕਾਰਾਂ ਦੀ ਭਾਸ਼ਾ ਵਿਚ ਤਾਂ ਆਪਣੇ ਦਾਇਰੇ ਦਾ ਬੋਲੀਪਣ ਹੈ, ਪਰ ਨਾਥਾਂ ਤੇ ਸਿੱਖ ਗੁਰੂਆਂ ਦੀ ਬਾਣੀ ਵਿਆਪਕ ਹੈ । ਉਸ ਵਿਚ ਸੰਸਕ੍ਰਿਤ ਤੋਂ ਲੈ ਕੇ ਅਪਭ੍ਰੰਸ਼ ਤਕ ਦੀ ਇਤਿਹਾਸਿਕਤਾ ਵੀ ਹੈ, ਖੜੀ ਬੋਲੀ ਵਿਚ ਹਿੰਦੀ ਤੇ ਬ੍ਰਿਜਭਾਸ਼ਾ ਵੀ ਹੈ ਤੇ ਸਾਰੇ ਪੰਜਾਬ ਦੀ ਭਾਸ਼ਾ ਦੇ ਇਲਾਵਾ ਆਪਣੀ ਆਪਣੀ ਮਾਤ ਭਾਸ਼ਾ ਵੀ ਹੈ । ਗੁਰੂ ਨਾਨਕ ਸਾਹਿਬ ਤਾਂ ਹੈਸਨ ਹੀ ਲਹਿੰਦੀ ਪ੍ਰਦੇਸ਼ ਦੇ । ਮੂਲਮੰਤ੍ਰ ਦੇ ਸੰਸਕ੍ਰਿਤ (ਸਤਿ, ਕਰਤਾ, ਨਿਰਵੈਰ, ਅਕਾਲ, ਮੂਰਤਿ, ਗੁਰ ਪ੍ਰਸਾਦਿ) ਤੇ ਅਪਭ੍ਰੰਸ਼ (ਨਿਰਭਉ, ਅਜੂਨੀ, ਸੈਭੰ) ਸ਼ਬਦਾਂ ਦੇ ਉਪਰੰਤ ਜੋ 'ਜਪੁ' ਸ਼ੁਰੂ ਹੁੰਦਾ ਹੈ ਉਹ ਗੁਰਬਾਣੀ ਦੀ ਭਾਸ਼ਾਈ ਪੱਧਰ ਦਾ ਠੀਕ ਪਰਿਚੇ ਦੇਂਦਾ ਹੈ :

Sri Satguru Jagjit Singh Ji Elibrary NamdhariElibrary@gmail.com

ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

ਇਹ ਸਾਰੀ ਦੀ ਸਾਰੀ ਲਹਿੰਦੀ ਹੈ। ਕਿਧਰੇ ਇਹ ਲਹਿੰਦੀ ਰਲੀ ਮਿਲੀ ਹੈ, ਕਿਧਰੇ ਖਾਲਸ ਤੇ ਕਿਧਰੇ ਸ਼ੁਧ ਬ੍ਰਿਜ-ਭਾਸ਼ਾ ਹੈ । ਲਹਿੰਦੀ ਦੇ ਨਮੂਨੇ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ।

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ।
ਭਾਂਡਾ ਅਤਿ ਮਲੀਣੁ, ਧੋਤਾ ਹਛਾ ਨ ਹੋਇਸੀ ।

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ।
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥
ਦੋਹੀ ਦਿਚੈ ਦੁਰਜਨਾ, ਮਿਤ੍ਰਾਂ ਕੂੰ ਜੈਕਾਰੁ ।

ਕਾਫੀਆਂ ਦੀ ਬੋਲੀ ਤਾਂ ਹੈ ਹੀ ਲਹਿੰਦੀ :

ਆਵਹੁ ਵੰਞਹੁ ਡੁੰਮਣੀ ਕਿਤੀ ਮਿਤ੍ਰ ਕਰੇਉ ।
ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ।
ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ
ਹਉ ਘੋਲਿ ਘੁਮਾਈ ਖੰਨੀਐ ਕੀਤੀ, ਹਿਕ ਭੋਰੀ ਨਦਰਿ ਨਿਹਾਲਿ ।

**ਗੁਰੂ ਅਮਰਦਾਸ** : ਇਸ ਲੀਕ ਤੇ ਚਲਣ ਦੀ ਕੋਸ਼ਿਸ਼ ਕਰਦੇ ਰਹੇ :

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ।
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ।

ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ।
ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ ।

ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ।
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥

**ਗੁਰੂ ਅਰਜਨ ਸਾਹਿਬ** : ਦੀ ਲਹਿੰਦੀ ਦਾ ਨਮੂਨਾ :

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ।
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ।
ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ।
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥ (ਸਲੋਕ)

ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨ੍ਹੀ ਸਿਞਾਤਾ ਸਾਈ ।
ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥ (ਸਲੋਕ)

Sri Satguru Jagjit Singh Ji Elibrary NamdhariElibrary@gmail.com

ਉਠਿ ਵੰਞ ਵਟਾਊੜਿਆ ਤੈਂ ਕਿਆ ਚਿਰੁ ਲਾਇਆ
ਮੁਹਲਤਿ ਪੁੰਨੜੀਆ, ਕਿਤੁ ਕੂੜਿ ਲੋਭਾਇਆ । (ਆਸਾ)

ਡਖਣੇ ਤੇ ਅਸ਼ਟਪਦੀਆਂ ਵਿਚ ਵੀ ਪੁਰਾਣੀ ਲਹਿੰਦੀ ਢੇਰ ਸਾਰੀ ਮਿਲਦੀ ਹੈ। ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੀ ਬੋਲੀ ਵਿਚ ਪੰਜਾਬੀ ਦਾ ਅੰਸ਼ ਹੈ ਹੀ ਘੱਟ, ਬ੍ਰਿਜ ਭਾਸ਼ਾ ਬਹੁਤੀ ਹੈ । ਫਿਰ ਵੀ ਦਸਵੇਂ ਪਾਤਸ਼ਾਹ ਦੀ ਬਾਣੀ ਵਿਚ ਜਦ ਪੰਜਾਬੀ ਆਉਂਦੀ ਹੈ ਤਦ ਉਹ ਲਹਿੰਦੀ ਦੀ ਛਾਪ ਲੈ ਕੇ ਆਉਂਦੀ ਹੈ :

ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆਂ ਦਾ ਰਹਿਣਾ ।

ਭਾਈ ਗੁਰਦਾਸ ਨੇ ਜ਼ਿਆਦਾਤਰ ਆਪਣੀ ਮਾਤਭਾਸ਼ਾ ਵਿਚ ਲਿਖਿਆ, ਪਰ ਉਹ ਵੀ ਆਪਣੀ ਮਰਯਾਦਾ ਨੂੰ ਜਾਣਦੇ ਸਨ । ਵੇਖੋ :

ਅੱਖੀਂ ਅੰਦਰ ਦੇਖਦਾ ਸਭ ਚੋਜ ਵਿਡਾਣਾ
ਕੰਨੀ ਸੁਣਦਾ ਸੁਰਤਿ ਕਰਿ ਆਖਾਣ ਵਖਾਣਾ
ਜੀਭੈ ਅੰਦਰ ਬੋਲਦਾ ਬਹੁ ਸਾਦ ਲੁਭਾਣਾ ।
ਹਥੀਂ ਕਿਰਤ ਕਮਾਂਵਦਾ ਪਗ ਚਲੈ ਸੁਜਾਣਾ ।

ਹੋਰਾਂ ਕਾਵਿ-ਰੂਪਾਂ ਦੀ ਤਰ੍ਹਾਂ ਭਗਤੀ ਸਾਹਿਤ ਤੇ ਵੀ ਪੂਰਬ ਦਾ ਪ੍ਰਭਾਵ ਵਧਦਾ ਗਿਆ ਹੈ ਤੇ ਹੋਰਨਾਂ ਰੂਪਾਂ ਕੋਲੋਂ ਪਹਿਲੋਂ ਈ ਉਹਦੀ ਥਾਂ ਤੇ ਕੇਂਦ੍ਰੀ ਪੰਜਾਬੀ ਸਥਾਪਿਤ ਹੁੰਦੀ ਰਹੀ ਹੈ ।

ਭਗਤਾਂ ਦੀ ਬਾਣੀ ਵਿਚ ਵੀ ਕੇਂਦ੍ਰੀ ਪੰਜਾਬੀ ਭਰਪੂਰ ਹੈ, ਪਰ ਲਹਿੰਦੀ ਅਲੋਪ ਨਹੀਂ ਹੋ ਗਈ । ਗੁਰੂ ਅਮਰਦਾਸ ਦੇ ਪੜਪੋਤੇ ਬਾਬਾ ਸੁੰਦਰ ਦੀ ਬਾਣੀ ਵੇਖੋ :

ਸਤਿਗੁਰ ਭਾਣੇ ਆਪਣੇ ਬਹਿ ਪਰਵਾਰ ਸਦਾਇਆ ।
ਮਤ ਮੈਂ ਪਿਛੈ ਕੋਈ ਰੋਵਸੀ ਸੋ ਮੈ ਮੂਲ ਨ ਭਾਇਆ ।

ਭੱਟਾਂ ਦੀ ਬੋਲੀ ਵੀ ਲਹਿੰਦੀ ਰੰਗ ਵਿਚ ਮਿਲਦੀ ਹੈ :

ਤੁਧੁ ਡਿਠੇ ਸਚੇ ਪਾਤਿਸ਼ਾਹ ਮਲੁ ਜਨਮ ਜਨਮ ਦੀ ਕਟੀਐ ।

ਹੋਰ ਤਾਂ ਹੋਰ ਸੁਥਰੇ ਸ਼ਾਹ ਤੇ ਜਲ੍ਹਣ ਦੀ ਭਾਸ਼ਾ ਵੀ ਇਸ ਪ੍ਰਭਾਵ ਤੋਂ ਨਹੀਂ ਬਚੀ :

ਜਿਉਂ ਜਿਉਂ ਚੜ੍ਹਨ ਸ਼ਹੀਣੀਆਂ ਤਿਉਂ ਤਿਉਂ ਵਧਦਾ ਜਾ
ਦੋ ਦੁਆਈ ਖੁੱਲੀਆਂ ਅਗਲੀ ਗੱਲ ਨਾ ਕਾ ।। (ਸੁਥਰਾ)

(5)

ਵੀਰ-ਰਸੀ ਕਾਵਿ ਦੇ ਵਿਕਾਸ ਵਿਚ ਵੀ ਲਹਿੰਦੀ ਦੀ ਅਗਵਾਨੀ ਤੇ ਮਿਹਰਬਾਨੀ ਭੁਲਾਣੀ ਨਹੀਂ ਚਾਹੀਦੀ । ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਤੋਂ ਉਨ੍ਹਾਂ ਤੋਂ ਪਹਿਲਾਂ ਰਾਇ ਕਮਾਲ ਦੀ ਵਾਰ, ਟੁੰਡੇ ਦਿਮਰਾਜੇ ਦੀ ਵਾਰ, ਇਬ੍ਰਾਹੀਮ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ, ਚੰਦ੍ਰਹੜੇ ਸੋਹੀਏ ਦੀ ਵਾਰ, ਜੋਧੇ ਤੇ ਰਾਣੇ ਦੀ ਵਾਰ, ਮੁਕਬਲ ਤੇ ਹਾਮਿਦ ਦੇ ਲਿਖੇ ਹੋਏ ਜੰਗਨਾਮੇ, ਨਜਾਬਤ ਦੀ ਲਿਖੀ ਨਾਦਰਸ਼ਾਹ ਦੀ ਵਾਰ, ਨਾਲੇ

Sri Satguru Jagjit Singh Ji Elibrary NamdhariElibrary@gmail.com

ਕਾਦਰਯਾਰ ਦਾ ਮਹਿਰਾਜ ਨਾਮਾ ਤੇ ਹਰੀ ਸਿੰਘ ਨਲਵਾ ਦਾ ਕਿੱਸਾ ਇਸ ਗੱਲ ਦਾ ਪ੍ਰਮਾਣ ਹੈ।

ਪੁਰਾਣੀ ਵਾਰਤਕ ਵੀ ਮੁੱਢ ਤੋਂ ਲਹਿੰਦੀ ਦੀ ਦੇਣ ਹੈ। ਜਨਮ ਸਾਖੀਆਂ ਦੀ ਰਲੀ-ਮਿਲੀ ਬੋਲੀ ਵਿਚ ਲਹਿੰਦੀ ਦਾ ਅੰਸ਼ ਪਹਿਲਾਂ ਪ੍ਰਧਾਨ ਸੀ, ਧੀਰੇ ਧੀਰੇ ਘੱਟ ਗਿਆ।

(6)

ਅੰਗ੍ਰੇਜ਼ੀ ਰਾਜ-ਕਾਲ ਸ਼ੁਰੂ ਹੁੰਦਿਆਂ ਪੰਜਾਬ ਦੇ ਜੀਵਨ ਵਿਚ ਜ਼ਬਰਦਸਤ ਤਬਦੀਲੀਆਂ ਹੋਣ ਲਗੀਆਂ। ਰਾਜ ਤਾਂ ਬਦਲਿਆ ਹੀ, ਨਾਲ ਹੀ ਪੰਜਾਬ ਦਾ ਕੇਂਦਰ ਵੀ ਬਦਲ ਗਿਆ। ਹੁਣ ਪੰਜਾਬ ਵੱਡਾ ਹੋ ਗਿਆ ਤੇ ਲਾਹੌਰ ਰਾਜਧਾਨੀ ਬਣੀ। ਮੁਲਤਾਨ ਦੀ ਮੁਲਤਾਨੀ ਖ਼ਤਮ ਹੋ ਗਈ, ਹੋਰ ਕੇਂਦਰ ਵੀ ਟੁੱਟ ਗਏ। ਭਾਸ਼ਾ ਤੇ ਸਾਹਿਤ ਵਿਚ ਵੀ ਪਰਿਵਰਤਨ ਹੋਇਆ। ਲਾਹੌਰ ਵਿਚ ਨਵੀਆਂ ਨਵੀਆਂ ਸੰਸਥਾਵਾਂ ਖੁਲ੍ਹੀਆਂ-ਸਕੂਲ, ਕਾਲਜ, ਯੂਨੀਵਰਸਿਟੀ। ਛਾਪੇਖਾਨੇ ਖੁਲ੍ਹੇ, ਪ੍ਰਕਾਸ਼ਕ ਅਗੇਰੇ ਵਧੇ। ਸਿਖਿਆ ਵਿਭਾਗ ਨੇ ਪੰਜਾਬੀ ਦੇ ਵਿਕਾਸ ਲਈ ਯੋਜਨਾਵਾਂ ਬਣਾਈਆਂ। ਸਭਾ-ਸੋਸਾਈਟੀਆਂ ਬਣੀਆਂ, ਕਵੀ ਦਰਬਾਰ ਹੋਣ ਲਗੇ। ਅੰਮ੍ਰਿਤਸਰ ਧਾਰਮਿਕ ਕੇਂਦਰ ਬਣ ਚੁਕਿਆ ਸੀ—ਖ਼ਾਲਸਾ ਕਾਲਜ ਦੀ ਸਥਾਪਨਾ ਹੋਈ, ਪੰਜਾਬੀ ਦੇ ਚੰਗੇ ਚੰਗੇ ਲਿਖਾਰੀ ਇਥੇ ਜੁੜਨ ਲਗੇ। ਵੱਡੇ ਵੱਡੇ ਪ੍ਰਕਾਸ਼ਕ ਖੜ੍ਹੇ ਹੋ ਗਏ। ਇਹ ਸੁਭਾਵਿਕ ਸੀ ਕਿ ਜਿਥੇ ਪਹਿਲੇ ਦੇ ਸਾਹਿਤਕਾਰ ਮੁਲਤਾਨ ਤੇ ਝੰਗ ਦਾ ਰੁਖ ਵੇਖਦੇ ਸਨ, ਹੁਣ ਦੇ ਸਾਹਿਤਕਾਰ ਲਾਹੌਰ ਤੇ ਅੰਮ੍ਰਿਤਸਰ ਵਲ ਆਪਣਾ ਰੁਖ ਕਰਨ ਲਗੇ, ਬੜੇ ਸਹਿਜ ਨਾਲ ਲਹਿੰਦੀ-ਭਾਸ਼ਾ ਲਿਖਾਰੀ ਵੀ ਲਾਹੌਰ ਤੇ ਅੰਮ੍ਰਿਤਸਰ ਦੀ ਮਾਝੀ ਬੋਲੀ ਵਿਚ ਲਿਖਣ ਲਗ ਗਏ ਤੇ ਬੜੇ ਸਹਿਜ ਨਾਲ ਹੀ ਲਹਿੰਦੀ ਦੀ ਥਾਂ ਕੇਂਦ੍ਰੀ ਪੰਜਾਬੀ ਲੈਣ ਲਗ ਪਈ।

ਲਹਿੰਦੀ ਹਟੀ ਤਾਂ ਲਹਿੰਦੀ ਸਾਹਿਤ ਦੇ ਰੂਪ ਵੀ ਹਟੇ। ਜਦ ਅਧਿਆਤਮਕਤਾ ਦੀ ਥਾਂ ਤੇ ਭੌਤਿਕਵਾਦ ਆ ਗਿਆ ਤਾਂ ਸੂਫ਼ੀ ਕਾਵਿ ਵੀ ਅਲੋਪ ਹੋ ਗਿਆ। ਦੁਨੀਆਂ ਦੇ ਕਿੱਸੇ ਤਾਂ ਕਦੇ ਖ਼ਤਮ ਨਹੀਂ ਹੁੰਦੇ, ਪਰ ਲਹਿੰਦੀ ਕਿੱਸਿਆਂ ਦੇ ਨਾਇਕ-ਨਾਇਕਾਵਾਂ ਵੀ ਖਿਸਕੇ। ਨਵੇਂ ਨਵੇਂ ਕਿੱਸੇ ਤੇ ਨਵੇਂ ਨਵੇਂ ਨਾਇਕ ਆਏ, ਪਰ ਇਹ ਵੀ ਦੇਰ ਤਕ ਨਹੀਂ ਚਲੇ—ਇਨ੍ਹਾਂ ਦੀ ਕੋਈ ਰਵਾਇਤ ਹੀ ਨਹੀਂ ਬਣੀ। ਲਹਿੰਦੀ ਦੇ ਛੰਦ ਵੀ ਬਦਲੇ ਕਾਫ਼ੀਆਂ, ਬਾਰਹਮਾਸੇ, ਸੀ ਹਰਫੀਆਂ, ਅਠਵਾਰੇ, ਬੈਂਤ, ਦੋਹੜੇ ਧੀਰੇ ਧੀਰੇ ਘਟਦੇ ਗਏ, ਘਟਦੇ ਗਏ ਤੇ ਫਿਰ ਆਟ ਆਊਫ਼ ਫ਼ੈਸ਼ਨ ਹੋ ਗਏ। ਹੌਲੇ ਹੌਲੇ ਕਾਵਿ ਦੀ ਪ੍ਰਧਾਨਤਾ ਹੀ ਖ਼ਤਮ ਹੋ ਗਈ, ਵਾਰਤਕ ਪ੍ਰਧਾਨ ਹੋ ਗਈ। ਪੱਛਮ ਤੋਂ ਪ੍ਰੇਰਣਾ ਲੈ ਕੇ ਕਹਾਣੀਆਂ, ਨਾਵਲ, ਨਿਬੰਧ, ਨਾਟਕ ਤੇ ਕਾਵਿ ਦੇ ਨਵੇਂ-ਨਵੇਂ ਰੂਪ ਲਾਹੌਰ ਤੇ ਅੰਮ੍ਰਿਤਸਰ ਦੀ ਧਰਤੀ ਤੇ ਪਲਣੇ ਸ਼ੁਰੂ ਹੋ ਗਏ। ਪੁਰਾਣਿਆਂ ਦੀ ਰੁਤ ਗਈ, ਨਵਿਆਂ ਦੀ ਰੁਤ ਆ ਗਈ। ਕੋਈ ਗੱਲ ਨਹੀਂ—ਹਰ ਕਮਾਲੇ ਰਾ ਜ਼ਵਾਲ, ਹਰ ਜ਼ਵਾਲੇ ਰਾ ਕਮਾਲ। ਲਹਿੰਦੀ ਦੇ ਜ਼ਵਾਲ ਦਾ ਪੰਜਾਬੀ ਸਾਹਿਤ ਨੂੰ ਫਾਇਦਾ ਹੀ ਹੋਇਆ ਹੈ। ਪੰਜਾਬ ਦਾ ਬਟਵਾਰਾ ਹੋਣ ਤਕ ਕੇਂਦ੍ਰੀ ਪੰਜਾਬੀ ਨੇ ਆਪਣਾ ਸ਼ਾਨਦਾਰ ਸਾਹਿਤ ਪੈਦਾ ਕਰ ਦਿੱਤਾ ਸੀ, ਨਹੀਂ ਤਾਂ ਹੁਣ ਨਵੀਆਂ ਲੀਕਾਂ ਪਾਣੀਆਂ ਤੇ ਪੰਜਾਬੀ ਨੂੰ ਉਸ ਦਰਜੇ ਤੇ ਪਹੁੰਚਾਣਾ ਜਿਸ ਦਰਜੇ ਤਕ ਉਹ ਪੁਜੀ ਹੋਈ ਹੈ ਸਾਡੇ ਵਾਸਤੇ ਮੁਸ਼ਕਿਲ ਹੁੰਦਾ। ਲਹਿੰਦੀ ਹੁਣ ਪਾਕਿਸਤਾਨ ਦੀ ਬੋਲੀ ਹੈ।

Sri Satguru Jagjit Singh Ji Elibrary NamdhariElibrary@gmail.com

ਜਿਹੜੇ ਲਹਿੰਦੀ-ਭਾਸ਼ੀ ਇਸ ਸਾਡੇ ਪੰਜਾਬ ਵਿਚ ਆ ਗਏ ਹਨ ਉਹ ਪੂਰਬੀ ਪੰਜਾਬੀ ਸਿਖ ਗਏ ਹਨ ਤੇ ਉਨ੍ਹਾਂ ਦੇ ਪੁੱਤਰ-ਪੋਤਰੇ ਇਸੇ ਪੰਜਾਬੀ ਦੇ ਅਭਿਆਸੀ ਹੋਣਗੇ, ਉਹ ਲਹਿੰਦੀ ਦਾ ਘਿੰਨ-ਵੰਢ ਵੀ ਨਹੀਂ ਜਾਣਨਗੇ।

ਇੱਕ ਗੱਲ ਹੈ। ਲਹਿੰਦੀ ਬੋਲੀ ਦਾ ਪ੍ਰਭਾਵ ਭਾਵੇਂ ਘੱਟ ਗਿਆ ਹੈ, ਪਰ ਲਹਿੰਦੀ ਵਾਲਿਆਂ ਦਾ ਪ੍ਰਭਾਵ ਕਿਸੇ ਪਾਸਿਓਂ ਘੱਟ ਨਹੀਂ। ਫ਼ਰਕ ਇਹ ਹੈ ਪਹਿਲਾਂ ਮੁਲਤਾਨ ਤੋਂ ਲੈ ਕੇ ਜੇਹਲਮ ਤਕ ਸਾਹਿਤਕਾਰ ਸਨ ਤਾਂ ਹੁਣ ਜੇਹਲਮ ਤੋਂ ਪੱਛਮ ਦੇ ਸਾਹਿਤਕਾਰ ਸਾਮ੍ਹਣੇ ਆਏ—ਪੋਠੋਹਾਰ ਤੋਂ। ਦੂਜਾ ਫ਼ਰਕ ਇਹ ਹੈ ਕਿ ਅੱਗੇ ਲਿਖਾਰੀ ਲਿਖਦੇ ਤਾਂ ਆਪਣੀ ਬੋਲੀ ਵਿਚ ਸਨ ਪਰ ਜਦ ਉਨ੍ਹਾਂ ਦੀਆਂ ਕਿਤਾਬਾਂ ਲਾਹੌਰ ਦੇ ਛਾਪੇਖਾਨਿਆਂ ਵਿਚ ਛਪਦੀਆਂ ਸਨ ਤਾਂ ਕਾਤਿਬ ਤੇ ਛਾਪੇ ਵਾਲੀ ਬੋਲੀ ਵਿਚ ਥੋੜ੍ਹੀ ਹੇਰਾ ਫੇਰੀ ਕਰ ਦੇਂਦੇ ਸਨ; ਹੁਣ ਲਿਖਾਰੀ ਆਪਣੀ ਬੋਲੀ ਤੋਂ ਸੰਗਦੇ ਹੋਏ ਜਾਂ ਉਸਦੀ ਸੰਕੀਰਣਤਾ ਨੂੰ ਮਹਿਸੂਸ ਕਰਦੇ ਹੋਏ ਜ਼ਿਆਦਾਤਰ ਉਸਦੀ ਥਾਂ ਦੀ ਬੋਲੀ ਵਿਚ ਲਿਖਣ ਦਾ ਜਤਨ ਕਰਦੇ ਰਹੇ ਜਿਸ ਥਾਂ ਤੇ ਆ ਕੇ ਉਹ ਪ੍ਰੋਫੈਸਰੀ ਜਾਂ ਨੌਕਰੀ ਕਰਦੇ ਸਨ। ਹੁਣ ਸਾਡੇ ਪਾਠਕ ਹਨ ਜਿਹੜੇ ਦੂਰ ਦੂਰ ਤਕ ਫੈਲੇ ਹਨ। ਉਨ੍ਹਾਂ ਵਾਸਤੇ ਸਾਂਝੀ ਭਾਸ਼ਾ ਦੀ ਲੋੜ ਹੈ। ਆਧੁਨਿਕ ਪੰਜਾਬੀ ਦੇ ਵਿਕਾਸ ਵਿਚ ਪੋਠੋਹਾਰੀ ਲੇਖਕਾਂ ਦਾ ਬਹੁਤਾ ਹੱਥ ਹੈ। ਮੇਰੇ ਅੰਦਾਜ਼ੇ ਨਾਲ ਉਨ੍ਹਾਂ ਦੀ ਤਾਦਾਦ ਇਕ ਸੌ ਤੋਂ ਘੱਟ ਨਹੀਂ ਹੈ।

ਇਸ ਜ਼ਮਾਨੇ ਦੇ ਲਹਿੰਦੀ ਦੇ ਮੁਸਲਮਾਨ ਲੇਖਕ ਬਰਾਬਰ ਲਹਿੰਦੀ ਵਿਚ ਲਿਖਦੇ ਰਹੇ ਹਨ, ਜਿਵੇਂ ਜੇਹਲਮ ਦੇ ਮੀਆਂ ਮੁਹੰਮਦ ਬਖ਼ਸ਼, ਬਹਾਵਲਪੁਰ ਦੇ ਗੁਲਾਮ ਫਰੀਦ ਜਾਂ ਲਾਇਲਪੁਰ ਦੇ ਮੀਰਾ ਬਖਸ਼ ਮਿਨਹਾਸ। ਇਸ ਲਹਿੰਦੀ ਤੇ ਕੇਂਦ੍ਰੀ ਬੋਲੀ ਦੀ ਛਾਪ ਜ਼ਰੂਰ ਹੈ। ਇਨ੍ਹਾਂ ਦੇ ਮੁਕਾਬਲੇ ਵਿਚ ਪੋਠੋਹਾਰੀ ਲੇਖਕ ਤੇ ਹੋਰ ਵੀ ਥੋੜ੍ਹੇ ਬਹੁਤੇ ਲਹਿੰਦੀ ਲਿਖਾਰੀ ਕੇਂਦ੍ਰੀ ਪੰਜਾਬੀ ਵਿਚ ਲਿਖਦੇ ਰਹੇ ਹਨ ਜਿਸ ਉਤੇ ਉਨ੍ਹਾਂ ਦੀ ਆਪਣੀ ਮਾਤਭਾਸ਼ਾ ਯਾਨੀ ਲਹਿੰਦੀ ਦੀ ਪੁੱਠ ਲਗੀ ਰਹਿੰਦੀ ਹੈ।

ਆਧੁਨਿਕ ਲਹਿੰਦੀ ਲੇਖਕਾਂ ਵਿਚੋਂ ਆਮ ਵਾਰਤਕ ਤੇ ਨਿਬੰਧ ਸਾਹਿਤ ਦੀ ਉਸਾਰੀ ਵਿਚ ਭਾਈ ਜੋਧ ਸਿੰਘ ਤੇ ਪ੍ਰੋ. ਤੇਜਾ ਸਿੰਘ, ਨਾਵਲ ਦੇ ਖੇਤਰ ਵਿਚ ਨਾਨਕ ਸਿੰਘ, ਕਹਾਣੀ ਦੇ ਵਿਕਾਸ ਵਿਚ ਬਾਵਾ ਪ੍ਰੇਮ ਸਿੰਘ ਹੋਤੀ, ਜੋਸ਼ੂਆ ਫ਼ਜ਼ਲਦੀਨ, ਕਰਤਾਰ ਸਿੰਘ ਦੁੱਗਲ ਤੇ ਕੁਲਵੰਤ ਸਿੰਘ ਵਿਰਕ ਅਤੇ ਕਵੀਆਂ ਵਿਚੋਂ ਪ੍ਰੋ. ਪੂਰਨ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਪ੍ਰੋ. ਮੋਹਨ ਸਿੰਘ, ਗੋਪਾਲ ਸਿੰਘ ਦਰਦੀ, ਗਿਆਨੀ ਹੀਰਾ ਸਿੰਘ ਦਰਦ, ਵਿਧਾਤਾ ਸਿੰਘ ਤੀਰ, ਗਿ. ਗੁਰਮੁਖ ਸਿੰਘ ਮੁਸਾਫ਼ਰ, ਦਰਸ਼ਨ ਸਿੰਘ ਅਵਾਰਾ, ਪ੍ਰਭਜੋਤ ਕੌਰ ਤੇ ਪ੍ਰੀਤਮ ਸਿੰਘ ਸਫ਼ੀਰ ਵਗੈਰਾ ਨੇ ਖ਼ੂਬ ਨਾਉਂ ਕਮਾਇਆ ਹੈ। ਜ਼ਿਆਦਾਤਰ ਲਿਖਾਰੀ ਬਹੁਮੁਖੀ ਹਨ। ਨਾਟਕਕਾਰੀ ਦੇ ਖੇਤਰ ਵਿਚ ਲਹਿੰਦੀ ਵਾਲਿਆਂ ਦਾ ਯੋਗਦਾਨ ਬਹੁਤ ਘੱਟ ਹੈ। ਲਹਿੰਦੀ ਦੇ ਕੁਝ ਨਮੂਨੇ ਦੇ ਦਿੱਤੇ ਜਾਣ :

**ਡਾ. ਮੋਹਨ ਸਿੰਘ ਦੀਵਾਨਾ**

ਸੁਨੇਹਾ ਕੋਈ ਵੰਞ ਦੇਵੇ ਮੇਰੇ ਪਰਦੇਸੀ ਢੋਲ ਨੂੰ
ਹੰਝਿਆਂ ਨਹੀਂ ਹੁੜਦੀ

Sri Satguru Jagjit Singh Ji Elibrary NamdhariElibrary@gmail.com

ਸਾਈ ਬਾਜ਼ੀ ਜਿਣ ਗਈ ਜੋ ਦਮ ਦਮ ਘੱਤੀ ਘੋਲ
ਕੁੜੀਏ ਨੀ ! ਵੱਤ ਨਹੀਓਂ ਬਹਿਣਾ ਮਿਲਣਾ ਮਿਠਿਆਂ ਸਜਣਾਂ ਕੋਲ

**ਪ੍ਰੋ. ਮੋਹਨ ਸਿੰਘ**

ਨਿਕਾ ਨਿਕਾ ਦਿਲ ਕਰਨਾ ਮਿੱਘੀ ਖਿਨ ਜੁਲ ਢੋਲੇ ਕੋਲ
ਨਿਕੇ ਨਿਕੇ ਫੁਲ ਚੁਣ ਕੇ ਮੈਂਦੀ ਭਰੋ ਸਹੇਲੀਓ ਝੋਲ।

ਢੱਕੀ ਤੇ ਚੜ੍ਹ ਗਈ ਕੁੜੀ ਪੋਠੋਹਾਰ ਦੀ
ਕਦੇ ਢੌਂਕ ਸਾੜ੍ਹੀ ਦਰ ਅਛ ਢੋਲਾ।

ਘੋੜੀ ਭੇਰੀ ਦੇ ਉਡਣੇ ਘੁੰਗਰੂ ਗੋਰੀ ਦਾ ਚੜਾ ਰੱਤੜਾ ਵੇ ਹੋ
ਤੀਲੀਆਂ ਰਲ ਕੇ ਬਹੁਕਰ ਬਣਨਾ ਹੰਝੂ ਦੇਣ ਕਖ ਕੰਡੜਾ ਵੇ ਹੋ।

**ਵਿਧਾਤਾ ਸਿੰਘ ਧੀਰ**

ਫਿਰ ਕਦ ਰਬ ਮਿਲਾਸੀ ਦੋ ਢੂਕਾਸੀ।

ਜਦੋਂ ਸਿੰਜਸੋ ਕੁੰਜ ਦੇ ਫੁੱਲ ਬੂਟੇ
ਪਾਣੀ ਪਾ ਪਾ ਬੰਨ੍ਹ ਭੁਲਾਰ ਸਈਓ
ਪੀਂਦੀ ਮੈਂ ਹੋਸਾਂ ਤੁਸਾਂ ਵੇਖ ਲੈਣਾਂ
ਦੋਈਂ ਲੰਮੀਆਂ ਬਾਹਾਂ ਉਲਾਰ ਸਈਓ

**ਪ੍ਰਭਜੋਤ ਕੌਰ**

ਕਿਥੇ ਤਾਂ ਲਾਵਾਂ ਜੀ ਮੈਂ ਟਾਲੀਆਂ, ਵੇ ਪਤਾਂ ਵਾਲੀਆਂ
ਮੇਰਾ ਪੀ ਪਰਦੇਸੀ।

ਕਿੱਥੇ ਤਾਂ ਲਾਵਾਂ ਜੀ ਮੈਂ ਬਾਰ, ਦਿਲ ਵੈਰਾਗ
ਨੈਣੀ ਨੀਰ ਭਰੇਸੀ

ਨਾ ਪਾਸਾਂ ਮੈਂ ਪਉਂਚੀਆਂ ਵੇ ਨਾ ਕੈਂਠੀਆਂ
ਗੋਰੀ ਪਈ ਰੋਕੇ।

(7)

ਲਹਿੰਦੀ ਤੇ ਪੂਰਬੀ ਪੰਜਾਬੀ ਦੇ ਮੇਲ ਨੇ ਕਈ ਸਵਾਲ ਪੈਦਾ ਕਰ ਦਿੱਤੇ ਹਨ :

(1) ਪੁਰਾਣੇ ਪੰਜਾਬੀ ਸਾਹਿਤ ਨੂੰ ਸਮਝਣ ਲਈ ਲਹਿੰਦੀ ਭਾਸ਼ਾ ਦਾ ਗਿਆਨ ਹੋਣਾ ਚਾਹੀਦਾ ਹੈ ਤੇ ਆਧੁਨਿਕ ਪੰਜਾਬੀ ਸਾਹਿਤ ਦੀ ਸੋਝ ਲਈ ਪੂਰਬੀ ਪੰਜਾਬੀ ਦਾ ਗਿਆਨ ਜ਼ਰੂਰੀ ਹੋ ਗਿਆ ਹੈ। ਲਹਿੰਦੀ ਦਾ ਜਾਂ ਪੂਰਬੀ ਪੰਜਾਬੀ ਦਾ ਨਾ ਤਾਂ ਕੋਈ ਸ਼ਬਦ ਕੋਸ਼ ਹੈ ਨਾ ਵਿਆਕਰਣ। ਇਹ ਗ੍ਰੰਥ ਇਨ੍ਹਾਂ ਉਪਭਾਸ਼ਾਵਾਂ ਦੇ ਅਲਗ ਅਲਗ ਹੋਣੇ ਚਾਹੀਦੇ ਹਨ।

(2) ਲਹਿੰਦੀ ਤੇ ਪੂਰਬੀ ਪੰਜਾਬੀ ਦੋਨਾਂ ਦੀ ਵਰਤੋਂ ਕਰਕੇ ਪੰਜਾਬੀ ਦਾ ਇਕ ਟਕਸਾਲੀ ਸਟੈਂਡਰਡ ਰੂਪ ਨਹੀਂ ਬਣ ਰਿਹਾ। ਕਰਤਾਰ ਸਿੰਘ ਦੁੱਗਲ ਪੋਠੋਹਾਰੀ ਦੀ ਵਰਤੋਂ

Sri Satguru Jagjit Singh Ji Elibrary NamdhariElibrary@gmail.com

ਦਬ ਕੇ ਕਰਦਾ ਹੈ ਤੇ ਸੰਤ ਸਿੰਘ ਸੇਖੋਂ ਮਲਵਈ ਦੀ। ਨਾਨਕ ਸਿੰਘ ਦੀ ਭਾਸ਼ਾ ਵਿਚ ਅਜੀਬ ਘੋਲ-ਮੇਲ ਹੈ। 'ਕੋਈ ਹਰਿਆ ਬੂਟ ਰਹਿਓ ਰੀ' ਵਿਚ ਨਾਲੋਂ ਨਾਲ ਇਹ ਰੂਪ ਮਿਲਦੇ ਹਨ :

ਮੈਂ ਵੀ ਜਾਣਨਾ ; ਮੈਂ ਵੀ ਜਾਣਦਾ ਹਾਂ।
ਤ੍ਰੁਟੇਂਗੀ ਤਿਪਾਈ; ਤ੍ਰੁੱਟੇਂਗੀ ਤ੍ਰੁਪਾਈ ; ਤਿਨਟੇਂਗੀ...... ।
ਹਛਾ, ਹੁਣ ਚਲਨਾ ਵਾਂ : ਅੱਛਾ, ਚਲਦਾ, ਹਾਂ।

ਹੇਠਾਂ ਲਹਿੰਦੀ ਤੇ ਪੂਰਬੀ ਪੰਜਾਬੀ ਦੇ ਜੋੜੇ ਦਿੱਤੇ ਜਾ ਰਹੇ ਹਨ। ਕੋਈ ਹੋਰ ਖੋਜੀ ਇਸ ਸੂਚੀ ਨੂੰ ਪੂਰਾ ਕਰੇ। ਦੋਨੋਂ ਰੂਪ ਚਲਦੇ ਹਨ। ਮੇਰੇ ਜਿਹੇ ਸਿਖੰਦੜ ਦੀ ਸਮਝ ਵਿਚ ਨਹੀਂ ਆਉਂਦਾ ਕਿ ਕਿਸਨੂੰ ਅਪਣਾਵਾਂ।

'ਆਉਂਦਾ ਕਿ ਕਿਸਨੂੰ ਅਪਣਾਵਾਂ' ਤੋਂ ਹੀ ਵਿਚਾਰ ਕਰ ਲਵੋ। 'ਆਂਦਾ ਜਿ ਕਿਹਨੂੰ ਅਪਨਾਵਾਂ' ਵੀ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ (ਲਹਿੰਦੀ ਬਨਾਮ ਪੂਰਬੀ ਪੰਜਾਬੀ) :

| | | | | | |
|---|---|---|---|---|---|
| ਉਥੇ | ਓਥੇ | ਸੁਮ | ਸੁੰਬ | ਹੋਂਦਾ | ਹੁੰਦਾ |
| ਉਸਨੂੰ | ਉਹਨੂੰ | ਸਾਢੂ | ਸਾਂਢੂ | ਦੇਂਦਾ | ਦਿੰਦਾ |
| ਉਤੋਂ | ਉਤੋਂ ਦੀ | ਸਾਂਭਣਾ | ਸਾਮ੍ਹਣਾ | ਵੇਖ | ਦੇਖ |
| ਉਤਨਾ | ਉੱਨਾ ਓਨਾ | ਖਲੋ | ਖੜੋ | ਨਸ | ਨਠ |
| ਅਸਾਨੂੰ | ਸਾਨੂੰ | ਖੱਇਆ | ਖੋਆ | ਪੇਕੇ | ਪੇਊਕੇ |
| ਅਸਾਡਾ | ਸਾਡਾ | ਗੇਂਦਾ | ਗਾਂਦਾ, ਗਾਂਵਦਾ | ਪਹਿਲੋਂ | ਪਹਿਲਾਂ, ਪਹਿਲੀਂ |
| ਅਨ੍ਹੇਰ | ਹਨ੍ਹੇਰ | ਛੋੜ ਦੇ | ਛਡ ਦੇ | ਵੱਡਾ | ਬੱਡਾ |
| ਇਥੇ | ਐਥੇ | ਟੁਰਦੇ | ਤੁਰਦੇ | ਵਸੀਲਾ | ਬਸੀਲਾ |
| ਇਸਦਾ | ਇਹਦਾ | ਤੁਸਾਡਾ | ਤੁਹਾਡਾ | ਵਟਣਾ | ਬਟਣਾ |
| ਇਤਨਾ | ਇੰਨਾ, ਏਨਾ | | | | |

ਜੇ ਇਸੇ ਤਰ੍ਹਾਂ ਉਪ-ਭਾਸ਼ਾਵਾਂ ਰਲ-ਮਿਲ ਕੇ ਗੜਬੜ ਪੈਦਾ ਕਰਦੀਆਂ ਰਹੀਆਂ ਤਾਂ ਵੀ ਪੰਜਾਬੀ ਦਾ ਇਕ ਸਾਂਝਾ ਤੇ ਸਰਬਵਿਆਪੀ ਵਿਸਤ੍ਰਿਤ ਰੂਪ ਨਹੀਂ ਹੋਵੇਗਾ।

(3) ਇਹ ਖੋਜ ਦਾ ਵਿਸ਼ਾ ਹੈ ਕਿ ਲਹਿੰਦੀ ਵਿਚ ਕੀ ਕੁਝ ਹੈ ਜਿਸ ਦੀ ਕੇਂਦ੍ਰੀ ਪੰਜਾਬੀ ਵਿਚ ਕਮੀ ਹੈ ਤੇ ਲੋੜ ਹੈ। ਮੈਂ ਮੰਨਦਾ ਹਾਂ ਕਿ ਹਰ ਭਾਸ਼ਾ ਆਪਣੀਆਂ ਉਪ-ਭਾਸ਼ਾਵਾਂ ਦੇ ਆਧਾਰ ਤੇ ਖੜ੍ਹੀ ਹੁੰਦੀ ਹੈ ਤੇ ਮੁਖ ਰੂਪ ਉਹ ਕੇਂਦਰ ਤੋਂ ਲੈਂਦੀ ਹੈ। ਉਪ-ਭਾਸ਼ਾਵਾਂ ਉਸ ਵਿਚ ਆਪਣੇ ਵਿਸ਼ੇਸ਼ ਸ਼ਬਦ, ਵਿਸ਼ੇਸ਼ ਪ੍ਰਯੋਗ ਤੇ ਮੁਹਾਵਰੇ ਪਾਂਦੀਆਂ ਹਨ।

ਪੰਜਾਬੀ ਭਾਸ਼ਾ ਦੇ ਵਿਕਾਸ ਤੇ ਨਜ਼ਰ ਰਖਣ ਵਾਲੀ ਇਕ ਕਮੇਟੀ ਹੋਣੀ ਚਾਹੀਦੀ ਹੈ ਜਿਹੜੀ ਪਹਿਲੋਂ ਤਾਂ ਇਹਦੀ ਦੁਬਧਾ ਖ਼ਤਮ ਕਰੇ, ਸ਼ਬਦਾਂ ਤੇ ਉਨ੍ਹਾਂ ਦੇ ਜੋੜਾਂ ਵਿਚ ਇਕਰੂਪਤਾ ਲਿਆਵੇ ਤੇ ਫਿਰ ਆਣ ਵਾਲੇ ਸ਼ਬਦਾਂ ਦੀ ਪਰਖ ਕਰਕੇ ਆਪਣੀ ਮੋਹਰ ਲਗਾਵੇ ਕਿ ਇਹ ਸ਼ਬਦ ਟਕਸਾਲੀ ਹਨ।

Sri Satguru Jagjit Singh Ji Elibrary NamdhariElibrary@gmail.com

## IV

# ਪੋਠੋਹਾਰੀ ਦੀ ਪੰਜਾਬੀ ਨੂੰ ਦੇਣ

ਡਾ. ਹਰਨਾਮ ਸਿੰਘ ਸ਼ਾਨ

ਅਗਲਾ ਖੋਜ-ਪੱਤਰ "ਪੋਠੋਹਾਰੀ ਦੀ ਪੰਜਾਬੀ ਨੂੰ ਦੇਣ" ਡਾ. ਹਰਨਾਮ ਸਿੰਘ ਸ਼ਾਨ ਵਲੋਂ ਇਸ ਸੈਮੀਨਾਰ ਲਈ ਲਿਖਿਆ ਗਿਆ ਸੀ। ਉਨ੍ਹਾਂ ਨੇ ਕੇਵਲ ਇਕ ਦਾ ਸੰਖਿਪਤ ਰੂਪ ਹੀ ਪੇਸ਼ ਕੀਤਾ ਸੀ। ਪਰਤੂ ਇਸ ਰਿਪੋਰਟ ਵਿਚ ਇਹ ਸਾਰਾ ਖੋਜ-ਪੱਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। (ਸੰਪਾਦਕ)

### ਇਕ ਅਧਿਐਨ ਤੇ ਸਰਵੇਖਣ

ਪੋਠੋਹਾਰ ਸਾਂਝੇ ਤੇ ਅਣਵੰਡੇ ਪੰਜਾਬ ਦਾ ਇਕ ਰਾਂਗਲਾ, ਰਮਣੀਕ ਤੇ ਰੋਮਾਂਚਕ ਭਾਗ ਹੈ। ਇਹ ਉਸਦੇ ਸਿੰਧ-ਸਾਗਰੀ ਦੋਆਬ ਦੀ ਪੱਬੀ, ਪਠਾਰ ਜਾਂ ਉੱਚ-ਪੱਧਰੇ ਮੈਦਾਨੀ ਇਲਾਕੇ ਦਾ ਨਾਂ ਹੈ। ਇਸ ਦੀ ਬੁੱਕਲ ਵਿਚ ਦਰਿਆ ਸਿੰਧ ਤੇ ਜਿਹਲਮ ਵਿਚਲੇ ਲਗਪਗ ਚਾਰ ਹਜ਼ਾਰ ਮੁਰੱਬਾ ਮੀਲ ਦਾ ਉੱਚਾ-ਨੀਵਾਂ ਰਕਬਾ ਸ਼ਾਮਲ ਹੈ। ਇਸ ਦੇ ਖੇਤਰ ਵਿਚ, ਆਮ ਤੌਰ ਤੇ, ਰਾਵਲਪਿੰਡੀ ਦਾ ਤਕਰੀਬਨ ਸਾਰਾ ਜ਼ਿਲ੍ਹਾ, ਜਿਹਲਮ ਜ਼ਿਲ੍ਹੇ ਦਾ ਪੂਰਬੀ ਭਾਗ, ਜ਼ਿਲ੍ਹਾ ਅਟਕ ਦਾ ਬਹੁਤਾ ਹਿੱਸਾ ਅਤੇ ਜ਼ਿਲ੍ਹਾ ਹਜ਼ਾਰਾ ਦੀ ਹਰੀਪੁਰ ਤਸੀਲ ਸੰਮਿਲਿਤ ਦਸੀ ਜਾਂਦੀ ਹੈ।[1] ਸੂਹਾਂ ਇਸਦੀ ਉਤਰੀ ਤੇ ਜਿਹਲਮ ਇਸਦੀ ਦੱਖਣੀ ਦਰਿਆਈ ਸੀਮਾ ਹੈ।[2] ਇਸ ਦਾ ਵਿਸਤਾਰ ਆਪਣੇ ਨਾਲ ਲਗਦੇ ਇਲਾਕੇ ਨਾਲੋਂ ਪਸ਼ੂ ਦੀ 'ਪੂਛ' ਵਾਂਗ (ਪੁਠ-ਹਾਰ) ਉਚੇਰਾ ਹੋਣ ਕਰਕੇ ਹੀ, ਸੋ ਵਿਸਵੇ, 'ਪੋਠੋਵਾਰ' ਜਾਂ 'ਪੋਠੋਹਾਰ' ਬੁਲਾਇਆ ਜਾਂਦਾ ਹੈ।[3]

ਮਰੀ ਦੀਆਂ ਸਰਸਬਜ਼ ਪਹਾੜੀਆਂ, ਕਹੂਟੇ ਦੀ 'ਡੱਡਾ' ਹਵਾ, ਮਾਰਗਲੇ ਦਾ ਇਤਿਹਾਸਕ ਦੱਰਾ, ਖੀਉੜੇ ਦੀਆਂ ਨਮਕੀਨ ਖਾਣਾਂ, ਸੂਹਾਂ ਦਾ ਵੱਲਦਾਰ ਵੇਗ, ਵਾਹ ਦੇ ਹੁਸੀਨ ਵਾਹੜੇ, ਅਤੇ ਬੇਅੰਤ ਢੋਕਾਂ-ਢੱਕੀਆਂ, ਚੋਹੇ-ਕੱਸ ਤੇ ਟੋਏ-ਟਿੱਬੇ ਇਸ ਦਾ ਕੁਦਰਤੀ ਸ਼ਿੰਗਾਰ ਹਨ। ਰਿਗਵੇਦ ਦੀ ਰਚਨਾ, ਟੈਕਸਲੇ ਦੀ ਯੂਨੀਵਰਸਿਟੀ, ਪਾਣਿਨੀ ਦਾ

1. Grierson, Sir G. A., Linguistic Survey of India, Vol. VIII, Pt. i. Indo-Aryan Family. North-Western Group, Sindhi and Lahheentee Calcutta-1919, reprint. Delhi-1968, p. 242.
2. Panjab District Gazetters, Vol. XXVIII—Rawalpindi District, Lahore, 1907, p. 7.
3. ਤੇਜਾ ਸਿੰਘ, ਪ੍ਰਿੰ., ਸਭਿਆਚਾਰ, ਅੰਮ੍ਰਿਤਸਰ, 1957, ਪੰਨਾ 128.

Sri Satguru Jagjit Singh Ji Elibrary NamdhariElibrary@gmail.com

ਵਿਆਕਰਣ ਮਾਣਕਿਆਲੇ ਦਾ ਸਤੂਪਾ, ਗੋਰਖਨਾਥ ਦਾ ਟਿੱਲਾ, ਰਸੂਲ ਦੇ ਚੀਰ-ਪੜ, ਗੁਰੂ ਨਾਨਕ ਦਾ ਪੰਜਾ ਸਾਹਿਬ, ਪਿੰਡੀ ਦਾ ਬਰਤਾਨਵੀ ਕਿਲ੍ਹਾ ਅਤੇ ਪਾਕਿਸਤਾਨ ਦੀ ਰਾਜਧਾਨੀ—ਇਸ ਦੇ ਇਤਿਹਾਸਕ ਪਿਛੋਕੜ, ਸਭਿਆਚਾਰਕ ਵਿਰਸੇ, ਧਾਰਮਿਕ ਪ੍ਰਭੁਤਾ, ਸਾਹਿਤਕ ਉਪਜ, ਸੈਨਿਕ ਸਥਿਤੀ, ਸਮਾਜਕ ਚੇਤੰਨਤਾ ਤੇ ਰਾਜਨੀਤਕ ਮਹੱਤਾ ਦੇ ਪਰਤੱਖ ਸਬੂਤ ਹਨ।[1] ਇਸ ਦੇ ਵਸਨੀਕਾਂ ਦਾ ਹੁਸਨ-ਅਕਲ ਤੇ ਉੱਦਮ-ਉਤਸ਼ਾਹ, ਰਹਿਣੀ-ਬਹਿਣੀ ਤੇ ਕਾਰ-ਵਿਹਾਰ, ਖਾਣਪੀਣ ਤੇ ਪਹਿਨਣ-ਪਚਰਨ; ਉਨ੍ਹਾਂ ਦੀ ਕੌਡੀ ਤੇ ਨੇਜ਼ਾਬਾਜ਼ੀ ਮਾਹੀਏ ਤੇ ਢੋਲੇ; ਮਰਦਾਂ ਦੀ ਚਾਲ ਤੋਂ ਢਾਲ, ਤੀਵੀਆਂ ਦਾ ਸੁਚੱਜ ਤੇ ਸੁਨੱਖ—ਉਨ੍ਹਾਂ ਨੂੰ ਬਾਕੀ ਪੰਜਾਬੀਆਂ ਤੋਂ ਨਿਖੜਵੇਂ ਜਾਪਣ ਵਿਚ ਚੋਖਾ ਸਹਾਈ ਹੁੰਦਾ ਹੈ।

ਇਹ ਨਿੱਕਾ ਜਿਹਾ ਪਠਾਰੀ ਖੇਤਰ ਕਈ ਹੋਰ ਵਸਤਾਂ ਤੇ ਉਪਜਾਂ ਤੋਂ ਛੁਟ ਮਰਦ-ਮਖੇੜੀ (ਪੁਰਖ-ਉਪਜ) ਲਈ ਵੀ ਮਸ਼ਹੂਰ ਰਿਹਾ ਹੈ।[2] ਸਾਡੇ ਆਪਣੇ ਸਾਹਮਣੇ ਸਮੇਂ, ਭਾਵ ਵੀਹਵੀਂ ਸਦੀ, ਵਿਚ ਵੀ ਇਸ ਨੇ ਸੈਂਕੜੇ ਅਜਿਹੇ ਬੰਦਿਆਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਨੇ ਆਪੋ-ਆਪਣੇ ਵਿਸ਼ੇਸ਼ ਗੁਣਾਂ ਤੇ ਸੇਵਾ ਕਾਰਨ ਦੇਸ-ਪਰਦੇਸ ਵਿਚ ਮਿਸਾਲ ਵਜੋਂ ਹੇਠ ਲਿਖੇ ਅਨੁਸਾਰ, ਲਗਪਗ ਹਰ ਪੱਖੋਂ, ਹਰ ਖੇਤਰ ਵਿਚ ਚੋਖਾ ਨਾਂ ਤੇ ਥਾਂ ਪ੍ਰਾਪਤ ਕੀਤੀ ਹੈ :

1. ਧਾਰਮਿਕ ਖੇਤਰ : ਸ਼ਹੀਦ ਭਾਈ ਮਤੀਦਾਸ, ਬਾਬਾ ਕਾਨ ਸਿੰਘ, ਭਾਈ ਪੁਨਛੂ ਜੀ, ਸਰ ਬਾਬਾ ਖੇਮ ਸਿੰਘ (ਬੇਦੀ), ਬਾਬਾ ਹਰਾ ਸਿੰਘ (ਨਿਰੰਕਾਰੀ), ਗਿ. ਪ੍ਰਤਾਪ

---

1. ਪ੍ਰੋ. ਪੂਰਨ ਸਿੰਘ ਲਈ ਤਾਂ ਇਹ ਬੁਝ ਨਨਕਾਣਾ ਸਾਹਿਬ ਕੋਲ ਚਕ ਨੰ. 73/19 ਵਿਚ ਰਹਿੰਦਿਆਂ, ਆਪਣੇ ਜੀਵਨ ਦੇ ਅਗਲੇ ਸਾਲਾਂ ਵਿਚ ਵੀ ਨਿਰੰਤਰ ਤੇ ਭਰਪੂਰ ਪ੍ਰੇਰਨਾ ਦਾ ਸੋਮਾ ਬਣਿਆ ਰਿਹਾ ਹੈ। ਤਦੇ ਤਾਂ 1927 ਈ. ਵਿਚ ਆਪਣੀ ਸਵੈ-ਜੀਵਨੀ ਲਿਖਦਿਆਂ, ਉਨ੍ਹਾਂ ਦਸਿਆ ਹੈ :
Even today the Margalla pass, the holy Nanak fountain, Punja Sahib, the bleak dry hill of Vali Qandhari and that portion of Margalla of the Great Trunk Road, running from Calcutta to Peshawar, connecting India with Western Asia, inspires me. Mere sight of these places makes me feel young again, their magic effect is rejuvenation for me every time. Puran Singh, Prof., On Paths of Life, 1927. Delhi-1954, p. 6.

2. ਡਾ. ਐਮ. ਐਸ. ਰੰਧਾਵਾ ਅਨੁਸਾਰ :
In the foot-hills of Siwaliks in the districts of Rawalpindi and Jhelum is Pothohar, the land of poets thinkers and lovely women... Even now the brown soil of Pothohar and its bracing climate rear a race of men and women who are unusually handsome and surprisingly intelligent. On Path of Life, op, cit. Foreword, P.I.
ਗਿ. ਪਰਤਾਨ ਸਿੰਘ ਦਰਸ ਅਨੁਸਾਰ 'ਹਰ ਕੋਈ ਧਰਤੀ ਆਪਣੇ ਵੱਖਰੇ ਗੁਣਾਂ ਕਰਕੇ ਪ੍ਰਸਿੱਧੀ ਪ੍ਰਾਪਤ ਕਰਦੀ ਹੈ। ਕੋਈ ਧਰਤੀ ਖਾਣ-ਪੀਣ ਦੀਆਂ ਵਸਤੂਆਂ ਪੈਦਾ ਕਰਦੀ ਹੈ ..ਕੋਈ ਧਰਤੀ ਸੋਨਾ ਉਗਲਦੀ ਹੈ, ਪਰ ਪੋਠੋਹਾਰ ਦੀ ਧਰਤੀ ਦੀ ਕੁੱਖ ਵਿਚੋਂ ਲੇਖਕ, ਲੀਡਰ, ਸੰਤ, ਸਿਪਾਹੀ, ਕਲਾਕਾਰ, ਦਿਲਾਵਰ, ਮਹਾਤਮਾ, ਤਪੱਸਵੀ ਤੇ ਕੌਮ ਦੇ ਉਸਰੀਏ ਪੈਦਾ ਹੋਏ"।—ਵੇਖੋ : ਸਤ ਸਾਹਿਤ, ਅੰਮ੍ਰਿਤਸਰ 1973, ਪੰਨਾ 10

Sri Satguru Jagjit Singh Ji Elibrary NamdhariElibrary@gmail.com

ਸਿੰਘ (ਜਥੇਦਾਰ), ਗਿ. ਤੇਜਾ ਸਿੰਘ (ਹੈੱਡ ਗ੍ਰੰਥੀ), ਸ. ਗਿਆਨ ਸਿੰਘ (ਐਬਟਾਬਾਦੀ), ਬਖਸ਼ੀ ਗੁਰਚਰਨ ਸਿੰਘ, ਸ. ਜਸਵੰਤ ਸਿੰਘ ਕੋਛੜ, ਇਤਿਆਦਿ।

2. **ਸਾਹਿਤਕ ਖੇਤਰ :** ਸੇਂਟ ਨਿਹਾਲ ਸਿੰਘ, ਪ੍ਰੋ. ਪੂਰਨ ਸਿੰਘ, ਡਾ. ਸਿਧੇਸ਼ਵਰ ਵਰਮਾ, ਪ੍ਰਿੰ. ਤੇਜਾ ਸਿੰਘ, ਪ੍ਰੋ. ਸ਼ੇਰ ਸਿੰਘ, ਡਾ. ਮੋਹਨ ਸਿੰਘ, ਡਾ. ਗੋਪਾਲ ਸਿੰਘ, ਗਿਆਨੀ ਈਸ਼ਰ ਸਿੰਘ ਨਾਰਾ, ਗਿਆਨੀ ਧਨਵੰਤ ਸਿੰਘ ਸੀਤਲ, ਡਾ. ਹਰਦੇਵ ਬਾਹਰੀ, ਪ੍ਰੋ. ਮੋਹਨ ਸਿੰਘ, ਸ. ਕਰਤਾਰ ਸਿੰਘ ਦੁੱਗਲ, ਡਾ. ਸੀਤਾ ਰਾਮ ਬਾਹਰੀ, ਇਤਿਆਦਿ।

3. **ਕਲਾਤਮਕ ਖੇਤਰ :** ਸ੍ਰੀ ਸਤੀਸ਼ ਗੁਜਰਾਲ (ਚਿੱਤ੍ਰਕਾਰ), ਸ੍ਰੀ ਬਲਰਾਜ ਸਾਹਨੀ (ਫਿਲਮਕਾਰ), ਬੀਬੀ ਨੀਲਮ ਸਾਹਨੀ (ਸੰਗੀਤਕਾਰ) ਇਤਿਆਦਿ।

4. **ਵਿਗਿਆਨਕ ਖੇਤਰ :** ਪ੍ਰੋ. ਬੀਰਬਲ ਸਾਹਨੀ, ਪ੍ਰੋ. ਪੂਰਨ ਸਿੰਘ, ਇਤਿਆਦਿ।

5. **ਅਖ਼ਬਾਰੀ ਖੇਤਰ :** ਗਿ. ਹੀਰਾ ਸਿੰਘ ਦਰਦ, ਸ. ਅਮਰ ਸਿੰਘ (ਸ਼ੇਰੇ-ਪੰਜਾਬ), ਸ. ਜਗਜੀਤ ਸਿੰਘ ਆਨੰਦ, ਸ. ਮੁਬਾਰਕ ਸਿੰਘ, ਇਤਿਆਦਿ।

6. **ਵਿਦਿਅਕ ਖੇਤਰ :** ਸ. ਬ. ਪ੍ਰਿੰ. ਬਿਸ਼ਨ ਸਿੰਘ, ਭਗਤ ਲਕਸ਼ਮਨ ਸਿੰਘ, ਪ੍ਰਿੰ. ਭਾਈ ਜੋਧ ਸਿੰਘ, ਪ੍ਰਿੰ ਤੇਜਾ ਸਿੰਘ. ਪ੍ਰਿੰ. ਨਰਿੰਜਨ ਸਿੰਘ. ਪ੍ਰਿੰ. ਕਸ਼ਮੀਰਾ ਸਿੰਘ, ਹੈੱਡਮਸਟਰ ਮਹਿਤਾਬ ਸਿੰਘ, ਹੈੱਡਮਾਸਟਰ ਸੁੰਦਰ ਸਿੰਘ, ਹੈੱਡਮਾਸਟਰ ਅਭੈ ਸਿੰਘ, ਇਤਿਆਦਿ।

7. **ਸੈਨਕ ਖੇਤਰ :** ਜਨਰਲ ਸ਼ਾਹ ਨਿਵਾਜ਼ ਖਾਨ, ਜਨਰਲ ਜਗਜੀਤ ਸਿੰਘ ਅਰੋੜਾ, ਜਨਰਲ ਜ਼ੋਰਾਵਰ ਚੰਦ ਬਖਸ਼ੀ, ਜਨਰਲ ਪ੍ਰੀਤਮ ਸਿੰਘ ਚੋਧਰੀ, ਜਨਰਲ ਅਮਰੀਕ ਸਿੰਘ, ਜਨਰਲ ਸੂਰਜ ਪਰਕਾਸ਼ ਮਲਹੋਤਰਾ, ਜਨਰਲ ਚਰਨਜੀਤ ਸਿੰਘ, ਜਨਰਲ ਹਰੀਸ਼ ਕੁਮਾਰ ਬਖਸ਼ੀ, ਇਤਿਆਦਿ।

8. **ਰਾਜ-ਪ੍ਰਬੰਧਕ ਖੇਤਰ :** ਸਰ ਸਿਕੰਦਰ ਹਯਾਤ ਖਾਨ, ਸ. ਗੁਰਮੁਖ ਨਿਹਾਲ ਸਿੰਘ, ਗਿ. ਗੁਰਮੁੱਖ ਸਿੰਘ ਮੁਸਾਫ਼ਰ, ਸ੍ਰੀ ਇੰਦਰ ਕੁਮਾਰ ਗੁਜਰਾਲ, ਸ. ਰਾਜਿੰਦਰ ਸਿੰਘ, ਆਈ. ਜੀ., ਸ. ਜਸਵੰਤ ਸਿੰਘ ਬਸੂਰ, ਲਾ. ਕੇਦਾਰ ਨਾਥ, ਸ. ਬਲਵੰਤ ਸਿੰਘ ਆਨੰਦ, ਇਤਿਆਦਿ।

9. **ਰਾਜਨੀਤਕ ਖੇਤਰ :** ਮਾਸਟਰ ਤਾਰਾ ਸਿੰਘ, ਭਾਈ ਪਰਮਾਨੰਦ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਡਾ. ਮਥਰਾ ਦਾਸ, ਸ. ਪ੍ਰੇਮ ਸਿੰਘ ਪ੍ਰੇਮ, ਭਾ. ਹਰਨਾਮ ਸਿੰਘ ਗੁਜਰਖਾਨੀ, ਜਥੇਦਾਰ ਤੇਜਾ ਸਿੰਘ ਮੇਂਗਣ, ਸ. ਗੋਪਾਲ ਸਿੰਘ ਸਾਗਰੀ, ਸ੍ਰੀ ਅਵਤਾਰ ਸਿੰਘ ਮਲਹੋਤਰਾ, ਪ੍ਰਿੰ. ਸਤਿਬੀਰ ਸਿੰਘ, ਇਤਿਆਦਿ।

10. **ਕਾਨੂੰਨੀ ਖੇਤਰ :** ਚੀਫ-ਜਸਟਿਸ ਦੀਵਾਨ ਰਾਮ ਲਾਲ, ਚੀਫ-ਜਸਟਿਸ ਤੇਜਾ ਸਿੰਘ, ਚੀਫ-ਜਸਟਿਸ ਹਰਬੰਸ ਸਿੰਘ, ਜਸਟਿਸ ਹਰਨਾਮ ਸਿੰਘ, ਜਸਟਿਸ ਕਰਤਾਰ ਸਿੰਘ ਕੈਂਬਲਪੁਰੀ, ਜਸਟਿਸ ਗੁਰਦੇਵ ਸਿੰਘ, ਜਸਟਿਸ ਪ੍ਰੀਤਮ ਸਿੰਘ ਸਫੀਰ, ਸ. ਬ. ਬੇਅੰਤ ਸਿੰਘ, ਸ. ਗਿਆਨ ਸਿੰਘ ਵੋਹਰਾ, ਸ. ਹਰਬੰਸ ਸਿੰਘ ਗੁਜਰਾਲ, ਇਤਿਆਦਿ।

11. **ਡਾਕਟਰੀ ਖੇਤਰ :** ਡਾ. ਦੀਵਾਨ ਸਿੰਘ ਦੁੱਗਲ, ਡਾ. ਤੁਲਸੀ ਦਾਸ,

Sri Satguru Jagjit Singh Ji Elibrary NamdhariElibrary@gmail.com

ਡਾ. ਸੰਤੋਖ ਸਿੰਘ ਆਨੰਦ, ਡਾ. ਮਾਨ ਸਿੰਘ ਨਿਰੰਕਾਰੀ, ਡਾ. ਦੀਵਾਨ ਸਿੰਘ ਬਰਮਿੰਘਮ, ਡਾ. ਜਸਵੰਤ ਸਿੰਘ ਨੇਕੀ, ਇਤਿਆਦਿ ।

12. **ਸਰਕਾਰੀ ਪ੍ਰਤਿਨਿਧ** : ਸ.ਬ. ਮੋਹਨ ਸਿੰਘ (ਐਡਵਾਈਜ਼ਰ, ਇੰਡੀਆ ਆਫਿਸ, ਲੰਡਨ), ਮਲਕ ਹਰਦਿੱਤ ਸਿੰਘ (ਐਮਬੈਸੇਡਰ, ਫਰਾਂਸ), ਸ. ਅਮਰੀਕ ਸਿੰਘ ਮਹਿਤਾ (ਐਮਬੈਸੇਡਰ, ਸਵਿਟਜ਼ਰਲੈਂਡ), ਡਾ. ਗੋਪਾਲ ਸਿੰਘ (ਐਮਬੈਸੇਡਰ, ਗੀਆਨਾ), ਇਤਿਆਦਿ ।

13. **ਫੁਟਕਲ** : ਸ. ਉੱਤਮ ਸਿੰਘ ਦੁੱਗਲ (ਠੇਕੇਦਾਰ), ਚੌ. ਜੈ ਸਿੰਘ ਕੋਹਲੀ (ਚੌਧਰੀ), ਸ. ਸੰਤ ਸਿੰਘ ਸਾਹਨੀ (ਸਨੱਅਤਕਾਰ), ਸ. ਹਰਨਾਮ ਸਿੰਘ ਸੂਰੀ (ਦਾਨੀ), ਭਾਈ ਮੋਹਨ ਸਿੰਘ (ਵਪਾਰੀ), ਭਗਤ ਜਸਵੰਤ ਸਿੰਘ (ਪੰਥ ਸੇਵਕ), ਸ. ਬ. ਸਰੂਪ ਸਿੰਘ (ਐਂਜਨੀਅਰ), ਸ. ਸੁਜਾਨ ਸਿੰਘ (ਰਈਸ) ।

ਇਸ ਸੁੰਦਰ ਤੇ ਸੁਪ੍ਰਸਿੱਧ ਇਲਾਕੇ ਦੀ ਸਥਾਨਕ ਬੋਲੀ ਦਾ ਨਾਂ ਉਸੇ ਤਰ੍ਹਾਂ 'ਪੋਠੋਹਾਰੀ' ਹੈ, ਜਿਸ ਤਰ੍ਹਾਂ ਪੰਜਾਬ ਦੇ ਕੇਂਦਰੀ ਖੇਤਰ, ਮਾਝੇ, ਦੀ ਬੋਲੀ ਦਾ ਨਾਂ 'ਮਾਝੀ' ਹੈ । ਇਹ ਸਮੁੱਚੇ ਪੰਜਾਬ ਦੀ ਮਾਤ-ਬੋਲੀ, "ਪੰਜਾਬੀ" ਦੀ ਉਸੇ ਤਰ੍ਹਾਂ ਦੀ ਇਕ ਤਰ੍ਹਾਂ ਦੀ ਉਪਬੋਲੀ ਹੈ ਜਿਸ ਤਰ੍ਹਾਂ ਦੀ ਕਿ "ਡੂਗਰ" ਇਲਾਕੇ ਦੀ ਉਪਬੋਲੀ 'ਡੋਗਰੀ' ਤੇ ਮਾਲਵੇ ਦੀ 'ਮਲਵਈ' ਹੈ। ਭਾਵੇਂ ਪੰਜਾਬੀ ਦੀਆਂ ਉਪਬੋਲੀਆਂ ਦੇ ਨਾਂ, ਖੇਤਰ ਤੇ ਗਿਣਤੀ ਵੱਖ ਵੱਖ ਵਿਦਵਾਨਾਂ ਤੇ ਭਾਸ਼ਾ-ਵਿਗਿਆਨੀਆਂ ਦੀ ਵਿਚਾਰ ਅਨੁਸਾਰ ਭਿੰਨ ਭਿੰਨ ਦੱਸੀ ਜਾਂਦੀ ਰਹੀ ਹੈ ।

(2)

ਮੁੱਢਲੇ ਪੱਛਮੀ ਭਾਸ਼ਾ-ਵਿਗਿਆਨੀਆਂ ਵਿਚੋਂ ਡਾ. ਹਾਰਨਲੇ ਨੇ ਇਸ ਨੂੰ ਪੰਜਾਬੀ ਦੀਆਂ ਕੇਵਲ ਦੋ ਮੁਖ ਉਪਬੋਲੀਆਂ (ਉੱਤਰੀ ਤੇ ਦੱਖਣੀ ਪੰਜਾਬੀ) ਵਿਚੋਂ ਮਗਰਲੀ ਭਾਵ 'ਮੁਲਤਾਨੀ', ਵਿਚ ਹੀ ਸ਼ਾਮਲ ਕਰ ਲਿਆ ਸੀ ।[1] ਸਰ ਰਿਚਰਡ ਟੈਂਪਲ ਨੇ ਪੰਜਾਬ ਦੀਆਂ 'ਚਾਰ' ਮੁਖ ਉਪਬੋਲੀਆਂ (ਦੱਖਣੀ, ਮਾਝੀ, ਪਹਾੜੀ, ਅਤੇ ਉੱਤਰੀ) ਗਿਣਦਿਆਂ, 'ਪੋਠੋਹਾਰੀ' ਨੂੰ ਉੱਤਰੀ ਉਪਬੋਲੀ (Northern Dialect) ਦਾ ਨਾਂ ਦਿੱਤਾ ਸੀ ।[2] ਸਾਡੀ ਜਾਚੇ, ਭਾਈ ਮਈਆ ਸਿੰਘ ਹੀ ਪਹਿਲੇ ਵਿਦਵਾਨ ਤੇ ਕੋਸ਼ਕਾਰ ਹਨ ਜਿਨ੍ਹਾਂ ਨੇ ਇਸ ਨੂੰ ਪਹਿਲੀ ਵਾਰ ਸੁਤੰਤਰ ਤੇ ਸਪੱਸ਼ਟ ਤੌਰ ਤੇ ਵਰਨਣ ਕਰਦਿਆਂ, 1895 ਈ. ਵਿਚ ਲਿਖਿਆ ਸੀ :

> The Punjabi consists of three distinct dialects, the Multani, the Pothohari, and the Pahari.[3]

ਅਨੁਵਾਦ : "ਪੰਜਾਬੀ ਦੀਆਂ ਤਿੰਨ ਵਿਸ਼ਿਸ਼ਟ ਉਪਬੋਲੀਆਂ ਹਨ : ਮੁਲਤਾਨੀ, ਪੋਠੋਹਾਰੀ

1. Hoernle, A.F.R., A Comparative Grammar of the Guardian Languages with special reference to Eastern Hindi, Bonn-1880.
2. Temple, Sir, R.C. Punjab Notes and Queries, Bomby-December, 1883.
3. Maya Singh, Bhai, the Punjabi Dictionary, Lahore, 1895.

Sri Satguru Jagjit Singh Ji Elibrary NamdhariElibrary@gmail.com

ਤੇ ਪਹਾੜੀ" ਆਪਣੇ ਸਮੇਂ ਦੇ ਪੰਜਾਬ ਵਿਚ ਪ੍ਰਚੱਲਿਤ ਬੋਲੀਆਂ ਉਪਬੋਲੀ ਦੀ ਭੂਗੋਲਿਕ ਵੰਡ ਦਸਦਿਆਂ, ਉਨ੍ਹਾਂ ਨੇ ਇਸ ਖੇਤਰ ਵਿਚ ਹੇਠ-ਲਿਖਿਆ ਇਲਾਕਾ ਸ਼ਾਮਲ ਮੰਨਿਆ ਸੀ :

> Pothohari : Rawalpindi, Jhelum, Shahpur, part of Gujrat, part of Hazara and cis-Indus Bannu.[1]

ਇਉਂ ਉਨ੍ਹਾਂ ਦੇ ਵਿਚਾਰ ਅਨੁਸਾਰ, ਪੋਠੋਹਾਰੀ ਉਪਰ ਦੱਸੇ ਰਾਵਲਪਿੰਡੀ, ਜਿਹਲਮ ਤੇ ਹਜ਼ਾਰੇ ਦੇ ਜ਼ਿਲਿਆਂ ਤੋਂ ਇਲਾਵਾ, ਸ਼ਾਹਪੁਰ, ਗੁਜਰਾਤ ਤੇ ਅਟਕੋਂ ਪਾਰ ਬੰਨੂੰ ਵਿਚ ਵੀ ਬੋਲੀ ਜਾਂਦੀ ਹੈ। ਗੁਜਰਾਤ, ਜਿਹਲਮ ਤੇ ਰਾਵਲਪਿੰਡੀ ਦੇ ਪਹਾੜ ਨਾਲ ਲਗਦੇ ਇਲਾਕੇ ਦੀ ਬੋਲੀ ਨੂੰ ਉਨ੍ਹਾਂ ਨੇ 'ਪਹਾੜੀ' ਦਸਿਆ ਸੀ। ਇਉਂ ਹੀ, ਭਾਈ ਬਿਸ਼ਨ ਦਾਸ ਪੁਰੀ ਨੇ ਪੰਜਾਬੀ ਦੀ ਰੂਪ-ਵੰਡ ਕਰਦਿਆਂ, ਤੇ ਇਸ ਦੇ ਚਾਰ ਮੁਖ ਭੇਦ ਠੇਠ ਪੰਜਾਬੀ, 'ਪੋਠੋਹਾਰੀ', 'ਲਹਿੰਦਾ' ਤੇ 'ਪਹਾੜੀ' ਦਸਦਿਆਂ, ਲਿਖਿਆ ਸੀ :

> "2. ਪੋਠੋਹਾਰੀ : ਇਹ ਪੋਠੋਹਾਰ (ਅਟਕ ਅਤੇ ਜੇਹਲਮ ਨਦੀ ਦੀ ਵਿਚਲੀ ਧਰਤੀ) ਦੀ ਬੋਲੀ ਹੈ।"[2]

ਮੀਆਂ ਮੌਲਾ ਬਖਸ਼ ਕੁਸ਼ਤਾ ਅਨੁਸਾਰ "ਪੰਜਾਬੀ ਪੰਜਾਂ ਦਰਿਆਵਾਂ..., ਪੰਜਾਂ ਬਾਰਾਂ... ਬਹੁਤ ਕਰਕੇ ਪੰਜਾਂ ਬੋਲੀਆਂ...ਦਾ ਮਿਲਗੋਭਾ ਹੈ।" ਉਨ੍ਹਾਂ ਨੇ ਵੀ 'ਪੋਠੋਹਾਰੀ' ਨੂੰ 'ਮਾਝੀ' ਤੋਂ ਬਾਅਦ 'ਦੂਜੀ' ਥਾਂ ਦੇਂਦਿਆਂ, ਇਸ ਨੂੰ "ਗੁਜਰਾਤ, ਜੇਹਲਮ ਆਦਿਕ" ਦੀ ਉਪਬੋਲੀ ਮੰਨਿਆ ਹੈ।[3]

ਪਰੰਤੂ ਗਰੀਅਰਸਨ ਨੇ ਗਲਤੀ ਨਾਲ 'ਲਹਿੰਦੀ' ਤੇ 'ਪੰਜਾਬੀ' ਨੂੰ ਦੋ ਵੱਖ ਵੱਖ ਬੋਲੀਆਂ ਸਮਝ ਕੇ, 'ਪੋਠੋਹਾਰੀ' ਨੂੰ 'ਲਹਿੰਦੀ' ਦੀ ਹੀ ਇਕ ਉਪਬੋਲੀ ਵਿਦਤ ਕੀਤਾ ਹੈ, ਅਤੇ ਇਸ ਨੂੰ ਉਸ ਦੀ 'ਉੱਤਰ-ਪੂਰਬੀ ਉਪਬੋਲੀ ਦਾ ਇਕ ਰੂਪ ਮੰਨਦਿਆਂ ਲਿਖਿਆ ਹੈ :

> Lahanda has three main dialects, a Southren or standard, a North-Eastern and a North-Western. Each of these have several sub-dialects.

ਅਰਥਾਤ : ਲਹਿੰਦਾ ਦੀਆਂ ਤਿੰਨ ਉਪਬੋਲੀਆਂ ਹਨ—ਇਕ ਦੱਖਣੀ ਜਾਂ ਟੈਕਸਾਲੀ, ਇਕ ਉੱਤਰ-ਪੂਰਬੀ ਅਤੇ ਇਕ ਉੱਤਰ-ਪੱਛਮੀ। ਹਰ ਇਕ ਦੀਆਂ ਕਈ ਅਧੀਨ ਉਪ-ਬੋਲੀਆਂ ਹਨ"।

> The Lahanda of this (i.e. Gujrat district) has various names according to locality : West of the Pabbi Range, which is here the dividing line, it is Pothwari,

1. Ibid.
2. ਪੁਰੀ, ਭਾਈ ਬਿਸ਼ਨ ਦਾਸ, ਪੰਜਾਬੀ ਸ਼ਬਦ ਭੰਡਾਰ, ਲਾਹੌਰ-1922 ਉਥਾਨਕਾ, ਪੰ. 1.
3. ਕੁਸ਼ਤਾ, ਮੀਆਂ ਮੌਲਾ ਬਖਸ਼, ਪੰਜਾਬ ਦੇ ਹੀਰੇ, ਅੰਮ੍ਰਿਤਸਰ-1932, ਪੰ. 28.

Sri Satguru Jagjit Singh Ji Elibrary NamdhariElibrary@gmail.com

> a form of the North-Eastern dialect of Lahanda.[1]

ਅਰਥਾਤ : "ਇਸ (ਭਾਵ ਜ਼ਿਲ੍ਹਾ ਗੁਜਰਾਤ) ਦੀ 'ਲਹਿੰਦਾ' ਦੇ, ਸਥਾਨਕ ਸਥਿਤੀ ਅਨੁਸਾਰ ਕਈ ਨਾਂ ਹਨ। ਪੱਬੀ ਸਿਲਸਿਲੇ ਦੇ ਪੱਛਮ ਵਲ ਜੋ ਇਥੇ ਨਿਖੇੜਵੀਂ ਸੀਮਾਂ ਵਜੋਂ ਸਥਿਤ ਹੈ, ਇਸ ਦਾ ਨਾਂ 'ਪੋਠਵਾਰੀ' ਹੈ ਜੋ ਕਿ 'ਲਹਿੰਦਾ' ਦਾ ਇਕ ਉੱਤਰ-ਪੂਰਬੀ ਰੂਪ-ਭੇਦ ਹੈ।" ਅਗੇਰੇ ਜਾ ਕੇ ਫਿਰ ਦਸਿਆ ਹੈ :

> The proper line of the North-Eastern dialect of Lahanda is the Eastern third of the Salt Range and the Pothwar Plain.[2]

ਅਰਥਾਤ "ਲਹਿੰਦਾ" ਦੀ ਉਕਤ ਉੱਤਰ-ਪੂਰਬੀ ਉਪਬੋਲੀ ਦੀ ਯੋਗ ਸੀਮਾ ਸੁਲੇਮਾਨ ਸਿਲਸਿਲੇ ਦਾ ਤੀਜਾ ਪੂਰਬੀ ਭਾਗ ਤੇ ਪੋਠੋਹਾਰ ਦਾ ਮੈਦਾਨੀ ਭਾਗ ਹੈ।" ਗ੍ਰੀਅਰਸਨ ਨੇ ਇਸ ਦਾ ਰੂਪ-ਭੇਦ ਦਸਦਿਆਂ ਆਪਣੇ ਵਲੋਂ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ :

> The form (of the North-Eastern Lahanda) spoken in the Pothwar tract is always known as Pothwari. That of the Murree Hills is simply called Pahari or the Hill language.[3]

ਭਾਗ "ਉੱਤਰ-ਪੂਰਬੀ ਲਹਿੰਦਾ ਦਾ ਜਿਹੜਾ ਰੂਪ ਪੋਠੋਹਾਰ ਵਿਚ ਬੋਲਿਆ ਜਾਂਦਾ ਹੈ, ਉਹ ਸਦਾ 'ਪੋਠੋਹਾਰੀ' ਮੰਨਿਆ ਜਾਂਦਾ ਹੈ। ਮਰੀ ਦੀਆਂ ਪਹਾੜੀਆਂ ਦੇ ਉਪ-ਭਾਖਾਈ ਰੂਪ ਨੂੰ ਪਹਾੜੀ ਜਾਂ ਪਰਬਤ ਦੀ ਬੋਲੀ ਆਖਿਆ ਜਾਂਦਾ ਹੈ।" ਪਰ ਗ੍ਰੀਅਰਸਨ ਦੀ ਇਹ ਧਾਰਨਾ ਕਿ 'ਲਹਿੰਦਾ' ਤੇ ਪੰਜਾਬੀ ਦੋ ਵੱਖ-ਵੱਖ ਭਾਸ਼ਾਵਾਂ ਹਨ, ਬਿਲਕੁਲ ਗਲਤ ਹੈ। 'ਲਹਿੰਦਾ' (ਅਸਲ ਵਿਚ 'ਲਹਿੰਦੀ' ਭਾਵ ਪੰਜਾਬ ਦੇ ਲਹਿੰਦੇ ਪਾਸੇ ਦੀ ਬੋਲੀ) ਪੰਜਾਬੀ ਦਾ ਨਿਗਰ ਤੇ ਮੁੱਢ-ਕਦੀਮੀ ਅੰਗ ਹੈ। ਇਹ ਟਕਸਾਲੀ ਪੰਜਾਬੀ ਦੀ ਇਕ ਮੁਖ ਉਪਬੋਲੀ, ਇਕ ਮਾਣਕਰਨ ਯੋਗ ਸ਼ਾਖ ਹੈ।[4] "ਲਹਿੰਦੀ" ਅਤੇ 'ਪੂਰਬੀ ਪੰਜਾਬੀ' (ਨਿਰਸੰਦੇਹ) ਇਕੋ ਰੂਪ ਦੀਆਂ ਦੋ ਟਾਹਣੀਆਂ ਹਨ ਜਿਨ੍ਹਾਂ ਉਤੇ ਚੁਗਿਰਦੇ ਦਾ ਅਸਰ ਪੈਣ ਕਰਕੇ ਕੁਝ ਵਖੇਵੇਂ ਪ੍ਰਤੀਤ ਹੁੰਦੇ ਹਨ।"[5] ਪ੍ਰੋ. ਸੇਖੋਂ ਨੇ 'ਲਹਿੰਦੀ' ਨੂੰ ਪੰਜਾਬ ਦੀਆਂ "ਤਿੰਨ ਵੱਡੀਆਂ ਉਪ-ਭਾਸ਼ਾਵਾਂ" ਵਿਚ ਪਹਿਲ ਦੇ ਕੇ, ਇਸ ਦੇ ਰੂਪ-ਭੇਦ, 'ਮੁਲਤਾਨੀ' ਤੇ 'ਪੋਠੋਹਾਰੀ' ਸਿਧ ਕੀਤੇ ਹਨ।[6] ਅਜੋਕੇ ਵਿਦਵਾਨਾਂ ਤੇ ਭਾਸ਼ਾ-ਵਿਗਿਆਨੀਆਂ ਵਿਚੋਂ ਡਾ. ਪ੍ਰੇਮ ਪਰਕਾਸ਼ ਸਿੰਘ ਤੇ ਸ. ਪਿਆਰਾ ਸਿੰਘ ਪਦਮ ਨੇ ਵੀ ਇਸ ਨੂੰ ਵੱਖਰੀ ਤੇ ਸਿਰਕੱਢ

---

1. Grierson, Linguistic Survey of India, vol. IX, op. cit , p. 239.
2. Ibid, p. 239.
3. Ibid, p. 242.
4. ਤੇਜਾ ਸਿੰਘ, ਪ੍ਰਿੰ., ਸਾਹਿਤ ਦਰਸ਼ਨ, ਪਟਿਆਲਾ—1951, ਪੰਨਾ 20 21, ਬਾਹਰੀ, ਡਾ. ਹਰਦੇਵ, ਪੰਜਾਬੀ ਤੇ ਲਹਿੰਦੀ, ਪਟਿਆਲਾ 1959, ਪੰਨਾ 13.
5. ਦੁਨੀ ਚੰਦ ਪ੍ਰਿੰ., ਪੰਜਾਬੀ ਭਾਸ਼ਾ ਦਾ ਵਿਕਾਸ, ਚੰਡੀਗੜ੍ਹ-1959, ਮੁਖਬੰਧ (ਵਲੋਂ ਪ੍ਰਿੰ. ਜੋਧ ਸਿੰਘ)।
6. ਸੇਖੋਂ, ਪ੍ਰੋ. ਸੰਤ ਸਿੰਘ, ਪੰਜਾਬੀ ਬੋਲੀ ਦਾ ਇਤਿਹਾਸ, ਪਟਿਆਲਾ-1961.

Sri Satguru Jagjit Singh Ji Elibrary NamdhariElibrary@gmail.com

ਉਪਬੋਲੀ ਮੰਨਿਆ ਹੈ।[1] ਪਦਮ ਨੇ ਤਾਂ ਪੰਜਾਬੀ ਦੀਆਂ ਉਪਬੋਲੀਆਂ ਦੀ ਗਿਣਤੀ 'ਛੇ' ਦਸਦਿਆਂ, ਇਸ ਨੂੰ ਉਨ੍ਹਾਂ ਦੀ ਸੂਚੀ ਵਿਚ ਪਰਮੁਖ ਥਾਂ ਦਿਤੀ ਹੈ।[2]

(3)

ਪੋਠੋਹਾਰੀ ਨੂੰ ਦਿੱਤੀ ਗਈ ਇਹ ਪਹਿਲ ਇਸ ਦੀ ਵਿਸ਼ੇਸ਼ਤਾ ਤੋਂ ਛੁੱਟ, ਇਸ ਦੀ ਪ੍ਰਾਚੀਨਤਾ ਤੇ ਪ੍ਰਭਾਵ ਦੀ ਸਾਖ ਵੀ ਭਰਦੀ ਹੈ। ਇਹ ਉਸ ਇਲਾਕੇ ਤੇ ਉਸ ਦੇ ਆਲੇ-ਦੁਆਲੇ ਦੀ ਬੋਲੀ ਹੈ ਜਿਸ ਵਿਚ ਸੰਸਾਰ ਦੀ ਸਭ ਤੋਂ ਪਹਿਲੀ ਪੁਸਤਕ "ਰਿਗ ਵੇਦ" ਦੀ ਰਚਨਾ ਹੋਈ ਦੱਸੀ ਜਾਂਦੀ ਹੈ, ਜਿਸ ਵਿਚ ਟੈਕਸਲਾ ਦੀ ਸੰਸਾਰ-ਪ੍ਰਸਿੱਧ ਯੂਨੀਵਰਸਿਟੀ ਪ੍ਰਫੁਲਿਤ ਰਹੀ ਹੈ, ਜਿਸ ਵਿਚ ਪੰਜਾਬੀ ਦੀ ਹੁਣ ਤਕ ਪ੍ਰਾਪਤ ਹੋ ਸਕੀ ਸਭ ਤੋਂ ਪੁਰਾਣੀ ਕਵਿਤਾ ਤੇ ਵਾਰਤਕ ਲਿਖੀ ਹੋਈ ਮਿਲਦੀ ਹੈ।

ਤਦੇ ਤਾਂ ਇਸ ਵਿਚ ਪੁਰਾਣੀ ਵੈਦਿਕ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੇ ਕਈ ਅਜਿਹੇ ਲਫ਼ਜ਼, ਲਫਜ਼ੀ ਬਣਤਰਾਂ ਤੇ ਉਨ੍ਹਾਂ ਦੀਆਂ ਕਈ ਆਵਾਜ਼ਾਂ ਅਜੇ ਤਕ ਪ੍ਰਚੱਲਿਤ ਮਿਲਦੀਆਂ ਹਨ ਜੋ ਕੇਂਦਰੀ ਪੰਜਾਬੀ ਜਾਂ ਇਸ ਦੀਆਂ ਹੋਰ ਉਪਬੋਲੀਆਂ ਵਿਚ ਨਜ਼ਰ ਨਹੀਂ ਆਉਂਦੀਆਂ ਅਤੇ ਜੋ ਹਿੰਦੀ ਤੇ ਉਰਦੂ ਸਹਿਤ, ਪੰਜਾਬੀ ਤੋਂ ਬਾਅਦ ਵਿਕਸੀਆਂ ਦੇਸੀ ਜਾਂ ਸਮਕਾਲੀ ਪਰਾਂਤਕ ਬੋਲੀਆਂ ਵਿਚੋਂ ਅਲੋਪ ਹੋ ਚੁੱਕੀਆਂ ਹਨ।[3] ਇਸ ਵਿਚ, ਮਿਸਾਲ ਵਜੋਂ, ਹੇਠ ਲਿਖੇ ਲਫ਼ਜ਼ਾਂ ਦੀ ਹੋਂਦ ਤੇ ਨਿਤ ਵਰਤੋਂ ਇਸ ਗੱਲ ਤੇ ਗੁਣ ਦਾ ਪਰਤੱਖ ਸਬੂਤ ਹੈ :

ਜਾਤਕ (ਮੁੰਡਾ), ਜੰਘ (ਲਤ), ਜਵਾਤਰਾ (ਜਵਾਈ), ਅਛਣਾ (ਆਉਣਾ), ਗਛਣਾ (ਜਾਣਾ) ਇਹ ਤਾਂ ਆਮ ਬੋਲ-ਚਾਲ ਤੋਂ ਇਲਾਵਾ, ਪੋਠੋਹਾਰੀ ਅਖਾਣਾਂ ਵਿਚ ਵੀ ਅਜੇ ਤਕ ਇਉਂ ਸੁਰੱਖਿਅਤ ਹਨ :

1. ਨਾ ਦੇਈਂ ਬਾਬਲ ਢੱਲੇ[4]
ਸਿਰ ਪੀੜ, ਕਲੇਜਾ ਹੱਲੇ;
ਬਾਹਾਂ ਰਹੀਆਂ ਚੱਕੀ
ਜੰਘਾਂ ਰਹੀਆਂ ਢੱਕੀ;
ਨੈਣ ਵੰਞਾਏ ਰੋ ਰੋ,
ਸਿਰ ਖੁਥਾ ਪਾਣੀ ਢੋ ਢੋ

3. ਲੋਕੋ ਅਗੋ
'ਜਾਤਕੋ' ਪਿਛੋ।[5]

---

1. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਲੁਧਿਆਣਾ 1955, ਪੰਨਾ 311; ਪਦਮ, ਸ. ਪਿਆਰਾ ਸਿੰਘ ਪੰਜਾਬੀ ਬੋਲੀ ਦਾ ਇਤਿਹਾਸ, ਜਲੰਧਰ 1969, ਪੰ. 320.
2. ਉਕਤ, ਪੰਨਾ 321.
3. Teja Singh, Prof., The Claims of Panjabi, Amritsar 1949, pp. 3-4
4. ਇਕ ਪ੍ਰਸਿੱਧ ਪੋਠੋਹਾਰੀ ਪਿੰਡ ਜਿਥੋਂ ਦੀ ਔਖੀ ਸਥਿਤੀ ਤੇ ਮੁਸ਼ਕਲ ਰਹਿਣੀ-ਬਹਿਣੀ ਕਿਸੇ ਮੁਟਿਆਰ ਨੂੰ ਉਥੇ ਵਿਆਹੇ ਜਾਣ ਤੋਂ ਹਟਕਦੀ ਹੈ, ਅਤੇ ਉਹ ਆਪਣੇ ਪਿਤਾ ਨੂੰ ਇਉਂ ਵਾਸਤੇ ਪਾ ਕੇ ਕਹਿੰਦੀ ਹੈ।
5. ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਹੁਸ਼ਿਆਰ ਬੰਦਾ ਕਿਤੇ ਔਖੀ ਸਥਿਤੀ ਵਿਚ ਪੈਣ ਤੋਂ ਆਪਣੇ ਸਕਿਆਂ ਨੂੰ ਤਾਂ ਵਰਜ ਕੇ ਰਖੇ, ਪਰ ਬਿਗਾਨੇ ਲੋਕਾਂ ਨੂੰ ਅਗੇ ਧੁਲਣ ਦੀ ਕਰੇ।

Sri Satguru Jagjit Singh Ji Elibrary NamdhariElibrary@gmail.com

ਇਉਂ ਹੀ, ਇਸ ਵਿਚ ਸੰਯੁਕਤ ਧੁਨੀਆਂ ਦੇ ਉਸ 'ਰ' ਨੂੰ ਵੀ ਅਜੇ ਤਕ ਸੰਭਾਲ ਕੇ ਰਖਿਆ ਹੋਇਆ ਹੈ ਜੋ "ਸਿੱਧਾ ਵੈਦਕ ਭਾਸ਼ਾ ਸੰਸਕ੍ਰਿਤ ਅਤੇ ਪ੍ਰਾਕ੍ਰਿਤਾਂ ਦੀ ਪੱਧਰ ਤੋਂ ਜਿਉਂ ਦਾ ਤਿਉਂ ਚਲਿਆ ਆਉਂਦਾ ਹੈ।"[1] ਹੋਰ ਤਾਂ ਹੋਰ, ਪੂਰਬੀ ਪੰਜਾਬੀ ਵੀ ਇਸ ਨੂੰ ਗੰਵਾ ਬੈਠੀ ਹੈ, ਪਰ ਪੋਠੋਹਾਰੀ ਵਿਚ ਇਹ ਅਜੇ ਤਕ ਉਸੇ ਤਰ੍ਹਾਂ ਮੌਜੂਦ ਹੈ। ਜਿਵੇਂ :

ਸੰਸਕ੍ਰਿਤ ਦਾ 'ਸੂਤ੍ਰ' ਤੇ 'ਨਿੰਦ੍ਰਾ' ਕੇਂਦਰੀ ਪੰਜਾਬੀ ਤੇ
ਹਿੰਦੀ ਉਰਦੂ ਵਿਚ 'ਸੂਤਾ' ਅਤੇ 'ਨੀਂਦ' ਬਣ ਗਿਆ
ਹੈ, ਪਰ ਪੋਠੋਹਾਰੀ ਵਿਚ ਇਹ ਅਜੇ ਤਕ 'ਸੂਤਰ'
ਤੇ 'ਨੀਦਰਾਂ ਕਰਕੇ ਪ੍ਰਚੱਲਿਤ ਹੈ।

ਇਹੋ ਹਾਲ ਲਫ਼ਜ਼ੀ ਬਣਤਰਾਂ ਦੀ ਵਰਤੋਂ ਵਿਚ ਵਿਦਤ ਹੈ ਜਿਨ੍ਹਾਂ ਦੀ ਰੁਚੀ ਅਜੇ ਤਕ ਗੁੰਦਵੀਂ ਜਾਂ ਗੁੰਟਵੀਂ ਹੈ। ਇਨ੍ਹਾਂ ਵਿਚ ਕੇਂਦਰੀ ਪੰਜਾਬੀ ਤੇ ਇਸ ਦੀਆਂ 'ਸਰੀਕਣਾਂ', ਹਿੰਦੀ-ਉਰਦੂ, ਵਾਂਗ ਕਰਤਾ, ਕਰਮ, ਕਿਰਿਆ, ਪੜਨਾਂਵ ਤੇ ਸੰਬੰਧਕ ਆਦਿ ਨਿਖੇੜ ਕੇ ਵਰਤਣ ਦੀ ਥਾਂ, ਹੁਣ ਤਕ ਗੁੰਦਵੇਂ ਤੇ ਸੰਯੁਕਤ ਰੂਪ ਵਿਚ ਵਰਤੇ ਜਾ ਰਹੇ ਹਨ। ਉਦਾਹਰਣ ਵਜੋਂ :

'ਮਾਰਦਾਈਸੁ, : ਉਹ ਉਸ ਨੂੰ ਮਾਰਦਾ ਪਿਆ ਹੈ।
"ਸਦਾਇਸੁ ਅਰੁ ਆਖਿਓਸੁ"[2]। ਉਸ ਨੂੰ ਉਸ ਨੇ
ਬੁਲਵਾਇਆ ਅਤੇ ਉਸ ਨੂੰ ਆਖਿਆ।

ਇਉਂ ਹੀ ਵੈਦਕ ਸੰਸਕ੍ਰਿਤ ਤੇ ਭਵਿੱਖਵਾਚੀ ਕਿਰਿਆ-ਰੂਪਾਂ ਦੀ ਵਰਤੋਂ ਵਿਚ ਵੀ ਇਹ ਕੇਵਲ ਕੇਂਦਰੀ ਪੰਜਾਬੀ ਤੋਂ ਹੀ ਨਹੀਂ, ਭਾਰਤ ਦੀਆਂ ਬਾਕੀ ਵਰਤਮਾਨ ਬੋਲੀਆਂ ਤੋਂ ਵੀ ਵਿਲੱਖਣ[3] ਦੱਸੀ ਜਾਂਦੀ ਹੈ। ਜਿਵੇਂ :

---

1. ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ ਪੰਜਾਬੀ ਅਤੇ ਉੱਤਰ-ਭਾਰਤੀ ਭਾਸ਼ਾਵਾਂ, ਪਟਿਆਲਾ-1970 ਵਿਚ 'ਪੁਣਛੀ, ਡੋਗਰੀ ਅਤੇ ਪੰਜਾਬੀ' ਨਾਂ ਦਾ ਲੇਖ ਕ੍ਰਿਤ ਪ੍ਰੋ. ਉਜਲ ਸਿੰਘ ਬਾਹਰੀ, ਪੰ. 106.
2 ਵਲੈਤ ਵਾਲੀ ਜਨਮਸਾਖੀ, ਭਾਈ ਵੀਰ ਸਿੰਘ ਸੰਪਾਦਿਤ 'ਪੁਰਾਤਨ ਜਨਮਸਾਖੀ' ਅੰਮ੍ਰਿਤਸਰ, 1926, ਪੰ. 9.
3 ਪੋਠੋਹਾਰੀ ਦੀਆਂ ਕੁਝ ਹੋਰ ਵਿਲੱਖਣਤਾਈਆਂ ਤੇ ਵਿਆਕਰਣਿਕ ਵਿਸ਼ੇਸ਼ਤਾਈਆਂ ਨਿਮਨ-ਲਿਖਤ ਹਨ :
   1. ਅਜੋਕੀ ਕੇਂਦਰੀ ਪੰਜਾਬੀ ਵਿਚ ਆਮ ਵਰਤੀਂਦੇ ਸੰਬੰਧਕਾਂ—'ਦਾ', 'ਦੇ', ਦੀ ਥਾਂ ਤੇ 'ਨਾ' 'ਨੇ' ਅਤੇ 'ਦੀਆਂ' ਦੀ ਥਾਂ 'ਨੀਆਂ' ਵਰਤਿਆ ਜਾਂਦਾ ਹੈ। ਜਿਵੇਂ "ਰਾਮ ਨਾ ਘਰ, "ਰਾਮ ਨੇ ਕਪੜੇ", "ਰਾਮ ਨੀ ਜੁਤੀ" ਤੇ "ਰਾਮ ਨੀਆਂ ਕਿਤਾਬਾਂ"। ਇਉਂ ਹੀ 'ਨੂੰ' ਦੀ ਥਾਂ 'ਕੀ' ਤੇ 'ਆਂ' ਬੋਲਿਆ ਜਾਂਦਾ ਹੈ। ਜਿਵੇਂ—"ਰਾਮ ਨੂੰ ਮਿਲ" ਦੀ ਥਾਂ "ਰਾਮ ਕੀ ਮਿਲ" ਜਾਂ "ਰਾਮ ਆਂ ਮਿਲ"।
   2. ਕੇਂਦਰੀ ਪੰਜਾਬੀ ਦੇ ਪੜਨਾਂਵ ਦੇ ਸ਼ੁਰੂ ਵਿਚ ਅੰਕਿਤ 'ਉ' ਤੇ 'ਇ' ਨੂੰ 'ਹ' ਤੇ 'ਹਿ' ਕਰਕੇ ਬੋਲਿਆ ਜਾਂਦਾ ਹੈ। ਜਿਵੇਂ 'ਉਸ' ਦੀ ਥਾਂ 'ਹੁਸ' 'ਇਸ' ਦੀ ਥਾਂ 'ਹਿਸ'।
   3. ਕੇਂਦਰੀ ਪੰਜਾਬੀ ਦੇ ਕ੍ਰਿਆ-ਵਿਸ਼ੇਸ਼ਣ ਕਿਥੇ, 'ਕਿਧਰ' ਤੇ 'ਕਿਸ' ਆਪਣੀ 'ਸਿਹਾਰੀ' ਦੀ ਥਾਂ 'ਔਂਕੜ' ਨੂੰ ਦੇ ਕੇ 'ਕੁਥੇ', 'ਕੁਧਰ' ਤੇ 'ਕੁਸ' ਕਰਕੇ ਬੋਲੇ ਜਾਂਦੇ ਹਨ।

(ਬਾਕੀ ਪੰਨਾ 93 ਤੇ ਵੇਖੋ)

Sri Satguru Jagjit Singh Ji Elibrary NamdhariElibrary@gmail.com

ਕੇਂਦਰੀ ਪੰਜਾਬੀ ਤੇ ਹਿੰਦੀ-ਉਰਦੂ ਵਿਚ
ਵਰਤੀਂਦੇ 'ਆਏਗਾ', 'ਹੋਵੇਗਾ', ਤੇ 'ਰਹੇਗਾ'
ਆਦਿ ਦੀ ਥਾਂ ਪੋਠੋਹਾਰੀ ਵਿਚ 'ਆਸੀ', 'ਹੋਸੀ',
ਤੇ 'ਰਹਿਸਣ' ਆਦਿ ਵਰਤੇ ਜਾਂਦੇ ਹਨ।

---

(ਪੰਨਾ 92 ਦੀ ਬਾਕੀ)

4. ਕੇਂਦਰੀ ਪੰਜਾਬੀ ਦੇ ਆਮ ਜਾਂ ਖ਼ਾਸ ਨਾਵਾਂ ਦੇ ਪਿਛੇ 'ਲਾਂ' ਜਾਂ 'ਬਿਹਾਰੀ' ਲਾ ਕੇ ਇਉਂ ਲਿਖਿਆ ਜਾਂ ਬੋਲਿਆ ਜਾਂਦਾ ਹੈ: "ਰਾਮ ਨੂੰ ਬੁਲਾਉ" ਦੀ ਥਾਂ "ਰਾਮੇ ਕੀ ਸੁਲਾਉ", "ਮੱਝ ਨੂੰ ਚੋ ਲੈ" ਦੀ ਥਾਂ "ਮਝੀ ਕੀ ਚੋ ਲੈ"
5. ਕੇਂਦਰੀ ਪੰਜਾਬੀ ਦੇ ਕਈ ਸਾਕਾਂ-ਸੰਬੰਧੀਆਂ ਨੂੰ 'ਉ' ਦੀ ਆਵਾਜ਼ ਵਧਾ ਕੇ ਬੁਲਾਇਆ ਜਾਂਦਾ ਹੈ। ਜਿਵੇਂ—"ਭੈਣ ਤੇ ਭਰਾ ਦੇ ਘਰ" ਦੀ ਥਾਂ "ਭੈਣੂ ਤੇ ਭਰਾਉ ਨੇ ਘਰ"।
6. ਕੇਂਦਰੀ ਪੰਜਾਬੀ ਦੇ ਕਈ ਨਾਵਾਂ ਦੇ ਪਹਿਲੇ ਅੱਖਰ ਨਾਲ 'ਕੰਨਾ' ਦੀ ਆਵਾਜ਼ ਵਧੀ ਹੋਈ ਹੁੰਦੀ ਹੈ। ਜਿਵੇਂ 'ਹਥ' ਦੀ ਥਾਂ 'ਹਾਥ' ਅਤੇ 'ਘਰ' ਦੀ ਥਾਂ 'ਘਾਰ'।
7. ਕੇਂਦਰੀ ਪੰਜਾਬੀ ਦੀ ਕਿਰਿਆ 'ਗਾ' 'ਗੀ' ਦੀ ਥਾਂ 'ਸਾ' 'ਸੀ' ਵਰਤੀ ਜਾਂਦੀ ਹੈ। ਜਿਵੇਂ, "ਮੈਂ ਆਵਾਂਗਾ" ਦੀ ਥਾਂ "ਮੈਂ ਆਸਾਂ" ਅਤੇ "ਮੈਨਾ ਜਾਵੇਗੀ" ਦੀ ਥਾਂ "ਮੈਂ ਜਾਸੀ"।
8. ਕੇਂਦਰੀ ਪੰਜਾਬੀ ਦੀਆਂ ਸਮਾਸੀ ਕਿਰਿਆਵਾਂ ਦੀ ਪਹਿਲੀ ਮੁਕਤ-ਅੰਤ ਵਾਲੀ ਕਿਰਿਆ ਨਾਲ 'ਬਿਹਾਰੀ' ਵਧਾ ਕੇ ਉਸ ਦੀ ਆਵਾਜ਼ ਲੰਮਕਾਈ ਗਈ ਹੁੰਦੀ ਹੈ। ਜਿਵੇਂ "ਡਰ ਕੇ ਜੀਉਣਾ" ਦੀ ਥਾਂ "ਡਰੀ ਕੇ ਜੀਵਣਾ"।
9. ਕੇਂਦਰੀ ਪੰਜਾਬੀ ਦੀ ਅਪੂਰਨ ਕਿਰਿਆ 'ਸੀ' ਤੇ 'ਸਨ' ਦੀ ਥਾਂ 'ਸਾ' ਜਾਂ 'ਸੀਆ' ਵਰਤੀ ਹੋਈ ਮਿਲਦੀ ਹੈ। ਜਿਵੇਂ "ਰਾਮ ਆਇਆ ਸੀ" ਦੀ ਥਾਂ "ਰਾਮ ਆਇਆ ਸਾ" ਅਤੇ "ਦੋਵੇਂ ਭੈਣਾਂ ਆਈਆਂ ਸਨ" ਦੀ ਥਾਂ "ਦੋਵੇਂ ਭੈਣਾਂ ਆਈਆ ਸੀਆ"।
10. ਖ਼ਾਸ ਨਾਵਾਂ ਦੇ ਪੁਲਿੰਗ ਰੂਪਾਂ ਦੇ ਅੰਤਲੇ ਹਿੱਸੇ ਨੂੰ 'ਲਾਂ' ਲਾ ਕੇ ਬੁਲਾਇਆ ਜਾਂਦਾ ਹੈ। ਜਿਵੇਂ "ਈਸ਼ਰ ਸਿੰਘ ਦੀ ਹਵੇਲੀ" ਦੀ ਥਾਂ "ਈਸ਼ਰ ਸਿੰਘ ਨੀ ਹਵੇਲੀ"—ਇਤਿਆਦਿ।

ਪੋਠੋਹਾਰੀ ਵਿਚ ਇਹ ਆਮ ਕਿਹਾ ਜਾਂਦਾ ਹੈ ਕਿ "ਬੋਲੀ ਬਾਰ੍ਹਾਂ ਕੋਹਾਂ ਬਾਅਦ ਬਦਲਦੀ ਜਾਂਦੀ ਹੈ।" ਇਹ ਕਥਨ ਇਸ ਦੀ ਆਪਣੀ ਬੋਲੀ ਬਾਰੇ ਕਈ ਪੱਖੋਂ ਸੋਲ੍ਹਾਂ ਆਨੇ ਠੀਕ ਜਾਪਦਾ ਹੈ। ਮਿਸਾਲ ਵਜੋਂ—ਕੇਂਦਰੀ ਪੰਜਾਬੀ ਦੇ ਪੜਨਾਂਵ 'ਮੈਨੂੰ' ਤੇ 'ਤੈਨੂੰ'—

1. ਜਿਹਲਮੋਂ ਕੰਢਨ ਪਾਰ 'ਮੰਨੂੰ' ਤੇ 'ਤਨੂੰ'
2. ਹਜ਼ਾਰੇ ਵਲ 'ਮਾਂਹ' ਤੇ 'ਤਾਂਹ'
3. ਰਤਾ ਅਗੇਰੇ 'ਮਿਕੀ' ਤੇ 'ਤੁਕੀ' ਅਤੇ
4. ਹੋਰ ਅਗੇਰੇ 'ਮਿੰਘੀ' ਤੇ 'ਤੁੰਘੀ'

ਬਣ ਜਾਂਦੇ ਹਨ।

ਗਰੀਅਰਸਨ ਨੇ ਭੂਗੋਲਿਕ ਸਥਿਤੀ ਤੇ ਉਸ ਦੇ ਅਸਰ ਨੂੰ ਮੁਖ ਰਖਦਿਆਂ ਪੋਠੋਹਾਰੀ ਨੂੰ ਦੋ ਤਰ੍ਹਾਂ ਦੀ ਦਸਿਆ ਹੈ। ਉਨ੍ਹਾਂ ਨੇ ਰਾਵਲਪਿੰਡੀ ਤੇ ਉਸ ਦੇ ਨਾਲ ਲਗਦੇ ਮੈਦਾਨੀ ਖੇਤਰ ਦੀ ਬੋਲੀ ਨੂੰ 'ਮੈਦਾਨੀ ਪੋਠੋਹਾਰੀ' ਅਤੇ ਮਰੀ ਦੀਆਂ ਪਹਾੜੀਆਂ ਵਿਚ ਬੋਲੀ ਜਾਂਦੀ ਨੂੰ 'ਪਹਾੜੀ ਪੋਠੋਹਾਰੀ' ਆਖਿਆ ਹੈ। ਇਹੋ ਬੋਲੀ ਲਗਪਗ ਇਸੇ ਲਹਿਜੇ ਨਾਲ ਮੈਂ ਆਪਣੀ ਅਲੌਕੀ (ਸੰਨ 1975 ਦੀ)

(ਬਾਕੀ ਪੰਨਾ 94 ਤੇ ਵੇਖੋ)

Sri Satguru Jagjit Singh Ji Elibrary NamdhariElibrary@gmail.com

ਮਿਸਾਲ ਵਜੋਂ

ਮੈਂ ਸੁਹਦਾ ਮਰ ਖ਼ਾਕ 'ਰੁਲੇਸਾਂ' ਝਲ ਹਿੰਜਰ ਦੀ ਕਾਨੀ
ਜੋ ਰੱਬ ਸੱਚੇ ਰੌਸ਼ਨ ਕੀਤੇ 'ਰਹਿਸਣ' ਸੁਖ਼ਨ ਨਿਸ਼ਾਨੀ ।[1]

ਕਿਸੇ ਅਜਿਹੇ ਪ੍ਰਭਾਵ ਹੇਠ ਹੀ ਅੰਮ੍ਰਿਤਸਰ ਦੇ ਜੰਮ-ਪਲ ਭਾਈ ਵੀਰ ਸਿੰਘ ਨੇ ਆਪਣਾ ਇਕ ਗੀਤ ਇਉਂ ਸ਼ੁਰੂ ਕੀਤਾ ਹੋਇਆ ਹੈ :

ਆਪ ਗਿਆ ਢੋਲਾ, ਲੋਢੇ ਪਹਿਰ 'ਆਸਾ'
ਲੌਢਾ-ਪਹਿਰ ਆਇਆ, ਢੋਲਾ ਨਹੀਂ ਆਇਆ ।
ਆਪ 'ਘੱਲਿਓਸ', ਸੰਝਾਂ ਪਈ 'ਆਸਾਂ'
ਸੰਝਾਂ ਸਮਾਂ ਆਇਆ, ਢੋਲਾ ਨਹੀਂ ਆਇਆ ।[2]

(4)

ਪੋਠੋਹਾਰੀ ਦੀਆਂ ਕੁਝ ਅਜਿਹੀਆਂ ਨਿੱਜੀ ਵਿਸ਼ੇਸ਼ਤਾਈਆਂ ਤੇ ਵਿਲੱਖਣਤਾਈਆਂ ਨੇ ਜਿਥੇ ਪੰਜਾਬੀ ਦੀ ਸਨਾਤਨਤਾ ਨੂੰ ਕਾਇਮ ਰਖਿਆ ਹੈ, ਉਥੇ ਇਸ ਨੂੰ ਆਪਣੇ ਪਿਛੋ ਤੇ ਵਿਰਸੇ ਨਾਲ ਵੀ ਜੋੜੀ ਰਖਿਆ ਹੈ । "ਪੁਰਾਣੇ ਤੋਂ ਪੁਰਾਣੇ ਅੰਸ਼ਾਂ ਨੂੰ ਵਫ਼ਾਦਾਰੀ ਨਾਲ ਸੰਭਾਲ ਕੇ ਸੁਰੱਖਿਅਤ ਰਹਿਣ ਦੇਣਾ ਪੁਰਾਤਨ ਸੁੱਚਮ ਹੈ । ਵੈਦਿਕ ਭਾਸ਼ਾ ਦੇ ਸ਼ਬਦ ਜਿਹੜੇ ਬਾਕੀ ਬੋਲੀਆਂ ਵਿਚ ਗਾਇਬ ਹਨ, ਉਹ ਅੱਜ ਦੀ ਪੰਜਾਬੀ ਵਿਚ ਮਿਲਦੇ ਹਨ......ਪਾਲੀ ਤੇ ਪ੍ਰਾਕ੍ਰਿਤਾਂ ਦਾ ਜੀਵੰਤ ਰੂਪ ਅੱਜ ਦੀ ਪੰਜਾਬੀ ਹੈ । ਤਕਸ਼ਸ਼ਿਲਾ ਦਾ ਬੋਧ ਭਿਕਸ਼ੂ ਜੇ ਅਜ ਪੰਜਾਬੀ ਨੂੰ ਸੁਣੇ ਤਾਂ ਇਸ ਬੋਲੀ ਨੂੰ ਸਮਝਣ ਲਈ ਉਸ ਨੂੰ ਕੋਈ ਬਹੁਤਾ ਖਪੈਣਾ ਨਾ ਪਵੇ"[3] । ਇਹ ਤਕਸ਼ਸ਼ਿਲਾ (ਟੈਕਸਲਾ) ਜਿਥੇ ਬੁਧ ਧਰਮ ਅਤੇ ਵਿਦਿਆ-ਸਿਖਿਆ ਦਾ ਸੰਸਾਰ-ਪ੍ਰਸਿੱਧ ਕੇਂਦਰ ਸੀ, ਉਥੇ ਪੋਠੋਹਾਰੀ-ਬੋਲਦੇ ਇਲਾਕੇ ਦਾ ਮਾਨੋਂ ਧੁਰਾ ਵੀ ਸੀ। ਇਸੇ ਲਈ ਉੱਘੇ ਭਾਰਤੀ ਵਿਦਵਾਨ ਤੇ ਵਿਗਿਆਨੀ ਸੁਰਗਵਾਸੀ ਪ੍ਰੋ. ਓਮ ਪ੍ਰਕਾਸ਼ ਕਾਹੋਲ ਨੇ ਲਿਖਿਆ ਹੈ : "ਸੰਸਕ੍ਰਿਤ ਨਾਲ ਇਸ ਵੇਲੇ ਜਿੰਨਾ ਨੇੜੇ ਦਾ ਸੰਬਧ ਪੰਜਾਬੀ ਦਾ ਹੈ, ਉਨ੍ਹਾ ਸੰਸਾਰ ਦੀ ਕਿਸੇ ਹੋਰ ਭਾਸ਼ਾ ਦਾ ਨਹੀਂ । ਸੰਸਕ੍ਰਿਤ ਅਤੇ

---

(ਪੰਨਾ 93 ਦੀ ਬਾਕੀ)

ਕਸ਼ਮੀਰ ਯਾਤਰਾ ਦੇ ਦੌਰਾਨ ਬਾਰਾਮੂਲਾ ਦੇ ਸਿੱਖ ਪਿੰਡਾਂ (ਕਾਨਸਪੁਰਾ ਤੇ ਸਿੰਘਪੁਰਾ ਆਦਿ) ਵਿਚ ਬੋਲੀਂਦੀ ਸੁਣੀ ਹੈ । ਜਿਥੋਂ ਤਕ 'ਮੈਦਾਨੀ ਪੋਠੋਹਾਰੀ' ਦਾ ਸੰਬੰਧ ਹੈ, ਉਸ ਦੀਆਂ ਬਾਹਾਂ ਗੁਜਰਾਤ ਦੇ ਉੱਤਰੀ ਹਿੱਸੇ ਨੂੰ ਵੀ ਜਾ ਛੋਂਹਦੀਆਂ ਹਨ । ਇਸ ਦੇ ਵੀ ਅਗੋਂ ਦੋ ਰੂਪ ਪ੍ਰਗਟ ਹਨ । ਇਕ ਤਾਂ ਉਹ ਜੋ ਪੋਠੋਹਾਰੀ ਪਿੰਡਾਂ ਦੇ ਵਸਨੀਕ ਸਹਿਜ-ਸਭਾ ਬੋਲਦੇ ਹਨ ਅਤੇ ਦੂਜਾ ਉਹ ਜੋ ਪੱਛਮੀ ਵਿਦਿਆ, ਸ਼ਹਿਰੀ ਰਹਿਣੀ ਤੇ 'ਕੇਂਦਰੀ ਪੰਜਾਬੀ ਜੀਵਨ' ਦੇ ਪ੍ਰਭਾਵ ਹੇਠ ਜੰਮੇ-ਪਲੇ, ਪੜ੍ਹੇ-ਲਿਖੇ ਜਾਂ ਰਹੇ-ਬਹੇ ਪੋਠੋਹਾਰੀ ਵਰਤਦੇ ਹਨ । ਜਿਵੇਂ ਮਾੜਾ-ਤੁਹਾੜਾ/ਮੇਂਡਾ-ਤੇਂਡਾ, ਅਵਣਾ-ਜਵਣਾਂ/ਆਨਾ ਜਾਨਾ, ਇਤਿਆਦਿ ।

1. ਵੇਖੋ : ਮੁਹੰਮਦ ਬਖਸ਼ ਮੀਆਂ, ਸੈਫ਼ੁਲ ਮਲੂਕ ਦਾ ਬਦੀਅ ਉਲ ਜਮਾਲ-1862 ਈ. (ਮਲਕ ਦੀਨ ਮੁਹੰਮਦ ਐਡੀਸ਼ਨ, ਲਾਹੌਰ) ।
2. ਵੇਖੋ : ਵੀਰ ਸਿੰਘ, ਭਾਈ, ਖਿੜਲੀਆਂ ਦੇ ਹਾਰ, ਅੰਮ੍ਰਿਤਸਰ-1927 ਈ., ਪੰ. 15.
3. ਵੇਖੋ : ਹਰਕੀਰਤ ਸਿੰਘ, ਡਾ., ਪੰਜਾਬੀ ਬਾਰੇ, ਪਟਿਆਲਾ—1966, ਪੰ. 15.

Sri Satguru Jagjit Singh Ji Elibrary NamdhariElibrary@gmail.com

ਪ੍ਰਾਕ੍ਰਿਤ ਦੀ ਕੁੰਜੀ ਪੰਜਾਬੀ ਹੈ—ਸੰਸਾਰ ਦੀਆਂ ਕਿਸੇ ਵੀ ਹੋਰ ਦੋ ਭਾਸ਼ਾਵਾਂ ਨੂੰ ਇੰਨੇ ਪੱਕੇ ਨਿਯਮਾਂ ਦੁਆਰਾ ਇਕ ਦੂਜੀ ਵਿਚ ਪਲਟਾਇਆ ਨਹੀਂ ਜਾ ਸਕਦਾ ਜਿਸ ਤਰ੍ਹਾਂ ਸੰਸਕ੍ਰਿਤ ਨੂੰ ਪੰਜਾਬੀ ਵਿਚ, ਜਾਂ ਇਸ ਦੇ ਵਿਪਰੀਤ।[1]

ਵਰਤਮਾਨ ਪੰਜਾਬੀ ਦਾ ਵੈਦਿਕ ਦੀ ਨਿਕਟਤਮ ਸੰਤਾਨ ਹੋਣ ਤੇ ਉਸ ਦਾ ਸੰਸਕ੍ਰਿਤ ਨਾਲ ਅਜਿਹਾ ਅਤਿ ਨਜ਼ਦੀਕੀ ਸੰਬੰਧ ਸਿਧ ਹੋ ਸਕਣ ਦਾ ਮੁੱਖ-ਆਧਾਰ ਵੈਦਿਕ ਸੰਸਕ੍ਰਿਤ ਦੇ ਉਹ ਮੂਲ ਤੱਤ, ਪਰਪਾਟੀਆਂ ਤੇ ਸ਼ਲੇਸ਼ਾਤਮਕ ਵਿਵਹਾਰ ਹੈ ਜਿਸ ਨੂੰ ਇਸ ਦੀ ਉਪਬੋਲੀ "ਪੋਠੋਹਾਰੀ" ਨੇ ਅਜੇ ਤਕ ਸੰਭਾਲ ਰਖਿਆ ਹੈ, ਅਤੇ ਜਿਸ ਦੀ ਸਹਿਜ-ਸੁਭਾ ਵਰਤੋਂ ਉਸ ਨੂੰ ਬੋਲਣ ਵਾਲੇ ਲੋਕ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਅਜੇ ਤਕ ਕਰ ਰਹੇ ਹਨ। ਇਸ ਲਈ ਪੋਠੋਹਾਰੀ ਦੀ ਸਾਡੀ ਸਰਬ ਪ੍ਰਵਾਨ ਕੇਂਦਰੀ ਤੇ ਟਕਸਾਲੀ ਬੋਲੀ, ਪੰਜਾਬੀ, ਨੂੰ ਇਹ ਦੇਣ ਜਿਥੇ ਨਿਗਰ ਤੇ ਵਿਲੱਖਣ ਹੈ, ਉਥੇ ਇਤਿਹਾਸਕ ਤੇ ਯਾਦਗਾਰੀ ਵੀ ਹੈ।

ਇਹ ਇਸ ਲਈ ਵੀ ਕਿ ਡਾ. ਚੇਟਰਜੀ ਅਨੁਸਾਰ, ਪੰਜਾਬ ਵਿਚ ਨਵੇਂ ਆ ਵਸੇ ਆਰੀਆ ਲੋਕਾਂ ਦੀ ਬੋਲਚਾਲ ਦੀ ਬੋਲੀ ਦੇ ਬਣ ਚੁੱਕੇ ਤਿੰਨ ਵਰਗਾਂ ਵਿਚੋਂ 'ਉਦੀਚਯ' ਜਾਂ ਉੱਤਰੀ ਜਾਂ ਉੱਤਰ-ਪੱਛਮੀ ਸ਼ਾਖਾ (ਜੋ ਅਣਵੰਡੇ ਪੰਜਾਬ ਦੇ ਉੱਤਰ-ਪੱਛਮ ਵਲ ਛਾਈ ਹੋਈ ਸੀ) ਸਭ ਤੋਂ ਉੱਤਮ ਸਮਝੀ ਜਾਂਦੀ ਸੀ। ਇਸ ਨੇ ਆਪਣਾ ਰੂੜ੍ਹਵਾਦੀ ਸੁਭਾ ਕਾਇਮ ਰਖਿਆ ਅਤੇ ਇਹ ਪਰਾਚੀਨ ਹਿੰਦ-ਆਰਿਆਈ ਭਾਸ਼ਾ ਦੇ ਵੀ ਸਭ ਤੋਂ ਵੱਧ ਨੇੜੇ ਰਹੀ। ਇਸ ਦੇ ਉਲਟ, ਪੂਰਬੀ ਭਾਸ਼ਾ ਇੰਨੀ ਅਸ਼ੁੱਧ ਹੋ ਚੁੱਕੀ ਸੀ ਕਿ ਬ੍ਰਾਹਮਣ ਦੇ ਮਨ ਵਿਚ ਉਸ ਲਈ ਕੋਈ ਪਿਆਰ, ਸਤਿਕਾਰ ਜਾਂ ਦਿਲਚਸਪੀ ਨਹੀਂ ਸੀ। ਪੂਰਬ ਵਲ ਰਹਿੰਦਿਆਂ ਵੀ, ਉਸ ਦਾ ਧਿਆਨ ਪੱਛਮੀ ਪ੍ਰਦੇਸ਼ ਵਲ ਹੀ ਟਿਕਿਆ ਰਿਹਾ ਜੋ ਵੈਦਿਕ ਸਭਿਅਤਾ ਦਾ ਸਭ ਤੋਂ ਪਹਿਲਾ ਕੇਂਦਰ ਸੀ ਅਤੇ ਜਿਥੇ ਆਰੀਆ ਭਾਸ਼ਾ ਆਪਣੇ ਸ਼ੁੱਧ ਰੂਪ ਵਿਚ ਵਰਤੀ ਜਾ ਰਹੀ ਸੀ। ਚੰਗੇ ਭਾਗੀਂ, ਇਸੇ ਉੱਤਰ-ਪੱਛਮੀ ਪ੍ਰਦੇਸ਼ ਵਿਚ, ਅਟਕ ਦੇ ਨੇੜੇ ਸ਼ਾਲਾਤੁਰ ਨਾਂ ਦੇ ਪਿੰਡ ਵਿਖੇ, ਪਾਣਿਨੀ ਨਾਂ ਦੇ ਇਕ ਮਹਾਨ ਵਿਆਕਰਣੀ ਦਾ ਜਨਮ ਹੋਇਆ ਜਿਸ ਨੇ ਉਕਤ ਟੈਕਸਲਾ ਵਿਚ ਹੀ ਵਿਦਿਆ ਪ੍ਰਾਪਤ ਕੀਤੀ ਅਤੇ ਆਪਣੇ ਵਿਆਕਰਣ ਦਵਾਰਾ ਉਸ ਉੱਤਮ ਭਾਸ਼ਾ ਨੂੰ ਸਦਾ ਲਈ ਟਕਸਾਲੀ ਤੇ ਨੇਮਬਧ ਰੂਪ ਦੇ ਦਿੱਤਾ ਜਿਸ ਦਾ ਮੂਲ-ਆਧਾਰ ਉਕਤ 'ਉਦੀਚਯ' ਬੋਲੀ ਹੀ ਸੀ।[2] ਪੋਠੋਹਾਰੀ ਲਗਪਗ ਉਸੇ ਪ੍ਰਦੇਸ਼ ਤੇ ਉਸ ਦੀ ਉਸੇ ਭਾਸ਼ਾ ਦੀ ਹੀ ਇਕ ਅਜੋਕੀ ਵਾਰਸ ਕਹੀ ਜਾ ਸਕਦੀ ਹੈ। ਸਾਡੀ ਅਤਿ ਪਿਆਰੀ ਕੇਂਦਰੀ ਪੰਜਾਬੀ ਦਾ ਅਜਿਹੇ ਅਮੀਰ ਵਿਰਸੇ ਨਾਲ ਅਜਿਹਾ ਮਾਣ ਕਰਨ ਯੋਗ ਸੰਬੰਧ, ਮੇਰੀ ਜਾਚੇ, ਲਗਪਗ ਇਸੇ ਸਦਕੇ ਹੁਣ ਤਕ ਕਾਇਮ ਰਹੇਗਾ।

---

1. ਕਾਹੋਲ, ਪ੍ਰ. ਓਮ ਪ੍ਰਕਾਸ਼, 'ਪ੍ਰਾਕ੍ਰਿਤ ਅਤੇ ਪੰਜਾਬੀ', ਚੰਡੀਗੜ੍ਹ-1960, ਪੰ. 612.
   ਹੋਰ ਵੇਖੋ Spokesman Weekly, New Delhi, dated 12 October, 1959.
2. Chatterji, Prof. Dr. Suniti Kumar, Indo-Aryan and Hindi, Ahmedabad-1942, pp. 60, 65.
   ਹੋਰ ਵੇਖੋ, ਭਾਟੀਆ, ਡਾ. ਕੈਲਾਸ਼ ਚੰਦਰ, 'ਬ੍ਰਜਭਾਸ਼ ਔਰ ਖੜੀ ਬੋਲੀ ਕਾ ਤੁਲਨਾਤਮਕ ਅਧਿਐਨ', ਪੰ. 2.

Sri Satguru Jagjit Singh Ji Elibrary NamdhariElibrary@gmail.com

(5)

ਜਿਥੋਂ ਤਕ ਬਦੇਸ਼ੀ ਬੋਲੀਆਂ ਦਾ ਸੰਬੰਧ ਹੈ, ਪੋਠੋਹਾਰੀ ਨੇ ਅਰਬੀ-ਫ਼ਾਰਸੀ ਤੇ ਤੁਰਕੀ-ਪਸ਼ਤੋ ਆਦਿ ਤੋਂ ਲਏ ਕਈ ਸ਼ਬਦਾਂ ਤੇ ਸ਼ਬਦ-ਬਣਤਰਾਂ ਨੂੰ ਵੀ, ਅਜੇ ਤਕ, ਗਲੇ ਲਾਇਆ ਹੋਇਆ ਹੈ। ਉਸ ਦੀ ਇਸ ਸੂਚੀ ਵਿਚ ਸੰਚਿਤ ਕਈ ਲਫਜ਼ ਅਜਿਹੇ ਵੀ ਹਨ ਜੋ ਕੇਂਦਰੀ ਪੰਜਾਬੀ ਤਾਂ ਕੀ ਸ਼ਾਇਦ ਹੀ ਕਿਸੇ ਹੋਰ ਵਰਤਮਾਨ ਦੇਸੀ ਬੋਲੀ ਵਿਚ ਅਜੇ ਤਕ ਇਉਂ ਤਤਸਮ ਜਾਂ ਤਦਭਵ ਰੂਪ ਵਿਚ ਵਰਤੇ ਜਾ ਰਹੇ ਹੋਣ। ਉਦਾਹਰਣ ਵਜੋਂ :

1. ਕਾਸ਼ਕ : ਚਮਚਾ (ਤਤਸਮ)
2. ਬੂਜ਼ੋ : ਬੂਜ਼ੀਨਾ ਭਾਵ ਬੰਦਰ (ਤਦਭਵ)
3. ਜੰਦਰ : ਜਰਿੰਦਾ ਭਾਵ ਚੱਕੀ (ਤਦਭਵ)
4. ਠਿੱਪਰ : ਟੀਪਰ ਭਾਵ ਸ਼ਲਗਮ (ਤਦਭਵ)
5. ਰਾਜੂਨਾਵਾਂ : ਰਾਜੀਨਾਮਾ ਭਾਵ ਸਮਝੌਤਾ (ਤਦਭਵ) ਹਫੜਾ-ਦਫੜੀ : ਅਫਰਾ-ਤਫਰੀ, ਭਾਵ, ਭਾਜੜ (ਤਦਭਵ)
6. ਕਰਦ : ਕਾਰਦ ਭਾਵ ਛੁਰੀ (ਤਦਭਵ)
7. ਤੰਬੀ : ਤੰਬਾਨ ਭਾਵ ਮਰਦਾਵੀਂ ਸਲਵਾਰ (ਤਦਭਵ)
3. ਸੁਥਣ : ਸੁਤਸ਼ਨ ਭਾਵ ਜ਼ਨਾਨਾ ਸਲਵਾਰ (ਤਦਭਵ)

ਇਸ ਦਾ ਮੁਖ ਕਾਰਨ ਇਹ ਹੈ ਕਿ ਪੰਜਾਬ ਦਾ ਇਹ ਉੱਤਰ-ਪੱਛਮੀ ਇਲਾਕਾ ਬਹੁਤ ਦੇਰ ਤਕ ਅਰਬੀ ਫ਼ਾਰਸੀ ਤੇ ਤੁਰਕੀ-ਬੋਲਦੇ ਲੋਕਾਂ ਦੇ ਹੱਲਿਆਂ ਲਈ ਪਾਇਦਾਨ ਅਤੇ ਉਨ੍ਹਾਂ ਦੇ ਰਾਜ-ਕਾਜ ਦਾ ਭਾਗ ਬਣਿਆ ਰਿਹਾ ਹੈ। ਇਸੇ ਕਰਕੇ ਇਸ ਇਲਾਕੇ ਦੀ ਬੋਲੀ ਜਾਂ ਉਪਬੋਲੀ ਹਿੰਦੁਸਤਾਨ ਦੀ ਸਭ ਤੋਂ ਪਹਿਲੀ ਬੋਲੀ ਜਾਂ ਉਪਬੋਲੀ ਹੈ ਜਿਸ ਦਾ ਸਿਧਾ ਸੰਪਰਕ ਉਨ੍ਹਾਂ ਨਾਲ ਸਭ ਤੋਂ ਪਹਿਲਾਂ ਹੁੰਦਾ ਰਿਹਾ ਹੈ। ਹਿੰਦੂ ਵੀ ਤੇ ਇਸਲਾਮੀ ਸਭਿਆਚਾਰ ਦਾ ਮੇਲ ਵੀ ਪਹਿਲਾਂ ਮੁਲਤਾਨ ਵਿਚ ਹੀ ਅੱਠਵੀਂ ਦੀਸਵੀ ਸਦੀ ਵਿਚ ਹੋਇਆ ਸੀ। ਮਹਿਮੂਦ ਗਜ਼ਨਵੀ ਤੇ ਉਸ ਦੀ ਸੰਤਾਨ ਦੇ ਰਾਜ ਸਮੇਂ ਬਹੁਤ ਸਾਰੇ ਤੁਰਕ ਤੇ ਈਰਾਨੀ ਸਿਪਾਹੀ, ਕਰਮਚਾਰੀ ਤੇ ਕਾਰੀਗਰ ਆਦਿ ਉੱਤਰ-ਪੰਜਾਬ ਵਿਚ ਆ ਵਸੇ ਸਨ। ਉਨ੍ਹਾਂ ਵਿਚੋਂ ਬਹੁਤਿਆਂ ਦੇ ਘਰ-ਘਾਟ ਵੀ ਪੱਛਮੀ-ਪੰਜਾਬੀ ਤੀਵੀਆਂ ਨੇ ਹੀ ਆਬਾਦ ਕੀਤੇ ਹੋਏ ਸਨ। ਪੱਛਮੀ ਪੰਜਾਬ ਵਿਚ ਨਵੇਂ ਬਣੇ ਮੁਸਲਮਾਨਾਂ ਦੀ ਗਿਣਤੀ ਵੀ ਦਿਨੋਂ-ਦਿਨ ਵੱਧ ਰਹੀ ਸੀ। "ਹਿੰਦੁਸਤਾਨੀ ਮੁਸਲਮਾਨਾਂ ਦੀ ਸਾਹਿਤਕ ਤੇ ਸਭਿਆਚਾਰਕ ਬੋਲੀ ਫ਼ਾਰਸੀ ਸੀ, ਧਾਰਮਿਕ ਗ੍ਰੰਥ ਅਰਬੀ ਵਿਚ ਸਨ; ਸ਼ਾਹੀ ਟੱਬਰ ਘਰ ਵਿਚ ਤੁਰਕੀ ਬੋਲਦੇ ਸਨ ਅਤੇ ਰਾਜ-ਦਰਬਾਰ ਵਿਚ ਫਾਰਸੀ।[1] ਮਸੀਤਾਂ-ਮਦਰਸਿਆਂ ਵਿਚ ਵੀ ਅਰਬੀ-ਫਾਰਸੀ ਹੀ ਪੜ੍ਹਾਈ ਜਾਂਦੀ ਸੀ। ਇਸੇ ਕਰਕੇ ਉਸ ਇਲਾਕੇ ਦੀ ਬੋਲੀ ਵਿਚ ਅਰਬੀ-ਫਾਰਸੀ ਤੇ ਤੁਰਕੀ-ਪਸ਼ਤੋ ਆਦਿ ਦੀ ਸ਼ਬਦਾਵਲੀ ਦਾ ਰਲਾ ਦਨ-ਦਿਨੋਂ ਵਧਦਾ ਗਿਆ ਅਤੇ ਨਾਲੋਂ-ਨਾਲ ਰਚਦਾ ਵੀ ਗਿਆ। ਪੰਜਾਬੀ ਦੀ ਹੁਣ ਤਕ ਪ੍ਰਾਪਤ ਹੋਈ

---

1. ਵੇਖੋ : ਪੰਜਾਬੀ ਦੁਨੀਆ, ਪਟਿਆਲਾ, ਅਪਰੈਲ-ਮਈ, 1955, 'ਪੰਜਾਬੀ ਉਤੇ ਹੋਰ ਭਾਸ਼ਾਵਾਂ ਦਾ ਪ੍ਰਭਾਵ' ਵਿਚ ਡਾ. ਬਾਹਰੀ ਜੀ ਦਾ ਲੇਖ, ਪੰ. 46-47.

Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਪਹਿਲੀ ਤੇ ਪੁਰਾਣੀ ਵਾਰਤਕ ਦੀ ਹੇਠ-ਲਿਖੀ ਵੰਨਗੀ ਇਸ ਗੱਲ ਦੀ ਗਵਾਹ ਹੈ :

ਤਬਿ ਮਾਤਾ ਆਈ । ਉਨਿ ਆਖਿਆ, "ਬੇਟਾ !
ਤੁਧ ਪਇਆਂ ਬਣਦੀ ਨਾਹੀਂ । ਕੁਛ ਖਾਹਿ ਪੀਉ
ਖੇਤੀ ਪਤੀ ਕੀ 'ਖਬਰਿ' ਸਾਰਿ ਲਹੁ, ਕਿਛੁ 'ਰੁਜਗਾਰ'
ਦੀ 'ਖਬਰਿ' ਲਹੁ । ਤੇਰਾ ਸਭੁ ਕੁਟੰਬ 'ਦਿਲਗੀਰ'
ਹੈ । ਅਤੇ 'ਬੇਟਾ' ਜੋ ਤੁਧੁ ਨਾਹੀ ਭਾਵਦਾ, ਸੁ ਨਾ ਕਰਿ ।
ਅਸੀਂ ਤੈਨੋਂ ਕਿਛੁ ਨਹੀਂ ਆਖਦੇ । ਤੂ 'ਫਿਕਰਵਾਨ' ਕਿਉਂ ਹੈ ?[1]

ਉਕਤ ਬੋਲੀਆਂ ਦਾ ਅਜਿਹਾ ਰਾਂਗਲਾ ਰਲਾ ਇਸੇ ਇਲਾਕੇ ਦੀ ਬੋਲੀ ਰਾਹੀਂ ਕੇਂਦਰੀ ਪੰਜਾਬੀ ਤਕ ਪਹੁੰਚਦਾ ਰਿਹਾ ਹੈ ਕਿਉਂਕਿ ਹਸਬ-ਮਾਮੂਲ, ਹਿੰਦੁਸਤਾਨ ਵਿਚ ਭਾਸ਼ਾਈ ਪ੍ਰਭਾਵ ਦਾ ਵੇਗ ਪੱਛਮ ਵਲੋਂ, ਪੱਛਮੀ ਪੰਜਾਬ ਤੋਂ ਹੀ, ਪੂਰਬ ਵਲ ਵਹਿੰਦਾ ਰਿਹਾ ਹੈ ।[2]

ਵਰਤਮਾਨ ਪੰਜਾਬੀ ਸਾਹਿਤ ਵਿਚ ਵੀ ਅਜਿਹੇ ਬਾਹਰੋਂ ਆਏ ਤੇ ਅਪਣਾਏ ਹੋਏ ਲਫਜ਼ਾਂ ਦੀ ਅਜਿਹੀ ਸੁੰਦਰ ਤੇ ਸੁਚੱਜੀ ਵਰਤੋਂ, ਬਹੁਤੀ ਤਾਂ ਪੋਠੋਹਾਰ ਤੇ ਪੋਠੋਹਾਰੀ ਦੀ ਹੀ ਦੇਣ ਹੈ । ਮਿਸਾਲ ਵਜੋਂ :

1. ਸੁਥਣ ਸੂਸੀ ਦੀ ਮੇਰੀ ਵਿਚ, ਲਾਲ ਲਾਲ ਧਾਰੀਆਂ
   ਇਹ ਪਾਣੀ ਦੀਆਂ ਲਹਿਰਾਂ ਮੇਰੀ 'ਸੁਥਣ' ਦੇ ਪੱਲੇ ।
   ਲਹਿਰ ਲਹਿਰ ਹੋ ਮੇਰੀਆਂ 'ਜੰਘਾਂ' ਪਈ ਕਜਦੀ ।[3]
2. ਨਜ਼ਰ ਜਿਥੋਂ ਤਕ ਜਾਂਵਦੀ, ਇਕ ਕਾਂਗ ਦਿਸਦੀ ਲਹਿਰ ਦੀ
   ਮਾਨੋਂ ਸ਼ਾਮਤ' ਆ ਗਈ, ਸਾਡੇ ਨਿੱਕੇ ਜਿਹੇ ਸ਼ਹਿਰ ਦੀ ।[4]

(6)

ਹੁਣ ਜਦ ਕਿ ਪ੍ਰੋ. ਕਰਤਾਰ ਸਿੰਘ ਦੇ ਸ਼ਬਦਾਂ ਵਿਚ "ਪੰਜਾਬੀ ਬੋਲੀ ਨੂੰ ਹਿੰਦੀਆਉਣ-ਸੰਸਕ੍ਰਿਤਾਉਣ ਤੇ ਇਸ ਤਰ੍ਹਾਂ ਇਸ ਦਾ ਰੂਪ ਵਿਗਾੜ ਕੇ, ਇਸ ਨੂੰ ਹਿੰਦੀ-ਸੰਸਕ੍ਰਿਤ ਦੀ ਪਾਹ ਚਾੜ੍ਹ ਕੇ, ਇਸ ਦਾ ਹੁਲੀਆ ਬਦਲ ਕੇ, ਇਸ ਦੀ ਵੱਖਰੀ ਆਜ਼ਾਦ ਹਸਤੀ ਨੂੰ ਮਿਟਾਉਣ ਦੀ ਮਾਰੂ ਮੁਹਿੰਮ ਚੋਖੇ ਚਿਰ ਤੋਂ ਬੜੀ ਗਰਮਜੋਸ਼ੀ ਨਾਲ ਚਲਾਈ ਜਾ ਰਹੀ ਹੈ ।[5] ਹੁਣ ਜਦ ਕਿ ਸ. ਸੋਹਣ ਸਿੰਘ ਜੋਸ਼ ਦੇ ਕਥਨ ਅਨੁਸਾਰ "ਪੰਜਾਬੀ ਬੋਲੀ ਨੂੰ ਹਿੰਦੀ

---

1. ਵੇਖੋ, 'ਪੁਰਾਤਨ ਜਨਮਸਾਖੀ' ਉਹੀ, ਪੰ. 9.
2. The stream of linguistic influence has flowed in India generally from the West, from the Punjab, the fountainhead of Aryan influence and expansion in India, to the East—Dr. S.K. Chatterji, Indo-Aryan Hindi, op. cit., p. 120.
3. ਪੂਰਨ ਸਿੰਘ, ਪ੍ਰੋ., ਖੁਲ੍ਹੇ ਮੈਦਾਨ, ਲਾਹੌਰ—1923 (ਵੇਖੋ : ਪੂਰਨ ਸਿੰਘ ਦੀ ਚੋਣਵੀਂ ਕਵਿਤਾ ਡਾ. ਹਰਨਾਮ ਸਿੰਘ ਸ਼ਾਨ ਸੰਪਾਦਿਤ, ਚੰਡੀਗੜ੍ਹ—1961, ਪੰ. 30).
4. ਅਰਮਾਨ, ਸਰਦਾਰ ਸਿੰਘ, ਵਿਛੜੀ ਕੂੰਜ, ਦਿੱਲੀ-1951, ਪੰਨਾ 23.
5. ਵੇਖੋ : ਕਰਤਾਰ ਸਿੰਘ, ਪ੍ਰੋ., ਪੰਜਾਬੀ-ਘਾਤਕ ਮੁਹਿੰਮ-ਇਸ ਦਾ ਮੂਲ, ਦਾਈਆ ਤੇ ਦਾਰੂ, ਲੁਧਿਆਣਾ-1968, ਪੰਨਾ 1.

Sri Satguru Jagjit Singh Ji Elibrary NamdhariElibrary@gmail.com

ਜਾਂ ਸੰਸਕ੍ਰਿਤ ਦਾ ਰੂਪ ਦੇਣ ਦਾ ਅਮਲ ਬੜੀ ਤੇਜ਼ੀ ਨਾਲ ਚਲ ਰਿਹਾ ਹੈ, ਪੰਜਾਬੀ ਨੂੰ ਆਪਣੇ ਕੁਦਰਤੀ ਵਿਗਾਸ ਦੇ ਰਾਹ ਤੋਂ ਹਟਾ ਕੇ ਔਝੜਾਂ ਵਿਚ ਪਾਣ ਦੇ ਭਰਵੇਂ ਯਤਨ ਕੀਤੇ ਜਾ ਰਹੇ ਹਨ, ਪੰਜਾਬੀ ਦੇ ਸੁੱਚੇ ਤਦਭਵ ਸ਼ਬਦਾਂ ਦੇ ਮਖੌਲ ਉਡਾਏ ਜਾ ਰਹੇ ਹਨ, ਅਤੇ ਕੌਮੀ ਆਜ਼ਾਦੀ ਦੇ ਹਾਸਲ ਹੋ ਜਾਣ ਪਿਛੋਂ ਹਿੰਦੁਸਤਾਨ ਵਿਚ ਆਣ ਕਰਕੇ ਪੰਜਾਬ ਵਿਚ ਖ਼ਾਸ ਕਰ ਪੰਜਾਬੀ ਸ਼ਬਦਾਂ ਦੇ ਸ਼ੁਧੀਕਰਣ ਤੇ ਸੰਸਕ੍ਰਿਤ ਦਾ ਜਨੂੰਨ ਬੜਾ ਫੈਲ ਗਿਆ ਹੈ ।[1] ਹੁਣ ਜਦ ਕਿ "ਪੰਜਾਬੀ ਨੂੰ ਫਾਰਸੀ ਅਰਬੀ ਦੇ ਸ਼ਬਦਾਂ ਦੀ ਵਰਤੋਂ ਛਡ ਦੇਣ ਦੀ ਹਮਾਇਤ ਕੀਤੀ ਜਾ ਰਹੀ ਹੈ, "ਕਲਮ ਦੀ ਇਕ ਝਰੀਟ ਨਾਲ ਸਤ ਅੱਠ ਸੌ ਸਾਲ ਤੋਂ ਚਲੇ ਆਉਂਦੇ ਵਿਰਸੇ ਨੂੰ ਖਤਮ ਕਰ ਦੇਣ"[2] ਦੀ ਖਾਹਿਸ਼ ਪ੍ਰਗਟ ਹੋ ਰਹੀ ਹੈ ਅਤੇ ਆਪਣੇ ਅਮੀਰ ਵਿਰਸੇ ਤੇ ਭਰਪੂਰ ਖਜ਼ਾਨੇ ਤੋਂ ਲਗਭਗ ਅਣਜਾਣ ਨਵੇਂ ਲੇਖਕ ਕੇਂਦਰੀ ਪੰਜਾਬੀ ਦੇ ਮੂੰਹ-ਮਹਾਂਦਰੇ ਤੇ ਠੁਕ ਠੇਠ ਨਾਲ ਮਨ-ਮੰਨੀਆਂ ਖੁਲ੍ਹਾਂ ਲੈ ਰਹੇ ਹਨ, ਤਾਂ ਪੋਠੋਹਾਰ ਦੀ ਬੋਲੀ ਤੇ ਉਸ ਨੂੰ ਬੋਲਣ ਵਾਲੇ ਪ੍ਰਸਿੱਧ ਲੇਖਕ ਤੇ ਸੁਹਿਰਦ ਪਾਠਕ ਮਾਨੋਂ ਕਚੀਚੀਆਂ ਵੱਟ ਰਹੇ ਹਨ ।

ਕਾਰਨ ਇਹ ਕਿ ਉਨ੍ਹਾਂ ਨੇ ਇਸ ਨੂੰ ਇਸ ਦਾ ਅਜੋਕਾ ਰੂਪ ਤੇ ਸਥਾਨ ਦੇਣ ਲਈ ਇਸ ਦਾ ਅੰਦਰ ਤੇ ਬਾਹਰ ਭਰਨ ਲਈ, ਬੜੀ ਭਰਵੀਂ ਤੇ ਯਾਦਗਾਰੀ ਘਾਲ ਘਾਲੀ ਹੈ। ਪੋਠੋਹਾਰ ਨੇ ਪਿਛਲੀ ਸਦੀ ਦੇ ਅੰਤਲੇ ਤੇ ਵਰਤਮਾਨ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਕੁਝ ਅਜਿਹੇ ਸ਼ਕਤੀਸ਼ਾਲੀ, ਬਹੁਮੁਖੀ ਤੇ ਬਾਰਸੂਖ ਲੇਖਕ ਅਤੇ ਵਿਦਵਾਨ[3] ਪੈਦਾ ਕੀਤੇ ਹਨ ਜੋ ਜੇ ਚਾਹੁੰਦੇ ਤਾਂ ਸਾਡੀ ਅਤਿ ਪਿਆਰੀ ਕੇਂਦਰੀ ਪੰਜਾਬੀ ਦੀ ਮੁਹਾਰ (ਰੱਬ ਨਾ ਕਰੇ) ਆਪਣੀ ਇਲਾਕਾਈ ਬੋਲੀ (ਭਾਵ ਪੋਠੋਹਾਰੀ) ਵਲ ਮੋੜਨ ਦਾ ਯਤਨ ਕਰ ਸਕਦੇ ਸਨ। ਇਸ ਉਤੇ ਉਹ, ਘੱਟੋ ਘੱਟ, ਉਸ ਤਰ੍ਹਾਂ ਦੀ ਪਾਣ ਤਾਂ ਜ਼ਰੂਰ ਚੜ੍ਹਾ ਸਕਦੇ ਸਨ, ਜਿਸ ਤਰ੍ਹਾਂ ਦੀ ਕਿ ਸੂਫ਼ੀ ਫਕੀਰਾਂ ਨੇ ਆਪਣੇ ਸਮੇਂ 'ਆਪਣੀ ਇਲਾਕਾਈ ਬੋਲੀ (ਭਾਵ ਮੁਲਤਾਨੀ) ਦੀ ਅਤੇ ਈਸਾਈ ਪਾਦਰੀਆਂ ਨੇ ਆਪਣੇ ਸਮੇਂ 'ਆਪਣੀ ਇਲਾਕਾਈ ਬੋਲੀ' (ਭਾਵ ਮਲਵਈ) ਉਤੇ ਚਾੜ੍ਹਨ ਦਾ ਯਤਨ ਕੀਤਾ ਸੀ। ਉਨ੍ਹਾਂ ਦਾ ਤਾਂ ਸਗੋਂ ਇਰਾਦਾ ਤੇ ਉਪਰਾਲਾ ਹੀ ਆਪਣੇ ਪ੍ਰਚਾਰ-ਕੇਂਦਰਾਂ (ਭਾਵ ਮੁਲਤਾਨ ਤੇ ਲੁਧਿਆਣਾ) ਦੀਆਂ ਉਪ-ਬੋਲੀਆਂ ਨੂੰ ਹੀ ਆਪੋ ਆਪਣੇ ਸਮੇਂ ਕੇਂਦਰੀ ਜਾਂ ਟਕਸਾਲੀ ਪੰਜਾਬੀ ਬਣਾਉਣ ਦਾ ਸੀ।

---

1. ਵੇਖੋ । ਜੋਸ਼ ਸ. ਸੋਹਣ ਸਿੰਘ, ਪੰਜਾਬੀ ਭਾਸ਼ਾ ਦਾ ਸਰੂਪ-ਪਰੰਪਰਾ, ਵਰਤਮਾਨ ਤੇ ਭਵਿੱਖ, ਜਲੰਧਰ-1968, ਪੰਨਾ 1.
2. ਉਕਤ, ਪੰਨਾ 24.
3. ਜਿਵੇਂ ਗਿ. ਨਿਹਾਲ ਸਿੰਘ ਸੂਰੀ, ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ, ਹੈਡਮਾਸਟਰ ਬਲਵੰਤ ਸਿੰਘ ਚਤਰਥ, ਗਿ. ਹੀਰਾ ਸਿੰਘ ਦਰਦ, ਮਾ. ਤਾਰਾ ਸਿੰਘ, ਪ੍ਰਿੰ. ਗੁਰਮੁਖ ਨਿਹਾਲ ਸਿੰਘ, ਸ. ਨਾਨਕ ਸਿੰਘ ਨਾਵਲਿਸਟ, ਭਾਈ ਸੇਵਾ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗਿ. ਗੁਰਮੁਖ ਸਿੰਘ ਮੁਸਾਫ਼ਰ, ਮਾਸਟਰ ਕਰਮ ਸਿੰਘ ਗੰਜਾਵਾਲਾ, ਪ੍ਰਿੰ. ਜੋਧ ਸਿੰਘ, ਪ੍ਰਿੰ. ਨਰਿੰਜਨ ਸਿੰਘ, ਪ੍ਰੋ. ਮੋਹਨ ਸਿੰਘ, ਡਾ. ਸ਼ੇਰ ਸਿੰਘ, ਸ. ਵਿਧਾਤਾ ਸਿੰਘ ਤੀਰ, ਭਾਈਆ ਈਸ਼ਰ ਸਿੰਘ ਈਸ਼ਰ, ਸ. ਦਰਸ਼ਨ ਸਿੰਘ ਆਵਾਰਾ, ਡਾ. ਗੋਪਾਲ ਸਿੰਘ ਦਰਦੀ, ਸ. ਕਰਤਾਰ ਸਿੰਘ ਦੁੱਗਲ, ਜਸਟਿਸ ਪ੍ਰੀਤਮ ਸਿੰਘ ਸਫ਼ੀਰ, ਸ. ਜਗਜੀਤ ਸਿੰਘ ਆਨੰਦ ਵਰਗੇ ।

Sri Satguru Jagjit Singh Ji Elibrary NamdhariElibrary@gmail.com

ਇਸ ਦੇ ਉਲਟ ਪੋਠੋਹਾਰੀ ਲੇਖਕਾਂ ਤੇ ਵਿਦਵਾਨਾਂ ਨੇ ਜਿਥੇ ਪੰਜਾਬੀ ਦੇ ਉਕਤ ਵਿਰਸੇ ਨੂੰ ਸੰਭਾਲੀ ਰਖਿਆ ਤੇ ਇਸ ਨੂੰ ਆਪਣੇ ਪਿੱਛੋ ਨਾਲ ਵੀ ਜੋੜੀ ਰਖਿਆ ਹੈ, ਉਥੇ ਇਸ ਨੂੰ ਠੁਕ-ਠੇਠ ਦੇਣ, ਇਸ ਦਾ ਮੂੰਹ-ਮੱਥਾ ਸੰਵਾਰਨ ਅਤੇ ਵੰਨ-ਸੁਵੰਨੇ ਸਾਹਿਤ ਨਾਲ ਇਸ ਦੀ ਝੋਲੀ ਭਰਨ ਲਈ ਆਪਣਾ ਸਾਰਾ ਤਾਣ ਵੀ ਲਾਇਆ ਹੈ।

ਜਿਥੋਂ ਤਕ ਇਸ ਨੂੰ ਠੇਠਿਆਉਣ ਤੇ ਸੰਵਾਰਨ, ਅਤੇ ਵਰਤਮਾਨ ਸਮੇਂ ਵਿਚ ਇਸ ਦੀ ਟਕਸਾਲੀ ਰੀਤ ਬੰਨ੍ਹਣ ਤੇ ਬਨ੍ਹਾਉਣ, ਉਸ ਨੂੰ ਪ੍ਰਚਾਰਨ ਤੇ ਦ੍ਰਿੜ ਕਰਾਉਣ ਦਾ ਸੰਬੰਧ ਹੈ, ਉਨ੍ਹਾਂ ਦੀ ਹੇਠ ਲਿਖੀ ਸੇਵਾ ਤੇ ਦੇਣ ਬੜੀ ਨਿਗਰ, ਲੀਹਾਂ-ਪਾਊ ਤੇ ਮਾਣ ਕਰਨ ਯੋਗ ਹੈ :

1. ਉਨ੍ਹਾਂ ਨੇ ਉਕਤ ਸੂਫੀਆਂ ਤੇ ਪਾਦਰੀਆਂ ਵਾਂਗ ਇਸ ਦਾ ਹੱਕ ਖੋਹਣ ਲਈ ਕੋਈ ਸੰਕਲਪ ਜਾਂ ਯਤਨ ਨਹੀਂ ਕੀਤਾ; ਸਗੋਂ ਇਸ ਨੂੰ ਇਸ ਦਾ ਹੱਕੀ ਸਥਾਨ ਦੁਆਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਹੈ ਅਤੇ ਕਈ ਤਰ੍ਹਾਂ ਦੀ ਕੁਰਬਾਨੀ ਵੀ ਦਿੱਤੀ ਹੈ। ਫਿਰ ਖ਼ੁਸ਼ੀ ਇਹ ਕਿ ਉਨ੍ਹਾਂ ਨੇ ਅਜਿਹੀ ਨਿਸ਼ਕਾਮ ਤੇ ਨਿਰੰਤਰ ਸੇਵਾ, ਆਮ ਤੌਰ ਤੇ, ਇਸ ਦੇ ਕੇਂਦਰੀ ਸਥਾਨਾਂ (ਭਾਵ ਲਾਹੌਰ-ਅੰਮ੍ਰਿਤਸਰ) ਵਿਚ ਰਹਿ ਬਹਿ ਕੇ ਕੀਤੀ ਹੈ। ਇਸ ਤੋਂ ਵੀ ਵੱਧ ਇਹ ਹੈ ਕਿ ਇਸ ਦੀ ਅਜਿਹੀ ਅਥੱਕ ਤੇ ਅਟੁੱਟ ਸੇਵਾ ਕਰਦਿਆਂ, ਉਦੋਂ ਉਨ੍ਹਾਂ ਦੇ ਸਾਹਮਣੇ ਨਾ ਕੋਈ ਨਿੱਜੀ ਹਿੱਤ, ਨਾ ਲੋਭ ਤੇ ਨਾ ਹੀ ਕੋਈ ਰਾਜਨੀਤਕ ਲਾਲਸਾ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਪੰਜਾਬੀ ਦੀ ਉੱਨਤੀ ਲਈ ਅੱਜ ਵਾਂਗ ਨਾ ਕੋਈ ਸਰਕਾਰੀ ਵਿਭਾਗ, ਸਹਾਇਤਾ ਤੇ ਸਰਪਰਸਤੀ ਮੌਜੂਦ ਸੀ; ਅਤੇ ਨਾ ਹੀ ਕੋਈ ਯੂਨੀਵਰਸਿਟੀ, ਅਕਾਡਮੀ ਜਾਂ ਕੋਈ ਹੋਰ ਅਜਿਹੀ ਸੰਸਥਾ ਬਣੀ ਹੋਈ ਸੀ। ਇਸ ਦੇ ਲੇਖਕਾਂ, ਅਧਿਆਪਕਾਂ ਜਾਂ ਵਿਦਵਾਨਾਂ ਦੇ ਸਾਹਮਣੇ ਉਦੋਂ ਅੱਜ ਵਰਗੀਆਂ ਪ੍ਰੋਫੈਸਰੀਆਂ ਤੇ ਉੱਚ-ਪਦਵੀਆਂ; ਅਤੇ ਤਰੱਕੀ ਦੇ ਹੋਰ ਅਵਸਰ ਸਾਧਨ ਜਾਂ ਪਰਲੋਭਨ ਵੀ ਮੌਜੂਦ ਨਹੀਂ ਸਨ। ਫਿਰ ਮੁਕਾਬਲਾ ਅਜਿਹੀਆਂ ਬੋਲੀਆਂ ਨਾਲ ਸੀ ਜਿਨ੍ਹਾਂ ਵਿਚੋਂ ਇਕ (ਭਾਵ ਅੰਗਰੇਜ਼ੀ) ਤਾਂ ਹਾਕਮ ਸ਼੍ਰੇਣੀ ਦੀ ਮਾਤ-ਭਾਸ਼ਾ ਤੇ ਸਰਕਾਰੀ ਬੋਲੀ ਸੀ, ਦੂਜੀ (ਭਾਵ ਉਰਦੂ) ਨੂੰ ਸਰਕਾਰੀ ਸਹਾਇਤਾ ਤੇ ਸਰਪਰਸਤੀ ਖੁਲ੍ਹੇ ਤੌਰ ਤੇ ਪ੍ਰਾਪਤ ਸੀ ਅਤੇ ਤੀਜੀ (ਭਾਵ ਹਿੰਦੀ) ਨੂੰ ਸਮੁੱਚੇ ਭਾਰਤ ਵਲੋਂ ਲੋੜੀਂਦੀ ਸਹਾਇਤਾ ਤੇ ਸਨਮਾਨ ਹਾਸਲ ਸੀ। ਇਸ ਤੋਂ ਛੁੱਟ, ਉਨ੍ਹਾਂ ਦੀ ਆਪਣੀ ਘਰੋਗੀ ਸਥਿਤੀ ਤੇ ਇਲਾਕਾਈ ਸੰਬੰਧ ਵੀ ਉਨ੍ਹਾਂ ਦੀ ਸੇਵਾ ਦੇ ਸਿਲਸਿਲੇ ਵਿਚ ਕੁਦਰਤੀ ਤੌਰ ਤੇ ਉਨ੍ਹਾਂ ਸਹਾਇਕ ਨਹੀਂ ਸੀ ਹੋ ਸਕਦਾ ਜਿੰਨਾ ਕਿ 'ਮਾਝੀ' ਬੋਲਣ ਤੇ ਲਿਖਣ ਵਾਲਿਆਂ ਦਾ ਇਹਦੇ ਲਈ ਹੋ ਸਕਦਾ ਸੀ। ਮਾਝੀ, ਇਕ ਉਪਬੋਲੀ ਦੇ ਤੌਰ ਤੇ 'ਪੋਠੋਹਾਰੀ' ਦੀ 'ਸੌਂਕਣ' ਸੀ। ਆਪਣੇ ਘਰਾਂ ਤੇ ਪਿੰਡਾਂ ਗਰਾਵਾਂ ਵਿਚ ਉਹ ਪੋਠੋਹਾਰੀ ਹੀ ਬੋਲਦੇ ਰਹੇ ਹਨ; ਪਰ ਘਰੋਂ ਤੇ ਪਿੰਡੋਂ ਬਾਹਰ ਉਹ, ਬਿਨਾਂ ਕਿਸੇ ਤੁਅੱਸਬ ਤੇ ਤੰਗਦਿਲੀ ਦੇ, ਮਾਝੀ ਹੀ ਬੋਲਦੇ ਤੇ ਲਿਖਦੇ ਰਹੇ ਹਨ। ਉਨ੍ਹਾਂ ਨੇ ਤਾਂ ਇਸ ਅਤਿ ਪਿਆਰੇ 'ਕਾਜ' ਨੂੰ ਮੁਖ ਰਖਦਿਆਂ ਅਤੇ ਬੜੀ ਖੁਲ੍ਹਦਿਲੀ ਤੇ ਦੂਰ-ਦਰਿਸ਼ਟੀ ਤੋਂ ਕੰਮ ਲੈਂਦਿਆਂ, ਆਪਣੀ ਘਰੋਗੀ ਬੋਲੀ ਨੂੰ ਛੱਡ ਕੇ ਤੇ ਇਸ ਨੂੰ ਗ੍ਰਹਿਣ ਕਰਕੇ, ਇਸੇ ਦੀ ਉੱਨਤੀ ਤੇ ਉਸਾਰੀ ਲਈ, ਉਮਰ-ਭਰ ਮੋਢੀ ਉਸਰੱਈਆਂ ਵਰਗਾ ਕੰਮ ਕੀਤਾ ਹੈ।

2. ਪੰਜਾਬੀ ਦੇ ਅਜਿਹੇ ਪੋਠੋਹਾਰੀ ਉਸਰੱਈਆਂ ਨੇ ਇਸ (ਭਾਵ ਮਾਝੀ ਤੇ ਕੇਂਦਰੀ ਪੰਜਾਬੀ) ਦੇ ਸ਼ਬਦ ਭੰਡਾਰ ਨਾਲ ਵੀ ਅਜਿਹੀ ਕੋਈ ਵਧੀਕੀ, ਚਲਾਕੀ, ਛੇੜਖਾਨੀ ਜਾਂ ਸੀਨਾ ਜ਼ੋਰੀ ਨਹੀਂ ਕੀਤੀ ਜਿਸ ਦਾ ਅਰਮਾਨਾਂ ਭਰਿਆ ਗਿਲਾ ਪੰਜਾਬੀ ਦੇ ਉਕਤ ਦੋ ਬੜੇ ਸਿਆਣੇ ਤੇ ਸੁਹਿਰਦ ਵਿਦਵਾਨਾਂ ਤੇ ਵੱਡਕੇ ਮੁਦੱਈਆਂ ਨੇ ਕੀਤਾ ਹੈ। ਉਨ੍ਹਾਂ ਨੇ ਤਾਂ ਇਸ ਵਿਚ ਆਪਣੀ ਉਪਬੋਲੀ ਦਾ ਵੀ ਬੇਲੋੜਾ ਜਾਂ ਮਨ ਮੰਨਿਆ ਰਲਾ ਨਹੀਂ ਪਾਇਆ ਅਤੇ ਨਾ ਹੀ ਪੈਣ ਦਿੱਤਾ ਹੈ।[1] ਇਸ ਵਿਚ ਸਹਿਜ ਸੁਭਾ ਸ਼ਾਮਲ ਹੁੰਦੇ ਰਹੇ ਦੇਸੀ ਤੇ ਬਿਦੇਸ਼ੀ ਸ਼ਬਦ ਉਨ੍ਹਾਂ ਦੀਆਂ ਲਿਖਤਾਂ ਵਿਚ ਉਸੇ ਤਰ੍ਹਾਂ (ਭਾਵ ਤਤਸਮ ਤੇ ਤਦਭਵ, ਦੋਹਾਂ ਰੂਪਾਂ ਵਿਚ) ਅਜੇ ਤਕ ਆਪੋ-ਆਪਣੀ ਥਾਂ ਕਾਇਮ ਹਨ। ਇਸ ਕਰਕੇ ਇਨ੍ਹਾਂ ਦੀ ਰਚਨਾ ਦੀ ਬੋਲੀ ਪਾਕਿਸਤਾਨੀ ਪੰਜਾਬੀਆਂ ਦੀ ਰਚਨਾ ਦੀ ਬੋਲੀ ਨਾਲ ਵਧੇਰੇ ਮਿਲਦੀ ਜੁਲਦੀ, ਸੁਖਾਵੀਂ ਤੇ ਸਹਿਜ-ਸੁਭਾਵੀ ਹੈ।

3. ਉਨ੍ਹਾਂ ਨੇ ਤਾਂ ਸਗੋਂ ਇਸ ਦੇ ਹੱਕ ਜਤਲਾਣ ਤੇ ਇਸ ਦਾ ਪਿੱਛਾ ਦਰਸਾਣ ਲਗਿਆਂ, ਇਹ ਗੱਲ, ਅਸਾਂ ਸਾਰਿਆਂ ਦੇ ਮਹਾਨ ਸਾਹਿਤਕ ਆਗੂ ਸੁਰਗਵਾਸੀ ਪ੍ਰਿੰ. ਤੇਜਾ ਸਿੰਘ ਰਾਹੀਂ ਬੜੇ ਮਾਣ ਤੇ ਬੇਬਾਕੀ ਨਾਲ ਆਖੀ ਸੀ : "ਪੰਜਾਬੀ ਬੋਲੀ ਦਾ ਸਭ ਤੋਂ ਪੁਰਾਣਾ ਨਮੂਨਾ ਵੇਦਾਂ ਦੀ ਬੋਲੀ ਹੈ। ਅਸੀਂ ਉਹਨਾਂ ਆਰੀਆਂ ਦੀ ਨਸਲ ਹਾਂ ਜਿਨ੍ਹਾਂ ਨੇ ਪੰਜਾਬ ਦੇ ਦਰਿਆਵਾਂ ਦੇ ਕੰਢੇ ਬੈਠ ਕੇ ਵੇਦ ਰਚੇ। ਉਹਨਾਂ ਦੀ ਬੋਲੀ ਬਦਲਦੀ ਬਦਲਦੀ ਅੱਜ ਦੀ ਪੰਜਾਬੀ ਬਣ ਗਈ ਹੈ। ...ਸਾਡੀ ਪੰਜਾਬੀ, ਖ਼ਾਸ ਕਰਕੇ ਲਹਿੰਦੀ, ਵਿਚ ਅਜੇ ਤਕ ਵੈਦਿਕ ਬੋਲੀ ਦੇ ਕਈ ਲਫ਼ਜ਼ ਮਿਲਦੇ ਹਨ ਜੋ ਪਿਛੋਂ ਬਣੀਆਂ ਪ੍ਰਾਕ੍ਰਿਤਾਂ ਤੇ ਦੇਸੀ ਬੋਲੀਆਂ ਗੁਆ ਬੈਠੀਆਂ ਹਨ।"[2]

4. ਇਸ ਦੇ ਬਾਵਜੂਦ, ਉਨ੍ਹਾਂ ਨੇ ਇਸ ਗੱਲ ਦਾ ਹੋਕਾ ਦਿੱਤਾ ਕਿ "ਲਿਖਣ ਵੇਲੇ ਇਹ ਖ਼ਿਆਲ ਰਖਣਾ ਚਾਹੀਦਾ ਹੈ ਕਿ ਪੰਜਾਬੀ ਨਿਰੋਲ ਹੋਵੇ। ਇਸ ਵਿਚ ਕਿਸੇ ਹੋਰ ਬੋਲੀ ਦਾ ਰਲਾ ਨਾ ਹੋਵੇ। ਜੋ ਲਫ਼ਜ਼, ਮੁਹਾਵਰੇ ਜਾਂ ਵਾਕ ਵਰਤੇ ਜਾਣ, ਉਹ ਪੰਜਾਬੀ ਦੇ ਆਪਣੇ ਹੋਣ ਅਤੇ ਉਹਨਾਂ ਦੀ ਬਣਤਰ ਤੇ ਵਰਤੋਂ ਪੰਜਾਬੀ ਦੇ ਆਪਣੇ ਨੇਮਾਂ ਅਨੁਸਾਰ ਹੋਵੇ। ਨਾਲੇ ਉਹ ਅੱਜ ਕਲ ਨਿਰੋਲ ਪੰਜਾਬੀ ਇਲਾਕੇ ਵਿਚ ਵਰਤੇ ਜਾਂਦੇ ਹੋਣ।"[3] ਇਸੇ ਲਈ ਉਨ੍ਹਾਂ ਸਾਰੀ ਉਮਰ ਇਸ ਗੱਲ ਉਤੇ ਪੱਕਾ ਪਹਿਰਾ ਦਿੱਤਾ, ਆਪ ਨਿਰੋਲ ਪੰਜਾਬੀ ਵਰਤੀ, ਅਤੇ ਇਸ ਦੀ ਨਿਰੋਲ ਵਰਤੋਂ ਉਤੇ ਜ਼ੋਰ ਦੇਂਦਿਆਂ, ਵਾਧੂ ਪੰਡਤਾਈ, ਫ਼ਾਰਸੀਅਤ ਤੇ ਪੁਰਾਤਨਤਾ ਦੇ ਦਿਖਾਵੇ ਨੂੰ ਪੰਜਾਬੀ ਦੇ ਵਿਕਾਸ ਲਈ ਮਾਰੂ ਮੰਨਿਆ

1. ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ "ਪੋਠੋਹਾਰੀ ਨੇ ਜਿਥੇ ਕੇਂਦਰੀ ਪੰਜਾਬੀ ਦਾ ਅਸਰ ਕਬੂਲਿਆ ਹੈ, ਉਥੇ ਉਸ ਨੇ ਪੰਜਾਬੀ ਦੇ ਸ਼ਬਦ-ਭੰਡਾਰ ਵਿਚ ਵੀ ਬਹੁਤ ਵਾਧਾ ਕੀਤਾ ਹੈ। " ਪੋਠੋਹਾਰੀ ਦੇ ਕਈ ਅਜਿਹੇ ਲਫ਼ਜ਼ ਹਨ ਜਿਹੜੇ ਕੇਂਦਰੀ ਪੰਜਾਬੀ ਵਿਚ ਕਬੂਲ ਕਰ ਲਏ ਗਏ ਹਨ, ਕਿਉਂਕਿ ਉਨ੍ਹਾਂ ਵਰਗਾ ਠੀਕ (exact) ਭਾਵ ਉਨ੍ਹਾਂ ਤੋਂ ਬਿਨਾਂ ਹੋਰ ਕੋਈ ਲਫ਼ਜ਼ ਨਹੀਂ ਦੇ ਸਕਦਾ, ਜਿਵੇਂ ਬੰਬ, ਲਗੰਦਰੋ, ਮੋੜ੍ਹ, ਵੰਕ ਆਦਿ।" ਵੇਖੋ : ਪੰਜਾਬੀ ਦੁਨੀਆ, ਪਟਿਆਲਾ, ਅਕਤੂਬਰ—ਨਵੰਬਰ, 1955, ਪੰ. 59-60.
2. ਵੇਖੋ : ਤੇਜਾ ਸਿੰਘ, ਪ੍ਰਿੰ., ਸਾਹਿਤ-ਦਰਸ਼ਨ, ਪਟਿਆਲਾ-1951, ਪੰਨਾ 23.
3. ਤੇਜਾ ਸਿੰਘ, ਪ੍ਰਿੰ., ਪੰਜਾਬੀ ਕਿਵੇਂ ਲਿਖੀਏ, ਅੰਮ੍ਰਿਤਸਰ—1954, ਪੰਨਾ 30.

Sri Satguru Jagjit Singh Ji Elibrary NamdhariElibrary@gmail.com

ਤੇ ਦਸਿਆ। ਇਸ ਦੇ ਉਲਟ, ਪੰਜਾਬੀ ਵਿਚ ਰਚਮਿਚ ਚੁੱਕੇ ਸੰਸਕ੍ਰਿਤ-ਪ੍ਰਾਕ੍ਰਿਤ ਤੇ ਅਰਬੀ-ਫ਼ਾਰਸੀ ਦੇ ਸ਼ਬਦਾਂ ਦੀ ਸੁੱਘੜ ਸੰਭਾਲ ਤੇ ਸੁਚੱਜੀ ਵਰਤੋਂ ਉਤੇ ਵੀ ਉਹ ਬੜਾ ਜ਼ੋਰ ਦਿੰਦੇ ਰਹੇ।

5. ਉਨ੍ਹਾਂ ਦਾ ਨਿਸ਼ਚਾ ਸੀ ਕਿ ਪੰਜਾਬੀ ਦੇ ਵਧਣ ਫੁਲਣ ਲਈ ਜ਼ਰੂਰੀ ਹੈ ਕਿ ਇਹ ਨਿਰੋਲ ਹੋਣ ਤੋਂ ਛੁੱਟ, ਠੇਠ ਤੇ ਟਕਸਾਲੀ ਵੀ ਹੋਵੇ। ਉਨ੍ਹਾਂ ਦੇ ਵਿਚਾਰ ਅਨੁਸਾਰ "ਪੰਜਾਬੀ ਨੇ ਨਿਰੋਲ ਹੋਣਾ ਹੈ ਗ਼ੈਰ-ਪੰਜਾਬੀ ਬੋਲੀਆਂ ਦੇ ਟਾਕਰੇ ਤੇ, ਅਤੇ ਠੇਠ ਹੋਣਾ ਹੈ ਉਪ-ਭਾਖਾਵਾਂ ਦੇ ਟਾਕਰੇ ਤੇ। ਪੰਜਾਬੀ ਉਹ ਠੀਕ ਹੈ, ਜੋ ਟਕਸਾਲੀ ਹੈ, ਜਿਸ ਵਿਚ ਕਿਸੇ ਉਪ-ਭਾਖਾ ਦਾ ਰਲਾ ਨਹੀਂ।"[1] ਆਪ ਨਿਰੋਲ ਪੋਠੋਹਾਰੀ ਹੁੰਦੇ ਹੋਏ, ਉਨ੍ਹਾਂ ਨੇ ਮਾਝੇ ਦੀ ਉਪਬੋਲੀ, 'ਮਾਝੀ' ਨੂੰ ਹੀ 'ਠੇਠ ਪੰਜਾਬੀ' ਮੰਨਿਆ ਅਤੇ ਦਰਿੜ੍ਹ ਕਰਾਇਆ ਕਿ ਸਾਡੀ ਇਸ ਸਾਂਝੀ ਤੇ ਕੇਂਦਰੀ ਬੋਲੀ ਦਾ ਠੁਕ ਸਦੀਆਂ ਤੋਂ ਬੱਝਾ ਹੋਇਆ ਹੈ।

ਇਸੇ ਠੁੱਕ-ਠੇਠ ਦੀ ਬਰਕਰਾਰੀ ਤੇ ਪਰਫੁੱਲਤਾ ਉਤੇ ਜ਼ੋਰ ਦੇਂਦਿਆਂ, ਜਿਥੋਂ ਤਕ ਉਨ੍ਹਾਂ ਦੀ ਆਪਣੀ ਉਪਬੋਲੀ ਦਾ ਸੰਬੰਧ ਹੈ, ਉਨ੍ਹਾਂ ਨੇ ਕਈ ਵਾਰ ਨਿਝੱਕ ਆਖਿਆ : "ਅੱਜ ਕਲ ਵਿਚਾਰੇ ਪੋਠੋਹਾਰੀ ਲੋਕ ਉਜੜ ਕੇ ਮਾਝੇ ਤੇ ਮਾਲਵੇ ਵਿਚ ਆ ਵਸੇ ਹਨ। ਇਨ੍ਹਾਂ ਦੀ ਆਉਂਦ ਨਾਲ, ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਨੇ ਕਈ ਪਾਸਿਆਂ ਤੋਂ ਵਾਧਾ ਕਰਨਾ ਹੈ। ਨਵਿਆਂ ਅਸਮਾਨਾਂ ਹੇਠ ਵਿਛੜੇ ਵਤਨ ਦੀਆਂ ਅਮਿੱਟ ਯਾਦਾਂ ਤੇ ਸੱਧਰਾਂ ਤੋਂ ਪੰਜਾਬ ਵਿਚ ਇਕ ਨਵਾਂ ਸਾਹਿਤ ਪੁੰਗਰਨਾ ਹੈ, ਅਤੇ ਵੰਨ-ਸੁਵੰਨੀਆਂ ਬੋਲੀਆਂ ਦੇ ਮੇਲ ਤੋਂ ਇਕ ਵਧੇਰੇ ਅਮੀਰ ਬੋਲੀ ਉਸਾਰਨੀ ਹੈ। ਪਰ ਇਸ ਵਿਚ ਟਕਸਾਲੀ ਬੋਲੀ ਨੂੰ ਇਕ ਖ਼ਤਰਾ ਵੀ ਹੈ ਜਿਸ ਤੋਂ ਬਚਣਾ ਜ਼ਰੂਰੀ ਹੈ। ਕਈ ਵੇਰ ਲਹਿੰਦੇ ਤੋਂ ਆਏ ਸ਼ਬਦ ਤੇ ਮੁਹਾਵਰੇ ਪੰਜਾਬੀ ਵਿਚ ਆ ਪੈਂਦੇ ਹਨ ਤੇ ਇਸ ਦੇ ਠੁੱਕ ਨੂੰ ਵਿਗਾੜ ਦਿੰਦੇ ਹਨ। ਉਨ੍ਹਾਂ ਦੀ ਯੋਗ ਰੋਕ-ਟੋਕ ਹੋਣੀ ਜ਼ਰੂਰੀ ਹੈ, ਜਿਵੇਂ ਹੇਠਾਂ ਦਿੱਤੇ ਸ਼ਬਦ ਨਿਰੇ ਪੋਠੋਹਾਰੀ ਹਨ, ਇਹ ਨਹੀਂ ਵਰਤਣੇ ਚਾਹੀਦੇ : 'ਆਸਾਂ (ਆਵਾਂਗਾ), ਮਿਘੀ (ਮੈਨੂੰ), ਅੰਗਲ (ਉਂਗਲ), ਬਹੂੰ (ਬਹੁਤ) ...।' ਹਾਂ, ਪੋਠੋਹਾਰੀ ਉਪ-ਭਾਖਾ ਦੇ ਉਹ ਲਫ਼ਜ਼ ਵਰਤ ਸਕਦੇ ਹਾਂ ਜਿਨ੍ਹਾਂ ਦੀ ਥਾਂ ਕੇਂਦਰੀ ਪੰਜਾਬੀ ਵਿਚ ਕੋਈ ਲਫ਼ਜ਼ ਨਹੀਂ। 'ਘੜਵੰਜੀ' ਨਾ ਵਰਤੋ, ਕਿਉਂਕਿ ਅੱਗੇ 'ਘੜੌਂਜੀ' ਵਰਤੀਂਦਾ ਹੈ, 'ਜਾਤਕ' ਨਾ ਵਰਤੋ ਕਿਉਂਕਿ ਅਗੇ ਇਥੇ 'ਮੁੰਡਾ' ਜਾਂ 'ਜਵਾਕ' ਮੌਜੂਦ ਹੈ।...ਪਰ ਹੇਠਾਂ ਲਿਖੇ ਪਦ ਵਰਤ ਸਕਦੇ ਹਾਂ : 'ਲੌੜ (ਲੰਮਾ ਪੀਹਣ), ਖਾਗੋ (ਭੌੜ), ਢੋਦੀ (ਵੱਡੀ ਰੋਟੀ), ਪਰਸੇਉ (ਪਸੀਨਾ)...''।[2]

ਤੇਜਾ ਸਿੰਘ ਜੀ ਨੇ ਇਸ ਗੱਲ ਦੀ ਵੀ ਤਾਕੀਦ ਕੀਤੀ ਕਿ ਨਾਵਲਾਂ, ਨਾਟਕਾਂ ਤੇ ਕਹਾਣੀਆਂ ਵਿਚ ਲੇਖਕ ਦੇ ਆਪਣੇ ਵਲੋਂ ਲਿਖੀ ਗਈ ਲਿਖਤ ਹਰ ਹਾਲ ਠੇਠ ਤੇ ਟਕਸਾਲੀ ਪੰਜਾਬੀ ਵਿਚ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਪਾਤਰਾਂ ਦੀ ਗਲੱਕਥ ਨਿਰਸੰਦੇਹ ਪੋਠੋਹਾਰੀ (ਇਸੇ ਤਰ੍ਹਾਂ ਬਾਕੀ ਸੰਬੰਧਿਤ ਉਪਬੋਲੀਆਂ) ਵਿਚ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੀਆਂ ਅਜਿਹੀਆਂ ਹਦਾਇਤਾਂ ਤੇ ਤਾਕੀਦਾਂ ਦਾ ਸਿੱਟਾ ਇਹ ਨਿਕਲਿਆ ਹੈ ਕਿ ਪੋਠੋਹਾਰੀ

1. ਉਕਤ, ਪੰ. 79.
2. ਤੇਜਾ ਸਿੰਘ, ਪ੍ਰਿੰ., ਪੰਜਾਬੀ ਕਿਵੇਂ ਲਿਖੀਏ, ਅੰਮ੍ਰਿਤਸਰ—1954, ਪੰ. 84-85.

Sri Satguru Jagjit Singh Ji Elibrary NamdhariElibrary@gmail.com

ਦੇ ਕਿਸੇ ਵੀ ਲੇਖਕ ਨੇ ਇਸ ਨੇਮ ਦੀ ਉਲੰਘਣਾ ਨਹੀਂ ਕੀਤੀ ਅਤੇ ਨਿਰੋਲ ਪੋਠੋਹਾਰੀ ਕੇਵਲ ਪੋਠੋਹਾਰ ਬਾਰੇ ਲਿਖੇ ਨਾਵਲਾਂ ਤੇ ਕੇਵਲ ਸੰਬੰਧਿਤ ਪਾਤਰਾਂ ਦੀ ਲੁੜੀਂਦੀ ਗੱਲਕਥ ਵਿਚ ਹੀ ਵਰਤੀ ਹੈ।[1]

6. ਐਨ ਇਸੇ ਤਰ੍ਹਾਂ ਉਨ੍ਹਾਂ ਨੇ ਕੇਂਦਰੀ ਪੰਜਾਬੀ ਦੀ ਵਿਆਕਰਣਿਕ ਸੁਧਾਈ ਅਤੇ ਸ਼ੁੱਧ ਲਿਖਾਈ ਉਤੇ ਵੀ ਉਮਰ ਭਰ ਪਹਿਰਾ ਦਿੱਤਾ। ਉਨ੍ਹਾਂ ਦਾ ਵਿਸ਼ਵਾਸ ਸੀ ਕਿ "ਬੋਲੀਆਂ ਦਾ ਸੁਭਾਉ ਆਪੋ-ਆਪਣਾ ਹੁੰਦਾ ਹੈ। ਪੰਜਾਬੀ ਬੋਲੀ ਦਾ ਸੁਭਾਉ ਪੰਜਾਬੀਆਂ ਵਾਕਰ ਖੁਲ੍ਹਾ ਅਤੇ ਸਿੱਧਾ-ਪੱਧਰਾ ਹੈ।...ਜਿਵੇਂ ਪੰਜਾਬੀ ਲੋਕ ਜੋ ਕੁਝ ਕਹਿੰਦੇ ਹਨ, ਉਹੋ ਕੁਝ ਕਰਦੇ ਹਨ, ਅੰਦਰੋਂ ਹੋਰ ਤੇ ਬਾਹਰੋਂ ਹੋਰ ਨਹੀਂ ਹੁੰਦੇ, ਤਿਵੇਂ ਪੰਜਾਬੀ ਦੀ ਲਿਖਤ ਦਾ ਵੀ ਇਹ ਨੇਮ ਹੈ ਕਿ ਜਿਵੇਂ ਬੋਲੋ ਤਿਵੇਂ ਲਿਖੋ। ਜਿਵੇਂ 'ਕ੍ਰਿਪਾ' ਕੋਈ ਨਹੀਂ ਕਹਿੰਦਾ, 'ਕਿਰਪਾ' ਹੀ ਕਹੀਦਾ ਹੈ। 'ਸ੍ਰਦਾਰ' ਕੋਈ ਨਹੀਂ ਕਹਿੰਦਾ 'ਸਰਦਾਰ' ਹੀ ਕਹੀਦਾ ਹੈ। ਇਸ ਲਈ ਲਿਖਣ ਵੇਲੇ 'ਕਿਰਪਾ' ਜਾਂ 'ਸਰਦਾਰ' ਹੀ ਲਿਖਣ ਵਿਚ ਆਉਂਦਾ ਹੈ।[2]

ਪ੍ਰਿੰ. ਤੇਜਾ ਸਿੰਘ ਨੇ ਅਜਿਹੀਆਂ ਸਾਦੀਆਂ ਤੇ ਨਿਤ-ਵਰਤੀਂਦੀਆਂ ਮਿਸਾਲਾਂ ਦੇ ਕੇ, ਪੰਜਾਬੀ ਦੀ ਸ਼ੁੱਧ, ਸਰਲ, ਠੇਠ ਤੇ ਟਕਸਾਲੀ ਲਿਖਾਈ ਲਈ ਅਜਿਹੇ ਨੇਮ ਦਸੇ ਤੇ ਪਰਚਾਰੇ, ਫਿਰ ਉਨ੍ਹਾਂ ਉਤੇ ਆਪ ਵੀ ਪਾਬੰਦ ਰਹਿੰਦਿਆਂ ਉਨ੍ਹਾਂ ਨੂੰ ਅਜਿਹੇ ਸੁਚੱਜ ਨਾਲ ਵਰਤਿਆ ਤੇ ਪੇਸ਼ ਕੀਤਾ ਕਿ ਉਨ੍ਹਾਂ ਦੀ ਆਪਣੀ ਲਿਖਤ ਕੇਂਦਰੀ ਪੰਜਾਬੀ ਦੀ ਠੀਕ ਅਰਥਾਂ ਵਿਚ ਟਕਸਾਲੀ ਤੇ ਮਿਆਰੀ ਲਿਖਤ ਬਣ ਗਈ ਹੈ।[3] ਅੱਖਾਂ ਮੀਟਣ ਤੋਂ ਕੁਝ ਚਿਰ ਪਹਿਲਾਂ, ਮੇਰੇ ਵੇਖਦੇ ਵੇਖਦੇ, ਜਿਸ ਅਟੁੱਟ ਲਗਨ, ਮਿਹਨਤ, ਫੁਰਤੀ ਤੇ ਨੇਕ ਨੀਤੀ ਨਾਲ ਉਨ੍ਹਾਂ ਨਾਲ ਪੰਜਾਬ ਯੂਨੀਵਰਸਿਟੀ ਦੀ The Standard English-Punjabi Dictionary ਦੀ ਪਹਿਲੀ ਜਿਲਦ (1953) ਤਿਆਰ ਕੀਤੀ, ਗੁਰੂ ਗ੍ਰੰਥ ਸਾਹਿਬ ਦੇ 'ਸ਼ਬਦਾਰਥ' ਨੂੰ ਮੁੜ ਸੋਧ ਕੇ ਛਪਵਾਇਆ, 'ਪੰਜਾਬੀ ਕਿਵੇਂ ਲਿਖੀਏ' (1954 ਈ.) ਨਾਂ ਦਾ

---

1. ਪਰੰਤੂ ਇਹ ਗੱਲ ਬੜੀ ਹੈਰਾਨੀਜਨਕ ਹੈ ਕਿ ਮਾਝੀ ਦੇ ਕੇਂਦਰ, ਅੰਮ੍ਰਿਤਸਰ, ਵਿਚ ਹੀ ਜੰਮੇ-ਪਲੇ, ਰਹੇ-ਬਹੇ ਤੇ ਸੁਰਗਵਾਸ ਹੋਏ ਵਰਤਮਾਨ ਪੰਜਾਬੀ ਸਾਹਿਤ ਦੇ ਪਿਤਾਮਾ, ਡਾ. ਭਾਈ ਵੀਰ ਸਿੰਘ ਜੀ, ਦੀ ਰਚਨਾ ਵਿਚ ਪੋਠੋਹਾਰੀ ਦੇ ਕਈ ਅਜਿਹੇ ਲਫ਼ਜ਼ ਤੇ ਲਫ਼ਜ਼ੀ ਬਣਤਰਾਂ ਸਹਿਜ-ਸੁਭਾ ਵਰਤੀਆਂ ਹੋਈਆਂ ਮਿਲਦੀਆਂ ਹਨ ਜੋ ਪੋਠੋਹਾਰੀ ਦੇ ਜੰਮ-ਪਲ ਲੇਖਕਾਂ ਦੀਆਂ ਲਿਖਤਾਂ ਵਿਚ ਵੀ ਨਹੀਂ ਲਭਦੀਆਂ। ਮਿਸਾਲ ਵਜੋਂ ਉਨ੍ਹਾਂ ਦੀ ਅੰਤਮ ਕਿਰਤ ਵਿਚ ਵੇਖੋ :

   ਕਿੰਭ ('ਕਿਵੇਂ' ਦੀ ਥਾਂ), ਛੋੜ ('ਛੱਡ' ਦੀ ਥਾਂ)
   ਹੋਸੀ ('ਹੋਵੇਗੀ' ਦੀ ਥਾਂ), ਥੀਵੇਂ ('ਹੋਵੇ' ਦੀ ਥਾਂ)
   ਪਹਿਲੋਂ ('ਪਹਿਲਾਂ' ਦੀ ਥਾਂ), ਕੀਹ ('ਕੀ' ਦੀ ਥਾਂ)

   ਵੇਖੋ : ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਅੰਮ੍ਰਿਤਸਰ-1958, ਪੰ. 98, 117, 315.
2. ਵੇਖੋ : ਪੰਜਾਬੀ ਕਿਵੇਂ ਲਿਖੀਏ, ਉਹੀ, ਪੰ. 114.
3. ਵੇਖੋ : ਮੇਰਾ ਲੇਖ : ਵਾਰਤਕ-ਕਾਰ ਤੇਜਾ ਸਿੰਘ, ਪ੍ਰਿੰ. ਤੇਜਾ ਸਿੰਘ ਅਭਿਨੰਦਨ ਗ੍ਰੰਥ, ਪਟਿਆਲਾ-1956, ਪੰ. 91-102.

Sri Satguru Jagjit Singh Ji Elibrary NamdhariElibrary@gmail.com

ਪੁਸਤਕ ਅਤੇ Anglo-Panjabi Dictionary (1955 ਈ.) ਨਾਂ[1] ਦਾ ਆਪਣੀ ਕਿਸਮ ਦਾ ਪਹਿਲਾ ਅੰਗਰੇਜ਼ੀ-ਪੰਜਾਬੀ ਕੋਸ਼ ਪ੍ਰਕਾਸ਼ਿਤ ਕੀਤਾ, ਉਸ ਦੀ ਕਦਰ-ਕੂਤ ਜਿਉਂ ਜਿਉਂ ਸਮਾਂ ਬੀਤਦਾ ਜਾਏਗਾ ਵਧਦੀ ਹੀ ਜਾਏਗੀ। ਤੇਜਾ ਸਿੰਘ ਨੇ ਇਨ੍ਹਾਂ ਵਿਚ ਅੰਕਿਤ ਹਰ ਸ਼ਬਦ ਤੇ ਵਾਕ ਉਤੇ ਆਪਣੀ ਮਿਹਨਤ ਤੇ ਲਿਆਕਤ ਦੀ ਅਜਿਹੀ ਮੁਹਰ ਲਾ ਦਿੱਤੀ ਹੈ ਕਿ ਕੇਂਦਰੀ ਪੰਜਾਬੀ ਦੇ ਠੁਕ-ਠੇਠ, ਇਸ ਦੇ ਕਿਸੇ ਲਫਜ਼ ਜਾਂ ਲਫਜ਼ੀ ਬਣਤਰ ਬਾਰੇ ਮੈਨੂੰ ਤਾਂ ਜਦੋਂ ਕਦੇ ਵੀ ਕੋਈ ਭੁਲ ਜਾਂ ਭੁਲੇਖਾ ਪੈਂਦਾ ਹੈ, ਤਾਂ ਉਸ ਦਾ ਰੂਪ, ਅਸਲਾ ਤੇ ਅਰਥ ਆਦਿ ਉਕਤ ਪੁਸਤਕਾਂ ਵਿਚੋਂ ਲਭ ਟੋਲ ਕੇ ਲੁੜੀਂਦੀ ਤਸੱਲੀ ਤੇ ਦਰੁਸਤੀ ਕਰ ਲੈਂਦਾ ਹਾਂ। ਪੰਜਾਬੀ ਦੀ ਸ਼ੁੱਧ ਲਿਖਾਈ ਬਾਰੇ ਜਦੋਂ ਵੀ ਕੋਈ ਅਕਾਦਮਕ ਬਹਿਸ ਛਿੜਦੀ ਹੈ ਜਾਂ ਕੋਈ 'ਮੁਹਿੰਮ' ਮੱਘਦੀ ਹੈ, ਸੁੱਚੀ ਤੇ ਟਕਸਾਲੀ ਪੰਜਾਬੀ ਦੇ

---

1. ਇਹ ਉਨ੍ਹਾਂ ਦੀ ਅੰਤਮ ਰਚਨਾ ਹੈ। ਇਸ ਦੇ ਸੰਖੇਪ ਜੇਹੇ ਮੁਖ ਬੰਧ ਵਿਚ ਪੰਜਾਬੀ ਦੀ ਸਥਿਤੀ, ਸਥਾਨ ਲੋੜ ਤੇ ਪੂਰਤੀ ਬਾਰੇ ਜੋ ਕੁਝ ਉਨ੍ਹਾਂ ਲਿਖਿਆ ਹੈ, ਉਹ ਉਨ੍ਹਾਂ ਦੇ ਸੰਕਲਪ ਤੇ ਮੰਤਵ, ਘਾਲ ਤੇ ਦੇਣ ਦੀ ਮੂੰਹੋਂ ਬੋਲਦੀ ਤਸਵੀਰ ਹੈ। ਉਸ ਵਿਚੋਂ ਕੁਝ ਵਿਰੋਲਿਤਰੇ ਵਾਕ ਨਿਮਨ-ਲਿਖਤ ਹਨ :
The Punjabi language is coming into its own. It is recognized as the Regional language of the Panjab and the State language of the Patiala and the East Panjab States Union. Its importance in educational and administrative matters is daily increasing. We are committed to the replacement of English with our own languages. Panjabi will have its own share in this development. It will have to equip itself adequately for the new task imposed upon it. The transition from English to Panjabi will necessitate a consatant looking back to English as a guide and examplar. It is urgent therefore that a good standard dictionary of English-Punjabi words and usages should be prepared.
To meet this need, I initiated the work of preparing an Anglo-Panjabi Dictionary for the Panjab University. But before I had gone beyond a few letters, I fell ill and had to discontinue the attempt. That was, however, a very comprehensive and Taxing work. I felt, on my recovery, that I could undertake a shorter dictionary, which would contain a working vocabulary of current English and would, at the same time, save me from any heavy strain. The present Dictionary is designed from that point of view.
It contains only those words which are likely to occur in the experience of writers, teachers and students of the Panjab and Pepsu. I will also serve the purpose of those who have to use Panjabi in the course of their official or administrative duties... I have taken less than a year over it.... I had to work at it single-handed...Every effort has been made to use pure Panjabi, Sanskrit or Hindi being used only when absolutely unavoidable, or when formin; or borrowing technical terms. Words of foreign origin, thus utilized, are not always taken in their original forms, but subjected to inflectional changes peculiar to Panjabi...(Teja Singh, Principal, Anglo-Panjabi Dictionary, Preface, dated Amritsar, 1.1.1955).

Sri Satguru Jagjit Singh Ji Elibrary NamdhariElibrary@gmail.com

ਗ਼ੈਰ-ਪੋਠੋਹਾਰੀ ਸੁਹਿਰਦ ਮੁਦੱਈ, ਆਮ ਤੌਰ ਤੇ ਤੇਜਾ ਸਿੰਘ ਦੇ ਦਸੇ ਹੋਏ ਉਕਤ ਨੇਮਾਂ ਤੇ ਪਾਏ ਹੋਏ ਪੂਰਨਿਆਂ ਦੀ ਹੀ ਟੇਕ ਲੈਂਦੇ ਹਨ।[1]

ਸੋ, ਵਰਤਮਾਨ ਸਮੇਂ ਵਿਚ ਹੁੰਦੇ ਕਦੀ ਹੱਲਿਆਂ ਤੇ ਚਲਾਂਆਂ ਕਦੀ 'ਹਨੇਰੀਆਂ' ਦੇ ਬਾਵਜੂਦ, ਪੰਜਾਬੀ ਦੇ ਅਸਲੇ ਤੇ ਠੁਕ-ਠੇਠ ਨੂੰ ਕਾਇਮ ਰੱਖਣ, ਇਸ ਦੇ ਅਜੋਕੇ ਟਕਸਾਲੀ ਰੂਪ ਨੂੰ ਪਕਿਆਉਣ ਤੇ ਪ੍ਰਚਾਰਨ, ਇਸ ਦੇ ਵਿਰਸੇ ਨੂੰ ਤੇ ਭੰਡਾਰ ਸੰਭਾਲਣ, ਇਸ ਦੀਆਂ ਉਪ-ਬੋਲੀਆਂ ਬੋਲਦੇ ਲੇਖਕਾਂ ਦਾ ਸੰਪਰਕ ਵਧਾਉਣ, ਹਰ ਇਕ ਨੂੰ ਕੇਵਲ ਠੇਠ ਤੇ ਟਕਸਾਲੀ ਬੋਲੀ ਵਰਤਣ ਲਈ ਪ੍ਰੇਰਨ ਅਤੇ ਇਉਂ ਇਸ ਨੂੰ ਸਮੂਹ ਪੰਜਾਬੀਆਂ ਦੀ ਸਾਂਝੀ ਤੇ ਵਿਆਪਕ ਬੋਲੀ ਬਣਾਉਣ ਵਿਚ ਤੇਜਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਤੇ ਸ਼ਿਸ਼ ਪੋਠੋਹਾਰੀ ਲਿਖਾਰੀਆਂ ਨੇ ਜੋ ਉੱਤਮ ਘਾਲ ਘਾਲੀ ਹੈ ਅਤੇ ਉਸ ਦੇ ਫਲਸਰੂਪ ਜੋ ਸਾਹਿਤਕ ਦਾਤ ਤੇ ਸਭਿਆਚਾਰਕ ਦੇਣ ਦਿੱਤੀ ਹੈ, ਉਹ ਬੜੀ ਨਿਗਰ, ਉਸਾਰੂ ਤੇ ਯਾਦਗਾਰੀ ਹੈ।

(7)

ਇਹ ਦੇਣ ਯਾਦਗਾਰੀ ਹੋਣ ਤੋਂ ਛੁੱਟ, ਬੜੀ ਸਥਰਕੱਤੀ ਤੇ ਬਹੁ-ਪ੍ਰਕਾਰ ਵੀ ਹੈ। ਨਵੇਂ ਜ਼ਮਾਨੇ ਵਿਚ, ਵੀਹਵੀਂ ਸਦੀ ਪੰਜਾਬੀ ਬੋਲੀ ਦੀ ਅਦੁੱਤੀ ਸਾਖ ਤੇ ਸਥਾਨ ਦੀ ਪ੍ਰਾਪਤੀ, ਅਤੇ ਪੰਜਾਬੀ ਸਾਹਿਤ ਦੀ ਭਰਵੀਂ ਤੇ ਬਹੁਪੱਖੀ ਉਪਜ ਦੀ ਸੁਨਹਿਰੀ ਸਦੀ ਹੈ। ਇਸ ਉਪਜ ਦਾ ਬਹੁਤਾ ਭਾਗ ਪੋਠੋਹਾਰ ਦੇ ਜੰਮ-ਪਲ ਲੇਖਕਾਂ ਤੇ ਵਿਦਵਾਨਾਂ ਦੀ ਹੀ ਮਿਹਨਤ ਤੇ ਲਿਆਕਤ ਦਾ ਸਿੱਟਾ ਜਾਪਦਾ ਹੈ।

ਜੇ ਇਹ ਠੀਕ ਹੈ ਕਿ ਕਿਸੇ ਇਲਾਕੇ ਜਾਂ ਤਰੇਗੜੇ ਦੀ ਕੋਈ ਉੱਨਤ ਉਪਬੋਲੀ ਤੇ ਉਸ ਇਲਾਕੇ ਦੇ ਜਾਏ ਹੀ ਸੰਬੰਧਿਤ ਪ੍ਰਦੇਸ਼ ਦੀ ਟਕਸਾਲੀ ਤੇ ਪਰਮਾਣੀਕ ਬੋਲੀ ਨੂੰ ਉਪਜਾਉਣ ਤੇ ਵਿਕਸਾਉਣ ਵਿਚ ਬੜਾ ਭਾਰੀ ਤੇ ਯਾਦਗਾਰੀ ਹਿੱਸਾ ਪਾ ਸਕਦੇ ਹਨ, ਤਾਂ ਠੇਠ ਤੇ ਕੇਂਦਰੀ ਪੰਜਾਬੀ ਦੇ ਫੁਲਣ-ਫਲਣ ਵਿਚ ਪੋਠੋਹਾਰੀ ਤੇ ਉਸ ਨੂੰ ਬੋਲਣ ਵਾਲਿਆਂ ਨੇ ਜੋ ਹਿੱਸਾ ਪਾਇਆ ਹੈ, ਉਸ ਉਤੇ ਉਹ ਜਿੰਨਾ ਵੀ ਮਾਣ ਕਰੇ ਥੋੜ੍ਹਾ ਹੈ। ਇਸ ਦੇ ਘੇਰੇ ਨੂੰ ਵਿਸ਼ਾਲਣ, ਇਸ ਨੂੰ ਤਕੜੀ ਤੇ ਅਮੀਰ ਬਣਾਉਣ, ਇਸ ਦਾ ਘਰ-ਬਾਰ ਭਰਨ, ਅਤੇ ਕੇਵਲ ਹਿੰਦੁਸਤਾਨ ਹੀ ਨਹੀਂ ਸੰਸਾਰ ਦੇ ਬਾਕੀ ਭਾਸ਼ਾ-ਪਰਿਵਾਰ ਵਿਚ ਵੀ ਇਸ ਨੂੰ ਯੋਗ ਮਾਣ ਤੇ ਸਥਾਨ ਦੁਆਉਣ ਲਈ ਪੋਠੋਹਾਰੀ ਬੋਲਦੇ ਲੋਕਾਂ ਤੇ ਲੇਖਕਾਂ ਨੇ ਜੋ ਭਰਪੂਰ ਸੇਵਾ ਕੀਤੀ ਹੈ ਉਹ ਨਿਰਸੰਦੇਹ ਇਤਿਹਾਸਕ ਮਹੱਤਾ ਦੀ ਮਾਲਕ ਹੈ। ਇਸ ਦੇ ਫਲਸਰੂਪ 'ਮਾਝੀ', ਭਾਵ ਕੇਂਦਰੀ ਪੰਜਾਬੀ ਨੂੰ ਜੋ ਸਾਹਿਤਕ ਤੇ ਸਭਿਆਚਾਰਕ ਦਾਤ ਪ੍ਰਾਪਤ ਹੋਈ ਹੈ, ਉਹ ਅਦੁੱਤੀ ਵੀ ਹੈ ਤੇ ਬਹੁ-ਭਾਂਤੀ ਵੀ। ਡਾ. ਹਰਦੇਵ ਬਾਹਰੀ

---

1. ਜਿਵੇਂ 'ਪੰਜਾਬੀ ਸ਼ਬਦ-ਜੋੜ ਕੋਸ਼ਾਂ' ਦੀ ਪੜਚੋਲ ਕਰਦਿਆਂ ਅਤੇ ਤੇਜਾ ਸਿੰਘ ਦੇ ਇਕ ਪ੍ਰਸਿੱਧ ਹੋਕੇ ਨਾਲ ਆਪਣੀ ਹੇਕ ਮਿਲਾਉਂਦਿਆਂ, ਸ. ਸੋਹਨ ਸਿੰਘ ਜੋਸ਼ ਨੇ ਲਿਖਿਆ ਹੈ : "ਇਹ ਕੋਸ਼ਕਾਰ 'ਜੇਹਾ ਬੋਲੋ, ਤਿਹਾ ਲਿਖੋ'—ਦੇ ਦਰੁਸਤ ਸਿਧਾਂਤ ਨੂੰ ਪਰਵਾਨ ਨਹੀਂ ਕਰਦੇ ਕਿਉਂਕਿ ਬੋਲੀ ਇਕ ਵਾਹੀਲਾ ਹੈ ਦੇ ਅਸੂਲ ਦੀ ਇਹ ਸਹੀ ਪ੍ਰਤੀਨਿਧਤਾ ਕਰਦਾ ਹੈ" ।—ਵੇਖੋ ਜੋਸ਼, ਪੰਜਾਬੀ ਭਾਸ਼ਾ ਦਾ ਸਰੂਪ, ਉਹੀ, ਪੰ. 22.

Sri Satguru Jagjit Singh Ji Elibrary NamdhariElibrary@gmail.com

ਅਨੁਸਾਰ "ਉਸ ਦਾ ਵਿਸਥਾਰ ਨਾਲ ਵਰਣਨ ਕਰਨਾ ਸੰਭਵ ਨਹੀਂ"[1] ਨਾਲੇ ਕੇਵਲ ਇਕ ਅਜਿਹੇ ਖੋਜ-ਪੱਤਰ ਦਾ ਮਜ਼ਮੂਨ ਵੀ ਨਹੀਂ। ਫਿਰ ਵੀ ਇਕ ਤਰਫੀ ਨਜ਼ਰ ਨਾਲ ਵੇਖਿਆਂ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਵਾਚਿਆਂ, ਇਸ ਦੇ ਕਈ ਅਜਿਹੇ ਪੱਖ ਪਰਤੱਖ ਹੋ ਜਾਂਦੇ ਹਨ ਜਿਨ੍ਹਾਂ ਨੂੰ ਚਾਨਣਿਆਉਣ ਵਿਚ ਪੋਠੋਹਾਰ ਦੇ ਜੰਮ-ਪਲ ਲੇਖਕਾਂ ਨੇ ਸਮੇਂ ਸਮੇਂ ਵਿਸ਼ੇਸ਼ ਤੇ ਵਿਲੱਖਣ ਹਿੱਸਾ ਪਾਇਆ ਹੈ।

(8)

ਜਿਥੋਂ ਤਕ ਪੰਜਾਬੀ ਦੇ ਕਾਵਿ-ਸਾਹਿਤ ਦਾ ਸੰਬੰਧ ਹੈ, ਪੋਠੋਹਾਰ ਦੇ ਜੰਮ-ਪਲ ਕਵੀਆਂ ਨੇ ਇਸ ਦੀ ਲਗਭਗ ਹਰ ਧਾਰਾ ਨੂੰ ਵਿਕਸਾਉਣ, ਹਰ ਰੁਚੀ ਨੂੰ ਤ੍ਰਿਪਤਾਉਣ ਅਤੇ ਹਰ ਰੂਪ ਨੂੰ ਕਵਿਤਾਉਣ ਤੋਂ ਛੁਟ, ਕਈ ਨਵੇਂ ਤੇ ਸਫਲ ਤਜਰਬੇ ਕਰਕੇ ਵੀ, ਆਪਣੀ ਵੰਨ-ਸੁਵੰਨੀ ਰਚਨਾ ਨਾਲ ਇਸ ਨੂੰ ਅਮੀਰ ਤੇ ਭਰਪੂਰ ਕਰਨ ਵਿਚ ਆਪਣੀ ਕਾਵਿ-ਕਲਾ ਦੇ ਕਈ ਚਮਤਕਾਰ ਵਿਖਾਏ ਹਨ।

2. ਪੰਜਾਬੀ ਦੀ ਕਿੱਸਾ ਪਰੰਪਰਾ ਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਤੇ ਵਧੀਆ ਦੇਣ 'ਕਿੱਸਾ ਸੈਫੁਲ ਮਲੂਕ' (1864 ਈ.) ਕ੍ਰਿਤ ਮੀਆਂ ਮੁਹੰਮਦ ਬਖਸ਼ (1831-1906 ਈ.) ਹੈ। ਇਹ ਆਪਣੇ ਦਰਦ-ਸੋਜ਼, ਸ਼ਬਦ-ਭੰਡਾਰ ਤੇ ਕਾਵਿ-ਚਮਤਕਾਰ ਕਾਰਨ, ਕੇਵਲ ਮੀਆਂ ਸਾਹਿਬ ਦਾ ਹੀ ਨਹੀਂ, ਪੋਠੋਹਾਰ ਵਿਚ ਲਿਖੀ ਗਈ ਪੰਜਾਬੀ ਕਵਿਤਾ ਦਾ ਵੀ ਇਕ ਅਮਰ ਸ਼ਾਹਕਾਰ ਹੈ। ਸਿਰਫ ਪੱਛਮੀ ਪੰਜਾਬੀ ਦੇ ਸੱਥ ਚੋਪਾਲ ਹੀ ਨਹੀਂ, ਕਸ਼ਮੀਰ ਦੀਆਂ ਹੁਸੀਨ ਵਾਦੀਆਂ ਵਿਚ ਵੀ, ਇਸ ਦੀਆਂ ਹੇਕਾਂ ਤੇ ਹੂਕਾਂ ਅਜੇ ਤੱਕ ਸੁਣੀਂਦੀਆਂ ਹਨ। ਪੋਠੋਹਾਰ ਦੇ ਹਿੰਦੂ ਵੀਰ ਜਿਸ ਚਾਅ ਨਾਲ 'ਤੁਲਸੀ ਰਾਮਾਇਣ' ਪੜ੍ਹਦੇ ਤੇ ਸੁਣਦੇ ਹਨ। ਮੁਸਲਮਾਨ ਭਰਾ ਲਗਭਗ ਅਜੇਹੇ ਸ਼ੌਕ ਨਾਲ ਹੀ 'ਸੈਫੁਲ-ਮਲੂਕ' ਦਾ ਪਾਠ ਕਰਦੇ ਤੇ ਸੁਣਦੇ ਹਨ।[2] ਇਹ ਕਿੱਸਾ ਰੱਬੀ ਰਮਜ਼ਾਂ, ਸਦੀਵੀ ਸੁੰਦਰਤਾ, ਨਿਰਮਲ ਪਿਆਰ ਤੇ ਸੂਰਮਗਤੀ ਦਾ ਸੁਮੇਲ ਹੋਣ ਕਰਕੇ, ਇਕ ਪਾਸੇ "ਪੰਜਾਬ ਦੀ ਜਿਊਂਦੀ-ਜਾਗਦੀ ਬਲਵਾਨ ਪ੍ਰੀਤ ਦਾ ਪ੍ਰਤੀਨਿਧ ਬਣ ਗਿਆ ਹੈ, ਤਾਂ ਦੂਜੇ ਪਾਸੇ ਸੂਫੀਆਂ ਲਈ ਚਾਨਣ ਮੁਨਾਰਾ।"[3] 9128 ਬੈਂਤਾਂ ਦਾ ਇਹ ਸ਼ਾਹਕਾਰ ਆਕਾਰ ਵਿਚ ਹੀ 'ਹੀਰ ਵਾਰਸ' ਤੋਂ ਦੂਣ-ਸਵਾਇਆ ਹੈ। "ਜੀਵਨ ਤੋਂ ਮਰਨ ਤਕ ਮਨੁੱਖੀ ਜੀਵ ਦੇ ਸਾਰੇ ਅੰਗਾਂ ਤੇ ਪੱਖਾਂ ਦਾ ਵਿਸਤਾਰ-ਪੂਰਵਕ ਵਾਸਤਵਿਕ ਵਰਣਨ, ਦੇਵਾਂ ਤੇ ਪਰੀਆਂ ਦੇ ਅੰਤਰੀਵ ਜੀਵਨ ਦੀਆਂ ਝਾਕੀਆਂ, ਪੌਣ-ਪਾਣੀ-ਧਰਤੀ-ਆਕਾਸ਼ ਤੇ ਸਮੂਹ ਖਾਣੀਆਂ ਦੇ ਸਵਾਦਲੇ ਬਿਆਨ—ਸਭੋ ਕੁਝ ਇਸ ਕਿੱਸੇ ਵਿਚ ਮੌਜੂਦ ਹੈ। ਇਸੇ ਕਾਰਨ ਕਰਕੇ ਇਸ ਇਕੋ ਰਚਨਾ ਨੇ ਪੰਜਾਬੀ ਦੇ ਸ਼ਬਦ-ਭੰਡਾਰ ਨੂੰ ਇਤਨਾ ਵਿਸ਼ਾਲ ਤੇ ਪਰਬੀਨ ਕਰ ਦਿੱਤਾ ਹੈ ਕਿ ਹਰ ਪ੍ਰਕਾਰ ਦੇ ਵਿਸ਼ੇ-ਵਰਣਨ ਲਈ ਪੰਜਾਬੀ ਬੋਲੀ ਸਮਰੱਥ ਹੋ ਗਈ ਹੈ। 'ਸੈਫੁਲ ਮਲੂਕ' ਪੰਜਾਬੀ ਦਾ ਸ਼ਬਦ-ਕੋਸ਼ ਹੋਣ ਦੇ ਨਾਲ ਨਾਲ, ਕਾਵਿ-ਕਲਾ ਤੇ ਉੱਚ ਕਲਪਨਾ ਦੇ ਉੱਤਮ ਨਮੂਨਿਆਂ ਦਾ ਭੰਡਾਰ (ਵੀ) ਹੈ।

---

1. ਬਾਹਰੀ, ਡਾ. ਹਰਦੇਵ, ਪੰਜਾਬੀ ਤੇ ਲਹਿੰਦੀ, ਪਟਿਆਲਾ—1959, ਪੰਨਾ 6.
2. ਵੇਖੋ : ਢਾਨ, ਡਾ. ਹਰਨਾਮ ਸਿੰਘ, ਸੰਝ-ਸਵੇਰਾ, ਜਲੰਧਰ—1957, ਪੰ. 179.
3. ਰਾਜ਼ੀ, ਪ੍ਰੋ. ਸੰਤੋਖ ਸਿੰਘ, ਕਿੱਸਾ ਸੈਫੁਲ ਮਲੂਕ, ਸੰਪਾਦਿਤ, ਪਟਿਆਲਾ—1961, ਪੰ. 1 ਤੇ 5

Sri Satguru Jagjit Singh Ji Elibrary NamdhariElibrary@gmail.com

ਹਵਾਲਿਆਂ ਤੇ ਸੂਫ਼ੀ ਸਿੱਧਾਂਤਾਂ ਦੇ ਪੱਖ ਤੋਂ, 'ਸੈਫੁਲ ਮਲੂਕ' ਦਾ ਸਥਾਨ ਪੰਜਾਬੀ ਸਾਹਿਤ ਵਿਚ ਨਿਵੇਕਲਾ ਹੈ। ਇਸਦੀ ਲੋਕਪ੍ਰੀਯਤਾ ਦਾ ਹਾਲ ਇਹ ਹੈ ਕਿ ਇਹ ਅਜੇ ਤਕ ਪੰਜਾਬ ਤਕ ਕੀ, ਕਸ਼ਮੀਰ ਦੀਆਂ ਹੁਸੀਨ ਵਾਦੀਆਂ ਵਿਚ ਵੀ ਬਕਰਵਾਨਾਂ ਦੇ ਮੂੰਹੋਂ ਸੁਣਿਆ ਤੇ ਮਾਣਿਆ ਜਾ ਸਕਦਾ ਹੈ। ਮੀਆਂ ਮੁਹੰਮਦ ਬਖ਼ਸ਼ ਦੀ ਕੇਵਲ ਇਹੋ ਇਕੋ ਰਚਨਾ ਹੀ "ਉਨ੍ਹਾਂ ਦੇ ਨਾਂ ਨੂੰ ਅਮਰ ਰਖਣ ਵਾਸਤੇ ਤੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਭਰਨ ਵਾਸਤੇ ਕਾਫ਼ੀ ਵੱਡੀ ਦੇਣ ਸੀ।" ਪਰ ਉਨ੍ਹਾਂ ਨੇ ਹੋਰ ਵੀ ਚੋਖਾ ਕੁਝ ਲਿਖਿਆ ਹੈ ਜਿਸ ਵਿਚ 'ਸ਼ੀਰੀ ਫ਼ਰਿਹਾਦ', 'ਮਿਰਜ਼ਾ ਸਾਹਿਬਾਂ' ਤੇ 'ਸੋਹਣੀ ਮਹੀਂਵਾਲ' ਦੇ ਪ੍ਰੀਤ ਕਿੱਸੇ ਵੀ ਸ਼ਾਮਲ ਹਨ। ਇਸ ਪਰੰਪਰਾ ਦੇ ਲਗਭਗ ਇਸੇ ਰੰਗ ਤੇ ਢੰਗ ਨੂੰ ਵਰਤਮਾਨ ਸਮੇਂ ਵਿਚ ਕਾਇਮ ਇਕਬਾਲ ਦਾਇਮ (ਜ. 1909 ਈ.) ਨੇ ਚਾਲੂ ਰਖਿਆ ਹੈ। ਉਨ੍ਹਾਂ ਨੇ ਘੱਟੋ ਘੱਟ ਦਿੱਕੀ ਪੁਸਤਕਾਂ ਰਚੀਆਂ ਹਨ ਜਿਨ੍ਹਾਂ ਵਿਚੋਂ 'ਸੋਹਣੀ ਮਾਹੀਂਵਾਲ', ਯੂਸਫ਼ ਜ਼ੁਲੈਖਾਂ' ਤੇ 'ਹੀਰ 'ਸਿਆਲ' ਨੂੰ ਚੋਖੀ ਪ੍ਰਸਿੱਧੀ ਮਿਲੀ ਹੈ। ਸੰਨ 1959 ਵਿਚ ਉਹ 'ਸੈਫੁਲ ਮਲੂਕ' ਉਤੇ ਵੀ ਹੱਥ ਅਜ਼ਮਾ ਰਹੇ ਸਨ ਤੇ ਉਸ ਨੂੰ 'ਹੀਰ ਵਾਰਸ' ਦੀ ਬਹਿਰ ਵਿਚ ਰਚ ਰਹੇ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਦੀ ਇਹ ਰਚਨਾ ਉਨ੍ਹਾ ਦੀਆਂ "ਦੂਜੀਆਂ ਸਾਰੀਆਂ ਕਿਤਾਬਾਂ ਤੋਂ ਉੱਚੀ ਹੋਵੇਗੀ।"[1]

ਪਰ ਇਸ ਪਰੰਪਰਾ ਨੂੰ ਨਵਾਂ ਰੰਗ, ਰੂਪ ਤੇ ਮੋੜ ਸ. ਵਿਧਾਤਾ ਸਿੰਘ ਤੀਰ (1900-1973 ਈ.) ਨੇ ਦਿੱਤਾ ਹੈ ਜੋ ਆਪਣੇ ਸਮੇਂ ਦੇ ਇਕ ਉੱਘੇ ਤੇ ਲੋਕ-ਪ੍ਰਿਯ ਉਸਤਾਦ ਕਵੀ ਸਨ। ਉਨ੍ਹਾਂ ਨੇ ਢੇਰ ਸਾਰੀ ਨਿੱਕੀ ਕਵਿਤਾ ਰਚਣ ਤੋਂ ਛੁਟ, ਕਿੱਸਾ-ਕਾਵਿ, ਕਥਾ-ਕਾਵਿ, ਤੇ ਪਰਸੰਗ-ਕਾਵਿ ਦੀਆਂ ਕੁਝ ਅਤਿ ਸੁੰਦਰ ਵੰਨਗੀਆਂ ਵੀ ਉਪਜਾਈਆਂ, ਜਿਨ੍ਹਾਂ ਵਿਚੋਂ ਕਈਆਂ ਨੂੰ ਤਾਂ ਪੰਜਾਬੀ ਕਵਿਤਾ ਦਾ ਸ਼ਿੰਗਾਰ ਬਣਾਉਣ ਵਿਚ ਇਉਂ ਪਹਿਲ ਕਰਨ ਦਾ ਸਿਹਰਾ ਵੀ ਆਪ ਦੇ ਹੀ ਸਿਰ ਹੈ। ਜਿਵੇਂ—ਹਿੰਦੂ ਇਤਿਹਾਸ ਮਿਥਿਹਾਸ ਵਿਚੋਂ: 'ਨਲ ਦਮਯੰਤੀ', 'ਧਰੂ-ਭਗਤ' ਤੇ 'ਰੂਪ-ਰਾਣੀ-ਸ਼ਕੁੰਤਲਾ' ਦੇ ਕਿੱਸੇ-ਕਥਾਵਾਂ; ਅਤੇ ਸਿੱਖ ਇਤਿਹਾਸ ਵਿਚੋਂ: 'ਦਸ਼ਮੇਸ਼ ਦਰਸ਼ਨ', 'ਬੰਦਾ-ਬਹਾਦਰ', 'ਸ਼ਹੀਦੀ ਵਾਰਾਂ' ਵਿਚ ਅੰਕਿਤ ਪਰਸੰਗ ਤੇ ਬਿਰਤਾਂਤ। ਅਜਿਹੇ ਰੋਮਾਂਚਕ ਕਿੱਸਿਆਂ, ਧਾਰਮਿਕ ਪਰਸੰਗਾਂ ਤੇ ਮਿਥਿਹਾਸਕ ਕਥਾਵਾਂ ਨਾਲ ਪੰਜਾਬੀ ਕਿੱਸਾ-ਕਾਵਿ ਵਿਚ ਨਵੇਂ ਵਿਸ਼ੇ, ਲਹਿਜੇ, ਲੈ ਤੇ ਤੋਲ ਆਦਿ ਦਾ ਅਜਿਹਾ ਵਾਧਾ ਹੋਇਆ ਜਿਸ ਦਾ 'ਜੋੜ' ਗੁਜਰਾਂਵਾਲੇ ਦੇ ਪੰ. (ਮਾਨ ਸਿੰਘ) ਕਾਲੀਦਾਸ (1865-1944 ਈ.) ਸਿਆਲਕੋਟ ਦੇ ਗਿ. ਕਰਤਾਰ ਸਿੰਘ ਕਲਾਸਵਾਲੀਆ (1882-1952 ਈ.) ਅਤੇ ਲੁਧਿਆਣੇ ਦੇ ਲਾ. ਦੌਲਤ ਰਾਮ (1870-1935) ਆਦਿ ਦੀ ਉਪਜ ਨੂੰ ਇਕ ਥਾਂ ਰਲਾ ਕੇ ਹੀ ਲਭਿਆ ਜਾ ਸਕਦਾ ਹੈ।

2. ਪੰਜਾਬੀ ਦੀ ਸੂਫ਼ੀ ਕਾਵਿ-ਧਾਰਾ ਨੂੰ ਪ੍ਰਫੁੱਲਤ ਕਰਨ ਲਈ ਵੀ, ਉਕਤ ਮੀਆਂ ਮੁਹੰਮਦ ਬਖ਼ਸ਼ ਨੇ 'ਸੈਫੁਲ ਮਲੂਕ' ਦੀ ਕਹਾਣੀ ਰਾਹੀਂ ਵਿਆਖੇ ਸੂਫ਼ੀ ਸਿੱਧਾਂਤਾਂ ਤੋਂ ਛੁੱਟ, 'ਗੁਲਜ਼ਾਰੇ ਫ਼ਕਰ' ਤੇ 'ਤੁਹਫ਼ਾ ਮੀਰਾਂ' ਨਾਂ ਦੀਆਂ ਦੋ ਸਮੂਲੀਆਂ ਕਿਰਤਾਂ ਵੀ ਦਿੱਤੀਆਂ

1. ਵੇਖੋ: ਨਾਗੀ, ਅਨੀਸ ਸਜਰੇ ਫੁੱਲ (ਸੰਪਾਦਿਤ), ਲਾਹੌਰ—1956, ਪੰ. 134.

Sri Satguru Jagjit Singh Ji Elibrary NamdhariElibrary@gmail.com

ਹਨ । ਇਸ ਲੋਕ-ਪ੍ਰਿਯ ਧਾਰਾ ਨੂੰ ਵਰਤਮਾਨ ਸਮੇਂ ਵਿਚ ਵੀ ਤੋਰੇ ਰਖਣ ਲਈ ਜਨਾਬ ਮੁਹੰਮਦ ਫਾਜ਼ਲ[1] ਨੇ 'ਸੂਹਾ ਚਰਖਾ', 'ਬਾਰਾਂਮਾਹੇ' ਤੇ 'ਕਾਫੀਆਂ' ਰਚੀਆਂ ਹਨ । ਵੀਹਵੀਂ ਸਦੀ ਵਿਚ ਇਹ ਸਰੋਦੀ/ਸੂਫੀ ਹੇਕ ਉਨ੍ਹਾਂ ਨੇ ਹੀ ਲਾਈ ਸੀ :

ਕਤ ਚਰਖਾ ਛੋਪੇ ਘਤ ਕੁੜੇ ।
ਨਹੀਂ ਆਉਣਾ ਜੋਬਨ ਵਤ ਕੁੜੇ ।

ਨਖਿਆਲ (ਜ਼ਿਲ੍ਹਾ ਰਾਵਲਪਿੰਡੀ) ਦੇ ਵਸਨੀਕ ਸਾਈਂ ਵਾਰਿਸ ਨੇ ਇਸ ਨੂੰ ਆਪਣੀ ਸੀਹਰਫੀ, ਬਾਰਾਮਾਂਹ ਤੇ ਗਜ਼ਲਾਂ ਆਦਿ ਵਿਚ ਉਚਿਆਉਣ ਦਾ ਯਤਨ ਕੀਤਾ ਹੈ ।[2]

3. ਪਰ ਵਰਤਮਾਨ ਸਮੇਂ ਵਿਚ ਉਨ੍ਹਾਂ ਦੀ ਭਾਰੀ ਤੇ ਯਾਦਗਾਰੀ ਦੇਣ ਉਹ ਨਿੱਕੀ ਤੇ ਨਵੀਨ ਕਵਿਤਾ ਹੈ ਜੋ ਪੋਠੋਹਾਰ ਦੇ ਜੰਮ-ਪਲ ਕਵੀਆਂ ਨੇ ਕਈ ਨਵੇਂ ਰੰਗਾਂ ਤੇ ਰੂਪਾਂ ਵਿਚ ਰਚੀ ਅਤੇ ਜਿਸ ਵਿਚ ਉਨ੍ਹਾਂ ਨੇ ਹੁਸਨ-ਇਸ਼ਕ ਤੋਂ ਛੁਟ, ਕਈ ਹੋਰ ਬੁਨਿਆਦੀ ਵਿਸ਼ਿਆਂ ਅਤੇ ਕੌਮੀ ਤੇ ਕੌਮਾਂਤਰੀ ਸਮੱਸਿਆਵਾਂ ਬਾਰੇ ਆਪਣੇ ਵਿਚਾਰ ਤੇ ਵਲਵਲੇ ਪ੍ਰਗਟ ਕੀਤੇ ਹਨ ।

ਉਨ੍ਹਾਂ ਵਿਚੋਂ ਇਕ ਪ੍ਰਸਿੱਧ ਵੱਡਕੇ, ਪ੍ਰੋ. ਪੂਰਨ ਸਿੰਘ (1881-1931 ਈ.), ਨੇ ਤਾਂ ਅਸਲੋਂ ਹੀ ਇਕ ਨਵੇਂ ਰੰਗ ਤੇ ਅਛੂਤੇ ਢੰਗ ਦੀ ਕਵਿਤਾ ਰਚ ਕੇ, ਪੰਜਾਬੀ ਕਾਵਿ ਨੂੰ ਰਵਾਇਤੀ ਜਿਲਣਾਂ ਵਿਚੋਂ ਕਢਣ ਤੇ "ਨਵਾਬੀ ਜੁੱਤੀ ਦੀ ਕੈਦ" ਤੋਂ ਛੁਡਾਉਣ ਦੀ ਪਹਿਲ ਕੀਤੀ । ਇਸ ਵਿਚ ਕਈ ਨਵੇਂ ਪੈਂਤੜੇ ਪਾਏ, ਕਈ ਨਵੀਆਂ ਹੋਣੀਆਂ ਲਿਸ਼ਕਾਈਆਂ ਅਤੇ 'ਸੈਲਾਨੀ ਛੰਦ' ਨਾਂ ਦਾ ਇਕ ਨਵਾਂ ਕਾਵਿ-ਸੱਚਾ (ਪੈਟਰਨ) ਵੀ ਪੈਦਾ ਤੇ ਪ੍ਰਚੱਲਿਤ ਕੀਤਾ । ਉਨ੍ਹਾਂ ਦੀ ਅਜਿਹੀ ਰਚਨਾ ਨਾਲ ਪੰਜਾਬੀ ਕਾਵਿ-ਖੇਤਰ ਵਿਚ ਉੱਚ-ਚੋਟੀ ਦਾ ਰੋਮਾਸਵਾਦ, ਅਮੁੱਕ ਦੇਸ਼-ਪਿਆਰ, ਅਦੁੱਤੀ ਕੁਦਰਤ-ਪਿਆਰ, ਅਗਾਂਹਵਧੂ ਦ੍ਰਿਸ਼ਟੀਕੋਣ ਤੇ ਅਨੂਠਾ ਜਿਹਾ ਵਲਵਲਾ-ਪੂਰਤ ਬਿਆਨ ਸ਼ਾਮਲ ਹੋਇਆ ਹੈ ।

4. ਉਨ੍ਹਾਂ ਦੇ ਨਿਕਟ ਸਮਕਾਲੀ ਅਤੇ ਅਜੋਕੇ ਕਾਲ ਦੇ ਦੇਸ਼ ਭਗਤੀ-ਕਾਵਿ ਦੇ ਮੋਢੀ ਗਿ. ਹੀਰਾ ਸਿੰਘ ਦਰਦ (1889-1965 ਈ.), ਦੇ 'ਦਰਦ-ਸੁਨੇਹੇ' (1918-1924 ਈ.) ਆਦਿ ਦੀ ਪ੍ਰਕਾਸ਼ਨਾ ਨਾਲ ਵਰਤਮਾਨ ਪੰਜਾਬੀ ਕਵਿਤਾ ਵਿਚ ਕੌਮੀ ਜਜ਼ਬੇ, ਇਨਕਲਾਬੀ ਰੰਗ, ਸਮਾਜਕ ਅੰਸ਼ ਤੇ ਆਸ਼ਾਵਾਦੀ ਰੁਚੀ ਦਾ ਪਰਵੇਸ਼ ਹੋਇਆ ਹੈ । ਉਹ ਆਪਣੇ ਸਾਥੀ ਕੌਮੀ ਕਵੀ, ਗਿ. ਗੁਰਮੁੱਖ ਸਿੰਘ ਮੁਸਾਫਰ (1899-1976 ਈ.) ਦੇ ਨਾਲ ਪੰਜਾਬੀ ਵਿਚ ਰਾਜਸੀ ਭਾਵਾਂ ਤੇ ਬੰਦੀ ਜੀਵਨ ਬਾਰੇ ਕਵਿਤਾ ਲਿਖਣ ਦੀ ਪਹਿਲ ਕਰਨ ਵਾਲੇ ਸਨ । 'ਮੁਸਾਫਰ' ਜੀ ਦੀ ਅਜਿਹੀ ਕਵਿਤਾ ਵਿਚ ਤਾਂ ਦੇਸ਼-ਪਿਆਰ, ਕੁਰਬਾਨੀ ਦਾ ਜਜ਼ਬਾ ਅਤੇ ਸਮਰਾਜ-ਵਿਰੋਧੀ ਰੋਹ ਕੁਟ ਕੁਟ ਕੇ ਭਰਿਆ ਪਿਆ ਹੈ । ਪੋਠੋਹਾਰ ਦੇ ਜੰਮ-ਪਲ ਅਜਿਹੇ ਕਵੀਆਂ ਦੇ 'ਮੁਸਾਫਰ' ਰਾਹੀਂ ਪ੍ਰਗਟ ਹੋਏ ਹੇਠ ਲਿਖੇ ਵਲਵਲੇ ਤੇ ਵੰਗਾਰ :

1. ਆਪ ਭਿਮਲਾ, ਤਹਿਸੀਲ ਜਿਹਲਮ ਦੇ ਵਸਨੀਕ ਸਨ ਅਤੇ ਚੋਖਾ ਚਿਰ ਫੌਜ ਵਿਚ ਨੌਕਰੀ ਕਰਦੇ ਰਹੇ ਸਨ ।
2. ਉਹਨਾਂ ਦੀ ਅਜਿਹੀ ਰਚਨਾ ਉਨ੍ਹਾਂ ਦੀ ਪੁਸਤਕ 'ਸਿਲਸਿਲਾ ਇ-ਨਕਸ਼ਬੰਦੀ' ਵਿਚ ਸੰਚਿਤ ਹੈ ।

Sri Satguru Jagjit Singh Ji Elibrary NamdhariElibrary@gmail.com

1. ਗਾਹੜੇ ਖੱਦਰ ਪਾਇ ਕੇ ਕਫਨ ਮੈਨੂੰ
   ਖੁਲ੍ਹੀ ਅੰਤ ਵੀ ਮੇਰੀ ਜ਼ਬਾਨ ਰਖਣੀ ।
2. ਸਾਡਾ ਘਰ, 'ਮੁਸਾਫਰਾ' ! ਛਡ ਖਹਿੜਾ
   ਇਹ ਤਾਂ ਹਿੰਦ ਸਾਡਾ, ਹਿੰਦੁਸਤਾਨੀਆਂ ਦਾ ।[1]

ਉਸ ਸਮੇਂ ਤੇ ਸਥਾਨ ਦੀ ਉਪਜ ਹਨ ਜਦੋਂ 'ਦਰਦ' ਜੀ ਦੇ ਕਥਨ ਅਨੁਸਾਰ "ਜੇਲ ਅੰਦਰ ਕਿਸੇ ਕੋਲੋਂ ਕਾਗਜ਼ ਜਾਂ ਪੈਨਸਲ ਦਾ ਟੁਕੜਾ ਪਕੜਿਆ ਜਾਵੇ ਤਾਂ ਉਹ ਕੋਠੀਬੰਦ ਕਰ ਦਿੱਤਾ ਜਾਂਦਾ ਸੀ ।"[2] ਇਨ੍ਹਾਂ ਮੋਢੀ ਦੇਸ਼-ਭਗਤ ਕਵੀਆਂ ਦੀਆਂ ਅਜਿਹੀਆਂ ਘਾਲਾਂ ਤੇ ਕਿਰਤਾਂ ਨੇ ਹੀ ਉਨ੍ਹਾਂ ਦੇ ਸੁਹਿਰਦ ਸਾਥੀਆਂ ਤੇ ਅਜੀਜ਼ਾਂ—ਸ. ਵਿਧਾਤਾ ਸਿੰਘ ਤੀਰ (1900-1973 ਈ.); ਸ. ਦਰਸ਼ਨ ਸਿੰਘ ਆਵਾਰਾ (ਜ. 1906 ਈ.) ਤੇ ਸ. ਜਸਵੰਤ ਸਿੰਘ ਵੈਂਤਾ (ਜ. 1903 ਈ.)[3] ਆਦਿ ਨੂੰ ਸਮਾਜ ਤੇ ਸਮਰਾਜ ਉਤੇ ਟਕੋਰਾਂ ਕਰਨ, ਅਤੇ ਲੋਕ-ਸੱਤਾ ਨੂੰ ਵੰਗਾਰਨ ਲਈ ਪਰੇਰਿਆ । ਇਸ ਦੇ ਸਿੱਟੇ ਵਜੋਂ ਬਾਗੀ ਤੇ ਇਨਕਲਾਬੀ ਕਵਿਤਾ ਨੇ ਅਜਿਹੀ ਗੂੰਜ ਪਾਈ ਕਿ ਸਾਮਰਾਜੀ ਸ਼ਕਤੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ, ਅਤੇ ਅਜਿਹੇ ਕਵੀ ਵੀ ਜਿਹਲੀਂ ਭੇਜੇ ਜਾਣ ਲਗ ਪਏ ਤੇ ਇਨ੍ਹਾਂ ਦੀਆਂ ਜਾਇਦਾਦਾਂ ਤੇ ਕਾਵਿ-ਪੁਸਤਕਾਂ ਜ਼ਬਤ ਹੋਣ ਲਗ ਪਈਆਂ[4], ਸਾਰਾ ਪੰਜਾਬ ਹੀ ਇਕ ਅਜਿਹਾ ਜੇਲ੍ਹਖਾਨਾ ਬਣ ਗਿਆ ।

ਜਿਥੇ ਸ਼ਾਇਰ ਬੋਲ ਨਾ ਸਕਣ
ਦਿਲ ਦੀਆਂ ਘੁੰਡੀਆਂ ਖੋਲ ਨਾ ਸਕਣ
ਜਿਥੇ ਲਖ ਮਣਾਂ ਦਾ ਲੋਹਿਆ
ਜ਼ੰਜੀਰਾਂ ਹਥਕੜੀਆਂ ਹੋਇਆ ।
ਜਿਥੇ ਕੈਦਖਾਨਿਆਂ ਜੇਹਲਾਂ
ਮੀਲਾਂ ਤੀਕ ਵਲਗਣਾਂ ਵਲੀਆਂ ।[5]

5. ਐਨ ਉਸੇ ਸਮੇਂ, ਪ੍ਰਸਿੱਧ ਸਾਹਿਤ ਖੋਜੀ ਤੇ ਵਿਦਵਾਨ, ਡਾ. ਮੋਹਨ ਸਿੰਘ (ਜ. 1899 ਈ.)[6] ਨੇ ਵੀ ਪੰਜਾਬੀ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ । "ਨਵੇਂ ਪੈਂਤੜੇ ਬੰਨ੍ਹਣੇ, ਨਵੀਆਂ ਲੀਹਾਂ ਪਾਉਣੀਆਂ ਤੇ ਆਪਣੇ ਅਨੁਭਵ ਵਿਚੋਂ ਪੁਣ-ਛਾਣ ਕੇ ਚੀਜ਼ਾਂ ਪੇਸ਼ ਕਰਨੀਆਂ

---

1. ਮੁਸਾਫਰ, ਗਿ. ਗੁਰਮੁਖ ਸਿੰਘ, ਮੁਸਾਫਰੀਆਂ ਵਿਚੋਂ, ਮੁਸਾਫਰ ਜੀ ਨੇ ਅਜਿਹੇ ਅਠ-ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ ।
2. ਦਰਦ, ਗਿ. ਹੀਰਾ ਸਿੰਘ, ਚੋਣਵੇਂ ਦਰਦ ਸੁਨੇਹੇ, ਜਲੰਧਰ—1951, ਪੰ. 11-12.
3. ਅਵਾਰਾ ਜੀ ਪੰਜ ਤੇ ਵੈਂਤਾ ਜੀ ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰ ਚੁੱਕੇ ਹਨ । ਇਨ੍ਹਾਂ ਦੀ ਬਹੁਤ ਸਾਰੀ ਅਜਿਹੀ ਕਵਿਤਾ ਅਜੇ ਤਕ ਅਣਛਪੀ ਪਈ ਹੈ । ਵੈਂਤਾ ਜੀ ਸ. ਭਗਤ ਸਿੰਘ ਦੀ ਸ਼ਹੀਦੀ ਸਮੇਂ ਹੋਏ ਰੋਸ-ਸਮਾਗਮ ਵਿਚ ਇਕ ਜੋਸ਼ੀਲੀ ਕਵਿਤਾ ਪੜ੍ਹਨ ਤੇ ਫੜ ਲਏ ਗਏ ਸਨ ।
4. ਜਿਵੇਂ ਤੀਰ ਜੀ ਦੀ 'ਤੀਰ-ਤਰੰਗ', ਸਰਲ ਜੀ ਦੀ 'ਗੋਰੇਸ਼ਾਹੀ ਤੂਫਾਨ' ਤੇ ਆਵਾਰਾ ਜੀ ਦੀ 'ਬਿਜਲੀ ਦੀ ਕੜਕ' ਇਤਿਆਦਿ ।
5. ਮੋਹਨ ਸਿੰਘ, ਪ੍ਰੋ., ਸਾਵੇ ਪੱਤਰ, ਲਾਹੌਰ-1939, ਤਿੰਨ ਪਤਾ, ਅੰਮ੍ਰਿਤਸਰ-1949, ਪੰ. 27-8.
6. ਮੋਹਨ ਸਿੰਘ, ਡਾ., ਧੁੱਪ ਛਾਂ, ਲਾਹੌਰ—1931, ਭੂਮਿਕਾ ਵਿਚ ।

Sri Satguru Jagjit Singh Ji Elibrary NamdhariElibrary@gmail.com

ਨਾ ਕਿ ਰਵਾਇਤ ਤੇ ਪਰੰਪਰਾ ਦੀ ਨਕਲ ਵਿਚ ਪਾਟੇ ਹੋਏ ਢੋਲ ਕੁਟਣਾ"—ਉਨ੍ਹਾਂ ਨੇ ਆਪਣੀ ਕਵਿਤਾ ਦਾ ਮੰਤਵ ਦਸਿਆ । ਗੁਰਮਤ, ਵੇਦਾਂਤ, ਤਸੱਵਫ ਤੇ ਰੋਮਾਂਸ ਦੀ ਮਿੱਸ ਵਾਲੀ ਖੁਲ੍ਹੀ ਕਵਿਤਾ ਵੀ ਲਿਖੀ ਤੇ ਛੰਦਬਧ ਵੀ; ਅਤੇ ਪੰਜਾਬੀ ਵਿਚ ਸਭ ਤੋਂ ਵੱਧ ਤੇ ਵੰਨ-ਸੁਵੰਨੇ ਤੋਲਾਂ-ਭਾਵਾਂ ਵਾਲੇ ਸੈਂਕੜੇ ਚੌਬਰਗੇ ਵੀ ਰਚੇ ਜਿਨ੍ਹਾਂ ਦੀ ਸ਼ਬਦਾਵਲੀ ਪੋਠੋਹਾਰੀ ਛਾਪ ਦੀ ਚੁਗਲੀ ਖਾਂਦੀ ਹੈ । ਜਿਵੇਂ :

1. ਸੁਨੇਹਾ ਕੋਈ ਵੰਞਾ ਦੇਵੇ,
ਮੇਰੇ ਪਰਦੇਸੀ ਢੋਲੇ ਨੂੰ !

2. ਇਕ ਕਣੋ ਚੋ ਕੇ
ਕੰਮ 'ਕਰੇਸਨ'
ਇਕ ਦੁਧਲ ਗਾਂ ਨਹੀਂ ਚੋਣੀ ।[1]

6. ਪਰੰਤੂ, ਆਧੁਨਿਕ ਪੰਜਾਬੀ ਕਵਿਤਾ ਦੇ ਸ਼ਰੋਮਣੀ ਕਵੀ ਪ੍ਰੋ. ਮੋਹਨ ਸਿੰਘ (ਜ. 1905 ਈ.) ਦੇ ਪਰਵੇਸ਼ ਨਾਲ, ਪੰਜਾਬੀ ਕਵਿਤਾ ਨੂੰ ਨਵੀਆਂ ਕਦਰਾਂ, ਅਛੋਹ ਵਿਸ਼ਿਆਂ ਤੇ ਨਵੀਨ ਝੁਕਾਵਾਂ ਦੀ ਦਾਤ ਮਿਲਣੀ ਸ਼ੁਰੂ ਹੋਈ ਹੈ । ਨਿੱਕੀਆਂ-ਨਿੱਕੀਆਂ ਪਰ ਕਲਾਮਈ ਤੇ ਭਾਵ-ਪੂਰਨ ਕਵਿਤਾਵਾਂ, ਹੋਲੇ-ਫੁਲ ਤੇ ਲੋਕ-ਧੁਨਾਂ ਦੇ ਧਾਰਨੀ ਗੀਤ; ਅਤੇ ਰੋਮਾਂਚਕ ਤੇ ਪ੍ਰਗਤੀਵਾਦੀ ਵਿਚਾਰਾਂ ਦੇ ਸੁਮੇਲ ਦੀਆਂ ਸੂਚਕ ਗਜ਼ਲਾਂ ਪੰਜਾਬੀ ਕਾਵਿ-ਸਾਹਿਤ ਨੂੰ ਉਨ੍ਹਾਂ ਦੀ ਖ਼ਾਸ ਦੇਣ ਹਨ । ਪੰਜਾਬੀਆਂ ਨੂੰ ਪਹਿਲੀ ਵਾਰ ਆਪ ਦੀ "ਧੁਨੀ ਵਿਚ ਹੀ ਵਾਰਸ ਸ਼ਾਹ ਦੀ ਭਖਦੀ ਜਵਾਨੀ ਤੇ ਵੇਦਨਾ, ਬੁਲ੍ਹੇ ਸ਼ਾਹ ਦੀ ਸੁਵਿਆਣ੍ਹਾ ਹੇਕ, ਪੂਰਨ ਸਿੰਘ ਦਾ ਤੀਖਣ ਵਲਵਲਾ, ਧਨੀ ਰਾਮ ਦੀ ਸਥਾਈ ਲੈ ਅਤੇ ਪੇਂਡੂ ਪੰਜਾਬ ਦੇ ਗੀਤਾਂ ਦਾ ਨੱਚਦਾ ਤਾਲ ਇਕਸੁਰ ਹੋਇਆ ਮਿਲਿਆ ਹੈ । ਬਹੁਤਾ ਤਾਂ ਮੋਹਨ ਸਿੰਘ ਨੇ ਹੀ ਪੰਜਾਬੀ ਕਵਿਤਾ ਨੂੰ ਅਧਿਆਤਮਿਕ ਤੇ ਕਿੱਸਾ ਖੇਤਰ ਵਿਚੋਂ ਕਢ ਕੇ ਆਧੁਨਿਕ, ਰੋਮਾਂਚਕ ਤੇ ਅਗਾਂਹ-ਵਧੂ ਮੰਡਲਾਂ ਵਲ ਲਿਆਂਦਾ ਹੈ । ਉਸ ਨੇ ਆਪਣੇ ਸਮਕਾਲੀਆਂ ਲਈ ਕਈ ਨਵੇਂ ਪੂਰਨੇ ਪਾਏ, ਪੰਜਾਬੀ ਕਵਿਤਾ ਦੀ ਸਾਖ ਵਧਾਈ ਅਤੇ 'ਸਾਵੇ ਪੱਤਰ' ਨਾਂ ਦੀ ਇਕ ਅਜਿਹੀ ਕਾਵਿ-ਪੁਸਤਕ ਵੀ ਦਿੱਤੀ ਹੈ ਜੋ ਭਾਈ ਵੀਰ ਸਿੰਘ ਦੇ ਨਾਵਲ, ਸੁੰਦਰੀ ਵਾਂਗ ਹਜ਼ਾਰਾਂ ਦੀ ਗਿਣਤੀ ਵਿਚ ਛਪ ਚੁੱਕੀ ਹੈ ਅਤੇ ਸਮੂਹ ਪੰਜਾਬੀਆਂ ਦੀ ਇਕ 'ਲਾਡਲੀ' ਕਿਰਤ ਬਣ ਚੁੱਕੀ ਹੈ ।

7. ਉਨ੍ਹਾਂ ਦੇ ਨਿਕਟ ਸਮਕਾਲੀਆਂ ਵਿਚੋਂ ਜਸਟਿਸ ਪ੍ਰੀਤਮ ਸਿੰਘ ਸਫੀਰ (ਜ. 1916 ਈ.)[2]. ਡਾ. ਗੋਪਾਲ ਸਿੰਘ ਦਰਦੀ (ਜ. 1919 ਈ)[3] ਤੇ ਡਾ. ਜਸਵੰਤ ਸਿੰਘ ਨੇਕੀ (ਜ. 1925 ਈ.)[4] ਆਦਿ ਦੀਆਂ ਕਾਵਿ-ਕਿਰਤਾਂ ਨੇ ਵੀ ਪੰਜਾਬੀ ਕਵਿਤਾ ਨੂੰ ਨਵੇਂ ਰੰਗਾਂ ਅਤੇ ਨਿੱਜੀ ਤੇ ਨਿਵੇਕਲੇ ਅਨੁਭਵਾਂ ਨਾਲ ਸ਼ਿੰਗਾਰਿਆ ਹੈ । ਮੋਹਨ ਸਿੰਘ ਨੇ ਨਿਰੋਲ

1. ਮੋਹਨ ਸਿੰਘ, ਡਾ., ਮਸਤੀ, ਅੰਮ੍ਰਿਤਸਰ-1954.
2. ਕਰਤਾ 'ਕਤਕ ਕੂੰਜਾਂ' ਤੇ 'ਆਦਿ-ਜੁਗਾਦਿ' ਇਤਿਆਦਿ ।
3. ਕਰਤਾ 'ਨੈਂ ਝਨਾ' ਤੇ 'ਅਨਹਦ ਨਾਦ' ਆਦਿ ।
4. ਕਰਤਾ

Sri Satguru Jagjit Singh Ji Elibrary NamdhariElibrary@gmail.com

ਪੋਠੋਹਾਰੀ ਵਿਚ ਅਜੇਹੇ ਗੀਤ ਲਿਖਣ ਦੀ ਵੀ 'ਪਹਿਲ' ਕਰਦਿਆਂ, ਪੰਜਾਬੀ ਦੀ ਫੁਲਵਾੜੀ ਵਿਚ ਕੁਝ ਨਵੇਂ ਤੇ ਨਿਰਾਲੇ ਫੁੱਲਾਂ ਦਾ ਵਾਧਾ ਵੀ ਕੀਤਾ ਹੈ। ਜਿਵੇਂ :

ਨਿੱਕਾ ਨਿੱਕਾ ਦਿਲ ਕਰਨਾ, ਮਿੱਘੀ ਘਿਨ ਜੁਲੋ ਢੋਲੇ ਕੋਲ
ਨਿੱਕੇ ਨਿੱਕੇ ਫੁੱਲ ਚੁਣ ਕੇ, ਮੈਂਢੀ ਭਰੋ ਸਹੇਲੀਓ ਝੋਲ।[1]

ਮਗਰੋਂ ਡਾ. ਗੋਪਾਲ ਸਿੰਘ ਤੇ ਸ. ਕਰਤਾਰ ਸਿੰਘ ਦੁੱਗਲ (ਜ. 1919 ਈ.) ਆਦਿ ਨੇ ਵੀ ਕੁਝ ਅਜਿਹੇ ਸੁੰਦਰ ਗੀਤ ਰਚੇ ਹਨ। ਜਸਟਿਸ ਸਫ਼ੀਰ ਨੇ ਆਪਣੇ ਪੰਜਾਂ ਕਾਵਿ-ਸੰਗ੍ਰਹਾਂ ਵਿਚ ਪੰਜਾਬੀ ਕਵਿਤਾ ਦੀਆਂ ਰੋਮਾਂਚਕ, ਅਧਿਆਤਮਿਕ ਤੇ ਪ੍ਰਗਤੀਵਾਦੀ ਰੁਚੀਆਂ ਨੂੰ ਰਲਾ ਮਿਲਾ ਕੇ ਪੇਸ਼ ਕੀਤਾ ਹੈ। ਡਾ. ਗੋਪਾਲ ਸਿੰਘ ਨੇ ਪੰਜਾਬੀ ਕਵਿਤਾ ਵਿਚ ਵਿਗਿਆਨਕ ਚੇਤਨਤਾ, ਮਾਨਵ ਸਨੇਹ, ਵਿਸ਼ਾਲ ਅਨੁਭਵ ਤੇ ਰਹੱਸਵਾਦੀ ਅਸਤਿਤਵ ਦਾ ਅੰਸ਼ ਵਧਾਇਆ ਹੈ। ਡਾ. ਨੇਕੀ ਨੇ ਆਪਣੇ ਦੋ ਕਾਵਿ-ਸੰਗ੍ਰਹਾਂ ਰਾਹੀਂ ਬੜੇ ਉਦਾਰ ਦਰਿਸ਼ਟੀਕੋਣ ਤੋਂ ਮਨੁੱਖੀ ਪੀੜਾਂ ਤੇ ਹਮਦਰਦੀਆਂ ਅਤੇ ਤਿੱਖੀ ਤੇ ਰਸਿਕ ਬੋਧਿਕ ਸੂਝ ਨੂੰ ਕਾਨੀਬੰਦ ਕਰਨ ਦਾ ਉੱਦਮ ਕੀਤਾ ਹੈ।

8. ਵਰਤਮਾਨ ਸਦੀ ਦੇ ਪਾਸਾ ਪਰਤਣ, ਸਿੰਘ ਸਭਾ ਲਹਿਰ ਦੇ ਨਿਸਰਣ ਅਤੇ ਸਿੱਖ ਵਿਦਿਅਕ ਕਾਨਫਰੰਸ ਦੇ ਸੰਚਲਣ ਨਾਲ, ਜਦੋਂ ਕਵੀ-ਦਰਬਾਰਾਂ ਦੀ ਪ੍ਰਥਾ ਨੂੰ ਨਵਾਂ ਹੁਲਾਰਾ ਮਿਲਿਆ ਤਾਂ ਪੋਠੋਹਾਰ ਦੇ ਜੰਮਪਲ ਕਵੀਆਂ ਦੀਆਂ ਕਿਰਤਾਂ ਨੇ ਇਸ ਪਰਪਾਟੀ ਨੂੰ ਵੀ ਵਿਕਸਾਉਣ ਵਿਚ ਬੜਾ ਚੋਖਵਾਂ ਤੇ ਭਰਵਾਂ ਹਿੱਸਾ ਪਾਇਆ। ਅਕਾਲੀ ਲਹਿਰ ਤੇ ਸੁਤੰਤਰਤਾ-ਸੰਗ੍ਰਾਮ ਸਮੇਂ ਵੀ, ਪੰਜਾਬੀ ਨੂੰ ਇਸ ਰਾਹੀਂ ਪ੍ਰਚਾਰਨ ਅਤੇ ਇਸ ਦੀ ਕਵਿਤਾ ਨੂੰ ਉੱਨਤਾਉਣ ਤੇ ਲੋਕ-ਪ੍ਰਿਯ ਬਣਾਉਣ ਵਿਚ ਇਨ੍ਹਾਂ ਦਾ ਚੋਖਾ ਹੱਥ ਹੈ। ਦਰਦ, ਮੁਸਾਫਰ ਅਤੇ ਤੀਰ ਜੀ ਦੀ ਕਵਿਤਾ ਇਨ੍ਹਾਂ ਲਹਿਰਾਂ ਦੀ ਜਿੰਦ-ਜਾਨ ਬਣੀ ਰਹੀ ਹੈ। ਤੀਰ ਜੀ ਤਾਂ, ਠੀਕ ਅਰਥਾਂ ਵਿਚ, ਪੰਜਾਬੀ ਕਵੀ-ਦਰਬਾਰਾਂ ਦੇ ਸ਼ਿੰਗਾਰ ਤੇ 'ਰੰਗ-ਮੰਚ ਦੀ ਮੈਨਾ' ਬਣੇ ਰਹੇ ਹਨ। ਉਨ੍ਹਾਂ ਦੀ ਤੋਲ-ਤੁਕਾਂਤ ਦੀ ਪਾਬੰਦੀ ਤੇ ਲੈ-ਰਸ ਦੀ ਬਰਕਰਾਰੀ, ਬੋਲੀ ਦੀ ਸ਼ੁੱਧਤਾ ਤੇ ਛੰਦ ਦੀ ਵੰਨ-ਸੁਵੰਨਤਾ, ਦਰਦੀਲੀ ਤੇ ਖੋਹਾਂ ਪਾਊ ਪੜ੍ਹਤ ਸਾਡੀ ਕਵੀ ਦਰਬਾਰੀ ਕਵਿਤਾ ਦੀ ਟਿਕ ਅਭੁੱਲ ਯਾਦ ਤੇ ਅਮੁੱਲ ਰਾਸ ਹੈ। ਸ. ਬੁੱਧ ਸਿੰਘ ਤਾਨ, ਪ੍ਰੋ. ਬਚਨ ਸਿੰਘ ਬਚਨ, ਹਰਨਾਮ ਸਿੰਘ ਦੁੱਖੀ, ਹੁਕਮ ਸਿੰਘ ਅਟਕੀ, ਸਰਦਾਰ ਸਿੰਘ ਅਰਮਾਨ, ਗਿ. ਦਰਸ਼ਨ ਸਿੰਘ ਦਰਸ, ਸ. ਭਗਤ ਸਿੰਘ ਹੀਰਾ, ਸ. ਤਾਰਾ ਸਿੰਘ ਫਾਨੀ, ਸ. ਜੋਗਿੰਦਰ ਸਿੰਘ ਕੋਮਲ ਅਤੇ ਉਨ੍ਹਾਂ ਦੇ ਅਣਗਿਣਤ ਸਾਥੀ-ਕਵੀਆਂ ਨੇ ਪੰਜਾਬੀ ਕਵਿਤਾ ਦੀ ਇਸ ਲੋਕ-ਪ੍ਰਵਾਨ ਪ੍ਰਪਾਟੀ ਨੂੰ ਪਰਫੁੱਲਤ ਕਰਨ ਲਈ, ਆਪੋ-ਆਪਣੀ ਵਿਤ ਅਨੁਸਾਰ, ਬੜਾ ਤਾਣ ਲਾਇਆ ਹੈ। ਇਨ੍ਹਾਂ ਵਿਚੋਂ ਕਈਆਂ ਦੀਆਂ ਕਈ ਮਸ਼ਹੂਰ ਤੇ ਮਕਬੂਲ ਕਵਿਤਾਵਾਂ ਕਾਵਿ-ਪੁਸਤਕਾਂ ਦਾ ਸ਼ਿੰਗਾਰ ਵੀ ਬਣੀਆਂ ਹਨ।[2]

---

1. ਮੋਹਨ ਸਿੰਘ, ਪ੍ਰੋ. 'ਅਧਵਾਟੇ ਵਿਚੋਂ', ਪੰਜ ਪਾਣੀ, ਜਲੰਧਰ-1905, ਪੰ. 99.
2. ਜਿਵੇਂ 'ਬਚਨ' ਕ੍ਰਿਤ ਰਿਮ ਝਿਮ ਤੇ ਕੋਮਲ ਫਾਤ ਆਦਿ; 'ਅਰਮਾਨ' ਕ੍ਰਿਤ ਵਿਛੜੀ ਕੂੰਜ; 'ਹੀਰਾ' ਕ੍ਰਿਤ 'ਹੀਰਿਆਂ ਦੀ ਖਾਣ'; ਕੋਮਲ ਕ੍ਰਿਤ 'ਕੋਮਲ ਕਲੀਆਂ' ਇਤਿਆਦਿ।

Sri Satguru Jagjit Singh Ji Elibrary NamdhariElibrary@gmail.com

9. ਇਨ੍ਹਾਂ ਵਿਚੋਂ ਸਭ ਤੋਂ ਵੱਧ ਮਸ਼ਹੂਰੀ ਤੇ ਮਕਬੂਲੀਅਤ ਸ. ਈਸ਼ਰ ਸਿੰਘ ਈਸ਼ਰ (1892-1966 ਈ.) ਦੀ ਕਾਵਿ-ਕਿਰਤ ਨੂੰ ਮਿਲੀ ਹੈ। ਉਹ ਪੰਜਾਬੀ ਕਵਿਤਾ ਵਿਚ ਹਾਸ-ਰਸ ਦੇ ਮੰਨੇ-ਦੰਨੇ ਬਾਦਸ਼ਾਹ ਹਨ। ਉਨ੍ਹਾਂ ਨੇ 1930 ਈ. ਵਿਚ ਸ. ਚਰਨ ਸਿੰਘ ਸ਼ਹੀਦ ਦੇ 'ਬਾਬਾ ਵਰਿਆਮ' ਵਾਂਗ ਇਕ ਅਨੋਖਾ ਪਾਤਰ, 'ਭਾਈਆ', ਕਲਪਿਆ ਅਤੇ ਉਸ ਦੇ ਨਾਂ ਤੇ ਸੁਭਾ ਨਾਲ ਸੰਬੰਧਿਤ ਸੈਂਕੜੇ ਕਵਿਤਾਵਾਂ ਰਚੀਆਂ ਜੋ ਲੱਖਾਂ ਪੰਜਾਬੀਆਂ ਨੂੰ ਹਸਾ ਹਸਾ ਕੇ ਵਿੱਡੀ ਪੀੜਾਂ ਪਾਉਂਦੀਆਂ ਰਹੀਆਂ ਅਤੇ ਮਗਰੋਂ ਕਈ ਕਾਵਿ-ਪੁਸਤਕਾਂ ਰਾਹੀਂ ਪ੍ਰਕਾਸ਼ਿਤ ਵੀ ਹੁੰਦੀਆਂ ਰਹੀਆਂ।[1] ਇਨ੍ਹਾਂ ਨੇ ਪੰਜਾਬੀ ਜਨਤਾ ਉਤੇ ਈਸ਼ਰ ਜੀ ਦੀ ਕਲਾ ਤੇ ਸ਼ਖ਼ਸੀਅਤ ਦਾ ਅਜਿਹਾ ਅਸਰ ਪਾਇਆ ਕਿ ਉਨ੍ਹਾਂ ਦਾ ਨਾਂ ਸੁਣਦਿਆਂ ਤੇ ਸਟੇਜ ਵਲ ਆਉਂਦਿਆਂ ਵੇਖ ਕੇ ਹੀ, ਹਜ਼ਾਰਾਂ ਲੋਕ ਹੱਸਣ ਲਗ ਪੈਂਦੇ ਸਨ।

10. ਇਨ੍ਹਾਂ ਦੇ ਸਾਥੀ, ਸ. ਜਸਵੰਤ ਸਿੰਘ ਵੰਤਾ (ਜ. 1903 ਈ.) ਨੇ ਵੀ ਆਪਣੀ ਵਿਸ਼ੇਸ਼ ਦਿੱਤ ਦੇਣ ਸਦਕੇ, ਚੋਖਾ ਨਾਂ ਖੱਟਿਆ ਹੈ। ਉਹ ਅਜਿਹੇ ਕੁਝ ਗਿਣਵੇਂ ਪੰਜਾਬੀ ਕਵੀਆਂ ਵਿਚੋਂ ਇਕ ਹਨ ਜਿਨ੍ਹਾਂ ਨੇ ਠੇਠ ਤੇ ਟਕਸਾਲੀ ਬੋਲੀ ਤੋਂ ਛੁਟ, ਆਪਣੀ ਉਪਬੋਲੀ ਵਿਚ ਵੀ ਚੋਖੀ ਕਵਿਤਾ ਰਚੀ ਤੇ ਸੁਣਾਈ ਹੈ।[2] ਅੱਜ ਕਲ ਪਟਿਆਲੇ ਵਿਚ ਰਹਿੰਦਿਆਂ ਵੀ, ਉਹ ਇਸ ਤਰ੍ਹਾਂ ਦੀਆਂ ਕਵਿਤਾਵਾਂ ਲਿਖਣ ਤੇ ਸੁਣਾਉਣ, ਲੋਕ-ਦਿਲਾਂ ਨੂੰ ਕੀਲਣ ਅਤੇ ਮਾਤ-ਬੋਲੀ ਦੀ ਝੋਲੀ ਅਜਿਹੇ ਫੁੱਲਾਂ ਨਾਲ ਭਰਨ ਦੀ ਸਮਰੱਥਾ ਰਖਦੇ ਹਨ :

ਪਿੰਡੀ ਵਲ ਜਾਂਦਿਆ; ਸਨੇਹਾ ਮੈਂਡਾ ਉਸੀ ਦਿਆਂ
ਚੌਕੇ ਵਿਚ ਬਹਿ ਕੇ, ਜੋ ਬੇਚਣਾਈ ਗਨੇਰੀਆਂ।
ਕੰਨੇ ਵਿਚ ਆਖੀਂ : ਰਾਮਰਖੀ ਕੁੜੀ ਭੇਜਿਆ ਈ
ਢੱਕੀ ਉਤੇ ਬਹੀ ਜੋ ਉਡੀਕਾਂ ਕਰੇ ਤੇਰੀਆਂ।
ਆਖਣੀਆਂ : 'ਵੇਹੜਾ ਤੈਂਦੇ ਬਿਨਾਂ, ਲੁਗਾ ਲੁਗਾ, ਦਿਸੇ
ਭਾਵੇਂ ਤੈਂਦੇ ਵੀਰਾਂ ਨੀਆਂ ਰੌਣਕਾਂ ਬਥੇਰੀਆਂ।
ਨਾਲੇ ਆਖੀਂ; 'ਤਤਾਂ ਨਾਲ, ਲਿੱਲਾਂ ਰਜੀ ਰਜੀ ਪਈਆਂ'।
ਨਾਲੇ ਚੰਨਾਂ ਤੇਕੂੰ ਹੋਈਆਂ ਫਸਲਾਂ ਬਥੇਰੀਆਂ।
ਵੇ ਖ਼ਤ ਨਾ ਤੂੰ ਪਾਇਆ, ਮਿਘੀ ਫਿਰਕਾਂ ਨੇ ਖਾਲੀ ਘਿਦਾ
ਰਤ ਸੁਕੀ ਗਈ, ਦਿਲ ਖਾਣਾ ਪਿਆ ਘੇਰੀਆਂ।
ਸਾੜੀ ਕੇ ਕਮਾਦੇ ਕੀ ਨੂੰ ਆਈ ਰਹਿ ਗਰਾਏਂ ਵਿਚ
ਪਵਣ ਤੰਦੂਰੇ ਵਿਚ ਤੈਂਵੀਆਂ ਗਨੇਰੀਆਂ।[3]

---

1. ਜਿਵੇਂ ਧਰਮੀ ਭਾਈਆ, ਰੰਗੀਲਾ ਭਾਈਆ, ਤੇ ਵਨਸਮੋਰ ਭਾਈਆ, ਇਤਿਆਦਿ।
2. ਜਿਵੇਂ ਸ. ਰਾਮਨਰੈਣ ਸਿੰਘ ਦਰਦੀ ਨੇ ਲੁਧਿਆਣੇ ਰਹਿੰਦੀਆਂ, ਲਹਿੰਦੀ ਬੋਲੀ ਤੇ ਲਹਿਜੇ ਵਿਚ ਸਭ ਤੋਂ ਵਧੀਆ ਮੌਲਿਕ ਕਾਵਿ-ਰਚਨਾ ਕੀਤੀ ਹੈ ਅਤੇ ਉਸੇ ਵਿਚ ਸਭ ਤੋਂ ਪਹਿਲਾਂ ਮਹਾ-ਕਾਵਿ, ਰਾਵੀ ਦਾ ਸਾਈਂ ਬਾਬਾ ਨਾਨਕ ਰਚਿਆ ਹੈ
3. ਵੰਤਾ, ਸ. ਜਸਵੰਤ ਸਿੰਘ, ਕੰਵਣ ਬੇਰ, ਪਟਿਆਲਾ-1971, ਪੰਨਾ 68.

Sri Satguru Jagjit Singh Ji Elibrary NamdhariElibrary@gmail.com

(9)

ਜਿਥੋਂ ਤਕ ਕੇਂਦਰੀ ਪੰਜਾਬੀ ਵਿਚ ਲਿਖੀ ਗਈ ਵਾਰਤਕ ਦਾ ਸੰਬੰਧ ਹੈ, ਪੋਠੋਹਾਰ ਦੇ ਜੰਮ-ਪਲ ਲੇਖਕਾਂ ਨੇ ਇਸ ਦੇ ਜਨਮ ਤੇ ਵਿਕਾਸ ਵਿਚ ਵੀ ਮੋਢੀਆਂ ਵਾਹਗਾ ਕੰਮ ਕੀਤਾ ਹੈ।

ਇਸ ਦੀ ਹੁਣ ਤਕ ਪ੍ਰਾਪਤ ਹੋ ਸਕੀ ਸਭ ਤੋਂ ਪੁਰਾਣੀ ਗੱਦ-ਰਚਨਾ, 'ਵਲੈਤ ਵਾਲੀ (ਜਾਂ ਪੁਰਾਤਨ) ਜਨਮਸਾਖੀ', ਸੋ-ਵਿਸਵੇ, ਕਿਸੇ ਅਗਿਆਤ ਪੋਠੋਹਾਰੀ ਲੇਖਕ ਦੀ ਹੀ ਕਿਰਤ ਹੈ। ਇਸ ਵਿਚ, ਮਿਸਾਲ ਵਜੋਂ, ਅੰਕਿਤ ਹੇਠ-ਲਿਖੇ ਵਾਕ ਜੋ ਪਹਿਲੀ ਉਦਾਸੀ ਪਿਛੋਂ ਤਲਵੰਡੀ ਮੁੜ ਆਏ ਤੇ ਬਾਹਰ ਉਜਾੜ ਵਿਚ ਜਾ ਬੈਠੇ ਗੁਰੂ ਨਾਨਕ ਸਾਹਿਬ ਬਾਰੇ, ਪੁਤ-ਵਿਛੋੜੇ ਵਿਚ ਬਿਹਬਲ ਮਾਤਾ ਤ੍ਰਿਪਤਾ ਜੀ ਦੀ ਪੁਛਗਿਛ ਤੇ ਮਿਲਣੀ ਚਿਤਰਦੇ ਹਨ, ਪੋਠੋਹਾਰੀ ਲਹਿਜੇ ਤੇ ਮੁਹਾਵਰੇ ਨਾਲ ਅਜੇ ਵੀ ਮੇਲ ਖਾਂਦੇ ਹਨ :

> ਤਬ ਬਾਬੇ ਦੀ ਮਾਤਾ ਉਭਰਿ ਗਲੇ ਨੂੰ ਚਮੜੀ...ਬੈਰਾਗ ਕਰਿਕੇ ਆਖਿਉਸੁ,
> "ਮਰਦਾਨਿਆ ! ਕਿਥਾਊ ਨਾਨਕ ਦੀ ਖਬਰਿ ਦੇਹ ।......।
> ਮਰਦਾਨਿਆ ! ਮੈਨੂੰ ਨਾਨਕੁ ਮਿਲਾਇ" ।.........
> ਉਥਹੁ ਚਲੇ, ਆਂਵਦੇ ਆਂਵਦੇ ਜਾਂ ਕੋਹਾਂ ਦੁਹੁ ਉਪਰਿ ਆਏ......
> ਤਬ ਬਾਬਾ ਆਇ ਕਰਿ ਪੈਰੀ ਪਇਆ......
> ਸਿਰਿ ਚੁਮਿਓਸੁ, ਆਖਿਓਸ, "ਹਉ ਵਾਰੀ ਬੇਟਾ, ਹਉ
> ਤੁਧੁ ਵਿਟਹੁ ਵਾਰੀ...ਤੁਧੁ ਨਿਹਾਲੁ ਕੀਤੀ, ਮੈਨੂੰ ਆਪਣਾ ਮੁਹੁ ਵਿਖਾਲਿਓ ਈ"[1]

2. ਵਰਤਮਾਨ ਸਮੇਂ ਦੇ ਪੋਠੋਹਾਰੀ ਲੇਖਕਾਂ ਨੇ ਵੀ, ਇਸ ਨੂੰ ਹਰ ਪੱਖੋਂ ਵਿਕਸਾਉਣ ਤੇ ਉੱਨਤਾਉਣ ਵਿਚ ਭਾਰੀ ਤੇ ਯਾਦਗਾਰੀ ਹਿੱਸਾ ਪਾਇਆ ਹੈ। ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ "ਆਧੁਨਿਕ ਰੰਗ ਦੀ ਸੁਲਝੀ ਹੋਈ ਵਾਰਤਕ ਲਈ ਸਵਾਦ ਤੇ ਉਤਸ਼ਾਹ ਪੈਦਾ ਕਰਨ ਵਿਚ, ਇਕ ਕੁਲਵੀਂ ਤੇ ਸੰਜੀਵਾਨ ਪੜਚੋਲ ਦੀ ਨੀਂਹ ਧਰਨ ਵਿਚ, ਅਤੇ ਨਵੇਂ ਲਿਖਾਰੀਆਂ ਦੇ ਹੌਂਸਲੇ ਵਧਾ ਕੇ ਉਹਨਾਂ ਨੂੰ ਪ੍ਰੇਰਨ ਲਈ ਅਤੇ ਉਹਨਾਂ ਦੀਆਂ ਲਿਖਤਾਂ ਦੀ ਹੱਦ ਤੇ ਗੁਣਾਂ ਤੋਂ ਆਮ ਲੋਕਾਂ ਨੂੰ ਜਾਣੂ ਕਰਾਉਣ ਵਿਚ, ਪੰਜਾਬੀ ਸਾਹਿਤ ਦੀ ਜੋ ਭਾਰੀ ਸੇਵਾ ਪ੍ਰਿੰਸੀਪਲ ਤੇਜਾ ਸਿੰਘ (1893-1958 ਈ.) ਨੇ ਕੀਤੀ ਹੈ, ਉਸ ਦਾ ਇਕ ਹਿੱਸਾ ਵੀ ਸਾਡੇ ਸਮਕਾਲੀਆਂ ਵਿਚੋਂ ਹੋਰ ਕਿਸੇ ਕੋਲੋਂ ਨਹੀਂ ਸਰਿਆ ।"[2] ਪ੍ਰਿੰਸੀਪਲ ਸਾਹਿਬ ਇਕ ਉੱਘੇ ਇਤਿਹਾਸਕਾਰ, ਕਲਾਕਾਰ ਤੇ ਪਾਰਖੂ ਹੋਣ ਤੋਂ ਛੁੱਟ, ਇਕ ਉੱਘੇ ਤੇ ਨਿਪੁੰਨ ਵਾਰਤਕਕਾਰ ਵੀ ਸਨ। ਉਨ੍ਹਾਂ ਦੀ ਵਾਰਤਕ ਪੰਜਾਬੀ ਲਈ 'ਕਲਾਸੀਕਲ' ਵਾਰਤਕ ਮੰਨੀ ਗਈ ਹੈ। ਉਨ੍ਹਾਂ ਦੇ ਕੇਵਲ ਇਕ ਲੇਖ 'ਪੰਜਾਬੀ ਕਾਫ਼ੀ' ਦੇ ਪਹਿਲੇ ਪਹਿਰੇ ਦੀ ਹੀ ਪਰਖ ਕਰਦਿਆਂ, ਸ. ਅਵਤਾਰ ਸਿੰਘ ਆਜ਼ਾਦ ਨੇ ਲਿਖਿਆ ਸੀ : "ਏਨੀ ਸੁਲਝੀ ਹੋਈ; ਸਪੱਸ਼ਟ, ਵਾਕਫ਼ੀ-ਭਰਪੂਰ ਤੇ ਸੁਖਾਲੀ ਪਰ ਮਤਲਬ ਵਲੋਂ ਭਰੀ-ਭਕੁੰਨੀ ਗੱਦ

1. ਵੇਖੋ : ਪੁਰਾਤਨ ਜਨਮਸਾਖੀ, ਉਹੀ, ਪੰ. 56.
2. ਤਾਲਿਬ, ਪ੍ਰਿੰ. ਗੁਰਬਚਨ ਸਿੰਘ, ਆਧੁਨਿਕ ਪੰਜਾਬੀ ਵਾਰਤਕ, ਅੰਮ੍ਰਿਤਸਰ-1949, ਪੰ. 196.

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਸਾਹਿਤ ਦੇ ਪਿੜ ਵਿਚ ਇਕੱਲੇ ਪ੍ਰਿੰ. ਤੇਜਾ ਸਿੰਘ ਜੀ ਹੀ ਲਿਖ ਸਕਦੇ ਹਨ।[1] ਇਸ ਤੋਂ ਛੁੱਟ, ਪੰਜਾਬੀ ਵਾਰਤਕ ਨੂੰ ਵਰਤਮਾਨ ਰੂਪ ਦੇਣ ਅਤੇ ਇਸ ਨੂੰ ਅੰਗਰੇਜ਼ੀ ਦੀ ਵਾਰਤਕ ਵਾਲੇ ਗੁਣ—ਸ਼ੁੱਧਤਾ, ਸਪੱਸ਼ਟਤਾ ਤੇ ਸਰਲਤਾ; ਸੁਚੱਜੀ ਗੋਂਦ ਤੇ ਕਲਾਤਮਕ ਸੰਕੋਚ ਆਦਿ —ਧਾਰਨ ਕਰਾਉਣ ਦਾ ਸਿਹਰਾ ਵੀ ਬਹੁਤਾ ਆਪ ਦੇ ਹੀ ਸਿਰ ਹੈ। ਅਜੋਕੇ ਕਾਲ ਵਿਚ ਇਹਨੂੰ ਸ਼ੁੱਧ, ਸਰਲ, ਸੁਥਰੀ, ਜਾਣੀ-ਪਛਾਣੀ ਤੇ ਟਕਸਾਲੀ ਬੋਲੀ ਵਿਚ ਖ਼ੁਦ ਲਿਖਣ ਤੇ ਹੋਰਨਾਂ ਨੂੰ ਲਿਖਣ ਲਈ ਪ੍ਰੇਰਨਾ ਵਾਲੀ ਪ੍ਰਥਾ ਵੀ ਉਨ੍ਹਾਂ ਦੀ ਚਲਾਈ ਹੋਈ ਹੈ।

3 ਉਨ੍ਹਾਂ ਦੇ ਵਿਦਵਾਨ ਤੇ ਪ੍ਰਤਿਭਾਸ਼ੀਲ ਸਮਕਾਲੀਆਂ, ਸਾਥੀਆਂ ਤੇ ਅਜ਼ੀਜ਼ਾਂ ਨੇ ਅੰਗਰੇਜ਼ੀ ਗੱਦ-ਸਾਹਿਤ ਦੇ ਪ੍ਰਭਾਵ ਹੇਠ ਪ੍ਰਚੱਲਿਤ ਹੋਈਆਂ ਲਗਪਗ ਸਭ ਸਾਹਿਤਕ ਵੰਨਗੀਆਂ ਨੂੰ ਵੀ ਪੰਜਾਬੀ ਵਿਚ ਆਰੰਭਣ, ਪ੍ਰਚਾਰਨ, ਪ੍ਰਸਾਰਨ ਜਾਂ ਵਿਕਸਾਉਣ ਲਈ ਬੜੀ ਹਿੰਮਤ, ਮਿਹਨਤ ਤੇ ਖਿਦਮਤ ਕੀਤੀ ਹੈ। ਮਿਸਾਲ ਵਜੋਂ :

(1) ਇਸ ਦੀ ਗਲਪ ਦੇ ਖੇਤਰ ਵਿਚ ਤਾਂ ਉਨ੍ਹਾਂ ਨੇ ਅਜਿਹੀਆਂ ਮੱਲਾਂ ਮਾਰੀਆਂ ਹਨ ਜੋ ਆਪਣੀ ਮਿਸਾਲ ਆਪ ਹਨ। ਇਨ੍ਹਾਂ ਵਿਚੋਂ ਸ. ਨਾਨਕ ਸਿੰਘ (1897-1971 ਈ.) ਤੇ ਸ. ਕਰਤਾਰ ਸਿੰਘ ਦੁੱਗਲ (ਜ. 1917 ਈ.) ਨੇ ਪੰਜਾਬੀ ਨਾਵਲ ਤੇ ਨਿੱਕੀ ਕਹਾਣੀ ਨੂੰ ਉਪਜਾਉਣ, ਉਸਾਰਨ ਤੇ ਪ੍ਰਸਾਰਨ ਲਈ ਜੋ ਉੱਦਮ ਕੀਤਾ ਹੈ ਅਤੇ ਚਾਰੇ ਚੱਕ ਜੋ ਨਾਂ ਵੀ ਖੱਟਿਆ ਹੈ, ਉਹ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ। ਸ. ਨਾਨਕ ਸਿੰਘ ਨੇ ਅੱਖਾਂ ਮੀਟਣ ਤੋਂ ਪਹਿਲਾਂ, ਹਜ਼ਾਰਾਂ ਸਫ਼ਿਆਂ ਵਿਚ ਅੰਕਿਤ ਪੰਜਾਹ ਕੁ ਨਾਵਲ ਤੇ ਕਹਾਣੀ-ਸੰਗ੍ਰਹਿ ਲਿਖ ਕੇ ਪ੍ਰਕਾਸ਼ਿਤ ਵੀ ਕਰ ਦਿੱਤੇ ਸਨ, ਜੋ ਉਨ੍ਹਾਂ ਦੇ ਜੀਉਂਦੇ-ਜੀਅ ਘਰ-ਘਰ ਪੜ੍ਹੇ ਮਾਣੇ ਤੇ ਸਲਾਹੇ ਜਾਂਦੇ ਰਹੇ ਹਨ। ਇਨ੍ਹਾਂ ਵਿਚ ਉਨ੍ਹਾਂ ਨੇ ਬੜੀ ਸਾਦੀ, ਸਰਲ ਤੇ ਠੇਠ ਪੰਜਾਬੀ ਵਰਤੀ ਹੈ, ਪਰ ਪੋਠੋਹਾਰੀ ਸ਼ਬਦ ਜਾਂ ਮੁਹਾਵਰਾ ਕਿਤੇ-ਨਾ-ਕਿਤੇ "ਸੌ ਪਰਦੇ ਪਾੜ ਕੇ (ਵੀ) ਦਸ ਦਿੰਦਾ ਹੈ ਕਿ (ਇਸ) ਲਿਖਾਰੀ ਦਾ ਆਪਣਾ ਵਤਨ ਕਿਹੜਾ ਹੈ।"[2] ਇਸ ਦੇ ਉਲਟ, ਸ. ਕਰਤਾਰ ਸਿੰਘ ਦੁੱਗਲ ਨੇ 'ਆਂਦਰਾਂ' ਨਾਂ ਦੇ ਨਾਵਲ ਦਾ ਵਾਰਤਾਲਾਪੀ ਭਾਗ ਤਾਂ ਲਗਪਗ ਨਿਰੋਲ ਪੋਠੋਹਾਰੀ ਬੋਲੀ ਤੇ ਲਹਿਜੇ ਵਿਚ ਹੀ ਰਚਿਆ ਹੈ। ਪਰ ਉਨ੍ਹਾਂ ਦੀ ਬਾਕੀ ਗਲਪ-ਰਚਨਾ ਵਿਚ ਇਸ ਦੀ ਵਰਤੋਂ ਆਮ ਤੌਰ ਤੇ ਪੋਠੋਹਾਰੀ ਪਾਤਰਾਂ ਦੀ ਗੱਲ-ਕਥ ਵਿਚ ਹੀ ਕੀਤੀ ਗਈ ਹੈ। ਉਨ੍ਹਾਂ ਨੇ ਪੋਠੋਹਾਰੀ ਪਾਤਰਾਂ ਤੋਂ ਪੋਠੋਹਾਰੀ ਵਿਚ ਗੱਲਬਾਤ ਕਰਾਉਂਦਿਆਂ, ਸਭ ਤੋਂ ਵੱਧ ਕਹਾਣੀਆਂ ਵੀ ਰਚੀਆਂ ਹਨ। ਮਿਸਾਲ ਵਜੋਂ :

1. "ਚੋਰ ਖੜਨ ਓਏ, ਚੋਰ ਖੜਨ, ਤੁਹਾੜੇ ਦੇਣ ਵਾਲੇ ਕੀ, ਸੂਰਾਂ ਜੋਗੀਏ! ਤੁਘੀ ਹੋਦੀ ਕੇਹ ਗਿਐ"? ਬੁੜ-ਬੁੜਾਂਦਾ ਹੋਇਆ ਜੱਟ ਲਕ ਧਰੂਕਦਾ ਫੇਰ

1. ਆਜ਼ਾਦ, ਅਵਤਾਰ ਸਿੰਘ, ਪੰਜਾਬੀ ਸਾਹਿਤ ਦੇ ਉਸਰੱਈਏ, ਜਲੰਧਰ-1951, ਪੰ. 116-117.
2. ਵੇਖੋ : ਸਾਹਿਤ ਦਰਸ਼ਨ, ਉਹੀ, ਪੰਨਾ 181.

Sri Satguru Jagjit Singh Ji Elibrary NamdhariElibrary@gmail.com

ਉਸ ਦੇ ਪਿਛੇ ਟੁਰ ਪਿਆ ।[1]

2. ਬੜੀਆਂ ਮੁਸ਼ਕਲਾਂ ਨਾਲ ਅਖੀਰ ਉਹ ਬੋਲਿਆ, "ਮੈਂਢਿਕ ਭਰਾਉ ਕੁਰਾਨ ਸਰੀਫੇ ਵਿਚ ਲਿਖਿਆ ਹੈ, ਕਿਆਮਤ ਅਫ਼ਸੀ ਤੇ ਹਿਹ ਦੁਨੀਆ ਖਤਮ ਹੋਈ ਜ਼ਾਸੀ। ਤੇ ਉਹ ਦਿਹਾੜਾ ਅਜ ਆਈ ਗਿਆ ਵੇ, ਪਰ ਅਜ ਪਹਿਲੇ ਮੈਂ ਮਰਸਾਂ...ਫੇਰ ਤੁਹਾਡੇ ਵਾਲੇ ਕੀ ਵੀ ਕੋਈ ਤਕਸੀ ।[2]

ਪਾਤਰਾਂ ਦੀ ਗੱਲ-ਬਾਤ ਵਿਚ ਵਰਤੀ ਹੋਈ ਅਜਿਹੀ ਪੋਠੋਹਾਰੀ ਨੇ ਡਾ. ਮੋਹਨ ਸਿੰਘ ਦੀਵਾਨਾ, ਗਿ. ਗੁਰਮੁਖ ਸਿੰਘ ਮੁਸਾਫਰ, ਸ. ਵਿਧਾਤਾ ਸਿੰਘ ਤੀਰ, ਪ੍ਰੋ. ਮੋਹਨ ਸਿੰਘ ਪ੍ਰੋ. ਸਾਹਿਬ ਸਿੰਘ ਸੇਠੀ (ਜ. 1922 ਈ.) ਤੋਂ ਡਾ. ਸਵਿੰਦਰ ਸਿੰਘ ਉੱਪਲ ਆਦਿ ਦੀਆਂ ਕਹਾਣੀਆਂ ਵਿਚ ਬੜਾ ਰਸ ਤੇ ਰੰਗੀਨੀ ਭਰੀ ਹੈ । ਜਿਵੇਂ :

1. "ਹਿਸ ਵੇਲੇ ਯਾਰਾ ਬਣਾਸੀ ਰਿਨ੍ਹਸੀ ਕੌਣ ?" ਪਿਤਾ ਜੀ ਦੀ ਗੱਲ ਸੁਣ ਕੇ ਹਰਨਾਮ ਸਿੰਘ ਨੇ ਕਿਹਾ । "ਲਾਲਾ ਜੀ ਜਾਣ ਦਿਉ ਹਿਸ ਵੇਲੇ, ਜੋ ਕੁਝ ਪਕਾ ਰਿਧਾ ਹੈ, ਖਾਂ ਲਵਾਂਗੇ... ਬਖਤਾਂ : ਜ਼ਰਾ ਮੈਂਢੀ ਗੱਲ ਸੁਣੀ" । ਕੋਠੇ ਦੇ ਬਨੇਰੇ ਤੇ ਖੜੋ ਕੇ ਪਿਤਾ ਜੀ ਨੇ ਉੱਚੀ ਸਾਰੀ ਆਵਾਜ਼ ਦਿਤੀ...।[3]

2. ਝੱਟ ਮੈਨੂੰ ਅਗੇ ਹੋ ਕੇ ਉਹਨਾਂ ਚੁਕ ਲਿਆ ਤੇ ਕੰਡ ਉਤੇ ਹੱਥ ਤਿੰਨ ਚਾਰ ਵਾਰੀ ਫੇਰਿਆ ਤੇ ਆਖਣ ਲਗੇ, "ਸ਼ੁਕਰੈ ਮੈਂਢਾ ਬੱਚਾ ਖੈਰੀ ਮਿਹਰੀ ਲੱਭੈ ਸਹੁਰਾ ਹੋਵੇ ਨੁਕਸਾਨ। ਮੈਨੂੰ ਤੇ ਸਾਹ ਨਹੀਂ ਸੀ ਆਉਂਦਾ, ਕਿਧਰੇ ਦੁਸ਼ਮਣਾਂ ਮੈਂਢੇ ਬੱਚੇ ਆ ਕੁਝ-ਕੁਝਾ ਨਾ ਕਰ ਦਿਤਾ ਹੋਵੇ।"[4]

ਅਜਿਹੇ ਕਹਾਣੀਕਾਰਾਂ ਦੀ ਵਰਤੀ ਹੋਈ ਅਜਿਹੀ ਉਪਬੋਲੀ 'ਮੈਦਾਨੀ ਪੋਠੋਹਾਰੀ' ਹੈ, ਪਰੰਤੂ ਡਾ. ਸੁਰਿੰਦਰ ਸਿੰਘ ਕੋਹਲੀ (ਜ. 1918 ਈ.) ਦੇ ਨਾਵਲ ਵਿਚ 'ਪਹਾੜੀ-ਪੋਠੋਹਾਰੀ' ਵੀ ਵਰਤੀ ਹੋਈ ਮਿਲਦੀ ਹੈ । ਜਿਵੇਂ :

"ਨਹੀਂ ਸ਼ਾਹ ਜੀ, ਮਿੰਘੀ ਤੇ ਕੁਸ਼ ਨਹੀਂ ਪਤਾ" ।
"ਵਿਰ ਤੇ ਤੁਘੀ ਡਾਢੀ ਹਾਂਵ ਹੋਈ"..........।[5]

ਉਂਜ ਕੁਝ ਸ਼ਬਦਾਂ ਤੇ ਲਹਿਜੇ ਦੇ ਥੋੜ੍ਹੇ ਜਿਹੇ ਫਰਕ ਤੋਂ ਛੁਟ, ਇਹ ਦੋਵੇਂ ਇਕੋ ਜਿਹੀਆਂ ਹਨ। ਅਜਿਹੀਆਂ ਕਿਰਤਾਂ ਵਿਚ ਪੋਠੋਹਾਰੀ ਪੇਂਡੂ ਜੀਵਨ ਦੇ ਸੁੰਦਰ ਝਾਂਵਲਿਆਂ ਤੇ ਸਥਾਨਕ ਬੋਲੀ ਦੀ ਅਜਿਹੀ ਸੁੱਘੜ ਵਰਤੋਂ ਨੇ ਇਨ੍ਹਾਂ ਦੀ ਲਿਖੀ ਹੋਈ ਪੰਜਾਬੀ ਗਲਪ ਨੂੰ ਇਕ ਗੂੜ੍ਹੇ ਵਾਸਤਵਿਕ ਰੰਗ ਵਿਚ ਵੀ ਰੰਗ ਦਿੱਤਾ ਹੈ।

ਉਕਤ ਨਾਵਲਕਾਰਾਂ ਤੇ ਕਹਾਣੀਕਾਰਾਂ ਤੋਂ ਇਲਾਵਾ, ਮਾਸਟਰ ਤਾਰਾ ਸਿੰਘ

---

1. ਵਖੋ : ਦੁੱਗਲ, ਕਰਤਾਰ ਸਿੰਘ, ਮੇਰੀ ਚੋਣਵੀਂ ਕਹਾਣੀ, ਲਾਹੌਰ—1144, ਪੰ. 154.
2. ਦੁੱਗਲ, ਕਰਤਾਰ ਸਿੰਘ, ਅੱਗ ਖਾਣ ਵਾਲੇ, ਜਲੰਧਰ—1948, ਪੰ 19.
3. ਵੇਖੋ : ਮੁਸਾਫਰ, ਗਿ. ਗੁਰਮੁਖ ਸਿੰਘ, ਆਲ੍ਹਣੇ ਦੇ ਬੋਟ ਵਿਚ ਕਹਾਣੀ—'ਹਿੰਦੂ ਪਾਣੀ—ਮੁਸਲਮਾਨ ਪਾਣੀ'।
4. ਵੇਖੋ : ਦੀਵਾਨਾ, ਡਾ. ਮੋਹਨ ਸਿੰਘ, 'ਪਰਾਂਦੀ' ਵਿਚ ਕਹਾਣੀ—'ਇਕੋ ਟਾਂਡਾ'।
5. ਕੋਹਲੀ, ਡਾ. ਸੁਰਿੰਦਰ ਸਿੰਘ, 'ਪਾਰੋਂ ਆਏ ਚਾਰ ਜਣੇ ਵਿਚੋਂ'।

Sri Satguru Jagjit Singh Ji Elibrary NamdhariElibrary@gmail.com

(1885—1917)[1] ਗਿ. ਹੀਰਾ ਸਿੰਘ ਦਰਦ,[2] ਸ. ਬਲਵੰਤ ਸਿੰਘ ਚਤਰਥ[3], ਸ. ਕੇਸਰ ਸਿੰਘ ਕੰਵਲ[4] ਸ. ਬਲਵੰਤ ਸਿੰਘ[5], ਸ. ਦਰਸ਼ਨ ਸਿੰਘ ਆਵਾਰਾ[6], ਪ੍ਰਿੰ. ਨਰਿੰਜਨ ਸਿੰਘ[7] ਆਦਿ ਨੇ ਵੀ ਸਮੇਂ ਸਮੇਂ ਚੋਖੀ ਗਲਪ ਰਚੀ ਹੈ ਜਿਸ ਵਿਚੋਂ ਬਹੁਤੀ ਤਾਂ 1923-24 ਈ. ਵਿਚ ਜਾਰੀ ਹੋਏ 'ਪ੍ਰੀਤਮ' ਤੇ 'ਫੁਲਵਾੜੀ' ਅਤੇ 1933 ਈ. ਵਿਚ ਜਾਰੀ ਹੋਈ 'ਪ੍ਰੀਤ ਲੜੀ' ਵਰਗੇ ਪੱਤਰਾਂ ਤੇ ਮਗਰੋਂ ਛਪੀਆਂ ਕਈ ਪੁਸਤਕਾਂ ਦਾ ਸ਼ਿੰਗਾਰ ਬਣਦੀ ਰਹੀ ਹੈ ।

ਇਉਂ ਸ. ਨਾਨਕ ਸਿੰਘ ਤੇ ਉਨ੍ਹਾਂ ਦੇ ਉਕਤ ਸਾਥੀਆਂ ਨੇ ਆਪਣੀ ਗਲਪਕਾਰੀ ਨਾਲ ਜਿਥੇ ਕੇਂਦਰੀ ਪੰਜਾਬੀ ਦਾ ਘਰ ਭਰਿਆ, ਉਥੇ ਨਵੀਆਂ ਹੋਣੀਆਂ ਨੂੰ ਵੀ ਲਿਸ਼ਕਾ-ਚਮਕਾ ਕੇ, ਨਵੀਆਂ ਲੀਹਾਂ ਪਾਉਣ ਲਈ ਲੁੜੀਂਦੀ ਜ਼ਿਮੀਂ ਵੀ ਤਿਆਰ ਕਰ ਦਿੱਤੀ। ਸ. ਕਰਤਾਰ ਸਿੰਘ ਦੁੱਗਲ ਨਾਲ ਸ਼ੁਰੂ ਹੋਈ ਪੀੜ੍ਹੀ ਤੇ ਪੋਚ ਨੇ ਪੰਜਾਬੀ ਗਲਪਕਾਰੀ ਨੂੰ ਇਸ ਦਾ ਆਧੁਨਿਕ ਤੇ ਕਲਾਤਮਕ ਜਾਮਾ ਪੁਆਣ ਵਿਚ ਵੀ ਬੜੀ ਨਿਗਰ ਸੇਵਾ ਕੀਤੀ ਹੈ । ਕਰਤਾਰ ਸਿੰਘ ਦੁੱਗਲ ਨੇ ਤਾਂ ਕਹਾਣੀਆਂ ਦਾ ਮਾਨੋਂ ਹੜ੍ਹ ਹੀ ਵਗਾ ਦਿੱਤਾ ਅਤੇ ਇਸ ਵਿਚ ਇਕ ਨਵਾਂ ਕਲਾ-ਸੁਆਦ ਵੀ ਭਰ ਦਿੱਤਾ। ਸੰਤਾਲੀ ਦੇ ਘਲੂਘਾਰੇ ਤੇ ਵੰਡਾਰੇ ਬਾਰੇ ਸਭ ਤੋਂ ਵੱਧ ਕਹਾਣੀਆਂ ਲਿਖਣ ਦਾ ਮਾਣ ਵੀ ਉਨ੍ਹਾਂ ਨੂੰ ਹੀ ਪ੍ਰਾਪਤ ਹੈ। ਉਨ੍ਹਾਂ ਦੇ ਸਾਥੀ ਸਾਹਿਤਕਾਰਾਂ ਵਿਚੋਂ ਡਾ. ਗੋਪਾਲ ਸਿੰਘ (ਜ. 1919 ਈ.)[8], ਸ. ਲੋਚਨ ਸਿੰਘ ਬਖਸ਼ੀ (ਜ. 1923)[9], ਡਾ. ਸਵਿੰਦਰ ਸਿੰਘ ਉੱਪਲ (ਜ. 1994 ਈ.)[10], ਸ. ਮਹਿੰਦਰ ਸਿੰਘ ਸਰਨਾ (ਜ. 1925 ਈ.)[11], ਡਾ. ਕਰਤਾਰ ਸਿੰਘ ਸੂਰੀ (ਜ. 1927 ਈ.)[12] ਤੇ ਡਾ. ਸੁਰਜੀਤ ਸਿੰਘ ਸੇਠੀ (ਜ. 1928 ਈ.)[13], ਆਦਿ ਦੀਆਂ ਚੁਸਤ, ਚੇਤੰਨ, ਨਵੀਨ ਤੇ ਕਲਾ-ਪੂਰਤ ਕਿਰਤਾਂ ਨੇ ਪੰਜਾਬੀ ਗਲਪ ਨੂੰ ਜਿਥੇ ਅਮੀਰ ਬਣਾਇਆ ਹੈ, ਇਸ ਦਾ ਪਿੜ ਮੋਕਲਾ ਕੀਤਾ ਹੈ । ਇਸ ਵਿਚ ਨਵੇਂ ਰੰਗ ਰਸ ਤੇ ਰੂਪ ਭਰੇ ਹਨ, ਉਥੇ ਇਸ ਦੀ ਸਾਖ ਵੀ ਵਧਾ ਦਿੱਤੀ ਹੈ ।

---

1. ਕਰਤਾ, ਪ੍ਰੇਮ ਲਗਨ, ਆਦਿ ।
2. ਕਰਤਾ, ਆਸ ਦੀ ਤੰਦ, ਆਦਿ ।
3. ਕਰਤਾ, ਪੁਸ਼ਪ ਪਟਾਰੀ, ਆਦਿ ।
4. ਕਰਤਾ, ਪ੍ਰੇਮ ਦੀਆਂ ਤਾਂਘਾਂ, ਆਦਿ ।
5. ਕਰਤਾ, ਵੇਦਨਾ, ਆਦਿ ।
6. ਕਰਤਾ, ਜੀਵਨ 'ਰੋ, ਆਦਿ ।
7. ਕਰਤਾ, ਨੌਂ ਕਹਾਣੀਆਂ, ਆਦਿ ।
8. ਕਰਤਾ, ਮਾਇਆ ਤੇ ਬ੍ਰਹਮ, ਆਦਿ ।
9. ਕਰਤਾ, ਪਾਪ ਪੁੰਨ ਤੋਂ ਪਰ੍ਹੇ ਅਤੇ ਵਰ ਤੇ ਸਰਾਪ, ਆਦਿ ।
10. ਕਰਤਾ, ਲੂਣੀ ਪੰਠੋਹਾਰ ਦੀ ਤੇ ਭਰਾ ਭਰਾਵਾਂ ਦੇ, ਆਦਿ ।
11. ਕਰਤਾ, ਪੱਥਰ ਦੇ ਆਦਮੀ ਅਤੇ ਸ਼ਗਨਾਂ ਭਰੀ ਸਵੇਰ, ਇਤਿਆਦਿ ।
12 ਕਰਤਾ, ਪ੍ਰਭਾਤ ਕਿਰਨਾਂ ਤੇ ਭਗਵਾਨ ਮਹਿੰਗਾ ਹੈ, ਆਦਿ ।
13 ਕਰਤਾ, ਇਕ ਖਾਲੀ ਪਿਆਲਾ ਤੇ ਕੌੜੇ ਘੁੱਟ, ਆਦਿ ।

Sri Satguru Jagjit Singh Ji Elibrary NamdhariElibrary@gmail.com

2. ਨਾਟਕੀ ਗੱਦ ਵਿਚ ਇਨ੍ਹਾਂ ਭਾਵ ਪੱਠੋਹਾਰੀ ਦੇ ਜੰਮ-ਪਲ ਲੇਖਕਾਂ, ਦੀ ਦੇਣ ਕਦਰ ਘੱਟ ਹੈ। ਫਿਰ ਵੀ ਡਾ. ਮੋਹਨ ਸਿੰਘ ਦੀਆਂ 'ਪੰਖੜੀਆਂ' ਕਰਤਾਰ ਸਿੰਘ ਦੁੱਗਲ ਦੇ 'ਇਕ ਸਿਫ਼ਰ ਸਿਫ਼ਰ' ਤੇ 'ਤਿੰਨ ਨਾਟਕ'; ਡਾ. ਅਮਰੀਕ ਸਿੰਘ (ਜ. 1923 ਈ.) ਦੇ 'ਪਰਛਾਵਿਆਂ ਦੀ ਪਕੜ' ਤੇ 'ਜੀਵਨ-ਝਲਕਾਂ' ਆਦਿ, ਡਾ. ਸੁਰਜੀਤ ਸਿੰਘ ਸੇਠੀ ਦੇ 'ਭਰਿਆ-ਭਰਿਆ ਸਖਣਾ-ਸਖਣਾ' ਤੇ 'ਚਲਦੇ ਫਿਰਦੇ ਬੁੱਤ' ਆਦਿ ਪੰਜਾਬੀ ਨਾਟਕ ਤੇ ਇਕਾਂਗੀ ਦੇ ਖੇਤਰ ਵਿਚ ਮਾਣ ਕਰਨ ਯੋਗ ਵਾਧਾ ਹਨ। ਡਾ. ਅਮਰੀਕ ਸਿੰਘ ਦੇ ਇਕ ਦੋ ਇਕਾਂਗੀਆਂ ਵਿਚ ਪੱਠੋਹਾਰੀ ਉਪਬੋਲੀ ਦੀ ਵਰਤੋਂ ਵੀ ਕੀਤੀ ਹੋਈ ਮਿਲਦੀ ਹੈ।

3. ਪਰ ਪੰਜਾਬੀ ਲੇਖ ਨੂੰ ਇਨ੍ਹਾਂ ਦੀ ਦੇਣ ਅਗਲਗੁਣੀ ਤੇ ਲੀਹਾਂ ਪਾਊ ਹੈ। ਪੱਛਮੀ ਤਰਜ਼ ਉਤੇ ਵੱਖ ਵੱਖ ਵਿਸ਼ਿਆਂ ਬਾਰੇ ਲੇਖ ਪੰਜਾਬੀ ਵਿਚ ਪਹਿਲਾਂ ਪਹਿਲ ਪ੍ਰੋ. ਪੂਰਨ ਸਿੰਘ (1881-1931 ਈ.) ਨੇ ਹੀ ਲਿਖੇ ਸਨ। ਆਪ ਦੀ ਪੁਸਤਕ 'ਖੁਲ੍ਹੇ ਲੇਖ' (1919 ਈ) ਪੰਜਾਬੀ ਸ਼ਾਹਿਤ ਦੀ ਆਪਣੀ ਵੰਨਗੀ ਦੀ ਪਹਿਲੀ ਲੇਖ-ਪਟਾਰੀ ਹੈ, ਅਤੇ ਇਸ ਵਿਚ ਅੰਕਿਤ ਲੇਖਾਂ ਰਾਹੀਂ ਹੀ ਉਨ੍ਹਾਂ ਨੇ ਪੰਜਾਬੀ ਵਿਚ ਇਕ ਅਨੋਖੀ ਕਿਸਮ ਦੀ ਸਾਹਿਤਕ ਵਾਰਤਕ ਲਿਖਣ ਦਾ ਮੁੱਢ ਬੰਨ੍ਹਿਆ ਸੀ। ਇਸ ਦੀ ਬੋਲੀ ਉਤੇ ਪੱਠੋਹਾਰੀ ਦਾ ਪ੍ਰਭਾਵ ਵੀ ਸਾਫ਼ ਦਿਸਦਾ ਹੈ। ਪ੍ਰਿੰ. ਜੋਧ ਸਿੰਘ (ਜ. 1882)[1] ਮਾਸਟਰ ਤਾਰਾ ਸਿੰਘ[2], ਭਾਈ ਸੇਵਾ ਸਿੰਘ (1882-1945 ਈ.)[3], ਭਾਈ ਤੇਜਾ ਸਿੰਘ ਕੋਹਲੀ[4], ਪ੍ਰੋ. ਸ਼ੇਰ ਸਿੰਘ[5] ਤੇ ਡਾ. ਤਾਰਨ ਸਿੰਘ[6] ਆਦਿ ਨੇ ਧਾਰਮਿਕ ਦਾਰਸ਼ਨਿਕ ਤੇ ਰਾਜਨੀਤਿਕ ਆਦਿ ਲੇਖ ਲਿਖਣ ਲਈ ਨਵੀਆਂ ਲੀਹਾਂ ਪਾਈਆਂ। ਪ੍ਰਿੰਸੀਪਲ ਤੇਜਾ ਸਿੰਘ ਨੇ ਕੇਂਦਰੀ ਪੰਜਾਬੀ ਨੂੰ ਧਰਮ ਤੇ ਇਤਿਹਾਸ ਤੋਂ ਛੁਟ, ਸਭਿਅਤਾ ਤੇ ਸਭਿਆਚਾਰ, ਸਾਹਿਤ ਤੇ ਕਲਾ, ਅਤੇ ਬੋਲੀ ਤੇ ਲਿਪੀ ਆਦਿ ਬਾਰੇ ਬੜੇ ਮੌਲਿਕ ਤੇ ਵਾਕਫੀ-ਭਰਪੂਰ, ਗੁੰਦਵੇਂ, ਢੱਭਵੇਂ ਤੇ ਭਰੇ-ਭਕੁੰਨੇ ਲੇਖ ਦਿੱਤੇ ਹਨ। ਉਨ੍ਹਾਂ ਨੇ ਇਨ੍ਹਾਂ ਰਾਹੀਂ ਪੰਜਾਬੀ ਲੇਖਕਾਰੀ ਨੂੰ ਹੁਨਰੀ ਕਾਰੀਗਰੀ ਦਾ ਮੁਜਸਮ ਵੀ ਬਣਾ ਦਿੱਤਾ ਹੈ।[7] ਸ. ਪਿਆਰਾ ਸਿੰਘ ਦਾਤਾ ਨੇ ਹੌਲੇ-ਫੁੱਲ ਤੇ ਹਾਸ-ਰਾਸ-ਪੂਰਤ ਲੇਖ ਲਿਖ ਕੇ, ਪੰਜਾਬੀ ਲੇਖ-ਰਚਨਾ ਵਿਚ ਹਾਸ-ਰਸ ਨੂੰ ਵਿਸ਼ੇ ਤੇ ਕਲਾ, ਦੋਹਾਂ, ਦੇ ਪੱਖੋਂ ਬੜੇ ਸੁਚੱਜ ਨਾਲ ਨਿਭਾਇਆ ਹੈ।[8]

---

1. ਕਰਤਾ, ਗੁਰਮਤ ਨਿਰਣਯ, ਆਦਿ।
2. ਕਰਤਾ, ਕਿਉਂ ਦਰਨੀ ਕਿਵ ਜਾਣਾ, ਆਦਿ।
3. ਕਰਤਾ, ਗੁਰੂ ਪਦ, ਨਿਰਣਯ, ਆਦਿ।
4. ਕਰਤਾ, ਨਾਮ ਸਿਮਰਨ ਦਾ ਸਿਧਾਂਤ, ਆਦਿ।
5. ਕਰਤਾ ਵਾਹਿਗੁਰੂ, ਦਰਸ਼ਨ, ਆਦਿ।
6. ਕਰਤਾ, ਨੇਮ ਤੇ ਪ੍ਰੇਮ, ਆਦਿ।
7. ਵੇਖੋ : ਉਨ੍ਹਾਂ ਦੇ ਲੇਖ-ਸੰਗ੍ਰਹਿ, ਨਵੀਆਂ ਸੋਚਾਂ, ਸਭਿਆਚਾਰ, ਸਾਹਿਤ ਦਰਸ਼ਨ ਤੇ ਸਿੱਖ ਧਰਮ, ਆਦਿ।
8. ਵੇਖੋ : ਮਿੱਠੀਆਂ ਟਕੋਰਾਂ ਤੇ ਦੁਰਗਤੀਆਂ, ਆਦਿ।

Sri Satguru Jagjit Singh Ji Elibrary NamdhariElibrary@gmail.com

4. ਪੋਠੋਹਾਰ ਦੇ ਜੰਮ-ਪਲ ਲੇਖਕਾਂ ਨੇ ਲੰਮੀ ਗੱਦ ਦੇ ਵਿਕਾਸ ਤੇ ਪ੍ਰਫੁੱਲਤਾ ਵਿਚ ਵੀ ਚੋਖਾ ਹਿੱਸਾ ਪਾਇਆ ਹੈ; ਅਤੇ ਇਸ ਦੀਆਂ ਵੀ ਕਈ ਵੰਨਗੀਆਂ ਉਤੇ ਹੱਥ ਅਜ਼ਮਾਇਆ ਹੈ। ਜਿਵੇਂ :

(ੳ) **ਸਵੈ-ਜੀਵਨੀ** : ਕੇਂਦਰੀ ਪੰਜਾਬੀ ਵਾਰਤਕ ਵਿਚ ਸ਼ਾਇਦ ਪਹਿਲੀ ਕਲਾ-ਪੂਰਤ ਸਵੈ ਜੀਵਨੀ ਮਾਨਯੋਗ ਮਾਸਟਰ ਤਾਰਾ ਸਿੰਘ ਦੀ ਕਿਰਤ, "ਮੇਰੀ ਯਾਦ" ਹੈ; ਅਤੇ ਇਸ ਦੀ ਸਭ ਤੋਂ ਵਧੀਆ ਸਵੈ-ਜੀਵਨੀ, "ਆਰਸੀ" ਵੀ ਪੋਠੋਹਾਰ ਦੇ ਇਕ ਹੋਰ ਉੱਘੇ ਵਿਦਵਾਨ, ਪ੍ਰਿੰਸੀਪਲ ਤੇਜਾ ਸਿੰਘ, ਦੀ ਦੇਣ ਹੈ। ਸ. ਨਾਨਕ ਸਿੰਘ ਦੀ 'ਮੇਰੀ ਦੁਨੀਆ' ਇਸ ਵੰਨਗੀ ਦੀ ਇਕ ਹੋਰ ਮਸ਼ਹੂਰ ਤੇ ਮਕਬੂਲ ਰਚਨਾ ਹੈ।

(ਅ) **ਜੀਵਨੀ** : ਪੋਠੋਹਾਰੀ ਲੇਖਕਾਂ ਨੇ ਪੰਜਾਬੀ ਵਿਚ ਜੀਵਨੀਆਂ ਤਾਂ ਕਈ ਰਚੀਆਂ ਹਨ। ਇਨ੍ਹਾਂ ਵਿਚੋਂ ਸਭਰਕਤੀ ਦੇਣ ਗਿਆਨੀ ਈਸ਼ਰ ਸਿੰਘ ਨਾਰਾ (ਜ.1897 ਈ.) ਦੀ ਹੈ, ਜਿਨ੍ਹਾਂ ਨੇ 'ਰਾਜਾ ਜੋਗੀ', 'ਨਿਰਮਲ ਜੀਵਨ', 'ਜੀਵਨ ਬਾਬਾ ਸ੍ਰੀ ਚੰਦ' ਤੇ 'ਪੰਜਾਬ ਦਾ ਰਤਨ' ਨਾਂ ਦੀਆਂ ਕਈ ਜੀਵਨੀਆਂ ਪ੍ਰਕਾਸ਼ਿਤ ਕੀਤੀਆਂ ਹਨ। ਭਾਈ ਸੇਵਾ ਸਿੰਘ ਦੀ 'ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ' ਤੇ 'ਬਹਾਦਰ ਸਿੰਘਣੀਆਂ'; ਗਿ. ਗੁਰਮੁਖ ਸਿੰਘ ਮੁਸਾਫ਼ਰ ਦੀ 'ਬਾਗੀ ਜਰਨੈਲ' ਅਤੇ 'ਵੀਹਵੀਂ ਸਦੀ ਦੇ ਸ਼ਹੀਦ'; ਕੁਲਦੀਪ ਸਿੰਘ ਦੀ 'ਮੀਰਾਂ ਬਾਈ', ਸੁਰਜੀਤ ਸਿੰਘ ਸੇਠੀ ਦੀ 'ਨੇਤਾ ਜੀ', ਸ. ਮਾਨ ਸਿੰਘ ਦੀ 'ਦਸ਼ਮੇਸ਼ ਦੇ ਲਾਲ' ਆਦਿ, ਭਾਈ ਤੇਜਾ ਸਿੰਘ ਕੋਹਲੀ ਦੀ 'ਇਕ ਸਿੱਖ ਫ਼ਕੀਰ' ਅਤੇ ਸ. ਪਿਆਰਾ ਸਿੰਘ ਦਾਤਾ ਦੀ 'ਜਵਾਹਰ ਲਾਲ ਨਹਿਰੂ' ਆਦਿ ਪੰਜਾਬੀ ਦੇ ਜੀਵਨੀ-ਸਾਹਿਤ ਵਿਚ ਮਾਣ ਕਰਨ ਯੋਗ ਵਾਧਾ ਹਨ।

(ੲ) **ਸਫ਼ਰਨਾਮਾ** : ਇਨ੍ਹਾਂ ਵਿਚੋਂ ਕਈਆਂ ਨੇ ਕੁਝ ਸੁੰਦਰ ਸਫਰਨਾਮੇ ਵੀ ਰਚੇ ਹਨ ਜਿਨ੍ਹਾਂ ਵਿਚੋਂ ਗਿ. ਹੀਰਾ ਸਿੰਘ ਦਰਦ ਦੀ 'ਬ੍ਰਿਜਭੂਮੀ' ਤੇ 'ਮਲਾਇਆ ਦੀ ਯਾਤਰਾ'; ਬਲਰਾਜ ਸਾਹਨੀ ਦੇ 'ਮੇਰਾ ਰੂਸੀ ਸਫਰਨਾਮਾ' ਤੇ 'ਮੇਰਾ ਪਾਕਿਸਤਾਨੀ ਸਫਰਨਾਮਾ', ਸ. ਪਿਆਰਾ ਸਿੰਘ ਦਾਤਾ ਦੀ 'ਮੇਰੀ ਪਰਬਤ ਯਾਤਰਾ' ਅਤੇ ਸ. ਪ੍ਰਤਾਪ ਸਿੰਘ ਦੀ 'ਮੇਰੀ ਪ੍ਰਦੇਸ-ਯਾਤਰਾ', ਇਤਿਆਦਿ ਵਰਣਨ ਯੋਗ ਹਨ।

5. ਪੰਜਾਬੀ ਦੀ 'ਇਤਿਹਾਸਕ ਗੱਦ' ਨੂੰ ਅਮੀਰ ਬਣਾਉਣ ਲਈ, ਗਿ. ਈਸ਼ਰ ਸਿੰਘ ਨਾਰਾ ਦੀਆਂ 'ਜ਼ਫ਼ਰਨਾਮਾ ਤੇ ਸਫ਼ਰਨਾਮਾ' ਅਤੇ 'ਵਿਸਾਖ ਨਹੀਂ ਕੱਤਕ' ਵੀ ਆਦਰਯੋਗ ਕਿਰਤਾਂ ਹਨ। ਇਉਂ ਹੀ ਇਸ ਦੀ 'ਧਾਰਮਿਕ ਗੱਦ' ਲਈ ਭਾਈ ਜੋਧ ਸਿੰਘ ਦੀ 'ਗੁਰਮਤਿ ਨਿਰਣੈ', ਭਾ. ਸ਼ੇਰ ਸਿੰਘ ਦੀ 'ਆਤਮ ਦਰਸ਼ਨ', ਡਾ. ਤਾਰਨ ਸਿੰਘ ਦੀ 'ਨਾਮ ਨਿਧਾਨ' ਅਤੇ ਸ. ਭਗਤ ਸਿੰਘ ਹੀਰਾ ਦੀ ਨਉਂ ਨਿਧਿ ਨਾਮ' ਲਾਭਦਾਇਕ ਵਾਧੇ ਹਨ।

## (10)

ਜਿਥੋਂ ਤਕ ਪਰਖ-ਪੜਚੋਲ ਤੇ ਖੋਜ-ਭਾਲ ਦਾ ਸੰਬੰਧ ਹੈ, ਪੋਠੋਹਾਰੀ ਬੋਲਦੇ ਲੇਖਕਾਂ ਤੇ

Sri Satguru Jagjit Singh Ji Elibrary NamdhariElibrary@gmail.com

ਵਿਦਵਾਨਾਂ ਨੇ ਇਸ ਪੱਖੋਂ ਵੀ ਬੜੀ ਨਿਗਰ ਤੇ ਲੀਹਾਂ-ਪਾਊ ਸੇਵਾ ਕੀਤੀ ਹੈ।

ਇਨ੍ਹਾਂ ਵਿਚੋਂ ਮੀਆਂ ਮੁਹੰਮਦ ਬਖਸ਼ (1831-1906 ਈ.) ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਲਗਪਗ ਸਾਰੇ ਉੱਘੇ ਮੁਸਲਮਾਨ ਕਵੀਆਂ ਦੀ ਕਾਵਿ-ਰਚਨਾ ਬਾਰੇ ਨਿਰਪੱਖ ਪੜਚੋਲ ਕਰ ਕੇ, ਜਿਥੇ ਪੰਠੋਹਾਰੀ ਦਾ ਸਿਰ ਉੱਚਾ ਕੀਤਾ ਹੈ, ਉਥੇ ਪੰਜਾਬੀ ਆਲੋਚਨਾ ਦੇ ਇਤਿਹਾਸ ਵਿਚ ਇਕ ਨਵੇਂ ਕਾਂਡ ਦਾ ਵਾਧਾ ਵੀ ਕੀਤਾ ਹੈ। ਮੀਆਂ ਸਾਹਿਬ ਇਕ ਲੋਕ-ਪ੍ਰਿਯ ਕਵੀ ਹੋਣ ਤੋਂ ਛੁਟ, ਇਕ ਸਿਆਣੇ ਸਮਾਲੋਚਕ ਵੀ ਸਨ। ਉਨ੍ਹਾਂ ਦੀ 'ਸੈਫ਼ੁਲ ਮਲੂਕ' (ਰ. 1864 ਈ.) ਜੇ ਪੰਜਾਬੀ ਕਵਿਤਾ ਦੀ ਇਕ ਸ਼ਾਹਕਾਰੀ ਕਿਰਤ ਹੈ, ਤਾਂ ਉਸ ਦੀ ਆਦਿਕਾ ਤੇ ਅੰਤਿਕਾ ਪੰਜਾਬੀ ਸਮਾਲੋਚਨਾ ਦੇ ਇਤਿਹਾਸ ਵਿਚ ਇਕ ਮੀਲ-ਪੱਥਰ ਹੈ। ਪੰਜਾਬੀ ਪਰਖ-ਪੜਚੋਲ ਨੇ ਮੀਆਂ ਸਾਹਿਬ ਦੇ ਪਰਵੇਸ਼ ਨਾਲ, ਇਕ ਨਵੀਂ ਤੇ ਯਾਦਗਾਰੀ ਲਾਂਘ ਪੁਟੀ ਹੈ। ਉਨ੍ਹਾਂ ਨੇ ਸਮਕਾਲੀ ਤੇ ਪੂਰਬਕਾਲੀ ਕਵੀਆਂ ਦੀ ਕਵਿਤਾ ਨੂੰ ਵਸਤੂ ਤੇ ਰੂਪ, ਦੋਹਾਂ ਪੱਖਾਂ ਤੋਂ, ਪੜਚੋਲਣ ਲਈ ਇਕ ਪਰਖ-ਕਸੌਟੀ ਵੀ ਮਿਥੀ ਸੀ ਅਤੇ ਦੱਸਿਆ ਸੀ ਕਿ ਚੰਗੀ ਤੇ ਸਫ਼ਲ ਕਵਿਤਾ ਓਹੀਓ ਹੈ ਜੋ ਦਰਦ-ਸੋਜ਼ ਨਾਲ ਭਰੀ-ਪਰੁੱਚੀ ਹੋਵੇ। ਅਖੇ :

> 'ਸੁਖ਼ਨ ਭਲਾ ਜੋ ਦਰਦੋਂ ਭਰਿਆ, ਬਿਨ ਦਰਦੋਂ ਕੁਝ ਨਾਹੀ'
> ਨੜਾਂ ਕਮਾਦਾਂ ਫ਼ਰਕ ਰਹੂ ਦਾ, ਕਿਆ ਕਾਨੀ ਕਿਆ ਕਾਹੀ !

ਨਾਲੇ ਜਿਸ ਦਾ ਦੂਜਾ ਖ਼ਾਸਾ ਕਲਾਮਈ ਸੰਜਮ ਤੇ ਸੁਹਜ-ਪੂਰਤ ਸੰਕੋਚ ਹੋਵੇ :

> ਮੁਖ਼ਤਸਰ ਕਲਾਮ ਉਨ੍ਹਾਂ ਦਾ, ਦਰਦੋਂ-ਭੂਜੀ ਬੱਟੀ
> ਦਰਦ ਹੋਇਆ ਤਾਂ ਸਭ ਕੁਝ ਹੋਇਆ, ਕਿਆ ਲੰਮੀ ਕਿਆ ਛੋਟੀ !

ਅਤੇ ਇਉਂ ਉਨ੍ਹਾਂ ਨੇ ਪੰਜਾਬੀ ਕਵਿਤਾ ਦੇ ਰੂਪਕ ਪੱਖ ਦੀ ਪੜਚੋਲ ਦੀ ਨੀਂਹ ਵੀ ਧਰ ਦਿੱਤੀ ਅਤੇ ਇਸ ਦੇ ਖੇਤਰ ਨੂੰ ਵੀ ਮੋਕਲਾ ਕਰ ਦਿੱਤਾ। ਉਨ੍ਹਾਂ ਤੋਂ ਪਹਿਲਾਂ, ਕਿਸੇ ਵੀ ਆਲੋਚਕ ਨੇ ਸ਼ੇਖ਼ ਫ਼ਰੀਦ ਤੋਂ ਲੈ ਕੇ ਆਪਣੇ ਸਮੇਂ ਤਕ ਦੇ ਇੰਨੇ ਪੰਜਾਬੀ ਕਵੀਆਂ ਜਾਂ ਲੇਖਕਾਂ ਦਾ ਜ਼ਿਕਰ ਨਹੀਂ ਕੀਤਾ। ਕਈ ਕਵੀਆਂ ਦੇ ਤਾਂ ਨਾਂ-ਪਤੇ ਵੀ ਮੁਹੰਮਦ ਬਖ਼ਸ਼ ਦੀ ਇਸ ਆਲੋਚਨਾ ਰਾਹੀਂ ਹੀ ਪਤਾ ਲਗੇ ਹਨ, ਜਿਨ੍ਹਾਂ ਦਾ ਗਿਆਨ ਉਸ ਨੇ ਇਉਂ ਸ਼ੁਰੂ ਕੀਤਾ ਹੈ :

> ਸ਼ਾਇਰ ਬਹੁਤ ਪੰਜਾਬ ਜ਼ਿਮੀ ਦੇ, ਹੋਏ ਦਾਨਸ਼ ਵਾਲੇ
> ਕਾਫ਼ੀ ਬਾਰਾਂਮਾਹ ਜਿਨ੍ਹਾਂ ਦੇ, ਦੋਹਰੇ ਬੈਂਤ ਉਜਾਲੇ।...[1]

ਜਿਥੋਂ ਤਕ ਤੁਲਨਾਤਮਕ ਆਲੋਚਨਾ ਤੇ ਸਵੈ-ਪੜਚੋਲ ਦਾ ਸੰਬੰਧ ਹੈ, ਮੀਆਂ ਸਾਹਿਬ ਨੇ ਉਸ ਦੀ ਵੀ ਇਕ ਚੰਗੀ ਤੇ ਨਿਰਪੱਖ ਮਿਸਾਲ ਕਾਇਮ ਕੀਤੀ ਹੈ :

> ਗੁਜਰ ਅੰਦਰ ਦੋਹਰਾਂ ਵਾਲੇ, ਮਰਦ ਹੋਇਆ ਕੋਈ ਅਗੇ
> ਉਸਦੀ ਨਾਂ 'ਮੁਹੰਮਦ' ਆਹਾ, ਲਗਾ ਉਸ ਉਮਰਗੇ।
> ਥੋੜੇ ਜਿਹੇ ਬੈਂਤ ਬਣਾਇਉਸੁ, ਸੁਤੇ ਦਰਦ ਜਗਾਂਦੇ

---

1. ਸੈਫ਼ੁਲ ਮਲੂਕ ਦਾ ਬਦੀਉਲ ਜਮਾਲ, ਉਹੀ, ਆਦਿਕਾ; ਬਾਨ, ਡਾ. ਹਰਨਾਮ ਸਿੰਘ, ਪਰਖ-ਪੜਚੋਲ ਚੰਡੀਗੜ੍ਹ 1961, ਪੰਨਾ 15-22.

Sri Satguru Jagjit Singh Ji Elibrary NamdhariElibrary@gmail.com

ਬਾਂਗ ਗਜ਼ਬ ਦੀ ਵਾਂਗ 'ਮੁਹੰਮਦ', ਸਲ ਕਲੇਜੇ ਜਾਂਦੇ ।
ਮੇਰੇ ਉਸ ਦੇ ਬੈਂਤ ਨ ਰਲਦੇ, ਜੇਕਰ ਸਮਝੇ ਭਾਈ ।
ਇਹਨਾਂ ਅੰਦਰ ਸਨਅਤ ਡੂੰਘੀ, ਉਹਨਾਂ ਵਿਚ ਸਫ਼ਾਈ ।

ਮੀਆਂ ਮੁਹੰਮਦ ਤੋਂ ਬਾਅਦ, ਡਾ. ਮੋਹਨ ਸਿੰਘ ਦੀਵਾਨਾ ਨੇ ਦਰਜਨਾਂ ਅਣਗੌਲੇ ਤੇ ਅਣਖਿਆਲੇ ਪੁਰਾਤਨ ਲੇਖਕਾਂ ਤੇ ਲਿਖਤਾਂ ਨੂੰ ਲਭਿਆ, ਅਤੇ ਉਨ੍ਹਾਂ ਨੂੰ ਪਰਖਿਆ ਤੇ ਪੜਚੋਲਿਆ । ਉਨ੍ਹਾਂ ਨੇ ਹੀ ਸਮੁੱਚੇ ਪੰਜਾਬੀ ਸਾਹਿਤ ਦਾ ਵੇਰਵੇ-ਸਹਿਤ ਆਲੋਚਨਾਤਮਕ ਇਤਿਹਾਸ (ਰ. 1932 ਈ.) ਲਿਖਣ ਦੀ ਪਹਿਲ ਕੀਤੀ ਅਤੇ ਮਗਰਲੇ ਸਾਹਿਤ-ਇਤਿਹਾਸਕਾਰਾਂ ਲਈ ਅਤਿ-ਲੁੜੀਂਦੇ ਪੂਰਨੇ ਪਾਏ ।[1] ਇਸ ਤੋਂ ਛੁੱਟ, ਪ੍ਰਸਿੱਧ ਸਨਾਤਨੀ ਰਚਨਾਵਾਂ ਨੂੰ ਸੰਪਾਦਨ ਤੇ ਪ੍ਰਕਾਸ਼ਨ ਦੀ ਪ੍ਰਪਾਟੀ ਨੂੰ ਪ੍ਰਫੁਲੱਤ ਕੀਤਾ; ਨਵੇਂ-ਪੁਰਾਣੇ ਸਮੁੱਚੇ ਗੱਦ-ਪਦ ਸਾਹਿਤ ਦੇ ਮੁਲਾਂਕਣ ਤੇ ਸਰਵੇਖਣ ਦੀ ਪਿਰਤ ਪਾਈ । ਸਮੇਂ-ਸਮੇਂ ਲਿਖੇ-ਛਾਪੇ ਆਲੋਚਨਾਤਮਕ ਲੇਖਾਂ ਦੇ ਸੰਗ੍ਰਹਿ ਪ੍ਰਕਾਸ਼ਨ ਦਾ ਰਿਵਾਜ ਵੀ ਪਾਇਆ,[2] ਅਤੇ ਸਭ ਤੋਂ ਵੱਧ ਇਹ ਕਿ ਪ੍ਰੋ. ਪੂਰਨ ਸਿੰਘ ਦੇ 'ਘੁੰਡ ਖੋਲ੍ਹਣਾ' ਤੋਂ ਬਾਅਦ ਡਾਕਟਰ ਸਾਹਿਬ ਤੇ ਉਨ੍ਹਾਂ ਦੇ ਵਿਦਵਾਨ ਸਮਕਾਲੀ ਪ੍ਰਿੰਸੀਪਲ ਤੇਜਾ ਸਿੰਘ ਜੀ, ਦੇ ਯਤਨਾਂ ਨੇ ਨਿਰੀ ਕਾਵਿ-ਆਲੋਚਨਾ ਤਕ ਸੀਮਤ ਪੰਜਾਬੀ ਪਰਖ-ਪੜਚੋਲ ਨੂੰ ਵਾਰਤਕ ਦੇ 'ਮਗਰ' ਵੀ ਲਾ ਦਿੱਤਾ ।

ਹੁਣ ਤਕ ਪ੍ਰਾਪਤ ਹੁੰਦੀ ਵਾਕਫੀ ਨੂੰ ਮੁਖ ਰਖਦਿਆਂ, ਪ੍ਰੋ. ਪੂਰਨ ਸਿੰਘ ਦੇ 'ਖੁਲ੍ਹੇ ਲੇਖ' ਵਿਚ ਸੰਚਿਤ 'ਪੰਜਾਬੀ ਸਾਹਿਤਯ ਪਰ ਕਟਾਖ' ਦੀ ਪ੍ਰਕਾਸ਼ਨਾ ਨਾਲ ਹੀ, ਪੰਜਾਬੀ ਵਾਰਤਕ ਦੀ ਪਰਖ-ਪੜਚੋਲ ਆਰੰਭ ਹੁੰਦੀ ਜਾਪਦੀ ਹੈ । ਵਿਦਵਾਨ ਤੇ ਪ੍ਰਤਿਭਾਸ਼ੀਲ ਲੇਖਕ ਨੇ ਇਸ ਵਿਚ ਨਵੀਂ ਪੁਰਾਣੀ ਪੰਜਾਬੀ ਵਾਰਤਕ ਦੀਆਂ ਉਦਾਹਰਣਾਂ ਦੇ ਕੇ ਉਨ੍ਹਾਂ ਗੁਣਾਂ ਤੇ ਸੁਹਜਾਂ ਨਾਲ ਤੁਲਨਾਤਮਕ ਜਾਣ-ਪਛਾਣ ਕਰਾਉਣ ਦੀ ਪਹਿਲ ਕੀਤੀ ਜਾਪਦੀ ਹੈ । ਪੰਜਾਬੀ ਪਾਠਕਾਂ ਨੂੰ ਪਹਿਲਾਂ-ਪਹਿਲ, ਇਸੇ ਲੇਖ ਰਾਹੀਂ, ਇਹ ਪੂਰਨ ਸਿੰਘ ਨੇ ਹੀ ਦੱਸਿਆ ਸੀ :

1. (ਪੰਜਾਬੀ) ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਂਠ ਗੁਰੂ (ਨਾਨਕ) ਸਾਹਿਬ ਦੇ ਪਿਆਰ-ਅੰਮ੍ਰਿਤ ਨਾਲ ਸਿੰਚੇ ਗੁਲਾਬਾਂ ਦੀਆਂ ਪੱਤੀਆਂ ਵਾਂਗ ਸਿਫਤ-ਸਮੀਰ ਨਾਲ ਹਿਲਦੇ ਸਨ ।
2. ਅੰਮ੍ਰਿਤ ਬਚਨ ਨਸਰ ਵਿਚ ਵੀ ਨਜ਼ਮ ਹਨ ਤੇ ਨਜ਼ਮ ਵਿਚ ਰਬੀ ਗੀਤ ਹਨ ।[3]

ਪ੍ਰਿੰ. ਤੇਜਾ ਸਿੰਘ ਦੇ ਪਰਵੇਸ਼ ਨਾਲ ਤਾਂ ਪੰਜਾਬੀ ਪਰਖ-ਪੜਚੋਲ ਦੇ ਇਤਿਹਾਸ ਵਿਚ ਇਕ ਨਵੇਂ ਮੰਚ, ਇਕ ਨਵੇਂ ਯੁਗ ਤੇ ਨਵੀਆਂ ਕਦਰਾਂ ਦਾ ਮੁੱਢ ਬੱਝਿਆ । ਉਨ੍ਹਾਂ ਨੇ

---

1. Mohan Singh, Dr., A History of Panjabi Literature, Lahore-1932, ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼, ਸ਼ਿਮਲਾ-1948. An introduction to Punjabi Literature, Amritsar-1951.
2. ਕ੍ਰਮਵਾਰ ਹੀਰ ਵਾਰਸ, ਸੂਫੀਆਂ ਦਾ ਕਲਾਮ, ਸਾਹਿਤ ਸਰੋਵਰ, ਆਦਿ ।
3. ਪੂਰਨ ਸਿੰਘ, ਪ੍ਰੋ., ਖੁਲ੍ਹੇ ਲੇਖ, ਲਾਹੌਰ-1929, 1971 ਐਡੀਸ਼ਨ, ਪੰ. 143 ਤੇ 144.

Sri Satguru Jagjit Singh Ji Elibrary NamdhariElibrary@gmail.com

ਤੁਲਵੀਂ, ਸੁਹਿਰਦ, ਸੋਝੀਵਾਨ ਤੇ ਉਤਸਾਹਜਨਕ ਆਲੋਚਨਾ ਦੀ ਨੀਂਹ ਰੱਖੀ। "ਵਰਤਮਾਨ ਸਮੇਂ ਦੀ ਪੰਜਾਬੀ ਪੜਚੋਲ ਸਭ ਤੋਂ ਪਹਿਲੋਂ ਅਤੇ ਸਹੀ ਅਰਥਾਂ ਵਿਚ ਆਪ ਨੇ ਹੀ ਨਿਰੂਪਣ ਕੀਤੀ ਅਤੇ ਪੜਚੋਲ ਦੀ ਤੱਕੜੀ ਵਿਚ ਪਏ ਹੋਏ ਪਾਸਕੂਆਂ ਨੂੰ ਲਾਂਭੇ ਕਰ ਕੇ ਪਰਖ ਦੇ ਸੁੱਚੇ ਤੋਲ ਕਾਇਮ ਕੀਤੇ।[1] ਨਾਲੇ ਪੰਜਾਬੀ ਪਰਖ ਨੂੰ ਨਵੀਨ ਪੱਛਮੀ ਆਲੋਚਨਾ ਦੇ ਨੇਮਾਂ ਤੇ ਨਮੂਨਿਆਂ ਉਤੇ ਢਾਲਣ ਦਾ ਉਪਰਾਲਾ ਕੀਤਾ। ਆਪ ਨੇ ਨਵੇਂ ਤੇ ਨੌਜਵਾਨ ਪੰਜਾਬੀ ਸਾਹਿਤਕਾਰਾਂ ਦੇ ਸਿਰਾਂ ਉਤੇ ਹੱਥ ਰਖਿਆ ਅਤੇ ਉਨ੍ਹਾਂ ਦੀ ਅਗਵਾਈ ਤੇ ਹੌਂਸਲਾ-ਅਫਜ਼ਾਈ ਕੀਤੀ। ਸਾਲਾਂ-ਬਧੀ ਉਨ੍ਹਾਂ ਦੇ "ਪ੍ਰਧਾਨ ਸਲਾਹਕਾਰ, ਦੀਖਿਆਕਾਰ ਅਤੇ ਸ਼ਾਸਤਰੀ ਬਣੇ ਰਹੇ। ਦਰਜਨਾਂ ਕਵੀਆਂ, ਲਿਖਾਰੀਆਂ ਤੇ ਨਾਟਕਕਾਰਾਂ ਨੇ ਆਪ ਦੀ ਸਿੱਖਿਆ ਨਾਲ ਆਪਣੀ ਕਿਰਤ ਨੂੰ ਸਫਲ ਕੀਤਾ।"[2] ਉਨ੍ਹਾਂ ਦਾ ਭਰਿਆ ਭਕੁੰਨਾ ਤੇ ਆਲੋਚਨਾਤਮਕ ਮੁਖਬੰਧ "ਇਕ ਮੁਕਟ"[3] ਸਮਝਿਆ ਜਾਣ ਲਗ ਪਿਆ ਜਿਸ ਨੂੰ ਹਰ ਸਾਹਿਤਕਾਰ ਆਪਣੇ ਸਿਰ ਸਜਾਉਣਾ ਫਖਰ ਤੇ ਸਨਮਾਨ ਦਾ ਕਾਰਨ ਮੰਨਦਾ ਰਿਹਾ ਅਤੇ "ਇਕ ਸਨਦ ਜਾਂ ਸਰਟੀਫਿਕੇਟ" ਵਾਂਗ ਵਰਤਦਾ ਰਿਹਾ। ਇਸ ਤੋਂ ਛੁਟ, ਉਨ੍ਹਾਂ ਨੇ ਪੰਜਾਬੀ "ਕਵਿਤਾ ਨੂੰ ਕਵੀ-ਦਰਬਾਰੀ ਅਸਰ ਥਲਿਉਂ ਕਢ ਕੇ ; ਸਾਹਿਤ ਨੂੰ ਮਨੁੱਖੀ ਸ਼ਕਲ ਦਿਵਾਕੇ; ਹਿੰਦੂ-ਮੁਸਲਮਾਨਾਂ ਦੀ ਸਰਪ੍ਰਸਤੀ ਪੰਜਾਬੀ ਲਈ ਹਾਸਲ ਕਰਕੇ ਤੇ ਉਨ੍ਹਾਂ ਦੀ ਪੰਜਾਬੀ ਸਾਹਿਤ ਨਾਲ ਵਾਕਫੀ ਕਰਵਾ ਕੇ ; ਕਵਿਤਾ ਵਿਚ ਖਿਆਲ ਪ੍ਰਧਾਨ ਬਣਵਾ ਕੇ; ਨਾਵਲ, ਨਾਟਕ ਤੇ ਕਹਾਣੀ ਨੂੰ ਹੋਰ ਉੱਨਤ ਜ਼ਬਾਨਾਂ, ਖ਼ਾਸ ਕਰਕੇ ਅੰਗਰੇਜ਼ੀ, ਦੇ ਪੂਰਨਿਆਂ ਤੇ ਚਲਾ ਕੇ, ਸਾਹਿਤ ਦੀ ਨੁਹਾਰ ਹੀ ਬਦਲ ਦਿੱਤੀ। ਜਦ ਪਤਾ ਲਗਦਾ ਹੈ ਕਿ ਇਹ ਇਕ ਆਦਮੀ ਦਾ ਕੰਮ ਹੈ, ਜਿਸ ਦੇ ਰਾਹ ਵਿਚ ਹਰ ਕਦਮ ਤੇ ਰੁਕਾਵਟ ਸੀ ... ਤਾਂ ਹੈਰਾਨ ਹੋ ਜਾਈਦਾ ਹੈ। ਇਹ ਕੰਮ ਪੂਰੀ ਸੰਸਥਾ ਦਾ ਹੈ। ਇਸ ਤੋਂ ਬਿਨਾਂ ਵਿਆਕਰਣ, ਬੋਲੀ ਦੀ ਖੋਜ, ਮਹਾਨ ਕੋਸ਼, ਗੁਰਬਾਣੀ ਵਿਆਕਰਣ ਤੇ ਟੀਕਾ ਸੰਬੰਧੀ ਜੋ ਮਹਾਨ ਕੰਮ ਆਪ ਨੇ ਕੀਤਾ ਹੈ, ਉਸ ਨੇ ਬੋਲੀ ਨੂੰ ਟਕਸਾਲੀ ਬਣਾਉਣ ਵਿਚ ਬਹੁਤ ਸਹਾਇਤਾ ਕੀਤੀ ਹੈ"[3] ਇਉਂ ਹੀ ਸਮੇਂ ਦੀ ਮੰਗ ਨੂੰ ਮੁੱਖ ਰਖਦਿਆਂ, ਇਸ ਟਕਸਾਲੀ ਬੋਲੀ ਦਾ ਸਾਹਿਤਕ ਭੰਡਾਰ ਭਰਨ ਤੇ ਉਸ ਦੀ ਨਰੋਈ ਆਲੋਚਨਾਤਮਕ ਰੀਤ ਬੰਨ੍ਹਣ ਲਈ ਜਿਸ ਯੋਗਤਾ, ਸੁਹਿਰਦਤਾ, ਪ੍ਰਮਾਣਿਕਤਾ, ਨਿਰਪੱਖਤਾ ਤੇ ਵਿਸ਼ਾਲ-ਚਿੱਤਤਾ ਨਾਲ ਉਨ੍ਹਾਂ ਨੇ ਆਪਣਾ ਫਰਜ਼ ਨਿਭਾਇਆ ਹੈ, ਉਹ ਸਾਡੇ ਸਾਹਿਤ ਦੀ ਸਿਰਜਨਾ ਤੇ ਆਲੋਚਨਾ ਦੇ ਇਤਿਹਾਸ ਦੀ ਇਕ ਅਭੁੱਲ ਯਾਦ ਬਣ ਗਈ ਹੈ।[4]

---

1. ਵੇਖੋ : ਆਧੁਨਿਕ ਪੰਜਾਬੀ ਵਾਰਤਕ, ਉਹੀ, ਪਰਖ-ਪੜਚੋਲ, ਉਹੀ, ਪੰ 29.
2. ਵੇਖੋ : ਗੁਰਚਰਨ ਸਿੰਘ, ਡਾ., ਪੰਜਾਬੀ ਲੇਖ ਦਾ ਉਦਭਵ ਤੇ ਵਿਕਾਸ, ਪਟਿਆਲਾ-1970.
3. ਗੋਪਾਲ ਸਿੰਘ (ਦਰਦੀ), ਡਾ., 'ਨਵੀਨ ਪੰਜਾਬੀ ਸਾਹਿਤ ਉਤੇ ਸ਼ਖਸੀਅਤਾਂ ਦਾ ਅਸਰ', ਪੰਜ ਦਰਿਆ, ਲਾਹੌਰ, ਜਨਵਰੀ, 1943.
4. ਇਸ ਯਾਦ ਨੂੰ ਸੁਰਜੀਤ ਰਖਣ ਤੇ ਆਪਣਾ ਰਿਣ ਚੁਕਾਉਣ ਲਈ ਘੱਟ ਘੱਟ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਭਾਸ਼ਾ ਵਿਭਾਗ, ਪਟਿਆਲਾ ਨੂੰ ਤਾਂ ਜ਼ਰੂਰ ਅਤੇ ਛੇਤੀ ਤੋਂ ਛੇਤੀ ਉਨ੍ਹਾਂ ਦੇ ਸ਼ੁਭ ਨਾਂ ਉਤੇ ਇਕ 'ਚੇਅਰ' (ਪ੍ਰਿੰ. ਤੇਜਾ ਸਿੰਘ 'ਚੇਅਰ') ਅਤੇ ਇਕ ਲੈਕਚਰ-ਲੜੀ (ਪ੍ਰਿੰ. ਤੇਜਾ ਸਿੰਘ

(ਬਾਕੀ ਪੰਨਾ 121 ਤੇ ਵੇਖੋ)

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਵਿਚ ਵਰਤਮਾਨ ਸਮੇਂ ਦੀ ਅਜਿਹੀ ਸਾਹਿਤਕ ਤੇ ਵਿਗਿਆਨਕ ਆਲੋਚਨਾ ਆਰੰਭਣ ਵਾਲੇ ਪ੍ਰਿੰ. ਤੇਜਾ ਸਿੰਘ ਦੇ ਵਤਨੀ ਅਜ਼ੀਜ਼ਾਂ, ਸ਼ਗਿਰਦਾਂ ਤੇ ਸਮਕਾਲੀਆਂ ਨੇ ਉਨ੍ਹਾਂ ਤੋਂ ਸਿੱਧੀ ਜਾਂ ਅਸਿੱਧੀ ਪ੍ਰੇਰਨਾ ਲੈ ਕੇ, ਕੇਂਦਰੀ ਪੰਜਾਬੀ ਦੀ ਇਸ ਪੱਖੋਂ ਜੋ ਵਿਸ਼ੇਸ਼ ਸੇਵਾ ਕੀਤੀ ਹੈ, ਉਸ ਦਾ ਸੰਖੇਪ ਜਿਹਾ ਵੇਰਵਾ ਨਿਮਨ-ਲਿਖਤ ਹੈ :

1. **ਸਾਹਿਤ ਦੀ ਭੂਮਿਕਾ** : ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ।
2. **ਸਾਹਿਤ ਦੇ ਇਤਿਹਾਸ** : ਡਾ. ਮੋਹਨ ਸਿੰਘ, ਡਾ. ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਕੋਹਲੀ, ਪ੍ਰੋ. ਨਰਿੰਦਰ ਸਿੰਘ ਦੁੱਗਲ।
3. **ਸਾਹਿਤ ਦੀ ਪਰਖ** : ਡਾ. ਗੋਪਾਲ ਸਿੰਘ, ਡਾ. ਸਰਿੰਦਰ ਸਿੰਘ ਕੋਹਲੀ, ਡਾ. ਕਰਤਾਰ ਸਿੰਘ ਸੂਰੀ।
4. **ਸਾਹਿਤ ਦਾ ਸੰਪਾਦਨ** : ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ, ਸ. ਕਰਤਾਰ ਸਿੰਘ ਦੁੱਗਲ, ਡਾ. ਹਰਨਾਮ ਸਿੰਘ ਸ਼ਾਨ, ਡਾ. ਗੋਪਾਲ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ।
5. **ਆਲੋਚਨਾਤਮਕ ਲੇਖ-ਸੰਗ੍ਰਹਿ** : ਡਾ. ਮੋਹਨ ਸਿੰਘ, ਡਾ ਤਾਰਨ ਸਿੰਘ, ਡਾ. ਅਤਰ ਸਿੰਘ, ਡਾ. ਰਤਨ ਸਿੰਘ ਜੱਗੀ।
6. **ਸਾਹਿਤਕ ਖੋਜ-ਗ੍ਰੰਥ** : ਡਾ. ਮੋਹਨ ਸਿੰਘ, ਡਾ. ਹਰਨਾਮ ਸਿੰਘ ਸ਼ਾਨ, ਡਾ. ਰਤਨ ਸਿੰਘ ਜੱਗੀ, ਡਾ. ਕਰਤਾਰ ਸਿੰਘ ਸੂਰੀ, ਡਾ. ਦਲੀਪ ਸਿੰਘ ਦੀਪ।
7. **ਵਿਅਕਤੀਗਤ ਖੋਜ-ਮੁੱਲਾਂਕਣ** : ਡਾ. ਮੋਹਨ ਸਿੰਘ, ਡਾ. ਹਰਨਾਮ ਸਿੰਘ ਸ਼ਾਨ, ਡਾ. ਤਾਰਨ ਸਿੰਘ, ਡਾ. ਸੁਰਜੀਤ ਸਿੰਘ ਸੇਠੀ, ਡਾ. ਗੁਰਚਰਨ ਸਿੰਘ ਮਹਿਤਾ।
8. **ਵਿਅਕਤੀਗਤ ਰੁਚੀ-ਮੁੱਲਾਂਕਣ** : ਡਾ. ਗੋਪਾਲ ਸਿੰਘ, ਡਾ. ਹਰਨਾਮ ਸਿੰਘ ਸ਼ਾਨ।
9. **ਵਿਅਕਤੀਗਤ ਰੂਪ-ਮੁੱਲਾਂਕਣ** : ਡਾ. ਸਵਿੰਦਰ ਸਿੰਘ ਉੱਪਲ, ਡਾ. ਕਰਤਾਰ ਸਿੰਘ ਸੂਰੀ, ਡਾ. ਹਰਨਾਮ ਸਿੰਘ, ਡਾ. ਸੰਹਿੰਦਰ ਸਿੰਘ ਬੇਦੀ।

ਇਨ੍ਹਾਂ ਵਿਚੋਂ ਡਾ. ਗੋਪਾਲ ਸਿੰਘ ਨਵੇਂ ਪੋਚ ਦੇ ਪੰਜਾਬੀ ਆਲੋਚਕਾਂ ਦੇ ਮੋਢੀ ਹਨ। ਉਨ੍ਹਾਂ ਨੇ ਸਾਵੀਂ ਤੇ ਸੁਚੱਜੀ ਆਲੋਚਨਾ ਦੀ ਲੀਹ ਪਕੇਰੀ ਕਰਨ ਅਤੇ ਇਸ ਨੂੰ ਪੱਛਮੀ ਪੈੜਾਂ ਉਤੇ ਸੁੱਖੜ ਖਲ੍ਹਾਰ ਕੇ, ਇਸ ਦਾ ਵਿਗਿਆਨਕ ਰੰਗ-ਰੂਪ ਤੇ ਰੁਚੀ ਨਿਖਾਰਨ ਵਿਚ

---

(ਪੰਨਾ 120 ਦੀ ਬਾਕੀ)

ਲੈਕਚਰ-ਸੀਰੀਜ਼) ਕਾਇਮ ਕਰ ਦੇਣੀ ਚਾਹੀਦੀ ਹੈ; ਅਤੇ ਇਉਂ ਉਨ੍ਹਾਂ ਰਾਹੀਂ ਪ੍ਰਿੰਸੀਪਲ ਸਾਹਿਬ ਦੇ ਛੋਹੇ ਹੋਏ ਕੰਮਾਂ ਨੂੰ ਨਿੱਠ ਕੇ ਤੋੜ ਤਕ ਪਹੁੰਚਾਣ ਅਤੇ ਉਲੀਕੇ ਹੋਏ ਸੁਪਨਿਆਂ ਨੂੰ ਸਾਕਾਰਨ ਦਾ ਕੰਮ ਚਾਲੂ ਕਰ ਦੇਣਾ ਚਾਹੀਦਾ ਹੈ। ਮੇਰਾ ਨਿਸ਼ਚਾ ਹੈ ਕਿ ਇਨ੍ਹਾਂ ਮਾਨਯੋਗ ਸੰਸਥਾਵਾਂ ਦਾ ਇਹ ਉੱਦਮ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਲਈ ਇਕ ਠੋਸ ਤੇ ਉਸਾਰੂ ਉਪਰਾਲਾ ਹੋਵੇਗਾ। ਚੇਤੇ ਰਹੇ ਕਿ ਪ੍ਰਿੰ. ਤੇਜਾ ਸਿੰਘ ਭਾਸ਼ਾ ਵਿਭਾਗ ਦੇ ਮੋਢੀ ਪ੍ਰਚਾਰਕ ਤੇ ਸਮਰਥਕ ਵੀ ਸਨ।

Sri Satguru Jagjit Singh Ji Elibrary NamdhariElibrary@gmail.com

ਨਿਗਰ ਤੇ ਵਿਸ਼ੇਸ਼ ਹਿੱਸਾ ਪਾਇਆ ਹੈ। ਵਰਤਮਾਨ ਪੰਜਾਬੀ ਸਾਹਿਤ ਦੇ ਝੁਕਾਵਾਂ ਦਾ ਆਲੋਚਨਾਤਮਕ ਸਰਵੇਖਣ ਲਿਖਣ ਤੇ, ਪੰਜਾਬੀ-ਯੂਨੀਵਰਸਿਟੀ, ਲਾਹੌਰ ਨੇ ਆਪ ਨੂੰ ਪੀ.ਐਚ.ਡੀ. ਦੀ ਡਿਗਰੀ ਦਿੱਤੀ ਸੀ। ਆਪ ਨੇ ਸਾਹਿਤਕ ਵਿਰਸੇ ਨੂੰ ਪੱਛਮੀ ਅਸੂਲਾਂ ਉਤੇ ਪਰਖਿਆ ਅਤੇ ਪਰਖ ਦੇ ਕਈ ਨਵੇਂ ਮਿਆਰ ਕਾਇਮ ਕੀਤੇ। ਨਾਲੇ ਪੰਜਾਬੀ ਵਿਚ, ਪਹਿਲੀ ਵਾਰ, ਇਸ ਕਿਸਮ ਦੀ ਇੰਨੀ ਨਿਗਰ, ਸੂਝ-ਪੂਰਤ ਤੇ ਭਰੀ-ਭਕੁੰਨੀ ਸਮਾਲੋਚਨਾ ਦਾ ਵਾਧਾ ਕੀਤਾ।

(11)

ਭਾਸ਼ਾ-ਵਿਗਿਆਨ, ਵਿਆਕਰਣ ਤੇ ਕੋਸ਼ਕਾਰੀ ਆਦਿ ਦੇ ਖੇਤਰ ਵਿਚ ਵੀ ਪੋਠੋਹਾਰੀ ਵਿਦਵਾਨਾਂ ਦੀ ਦੇਣ ਨਿਗਰ ਤੇ ਲੋਹਾਂ-ਪਾਊ ਹੈ। ਪੰਜਾਬ ਦੇ ਸੰਸਾਰ-ਪ੍ਰਸਿੱਧ ਵਿਦਵਾਨ, ਡਾ. ਸਿਧੇਸ਼ਵਰ ਵਰਮਾ, ਦੀਆਂ ਖੋਜਾਂ ਤੇ ਲੱਭਤਾਂ ਇਸੇ ਖੇਤਰ ਨਾਲ ਸਬੰਧਿਤ ਹਨ।[1] ਉਨ੍ਹਾਂ ਨੇ ਅਜੋਕੇ ਹੀ ਸਰ ਜਾਰਜ ਗਰੀਅਰਸਨ ਦੇ 'ਲਿੰਗੁਇਸਟਿਕ ਸਰਵੇ ਆਫ ਇੰਡੀਆ' ਦਾ ਇਕ ਆਲੋਚਨਾਤਮਕ ਖੁਲਾਸਾ ਵੀ ਪ੍ਰਕਾਸ਼ਿਤ ਕੀਤਾ ਹੈ। ਉਨ੍ਹਾਂ ਦੇ ਵਿਦਵਾਨ ਸ਼ਾਗਿਰਦ, ਡਾ. ਹਰਦੇਵ ਬਾਹਰੀ ਜੀ, ਦਾ ਪੰਜਾਬੀ ਦੇ ਧੁਨੀ-ਸ਼ਾਸਤਰ ਬਾਰੇ ਕੀਤਾ ਕੰਮ[2] ਵੀ ਆਪਣੀ ਮਿਸਾਲ ਆਪ ਹੈ। ਇਉਂ ਹੀ, ਉਨ੍ਹਾਂ ਦੇ ਨਿੱਕੇ ਸੁਰਗਵਾਸੀ ਭਰਾ, ਡਾ. ਸੀਤਾ ਰਾਮ ਬਾਹਰੀ, ਦੇ ਪ੍ਰਸਿੱਧ ਪੰਜਾਬੀ ਲੇਖਕਾਂ ਦੀ ਬੋਲੀ ਬਾਰੇ ਲਿਖੇ ਖੋਜ-ਪੂਰਤ ਅਧਿਐਨ 'ਪੰਜਾਬੀ ਦੁਨੀਆਂ' ਦੇ ਕਈ ਵਿਸ਼ੇਸ਼ ਅੰਕਾਂ ਦਾ ਸ਼ਿੰਗਾਰ ਬਣਦੇ ਰਹੇ ਹਨ।[3] ਜਿਥੋਂ ਤਕ ਵਿਆਕਰਣ ਦਾ ਸੰਬੰਧ ਹੈ, ਪ੍ਰਿੰ. ਤੇਜਾ ਸਿੰਘ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂਤਿਕ ਲਗਾਂ-ਮਾਤ੍ਰਾ ਦੇ ਗੁੱਝੇ ਭੇਦ' (ਰ. 1925 ਈ.) ਆਪਣੀ ਕਿਸਮ ਦੀ ਪਹਿਲੀ ਤੇ ਚਮਤਕਾਰੀ ਕਿਰਤ ਹੈ। ਮਾਸਟਰ ਕਰਮ ਸਿੰਘ ਗੰਗਾਵਾਲਾ ਦੇ ਵਿਆਕਰਣਾਂ ਅਤੇ ਸ਼ਬਦ-ਜੋੜਾਂ ਦੇ ਨੇਮਾਂ ਨੇ ਨਵੇਂ ਪੋਚ ਨੂੰ ਸ਼ੁੱਧ ਤੇ ਠੇਠ ਪੰਜਾਬੀ ਲਿਖਣ ਲਈ ਜੋ ਅਗਵਾਈ ਦਿੱਤੀ ਹੈ, ਉਹ ਅਜੇ ਵੀ ਰੀਸ ਕਰਨ ਯੋਗ ਹੈ। ਇਉਂ ਹੀ, ਪ੍ਰਿੰ. ਤੇਜਾ ਸਿੰਘ ਤੇ ਡਾ. ਹਰਨਾਮ ਸਿੰਘ ਸ਼ਾਨ ਦਾ ਵੱਡੇ ਅੰਗਰੇਜ਼ੀ-ਪੰਜਾਬੀ ਕੋਸ਼ ਲਈ ਕੀਤਾ ਕੰਮ, ਸ. ਦਰਸ਼ਨ ਸਿੰਘ ਅਵਾਰਾ ਦੀ 'ਪੋਠੋਹਾਰੀ ਸ਼ਬਦ-ਕੋਸ਼' ਲਈ ਕੀਤੀ ਸੇਵਾ ਤੇ ਡਾ. ਤਾਰਨ ਸਿੰਘ ਦਾ 'ਪੰਜਾਬੀ ਮੁਹਾਵਰਾ ਕੋਸ਼' ਦੀ ਤਿਆਰੀ ਵਿਚ ਪਾਇਆ ਹਿੱਸਾ ਸ਼ਲਾਘਾਯੋਗ ਹੈ।

ਪੋਠੋਹਾਰੀ ਬੋਲਦੇ ਵਿਦਵਾਨਾਂ ਨੇ 'ਗੁਰੂ ਗ੍ਰੰਥ ਸਾਹਿਬ' ਵਿਚ ਸੰਚਿਤ ਬਾਣੀ ਨੂੰ ਸੰਪਾਦਨ ਤੇ ਵਿਆਖਣ ਲਈ ਵੀ ਬੜੀ ਉੱਤਮ ਤੇ ਯਾਦਗਾਰੀ ਸੇਵਾ ਕੀਤੀ ਹੈ। ਗਿ. ਨਿਹਾਲ ਸਿੰਘ ਸੂਰੀ, ਪ੍ਰੋ. ਪੂਰਨ ਸਿੰਘ, ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ, ਚੀਫ-ਜਸਟਿਸ ਤੇਜਾ ਸਿੰਘ ਤੇ ਜਸਟਿਸ ਹਰਨਾਮ ਸਿੰਘ ਵਰਗੇ ਵਿਦਵਾਨਾਂ ਹੱਥੋਂ

---

1. ਜਿਵੇਂ Phonetic Observations of Ancient Grammarians, London-1935 ਅਤੇ Phonetics of Lahndi, London 1941, ਇਤਿਆਦਿ।
2. ਜਿਵੇਂ Lahndi Phonology, Allahabad-1960, Lahndi Phonetics, Allahabad-1961, ਇਤਿਆਦ।
3. ਜਿਵੇਂ 'ਗੁਰੂ ਨਾਨਕ ਅੰਕ', 'ਵਾਰਸ ਅੰਕ', 'ਭਾਈ ਗੁਰਦਾਸ ਅੰਕ', ਇਤਿਆਦਿ।

Sri Satguru Jagjit Singh Ji Elibrary NamdhariElibrary@gmail.com

ਹੋਏ ਟੀਕੇ ਤੇ ਤਰਜਮੇ ਅਜਿਹੀ ਸੇਵਾ ਦੇ ਕੁਝ ਵਿਸ਼ੇਸ਼ ਨਮੂਨੇ ਹਨ। ਜਿਥੋਂ ਤਕ ਅਕਾਦਮਕ ਤੇ ਆਲੋਚਨਾਤਮਕ ਅਧਿਐਨ ਦਾ ਸੰਬੰਧ ਹੈ, 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' (ਕ੍ਰਿਤ ਪ੍ਰਿੰ. ਤੇਜਾ ਸਿੰਘ ਆਦਿ), 'ਗੁਰਮਤ ਨਿਰਣੈ' (ਕ੍ਰਿਤ ਪ੍ਰਿੰ. ਜੋਧ ਸਿੰਘ), 'ਨਾਵਾਂ-ਥਾਵਾਂ ਦਾ ਕੋਸ਼' (ਹੈੱਡਮਾਸਟਰ ਮਹਿਤਾਬ ਸਿੰਘ), 'ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ' (ਕ੍ਰਿਤ ਡਾ. ਗੋਪਾਲ ਸਿੰਘ), 'ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ' (ਕ੍ਰਿਤ ਡਾ. ਤਾਰਨ ਸਿੰਘ), 'ਗੁਰੂ ਨਾਨਕ : ਜੀਵਨ ਅਤੇ ਵਿਅਕਤਿਤਵ' (ਕ੍ਰਿਤ ਡਾ. ਰਤਨ ਸਿੰਘ ਜੱਗੀ) ਤੇ 'ਗੁਰੂ ਨਾਨਕ ਦਾ ਸ਼ਾਹਕਾਰ' (ਕ੍ਰਿਤ ਡਾ. ਹਰਨਾਮ ਸਿੰਘ ਸ਼ਾਨ), ਇਤਿਆਦਿ ਪੰਜਾਬੀ ਤੇ ਸਿੱਖ-ਸਾਹਿਤ ਲਈ ਵੱਡਮੁਲੀਆਂ ਦੇਣਾਂ ਮੰਨੀਆਂ ਗਈਆਂ ਹਨ।

ਜਿਥੋਂ ਤਕ ਲੋਕ-ਸਾਹਿਤ ਨੂੰ ਲਭਣ, ਮੁਲਾਂਕਣ ਤੇ ਪ੍ਰਕਾਸ਼ਨ ਦਾ ਸੰਬੰਧ ਹੈ, ਡਾ. ਸੋਹਿੰਦਰ ਸਿੰਘ (ਵਣਜਾਰਾ ਬੇਦੀ) ਨੇ 'ਪੰਜਾਬ ਦੀਆਂ ਲੋਕ ਕਹਾਣੀਆਂ', 'ਲੋਕ ਆਖਦੇ ਹਨ', 'ਪੰਜਾਬੀ ਦੀ ਲੋਕ-ਧਾਰਾ', ਅਤੇ 'ਪੰਜਾਬ ਦਾ ਲੋਕ-ਸਾਹਿਤ' ਨਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰ ਕੇ ਪੰਜਾਬੀ ਦੇ ਇਸ ਮਹਾਨ ਵਿਰਸੇ ਨੂੰ ਸੰਭਾਲਣ ਲਈ ਮੋਢੀਆਂ ਵਰਗਾ ਕੰਮ ਕੀਤਾ ਹੈ।

## (12)

ਪੋਠੋਹਾਰੀ ਦੇ ਜੰਮ-ਪਲ ਲੇਖਕਾਂ ਨੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਲਈ ਲੋੜੀਂਦੀਆਂ ਪਾਠ-ਪੁਸਤਕਾਂ ਦੀ ਤਿਆਰੀ ਵਿਚ ਵੀ ਬੜਾ ਨੁਮਾਇਆ ਹਿੱਸਾ ਪਾਇਆ ਹੈ। ਇਸ ਸੰਬੰਧ ਵਿਚ ਸ. ਕਰਮ ਸਿੰਘ ਗੰਗਵਾਲਾ, ਗਿ ਹੀਰਾ ਸਿੰਘ ਦਰਦ, ਪ੍ਰਿੰ ਤੇਜਾ ਸਿੰਘ, ਡਾ. ਮੋਹਨ ਸਿੰਘ, ਡਾ. ਹਰਨਾਮ ਸਿੰਘ ਸ਼ਾਨ, ਡਾ. ਗੋਪਾਲ ਸਿੰਘ ਤੇ ਡਾ. ਸੁਰਿੰਦਰ ਸਿੰਘ ਕੋਹਲੀ ਆਦਿ ਦੀਆਂ ਤਿਆਰ ਕੀਤੀਆਂ ਕਿਤਾਬਾਂ ਹਰ ਪੱਧਰ ਦੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਦੀਆਂ ਰਹੀਆਂ ਹਨ। ਗਿ. ਧਨਵੰਤ ਸਿੰਘ ਸੀਤਲ ਨੇ ਠੇਠ ਪੰਜਾਬੀ ਵਿਚ ਬਾਲ-ਸਾਹਿਤ ਦੀ ਲਿਖਾਈ ਤੇ ਛਪਾਈ ਲਈ ਬੜੀ ਨਿਗਰ ਤੇ ਸ਼ਲਾਘਾਯੋਗ ਸੇਵਾ ਕੀਤੀ ਹੈ ਅਤੇ ਹੁਣ ਤਕ ਤਕਰੀਬਨ ਤਿੰਨ ਸੌ ਨਿੱਕੀਆਂ-ਵੱਡੀਆਂ ਪੁਸਤਕਾਂ ਲਿਖ ਕੇ ਪ੍ਰਕਾਸ਼ਿਤ ਵੀ ਕਰ ਚੁੱਕੇ ਹਨ।

ਜਿਥੋਂ ਤਕ ਅਨੁਵਾਦਾਂ ਜਾਂ ਉਲਥਿਆਂ ਰਾਹੀਂ ਮਾਤ-ਬੋਲੀ ਨੂੰ ਅਮੀਰ ਬਣਾਉਣ, ਪੂਰਬੀ ਤੇ ਪੱਛਮੀ ਵਿਦਵਾਨਾਂ ਨਾਲ ਜਾਣ-ਪਛਾਣ ਕਰਾਉਣ ਅਤੇ ਦੇਸੀ ਤੇ ਬਦੇਸ਼ੀ ਵਿਚਾਰਾਂ ਦੀ ਸਾਂਝ ਪੁਆਉਣ ਦਾ ਸੰਬੰਧ ਹੈ, ਪੋਠੋਹਾਰੀ-ਬੋਲਦੇ ਲੋਕਾਂ ਨੇ ਇਸ ਖੇਤਰ ਵਿਚ ਵੀ ਯੋਗਦਾਨ ਪਾਉਣ ਦੀ ਪਹਿਲ ਕੀਤੀ ਜਾਪਦੀ ਹੈ। ਜੇ ਇਕ ਬੰਨੇ ਪੰਜਾਬੀਆਂ ਨੇ ਕਾਰਲਾਈਲ, ਐਮਰਸਨ, ਉਕਾਕੁਰਾ, ਵਿਟਮੈਨ ਤੇ ਟਾਲਸਟਾਏ ਵਰਗੇ ਸੰਸਾਰ-ਪ੍ਰਸਿੱਧ ਸਾਹਿਤਕਾਰਾਂ ਦੇ ਸ਼ਾਹਕਾਰਾਂ ਨੂੰ ਪਹਿਲਾਂ ਪਹਿਲ ਪੂਰਨ ਸਿੰਘ ਦੇ ਕੀਤੇ ਅਨੁਵਾਦਾਂ ਰਾਹੀਂ ਪੜ੍ਹਿਆ ਹੈ; ਤਾਂ ਦੂਜੇ ਬੰਨੇ ਬਾਹਰਲਿਆਂ ਨੇ ਵੀ ਪੰਜਾਬ ਦੀ ਰੂਹ ਤੇ ਪੰਜਾਬੀ ਦੇ ਵਿਰਸੇ ਨੂੰ, ਪਹਿਲਾਂ ਪਹਿਲ, ਉਨ੍ਹਾਂ ਦੀਆਂ ਲਟਬੌਰੀਆਂ ਅੱਖਾਂ ਤੇ ਮਨਮੋਹਣੀਆਂ ਲਿਖਤਾਂ ਦੁਆਰਾ

Sri Satguru Jagjit Singh Ji Elibrary NamdhariElibrary@gmail.com

ਹੀ ਜਾਣਿਆ ਤੇ ਪਛਾਣਿਆ ਹੈ ।[1] ਸ. ਗੁਰਮੁਖ ਨਿਹਾਲ ਸਿੰਘ,[2] ਪ੍ਰਿੰ. ਨਰਿੰਜਨ ਸਿੰਘ[3], ਪ੍ਰੋ. ਮੋਹਨ ਸਿੰਘ[4] ਸ. ਜਗਜੀਤ ਸਿੰਘ ਆਨੰਦ[5] ਆਦਿ ਨੇ ਵੀ ਇਸ ਖੇਤਰ ਵਿਚ ਚੋਖੀ ਤੇ ਮਾਣ ਕਰਨ ਯੋਗ ਸੇਵਾ ਕੀਤੀ ਹੈ ।

(13)

ਪਰ ਇਨ੍ਹਾਂ ਦੀ ਬਹੁਤ ਵੱਡੀ ਸੇਵਾ ਤੇ ਸਥਰਕੱਤੀ ਦੇਣ ਪੱਤਰਕਾਰੀ ਦੇ ਖੇਤਰ ਵਿਚ ਵੀ ਵਿਦਤ, ਹੁੰਦੀ ਰਹੀ ਹੈ । 1920 ਈ. ਵਿਚ ਜਾਰੀ ਹੋਏ ਪਹਿਲੇ ਰੋਜ਼ਾਨਾ ਅਖਬਾਰ, 'ਅਕਾਲੀ', ਦੇ ਪਹਿਲੇ ਸੰਪਾਦਕ ਗਿ. ਹੀਰਾ ਸਿੰਘ ਦਰਦ ਹੀ ਸਨ। ਉਹ ਇਸ ਦੀ ਸੰਪਾਦਨਾ ਪਿਛੇ ਤਿੰਨ ਵਾਰੀ ਕੈਦ ਵੀ ਹੋਏ ਸਨ। ਮਗਰੋਂ 'ਕੌਮੀ ਦਰਦ', 'ਦੇਸ਼-ਭਗਤ' ਤੇ 'ਰਣਜੀਤ' ਆਦਿ ਨੂੰ ਵੀ ਸਮੇਂ ਸਮੇਂ ਸੰਪਾਦਦੇ ਰਹੇ ਸਨ। ਉਨ੍ਹਾਂ ਨੇ ਹੀ 1924 ਈ. ਵਿਚ 'ਫੁਲਵਾੜੀ' ਨਾਂ ਦਾ ਮਸ਼ਹੂਰ ਰਿਸਾਲਾ ਵੀ ਜਾਰੀ ਕੀਤਾ ਸੀ ਜਿਸ ਰਾਹੀਂ ਪੰਜਾਬੀ ਬੋਲੀ, ਸਾਹਿਤ ਤੇ ਇਤਿਹਾਸ ਦੀ ਵਰ੍ਹਿਆਂ ਬੱਧੀ ਬੜੀ ਨਿਗਰ ਤੇ ਉਸਾਰੂ ਸੇਵਾ ਹੁੰਦੀ ਰਹੀ ।

ਮਾਸਟਰ ਤਾਰਾ ਸਿੰਘ, ਗਿ. ਗੁਰਮੁਖ ਸਿੰਘ ਮੁਸਾਫਰ, ਸ. ਮੁਬਾਰਕ ਸਿੰਘ ਤੇ ਡਾ. ਰਾਜਿੰਦਰ ਕੌਰ ਵੀ ਰੋਜ਼ਾਨਾ 'ਅਕਾਲੀ' ਤੇ 'ਜਥੇਦਾਰ' ਆਦਿ ਨੂੰ ਚੋਖਾ ਚਿਰ ਸੰਪਾਦਦੇ ਰਹੇ ਹਨ । ਸ. ਜਗਜੀਤ ਸਿੰਘ ਆਨੰਦ ਅਜੇ ਵੀ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕਹਨ ।

ਭਾਈ ਜੋਧ ਸਿੰਘ 'ਖਾਲਸਾ ਐਡਵੋਕੇਟ' ਅਤੇ ਭਾਈ ਸੇਵਾ ਸਿੰਘ 'ਖਾਲਸਾ ਸਮਾਚਾਰ' ਨਾਂ ਦੇ ਉੱਘੇ ਸਪਤਾਹਿਕ ਪੱਤਰਾਂ ਨੂੰ ਚੋਖਾ ਚਿਰ ਐਡਿਟ ਕਰਦੇ ਰਹੇ ਹਨ । ਡਾ. ਗੋਪਾਲ ਸਿੰਘ 'ਮੌਜੀ' ਤੇ ਜਸਟਿਸ ਪ੍ਰੀਤਮ ਸਿੰਘ ਸਫੀਰ 'ਕੁੰਦਨ' ਨੂੰ ਕੁਝ ਚਿਰ ਲਈ ਸੰਪਾਦਦੇ ਰਹੇ ਹਨ। ਅਜਿਹੀ ਸੇਵਾ ਦਿੱਲੀ ਦੇ ਸਪਤਾਹਿਕ 'ਮਾਨ ਸਰੋਵਰ' (ਸੰਪਾਦਕ ਸ. ਮਾਨ ਸਿੰਘ), 'ਕੌਮੀ ਏਕਤਾ' (ਸੰਪਾਦਕ ਸ. ਰਾਜਿੰਦਰ ਸਿੰਘ) ਤੇ 'ਪੰਥ ਪ੍ਰਕਾਸ਼' (ਸੰਪਾਦਕ ਬਖਸ਼ੀ ਇੰਦਰਜੀਤ ਸਿੰਘ) ਆਦਿ ਰਾਹੀਂ ਅਜੇ ਤਕ ਜਾਰੀ ਹੈ ।

ਜਿਥੋਂ ਤਕ ਮਾਸਕ ਪੱਤਰਾਂ ਦਾ ਸੰਬੰਧ ਹੈ, ਮਾਸਟਰ ਤਾਰਾ ਸਿੰਘ ਦਾ 'ਸੰਤ ਸਿਪਾਹੀ', ਪ੍ਰੋ. ਮੋਹਨ ਸਿੰਘ ਦਾ 'ਪੰਜ ਦਰਿਆ', ਪ੍ਰਿੰ. ਨਰਿੰਜਨ ਸਿੰਘ ਦਾ 'ਨਵੀਆਂ ਕੀਮਤਾਂ', ਅਤੇ ਕੁਲਦੀਪ ਸਿੰਘ ਸੇਠੀ ਦਾ 'ਕਹਾਣੀ' ਆਦਿ ਆਪੋ-ਆਪਣੇ ਸਮੇਂ ਦੇ ਬੜੇ ਸਫਲ ਤੇ ਪ੍ਰਸਿੱਧ ਰਿਸਾਲੇ ਸਨ। ਪੰਜਾਬੀ ਦੇ ਦਰਜਨਾਂ ਲੇਖਕਾਂ ਤੇ ਵਿਦਵਾਨਾਂ ਨੂੰ ਆਪਣੀ ਪ੍ਰਤਿਭਾ ਪ੍ਰਗਟਾਉਣ ਅਤੇ ਆਪਣੇ ਵਿਚਾਰ ਹੋਰਨਾਂ ਨਾਲ ਸਾਂਝੇ ਕਰਨ ਦਾ ਅਵਸਰ ਪਹਿਲਾਂ ਪਹਿਲ ਇਨ੍ਹਾਂ ਦੇ ਪੰਨਿਆਂ ਰਾਹੀਂ ਹੀ ਮਿਲਿਆ ਹੈ ।

ਸੰਤਾਲੀ ਦੇ ਘਲੂਘਾਰੇ ਪਿਛੋਂ ਦਿੱਲੀਓਂ ਛਪਦੇ ਰਹੇ 'ਪੱਠੋਹਾਰ ਪੱਤਰ' ਤੇ 'ਪੱਠੋਹਾਰ

---

1. ਮੋਇਆਂ ਦੀ ਜਾਗ, ਟਾਲਸਟਾਏ ਦੇ Resurrection ਦਾ, ਅਤੇ ਕਲਾਧਾਰੀ ਤੇ ਕਲਾਧਾਰੀ ਪੂਜਾ ਕਾਰਲਾਈਲ ਦੇ Hero and Hero Worship ਦਾ ਪੰਜਾਬੀ ਵਿਚ ਅਨੁਵਾਦ; ਇਉਂ ਹੀ Nargas (ਭਾਈ ਵੀਰ ਸਿੰਘ ਦੀਆਂ ਕੁਝ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ) ਇਤਿਆਦਿ ।
2. 'ਸਤਨਾਜਾ' ਤੇ ਕੁਰਬਾਨੀ' ਰਾਹੀਂ ।
3. 'ਸਰਬ ਦੀ ਪ੍ਰਾਪਤੀ ਦੇ ਕਰਨ' ਰਾਹੀਂ ।
4. 'ਏਸ਼ੀਆ ਦਾ ਚਾਨਣ' ਤੇ 'ਧਰਤੀ ਪਾਸਾ ਪਰਤਿਆ' ਰਾਹੀਂ ।
5. 'ਅਮਨ ਤੇ ਜੰਗ' ਆਦਿ ਰਾਹੀਂ ।

Sri Satguru Jagjit Singh Ji Elibrary NamdhariElibrary@gmail.com

ਸਮਾਚਾਰ' ਅਤੇ ਹੁਣ ਤਕ ਛਪ ਰਹੇ 'ਨਵਾਂ ਸਾਹਿਤ' (ਸ. ਪਿਆਰਾ ਸਿੰਘ ਦਾਤਾ ਵਲੋਂ) ਪੋਠੋਹਾਰੀ ਬੋਲਦੇ ਲੋਕਾਂ ਤੇ ਲੇਖਕਾਂ ਦੀ ਹੀ ਦੇਣ ਹਨ। ਅੰਮ੍ਰਿਤਸਰ ਵਿਚ ਹੁਣ ਤਕ ਪ੍ਰਕਾਸ਼ਿਤ ਹੋ ਰਹੇ ਮਾਸਕ ਪੱਤਰ, 'ਬੀਬਾ ਰਾਣਾ' ਤੇ 'ਭਾਰਤੀ ਨਾਰੀ', ਸ. ਧਨਵੰਤ ਸਿੰਘ ਸੀਤਲ ਦੀ ਨਿਰੰਤਰ ਸਾਹਿਤ-ਸੇਵਾ ਦਾ ਹੀ ਸਿੱਟਾ ਹਨ। ਜਿਥੋਂ ਤੱਕ ਪਰਖ-ਪੜਚੋਲ ਤੇ ਖੋਜ-ਭਾਲ ਦੇ ਪੱਤਰਾਂ ਦਾ ਸੰਬੰਧ ਹੈ, ਪੰਜਾਬੀ ਸਾਹਿਤ ਅਕਾਡਮੀ ਦੇ 'ਆਲੋਚਨਾ', ਪੰਜਾਬ ਯੂਨੀਵਰਸਿਟੀ ਦੇ 'ਪਰਖ' ਅਤੇ ਪੰਜਾਬੀ ਯੂਨੀਵਰਸਿਟੀ ਦੇ 'ਨਾਨਕ ਪ੍ਰਕਾਸ਼ ਪੱਤ੍ਰਿਕਾ' ਦੇ ਸੰਪਾਦਨ ਦੀ ਸੇਵਾ ਵੀ ਇਨ੍ਹਾਂ ਦੇ ਹੀ ਜ਼ਿੰਮੇ ਲਗੀ ਹੋਈ ਹੈ।[1]

(14)

ਮਾਤ-ਬੋਲੀ ਪੰਜਾਬੀ ਦੀ ਉੱਨਤੀ ਅਤੇ ਇਸ ਦੇ ਹੱਕਾਂ ਦੀ ਰਾਖੀ ਲਈ ਹੁੰਦੇ ਰਹੇ ਯਤਨਾਂ ਅਤੇ ਬਣਦੀਆਂ ਰਹੀਆਂ ਸਭਾਵਾਂ ਤੇ ਸੰਸਥਾਵਾਂ ਵਿਚ ਵੀ ਇਹ ਵੱਧ ਚੜ੍ਹ ਕੇ ਹਿੱਸਾ ਲੈਂਦੇ ਤੇ ਪਾਉਂਦੇ ਰਹੇ ਹਨ।

ਬਰਤਾਨਵੀ ਰਾਜ ਸਮੇਂ ਜਦੋਂ ਫਾਰਸੀ ਦੀ ਥਾਂ ਅੰਗਰੇਜ਼ੀ ਰਾਜ-ਭਾਸ਼ਾ ਬਣਨੀ ਸ਼ੁਰੂ ਹੋਈ; ਅਤੇ ਪੰਜਾਬੀ ਦੀ ਥਾਂ ਉਰਦੂ ਤੇ ਹਿੰਦੀ ਨੇ ਲੈਣੀ ਆਰੰਭ ਦਿੱਤੀ, ਤਾਂ ਮਾਤ-ਬੋਲੀ ਨੂੰ ਆਪਣਾ ਹੱਕੀ ਮਾਣ ਤੇ ਸਥਾਨ ਦੁਆਣ ਲਈ, ਮਿਸਾਲ ਵਜੋਂ, 'ਸੈਂਟਰਲ ਪੰਜਾਬੀ ਸਭਾ ਦੇ ਨਾਂ ਹੇਠ ਜੋ ਸੇਵਾ ਆਰੰਭ ਹੋਈ, ਉਸ ਵਿਚ ਸਰ ਸ਼ਹਾਬੁਦੀਨ, ਲਾ. ਧਨੀ ਰਾਮ ਚਾਤ੍ਰਿਕ ਤੇ ਮਿ. ਜੋਸੂਆ ਫਜ਼ਲੁਦੀਨ ਆਦਿ ਦੇ ਨਾਲ ਨਾਲ ਪ੍ਰਿੰ. ਤੇਜਾ ਸਿੰਘ ਤੇ ਗਿ. ਹੀਰਾ ਸਿੰਘ ਦਰਦ ਆਦਿ ਵੀ ਭਰਵੇਂ ਤੌਰ ਤੇ ਸ਼ਾਮਲ ਸਨ। ਇਉਂ ਹੀ ਸੰਤਾਲੀ ਦੇ ਵੰਡਾਰੇ ਪਿਛੋਂ, ਮਾਤ-ਬੋਲੀ ਪੰਜਾਬੀ ਨਾਲ ਜਦੋਂ ਮੁੜ ਧੱਕਾ ਤੇ ਵਿਤਕਰਾ ਸ਼ੁਰੂ ਹੋਇਆ ਅਤੇ ਉਸ ਦੇ ਵਿਰੁਧ ਜੋ ਭਰਵੀਂ ਆਵਾਜ਼ ਬੁਲੰਦ ਹੋਈ, ਕਨਵੈਨਸ਼ਨਾਂ ਤੇ ਸਭਾਵਾਂ ਰਾਹੀਂ ਜੋ ਜਥੇਬੰਦਕ ਯਤਨ ਆਰੰਭ ਹੋਏ, ਉਨ੍ਹਾਂ ਲਈ ਵੀ ਜੋ ਲਿਖਤੀ ਤੇ ਪ੍ਰਬੰਧਕੀ ਸੇਵਾ ਉਕਤ ਬਜ਼ੁਰਗਾਂ ਤੋਂ ਛੁੱਟ, ਮਾਸਟਰ ਤਾਰਾ ਸਿੰਘ, ਪ੍ਰਿੰ. ਜੋਧ ਸਿੰਘ, ਚੀਫ-ਜਸਟਿਸ ਤੇਜਾ ਸਿੰਘ, ਗਿ. ਗੁਰਮੁਖ ਸਿੰਘ ਮੁਸਾਫਰ ਤੇ ਸ੍ਰੀ ਬਲਰਾਜ ਸਾਹਨੀ ਆਦਿ ਨੇ ਕੀਤੀ ਹੈ, ਉਹ ਵੀ ਕਿਸੇ ਤੋਂ ਗੁੱਝੀ ਛਿਪੀ ਨਹੀਂ। ਪੰਜਾਬ ਯੂਨੀਵਰਸਿਟੀ, ਲਾਹੌਰ ਤੇ ਚੰਡੀਗੜ੍ਹ ਵਿਚ ਪੰਜਾਬੀ ਨੂੰ ਯੋਗ ਸਥਾਨ ਦੁਆਣ ਵਿਚ, ਪੰਜਾਬੀ ਮਹਿਕਮਾ ਪਟਿਆਲਾ, ਸਾਹਿਤ ਅਕਾਡਮੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਆਦਿ ਨੂੰ ਕਾਇਮ ਕਰਾਉਣ ਤੇ ਉਨ੍ਹਾਂ ਰਾਹੀਂ ਵੀ ਪੰਜਾਬੀ ਦੀ ਨਿਗਰ ਤੇ ਨਿਰੰਤਰ ਸੇਵਾ ਨਿਭਾਉਣ ਲਈ ਵੀ ਜੋ ਉਪਰਾਲੇ ਹੋਏ ਹਨ, ਉਨ੍ਹਾਂ ਵਿਚ ਵੀ ਇਨ੍ਹਾਂ ਦਾ ਯੋਗਦਾਨ ਮੋਢੀ ਉਸਰੱਈਆਂ ਵਰਗੀ ਹੈ।[2]

---

1. ਕ੍ਰਮਵਾਰ ਪ੍ਰੋ. ਮੋਹਨ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਤਾਰਨ ਸਿੰਘ ਦੇ।
2. ਜਿਵੇਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪਹਿਲੇ ਵਾਈਸ-ਚਾਂਸਲਰ ਚੀਫ-ਜਸਟਿਸ ਤੇਜਾ ਸਿੰਘ ਸਨ, ਤਿਵੇਂ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਵਾਈਸ-ਚਾਂਸਲਰ ਪ੍ਰਿੰ. ਜੋਧ ਸਿੰਘ ਸਨ। ਪੰਜਾਬੀ

(ਬਾਕੀ ਵੇਖੋ ਪੰ. 126 ਤੇ)

Sri Satguru Jagjit Singh Ji Elibrary NamdhariElibrary@gmail.com

ਸਾਂਝੇ ਪੰਜਾਬ ਦੇ ਕੇਂਦਰੀ ਸ਼ਹਿਰਾਂ ਵਿਚ ਵਸਦਿਆਂ ਵਿਚਰਦਿਆਂ ਕੀਤੀ ਅਜਿਹੀ ਸੇਵਾ ਤੋਂ ਛੁੱਟ, ਉਸ ਦੇ ਉੱਘੇ ਤਰੇਗੜੇ, ਪੋਠੋਹਾਰ ਦੇ ਨਿੱਕੇ ਨਿੱਕੇ ਪਿੰਡਾਂ ਵਿਚ ਰਹਿੰਦਿਆਂ ਵੀ, ਇਨ੍ਹਾਂ ਨੇ ਪੰਜਾਬੀ ਮਾਂ ਦੀ ਜੋ ਨਿਗਰ ਤੇ ਉਸਾਰੂ ਸੇਵਾ ਕੀਤੀ ਹੈ, ਅਤੇ ਉਸ ਦੇ ਫਲਸਰੂਪ ਜੋ ਦੇਣ-ਦਾਤ ਦਿੱਤੀ ਹੈ, ਉਸ ਦਾ ਅੰਦਾਜ਼ਾ ਉਥੋਂ ਦੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਲਈ ਕੀਤੇ ਉਚੇਚੇ ਪ੍ਰਬੰਧਾਂ ਅਤੇ ਇਸ ਦੇ ਪ੍ਰਚਾਰ ਤੇ ਸਾਹਿਤ-ਸਿਰਜਨਾ ਲਈ ਕਾਇਮ ਕੀਤੀਆਂ ਸਭਾਵਾਂ ਤੇ ਸੰਸਥਾਵਾਂ ਤੋਂ ਵੀ ਲਾਇਆ ਜਾ ਸਕਦਾ ਹੈ। ਮਿਸਾਲ ਵਜੋਂ ਇਸ ਦੇ ਕੁਝ ਵਰਤਮਾਨ ਸੇਵਕਾਂ—ਪ੍ਰੋ. ਮੋਹਨ ਸਿੰਘ, ਸ. ਕਰਤਾਰ ਸਿੰਘ ਦੁੱਗਲ, ਡਾ. ਸੁਰਿੰਦਰ ਸਿੰਘ ਕੋਹਲੀ, ਪ੍ਰੋ. ਸਾਹਿਬ ਸਿੰਘ ਸੇਠੀ, ਡਾ. ਹਰਨਾਮ ਸਿੰਘ ਸ਼ਾਨ ਤੇ ਡਾ. ਸਵਿੰਦਰ ਸਿੰਘ ਉੱਪਲ ਆਦਿ ਦੇ ਪੰਜਾਬੀ ਪਿਆਰ, ਸਾਹਿਤ-ਸਿਰਜਨਾ ਦੇ ਮੁੱਢਲੇ ਅਭਿਆਸ ਅਤੇ ਮਗਰਲੀ ਪ੍ਰਫੁੱਲਤਾ ਇਸ ਦੇ ਕੇਵਲ ਇਕੋ ਪਿੰਡ, ਧਮਿਆਲ (ਜ਼ਿਲ੍ਹਾ ਰਾਵਲਪਿੰਡੀ), ਦੇ ਅਜਿਹੇ ਹਿਤ, ਸੇਵਾ ਤੇ ਸਰਗਰਮੀ[1] ਦੀ ਹੀ ਦੇਣ ਹੈ।

(15)

ਪੋਠੋਹਾਰੀ ਦੀ ਦੇਣ ਸੰਬੰਧੀ ਇਸ ਅਧਿਐਨ ਤੇ ਸਰਵੇਖਣ ਨੂੰ ਕਾਨੀਬੰਦ ਕਰਦਿਆਂ ਉਘੇ ਨੇਤਾ ਤੇ ਵਿਦਵਾਨ ਲੇਖਕ, ਜਥੇਦਾਰ ਪਰਤਾਪ ਸਿੰਘ ਗਿਆਨੀ ਜੀ (ਲ.ਪ. 1900 ਈ.) ਦੀ ਕਿਰਤ ਤੇ ਦੇਣ ਦੀ ਥਾਂ ਸਿਰ ਜ਼ਿਕਰ ਅਚੇਤ ਹੀ ਖੁੰਝ ਗਿਆ ਹੈ ਜਿਸ ਲਈ ਦਿਲੋਂ ਸ਼ਰਮਿੰਦਾ ਹਾਂ।

ਗਿਆਨੀ ਜੀ ਨੇ ਪੰਜਾਬੀ ਦੀ ਧਾਰਮਿਕ ਤੇ ਇਤਿਹਾਸਕ ਗੱਦ ਨੂੰ ਪ੍ਰਫੁੱਲਤ ਕਰਨ ਅਤੇ ਵਰਤਮਾਨ ਪਾਠਕ ਦੀ ਲੋੜ ਪੂਰਣ ਲਈ ਅਗੇ-ਲਿਖੀਆਂ ਨਿਗਰ ਤੇ ਲਾਭਦਾਇਕ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ : 'ਗੁਰਮਤਿ ਲੈਕਚਰ', 'ਸਿੱਖ ਇਤਿਹਾਸਕ ਲੈਕਚਰ', 'ਭਗਤ ਦਰਸ਼ਨ', 'ਗੁਰਮਤਿ ਫਿਲਾਸਫੀ', 'ਕੁਦਰਤ ਦੇ ਚਮਤਕਾਰ', 'ਸੰਸਾਰ ਦਾ ਧਾਰਮਿਕ ਇਤਿਹਾਸ', 'ਅਕਾਲੀ ਲਹਿਰ ਦਾ ਇਤਿਹਾਸ', 'ਪਾਕਿਸਤਾਨੀ ਘਲੂਘਾਰਾ', 'ਜੀਵਨ ਸੰਤ ਬੀਰ ਸਿੰਘ ਜੀ', ਇਤਿਆਦਿ। ਪੰਜਾਬੀ ਤੇ ਇਸ ਦੇ ਸਿੱਖ ਸਾਹਿਤ ਦੇ ਖੇਤਰ ਵਿਚ ਇਹ ਸਭ ਪੁਸਤਕਾਂ ਆਪਣੀ ਮਿਸਾਲ ਆਪ ਹਨ ਅਤੇ ਆਪਣੇ ਲੇਖਕ ਦੇ ਵਿਸ਼ਾਲ ਮੁੱਢਲੇ ਵਾਕਫ਼ੀ, ਅਟੁੱਟ ਮਿਹਨਤ ਤੇ ਲਿਆਕਤ ਦੀ ਸਾਖ ਭਰਦੀਆਂ ਹਨ। ਇਨ੍ਹਾਂ ਵਿਚ ਸੰਚਿਤ ਸਮੱਗਰੀ ਨੂੰ ਬੜੀ ਸਰਲ, ਸੁਚੱਜੇ ਤੇ ਖੋਜ-ਪੂਰਤ ਢੰਗ; ਅਤੇ ਦਾਰਸ਼ਨਿਕ ਤੇ ਵਿਗਿਆਨਕ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ। ਇਸੇ ਲਈ ਇਹ ਕਾਫ਼ੀ ਮਸ਼ਹੂਰ ਤੇ ਮਕਬੂਲ ਵੀ ਹੁੰਦੀਆਂ ਹਨ। ਇਨ੍ਹਾਂ ਵਿਚੋਂ ਕੇਵਲ ਪਹਿਲੀ, ਭਾਵ 'ਗੁਰਮਤਿ ਲੈਕਚਰ', ਜੋ ਦਸ ਗੁਰੂ

---

(ਪੰਨਾ 125 ਦਾ ਬਾਕੀ)

ਸੂਬਾ ਲਹਿਰ ਦੇ ਸੰਚਾਲਕ ਮਾਸਟਰ ਤਾਰਾ ਸਿੰਘ, ਪੰਜਾਬੀ ਮਹਿਕਮਾ, ਪੈਪਸੂ, ਦੇ ਮੋਢੀ-ਡਾਇਰੈਕਟਰ ਪ੍ਰਿੰ. ਤੇਜਾ ਸਿੰਘ, ਪੰਜਾਬੀ-ਬੋਲਦੇ ਲੋਕਾਂ ਦੀ ਸਭਾ ਦੇ ਪ੍ਰਧਾਨ ਪ੍ਰਿੰ. ਜੋਧ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਗਿ. ਗੁਰਮੁਖ ਸਿੰਘ ਮੁਸਾਫ਼ਰ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਮੋਢੀ-ਪ੍ਰਧਾਨ ਪ੍ਰਿੰ. ਭਾਈ ਜੋਧ ਸਿੰਘ ਸਨ।

1. ਜਿਵੇਂ ਖਾਲਸਾ ਮਿਡਲ ਸਕੂਲ, ਕਵੀ ਗੁਲਜ਼ਾਰ ਤੇ ਸਿੱਖ ਸਟੱਡੀ ਸਰਕਲ, ਇਤਿਆਦ।

Sri Satguru Jagjit Singh Ji Elibrary NamdhariElibrary@gmail.com

ਸਾਹਿਬਾਂ ਦੇ ਜੀਵਨ ਤੇ ਫਿਲਾਸਫੀ ਸੰਬੰਧੀ ਇਕ ਵੱਡਮੁਲੀ ਰਚਨਾ ਹੈ, 1967 ਈ. ਤਕ ਸਤ ਵਾਰੀ ਛਪ ਚੁੱਕੀ ਹੈ।

ਗਿਆਨੀ ਜੀ ਨੇ, ਇਨ੍ਹਾਂ ਤੋਂ ਛੁਟ ਆਪਣੇ ਮਾਸਕ, 'ਗਿਆਨ ਅੰਮ੍ਰਿਤ', ਰਾਹੀਂ ਵੀ ਧਰਮ ਸਾਹਿਤ ਇਤਿਹਾਸ ਤੇ ਪੱਤਰਕਾਰੀ ਦੀ ਚੋਖੀ ਤੇ ਵੱਡਮੁਲੀ ਸੇਵਾ ਕੀਤੀ ਹੈ ਜੋ ਅਜੇ ਤਕ ਜਾਰੀ ਹੈ।

2. ਉਨ੍ਹਾਂ ਦੇ ਸੁਹਿਰਦ ਸਮਕਾਲੀ, ਸ. ਅਨੰਤ ਸਿੰਘ ਕਾਬਲੀ, (ਜ. 1912 ਈ.), ਨੇ ਵੀ ਕਵਿਤਾ ਤੇ ਵਾਰਤਕ, ਦੋਹਾਂ ਵਿਚ ਚੋਖਾ ਲਿਖਿਆ ਹੈ। ਉਨ੍ਹਾਂ ਦੀ ਬਹੁਤ ਸਾਰੀ ਕਿਰਤ ਅਜੇ ਤਕ ਰਿਸਾਲਿਆਂ-ਅਖ਼ਬਾਰਾਂ ਵਿਚ ਲਗਾਤਾਰ ਛਪ ਰਹੀ ਹੈ; ਪਰ ਉਸ ਵਿਚੋਂ ਕੇਵਲ ਵੰਨਗੀ-ਮਾਤਰ ਹੀ ਅਗੇ-ਲਿਖੀਆਂ ਦੋ ਪੁਸਤਕਾਂ ਰਾਹੀਂ ਕਿਤਾਬੀ ਸ਼ਕਲ ਵਿਚ ਪ੍ਰਕਾਸ਼ਿਤ ਹੋ ਸਕੀ ਹੈ : 'ਹਸੰਦਿਆਂ-ਖੇਲੰਦਿਆਂ' (ਕਾਵਿ-ਸੰਗ੍ਰਹਿ) ਤੇ 'ਹਸਣਾ ਖੇਡਣਾ ਮਨ ਦੀ ਮੌਜ' (ਲੇਖ-ਸੰਗ੍ਰਹਿ)।

ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਦੀ ਦੇਣ ਖ਼ਾਸ ਤੌਰ ਤੇ ਵਰਨਣਯੋਗ ਹੈ। ਲਾਹੌਰ ਦੇ ਸੁਪ੍ਰਸਿੱਧ ਸਪਤਾਹਿਕ, 'ਮੌਜੀ', ਦੇ ਸੰਚਾਲਕ-ਸੰਪਾਦਕ, ਸ. ਚਰਨ ਸਿੰਘ ਸ਼ਹੀਦ, ਦੇ ਅਕਾਲ-ਚਲਾਣੇ ਪਿਛੋਂ, ਆਪ ਨੇ ਹੀ ਇਸ ਨੂੰ ਲਗਪਗ ਉਸ ਰੰਗ ਵਿਚ ਚਾਰ ਵਰ੍ਹੇ (1939-42 ਈ.) ਸੰਪਾਦਿਆ ਤੇ 'ਬਾਬਾ ਵਰਿਆਮਾ' ਵਾਲੀ ਲੇਖ-ਲੜੀ ਨੂੰ ਵੀ ਜਾਰੀ ਰਖਿਆ। ਦਸ-ਬਾਰ੍ਹਾਂ ਸਾਲ 'ਕੰਵਲ', ਅੰਮ੍ਰਿਤਸਰ ਦੇ ਸਹਾਇਕ ਸੰਪਾਦਕ ਵੀ ਲਗੇ ਰਹੇ।

ਕਾਬਲੀ ਜੀ ਦੇ ਨਿੱਕੇ-ਨਿੱਕੇ ਤੇ ਹਲਕੇ-ਫੁਲਕੇ ਲੇਖ ਪੰਜਾਬੀ ਸਾਹਿਤ ਨੂੰ ਆਪਣੀ ਕਿਸਮ ਦੀ ਇਕ ਸਵਾਦਲੀ ਤੇ ਨਿਵੇਕਲੀ ਦੇਣ ਹਨ।

Sri Satguru Jagjit Singh Ji Elibrary NamdhariElibrary@gmail.com

## ਕੁਝ ਵਿਚਾਰ[1]

### ਡਾ. ਮੋਹਨ ਸਿੰਘ ਦਿਵਾਨਾ

ਖੱਬੇ ਪਾਸੇ ਵਾਈਸ-ਚਾਂਸਲਰ ਸਾਹਿਬ ਬੈਠੇ ਹੁੰਦੇ ਹਨ। ਮੈਨੂੰ ਤਾਂ ਬਹੁਤ ਹੀ ਨਿਰਾਸਤਾ ਹੁੰਦੀ ਹੈ। ਮੈਂ ਖਿਆਲ ਇਹ ਕਰਕੇ ਆਇਆ ਸਾਂ ਕਿ ਜ਼ਬਾਨ ਅਤੇ ਭਾਸ਼ਾ ਤੇ ਸੈਮੀਨਾਰ ਹੋ ਰਿਹਾ ਹੈ ਤੇ ਪਹਿਲੀ ਗੱਲ ਸੈਮੀਨਾਰ ਤੇ ਇਹ ਹੈ ਕਿ ਟਾਇਮ ਦਿਓ, ਇਨੇ ਲੋਕੀਂ ਆਏ ਨੇ ਇਨ੍ਹਾਂ ਨੂੰ ਸਵਾਲ ਕਰਨ ਦਿਓ। ਸੈਮੀਨਾਰ ਮਜ਼ਾਕ ਹੋ ਗਿਆ ਹੈ। ਮੈਂ 10-12 ਸੈਮੀਨਾਰ ਯੂਰਪ ਅਤੇ ਅਮਰੀਕਾ ਵਿਚ ਅਟੈਂਡ ਕੀਤੇ ਨੇ ਸ਼ਾਇਦ ਜ਼ਿਆਦਾ ਹੀ ਹੋਣਗੇ। ਪਹਿਲੀ ਗੱਲ ਉਥੇ ਮੈਂ ਦੇਖੀ ਹੈ ਕਿ 'Social gathering' (ਸਮਾਜਕ ਇਕੱਤ੍ਰਤਾ) ਹੋ ਗਈ ਹੈ, ਆਏ ਨੇ, ਚਾਹ ਪੀਤੀ ਹੈ, ਰੋਟੀ ਖਾਧੀ ਹੈ, ਹੱਥ ਮਿਲਾਏ ਨੇ ਔਰ ਚਲੇ ਗਏ ਨੇ। ਦੂਸਰੀ ਗੱਲ ਇਹ ਹੈ ਕਿ ਸੈਮੀਨਾਰ ਤਾਂ ਹੈ ਹੀ ਨਹੀਂ। ਸਾਡਾ ਮਤਲਬ ਤਾਂ ਭਾਸ਼ਾ ਦਾ ਹੈ। ਮੇਰਾ ਖਿਆਲ ਸੀ ਕਿ ਡਾ. ਹਰਦੇਵ ਬਾਹਰੀ ਕਮ-ਅਜ਼-ਕਮ ਇਹ ਤਾਂ ਦੱਸਣਗੇ ਕਿ ਲਹਿੰਦੀ ਸ਼ਬਦ ਕਦੋਂ ਸ਼ੁਰੂ ਹੋਇਆ ? ਅਸੀਂ ਅੱਜ ਦੇ ਮਸਲੇ ਤੇ ਡਾ. ਦ੍ਵੇਦੀ ਨਾਲ ਅਤੇ ਬਾਹਰਲਿਆਂ ਨਾਲ ਸਹਿਮਤ ਨਹੀਂ ਜੋ ਕਹਿੰਦੇ ਹਨ ਕਿ ਲਹਿੰਦੀ ਨੂੰ ਲਹਿੰਦਾ ਕਰੋ। ਉਹਨਾਂ ਨੂੰ ਕੀ ਪਤਾ ਕਿ ਜ਼ਬਾਨ ਸਾਡੀ ਹੈ, ਤੇ ਉਹ ਸਾਨੂੰ ਆਣ ਕੇ ਜ਼ਬਾਨ ਪੜ੍ਹਾਂਦੇ ਨੇ। ਅਸੀਂ ਕਿਹਾ ਜ਼ਬਾਨ ਤਾਂ 'Faminine' (ਇਸਤ੍ਰੀ ਲਿੰਗ) ਹੈ। ਲਹਿੰਦਾ ਤਾਂ ਜ਼ਬਾਨ ਨਹੀਂ ਹੋ ਸਕਦੀ। ਲਹਿੰਦਾ ਪਾਸਾ ਹੈ ਜਾਂ ਲਹਿੰਦੇ ਪਾਸੇ ਦੀ ਬੋਲੀ ਤਾਂ ਠੀਕ ਹੈ। ਅਗਰ ਲਹਿੰਦੇ ਪਾਸੇ ਦੀ ਬੋਲੀ ਹੈ ਤਾਂ ਉਹ ਲਹਿੰਦੀ ਹੀ ਕਹਿਲਾਏਗੀ।

ਮੈਂ ਪਹਿਲਾਂ ਇਹ ਦਸਿਆ ਸੀ ਕਿ ਸਭ ਤੋਂ ਪਹਿਲਾਂ ਲਹਿੰਦੀ ਦਾ ਸ਼ਬਦ ਮੌਲਾ ਸ਼ਾਹ ਮਜੀਠੀਏ ਨੇ ਪੰਜਾਬ ਵਿਚ ਵਰਤਿਆ ਸੀ। ਕਿਸੇ ਨੇ ਉਸ ਤੋਂ ਪਹਿਲਾਂ ਵਰਤਿਆ ਹੀ ਨਹੀਂ। ਮੈਂ ਵਰਤਿਆ ਸੀ ਮੇਰਾ 'examiner' ਇਕ ਅੰਗਰੇਜ਼ ਪਾਦਰੀ ਸੀ।

ਪੋਠੋਹਾਰੀ ਬਾਰੇ ਮੋਹਨ ਸਿੰਘ ਨੇ ਕੁਝ ਕਿਹਾ ਹੈ। ਪਰ ਉਹ ਧਮਿਆਲ ਦਾ ਹੈ। ਮੇਰਾ ਖਿਆਲ ਹੈ ਕਿ ਧਮਿਆਲ ਪੋਠੋਹਾਰ ਵਿਚ ਆਉਂਦੀ ਹੀ ਨਹੀਂ। ਉਸ ਦਾ ਹੱਕ ਹੀ

---

1. ਪ੍ਰਕਾਸ਼ਿਤ ਪ੍ਰੋਗਰਾਮ ਅਨੁਸਾਰ ਤਾਂ ਅਸੀਂ ਅੱਜ ਦੇ ਪ੍ਰਧਾਨਗੀ ਵਿਚਾਰ ਇਸ ਸੈਸ਼ਨ ਦੇ ਅੰਤ ਵਿਚ ਸੁਣਣੇ ਸਨ। ਪਰ ਕਿਉਂਕਿ ਡਾ. ਮੋਹਨ ਸਿੰਘ ਦਿਵਾਨਾ ਜੀ ਨੇ ਆਪਣੇ ਪਹਿਲਾਂ ਨਿਉਂਤੇ ਪ੍ਰੋਗਰਾਮ ਅਨੁਸਾਰ ਕਿਤੇ ਜਾਣਾ ਹੈ ਇਸ ਲਈ ਅਸੀਂ ਡਾ. ਦਿਵਾਨਾ ਜੀ ਨੂੰ ਬੇਨਤੀ ਕਰਦੇ ਹਾਂ ਕਿ ਉਹ ਅੱਜ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰਨ। ਇਸ ਤੋਂ ਬਾਅਦ ਪ੍ਰੋ. ਮੋਹਨ ਸਿੰਘ ਜੋ ਇਸ ਸੈਸ਼ਨ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲਣਗੇ। (ਸਟੇਜ ਸਕੱਤਰ—ਸੰਪਾਦਕ)

Sri Satguru Jagjit Singh Ji Elibrary NamdhariElibrary@gmail.com

ਕੀ ਹੈ ਆਪਣੇ ਆਪ ਨੂੰ ਪੋਠੋਹਾਰੀ ਕਹਿਣ ਦਾ । ਮੈਂ ਇਹ ਤਾਂ ਕਮ-ਅਜ਼-ਕਮ ਉਮੀਦ ਰੱਖ ਸਕਦਾਂ ਵਿਦਵਾਨਾਂ ਕੋਲੋਂ ਕਿ ਇਹ ਦਸੋ ਕਿ ਪੋਠੋਹਾਰ ਲਫ਼ਜ਼ ਕਦੋਂ ਪਹਿਲਾਂ ਇਸਤੇਮਾਲ ਹੋਇਆ, ਸਾਡੇ ਪੱਲੇ ਕੋਈ ਗੱਲ ਤਾਂ ਪਾਓ । ਪੋਠੋਹਾਰ ਦਾ ਲਫ਼ਜ਼ ਸਭ ਤੋਂ ਪਹਿਲਾਂ ਜਹਾਂਗੀਰ ਨੇ ਇਸਤੇਮਾਲ ਕੀਤਾ । 'ਤੁਜ਼ਕੇ ਜਹਾਂਗੀਰੀ' ਵਿਚ ਉਹ ਲਿਖਦਾ ਹੈ ਕਿ ਪੋਠੋਹਾਰ ਦਾ ਉਹ ਫਲਾਣਾ ਇਲਾਕਾ ਹੈ ਉਥੇ ਦੱਖਣ ਰਹਿੰਦੇ ਨੇ, ਉਹ ਬੜੇ ਖਤਰਨਾਕ ਆਦਮੀ ਨੇ, ਕਿਉਂਕਿ ਦੱਖਣਾਂ ਕੋਲੋਂ ਮਹਿਮੂਦ ਗ਼ਜ਼ਨਵੀ ਨੇ ਵੀ ਕਾਫੀ ਮਾਰ ਖਾਧੀ । ਹੋ ਸਕਦਾ ਹੈ ਕਿ ਉਸ ਤੋਂ ਪਹਿਲਾਂ ਵੀ ।

ਫਿਰ ਮੇਰਾ ਇਹ ਵੀ ਖਿਆਲ ਸੀ ਕਿ ਕਿਸੇ ਵੱਲੋਂ ਤਾਂ 'proper perspective' ਵਿਚ ਪੰਜਾਬੀ ਨੂੰ ਵੇਖਿਆ ਜਾਵੇਗਾ । ਇਹ ਸਭ ਗੱਲਾਂ ਗਿਆਨੀ ਦੇ ਵਿਦਿਆਰਥੀ ਵਾਸਤੇ ਲੈਕਚਰ ਦੇ ਦਿੱਤੇ ਗਏ ਨੇ । ਤੁਹਾਡੇ ਸਾਹਮਣੇ ਸਵਾਲ ਇਹ ਹੈ ਕਿ ਪੰਜਾਬੀ ਪੋਠੋਹਾਰੀ ਕੀ ਹੈ ਤੇ ਲਹਿੰਦੀ ਕੀ ਹੈ ? ਸਾਨੂੰ ਫ਼ਰਕ ਤਾਂ ਦੱਸੋ । ਪੋਠੋਹਾਰੀ 4, 5 ਤਰ੍ਹਾਂ ਦੀ ਹੈ । ਪਤਾ ਨਹੀਂ ਤੁਹਾਡੇ ਵਿਚੋਂ ਕਿੰਨਿਆਂ ਨੂੰ ਪਤਾ ਹੈ । 'Latest theory' ਇਹ ਹੈ ਕਿ ਜੋ ਵੀ ਚੀਜ਼ ਦੁਨੀਆਂ ਦੀ ਹੈ, ਉਹ 'horizontally' ਵੀ, 'present' ਹੈ ਤੇ 'vertically' ਵੀ । ਮੈਨੂੰ ਯਾਦ ਹੈ ਕਿ ਮੈਂ ਛੋਟਾ ਜਿਹਾ ਬੱਚਾ ਸਾਂ 'Language Conscious' ਉਥੇ ਮੇਰੇ ਪਿਤਾ ਸਕੂਲ ਦੇ ਹੈੱਡ ਮਾਸਟਰ ਸਨ । ਦਰਜਾ ਅੱਵਲ ਦੇ ਮੁਲਾਜ਼ਮ ਸਨ । ਮੈਂ ਇਕੋ ਪਿੜ ਵਿਚ ਸਕੂਲ ਦੀ ਗੱਲ ਕਰ ਰਿਹਾ ਹਾਂ । ਇਕ ਮੁੰਡਾ ਅਸਿਸਟੈਂਟ ਸੀ । ਮੁਨਸ਼ੀ ਨੇ ਪੁਛਣਾ, ਉਹ ਕੁਧਰ ਗਜਸੇਂ । ਦੂਜਾ ਆਉਂਦਾ, ਕੁਧਰ ਜੁਲਸੇਂ, ਤੀਜਾ ਆਉਂਦਾ, ਕੁਥੈ ਵੈਸੇਂ । ਇਕ ਆਉਂਦਾ ਜੁਲੋ ਵੀ ਨਾ, ਵੰਜੋ ਵੀ ਨਾ, ਤੁਰੋ ਵੀ ਨਾ । ਪੰਜਾਬ ਹਮੇਸ਼ਾਂ ਹੀ ਰਲ-ਗੱਡ ਰਿਹਾ ਹੈ । ਜਿਹੜਾ ਕੋਈ ਆਇਆ ਇਥੇ ਆ ਕੇ ਰਹਿ ਪਿਆ, ਵਾਪਸ ਨਹੀਂ ਗਿਆ । ਇਸ ਕਰਕੇ ਉਹਨਾਂ ਦੀਆਂ ਬੋਲੀਆਂ, ਲਫ਼ਜ਼, ਉਨ੍ਹਾਂ ਦਾ 'accent' ਉਨ੍ਹਾਂ ਦਾ 'stress', ਉਹਨਾਂ ਦਾ ਜਿਹੜਾ 'natural clusion' ਹੈ, ਉਹ ਸਾਰਾ ਵਖੋ ਵੱਖਰਾ ਹੈ । ਇਸ ਵੇਲੇ ਸਾਨੂੰ ਜਿਹੜਾ ਮੌਕਾ ਮਿਲਿਆ ਆਪਣੇ ਪੈਰਾਂ ਤੇ ਖੜ੍ਹਾ ਹੋਣ ਦਾ ਸਾਡਾ ਪਹਿਲਾ ਕੰਮ ਇਹ ਹੈ ਕਿ ਸ਼ਬਦਾਵਲੀ ਇਕੱਠੀ ਕਰੋ । ਬਜਾਏ ਇਹਦੇ ਕਿ ਪਟਿਆਲ ਨੂੰ ਨਕਸ਼ੇ ਤੇ ਵਧਾਓ ਜਾਂ ਮੁਲਤਾਨ ਨੂੰ ਵਧਾਓ । ਇਸ ਵੇਲੇ ਵੀ. ਸੀ. ਸਾਹਿਬ ਦੀ ਸੇਵਾ ਵਿਚ 5-7 ਮਿੰਟ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਸ਼ਬਦਾਵਲੀ ਇਕੱਠੀ ਕਰੋ । ਜਿਤਨੀ ਵੀ ਸ਼ਬਦਾਵਲੀ ਹੋਵੇ, ਚਾਹੇ ਉਹ ਮੁਲਤਾਨੀ ਦੀ ਹੈ; ਚਾਹੇ ਉਹ ਕਿਸੇ ਤਰ੍ਹਾਂ ਦੀ ਹੈ, ਉਹ ਇਕੱਠੀ ਕਰੋ । 'variations' ਨੂੰ ਛਡੋ, 'variations' ਤਾਂ ਰਹਿਣਗੀਆਂ ।

ਮੈਂ ਤਾਂ ਕਹਿੰਨਾ ਕਿ, ਬਈ ਅਜੇ ਤਕ ਤਾਂ ਬਾਹਰਲੀ ਨੂੰ ਹੀ ਪਤਾ ਨਹੀਂ ਹੈ ਕਿ ਮੁਲਤਾਨੀ ਕੀ ਚੀਜ਼ ਹੈ ਅਤੇ ਡੇਰਾ ਜਾਤੀ ਕੀ ਚੀਜ਼ ਹੈ । ਉਨ੍ਹਾਂ ਨੇ ਇਕ ਲਹਿੰਦੀ ਕਹਿ ਦਿੱਤੀ । ਪੰਜ ਜ਼ਬਾਨ ਲਹਿੰਦੀ ਦੀਆਂ ਨੇ । ਮੈਂ ਉਥੇ ਰਿਹਾ ਹਾਂ ਮੈਨੂੰ ਪਤਾ ਹੈ ਡੇਰਾ ਜਾਤੀ ਹੋਰ ਹੈ, ਮੁਲਤਾਨੀ ਹੋਰ ਹੈ ਤੇ ਬਹਾਵਲਪੁਰੀ ਹੋਰ ਹੈ । ਜਿਹੜੀ ਲਹਿੰਦੀ ਉਹ ਕਹਿੰਦੇ ਨੇ, ਕਿਤਾਬੀ ਲਹਿੰਦੀ, ਉਹ ਬਿਲਕੁਲ ਵੱਖਰੀ ਹੈ । ਸਾਡੇ ਉਥੇ ਰਾਵਲਪਿੰਡੀ ਜ਼ਿਲ੍ਹੇ ਵਿਚ ਐਸੇ ਜੱਟ ਮੌਜੂਦ ਹਨ ਜਿਹੜੇ ਉਸ ਤਰ੍ਹਾਂ ਦੀ ਲਹਿੰਦੀ ਬੋਲਦੇ ਸਨ । ਕਿਉਂਕਿ ਸਵਾਲ 'ethic' ਹੈ ਸਿਰਫ਼ 'geographical' ਨਹੀਂ । 'geographical' ਤੇ 'ethic'

Sri Satguru Jagjit Singh Ji Elibrary NamdhariElibrary@gmail.com

ਹੁੰਦਿਆਂ ਹੋਇਆਂ ਵੀ, ਫਿਰ ਸਵਾਲ 'profession' ਦਾ ਹੈ। ਤੁਸੀਂ ਮੈਨੂੰ ਜਿਤਨੀਆਂ ਮਰਜ਼ੀ ਡਿਕਸ਼ਨਰੀਆਂ ਬਣਾ ਕੇ ਦਿਓ, ਕਿਸੇ ਜ਼ਬਾਨ ਦੀ, ਲਹਿੰਦੀ ਦੀ, ਫਲਾਣੀ ਦੀ, ਜਿੰਨੀਆਂ ਵੀ ਹੈਗੀਆਂ ਨੇ, ਮੈਂ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਨਾਨਕ ਦੇਵ ਜੀ ਤੋਂ ਸਾਰੇ ਲਫਜ਼ ਕੱਢ ਦਿੰਦਾ ਹਾਂ। 'He was always a language conscious man' (ਉਹ ਭਾਸ਼ਾ ਚੇਤੰਨ ਵਿਅਕਤੀ ਸੀ)। ਸਾਰੀਆਂ ਥਾਵਾਂ ਤੇ ਉਹ ਗਿਆ। ਉਹ 'watch' ਕਰਦਾ ਸੀ। ਉਹ ਕਹਿੰਦਾ ਸੀ ਕਿ ਮੈਂ ਜ਼ਬਾਨ ਵਿਚ ਲਿਖਾਂਗਾ ਜੋ ਸਾਰੇ ਸਮਝਦੇ ਨੇ। ਮੁਲਤਾਨੀ ਚਾਹੇ ਛੱਡ ਦਿਉ, ਮਰਾਠੀ ਦਾ ਲਫਜ਼ ਆ ਗਿਆ, ਬ੍ਰਜ ਦੇ ਆ ਗਏ, ਪੂਰਬੀ ਦੇ ਲਫਜ਼ ਆ ਗਏ, ਸਾਰੇ ਉਸੇ ਨੇ ਵਰਤੇ ਨੇ। ਇਹ 'freedom' ਹੁੰਦੀ ਹੈ 'authors' ਦੀ ਕਿ ਜਿਸ ਤਰ੍ਹਾਂ ਮਰਜ਼ੀ ਉਹ ਵਰਤੇ ਭਾਵੇਂ ਇਕੋ ਲਫਜ਼ ਦਸ ਵਾਰੀ ਵਰਤੇ। ਬਾਹਰੀ ਇਹ ਭੁੱਲ ਗਿਆ ਕਿ ਗੁਰੂ ਨਾਨਕ ਆਪ ਥੋੜ੍ਹਾ ਬੋਲ ਰਿਹਾ ਸੀ। ਜਦੋਂ ਜ਼ਨਾਨੀ ਆਉਂਦੀ ਹੈ, ਉਹ ਹੋਰ ਤਰ੍ਹਾਂ ਬੋਲੇਗੀ, ਮੇਰੇ ਵਰਗਾ ਕਾਹਲਾ ਆਉਂਦਾ ਹੈ ਤਾਂ ਉਹ ਹੋਰ ਤਰ੍ਹਾਂ ਬੋਲੇਗਾ ਅਤੇ ਤੀਸਰਾ ਜਿਹੜਾ ਅਨੰਦ, ਨਾਲ ਬੋਲਣ ਵਾਲਾ ਹੈ, ਉਹ ਹੋਰ ਤਰ੍ਹਾਂ ਬੋਲੇਗਾ। ਉਹ ਫੋਟੋ ਖਿਚ ਰਿਹਾ ਸੀ ਸਾਡਾ ਤੇ ਤੁਹਾਡਾ। ਉਹ ਤੁਹਾਨੂੰ ਜ਼ਬਾਨ ਤੇ ਵਿਖਿਆਨ ਥੋੜ੍ਹਾ ਦੇ ਰਿਹਾ ਸੀ।

ਇਸ ਕਰਕੇ ਪਹਿਲੀ ਗੱਲ ਤੇ ਇਹ ਹੈ ਕਿ ਸ਼ਬਦਾਵਲੀ ਬਣਵਾਓ। ਦੂਸਰੀ ਗੱਲ ਇਹ ਹੈ ਕਿ ਸ਼ਬਦਾਵਲੀ ਦੇ ਨਾਲ ਨਾਲ ਬਾਹਰੀ ਨੇ ਬੜਾ ਔਖਾ ਨੁਕਤਾ ਉਠਾਇਆ ਸੀ ਕਿ ਹਰ ਇਕ ਇਲਾਕੇ ਦਾ ਆਪਣਾ ਮਿਊਜ਼ਕ ਹੁੰਦਾ ਹੈ, ਜਿਹਨੂੰ ਮੈਂ 'rythm' ਕਹਿੰਦਾ ਹਾਂ। ਆਪੋ ਆਪਣੇ ਕੁਝ 'metre' ਹੁੰਦੇ ਹਨ। ਸਾਡੇ ਰਿਗ ਵੇਦ ਵਿਚ ਵੀ ਨੇ, ਉਹਨਾਂ 'metres' ਨੂੰ ਵੀ ਨਾਲ ਨਾਲ 'preserve' ਕਰੋ। ਉਹ ਤਾਂ ਮੈਂ ਹੋ ਸਕਦੇ ਹਨ ਕਿ ਜਿਹੜੇ 'folk songs' ਨੇ, ਉਹ ਉਸੇ ਤਰ੍ਹਾਂ ਰਿਕਾਰਡ ਕੀਤੇ ਜਾਣ ਜਿਸ ਤਰ੍ਹਾਂ ਕਿ ਉਹ ਬੋਲੇ ਜਾਂਦੇ ਨੇ। ਉਥੇ ਉਨ੍ਹਾਂ ਵਿਚ ਦੇਖੋ ਕਿ ਉਨ੍ਹਾਂ ਦਾ ਮਿਊਜ਼ਿਕ ਅਤੇ ਉਨ੍ਹਾਂ ਦਾ 'rythm' ਕੀ ਹੈ। ਸ਼ਬਦਾਵਲੀ "ਮਿਊਜ਼ਿਕ ਪ੍ਰਾਸੈਸਿੰਗ" ਤੋਂ ਬਾਅਦ ਉਨ੍ਹਾਂ ਦਾ 'action' ਅਤੇ 'grammer' ਤਕ ਦਾ ਕਾਰਜ ਆਵੇਗਾ ਜੋ ਬਾਅਦ ਦਾ ਕੰਮ ਹੋਵੇਗਾ। ਪਹਿਲਾਂ ਇਹੀ ਜਿਹੜੀ ਸਾਰੀ ਚੀਜ਼ ਹੈ ਸਾਡੇ ਕੋਲ ਜਮ੍ਹਾਂ ਹੋਣੀ ਚਾਹੀਦੀ ਹੈ। ਮੇਰਾ ਲੜਕਾ 'sociologist' ਵੀ ਹੈ, 'linguistic' ਵੀ ਹੈ, ਕਾਫ਼ੀ ਤੁਹਾਡੇ ਲੋਕ ਜਾਣਦੇ ਨੇ, ਇਥੇ ਹੋ ਵੀ ਗਿਆ ਹੋਇਆ ਹੈ। ਉਸ ਨੇ ਇਕ ਦਫਾ ਮੈਨੂੰ ਕਿਹਾ ਸੀ 'ਕਿ ਡੈਡੀ ਮੈਨੂੰ ਪੰਜਾਬੀ ਦੇ ਬੱਚਿਆਂ ਵਾਸਤੇ ਜਿਹੜੀਆਂ ਲੋਰੀਆਂ ਗਾਈਆਂ ਜਾਂਦੀਆਂ ਨੇ ਜਿਹੜੇ ਗੀਤ ਗਾਏ ਜਾਂਦੇ ਨੇ ਜਾਂ ਜਿਹੜੇ ਅਖਾਣ ਨੇ ਉਹ ਇਕੱਠੇ ਕਰਕੇ ਦੇ, ਤੂੰ ਇਕ ਡਾਕਟਰੇਟ ਕਹਿੰਦਾ ਹੈ, ਮੈਂ ਤਿੰਨ ਡਾਕਟਰੇਟ ਲੈ ਦੇਣਾ, ਜਿਸ ਯੂਨੀਵਰਸਿਟੀ ਦੀ ਤੂੰ ਕਹੇਂ। ਕਿੰਨੀ ਸ਼ਰਮ ਦੀ ਗੱਲ ਹੈ ਕਿ ਪਾਕਿਸਤਾਨ ਨੇ ਤਾਂ ਪੰਜਾਬ ਦੀਆਂ ਆਪਣੀਆਂ ਲੋਰੀਆਂ ਤੇ ਹੋਰ ਵਿਆਹ ਆਦਿ ਦੇ ਗੀਤਾਂ ਸੰਬੰਧੀ ਬਹੁਤ ਵਧੀਆ ਐਡੀਸ਼ਨ ਕੱਢਿਆ ਹੈ ਜੋ ਮੈਂ ਅਮਰੀਕਾ ਵਿਚ ਦੇਖਿਆ ਸੀ। ਇਥੇ ਤੇ ਉਹ ਆ ਨਹੀਂ ਸਕਦਾ। ਪਰ ਇਹ ਚੀਜ਼ਾਂ ਨੇ ਜਿਨ੍ਹਾਂ ਦੀ ਸਾਨੂੰ ਜ਼ਰੂਰਤ ਹੈ। ਜਿਸ ਵੇਲੇ ਇਹ ਸਾਰੀਆਂ ਤੁਹਾਡੇ ਕੋਲ ਇਕੱਠੀਆਂ ਹੋ ਜਾਣਗੀਆਂ, ਉਸ ਵੇਲੇ ਤੁਸੀਂ ਭੁੱਲ ਹੀ ਜਾਓਗੇ, ਕਿ ਇਹ ਕਿਸ ਜ਼ਬਾਨ ਦੀਆਂ ਨੇ ਅਤੇ ਇਹ ਸਾਡੀਆਂ ਨੇ। ਇਸ ਤੋਂ ਇਹ ਚੀਜ਼ ਜ਼ਰੂਰ ਸਾਬਤ ਹੋਵੇਗੀ ਕਿ 'rythm', harmony, stress,

Sri Satguru Jagjit Singh Ji Elibrary NamdhariElibrary@gmail.com

accent, grammer ਆਦਿ ਸਾਰਿਆਂ ਹਿਸਾਬਾਂ ਵਲੋਂ ਅੱਡੋ ਅੱਡ ਹੁੰਦੇ ਹੋਏ ਵੀ, ਇਨ੍ਹਾਂ ਲੋਕਾਂ ਵਿਚ ਕਿਸੇ ਚੀਜ਼ ਦੀ ਸਾਂਝ ਸੀ।

ਪੰਜਾਬੀ ਜਿਸ ਵੇਲੇ ਕਿਸੇ ਸੰਸਕ੍ਰਿਤ ਲਫਜ਼ ਨੂੰ ਲੈਂਦਾ ਹੈ, ਰਿਗ ਦੇ ਸ਼ਬਦ ਨੂੰ ਲੈਂਦਾ ਹੈ, ਅੰਗਰੇਜ਼ੀ ਦੇ ਲਫਜ਼ ਨੂੰ ਲੈਂਦਾ ਹੈ, ਤਾਂ ਉਹਦੇ ਦਿਮਾਗ ਦੇ ਪਿਛੇ ਇਕ ਖ਼ਾਸ 'pattern' ਹੁੰਦਾ ਹੈ ਅਤੇ ਉਹ ਉਸਨੂੰ ਉਸੇ ਤਰ੍ਹਾਂ ਨਾਲ ਢਾਲਦਾ ਹੈ। ਉਹ ਆਪਣੇ ਆਪ ਨੂੰ, "ਪੰਜਾਬੀ ਆਈਡੈਂਟਿਫਿਕੇਸ਼ਨ" ਦੇ ਨਾਲ ਜੋੜਦਾ ਹੈ। ਜਿਤਨੀ ਦਫ਼ਾ ਤੁਸੀਂ ਇਕ ਲਫਜ਼ ਨੂੰ ਇਸਤੇਮਾਲ ਕਰਦੇ ਹੋ, ਉਹ ਬੜੀ ਭਾਰੀ ਨਿਸ਼ਾਨੀ ਹੁੰਦੀ ਹੈ ਅਤੇ ਉਸ ਤੋਂ ਪਤਾ ਲਗਦਾ ਹੈ ਕਿ ਤੁਹਾਡਾ 'character' ਕੀ ਹੈ? ਅਗਰ ਤੁਸੀਂ ਆਪਣੇ 'character' ਨੂੰ, ਆਪਣੀ ਪੰਜਾਬੀਅਤ ਨੂੰ ਸਮਝਣਾ ਚਾਹੁੰਦੇ ਹੋ ਤਾਂ ਤੁਸੀਂ ਇਹ ਦੇਖੋ ਕਿ ਕਿਹੜੇ ਲਫਜ਼ ਨੇ, ਕਿਹੜੇ ਮੁਹਾਵਰੇ ਨੇ, ਜਿਹੜੇ ਪੰਜਾਬੀ ਅਣਜਾਣ ਤੌਰ ਤੇ ਵਰਤਦਾ ਹੈ ਅਤੇ ਕਿਹੜੇ ਜਾਣ ਬੁਝਕੇ। ਉਹ ਆਪਣੀ ਪੰਜਾਬੀਅਤ ਦਾ ਪੂਰਾ ਢਾਂਚਾ ਤੁਹਾਡੇ ਸਾਮ੍ਹਣੇ ਰਖਦਾ ਹੈ।

ਮੈਂ ਪਿੰਡ ਵਿਚ ਪਲਿਆ ਹਾਂ। ਮੇਰੀ ਭੂਆ ਗਾਲ੍ਹਾਂ ਬੜੀਆਂ ਅਛੀਆਂ ਮਾਕੂਲ ਜਾਣਦੀ ਹੁੰਦੀ ਸੀ ਤੇ ਮੈਂ ਨੋਟ ਵੀ ਕਰਦਾ ਹੁੰਦਾ ਸਾਂ। ਹੋਰ ਵੀ ਲੋਕਾਂ ਨੂੰ ਨੋਟ ਕਰਦਾ ਸਾਂ। ਬਜਾਏ ਇਹ ਕਹਿਣ ਦੇ ਕਿ ਉਹ ਕੁੱਤਾ ਹੈ, ਮੁਹਾਵਰੇ ਅਨੁਸਾਰ ਉਹ ਇਹ ਕਹੇਗਾ ਕਿ ਮੈਨੂੰ "ਚਾਰੇ ਪੈਰ ਚੁੱਕ ਕੇ ਪੈ ਗਿਆ", "ਖਾਣ ਨੂੰ ਪੈ ਗਿਆ" ਵੀ ਕਹੇਗਾ। ਇਸੇ ਤਰ੍ਹਾਂ ਬੋਲੀ ਬਾਰੇ ਆਏਗਾ ਕਿ ਉਹ ਬਕਵਾਸ ਕਰਦਾ ਹੈ, ਟਰ ਟਰ ਕਰੀ ਜਾਂਦਾ ਹੈ, ਹੂੰ ਹੂੰ ਕਰੀ ਜਾਂਦਾ ਹੈ, ਚੀਂ ਚੀਂ ਕਰੀ ਜਾਂਦਾ ਹੈ ਆਦਿ। ਤੁਸੀਂ ਵੇਖੋਗੇ ਕਿ ਜਿਤਨੀਆਂ ਕੁੱਤੀਆਂ ਬਿੱਲੀਆਂ ਦੀਆਂ, ਗਿੱਦੜਾਂ ਦੀਆਂ ਆਵਾਜ਼ਾਂ ਹਨ, ਉਨ੍ਹਾਂ ਵਿਚ ਸਾਰੇ ਲਫਜ਼ ਵਰਤ ਲਏ ਨੇ। ਭਬਲ ਕਰਕੇ ਆਵਾਜ਼ਾਂ ਸਾਰੀਆਂ ਵਰਤ ਲਈਆਂ ਨੇ। ਤੁਹਾਡਾ 'character' ਉਦੋਂ ਪਤਾ ਲਗੇਗਾ ਜਦੋਂ ਆਪਣੇ ਸਾਮ੍ਹਣੇ ਪਹਿਲਾਂ ਸ਼ੀਸ਼ਾ ਲਿਆਉਗੇ ਅਤੇ ਇਹ ਜ਼ਬਾਨ ਉਹ ਸ਼ੀਸ਼ਾ ਹੈ। ਤੁਸੀਂ ਲਿਟ੍ਰੇਚਰ ਦੀਆਂ ਗੱਲਾਂ ਕਰਦੇ ਹੋ, ਲਿਟ੍ਰੇਚਰ ਜ਼ਬਾਨ ਦੇ ਸਾਮ੍ਹਣੇ ਕੁਝ ਵੀ ਨਹੀਂ ਹੈ। ਅਗਰ ਜ਼ਬਾਨ ਕੁਝ ਲਿਟ੍ਰੇਚਰ ਹੁੰਦੀ ਤਾਂ ਵੇਦ ਦੇ ਜਿਤਨੇ ਗਿਆਤਾ ਨੇ ਉਹ ਇਹ ਨਾ ਕਹਿੰਦੇ ਕਿ ਵੇਦ ਦਾ ਸਾਰਾ ਗਿਆਨ ਸਿਰਫ਼ 'ਓਮ' ਸ਼ਬਦ ਤੋਂ ਨਿਕਲਿਆ ਹੈ। ਇਸ ਕਰਕੇ ਜ਼ਬਾਨ ਲਿਟ੍ਰੇਚਰ ਨਾਲੋਂ ਜ਼ਿਆਦਾ ਜ਼ਰੂਰੀ ਚੀਜ਼ ਹੈ। ਇਹ ਮੇਰੇ ਸਾਮ੍ਹਣੇ ਦੀ ਗੱਲ ਹੈ ਕਿ "ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ"। ਵੀਹ ਵਰ੍ਹੇ ਗੁਜ਼ਰੇ ਤਾਂ ਹਿੰਦੁਸਤਾਨ ਖ਼ਤਮ ਹੋ ਗਿਆ। ਉਸਨੇ ਇਸਲਾਮ ਦਾ ਗੀਤ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ ਸੰਤ ਸਿੰਘ ਹੋਰੀਂ ਆਏ, ਕਮਿਊਨਿਸਟ ਆਏ, ਅਤੇ ਇਹ ਸਾਰੀਆਂ ਕਹਾਣੀਆਂ ਵੀ ਖ਼ਤਮ ਹੋ ਗਈਆਂ। ਉਸ ਤੋਂ ਬਾਅਦ ਹੋਰ ਆਏ, ਮਜ਼ਬੀ ਸਿੱਖ ਵੀ ਕਾਫੀ ਆਏ (ਯਾਨੀ ਜਿਹੜੇ ਮਜ਼੍ਹਬ ਪ੍ਰਸੱਤ ਨੇ) ਉਹ ਵੀ ਹੌਲੀ ਹੌਲੀ ਸਾਰੇ ਖਤਮ ਹੁੰਦੇ ਜਾਂਦੇ ਨੇ। ਹੁਣ ਤੁਸੀਂ ਕਿਸੇ ਵੀ ਰਸਾਲੇ ਨੂੰ ਉਠਾ ਕੇ ਦੇਖੋ, ਲਿਟ੍ਰੇਚਰ ਕੋਈ ਚੀਜ਼ ਨਹੀਂ ਹੈ। ਲਿਟ੍ਰੇਚਰ ਤਾਂ moods' ਉਤੇ ਨਿਰਭਰ ਹੈ। ਇਕੋ ਆਦਮੀ ਦੇ 'mood' ਬਦਲਦੇ ਜਾਣਗੇ, ਤਾਂ ਉਹ ਆਪਣਾ ਲਿਟ੍ਰੇਚਰ ਬਦਲਦਾ ਜਾਏਗਾ। ਲਿਟ੍ਰੇਚਰ ਦਾ ਕੋਈ ਰੂਪ ਨਹੀਂ ਹੈ। "Emotional resurgence", "emotional imbalance", "emotional variety" ਆਦਿ ਲਿਟ੍ਰੇਚਰ ਦਾ ਰੂਪ ਹੈ। ਪਰ ਭਾਸ਼ਾ/ਜ਼ਬਾਨ ਇਸ ਤੋਂ ਵੱਖਰੀ ਚੀਜ਼ ਹੈ।

Sri Satguru Jagjit Singh Ji Elibrary NamdhariElibrary@gmail.com

ਆਖਰੀ ਗੱਲ ਇਹ ਹੈ ਕਿ ਅਸੀਂ ਪੋਠੋਹਾਰੀ ਇਕੋ ਗੱਲ ਕਰਦੇ ਸਾਂ ਅਤੇ ਮੈਂ ਠੇਠ ਪੋਠੋਹਾਰੀ ਹਾਂ, 'mixture' ਨਹੀਂ। ਸਾਡੇ ਵਾਸਤੇ ਗੁਰੂ ਗ੍ਰੰਥ ਸਾਹਿਬ authority' ਹੈ। ਮੈਂ ਛੋਟਿਆਂ ਹੁੰਦਿਆਂ ਤੋਂ ਲੈ ਕੇ ਜਿਤਨੇ ਲਫ਼ਜ਼ ਸੁਣਦਾ ਹੁੰਦਾ ਸਾਂ ਆਪਣੇ ਸਰਦਾਰਾਂ ਕੋਲੋਂ, ਚਾਹੇ ਉਹ ਜ਼ਮੀਨ ਵਾਹੁੰਦੇ ਸਨ, ਚਾਹੇ ਉਹ ਹਟਵਾਣੀਏ ਸਨ, ਚਾਹੇ ਕੁਝ ਹੋਰ ਸਾਰੇ ਮੈਂ ਦੇਖਦਾ ਹੁੰਦਾ ਸਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਨੇ। ਸਾਡੀ ਭਾਸ਼ਾ ਦਾ ਸੋਮਾਂ ਇਹੋ ਹੈ। ਜਿਸ ਤਰ੍ਹਾਂ ਕਿ ਕੁਰਾਨ ਤੋਂ ਬਾਅਦ ਅਰਬੀ ਭਾਸ਼ਾ ਬਿਲਕੁਲ ਬਦਲ ਗਈ। ਕੁਰਾਨ ਸਾਡੇ ਨਾਲ ਕੇਵਲ ਜਿਊਂਦਾ ਹੀ ਨਹੀਂ, ਬਲਕਿ ਉਹ ਕੇਵਲ ਜੀਵਨ ਦਾ ਹੀ ਨਹੀਂ ਸਗੋਂ ਚਿੰਨ੍ਹ ਹੈ ਸਟਾਈਲ ਦਾ, ਸ਼ਬਦਾਵਲੀ ਦਾ, 'imagery' ਦਾ, ਹਰ ਤਰ੍ਹਾਂ ਦਾ। ਇਸੇ ਤਰ੍ਹਾਂ ਜਿਸ ਦਿਨ ਤੋਂ ਪੰਜਵੀਂ ਪਾਤਸ਼ਾਹੀ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਦੇਣ ਦਿੱਤੀ ਹੈ, ਉਦੋਂ ਤੋਂ ਇਹ ਸਾਡਾ ਸੋਮਾਂ ਹੈ। ਇਹਦੇ ਵਾਸਤੇ ਭਾਈ ਕਾਹਨ ਸਿੰਘ ਦੇ ਕੋਸ਼ ਨੂੰ ਅਜੇ ਅਗੇ ਹੋਰ ਵਧਾਉਣਾ ਚਾਹੀਦਾ ਹੈ। ਆਸ਼ਾ ਹੈ ਕਿ ਜ਼ਬਾਨ ਦੇ ਮੁਤੱਲਕ ਜਦੋਂ ਕੋਈ ਕੰਮ ਹੋਵੇਗਾ ਤੇ ਜਿਹੜੀ 'standard form' ਹੋਵੇਗੀ, ਉਹ ਉਹੀ ਹੋਵੇਗੀ ਜਿਹੜੀ ਗੁਰੂ ਗ੍ਰੰਥ ਸਾਹਿਬ ਦੀ 'form' ਹੈ।

Sri Satguru Jagjit Singh Ji Elibrary NamdhariElibrary@gmail.com

# ਪੋਠੋਹਾਰੀ ਗੀਤ

## ਗੀਤ

ਪ੍ਰੋ. ਮੋਹਨ ਸਿੰਘ ਮਾਹਿਰ

ਗੱਲ ਸੁਣ ਜਾ ਵੇ
ਮਾੜ੍ਹੀ ਗੱਲ ਸੁਣੀ ਜਾ ਵੇ
ਮਾੜ੍ਹੀ ਗੱਲ ਸੁਣੀ ਜਾ ।

ਉਂਜ ਤੇ ਮੈਂ ਕਈ ਗੱਲਾਂ ਦਿਹੁੰ ਰਾਤੀ ਬਾਣੀਆਂ ।
ਹਿੱਕ ਗੱਲ ਪਈ ਜਾਵੇ ਚਿਰਾਂ ਤੋਂ ਛਪਾਣੀਆਂ
ਗੱਲ ਸੁਣੀ ਜਾ ਵੇ
ਉਹੀਓ ਗੱਲ ਸੁਣੀ ਜਾ ਵੇ
ਮਾੜ੍ਹੀ ਗੱਲ ਸੁਣੀ ਜਾ ।

ਗੱਲ ਮਾੜ੍ਹੀ ਬੁੱਝਣ ਨਾ ਢੋਕਾਂ ਨੇ ਪਿਆਰੇ ਵੇ
ਕੱਸੀਆਂ ਪਹਾੜ ਨਾਹੀਂ ਛਜਰੀ ਨੇ ਤਾਰੇ ਵੇ
ਗੱਲ ਸੁਣੀ ਜਾ ਵੇ
ਉਹੀਓ ਗੱਲ ਸੁਣੀ ਜਾ ਵੇ
ਮਾੜ੍ਹੀ ਗੱਲ ਸੁਣੀ ਜਾ ।

ਨਿਕਲ ਨਿਕਲ ਵੰਜੇ ਮੈਂਢੇ ਹਥੋਂ ਮੂੰਹ-ਚੋਰ ਵੇ
ਸਾਂਭੀ ਨਾ ਜਾਵੇ ਹੁਣ ਮੂਾੜੇ ਕੋਲੂੰ ਹੋਰ ਵੇ
ਗੱਲ ਸੁਣੀ ਜਾ ਵੇ
ਉਹੀਓ ਗੱਲ ਸੁਣੀ ਜਾ ਵੇ,
ਮਾੜ੍ਹੀ ਗੱਲ ਸੁਣੀ ਜਾ ।

ਨਿੱਕੀ ਜਿਹੀ ਗੱਲ ਮਾੜ੍ਹੀ ਬਹੂੰ ਅਟਕਾਣੀ ਨਾ
ਹਿੱਕਾਂ ਵੇਰੀ ਕਰੀ ਢੋੜਸਾਂ ਬਹੂੰ ਸਮਝਾਣੀ ਨਾ
ਗੱਲ ਸੁਣੀ ਜਾ ਵੇ
ਉਹੀਓ ਗੱਲ ਸੁਣੀ ਜਾ ਵੇ
ਮਾੜ੍ਹੀ ਗੱਲ ਸੁਣੀ ਜਾ ।

Sri Satguru Jagjit Singh Ji Elibrary NamdhariElibrary@gmail.com

## ਗੀਤ

ਪ੍ਰੋ. ਮੋਹਨ ਸਿੰਘ

ਨਿੱਕਾ ਨਿੱਕਾ ਦਿਲ ਕਰਨਾ,
ਮਿੱਘੀ ਘਿਨ ਜੁਲੋ ਢੋਲੇ ਕੋਲ ।
ਨਿੱਕੇ ਨਿੱਕੇ ਫੁੱਲ ਚੁਣ ਕੇ,
ਮੈਂਡੀ ਭਰੋ ਸਹੇਲੀਓ ਝੋਲ ।

ਨਿੱਕਾ ਨਿੱਕਾ ਮੀਂਹ ਵਸਨਾ,
ਨੀ ਮੈਂ ਬਹਿ ਗਈ ਢੋਲੇ ਕੋਲ ।
ਨਿੱਕੀ ਨਿੱਕੀ ਆਏ ਵਾਸ਼ਨਾ,
ਮੈਂਡੀ ਭਰੀ ਫੁੱਲਾਂ ਨਾਲ ਝੋਲ ।

ਨਿੱਕਾ ਨਿੱਕਾ ਜੱਗ ਲਗਨਾ,
ਮਿੱਘੀ ਵੱਡਾ ਵੱਡਾ ਲਗਨਾ ਢੋਲ ।
ਨਿੱਕੀ ਨਿੱਕੀ ਉਮਰ ਦਿਸਨੀ,
ਨੀ ਮੈਂ ਕੇ ਕੇ ਦਸਸਾਂ ਫੋਲ ।

ਨਿੱਕੇ ਨਿੱਕੇ ਹੱਸ ਹਾਸੇ,
ਮੈਂਡੇ ਢੋਲੇ ਕੀਤੇ ਕੋਲ ।
ਨਿੱਕੇ ਨਿੱਕੇ ਡੋਲ੍ਹ ਅੱਥਰੂ,
ਮੈਂ ਵੀ ਖੋਲੇ ਹਿੱਕ ਦੇ ਖੋਲ ।

ਨਿੱਕੀ ਨਿੱਕੀ ਅੱਖ ਖੁਲ੍ਹ ਗਈ,
ਮੈਂਡਾ ਢੋਲ ਨਾ ਮੈਂਡੇ ਕੋਲ ।
ਨਿੱਕਾ ਨਿੱਕਾ ਦਿਲ ਦੁਖਨਾ
ਮੈਂਡੀ ਸਖਣੀ ਫੁੱਲਾਂ ਤੋਂ ਝੋਲ ।

Sri Satguru Jagjit Singh Ji Elibrary NamdhariElibrary@gmail.com

# ਵਿਚਾਰ ਵਟਾਂਦਰਾ

ਲਹਿੰਦੀ ਅਤੇ ਪੋਠੋਹਾਰੀ ਉਤੇ ਹੋਰ ਵੀ ਵਿਚਾਰ ਵਟਾਂਦਰਾ ਹੋਇਆ ਜਿਸ ਵਿਚ ਕਈ ਵਿਦਵਾਨਾਂ ਨੇ ਹਿੱਸਾ ਲਿਆ ਪਰੰਤੂ ਇਸ ਰਿਪੋਰਟ ਵਿਚ ਅਸੀਂ ਖਾਲਿਦ ਹੁਸੈਨ ਅਤੇ ਡਾ. ਬਲਬੀਰ ਸਿੰਘ ਸੰਧੂ ਦੇ ਵਿਚਾਰ ਹੀ ਅੰਕਿਤ ਕਰ ਸਕੇ ਹਾਂ। (ਸੰਪਾਦਕ)

**ਖਾਲਿਦ ਹੁਸੈਨ**

ਮੋਹਤਰਮ ਪ੍ਰਧਾਨ ਜੀ, ਵੀ.ਸੀ. ਸਾਹਿਬਾ ਤੇ ਮੇਰੇ ਬਜ਼ੁਰਗ ਸਾਥੀਓ ! ਇਥੇ ਤਿੰਨ ਪੇਪਰ ਸਵੇਰ ਤੋਂ ਹੁਣ ਤਕ ਪੜ੍ਹੇ ਗਏ ਨੇ, ਡੋਗਰੀ, ਪੋਠੋਹਾਰੀ ਅਤੇ ਲਹਿੰਦੀ ਬਾਰੇ। ਇਕ ਗੱਲ ਜਿਹੜੀ ਇਨ੍ਹਾਂ ਪੇਪਰਾਂ ਦੇ ਪੜ੍ਹਨ ਤੋਂ ਬਾਅਦ ਉਭਰਦੀ ਹੈ, ਉਹ ਇਹ ਹੈ ਕਿ ਸਾਡੇ ਵਾਲੇ ਪਾਸੇ ਕੋਈ ਨਾ ਕੋਈ ਘਾਟ ਹੈ ਜਿਸ ਕਰਕੇ ਸਾਨੂੰ ਐਸੇ ਸੈਮੀਨਾਰਾਂ ਦੀ ਲੋੜ ਪੈਂਦੀ ਹੈ ਕਿ ਅਸੀਂ ਵੇਖੀਏ ਕਿ ਪੰਜਾਬੀ ਨੂੰ ਇਨ੍ਹਾਂ ਬੋਲੀਆਂ, ਇਨ੍ਹਾਂ ਉਪ-ਭਾਖਾਵਾਂ, ਦੀ ਕੀ ਦੇਣ ਹੈ ? ਇਹ ਤਾਂ ਕੋਈ ਐਸੀ ਨਵੀਂ ਗੱਲ ਨਹੀਂ ਨਦੀਆਂ ਆਖਿਰ ਦਰਿਆ ਵਿਚ ਆ ਕੇ ਹੀ ਸਮਾਉਂਦੀਆਂ ਹਨ। ਨਿੱਕੇ ਨਾਲੇ ਵੀ ਦਰਿਆ ਵਿਚ ਹੀ ਆਉਂਦੇ ਨੇ। ਦਰਿਆ ਕਦੀ ਵੀ ਉਧਰ ਨਹੀਂ ਗਏ। ਉਲਟੀ ਚੀਜ਼ ਕਦੇ ਨਹੀਂ ਹੋਈ। ਪਹਿਲੇ ਸਵੇਰ ਦੇ ਪੇਪਰ ਵਿਚ ਡੋਗਰੀ ਦੀ ਗੱਲ ਚੱਲੀ। ਕੀ ਕਦੇ ਇਹ ਚੀਜ਼ ਸੋਚੀ ਗਈ ਕਿ ਰਿਆਸਤ ਜੰਮੂ ਕਸ਼ਮੀਰ ਵਿਚ ਡੋਗਰੀ ਨੂੰ ਕਿਸ ਚੀਜ਼ ਨੇ ਡੋਗਰੀ ਬਣਾਉਣ ਦਾ ਪੂਰਾ ਪੂਰਾ ਸਹਿਯੋਗ ਦਿੱਤਾ। ਮੇਰਾ ਖ਼ਿਆਲ ਹੈ ਕਿ ਇਸ ਪੰਜਾਬ ਦੇ ਵਲ ਜਿਹੜੇ ਵਿਦਵਾਨ ਸਾਥੀ ਰਹਿੰਦੇ ਨੇ ਇਨ੍ਹਾਂ ਦੀ ਲਾਪ੍ਰਵਾਹੀ ਹੀ ਹੈ ਅਤੇ ਇਨ੍ਹਾਂ ਦੀ ਗ਼ੈਰ-ਜ਼ਿੰਮੇਵਾਰ ਨਜ਼ਰ ਇਧਰ ਨੂੰ ਪਈ ਹੀ ਨਹੀਂ। ਇਨ੍ਹਾਂ ਨੇ ਸੋਚਿਆ ਹੀ ਨਹੀਂ ਕਿ ਸਾਡਾ ਉਹ ਵੀ ਖੇਤਰ ਹੈ ਜਿਸ ਪਾਸੇ ਕਿ ਅਸੀਂ ਸਿਆਸੀ ਤੌਰ ਤੇ ਪੰਜਾਬ ਵਾਸਤੇ ਲੜਦੇ ਰਹੇ ਹਾਂ। ਨਤੀਜਾ ਇਹ ਨਿਕਲਿਆ ਕਿ ਤੁਸਾਂ ਨੇ ਆਪਣੇ ਆਪ ਨੂੰ ਇਕ ਬਹੁਤ ਛੋਟੇ ਜਿਹੇ ਘੇਰੇ ਵਿਚ ਵਸਾ ਲਿਆ। ਪੰਜਾਬ, ਅਗਰ ਪੰਜਾਬੀ ਦੇ ਤੌਰ ਤੇ ਸੋਚਿਆ ਜਾਏ, ਤਾਂ ਯਕੀਨਨ ਹੀ ਇਸ ਦੀਆਂ ਸਰਹੱਦਾਂ ਕਰਨਾਲ, ਟੀਟਵਾਲ ਦਾ ਇਲਾਕਾ, ਉਧਰ ਲੋਹਪੁੰਛ ਤਕ ਤੇ ਇਧਰ ਨੂੰ ਸ਼ਾਇਦ ਦਿੱਲੀ ਤਕ ਤੁਸੀਂ ਜਾ ਸਕਦੇ ਹੋ। ਸ਼ਾਇਦ ਪਾਕਿਸਤਾਨ ਵਾਲੇ ਪੰਜਾਬ ਦੀ ਗੱਲ ਨਹੀਂ ਕਰਦੇ ਹੋਣੇ।

ਰਿਆਸਤ ਜੰਮੂ-ਕਸ਼ਮੀਰ ਵਿਚ ਪੰਜਾਬੀ ਬੋਲੀ ਜਾਂਦੀ ਹੈ ਅਤੇ ਇਸਨੂੰ ਬੋਲਣ ਵਾਲੀ ਆਬਾਦੀ ਕੋਈ ਅੱਠ-ਨੌਂ ਲੱਖ ਦੇ ਕਰੀਬ ਹੈ, ਹਾਲਾਂ ਕਿ 1971 ਦੀ ਮਰਦਮ-ਸ਼ੁਮਾਰੀ ਮੁਤਾਬਕ ਪੰਜਾਬੀ ਘਰਾਣੇ ਦੀਆਂ ਜ਼ਬਾਨਾਂ ਬੋਲਣ ਵਾਲਿਆਂ ਦੀ ਗਿਣਤੀ 13 ਲੱਖ ਹੈ,

Sri Satguru Jagjit Singh Ji Elibrary NamdhariElibrary@gmail.com

ਉਹਦੇ ਵਿਚ ਲਹਿੰਦੀ ਵੀ ਹੈ, ਪੋਠੋਹਾਰੀ ਵੀ ਹੈ। (ਜਿਸਨੂੰ ਅਸੀਂ ਪਹਾੜੀ ਕਹਿੰਦੇ ਹਾਂ) ਗੋਜਰੀ, ਡੋਗਰੀ ਅਤੇ ਪੰਜਾਬੀ ਵੀ। ਪੰਜਾਬੀ ਨੂੰ ਸਿੱਖਾਂ ਦੇ ਨਾਲ ਨਾ ਜੋੜਿਆ ਜਾਏ ਕਿਉਂਕਿ ਉਥੇ ਸਿੱਖਾਂ ਦੀ ਕੁੱਲ ਆਬਾਦੀ ਡੇਢ ਲੱਖ ਦੇ ਕਰੀਬ ਹੈ। ਇਸ ਲਈ ਇਸਨੂੰ ਗ਼ੈਰ-ਸਿੱਖਾਂ ਦੇ ਨਾਲ ਵੀ ਜੋੜਿਆ ਜਾਏ ਕਿਉਂਕਿ ਬਾਕੀ ਪੰਜਾਬੀ ਬੋਲਣ ਵਾਲੇ ਸਾਰੇ ਮੁਸਲਮਾਨ ਹਨ ਜਾਂ ਕੁਝ ਹਿੰਦੂ ਵੀ। ਪਰ ਉਥੋਂ ਦੇ ਪੰਜਾਬੀ ਦੀ ਇਕ ਬਹੁਤ ਬਦ-ਕਿਸਮਤੀ ਹੈ ਕਿ ਉਨ੍ਹਾਂ ਨੂੰ ਅੱਜ ਤਕ (ਮੈਂ ਸੰਨ 1947 ਦੇ ਬਾਅਦ ਦੀ ਗੱਲ ਕਰਨਾਂ) ਕਿ ਪੰਜਾਬੀ ਵਿਚ ਕੀ ਤਰੱਕੀ ਹੋਈ ਹੈ, ਪੰਜਾਬੀ ਵਿਚ ਕਿਤਨੀ ਉੱਨਤੀ ਹੋਈ ਹੈ, ਪੰਜਾਬੀ ਵਿਚ ਕੀ ਕੁਝ ਲਿਖਿਆ ਗਿਆ ਹੈ, ਅੱਜ ਤਕ ਕਿਸੇ ਨੂੰ ਕੁਝ ਨਹੀਂ ਪਤਾ ਕਿ ਡਾ. ਮੋਹਨ ਸਿੰਘ ਦਿਵਾਨਾ ਕੌਣ ਹੈ ? ਅੰਮ੍ਰਿਤਾ ਪ੍ਰੀਤਮ ਕੌਣ ਹੈ, ਕਿਸ ਸ਼ੈਅ ਦਾ ਨਾਂ ਹੈ ? ਅਸ਼ੋਕ ਕੁਮਾਰ ਕੌਣ ਹੈ ? ਇਸ ਦੇ ਬਾਰੇ ਵਿਚ ਕਿਸੇ ਨੂੰ ਕੋਈ ਨਹੀਂ ਪਤਾ। ਇਹ ਗੱਲ ਨਹੀਂ ਕਿ ਉਹ ਸਾਰੇ ਜਾਹਿਲ ਹਨ ਜਾਂ ਉਨ੍ਹਾਂ ਵਿਚ ਕੋਈ ਪੜ੍ਹਿਆ ਨਹੀਂ। ਆਖਿਰ ਉਨ੍ਹਾਂ ਦੀ ਅੱਠ ਨੌਂ ਲਖ ਆਬਾਦੀ ਹੈ, ਅਤੇ ਇਸ ਵੇਲੇ ਬੜੇ ਵੱਡੇ ਵੱਡੇ ਅਹੁਦਿਆਂ ਤੇ ਨੇ। ਕੋਈ ਮਨਿਸਟਰੀ ਵਿਚ ਹੈ ਤੇ ਕੋਈ I.A.S. ਅਫ਼ਸਰ ਹੈ। ਕੀ ਵਜ੍ਹਾ ਹੈ ਕਿ ਉਹ ਇਸ ਪੰਜਾਬੀ ਨਾਲੋਂ ਨਿਖੜ ਕਿਉਂ ਗਏ ? ਉਹ ਕਿਉਂ ਦੂਰ ਹੋ ਗਏ ? ਵਜ੍ਹਾ ਇਹ ਹੈ ਕਿ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਦਾ ਜਿਹੜਾ ਵੀ ਕੁਝ ਪੜ੍ਹਨ ਵਾਸਤੇ ਮਿਲਦਾ ਸੀ, ਉਹ ਸੰਨ 1947 ਤੋਂ ਪਹਿਲਾਂ ਫ਼ਾਰਸੀ ਲਿਪੀ ਵਿਚ ਮਿਲਦਾ ਸੀ ਜਿਹੜਾ ਕਿ ਸੰਨ 1947 ਦੇ ਮਗਰੋਂ ਬੰਦ ਹੋ ਗਿਆ, ਕਿਉਂਕਿ ਪਾਕਿਸਤਾਨ ਬਣ ਗਿਆ। ਜਿਹੜੀਆਂ ਲਕੀਰਾਂ ਸਿਆਸੀ ਬਣੀਆਂ ਸਨ, ਉਹ ਸਭਿਆਚਾਰਕ ਵੀ ਪੈ ਗਈਆਂ ਤੇ ਬੋਲੀ ਪੱਖੋਂ ਵੀ ਪੈ ਗਈਆਂ। ਉਨ੍ਹਾਂ ਵਾਸਤੇ ਪੰਜਾਬੀ ਲਈ ਕੋਈ ਉਤਸ਼ਾਹ ਨਹੀਂ ਹੈ ਅਤੇ ਪੰਜਾਬ ਵਾਲੇ ਪਾਸੇ ਕਿਸੇ ਨੇ ਕੋਈ ਧਿਆਨ ਦਿੱਤਾ। ਜਿਸਦਾ ਨਤੀਜਾ ਇਹ ਹੋਇਆ ਕਿ ਜੰਮੂ ਦੇ ਵਿਚ ਸੰਨ 1947 ਤੋਂ ਪਹਿਲੇ ਡੋਗਰੀ ਕਦੀ ਵੀ ਸਰਕਾਰੀ ਭਾਸ਼ਾ ਨਹੀਂ ਰਹੀ, ਨਾ ਮਹਾਰਾਜਿਆਂ ਵੇਲੇ, ਤੇ ਨਾ ਰਹੀ ਮੁਸਲਮਾਨਾਂ ਦੇ ਵੇਲੇ, ਨਾ ਹੀ ਅੱਜ ਹੈ, ਇਹ ਠੀਕ ਹੈ ਕਿ ਡੋਗਰੀ ਰਿਆਸਤ ਵਿਚ ਇਕ ਭਾਸ਼ਾ ਹੈ। ਪਰ ਇਸ ਦੇ ਲੇਖਕ ਦੂਰ ਦੂਰ ਇਸ ਵਾਸਤੇ ਹੁੰਦੇ ਗਏ ਕਿ ਜਿਹੜਾ ਕੁਝ ਉਹ ਲਿਖਦੇ ਸਨ ਉਸ ਨੂੰ ਨਾ ਕੋਈ ਛਾਪਣ ਵਾਲਾ ਸੀ ਤੇ ਨਾ ਹੀ ਕੋਈ ਸੁਣਨੇ ਵਾਲਾ। ਇਸ ਤਰ੍ਹਾਂ ਲੇਖਕ ਦੀ ਜੋ communication ਦੀ ਭੁਖ ਹੈ, ਉਹ ਪੂਰੀ ਨਹੀਂ ਹੁੰਦੀ। ਨਤੀਜਾ ਇਹ ਹੋਇਆ ਕਿ ਉਨ੍ਹਾਂ ਲੋਕਾਂ ਨੇ ਆਪਣੇ ਵਾਸਤੇ ਇਕ ਵੱਖਰੀ ਹੀ ਇਕ ਢਾਈ ਇੱਟ ਦੀ ਮਸਜਿਦ ਬਣਾਉਣੀ ਸ਼ੁਰੂ ਕਰ ਦਿੱਤੀ। ਜਦੋਂ ਡੋਗਰੀ ਦੀ ਗੱਲ ਚਲਦੀ ਸੀ ਮੈਂ ਪ੍ਰੋ ਸਾਹਿਬ ਨੂੰ ਪੁਛਣਾ ਚਾਹੁੰਦਾ ਸਾਂ ਕਿ ਕੀ ਡੋਗਰੀ ਵਿਚ ਪ੍ਰੋ. ਰਾਮਾ ਸ਼ਸ਼ੀ ਨੇ ਇਕ ਵਾਰੀ ਆਪਣੇ ਲੇਖ ਵਿਚ ਕਿਹਾ ਸੀ ਕਿ ਡੋਗਰੀ ਬੋਲਣ ਵਾਲੇ 80 ਲਖ ਲੋਕ ਰਹਿੰਦੇ ਨੇ। 80 ਲਖ-ਉਨ੍ਹਾਂ ਦੀ ਗਿਣਤੀ ਵਿਚ ਉਹ ਜੋੜਦੇ ਨੇ ਕਾਂਗੜਾ, ਉਸ ਪਾਸੇ ਦਾ ਚੰਬਾ ਵਗੈਰਾ, ਰਾਜਸਥਾਨ ਵਾਲੇ ਪਾਸੇ ਦਾ ਇਲਾਕਾ, ਕੁਝ ਪੰਜਾਬ ਦਾ ਹਿੱਸਾ ਅਤੇ ਕੁਝ ਪਾਕਿਸਤਾਨ ਦਾ ਹਿੱਸਾ ਵੀ ਗਿਣਦੇ ਹਨ। ਮੈਨੂੰ ਇਕ ਗੱਲ ਸਮਝ ਨਹੀਂ ਆਈ ਕਿ ਇਨ੍ਹਾਂ 80 ਲੱਖਾਂ ਵਿਚ ਕੀ ਕੋਈ ਇਕ ਸਿੱਖ, ਜਾਂ ਮੁਸਲਮਾਨ ਜਾਂ ਕੋਈ ਹੋਰ ਸਾਹਿਤਕਾਰ ਪੈਦਾ ਨਹੀਂ ਹੋ ਸਕਿਆ ਜਿਸਦੀ ਕੋਈ ਨਾ ਕੋਈ ਦੇਣ ਹੋਵੇ।

ਹੁਣ ਅਸੀਂ ਲਹਿੰਦੀ ਦੀ ਗੱਲ ਕੀਤੀ ਹੈ। ਜੋ ਡਾ ਬਾਹਰੀ ਨੇ ਹਵਾਲੇ ਦਿੱਤੇ ਨੇ

Sri Satguru Jagjit Singh Ji Elibrary NamdhariElibrary@gmail.com

ਉਹ ਸਾਰੇ ਸੂਫੀ ਸ਼ਾਇਰੀ ਦੇ ਦਿੱਤੇ ਨੇ ਅਤੇ ਸੂਫ਼ੀ ਸ਼ਾਇਰੀ ਨੂੰ ਪੜ੍ਹਨ ਵਾਲੇ ਸਾਨੂੰ ਸਭ ਤੋਂ ਜ਼ਿਆਦਾ ਜ਼ਰੂਰੀ ਇਹ ਹੈ ਕਿ ਅਸੀਂ ਫਾਰਸੀ ਲਿਪੀ ਨੂੰ ਜਾਣੀਏ ਤੇ ਉਸਦੀਆਂ ਬਰੀਕੀਆਂ ਨੂੰ ਸਮਝੀਏ, ਜਿਸਦੇ ਵਿਚ ਉਹ ਚੀਜ਼ਾਂ ਲਿਖੀਆਂ ਗਈਆਂ ਨੇ। ਹੁਣੇ ਹੁਣੇ ਜੋ ਦਰਸ਼ਨ ਸਿੰਘ ਅਵਾਰਾ ਜੀ ਵਲੋਂ ਸੰਪਾਦਿਤ ਸੈਫਲ ਮਲੂਕ ਦਾ ਕਿੱਸਾ ਭਾਸ਼ਾ ਵਿਭਾਗ ਵਾਲਿਆਂ ਨੇ ਛਾਪਿਆ ਸੀ ਉਹ ਬੇਸ਼ੁਮਾਰ ਗਲਤੀਆਂ ਦਾ ਭਰਿਆ ਹੋਇਆ ਹੈ। ਉਹ ਬਿਲਕੁਲ ਗਲਤ ਛਪਿਆ ਹੈ ਅਤੇ ਕਵੀ ਦੇ ਉਹ 'ਸ਼ੇਅਰ' ਹੈ ਹੀ ਨਹੀਂ ਜੋ ਕਿ ਸੈਫਲ ਮਲੂਕ ਵਿਚ ਹਨ। ਉਨ੍ਹਾਂ ਕੋਲ ਕੁਦਰਤੀ ਉਸ ਦਾ ਨੁਸਖਾ ਵੀ ਮੌਜੂਦ ਹੈ, ਜਿਹੜੇ ਸੱਜਣ ਮਿੱਤਰ ਚਾਹੁਣ ਉਹ ਦੇਖ ਲੈਣ ਤੇ ਜਿਹੜਾ ਭਾਸ਼ਾ ਵਿਭਾਗ ਨੇ ਛਾਪਿਆ ਹੈ ਉਹ ਵੀ ਵੇਖ ਲੈਣ। ਫਿਰ ਖੁਦਬਖੁਦ ਅੰਦਾਜ਼ਾ ਲਾਣ ਕਿ ਅਸੀਂ ਕਿਥੇ ਹਾਂ ਅਤੇ ਉਹ ਲੋਕ ਕਿਥੇ ਹਨ? ਇਹ ਜਿਹੜੀ ਪਾੜ ਪੈ ਗਈ ਹੈ ਤੇ ਜਿਹੜੀ ਦੀਵਾਰ ਜਿਹੀ ਖੜ੍ਹੀ ਹੋ ਗਈ ਹੈ, ਇਸਦੀ ਕੀ ਵਜ੍ਹਾ ਹੈ? ਸਾਡੇ ਕੁਝ ਬਜ਼ੁਰਗ ਸਾਥੀ ਨੇ ਚਿੱਟੀਆਂ ਦਾੜ੍ਹੀਆਂ ਵਾਲੇ, ਚਿੱਟੇ ਵਾਲਾਂ ਵਾਲੇ, ਰਬ ਇਨ੍ਹ ਨੂੰ ਜ਼ਿੰਦਗੀ ਦੇਵੇ, ਇਨ੍ਹਾਂ ਨੇ ਇਕ ਪੀੜ੍ਹੀ ਐਸੀ ਖੜ੍ਹੀ ਕੀਤੀ ਹੈ ਜਿਹੜੀ ਉਸ ਸਾਹਿਤ ਨੂੰ ਸਾਂਭੇਗੀ। ਜਿਹੜਾ ਪਾਰੋਂ ਆਵੇਗਾ। ਕਿਉਂਕਿ ਜਿਹੜਾ ਆਏਗਾ, ਉਹ ਆਏਗਾ ਫਾਰਸੀ ਲਿਪੀ ਵਿਚ ਹੀ। ਕੁੱਝ ਸੱਜਣ ਇਹ ਕਹਿੰਦੇ ਨੇ ਕਿ ਉਨ੍ਹਾਂ ਨੇ ਗੁਰਮੁਖੀ ਲਿਪੀ ਅਪਣਾ ਲਈ ਹੈ ਜਾਂ ਉਹ ਅਪਣਾ ਰਹੇ ਹਨ। ਯਕੀਨਨ ਉਨ੍ਹਾਂ ਨੇ ਇਕ ਪਰਚਾ ਰਖਿਆ ਹੋਇਆ ਹੈ ਗੁਰਮੁਖੀ ਲਿਪੀ ਵਿਚ। ਪਰ ਉਹ ਇਸ ਵਾਸਤੇ ਰੱਖਿਆ ਹੋਇਆ ਹੈ ਤਾਂ ਕਿ ਇਧਰਲਾ ਜਿਹੜਾ ਸਾਹਿਤ ਲਿਖਿਆ ਗਿਆ ਹੈ, ਉਸ ਤੋਂ ਉਹ ਲੋਕ ਜਾਣੂ ਰਹਿਣ। ਇਨ੍ਹਾਂ ਲੋਕਾਂ ਨਾਲ ਇਸੇ ਤਰ੍ਹਾਂ ਨਾਤਾ ਤੁਸੀਂ ਜੋੜ ਲਓਗੇ, ਅਗਰ ਫਾਰਸੀ ਲਿਪੀ ਦਾ ਵੀ ਤੁਸੀਂ ਵੀ ਇਕ ਪਰਚਾ ਐਮ. ਏ. ਦੀਆਂ ਕਲਾਸਾਂ ਵਿਚ ਜਾਂ ਗਿਆਨੀ ਦੀਆਂ ਕਲਾਸਾਂ ਵਿਚ ਰਖ ਲਓ। ਇਸ ਤਰ੍ਹਾਂ ਨਾਲ ਤੁਹਾਡੀ ਵੀ ਸਾਂਝ ਬਣੀ ਰਹੇਗੀ ਅਤੇ ਉਹ ਵੀ ਕਾਇਮ ਰਹੇਗੀ। ਜੋ ਲਹਿੰਦਾ ਪਾਸਾ ਹੈ, ਉਹ ਸਾਰਾ ਪਾਕਿਸਤਾਨ ਵਿਚ ਹੈ ਅਤੇ ਜਿਸ ਨੂੰ ਪੋਠੋਹਾਰ ਕਹਿੰਦੇ ਹੋ, ਜੰਮੂ ਦਾ ਥੋੜ੍ਹਾ ਜਿਹਾ ਇਲਾਕਾ ਛਡਕੇ ਬਾਕੀ ਸਾਰਾ ਪਾਕਿਸਤਾਨ ਵਿਚ ਹੈ। ਕਲ੍ਹ ਨੂੰ ਇਨ੍ਹਾਂ ਚੋਹਾਂ dialects ਵਿਚ ਜੋ ਕੁਝ ਵੀ ਲਿਖਿਆ ਜਾਵੇਗਾ, ਉਹ ਜੋ ਕੁਝ ਵੀ ਇਥੇ ਆਏਗਾ ਉਹ ਤੁਸੀਂ ਪੜ੍ਹਨ ਜੋਗੇ ਹੋਵੋ। ਉਸ ਨੂੰ ਤੁਸੀਂ ਸਹੀ ਸਮਝਣ ਜੋਗੇ ਹੋਵੋ। ਉਹ ਤੁਸੀਂ ਤਾਂ ਹੀ ਸਮਝ ਸਕਦੇ ਹੋ ਜੇ ਤੁਸੀਂ ਫਾਰਸੀ ਲਿਪੀ ਨੂੰ ਸਿਖੋਂ। ਮੈਂ ਇਹ ਦਾਅਵੇ ਨਾਲ ਕਹਿੰਦਾ ਹਾਂ ਕਿ ਕਸ਼ਮੀਰ ਵਾਲੇ ਪਾਸੇ, ਜਿਥੇ ਕਿ 8-9 ਲੱਖ ਮੁਸਲਮਾਨ ਜਿਹੜੇ ਹਨ, ਉਨ੍ਹਾਂ ਨੂੰ ਆਪਣਾ ਪੰਜਾਬੀ ਹੋਣ ਦਾ ਫ਼ਖਰ ਹੈ ਤੇ ਉਹ ਕਹਿੰਦੇ ਨੇ ਕਿ ਅਸੀਂ ਪੰਜਾਬੀ ਹਾਂ। ਪਰ ਅਗਰ ਇਕ ਖਾਲਿਦ ਹੁਸੈਨ ਨੇ ਆਪਣੀ ਇਕ ਜਾਤੀ ਕੋਸ਼ਿਸ਼ ਨਾਲ ਜਾਂ ਇਉਂ ਕਹਿ ਲਓ ਕਿ ਸ਼ੌਕ ਦੇ ਨਾਲ ਗੁਰਮੁਖੀ ਲਿਪੀ ਸਿਖ ਲਈ ਹੈ ਤੇ ਮੇਰਾ ਖ਼ਿਆਲ ਹੈ ਕਿ ਗਾਮਾ ਮਾਝਾ ਸਿਖਣ ਨਹੀਂ ਲਗਾ ਕਿਉਂਕਿ ਉਹਨੂੰ ਕੋਈ ਡੀਂਗ ਮਾਰਨ ਵਾਲੀ ਗੱਲ ਨਹੀਂ। ਇਹ ਤਾਂ ਦਿਲਾਂ ਦੀ ਗੱਲ ਹੁੰਦੀ ਹੈ। ਦਿਲਾਂ ਦੀ ਗੱਲ ਤਾਂ ਹੀ ਚਲਦੀ ਹੈ ਕਿ ਉਹ ਸਮਝੇ ਕਿ ਹਾਂ ਬਈ ਮੈਂ ਇਹ ਵੀ ਸਿਖਣਾਂ, ਇਹ ਵੀ ਸਿਖਣਾਂ। ਸਾਡੇ ਜੰਮੂ ਕਸ਼ਮੀਰ ਦੇ ਵਿਚ ਮੇਰੇ ਸਾਥੀ ਜੋ ਇਥੇ ਬੈਠੇ ਹਨ, ਉਹ ਇਸ ਚੀਜ਼ ਦੀ ਗਵਾਹੀ ਦੇਣਗੇ ਕਿ ਯਕੀਨਨ ਮੁਸਲਮਾਨ ਮੁੰਡੇ ਕਹਿੰਦੇ ਨੇ ਕਿ ਅਸੀਂ ਗਿਆਨੀ ਦਾ ਇਮਤਿਹਾਨ

Sri Satguru Jagjit Singh Ji Elibrary NamdhariElibrary@gmail.com

ਦਿਆਂਗੇ, ਸਾਨੂੰ ਕਿਤਾਬਾਂ ਦਿਓ। ਪਰ ਕਿਤਾਬਾਂ ਕੀ ਦੇਣ, ਉਥੇ ਤਾਂ ਗੁਰਮੁਖੀ ਹੀ ਗੁਰਮੁਖੀ ਚਲਦੀ ਹੈ ਜਿਸ ਕਰਕੇ ਉਹ ਕੁਝ ਕਰ ਹੀ ਨਹੀਂ ਸਕਦੇ। ਕਾਸ਼ ਪੰਜਾਬ ਗੌਰਮਿੰਟ, ਭਾਸ਼ਾ ਵਿਭਾਗ ਜਾਂ ਹੋਰ ਯੂਨੀਵਰਸਿਟੀਆਂ ਜਿਹੜੀਆਂ ਪੰਜਾਬ ਵਿਚ ਹਨ ਇਹ ਵੀ ਕੋਸ਼ਿਸ਼ ਕਰਦੀਆਂ ਕਿ ਸਾਲ ਦੇ ਵਿਚ ਇਕ ਵਾਰੀ ਜਾਂ ਦੋ ਸਾਲ ਦੇ ਵਿਚ ਇਕ ਵਾਰੀ ਜਾਂ ਇਹ ਜਿਹਵੇ 27-28 ਸਾਲ ਆਜ਼ਾਦੀ ਦੇ ਬਾਅਦ ਗੁਜ਼ਰੇ ਹਨ, ਕੋਈ ਇਕ ਦੋ ਵਾਰੀ ਕੋਸ਼ਿਸ਼ ਇਹ ਹੋ ਜਾਂਦੀ ਕਿ ਫਾਰਸੀ ਲਿਪੀ ਵਿਚ ਸਮੁੱਚੀਆਂ ਜਾਂ ਚੋਣਵੀਆਂ ਰਚਨਾਵਾਂ ਸਾਨੂੰ ਇਹ ਦਿੰਦੀਆਂ ਤਾਂ ਕਿ ਅਸੀਂ ਲੋਕ ਸਮਝਦੇ ਕਿ ਸਾਹਿਤ ਦੀ ਕਦਰ ਕਿੰਨੀ ਹੈ ? ਪਾਕਿਸਤਾਨ ਤੋਂ ਤਾਂ ਅਸੀਂ ਟੁਟ ਗਏ। ਉਸ ਦੇ ਸਾਹਿਤ ਤੋਂ ਵੀ ਅਸੀਂ ਟੁਟ ਗਏ।

ਇਸ ਲਈ ਮੈਂ ਕਹਾਂਗਾ ਕਿ ਸਾਡੇ ਵਾਲੇ ਪਾਸੇ ਵੀ ਜ਼ਰਾ ਧਿਆਨ ਦਿਓ। ਸਾਡੀ ਜਿਹੜੀ ਲਿਪੀ ਹੈ ਉਸ ਦੇ ਵਿਚ ਕੁਝ ਚੀਜ਼ਾਂ ਛਾਪੋ ਤਾਂ ਕਿ ਤੁਸੀਂ ਸਾਨੂੰ ਨਾਲ ਲੈ ਕੇ ਤੁਰੋ। ਨਹੀਂ ਤਾਂ ਪਤਾ ਨਹੀਂ ਕਿੰਨੀਆਂ ਸ਼ਾਖਾਂ ਅਜੇ ਹੋਰ ਕਹਿਣਗੀਆਂ ਕਿ ਅਸੀਂ ਵੱਖਰੀਆਂ ਵੱਖਰੀਆਂ ਹਾਂ। ਡੋਗਰੀ ਗੋਜਰੀ, ਪਹਾੜੀ ਅਤੇ ਕੁਝ ਇਸ ਤਰ੍ਹਾਂ ਦੀਆਂ ਜਿਤਨੀਆਂ ਵੀ ਚੀਜ਼ਾਂ ਬਣ ਰਹੀਆਂ ਹਨ ਉਹ ਸਾਡੇ ਪਾਸੇ ਤੋਂ ਹੀ ਬਣ ਰਹੀਆਂ ਹਨ। ਤੇ ਉਥੋਂ ਦੇ ਲੋਕ ਵੱਖਰੀ ਵੱਖਰੀ ਡੱਫ ਲਗੇ ਨੇ ਵਜਾਉਣ। ਇਸ ਪਾਸੇ ਕੁਝ ਧਿਆਨ ਦਿੱਤਾ ਜਾਵੇ ਤਾਂ ਹੀ ਇਨ੍ਹਾਂ ਪਰਚਿਆਂ ਦਾ ਕੋਈ ਫਾਇਦਾ ਹੋਏਗਾ।

**ਡਾ. ਬਲਬੀਰ ਸਿੰਘ**

ਬਾਹਰੀ ਜੀ ਦੇ ਬਾਰੇ ਵਿਚ ਸਾਨੂੰ ਬਹੁਤ ਕੁਝ ਪਤਾ ਹੈ ਅਤੇ ਸਾਡੇ ਸਾਰਿਆਂ ਤੋਂ ਵੱਡੇ ਭਾਸ਼ਾ ਵਿਗਿਆਨੀ ਹਨ। ਇਸ ਕਰਕੇ ਮੈਂ ਤਾਂ ਸਿਰਫ ਉਨ੍ਹਾਂ ਤੋਂ ਕੁਝ ਗੱਲਾਂ ਪੁਛਣੀਆਂ ਨੇ। ਪਹਿਲੀ ਗੱਲ ਹੈ ਕਿ ਬਾਹਰੀ ਜੀ ਨੇ ਇਥੇ ਲਿਖਿਆ ਹੈ ਕਿ ਪੰਜਾਬੀ ਸਾਹਿਤ ਦਾ ਆਰੰਭ ਲਹਿੰਦੀ ਵਿਚ ਹੋਇਆ ਹੈ ਅਤੇ ਉਸ ਜ਼ਮਾਨੇ ਵਿਚ ਲਹਿੰਦੀ ਦੀ ਹੱਦ ਸ਼ਾਇਦ ਦਿੱਲੀ ਤਕ ਸੀ। ਇਹੋ ਹੀ ਅਸੀਂ ਕਹਾਂਗੇ ਕਿ ਲਹਿੰਦੀ ਜਾਂ ਪੋਠੋਹਾਰੀ ਵਾਲੀ ਗੱਲ ਇੰਨੀ ਦੂਰ ਤਕ ਚਲੀ ਗਈ ਸੀ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜੇ ਉਹ ਤਾਜ਼ੀ ਕੀਤੀ ਹੋਈ ਖੋਜ ਦਾ ਥੋੜ੍ਹਾ ਜਿਹਾ ਫਾਇਦਾ ਉਠਾਣਾ ਚਾਹੁਣ ਤਾਂ ਠੀਕ ਹੈ। ਉਹ ਇਹ ਹੈ ਕਿ ਮੈਂ ਪੁਆਧੀ ਤੇ ਕੰਮ ਕਰ ਰਿਹਾ ਸੀ ਪੁਆਧੀ ਵਿਚ ਮੈਂ resistance ਵੇਖ ਰਿਹਾ ਸੀ ਕਿ ਪੁਆਧੀ ਸ਼ਾਇਦ absorbing ਤੌਰ ਤੇ ਹਿੰਦੀ ਦੇ influence ਨੂੰ ਰੋਕਦੀ ਹੈ। ਮਿਸਾਲ ਦੇ ਤੌਰ ਤੇ ਪੁਆਧੀ ਵਲੋਂ ਬਾਂਗਰੂ ਜਾਣਦੇ ਹਨ, ਪੁਆਧੀ ਵਾਲੇ ਬਾਂਗਰੂ ਦਾ ਗੀਤ ਵੀ ਸੁਣਦੇ ਹਨ, ਪਰ ਕਦੀ ਵੀ ਇਹ ਗੀਤ ਨਹੀਂ ਗਾਉਂਦੇ। ਫਿਰ ਦੂਜੀ ਗੱਲ ਇਹ ਹੈ ਕਿ ਪੁਆਧੀ ਵਿਚ ਗੀਤ ਨਹੀਂ ਹਨ। ਜੇ ਪੁਆਧੀ ਗਾਏਗਾ ਤਾਂ ਮਲਵਈ ਦੇ ਗੀਤ ਗਾਏਗਾ ਜਾਂ ਜੇ ਗਾਏਗਾ ਮਾਝੀ ਦੇ ਗੀਤ ਗਾਏਗਾ। ਅਸਲੀ ਗੱਲ ਕੀ ਹੈ ? ਗੱਲ ਸਭਿਆਚਾਰਕ ਦ੍ਰਿਸ਼ਟੀ ਦੀ ਹੈ ਜਿਸ ਦੇ ਨਾਲ ਹੀ ਆਪਣਾ shock absorbing system ਦਾ ਹੈ। ਬਾਹਰਲੇ ਮਸਲੇ ਇਸ ਵਿਚ ਛੱਲ ਵਾਂਗ ਆਉਂਦੇ ਹਨ ਪਰ ਇਹ ਇਉਂ ਹੈ ਜਿਸ ਤਰ੍ਹਾਂ ਸਮੁੰਦਰ ਦਾ ਕੰਢਾ ਹੁੰਦਾ ਹੈ, ਛੱਲ ਆਉਂਦੀ ਹੈ, ਆ ਕੇ ਪੂਰੀ ਦੀ ਪੂਰੀ ਵਾਪਸ ਚਲੀ ਜਾਂਦੀ ਹੈ ਅਤੇ ਕੁਝ ਨਹੀਂ ਫੜ ਕੇ ਜਾਂਦੀ। ਇਧਰ ਪੰਜਾਬੀ ਦੀ ਛੱਲ ਜਾਂਦੀ ਹੈ, ਉਹ ਕੀ ਕਰਦੀ ਹੈ ? ਉਹ ਸਾਰੀਆਂ ਚੀਜ਼ਾਂ ਆਪਣੇ ਵਿਚੋਂ ਉਥੇ ਛੱਡ ਜਾਂਦੀ ਹੈ ਅਤੇ ਚਲੀ ਜਾਂਦੀ ਹੈ। ਪਹਿਲੀ

Sri Satguru Jagjit Singh Ji Elibrary NamdhariElibrary@gmail.com

ਛੱਲ ਦਾ influence ਠੀਕ ਕਰ ਜਾਂਦੀ ਹੈ। ਮਿਸਾਲ ਦੇ ਤੌਰ ਤੇ ਤੁਸੀਂ ਇਨ੍ਹਾਂ ਪਿੰਡਾਂ ਵਿਚ ਜਾ ਕੇ ਵੇਖੋ ਕਿ ਉਨ੍ਹਾਂ ਨੇ 'ਖੂਹ' ਦੇ ਵਾਸਤੇ 'ਕੂਆਂ' ਸ਼ਬਦ ਵਰਤਿਆ ਹੈ। ਪਰ ਤੁਸੀਂ ਕੂਏ ਵਾਲਾ ਗੀਤ ਕਦੇ ਨਹੀਂ ਸੁਣੋਗੇ। ਹਾਲਾਂ ਕਿ ਇਨ੍ਹਾਂ ਦੇ ਰਿਸ਼ਤੇ 75% ਬਾਂਗਰ ਇਲਾਕੇ ਨਾਲ ਹਨ ਪਰ ਐਸਾ ਸਿਸਟਮ ਬਣ ਗਿਆ ਹੈ ਕਿ ਇਹ ਪੁਆਧੀ ਇਕ cultural resistance ਦੀ ਭਾਸ਼ਾ ਬਣ ਗਈ ਹੈ।

ਪਰ ਭਾਸ਼ਾ ਦੇ ਬੋਲਣ ਦੇ ਪੱਖ ਤੋਂ ਕਦੇ ਵੀ ਪੰਜਾਬੀ ਪੁਆਧੀ ਵਾਲਾ ਨਿਯਮ ਨਹੀਂ ਅਪਣਾਉਂਦਾ। ਪੁਆਧੀ ਵਾਲੇ ਸਾਰੇ ਦੇ ਸਾਰੇ ਬਾਂਗਰੂ ਦੇ patterns ਨੇ ਅਤੇ ਪੰਜਾਬੀ ਵਾਲੇ ਦੇ ਨਹੀਂ। ਪਰ ਘੱਗਰ ਦਾ ਇਲਾਕਾ ਬੜੀ ਗਜ਼ਬ ਦੀ ਚੀਜ਼ ਦਸਦਾ ਹੈ ਜਿਥੇ pattern ਰੋਕੇ ਜਾਂਦੇ ਨੇ। ਜੇ ਕਿਤੇ ਅਸੀਂ ਇਸ ਤਰ੍ਹਾਂ ਥੋੜ੍ਹੀ ਜਿਹੀ 'ਮਾਈਕਰੋ ਰਿਸਰਚ' ਦੇ ਨਾਲ ਦੇਖੀਏ ਤਾਂ ਬੜੀਆਂ ਚੀਜ਼ਾਂ ਸਾਡੀਆਂ ਸਾਫ ਹੋ ਜਾਣਗੀਆਂ। ਤੁਹਾਡੀ ਪੀੜ੍ਹੀ ਜਿਹੜੀ ਕੰਮ ਕਰਦੀ ਆ ਰਹੀ ਸੀ, ਉਸ ਦੇ ਅਗੇ ਗ੍ਰੀਅਰਸਨ ਨੇ ਇਕ ਬੜੀ ਸਾਫ਼ ਥਿਊਰੀ ਦੇ ਦਿੱਤੀ ਸੀ ਕਿ ਪਹਿਲਾਂ ਤਾਂ ਲਹਿੰਦੀ ਵਾਲੇ ਦਿੱਲੀ ਤੱਕ ਗਏ, ਫਿਰ ਦਿੱਲੀ ਵਾਲਿਆਂ ਨੇ ਧੱਕਿਆ ਤਾਂ ਲਹਿੰਦੀ ਤੇ ਆਏ ਅਤੇ ਉਸ ਤੋਂ ਪੰਜਾਬੀ ਬਣੀ। ਮੈਂ ਜਦੋਂ ਇਹ ਕਹਿ ਰਿਹਾ ਹਾਂ ਕਿ shock absorbing system ਹੈ ਤਾਂ ਤੁਸੀਂ ਇਸਦੇ ਨਾਲ ਕਿਵੇਂ ਉਸ ਥਿਊਰੀ ਨੂੰ ਦੇ ਦਿਓਗੇ ?

ਇਕ ਹੋਰ ਗੱਲ ਇਹ ਹੈ ਕਿ ਮੈਂ ਸੰਨ 1950 ਤੋਂ ਲੈ ਕੇ ਹੁਣ ਤਕ ਸਟੱਡੀ ਕਰਦਾ ਰਿਹਾ ਹਾਂ ਕਿ ਪੁਆਧੀ ਇਥੇ ਤੋਂ ਲੈ ਕੇ ਹੁਣ ਕੈਥਲ ਤੱਕ ਚਲੀ ਜਾ ਰਹੀ ਹੈ। ਇਧਰ ਪੰਜਾਬੀ ਬੋਲਣ ਵਾਲਿਆਂ ਦੀ density of population ਵਧਦੀ ਜਾ ਰਹੀ ਹੈ ਤੇ ਪੰਜਾਬੀ ਇਧਰ ਨੂੰ ਚਲੇ ਜਾ ਰਹੇ ਨੇ ਅਤੇ ਇਸ ਪਾਸੇ ਤੋਂ ਇਕ ਤਰ੍ਹਾਂ ਦਾ flow ਜਿਹਾ ਆ ਰਿਹਾ ਹੈ। ਡਾ. ਬਾਹਰੀ ਜੀ ਬਜ਼ੁਰਗ ਬੰਦੇ ਨੇ ਕੰਮ ਕਰਨ ਵਾਲੇ। ਮੈਨੂੰ ਵੀ ਸਿਖਾਣ ਕਿਉਂਕਿ ਸਾਨੂੰ ਸਿਖਣਾ ਚਾਹੀਦਾ ਹੈ। ਮੈਂ ਤਾਂ ਇਹੀ ਸਮਝਾਂਗਾ ਜਿਵੇਂ ਉਨ੍ਹਾਂ ਨੇ ਆਪਣੇ ਪੇਪਰ ਵਿਚ ਵੀ ਕਿਹਾ ਹੈ ਕਿ ਇਹ ਇਕ ਛੋਟੀ ਜਿਹੀ statement ਦਿੱਤੀ ਜਾਂਦੀ ਹੈ ਕਿ ਜਿਉਂ ਜਿਉਂ ਕਲਚਰ ਦਾ ਐਪੀਸੈਂਟਰ ਬਦਲਦਾ ਗਿਆ ਤਿਉਂ ਤਿਉਂ ਬੋਲੀ ਦਾ ਮੁਹਾਂਦਰਾ, ਬੋਲੀ ਦਾ, ਭਾਸ਼ਾ ਦਾ ਮੁਹਾਂਦਰਾ ਬਦਲਦਾ ਗਿਆ ਹੈ। ਆਦਾਨ ਪ੍ਰਦਾਨ ਦੋ ਉਨ੍ਹਾਂ ਭਾਸ਼ਾਵਾਂ ਦਾ ਹੁੰਦਾ ਹੀ ਰਹਿੰਦਾ ਹੈ ਜਦੋਂ cultures ਇਕ ਦੂਜੇ ਨੂੰ 'ਟ੍ਰਾਂਸੈਂਡ' ਕਰਕੇ ਆਪੋ ਵਿਚ ਮਿਲਦੀਆਂ ਨੇ ਇਸੇ ਤਰ੍ਹਾਂ ਹੀ ਐਪੀਸੈਂਟਰ ਬਦਲਿਆ, ਐਪੀਸੈਂਟਰ ਉਪਰ ਤੋਂ ਆਹਿਸਤਾ ਆਹਿਸਤਾ ਚਲਿਆ। Shifting of the Epicentre ਦੇ ਨਾਲ ਦੀ ਨਾਲ ਸ਼ੈਲੀ ਬਦਲਦੀ ਚਲੀ ਗਈ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਸ ਇਲਾਕੇ ਵਿਚ ਕਹਾਣੀਆਂ ਕਿਵੇਂ ਹੋਣਗੀਆਂ ਜਦੋਂ ਕਿ cultural shock absorbing belt ਬਣਾਈ ਹੁੰਦੀ ਹੈ। ਕਹਾਣੀਆਂ ਇਸ ਵਿਚ ਕਿਵੇਂ ਪੈਦਾ ਹੋਣਗੀਆਂ। ਕਹਾਣੀਆਂ ਦੇ ਬਾਰੇ ਮੈਂ ਦੋ ਗੱਲਾਂ ਕਰਨੀਆਂ ਨੇ। ਇਸ ਵਿਚ ਦੋ ਤਰ੍ਹਾਂ ਦੀਆਂ ਕਹਾਣੀਆਂ ਹਨ। ਇਕ ਤਾਂ ਉਹ ਕਹਾਣੀਆਂ ਨੇ ਜੋ ਰਾਜਸਥਾਨ ਤੇ ਵੇਦਾਂ ਪੁਰਾਨਾਂ ਵਲੋਂ ਜਾਂ ਹਿੰਦੀ ਵਿਚੋਂ ਆ ਰਹੀਆਂ ਨੇ, ਦੂਜੀਆਂ ਕਹਾਣੀਆਂ ਉਹ ਨੇ ਜਿਹੜੀਆਂ ਸਿੱਖ ਪਰੰਪਰਾ ਨਾਲ ਜਾ ਰਹੀਆਂ ਨੇ। ਉਹ ਜਾ ਕੇ ਦੋਨੋਂ ਆਪਸ 'ਚ ਟਕਰਾਉਂਦੀਆਂ ਨੇ। ਰਹਿ ਕਿਹੜੀਆਂ ਜਾਂਦੀਆਂ ਨੇ ? ਰਹਿ ਉਹ ਜਾਂਦੀਆਂ ਨੇ ਜਿਹੜੀਆਂ ਕਿ ਸਿੱਖ ਪਰੰਪਰਾ ਨਾਲ ਸੰਬੰਧਿਤ ਹਨ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## ਤੀਸਰਾ ਸੈਸ਼ਨ

**9 ਅਪ੍ਰੈਲ, 1976 (ਸਵੇਰ)**

**ਪਹਾੜੀ ਤੇ ਪੰਜਾਬੀ**

ਖੋਜ-ਪੱਤਰ : ਡਾ. ਚੰਦਰ ਸ਼ੇਖਰ

ਪ੍ਰਧਾਨ

**ਡਾ. ਬੀ. ਐਸ. ਜੋਗੀ,**

ਵਾਈਸ ਚਾਂਸਲਰ,

ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ,

ਸ਼ਿਮਲਾ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

I

# ਆਰੰਭਿਕ ਸ਼ਬਦ

### ਅਮਰਜੀਤ ਸਿੰਘ, ਡਾਇਰੈਕਟਰ, ਪੰਜਾਬੀ ਵਿਕਾਸ

ਅੱਜ ਅਸੀਂ ਆਪਣੇ ਸਭਿਆਚਾਰਕ ਸੁਮੇਲ ਦੇ ਤੀਸਰੇ ਸੈਸ਼ਨ ਵਿਚ ਬੈਠੇ ਹਾਂ। ਅੱਜ ਦੇ ਸੈਸ਼ਨ ਦਾ ਉਦਘਾਟਨ ਸਾਡੇ ਹਰਮਨ ਪਿਆਰੇ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਕਰਨਾ ਸੀ ਪਰ ਉਨ੍ਹਾਂ ਨੇ ਸੁਨੇਹਾ ਭੇਜਿਆ ਹੈ ਕਿ ਆਪ ਵਿਦਵਾਨਾਂ ਪਾਸੋਂ ਉਨ੍ਹਾਂ ਵਲੋਂ ਖਿਮਾ ਮੰਗੀ ਜਾਵੇ ਕਿਉਂਕਿ ਕੁਝ ਬਹੁਤ ਹੀ ਜ਼ਰੂਰੀ ਰੁਝੇਵਿਆਂ ਕਾਰਨ ਉਹ ਅੱਜ ਆ ਨਹੀਂ ਸਕੇ। ਉਨ੍ਹਾਂ ਨੇ ਆਪਣੀਆਂ ਸ਼ੁਭ ਕਾਮਨਾਵਾਂ ਭੇਜੀਆਂ ਹਨ ਜਿਨ੍ਹਾਂ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।

ਸਾਨੂੰ ਖੁਸ਼ੀ ਹੈ ਕਿ ਸਾਡੀ ਗੁਆਂਢੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਬੀ. ਐਸ. ਜੋਗੀ ਜੀ ਨੇ ਸਾਡੀ ਬੇਨਤੀ ਨੂੰ ਪ੍ਰਵਾਨ ਕੀਤਾ ਹੈ। ਪੰਜਾਬ ਇਕ ਰਾਜਨੀਤਿਕ ਇਕਾਈ ਹੀ ਨਹੀਂ ਸਗੋਂ ਇਕ ਇਤਿਹਾਸਕ ਤੇ ਸਭਿਆਚਾਰਕ ਇਕਾਈ ਵੀ ਹੈ। ਮੇਰੇ ਮਨ ਵਿਚ ਪੰਜਾਬ ਦਾ ਸੰਕਲਪ ਕੇਵਲ ਰਾਜਨੀਤਕ ਹੀ ਨਹੀਂ ਸਗੋਂ ਵਧੇਰੇ ਕਰਕੇ ਇਤਿਹਾਸਕ ਤੇ ਸਭਿਆਚਾਰਕ ਹੈ। ਰਾਜਨੀਤਿਕ ਹੱਦਾਂ ਤਾਂ ਬਦਲਦੀਆਂ ਹੀ ਰਹਿੰਦੀਆਂ ਨੇ ਤੇ ਇਹ ਹਿੰਦੋਸਤਾਨ ਦੇ ਇਸ ਖਿਤੇ ਵੱਲ ਜ਼ਿਆਦਾ ਵੇਖਣ ਵਿਚ ਆਉਂਦੀਆਂ ਨੇ। ਪਰ ਰਾਜਨੀਤਿਕ ਹੱਦਾਂ ਹਮੇਸ਼ਾਂ ਹੀ ਆਰਜ਼ੀ ਜਿਹੀਆਂ ਹੁੰਦੀਆਂ ਹਨ ਜਦੋਂ ਕਿ ਸਭਿਆਚਾਰਕ ਰਿਸ਼ਤੇ ਸਦੀਵੀ ਤੇ ਪਕੇਰੇ ਹੁੰਦੇ ਹਨ।

ਅੱਜੇ ਕਲ੍ਹ ਦੀ ਗੱਲ ਜਾਪਦੀ ਹੈ ਕਿ ਜਿਥੋਂ ਡਾ. ਸਾਹਿਬ ਤਸ਼ਰੀਫ ਲਿਆਏ ਹਨ, ਉਥੋਂ ਦਾ ਕਾਫ਼ੀ ਹਿੱਸਾ ਸਾਡੇ ਵਿਚ ਹੀ ਸੀ ਅਤੇ ਸਭਿਆਚਾਰਕ ਪੱਖ ਤੋਂ ਅੱਜ ਵੀ ਹੈ ਤੇ ਰਹੇਗਾ ਵੀ। ਇਸ ਪ੍ਰਸੰਗ ਵਿਚ ਇਕ ਲੋਕ-ਬੋਲੀ ਯਾਦ ਆਈ ਹੈ; ਡਾ. ਜੋਗੀ ਜੀ ਦੀ ਆਗਿਆ ਨਾਲ ਆਪ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ।

"ਯਾਰੀ ਤੋੜਕੇ ਖੁੰਢਾਂ ਤੇ ਬਹਿ ਗਿਆ,
ਵੇ ਹੁਣ ਕੀ ਤੂੰ ਰੱਬ ਬਣ ਗਿਆ।"

ਹੁਣ ਮੈਂ ਵਾਈਸ-ਚਾਂਸਲਰ ਸਰਦਾਰਨੀ ਇੰਦਰਜੀਤ ਕੌਰ ਸੰਧੂ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਉਹ ਸੁਆਗਤੀ ਸ਼ਬਦ ਕਹਿਣ।

Sri Satguru Jagjit Singh Ji Elibrary NamdhariElibrary@gmail.com

II

# ਸੁਆਗਤੀ ਸ਼ਬਦ

## ਸ੍ਰੀਮਤੀ ਇੰਦਰਜੀਤ ਕੌਰ ਸੰਧੂ, ਵਾਈਸ ਚਾਂਸਲਰ

ਮੈਂ ਡਾਕਟਰ ਬਲਵੰਤ ਸਿੰਘ ਜੋਗੀ, ਵਾਈਸ-ਚਾਂਸਲਰ, ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ, ਨੂੰ ਜੀ ਆਇਆਂ ਕਹਿਣ ਵਿਚ ਬੜੀ ਖੁਸ਼ੀ ਤੇ ਫ਼ਖ਼ਰ ਮਹਿਸੂਸ ਕਰਦੀ ਹਾਂ। ਉਨ੍ਹਾਂ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸੈਮੀਨਾਰ ਦੇ ਅੱਜ ਦੇ ਇਸ ਸੈਸ਼ਨ ਦੀ ਪ੍ਰਧਾਨਗੀ ਕਰਨੀ ਸਵੀਕਾਰ ਕੀਤੀ ਹੈ ਜਿਸ ਲਈ ਮੈਂ ਉਨ੍ਹਾਂ ਦੀ ਰਿਣੀ ਹਾਂ। ਡਾਕਟਰ ਜੋਗੀ ਖੇਤੀ-ਬਾੜੀ ਦੇ ਇਕ ਮੰਨੇ-ਪ੍ਰਮੰਨੇ ਸਾਇੰਸਦਾਨ ਹਨ। ਆਪ ਨੇ ਲਾਇਲਪੁਰ ਐਗਰੀਕਲਚਰਲ ਕਾਲਜ ਤੋਂ ਬੀ. ਐਸ. ਸੀ. (ਐਗਰੀਕਲਚਰ) ਦੀ ਡਿਗਰੀ ਪ੍ਰਾਪਤ ਕੀਤੀ। ਉਪਰੰਤ ਆਪ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਯੂ. ਐਸ. ਏ. ਚਲੇ ਗਏ ਜਿਥੋਂ ਆਪ ਨੇ ਐਮ. ਐਸ. ਸੀ. ਅਤੇ ਪੀ. ਐਚ. ਡੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਭਾਰਤ ਪਰਤਣ ਪਿਛੋਂ ਆਪ ਕਈ ਜ਼ਿੰਮੇਵਾਰ ਅਤੇ ਉੱਚੇ ਅਹੁਦਿਆਂ ਤੇ ਸੁਸ਼ੋਭਤ ਰਹੇ। ਜੰਮੂ ਕਸ਼ਮੀਰ ਵਿਚ ਆਪ ਕਈ ਸਾਲ ਐਗਰੀਕਲਚਰ ਵਿਭਾਗ ਦੇ ਡਾਇਰੈਕਟਰ ਰਹੇ ਅਤੇ ਬਾਅਦ ਵਿਚ ਲਗਪਗ ਦਸ ਸਾਲਾਂ ਤੋਂ ਆਪ ਨੇ ਹਿਮਾਚਲ ਪ੍ਰਦੇਸ਼ ਵਿਚ ਭੀ ਡਾਇਰੈਕਟਰ ਐਗਰੀਕਲਚਰ ਦੇ ਤੌਰ ਤੇ ਜ਼ਿੰਮੇਵਾਰੀਆਂ ਨਿਭਾਈਆਂ। ਪਿਛਲੇ ਸਾਲ ਆਪ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਿਯੁਕਤ ਹੋਏ। ਆਪ ਦਾ ਇਸ ਖੇਤਰ ਨਾਲ ਸ਼ੁਰੂ ਤੋਂ ਭਾਵੁਕ ਸੰਬੰਧ ਹੈ। ਪੰਜਾਬ, ਜੰਮੂ, ਇਸ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਤਿੰਨਾਂ ਪ੍ਰਾਂਤਾਂ ਨਾਲ ਆਪਦਾ ਡੂੰਘਾ ਨਾਤਾ ਹੈ ਅਤੇ ਇਸ ਕਾਰਨ ਅੱਜ ਦੇ ਇਸ ਸਮਾਗਮ ਦੀ ਪ੍ਰਧਾਨਗੀ ਲਈ ਸਾਨੂੰ ਆਪ ਨਾਲੋਂ ਵਧੇਰੇ ਯੋਗ ਪ੍ਰਧਾਨ ਲਭਣਾ ਮੁਸ਼ਕਲ ਸੀ। ਮੈਂ ਇਕ ਵਾਰ ਫਿਰ ਆਪ ਜੀ ਦਾ ਦਿਲੋਂ ਧੰਨਵਾਦ ਕਰਦੀ ਹਾਂ ਕਿ ਆਪ ਨੇ ਸਾਡੇ ਸੈਮੀਨਾਰ ਦੇ ਇਸ ਸੈਸ਼ਨ ਦੀ ਪ੍ਰਧਾਨਗੀ ਕਰਨ ਵਾਸਤੇ ਬੇਨਤੀ ਨੂੰ ਪ੍ਰਵਾਨ ਕੇ ਸਾਨੂੰ ਨਿਵਾਜਿਆ ਹੈ।

ਪੰਜਾਬੀ ਜ਼ਬਾਨ ਆਪਣੇ ਵਿਸ਼ੇਸ਼ ਮਿਜ਼ਾਜ਼ ਅਤੇ ਕਿਰਦਾਰ ਵਜੋਂ ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਦੇ ਪ੍ਰਗਟਾਵੇ ਦਾ ਸੁੰਦਰ ਅਤੇ ਆਕਰਸ਼ਕ ਮਾਧਿਅਮ ਹੈ। ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਦੀ ਮੂਲ ਪ੍ਰਕਿਰਤੀ ਦੀ ਵਿਸ਼ੇਸ਼ਤਾ ਦਾ ਪਰਮ ਉੱਚ ਆਧਾਰ ਕ੍ਰਿਸ਼ੀ ਦੀ ਪ੍ਰਧਾਨਤਾ ਹੈ। ਪੰਜਾਬ ਦੇ ਇਤਿਹਾਸ ਵਿਚ ਖੇਤੀ-ਬਾੜੀ ਅਤੇ ਖੇਤੀ-ਬਾੜੀ ਕਰਨ ਵਾਲਿਆਂ ਦਾ ਇਕ ਵਿਸ਼ੇਸ਼ ਰੋਲ ਰਿਹਾ ਹੈ। ਕ੍ਰਿਸ਼ੀਕਾਰੀ ਦੇ ਵਾਤਾਵਰਣਕ ਵਿਧਾਨ ਅਤੇ ਪੰਜਾਬੀ ਦੀ ਲਿਪੀ ਵਿਚ ਇਕ ਕੁਦਰਤੀ ਸਾਂਝ ਹੈ। ਸ਼ਿਰੋਰੇਖਾ ਦੇ ਨਾਲ ਅੰਕਿਤ

ਪੰਜਾਬੀ ਦੇ ਅੱਖਰ ਦਰਖ਼ਤ ਦੀ ਡਾਲੀ ਦੇ ਨਾਲ ਪੱਤਿਆਂ ਦਾ ਦ੍ਰਿਸ਼ ਪੇਸ਼ ਕਰਦੇ ਹਨ। ਖੇਤੀ-ਬਾੜੀ ਅਤੇ ਜੰਗਲ ਦੀ ਇਹ ਵਿਸ਼ੇਸ਼ਤਾ ਸਰਬ-ਵਿਦਿਤ ਹੈ ਕਿ ਦਰਖ਼ਤਾਂ ਦੇ ਝੁੰਡ ਵਿਚ ਹਰ ਦਰਖ਼ਤ ਝੁੰਡ ਦੀ ਸਮੁੱਚਤਾ ਦਾ ਭਾਗ ਹੁੰਦਾ ਹੋਇਆ ਆਪਣੀ ਨਿਆਰੀ ਹੋਂਦ ਵੀ ਰਖਦਾ ਹੈ। ਇਸੇ ਤਰ੍ਹਾਂ ਪੰਜਾਬੀ ਵਰਣਮਾਲਾ ਦੀ ਤਰਤੀਬ ਵਿਚ ਹਰੇਕ ਪੰਜਕਾ ਇਕ ਪ੍ਰਕਾਰ ਦਾ ਸਮੂਹ ਹੈ ਜਿਸ ਵਿਚ ਹਰੇਕ ਅੱਖਰ ਸਮੂਹ ਦੇ ਨਾਲ ਨਾਲ ਆਪਣਾ ਨਿਆਰਾ ਵਜੂਦ ਵੀ ਰਖਦਾ ਹੈ। ਪੰਜਾਬ ਦੇ ਮੈਦਾਨਾਂ ਦੀ ਖੇਤੀ ਅਤੇ ਫ਼ਸਲ ਦਾ ਨਿਰਭਰ ਦਰਿਆਵਾਂ ਦੇ ਪਾਣੀ 'ਤੇ ਜਿਨ੍ਹਾਂ ਦਾ ਵਜੂਦ ਪਹਾੜਾਂ ਦਾ ਮੁਥਾਜ ਹੈ। ਜਿਵੇਂ ਮੈਦਾਨੀ ਇਲਾਕੇ ਕ੍ਰਿਸ਼ੀਕਾਰੀ ਲਈ ਪਹਾੜਾਂ ਤੋਂ ਪ੍ਰਾਪਤ ਪਾਣੀ ਦੇ ਰਿਣੀ ਹਨ, ਉਸੇ ਤਰ੍ਹਾਂ ਮੈਦਾਨੀ ਇਲਾਕੇ ਦੀ ਵਸੋਂ ਜਿਹੜੀ ਸ਼ਬਦਾਵਲੀ ਨਿਤਾਪ੍ਰਤੀ ਦੇ ਜੀਵਨ ਵਿਚ ਇਸਤੇਮਾਲ ਕਰਦੀ ਹੈ, ਉਸ ਦਾ ਸੰਬੰਧ ਹੋਰ ਗੁਆਂਢੀ ਮੈਦਾਨੀ ਇਲਾਕਿਆਂ ਦੇ ਨਾਲ ਨਾਲ ਪਹਾੜੀ ਪ੍ਰਦੇਸ਼ ਨਾਲ ਵੀ ਹੈ। ਪਹਾੜੀ ਪ੍ਰਦੇਸ਼ ਵਿਚ ਮੈਦਾਨੀ ਇਲਾਕਿਆਂ ਦੀ ਵਸੋਂ ਵਾਂਗ ਵਿਸ਼ਾਲ ਇਕੱਤ੍ਰਤਾਵਾਂ ਦੀ ਗੁੰਜਾਇਸ਼ ਘੱਟ ਹੈ, ਇਸ ਲਈ ਪਹਾੜੀ ਬੋਲੀ ਦੇ ਧੁਨੀ-ਵਿਧਾਨ, ਸ਼ਬਦ ਭੰਡਾਰ ਅਤੇ ਉਚਾਰਣ-ਜੁਗਤ ਵਿਚ ਅੰਤ੍ਰੀਵੀ ਭਿੰਨਤਾ ਦੀ ਤਰਲਤਾ ਦੀ ਗੁੰਜਾਇਸ਼ ਵੀ ਬਹੁਤੀ ਜ਼ਿਆਦਾ ਨਹੀਂ। ਪਰ ਇਕ ਗੱਲ ਸਪੱਸ਼ਟ ਹੈ, ਉਹ ਇਹ ਕਿ ਮੈਦਾਨਾਂ ਵਿਚ ਇਕ ਪ੍ਰਕਾਰ ਦੀ ਰੰਗੀਨ ਕੋਮਲਤਾ ਹੁੰਦੀ ਹੈ ਜੋ ਭਾਸ਼ਾ ਵਿਚ ਸੰਗੀਤਕ ਕੋਮਲਤਾ ਦਾ ਆਧਾਰ ਬਣਦੀ ਹੈ। ਪਹਾੜੀ ਇਲਾਕੇ ਵਿਚ ਹੋਰ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਇਕ ਉਚੇਰੀ ਵਿਸ਼ੇਸ਼ਤਾ ਪਹਾੜੀ ਪੱਥਰਾਂ ਦੀ ਕਠੋਰਤਾ ਹੈ। ਪਹਾੜੀ ਬੋਲੀ ਦੀ ਵਿਆਕਰਣਿਕ ਜੁਗਤ ਅਤੇ ਉਸ ਦੀ ਉਚਾਰਣ ਵਿਊਂਤ ਵਿਚ ਜਿਹੜੀ ਨਿਆਰੀ ਤੇ ਨਿਰਾਲੀ ਅੱਡਰਤਾ ਹੈ ਅਤੇ ਕ੍ਰਿਆ ਰੂਪਾਂ ਦੇ ਕਾਲਿਕ ਭੇਦਾਂ ਦੇ ਪ੍ਰਗਟਾਵੇ ਲਈ ਜਿਹੜੇ ਪਿਛੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਜਿਥੇ ਪਹਾੜੀ ਬੋਲੀ ਦੀ ਪ੍ਰਾਣ-ਸ਼ਕਤੀ ਨੂੰ ਸੁਰੱਖਿਅਤ ਰਖਦੇ ਹਨ ਉਥੇ ਨਾਲ ਲਗਦੇ ਗੁਆਂਢੀ ਮੈਦਾਨੀ ਇਲਾਕੇ ਵਿਸ਼ੇਸ਼ ਕਰ ਪੰਜਾਬ ਦੀ ਨਿਤ ਵਰਤੀਂਦੀ ਭਾਸ਼ਾ ਅਤੇ ਉਚਾਰਣ-ਵਿਊਂਤ ਵਿਚ ਵੀ ਲਚਕ ਅਤੇ ਕਠੋਰਤਾ ਪੈਦਾ ਕਰਨ ਵਾਲੀ ਸਾਮੱਗਰੀ ਉਪਲਭਧ ਕਰਦੇ ਹਨ। ਕੁਲੂ, ਕਾਂਗੜਾ ਅਤੇ ਕਾਲਕਾ ਆਦਿ ਪਹਾੜੀ ਇਲਾਕੇ ਪੰਜਾਬੀ ਜੀਵਨ ਅਤੇ ਸਭਿਆਚਾਰ ਦੇ ਨਾਲ ਇਕ ਨਿਰੰਤਰ ਸਾਂਝ ਦੇ ਸਬੱਲ ਕੇਂਦਰ ਰਹੇ ਹਨ। ਧਾਰਮਿਕ ਵਿਸ਼ਵਾਸ ਅਤੇ ਮਨੌਤਾਂ ਦੀ ਪੂਰਤੀ ਦੇ ਕਈ ਪੱਖ ਅਜੇਹੇ ਹਨ ਜਿਨ੍ਹਾਂ ਲਈ ਸ਼ਰਧਾਲੂਆਂ ਨੂੰ ਇਨ੍ਹਾਂ ਪਹਾੜੀ ਸਭਿਆਚਾਰਕ ਕੇਂਦਰਾਂ ਦੀ ਯਾਤ੍ਰਾ ਕਰਨੀ ਪੈਂਦੀ ਹੈ। ਇਉਂ ਪੰਜਾਬੀ ਭਾਸ਼ਾ ਅਤੇ ਉਚਾਰਣ-ਵਿਊਂਤ ਪਹਾੜੀ ਭਾਸ਼ਾ ਅਤੇ ਉਚਾਰਣ-ਵਿਊਂਤ ਤੋਂ ਨਾ ਕੇਵਲ ਪ੍ਰਭਾਵ ਗ੍ਰਹਿਣ ਕਰਦੀ ਹੈ ਬਲਕਿ ਪਹਾੜੀ ਅਤੇ ਪੰਜਾਬੀ ਦੀ ਸਜੀਵਤਾ ਨੂੰ ਬਰਕਰਾਰ ਰਖਣ ਲਈ ਲੋੜੀਂਦੀ ਸੁਰ-ਸਾਮੱਗਰੀ ਵੀ ਪ੍ਰਦਾਨ ਕਰਦੀ ਹੈ।

Sri Satguru Jagjit Singh Ji Elibrary NamdhariElibrary@gmail.com

III

# ਪੰਜਾਬੀ ਤੇ ਪਹਾੜੀ ਲੋਕ ਸਾਹਿਤ : ਆਪਸੀ ਸਾਂਝ ਤੇ ਰਿਸ਼ਤੇ

**ਚੰਦਰ ਸ਼ੇਖਰ**

ਮੁਅਜ਼ਿਜ਼ ਸਾਹਿਬੇ ਸਦਰ !
ਮੋਹਤਰਿਮਾ ਵੀ. ਸੀ. ਸਾਹਿਬਾ !
ਕਾਬਲੇ ਇਹਤਿਰਾਮ ਅਦੀਬ ਸਾਹਿਬਾਨ ਤੇ ਹਾਜ਼ਰੀਨ ਦੋਸਤੋ !

ਇਸ ਤਕਰੀਬ 'ਚ ਸ਼ਾਮਿਲ ਹੋਣ ਦੀ ਦਾਵਤ ਲਈ ਮੈਂ ਮੁਤਜ਼ਿਮੀਨ ਦਾ ਮਸ਼ਕੂਰ ਹਾਂ। ਇਸ ਅਦਬੀ ਨਸ਼ਿਸਤ 'ਚ ਆਪਣੇ ਤਾਅਸੁਰਾਤ ਪੇਸ਼ ਕਰਨ ਦਾ ਇਹ ਨਾਯਾਬ ਮੌਕਾ ਮੇਰੇ ਲਈ ਖ਼ਾਸ ਅਹਮੀਯਤ ਰਖਦਾ ਏ। ਆਪਣੇ ਅੱਜ ਦੇ ਮਜ਼ਮੂਨ ਦੀ ਤਫਸੀਲ ਪੇਸ਼ ਕਰਨ ਤੋਂ ਪਹਿਲਾਂ ਇਹ ਵਾਜ਼ਿਹ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ ਕਿ ਇਹ ਮੁਆਇਨਾ ਮੈਂ ਨਿਜੀ ਜ਼ਾਵੀਏ ਤੋਂ ਕੀਤਾ ਹੈ —ਸੋ ਇਹ ਕੇਵਲ ਘੋਖ ਹੈ, ਸਿਰਫ ਤਨਕੀਦ ਹੈ, ਤਨਕੀਦ ਦੀ ਸ਼ੁਰੂਆਤ ਹੈ, ਫੈਸਲਾ ਨਹੀਂ, ਸਥਾਪਨਾ ਨਹੀਂ, ਕਿਉਂਜੋ ਫੈਸਲੇ ਬਹਿਸ-ਮੁਬਾਹਿਸੇ ਦੇ ਪ੍ਰਾਸੈਸ ਤੋਂ ਉਪਜਦੇ ਹਨ। ਮੈਂ ਕੁਝ ਵਿਚਾਰ ਬਹਿਸ ਦਾ ਆਗਾਜ਼ ਕਰਨ ਲਈ ਹੀ ਪੇਸ਼ ਕਰ ਰਿਹਾ ਹਾਂ ਤੇ ਇਹ ਪੱਤਰ ਉਸ ਬਹਿਸ ਦਾ ਸਿਰਫ ਦੀਬਾਚਾ ਹੀ ਹੈ।

ਪੰਜਾਬੀ ਤੇ ਪਹਾੜੀ ਲੋਕ ਗੀਤਾਂ ਤੇ ਲੋਕ ਸਾਹਿਤ ਦੀ ਆਪਸੀ ਸਾਂਝ ਤੇ ਰਿਸ਼ਤਿਆਂ ਦਾ ਜਾਇਜ਼ਾ ਲੈਣ ਤੋਂ ਪਹਿਲਾਂ ਇਹ ਜਾਣਨਾ ਲਾਜ਼ਮੀ ਹੈ ਕਿ ਪੰਜਾਬੀ ਤੇ ਪਹਾੜੀ ਲੋਕ-ਜੀਵਨ ਦੀ ਆਪਸੀ ਨੇੜ ਕੀ ਏ ? ਆਪਸੀ ਸਾਂਝ ਤੇ ਰਿਸ਼ਤੇ ਕੀ ਹਨ ? ਉਨ੍ਹਾਂ ਦੀਆਂ ਦਿਸ਼ਾਵਾਂ ਕੀ ਹਨ ? ਉਹ ਕਿੰਨੀਆਂ ਕੁ ਮਤਵਾਜ਼ੀ ਹਨ ਤੇ ਕਿੰਨੀਆਂ ਕੁ ਇਕ ਦੂਜੇ ਤੋਂ ਵਿਪਰੀਤ ਜਾਂ ਅੱਡ ਅੱਡ ਹਨ ?

ਇਹ ਸਵਾਲ ਮੁਖਤਲਿਫ ਜਾਪਦੇ ਹਨ, ਪਰ ਇਕੋ ਮੁੱਢਲੀ ਜ਼ਮੀਨ ਤੋਂ ਉਪਜੇ ਹਨ। ਬੇਹਤਰ ਹੋਵੇਗਾ ਉਸੀ ਜ਼ਮੀਨ ਤੇ ਕੁਦਾਲ ਕੱਸੀ ਚਲਾਈ ਜਾਵੇ। ਸਾਰਿਆਂ ਸਵਾਲਾਂ ਨੂੰ ਮੁੱਦੇ ਨਜ਼ਰ ਰਖਦੇ ਹੋਏ ਇਕ ਡਾਇਲਾਗ ਕਾਇਮ ਕੀਤਾ ਜਾਵੇ। ਇਕ ਈਡਿਅਮ ਘੜਿਆ ਜਾਵੇ। ਇਕ ਮੁਹਾਵਰਾ ਤਲਾਸ਼ਿਆ ਜਾਵੇ ਜਾਂ ਕਮ-ਅਜ਼-ਕਮ ਤਲਾਸ਼ ਕਰਨ ਦੀ ਕੋਸ਼ਿਸ਼ ਹੀ ਕੀਤੀ ਜਾਵੇ।

ਬੁਨਿਆਦੀ ਤੌਰ ਤੇ ਇਨਸਾਨੀ ਵਲਵਲੇ ਇਕ ਹਨ। ਸੁਖ ਦੁਖ 'ਚ ਉਸ ਦੇ ਜਜ਼ਬੇ ਇਕ ਰੂਪ 'ਚ ਉਬਲਦੇ ਹਨ। ਸੰਵੇਦਨਾ ਦੇ ਸੋਮੇ ਇਕ ਰੂਪ 'ਚ ਹੀ ਫੁੱਟਦੇ ਹਨ। ਉਨ੍ਹਾਂ ਦੀ ਸ਼ਕਲ, ਕੱਦ ਤੇ ਚਾਲ ਦੇ ਨਿਸਬਤੰਨਾਸਬ 'ਚ ਫਰਕ ਹੋ ਸਕਦਾ ਹੈ ਪਰ ਉਨ੍ਹਾਂ ਦੀ ਮੁੱਢਲੀ ਨੁਹਾਰ ਲਗਪਗ ਇਕੋ ਜਿਹੀ ਹੁੰਦੀ ਹੈ। ਆਰੰਭਕ ਬਣਤਰ ਤੇ ਵਿਉਂਤ ਵੀ ਗਾਲਬਨ ਹਮਸ਼ਕਲ ਹੁੰਦੀ ਹੈ। ਲੋਕ-ਮਾਨਸ ਤੇ ਜਨ-ਮਾਨਸ ਦਾ ਇਹ ਸਦੀਵੀ ਰੂਪ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ਿਦਤ ਦੇ ਰੰਜੋਗ਼ਮ ਦੇ ਤਲਖ਼ ਤਜਰਬਿਆਂ ਦੇ ਪ੍ਰਗਟਾ ਤੋਂ ਕਿਬਲ ਅਮੂਮਨ ਇਕੋ ਸ਼ਕਲ ਤੇ ਮੂੰਹ ਵਾਲੇ ਬਿੰਬ-ਚਿੱਤ੍ਰ ਉਪਮਾਵਾਂ, ਤਸਵੀਰਾਂ, ਪ੍ਰਤੀਕ, ਅਲੰਕਾਰ, ਕਲਾਕਾਰ ਦੇ ਅੰਦਰੂਨੀ ਸਿਰਜਨ ਵਿਉਪਾਰ 'ਚ ਸਿਰਜਣਾ ਦੇ ਆਵੇ 'ਚ ਪੱਕਦੇ ਰਹਿੰਦੇ ਨੇ। ਪ੍ਰਗਟਾ ਵੇਲੇ ਕਈ ਵਾਰ ਇਕ ਲਯ, ਤਾਲ ਗਤਿ 'ਚ ਛਮ ਛਮ ਕਰਦੇ ਨਮੂਦਾਰ ਹੋ ਜਾਂਦੇ ਨੇ। ਲੋਕ-ਮਾਨਸ ਦੀ ਇਹ ਇਕਰੂਪਤਾ ਨਾ ਸਿਰਫ ਕਦੀਮੀ ਹੈ ਬਲਕਿ ਆਲਮੀ ਹੈ। ਸਰਵਤਰ ਤੇ ਸਰਵਵਿਆਪਕ ਹੈ। ਉਨ੍ਹਾਂ ਦੇ ਇਜ਼ਹਾਰ ਦੀ ਤੇ ਇਜ਼ਹਾਰ ਦੇ ਉਪਕਰਣਾਂ ਦੀ ਇਕ ਸਮਾਨਤਾ ਇਕਰੂਪਤਾ ਵੀ ਸਦੀਵੀ ਤੇ ਆਲਮੀ ਹੈ। ਨਾ ਕੇਵਲ ਇਕ ਦੇਸ਼ ਦੇ ਮੁਖਤਲਿਫ ਸੂਬਿਆ ਦਾ ਸਗੋਂ ਦੁਨੀਆਂ ਦੇ ਭਿੰਨ ਭਿੰਨ ਖਿੱਤਿਆਂ ਤੇ ਮੁਲਕਾਂ ਦਾ ਜਜ਼ਬਾਤੀ ਮੁੱਢ ਇਕ ਹੀ ਹੈ।

ਪੰਜਾਬੀ ਤੇ ਪਹਾੜੀ-ਲੋਕਮਾਨਸ ਦੀ ਨੇੜ ਦਾ ਇਹ ਇਕ ਸਕਾ-ਸਹੋਦਰਾ ਸੂਤਰ ਹੈ। ਆਪਸੀ ਸਾਂਝ ਦੇ ਇਕ ਗੋਤ ਹੋਣ ਦਾ ਮਨੋਵਿਗਿਆਨਿਕ ਸਿਲਾਲੇਖ ਹੈ। ਜਾਂ ਉਨ੍ਹਾਂ ਦੀ ਉਸਾਰੀ ਤੇ ਵਿਕਾਸ ਦਾ ਇਕ ਸਾਂਝਾ ਨੀਂਹ ਪੱਥਰ ਹੈ। ਇਹ ਪੰਜਾਬੀ ਤੇ ਪਹਾੜੀ ਲੋਕ-ਮਾਨਸ ਦਾ ਹੀ ਨਹੀਂ ਬਲਕਿ ਸਮੁੱਚੇ ਲੋਕ-ਮਾਨਸ ਦੀ ਆਪਸੀ ਸਾਂਝ ਦਾ ਦਸਤਾਵੇਜ਼ ਹੈ। ਇਕ ਸਨਦ-ਯਾਫ਼ਤਾ ਤਹਿਰੀਰ ਹੈ।

ਪੰਜਾਬੀ ਤੇ ਪਹਾੜੀ ਲੋਕ ਜੀਵਨ ਦਾ ਚੋਲੀ ਦਾਮਨ ਦਾ ਸੰਬੰਧ ਹੈ। ਇਤਿਹਾਸ ਤੇ ਵਕਤ ਨੇ ਜੋ ਸ਼ਗਨ ਪੰਜ ਬ ਦੇ ਪੱਲੇ ਪਾਏ ਹਨ ਪਹਾੜਾਂ ਨੇ ਉਨ੍ਹਾਂ ਨੂੰ ਆਪਣੀ ਹਿੱਕ ਨਾਲ ਲਾਇਆ ਹੈ ਤੇ ਕੁਦਰਤ ਨੂੰ ਜੋ ਨੂਰਾਨੀ ਵੇਗ ਪਹਾੜਾਂ ਨੂੰ ਬਖਸ਼ਿਆ ਹੈ, ਪਹਾੜਾਂ ਦੇ ਲੜ ਲਾਇਆ ਹੈ, ਉਹ ਪੰਜਾਬ ਦੀ ਬੁੱਕਲ 'ਚ ਵੀ ਪਾਇਆ ਹੈ। ਆਪਸੀ ਪ੍ਰਭਾਵਾਂ ਦੀ ਰੰਗ-ਬਰੰਗੀ ਫੁਲਕਾਰੀ ਨੇ ਪੰਜਾਬ ਤੇ ਪਹਾੜਾਂ ਨੂੰ ਵਲੇਟ ਕੇ ਰਖਿਆ ਹੈ। ਉਸਦੀ ਗਰਮਾਇਸ਼ ਤੇ ਨਿੱਘ ਨੂੰ ਦੋਨਾਂ ਨੇ ਮਾਣਿਆ ਹੈ। ਪੰਜਾਬ ਦੇ ਦਰਦ ਨਾਲ ਪਹਾੜ ਪੱਧਰ ਹੋਏ ਨੇ ਤੇ ਪੰਜਾਬ ਦੇ ਹੰਕਿਆਂ ਨਾਲ ਉਪਰ ਪਿਘਲੇ ਵੀ ਹਨ—ਇਸੇ ਤਰ੍ਹਾਂ ਪਹਾੜਾਂ ਦੇ ਵਗਦੇ ਵੈਣਾਂ ਨੂੰ ਪੰਜਾਬ ਨੇ ਆਪਣੇ ਦਿਲ 'ਚ ਵਸਾਇਆ ਹੈ, ਕੁਰਲਾਂਦੇ ਪਰਬਤਾਂ ਦੇ ਕੀਰਨਿਆਂ ਨੂੰ ਆਪਣੇ ਜਿਗਰ 'ਚ ਸਮਾਇਆ ਹੈ। ਬਰਫਾਂ ਦਾ ਵਟਣਾ ਮਲ ਮਲ ਕੇ ਦੁਧ ਨ੍ਹਾਤੀ ਕੁਆਰੀ ਮੁਟਿਆਰ ਧੌਲਾਧਾਰ ਨੇ ਪੰਜਾਬ ਦੇ ਗੁੱਟ ਗਾਨਾਂ ਬੰਨ੍ਹਿਆ ਏ ਤੇ ਮੈਦਾਨਾਂ ਨੇ ਇਸ ਅਜੋਕਲੀ ਲਾੜੀ ਨੂੰ ਪਰਣਾਇਆ ਏ ਕੁਦਰਤ ਨੇ ਇਹ ਅੰਜੜੀ ਜੋੜੀ ਹੈ। ਲਾੜੇ ਨੇ ਲਾੜੀ ਲਈ ਵਰੀ ਬਣਾਈ ਹੈ। ਜੂਠਾ ਟਿੱਕਾ ਕਢਿਆ ਹੈ ਤੇ ਲਾੜੀ ਵੀ ਆਪਣੇ ਨਾਲ ਦਾਜ ਤੇ ਖੱਟ ਲੈ ਕੇ ਆਈ ਹੈ : ਇਹ ਲਾੜੀ ਸਹੁਰਿਆਂ ਘਰ ਹੋਵੇ ਜਾਂ ਮਾਪਿਆਂ ਦੇ ਉਹ ਕਰਵਾ ਚੌਥ ਦਾ ਬ੍ਰਤ ਰਖਦੀ ਹੈ ਤੇ ਲਾੜਾ ਵੰਨ-ਸੁਵੰਨੀਆਂ ਸੁਗਾਤਾਂ ਦੀ ਸਰਘੀ ਤੇ ਮੌਲੀ ਕੁੰਗੂ ਮੌਲੀ ਮਹਿੰਦੀ ਸੁਰਮਾ ਨਾਲ ਪਰਾਂਦਾ ਤੇ ਵੰਗਾਂ ਲੈ ਕੇ ਜਾਂਦਾ ਹੈ। ਪੰਜਾਬੀ ਤੇ ਪਹਾੜੀ ਜੀਵਨ ਦਾ ਇਕ ਕੁਦਰਤੀ ਕੁੜਮਾਚਾਰਾ ਹੈ। ਬੜਾ ਮਿੱਠਾ ਰਸ ਭਿੰਨਾ ਸੁਆਦਲਾ ਤੇ ਲਚੀਲਾ ਰਿਸ਼ਤਾ ਹੈ। ਰਾਜਨੀਤੀ ਦੇ ਸਿਆਸੀ ਸ਼ਰੀਕ ਭਾਵੇਂ ਕਿੰਨੀਆਂ ਭਾਨੀਆਂ ਮਾਰਨ ਨਾ ਇਹ ਕੁੜਮਾਚਾਰਾ ਟੁੱਟ ਸਕਦਾ ਹੈ ਤੇ ਨਾ ਹੀ ਇਸ 'ਚ ਕੋਈ ਕੁੰਭਲ ਹੀ ਪੈ ਸਕਦੀ ਹੈ। ਰਾਜਸੀ ਵੰਡਾਰੇ ਪੰਜਾਬ ਤੇ ਹਿਮਾਚਲ ਦੀਆਂ ਹੱਦਾਂ ਉਲੀਕਣ ਵੇਲੇ, ਬੰਨੇ ਬਨ੍ਹਣ ਵੇਲੇ, ਜ਼ਮੀਨ ਦਾ ਕੋਈ ਖਿੱਤਾ ਤੱਕੜੀ ਦੇ ਇਸ ਪਲੜੇ ਪਾਉਣ ਜਾਂ ਉਸ ਪਲੜੇ, ਇਸ ਨਾਲ ਕੋਈ ਫਰਕ ਨਹੀਂ

Sri Satguru Jagjit Singh Ji Elibrary NamdhariElibrary@gmail.com

ਪੈਂਦਾ । ਇਹ ਹੱਦ-ਬੰਨੇ ਆਪਸੀ ਪ੍ਰਭਾਵਾਂ ਦੀਆਂ ਹਵਾਵਾਂ ਨੂੰ, ਵਗਦੇ ਵਹਿਣਾਂ ਨੂੰ ਨਹੀਂ ਰੋਕ ਸਕਦੇ । ਕਾਂਗੜਾ ਭਾਵੇਂ ਪੰਜਾਬ 'ਚ ਰਹੇ ਭਾਵੇਂ ਹਿਮਾਚਲ 'ਚ, ਊਨਾ ਤੇ ਨਾਲਾਗੜ੍ਹ ਦੀਆਂ ਤਹਿਸੀਲਾਂ ਭਾਵੇਂ ਪੰਜਾਬ ਦੇ ਵੰਡੇ ਆਵਣ ਤੇ ਭਾਵੇਂ ਹਿਮਾਚਲ ਦੇ, ਆਨੰਦਪੁਰ ਸਾਹਿਬ ਦਾ ਇਲਾਕਾ ਇਸ ਪਲੜੇ ਪਵੇ ਭਾਵੇਂ ਉਸ ਪਲੜੇ, ਇਨ੍ਹਾਂ ਖਿੱਤਿਆਂ ਦੇ ਲੋਕ ਜੀਵਨ 'ਚ ਕੋਈ ਤਬਦੀਲੀ ਨਹੀਂ ਵਾਪਰੇਗੀ । ਹੁਣ ਵੀ ਇਨ੍ਹਾਂ ਇਲਾਕਿਆਂ ਵਿਖੇ ਉਪਰੋਕਤ ਕੁੜਮਾਚਾਰੀ ਦੇ ਨਜ਼ਾਰੇ ਦਿਖਾਈ ਦੇਂਦੇ ਹਨ । ਪੰਜਾਬੀ ਤੇ ਪਹਾੜੀ ਪ੍ਰਭਾਵ, ਸਾਂਝਾਂ ਤੇ ਰਿਸ਼ਤੇ ਇਕ ਦੂਜੇ ਨੂੰ ਨਜ਼ਰਾਂ ਦੇਂਦੇ ਹਨ ਤੇ ਮਿਲਣੀ ਕਰਦੇ ਹਨ ।

ਇਨ੍ਹਾਂ ਆਪਸੀ ਪ੍ਰਭਾਵਾਂ ਦੇ ਤਵੀਲ ਪਰਾਸੈਸ ਦਾ ਜ਼ਿਕਰ ਵੀ ਲਾਜ਼ਮੀ ਹੈ । ਇਹ ਆਪਸੀ ਰਿਸ਼ਤੇ ਕਿਸੇ ਇਕ ਦਿਨ ਦੀ ਹੋਂਦ 'ਚ ਨਹੀਂ ਆਏ ਤੇ ਨਾ ਹੀ ਕੋਈ ਖਾਸ ਘਟਨਾ ਵਾਪਰੀ ਜਿਸ ਤੋਂ ਇਨ੍ਹਾਂ ਦਾ ਸੂਤਰਪਾਤ ਹੋਇਆ ਹੋਵੇ । ਕਿਸੇ ਮਵੱਰਖ ਨੇ ਵੀ ਤਾਰੀਖ 'ਚ ਇਨ੍ਹਾਂ ਦੇ ਮਤਲਾਹ ਹੋਣ ਦਾ ਅੰਦਰਾਜ ਨਹੀਂ ਕੀਤਾ । ਦਰਅਸਲ ਇਹ ਰਿਸ਼ਤੇ ਇਕ ਮੁਸਲਸਲ ਪ੍ਰਾਸੈਸ ਜਾਂ ਇਕ ਬੜੀ ਲੰਬੀ ਪ੍ਰਕ੍ਰਿਆ ਦਾ ਨਤੀਜਾ ਹਨ । ਉਸ ਦਾ ਜਾਇਜ਼ਾ ਪੰਜਾਬੀ ਤੇ ਪਹਾੜੀ ਲੋਕ ਸਾਹਿਤ ਦੀ ਸਾਂਝ ਪਛਾਣਨ ਦੀ ਬੁਨਿਆਦੀ ਮੁਹੱਈਆ ਕਰੇਗਾ ।

ਮੇਰੀ ਨਿਗਾਹ 'ਚ ਇਹ ਪਰਾਸੈਸ ਮਾਨਸੂਨੀ ਹਵਾਵਾਂ ਦੇ ਗੇੜ ਦਾ ਪਰਾਸੈਸ ਹੈ । ਪੰਜਾਬ, ਇਕ ਲੰਬਾ ਪੰਜਾਬ, ਕੋਹ ਹਿੰਦੂਕੁਸ਼ ਤੋਂ ਲੈ ਕੇ ਜਮਨਾ ਤਕ ਫੈਲਿਆ । ਪੰਜਾਬ ਇਕ ਵਿਸ਼ਾਲ ਤੇ ਕੁਸ਼ਾਦਾ ਭੂ-ਖੰਡ, ਇਸ ਤੋਂ ਤੂਲੋਂ ਅਰਜ਼ ਤੋਂ ਬਰਾਬਰ ਇਵੈਪੋਰੇਸ਼ਨ ਹੁੰਦੀ ਆਈ ਹੈ । ਸਮਾਜੀ ਅਤੇ ਰਾਜਨੀ ਤਗ਼ੱਯੁਰੋ-ਤਬੱਦਲ-ਜਿਸਦਾ ਮੁਆਇਨਾ ਮੈਂ ਅਗੇ ਇਕ ਹੋਰ ਜ਼ਾਵੀਏ ਤੋਂ ਕੀਤਾ ਹੈ, ਦੇ ਕਾਰਣ ਪੰਜਾਬ ਤੋਂ ਭਿੰਨ ਭਿੰਨ ਪ੍ਰਭਾਵਾਂ ਦੀ ਇਵੈਪੋਰੇਸ਼ਨ ਲਗਾਤਾਰ ਹੁੰਦੀ ਰਹੀ ਹੈ । ਭਾਫ ਬਣਦੀ ਰਹੀ ਹੈ, ਬੱਦਲੀਆਂ ਉਠਦੀਆਂ ਰਹੀਆਂ ਹਨ ਤੇ ਮਾਨਸੂਨੀ ਘਟਾਵਾਂ ਘਿਰਦੀਆਂ ਰਹੀਆਂ ਹਨ । ਭਾਵੇਂ ਪੰਜਾਬ ਦਾ ਸਰਹੱਦੀ ਇਲਾਕਾ ਹੋਵੇ, ਭਾਵੇਂ ਮੁਲਤਾਨ ਦਾ ਰੇਤੀਲਾ ਇਲਾਕਾ, ਭਾਵੇਂ ਸਰਸਬਜ਼ ਦੁਆਬਿਆਂ ਦੇ ਬੇਟ ਤੇ ਬੇਲੇ ਹੋਵਣ, ਤੇ ਭਾਵੇਂ ਸ਼ਿਵਾਲਕ ਦੀ ਦੂਣ ਜਾਂ ਵਾਦੀ, ਇਨ੍ਹਾਂ ਸਾਰਿਆਂ ਖਿੱਤਿਆਂ ਤੋਂ ਇਵੈਪੋਰੇਸਨ ਹੁੰਦੀ ਰਹੀ ਹੈ । ਮਾਨਸੂਨ ਦੀਆਂ ਘਟਾਵਾਂ 'ਚ ਖਲੀਜ਼ ਬੰਗਾਲ, ਬਹਿਰਿਹਿੰਦ ਬਹਿਰਏ ਅਰਬ ਦਾ ਕਿੰਨਾ ਕਿੰਨਾ ਪਾਣੀ ਹੈ, ਇਹ ਦਸਣਾ ਮੁਸ਼ਕਿਲ ਹੈ । ਠੀਕ ਇਸੇ ਤਰ੍ਹਾਂ ਪੰਜਾਬ ਤੋਂ ਹੋ ਰਹੀ ਇਵੈਪੋਰੇਸ਼ਨ ਤੇ ਉੱਠ ਰਹੀ ਮਾਨਸੂਨ 'ਚ ਕਿਸ ਖਿੱਤੇ ਦਾ ਕਿੰਨਾ ਹਿੱਸਾ ਏ, ਇਹ ਦਸਣਾ ਵੀ ਕਠਿਨ ਕੰਮ ਏ ਕਿਉਂ ਜੋ ਇਹ ਇਕ ਲਗਾਤਾਰ ਪਰਾਸੈਸ ਹੈ । ਦਿਨ ਰਾਤ ਪ੍ਰਤੱਖ ਅਪ੍ਰਤੱਖ ਰੂਪ 'ਚ ਹੋਣ ਵਾਲਾ ਬੜਾ ਹੀ ਸੂਖਮ ਵਿਉਪਾਰ ਹੈ । ਇਸਦੇ ਅਪ੍ਰਤੱਖ ਰੂਪ ਨੂੰ ਇਤਿਹਾਸ ਦੇ ਰਡਾਰ ਤੇ ਪਕੜਨਾ ਬੜਾ ਮੁਸ਼ਕਿਲ ਕੰਮ ਹੈ । ਵਕਤ ਦੇ ਡੂੰਘੇ ਪਾਣੀ 'ਚ ਘਟਨਾਵਾਂ ਪੱਥਰਾਂ ਵਾਂਗ ਗਿਰਦੀਆਂ ਹਨ, ਪੱਥਰ ਪਾਣੀ 'ਚ ਲੋਪ ਹੋ ਜਾਂਦੇ ਨੇ ਤੇ ਪ੍ਰਭਾਵਾਂ ਦੇ ਬੇਸ਼ੁਮਾਰ ਦਾਇਰੇ ਕਿਨਾਰਿਆਂ ਨੂੰ ਛੂਹਣ ਲਈ ਰਵਾਨਾ ਹੋਏ ਨੇ । ਇਤਿਹਾਸ ਦੇ ਰਡਾਰ ਤੇ ਕੁਝ ਇਕ ਦਾਇਰੇ ਤਾਂ ਮੁਤਸ਼ਰ ਹੋ ਜਾਂਦੇ ਨੇ ਪਰ ਬਹੁਤ ਸਾਰੇ ਦਾਇਰੇ ਪ੍ਰਗਟ ਹੀ ਨਹੀਂ ਹੁੰਦੇ ਕਿਉਂਜੋ ਮੌਜੂਦਾ ਇਤਿਹਾਸ ਚੰਦ ਅਜ਼ੀਮ ਜੰਗਾਂ, ਤਖਤਨਸ਼ੀਨੀ ਲਈ ਹੋਈਆਂ ਲੜਾਈਆਂ, ਸ਼ਾਸ਼ਨ-ਪ੍ਰਬੰਧਕਾਂ ਦਾ ਹੀ ਮੋਟਾ ਮੋਟਾ ਵੇਰਵਾ ਹੈ ।

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੂੰ ਜਨ-ਮਾਨਸ ਦਾ ਪ੍ਰਤਿਬਿੰਬ ਨਹੀਂ ਆਖਿਆ ਜਾ ਸਕਦਾ। ਸੋ ਵਕਤ ਦੇ ਪਾਣੀ ਤੋਂ ਉਠ ਰਹੇ ਬੇਸ਼ੁਮਾਰ ਦਾਇਰੇ ਇਤਿਹਾਸ ਦੇ ਰਡਾਰ ਤੇ ਜ਼ਾਹਿਰ ਨਹੀਂ ਹੁੰਦੇ। ਇਸ ਤੋਂ ਇਲਾਵਾ ਕੋਈ ਘਟਨਾ ਵਾਪਰ ਕੇ ਖਤਮ ਨਹੀਂ ਹੋ ਜਾਂਦੀ, ਉਸਦੇ ਉਪਰਾਂਤ-ਪ੍ਰਭਾਵ ਅਪ੍ਰਤੱਖ ਰੂਪ 'ਚ ਕਈ ਦਹਾਕਿਆਂ ਬਲਕਿ ਸਦੀਆਂ ਤੀਕ ਚਲਦੇ ਰਹਿੰਦੇ ਨੇ। ਲਗਪਗ ਉਵੇਂ ਹੀ ਜਿਵੇਂ ਕਿ ਪਾਣੀ 'ਚ ਗਿਰਿਆ ਪੱਥਰ ਅਲੋਪ ਤਾਂ ਹੋ ਜਾਂਦਾ ਹੈ ਪਰ ਉਸਦਾ ਵਜੂਦ ਬਰਾਬਰ ਕਾਇਮ ਰਹਿੰਦਾ ਹੈ। ਪਾਣੀ ਦੀ ਅੰਦਰੂਨੀ ਰੋ ਨਾਲ ਉਹ ਆਪਣੀ ਜਗ੍ਹਾ ਬਦਲਦਾ ਰਹਿੰਦਾ ਹੈ ਤੇ ਇਹ ਬਦਲਾਵ ਬੇਸ਼ੁਮਾਰ ਅਪ੍ਰਤੱਖ ਦਾਇਰਿਆਂ ਨੂੰ ਜਨਮਾਉਂਦਾ ਹੈ। ਇਸ ਤਰ੍ਹਾਂ ਪ੍ਰਤੱਖ-ਅਪ੍ਰਤੱਖ ਪ੍ਰਭਾਵਾਂ ਦੇ ਬੇਅੰਤ ਸੂਖਮ ਦਾਇਰੇ ਜੋ ਇਤਿਹਾਸ ਦੀ ਪਕੜ 'ਚ ਨਹੀਂ ਆਉਂਦੇ ਇਸ ਇਵੈਪੋਰੇਸ਼ਨ ਵਿਉਪਾਰ 'ਚ ਸ਼ਾਮਿਲ ਹੋ ਜਾਂਦੇ ਨੇ। ਇਹ ਇਵੈਪੋਰੇਸ਼ਨ ਮੁਤਵਾਤਰ ਹੁੰਦੀ ਰਹਿੰਦੀ ਹੈ ਤੇ ਮਾਨਸੂਨ ਵੀ ਬਰਾਬਰ ਬਣਦੀ ਰਹਿੰਦੀ ਹੈ।

ਪੰਜਾਬ ਦੇ ਖੇਤਾਂ-ਖਲਿਹਾਨਾਂ, ਬੇਟਾਂ-ਬੇਲਿਆਂ, ਚਰਾਂਦਾਂ-ਬੀੜਾਂ, ਦੂਨਾਂ-ਦੁਆਬਿਆਂ ਰੇਤਿਆਂ-ਬਰੇਤਿਆਂ, ਤਿਥੀਆਂ-ਤਿਉਹਾਰਾਂ, ਛਿੰਝਾਂ-ਮੇਲਿਆਂ, ਪਿੜਾਂ-ਪਿੜਾਵਾਂ, ਜੰਗਾਂ-ਖਾਨਾ-ਜੰਗੀਆਂ, ਘੋਲਾਂ-ਘਲੂਘਾਰਿਆਂ, ਲਾਮਾਂ-ਮੁਹਿੰਮਾਂ, ਸਾਕਿਆਂ- ਸਰਕੋਬਿਆਂ, ਤੋਂ ਪ੍ਰਭਾਵਾਂ ਦੀ ਮੌਨਸੂਨ ਕਦੀਮ ਵਰਤਾਂ ਤੋਂ ਹੀ ਮੁਤਵਾਤਰ ਉਠਦੀ ਆਈ ਹੈ ਤੇ ਘਟਾਵਾਂ ਦਾ ਰੂਪ ਧਾਰਣ ਕਰ ਪ੍ਰਬਤਾਂ ਵਲ ਵਗੀ ਹੈ—ਉਨ੍ਹਾਂ ਸ਼ਿਵਾਲਕ ਦੀਆਂ ਟੀਸੀਆਂ ਨੂੰ ਜਾ ਚੁੰਮਿਆ ਏ। ਉਸਦੀ ਤਪਦੀ ਹਿੱਕ ਨੂੰ ਠਾਰਿਆ ਏ। ਪ੍ਰਬਤਾਂ ਦੇ ਗਲ ਲਗ ਕੇ ਹੰਝੂ ਕੇਰੇ ਨੇ। ਪਹਾੜੀ ਗੱਦਣਾਂ ਦੇ ਕੂਲੇ ਕੂਲੇ ਭੇਡੂਆਂ ਦੀ ਉੱਨ ਵਰਗੀ ਪਸ਼ਮੀਨੇ ਦੀ ਚਾਦਰ ਤਾਣ ਕੇ ਘੂਕ ਸੁੱਤੀ ਧੌਲਾਧਾਰ ਮੁਟਿਆਰ ਦੇ ਨਿੱਘ 'ਚ ਸਾਂਝ ਪਾਈ ਹੈ। ਆਪਣੀ ਛੋਹ ਨਾਲ ਪਹਾੜੀ ਜੀਵਨ ਹਰਾ-ਭਰਾ, ਸਰਸਬਜ਼ ਰਸ-ਭਿੰਨਾ ਤੇ ਸੁਆਦਲਾ ਬਣਾਇਆ ਏ। ਕੁਦਰਤ ਤੇ ਕਾਇਨਾਤ ਨੂੰ ਸ਼ਿੰਗਾਰਿਆ ਏ।

ਪਹਾੜਾਂ ਨੇ ਵੀ ਮੌਨਸੂਨ ਦੇ ਖਾਰੇ ਪਾਣੀ ਨੂੰ ਅੰਮ੍ਰਿਤ, ਆਬ ਹਿਯਾਤ ਬਣਾ ਕੇ ਪੰਜਾਬ ਨੂੰ ਸਿੰਜਿਆ ਹੈ। ਮੌਨਸੂਨ ਦੀਆਂ ਫੁਹਾਰਾਂ 'ਚ ਨਹਾ ਕੇ ਪਹਾੜਾਂ ਦੀਆਂ ਟੀਸੀਆਂ ਨੇ ਨਵਾਂ ਜਾਮਾ ਪਾਇਆ ਏ ਤੇ ਸੋਨੇ ਚਾਂਦੀ—ਤਾਂਬਈ ਰੰਗ ਦੀ ਬਰਫ ਦੇ ਚੋਕ-ਫੁੱਲ ਘੜਾ ਕੇ ਆਪਣੀਆਂ ਮੀਢੀਆਂ 'ਚ ਪਰੋਏ ਹਨ। ਪੰਜਾਬੀ ਸੱਜਣ ਮੀਤ-ਮੁਰਾਰ ਦੀ ਸੁਗਾਤ ਨੂੰ ਦਾਤ ਦੇ ਰੂਪ 'ਚ ਮੋੜ ਭੇਜਿਆ ਹੈ। ਦਰਿਆ, ਨਦੀ, ਨਾਲੇ, ਝਰਨੇ ਚਸ਼ਮੇ, ਪਹਾੜਾਂ ਦੀਆਂ ਸੁਗਾਤਾਂ ਹਨ। ਜਿਨ੍ਹਾਂ 'ਚ ਪਹਾੜਾਂ ਦੀ ਛੋਹ ਹੈ, ਉਥੋਂ ਦੇ ਲੋਕ-ਜੀਵਨ ਦੀ ਧੜਕਨ, ਜੁੰਬਸ਼ ਤੇ ਰੰਗੀਨੀ ਹੈ। ਇਹ ਦਰਿਆ ਪਹਾੜੀ ਜੀਵਨ ਦੇ ਸੋਮੇ ਹਨ ਜੋ ਪੰਜਾਬ ਦੀ ਧਰਤੀ ਫਸਲਾਂ ਦੇ ਨਾਲ ਨਾਲ ਪ੍ਰਬਤੀ ਸਭਿਆਚਾਰ ਕਲਾ ਤੇ ਸੰਸਕ੍ਰਿਤੀ, ਕਲਚਰ, ਤਹਿਜ਼ੀਬ ਤੇ ਤਮੱਦਨ ਦੀ ਖੁਸ਼ਬੂ ਵੀ ਮਹਿਕਾਂਦੇ ਨੇ। ਇਨ੍ਹਾਂ ਦਰਿਆਵਾਂ ਰਾਹੀਂ ਪੰਜਾਬ 'ਚ ਕੇਵਲ ਪ੍ਰਬਤਾਂ ਦੀ ਜ਼ਰਖੇਜ਼ ਮਿੱਟੀ ਤੇ ਉਸਦੀ ਲੂਣੀ ਸੌਂਧੀ ਗੰਧ ਹੀ ਨਹੀਂ ਆਉਂਦੀ ਬਲਕਿ ਪਹਾੜੀ ਲੋਕ-ਜੀਵਨ ਦੀ ਕੇਸਰੀ ਸੁਬਾਸ, ਧਾਨ ਤੇ ਬਾਸਮਤੀ ਦੀ ਮਹਿਕ, ਬਨਸਪਤੀ ਦਾ ਖੇੜਾ ਤੇ ਮੁਸਕਾਨ ਵੀ ਪੰਜਾਬ ਦੀ ਸਰਜ਼ਮੀਨ ਤੇ ਆਈ ਹੈ। ਤੇ ਆਏ ਹਨ ਘਰਾਠਿਆਂ, ਝੀਰਾਂ, ਮਲਾਹਾਂ,

Sri Satguru Jagjit Singh Ji Elibrary NamdhariElibrary@gmail.com

ਦੌੜਦਿਆ ਦੇ ਮਸਤੀ ਭਰੇ ਗੀਤ, ਚਰਵਾਹਿਆਂ, ਗਡੌਰੀਆਂ, ਗੁੱਜਰਾਂ-ਕਗਰਾਂ, ਭੋਲਿਆਂ-ਤੰਬੋਲਿਆਂ, ਨਾਈਆਂ-ਨਾਚਿਆਂ ਦੇ ਖ਼ੁਮਾਰ ਭਰੇ ਗੀਤ, ਮਾਤਾ-ਰਾਣੀ ਦੇ ਜਗਰਾਤੇ, ਨਾਥਾਂ ਤੇ ਜੋਖਾਂ; ਗੁੱਗਾ ਜ਼ਾਹਰ ਪੀਰ ਰਾਜਾ ਭਰਥਰੀ ਦੀਆਂ ਭੇਟਾਂ, ਰਾਜਾ ਹਰੀ ਚੰਦਰ ਗੋਪੀ ਚੰਦਰ ਦੇ ਕਿੱਸੇ ਕੁੰਜੂ ਚੰਚਲੋ, ਰਾਂਝੂ-ਫ਼ੁਲਮੂ-ਰੂਪਣੂ, ਗੰਗੀ ਨੱਖੂ ਗੱਦਣ ਦੀਆਂ ਪ੍ਰੇਮ-ਕਹਾਣੀਆਂ ਤੇ ਟੁੰਬਣ ਵਾਲੇ ਕੀਰਨੇ। ਹੋਰ ਆਏ ਨੇ ਪਖੱਤ੍ਰ-ਸੱਸ-ਨੂੰਹ, ਸੁਹਰਾ-ਨੂੰਹ, ਪਤੀ-ਪਤਨੀ, ਦੇਵਰ-ਭਾਬੀ ਦੇ ਆਪਸੀ ਤਾਹਨੇ, ਮਿਹਣੇ ਅਤੇ ਮਿੱਠੇ ਲਜ਼ੀਜ਼ ਰਿਸ਼ਤਿਆਂ ਦੇ ਗੀਤ, ਨਾਲ ਹੀ ਆਏ ਨੇ ਢੋਲਰੂ-ਕੁਲਰਾ ਦੀ ਕਲੂ, ਰਾਣੀ ਕੰਢੀ, ਕਲੌਹੇ ਦੀ ਥਾਂ, ਛੀਂਬੀ-ਧੋਬਣ ਦੇ ਲੋਕ-ਕਿੱਸੇ, ਰਮੰਣੀ, ਪੰਡਵੌਣੀ ਐਂਚਲੀ ਕਾਰਕਾਂ ਦੇ ਰੂਪ 'ਚ ਪੌਰਾਣਿਕ ਲੋਕ ਕਥਾਵਾਂ, ਰਾਜਾ ਜਗਤਸਿੰਹ, ਰਾਮਸਿੰਹ ਪਠਾਨੀਆਂ, ਰਾਜਾਂ ਹੋਂਸਲ ਦੀ ਬਾਰਾਂ, ਝੇੜੇ, ਵੀਰ-ਕਥਾਵਾਂ; ਇਹ ਸਭ ਪਹਾੜੀ ਦਰਿਆਵਾਂ, ਹਵਾਵਾਂ, ਰਾਹੀਂ ਪੰਜਾਬ ਦੀ ਧਰਤੀ 'ਚ ਕਿਸੇ ਨਾ ਕਿਸੇ ਰੂਪ 'ਚ ਉੱਸਰਦੇ ਹਨ। ਇਸ ਤਰ੍ਹਾਂ ਪੰਜਾਬ ਦਾ ਮੌਨਸੂਨ ਪਰਬਤਾਂ 'ਚ ਪੰਜਾਬੀ ਪ੍ਰਭਾਵਾਂ ਦੀ ਵਰਖਾ ਕਰਦਾ ਹੈ ਤੇ ਪਹਾੜੀ ਦਰਿਆ ਤੇ ਪਵਨਾਂ ਪੰਜਾਬੀ ਧਰਤੀ 'ਚ ਪਹਾੜੀ ਲੋਕ-ਜੀਵਨ ਦੇ ਅਨੇਕ ਪੱਖੀ ਪ੍ਰਭਾਵ ਉਗਾਉਂਦੇ ਹਨ। ਇਹ ਮੁਸਲਸਲ-ਤਵੀਲ ਪ੍ਰਾਸੈਸ ਅਣਮਿਥੇ ਸਮੇਂ ਤੋਂ ਚਲਦਾ ਆ ਰਿਹਾ ਹੈ।

ਆਪਸੀ ਪ੍ਰਭਾਵਾਂ ਦੇ ਮੌਨਸੂਨੀ ਪ੍ਰਾਸੈਸ ਤੇ ਤਬਸਰਾ ਕਰਦੇ ਹੋਏ ਮੈਂ ਪੰਜਾਬ 'ਚ ਵਾਪਰੇ ਰਾਜਸੀ ਤਗਯਰੱਤ ਬੱਦਲ ਵਲ ਇਸ਼ਾਰਾ ਕੀਤਾ ਸੀ। ਆਪਸੀ ਰਿਸ਼ਤਿਆਂ ਦੀ ਪੜਚੋਲ ਦਾ ਇਹ ਇਕ ਨਵਾਂ ਕਾਂਟੈਕਸਟ ਹੈ ਇਸ ਦਾ ਪਿੜ ਈਸਾ ਦੀ ਦਸਵੀਂ ਸਦੀ ਤੋਂ 17ਵੀਂ ਸਦੀ ਤੀਕ ਹੈ। ਦੁਨੀਆਂ ਦੀ ਤਾਰੀਖ਼ 'ਚ ਵਕਤ ਦਾ ਏਨਾ ਲੰਬਾ ਚੌੜਾ ਪਿੜ ਬਹੁਤ ਘੱਟ ਮਿਲਦਾ ਹੈ, ਜਿਸ 'ਚ ਟ੍ਰਾਂਜ਼ੀਸ਼ਨ-ਸੰਕ੍ਰਮਣ ਦੀਆਂ ਤਿੰਨ ਮਤਵਾੜੀ ਧਾਰਾਵਾਂ ਦਾ ਪਰਸਪਰ ਘੋਲ ਹੁੰਦਾ ਹੈ। ਇਹ ਤਿੰਨ ਆਯਾਮੀ ਸੰਕ੍ਰਮਣ (three dimensional transition) ਇਸ ਪ੍ਰਕਾਰ ਦਾ ਸੀ :

1. ਯੁੱਧ ਪੂਰਬ ਆਤੰਕ (Pre war terror-horror)
2. ਯੁੱਧ ਕਾਲੀਨ ਵਿਨਾਸ (War time-devastation)
3. ਯੁੱਧ-ਉਪਰਾਂਤ ਸਤਾਂਸ (Post war chaos)

ਇਹ ਚਕ੍ਰਾਕਾਰ ਸੰਕ੍ਰਮਣ (cyclycle transition) ਪੰਜਾਬ 'ਚ ਸਤ ਸੌ ਵਰ੍ਹੇ ਹਰਕਤ ਵਿਚ ਰਿਹਾ। ਇਸ ਕਾਰਣ ਪੰਜਾਬ ਦੇ ਮੈਦਾਨ ਤੇ ਪਹਾੜੀ ਖਿੱਤੇ ਇਕ ਦੂਜੇ ਦੇ ਹੋਰ ਨੇੜੇ ਆਏ, ਜਿਸ ਨੇ ਪੰਜਾਬੀ ਤੇ ਪਹਾੜੀ ਲੋਕ-ਸਾਹਿਤ ਦੇ ਅੰਤਰੰਗ ਤੇ ਬਹਿਰੰਗ ਨੂੰ ਸਮਾਨ ਰੂਪ 'ਚ ਮੁਤਾਸਰ ਕੀਤਾ।

ਯੁੱਧ ਪੂਰਬ ਆਤੰਕ ਇਹ ਸੀਤ ਯੁੱਧ, ਕੋਲਡਵਾਰ ਜਾਂ ਠੰਡੇ ਯੁੱਧ ਦਾ ਆਤੰਕ ਹੈ, ਜੋ ਅਸਲੀ ਤੇ ਗਰਮ ਯੁੱਧ ਨਾਲੋਂ ਵੀ ਕਿਤੇ ਜ਼ਿਆਦਾ ਖ਼ਤਰਨਾਕ ਮੰਨਿਆ ਜਾਂਦਾ ਹੈ। ਜੰਗ ਦੀਆਂ ਘਟਾਵਾਂ ਘਿਰਦੀਆਂ ਰਹਿੰਦੀਆਂ ਹਨ। ਯੁੱਧ ਦੀ ਦੂਧਾਰ੍ਹੂ ਤਲਵਾਰ ਅਮਨ ਦੀ ਛਾਖਤਾ ਦੇ ਸਿਰ ਤੇ ਲਟਕਦੀ ਰਹਿੰਦੀ ਹੈ। ਜੰਗ ਦੀ ਆਸੰਕਾ-ਸੰਸਾ ਜੀਵਨ ਦੀਆਂ ਰਚਨਾਤਮਕ ਸ਼ਕਤੀਆਂ ਨੂੰ ਨਪੁੰਸਕ ਬਣਾ ਦੇਂਦਾ ਹੈ। ਪੰਜਾਬ 'ਚ ਇਹ ਖਦਸ਼ਾ ਬਰਾਬਰ ਕਾਇਮ ਰਿਹਾ ਹੈ—ਹਰ ਹਮਲੇ ਨੇ ਇਕ ਹੋਰ ਨਵੇਂ ਹਮਲੇ ਦੇ ਖ਼ਤਰੇ ਨੂੰ ਜਨਮ ਦਿੱਤਾ।

Sri Satguru Jagjit Singh Ji Elibrary NamdhariElibrary@gmail.com

ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ।

ਇਹ ਲੋਕ-ਅਖਾਣ ਉਪਰੋਕਤ ਗੱਲ ਦੀ ਤਸਦੀਕ ਕਰਦਾ ਹੈ। ਕੋਹ ਸੁਲੇਮਾਨ ਹਿੰਦੂਕੁਸ਼ ਨੂੰ ਪਾਰ ਕਰ ਖੈਬਰ ਆਦਿ ਦੱਰੇ ਤੋਂ ਧਾੜਵੀ ਲੁਟੇਰਿਆਂ ਦੀ ਫੌਜ ਦਰ ਦਰ ਕਰਦੀ ਕਿਸੇ ਵੀ ਵੇਲੇ ਪੰਜਾਬ ਦੀ ਸਰਜ਼ਮੀਨ ਨੂੰ ਰੌਂਦ ਸਕਦੀ ਸੀ। ਸੱਤ ਸੌ ਵਰ੍ਹਿਆਂ 'ਚ ਪੰਜਾਬ ਤੇ ਤਕਰੀਬਨ ਸੌ-ਸਵਾ ਸੌ ਹਮਲੇ ਹੋਏ ਨੇ ਤੇ ਯੁੱਧ ਤੋਂ ਪਹਿਲਾਂ ਦਾ ਭਿਆਨਕ ਡਰ ਹਮੇਸ਼ਾਂ ਬਣਿਆ ਰਿਹਾ ਹੈ। ਇਸ ਨਾਲ ਨਾ ਕੇਵਲ ਪੰਜਾਬ ਦੇ ਮੈਦਾਨ ਬਲਕਿ ਲਾਗਲੇ ਪਹਾੜ ਵੀ ਕੰਬਦੇ ਰਹੇ ਹਨ।

### ਯੁੱਧ ਕਾਲੀਨ ਵਿਨਾਸ਼

ਜੰਗ ਦਾ ਖ਼ਤਰਾ ਭਿਆਨਕ ਹੈ ਤੇ ਅਸਲ ਜੰਗ ਮਹਾਂ ਭਿਆਨਕ। ਪੰਜਾਬ ਭਾਰਤ ਦੀ ਡਿਉੜ੍ਹੀ ਹੈ। ਹਰ ਹਮਲਾਵਰ ਨੇ ਇਸ ਦੇ ਬੂਹੇ ਭੰਨੇ ਨੇ, ਸੰਗਲਾਂ ਕੁੰਡੇ ਤੜੇ ਨੇ। ਹਰ ਹਮਲੇ ਦੀ ਸੱਟ ਨੂੰ ਪੰਜਾਬ ਨੇ ਦੋ ਦੋ ਵਾਰ ਸਿਹਾ ਹੈ। ਹਮਲਾ ਕਾਂਗੜੇ ਤੇ ਹੋਵੇ ਜਾਂ ਦਿੱਲੀ ਤੇ, ਹਰ ਹਮਲੇ 'ਚ ਪੰਜਾਬ ਦਾ ਲੋਕ-ਜੀਵਨ ਹੀ ਮਿੱਧਿਆ ਜਾਂਦਾ ਸੀ। ਧਾੜਵੀ ਅੱਗਾਂ ਲਾਉਂਦੇ, ਲੁੱਟਦੇ, ਮਾਰਧਾੜ ਤੇ ਜ਼ਬਰ-ਜਨਾਹੀ ਕਰਦੇ ਆਉਂਦੇ ਸੀ ਤੇ ਇਹੋ ਕਾਰੇ ਕਰਦੇ ਪਲਟਦੇ ਸੀ। ਸਤ ਸੌ ਵਰ੍ਹਿਆਂ 'ਚ ਜੇਕਰ 100 ਹਮਲੇ ਹੋਏ ਹਨ ਤਾਂ ਹਰ ਸਤ ਸਾਲ ਬਾਦ ਇਕ ਹਮਲੇ ਦੀ ਔਸਤ ਨਿਕਲਦੀ ਹੈ —ਤੇ ਹਰ ਹਮਲੇ ਦੀ ਦੂਹਰੀ ਮਾਰ ਪੰਜਾਬ ਨੂੰ ਪਈ ਹੈ। ਦੋਨੋਂਆਂ ਕਰਾਰੀਆਂ ਜ਼ਰਬਾ ਨਾਲ ਭਾਰਤ ਦੀ ਡਿਉੜੀ, ਪੰਜਾਬ ਖੰਡਰ ਬਣਦੀ ਜਾ ਰਹੀ ਸੀ। ਪੁਰਾਣੀਆਂ ਜ਼ਰਬਾਂ ਦੀਆਂ ਤਰੇੜਾਂ 'ਚ ਹੱਲੇ ਸੀਮਿੰਟ ਚੂਨ-ਗਾਰਾ ਤਾਜ਼ਾ ਹੀ ਹੁੰਦਾ ਸੀ ਕਿ ਇਕ ਹੋਰ ਹਮਲੇ ਦੀ ਸੱਟ ਪੈ ਜਾਂਦੀ ਸੀ। ਇਸ ਤਰ੍ਹਾਂ ਸਤ ਸੌ ਸਾਲ ਬਰਾਬਰ ਜੰਗ ਦੇ ਖੌਫ਼ਨਾਕ ਮੰਜ਼ਰ ਪੰਜਾਬ 'ਚ ਨਮੂਦਾਰ ਹੁੰਦੇ ਰਹੇ। ਇਨ੍ਹਾਂ ਨੇ ਪੰਜਾਬ ਦੀ ਪਹਾੜਾਂ ਨਾਲ ਡੂੰਘੀ ਸਾਂਝ ਪਾਈ। ਹਮਲਾ ਹੁੰਦਾ ਸੀ ਤੇ ਪੰਜਾਬੀ-ਅਵਾਮ ਆਪਣੇ-ਆਪਣੇ ਪਰਿਵਾਰ ਦੀ ਹਿਫ਼ਾਜ਼ਤ ਲਈ ਦੂਰ ਪਹਾੜਾਂ ਜੰਗਲਾਂ 'ਚ ਜਾ ਲੁਕਦੇ ਸਨ। ਬਹੁਤ ਸਾਰੇ ਪਹਾੜਾਂ ਦੇ ਹੀ ਬਾਸ਼ਿੰਦੇ ਬਣ ਗਏ। ਇਕ ਘਰ ਮੈਦਾਨ 'ਚ ਇਕ ਘਰ ਔਕੜ ਵੇਲੇ ਲਈ ਪਹਾੜਾਂ 'ਚ। ਇਕ ਹਮਦਰਦ ਹਮਸਾਏ ਵਾਂਗ ਪਹਾੜਾਂ ਨੇ ਮੈਦਾਨਾਂ ਨੂੰ ਪਨਾਹ ਦਿੱਤੀ। ਪਨਾਹਗਜ਼ੀ ਸਰਣਾਰਥੀ ਪਹਾੜਾਂ 'ਚ ਪੰਜਾਬੀ ਲੋਕ-ਮਨ ਦੇ ਅਕਸ ਲੈ ਜਾਂਦੇ ਪਹਾੜੀ ਜੀਵਨ ਦੇ ਪ੍ਰਤੀਬਿੰਬ ਲੈ ਆਉਂਦੇ। ਇਸ ਪ੍ਰਕਾਰ ਲੋਕ-ਸਾਹਿਤ 'ਚ ਬਾਹਮੀ ਆਦਾਨ-ਪ੍ਰਦਾਨ ਦੀ ਪ੍ਰਕ੍ਰਿਆ ਜਾਰੀ ਰਹੀ।

### ਯੁੱਧ-ਉਪਰੰਤ ਸੰਤ੍ਰਾਸ

ਬਰਸਾਤ ਦੀ ਰਚਵੀਂ ਲੰਬੀ ਝੜੀ ਤੋਂ ਬਾਅਦ ਕੜਾਕੇ ਦੀ ਧੁੱਪ ਨਿਕਲਨ ਤੇ ਜਿਵੇਂ ਕੱਚੇ ਪੋਂਡੂ ਮਕਾਨ ਧਾੜ ਧਾੜ ਗਿਰਦੇ ਨੇ ਇਵੇਂ ਹੀ ਜੰਗ ਦੇ ਉਪਰੰਤ ਨਤੀਜੇ ਲੋਕ-ਜੀਵਨ 'ਚ ਗਹਿਰੀਆਂ ਡੂੰਘੀਆਂ ਤਰੇੜਾਂ ਪਾਉਂਦੇ ਨੇ, ਉਸ ਦੀਆਂ ਨੀਹਾਂ ਨੂੰ ਹਿਲਾ ਦਿੰਦੇ ਨੇ, ਕੱਚੀਆਂ ਕੰਧਾਂ ਨੂੰ ਪੋਪਲੀਆਂ ਬਣਾ ਦਿੰਦੇ ਨੇ, ਛੱਤਾਂ ਤੇ ਬਨੇਰਿਆ ਨੂੰ ਸ਼ਗਾਫ਼ਾਂ ਨਾਲ ਭਰ ਦਿੰਦੇ ਨੇ। ਪੰਜਾਬ 'ਚ ਹਮਲਿਆਂ ਦੀ ਕਿਣਮਿਣ, ਛਹਿਬਰ, ਤੇ ਝੜੀ ਕਈ ਸੌ ਸਾਲ ਲਗੀ ਰਹੀ। ਜਦੋਂ ਵੀ ਝੜੀ ਰੁਕੀ ਤੇ ਧੁੱਪ ਨਿਕਲੀ ਪੰਜਾਬੀ ਜੀਵਨ ਕੱਚਿਆਂ ਕੋਠਿਆਂ ਗਾਂਵ ਢਹਿੰਦਾ ਰਿਹਾ। ਇਕ ਝੜੀ ਦਾ ਸਲ੍ਹਾਬਾ ਸੁੱਕਦਾ ਨਹੀਂ ਸੀ ਕਿ ਯੁੱਧ ਦੇ ਬੱਦਲ

Sri Satguru Jagjit Singh Ji Elibrary NamdhariElibrary@gmail.com

ਘਿਰ ਆਉਂਦੇ ਸਨ ਤੇ ਝੜੀ ਜਾਂ ਮੂਸਲਾਧਾਰ ਬਰਖਾ ਸ਼ੁਰੂ ਹੋ ਜਾਂਦੀ ਸੀ। ਇਨ੍ਹਾਂ ਝੜੀਆਂ ਤੇ ਧੁੱਪਾਂ ਦਾ ਤਾਰੀਖੀ ਸਿਲਸਿਲਾ ਕਈ ਸੌ ਸਾਲ ਜਾਰੀ ਰਿਹਾ। ਇਸ ਦੌਰ 'ਚ ਪੰਜਾਬ ਤੇ ਲਾਗਲੇ ਪਹਾੜ ਇਕ ਦੂਜੇ ਦੇ ਨੇੜੇ ਆਉਂਦੇ ਗਏ ਤੇ ਲੋਕ-ਮਾਨਸ ਨੂੰ ਪ੍ਰਭਾਵਿਤ ਕਰਦੇ ਰਹੇ।

ਇਸ ਤਿੰਨ-ਆਯਾਮੀ ਟ੍ਰਾਂਜ਼ੀਸ਼ਨ ਨੇ ਪੰਜਾਬ 'ਚ ਇਕ ਜ਼ਹਿਰ ਆਲੂਦਾ ਮਾਹੌਲ ਜਗਾਇਆ। ਸੰਕ੍ਰਮਣ ਦੇ ਢੰਗ ਨਾਲ ਸਾਰਾ ਪੰਜਾਬ ਨੀਲਾ ਸਿਆਹ ਪੈ ਗਿਆ। ਇਸ ਚਕ੍ਰਾਕਾਰ ਸੰਕ੍ਰਮਣ ਜਾਂ (cyclical transition) ਦਾ ਖਿਆਲ ਆਉਂਦੇ ਹੀ ਮੇਰੇ ਤਸੱਵਰ 'ਚ ਭਾਰਤੀ ਮਿਥਿਹਾਸ ਦੇ ਨੀਲ ਕੰਠ ਭਗਵਾਨ-ਸ਼ਿਵ ਦਾ ਬਿੰਬ ਉਭਰ ਆਉਂਦਾ ਹੈ। ਲੋਕ ਕਲਿਆਣ ਦੇ ਜਜ਼ਬੇ ਨਾਲ ਭਗਵਾਨ ਸ਼ਿਵ ਨੇ ਕਾਲਕੂਟ ਹਲਾਹਲ ਜ਼ਹਿਰ ਪੀਤਾ ਤੇ ਨੀਲ ਕੰਠ ਮਹਾਦੇਵ ਬਣ ਗਏ, ਤੇ ਬਦਲੇ 'ਚ ਜਲੰਦੇ ਜਗਤ ਨੂੰ ਅੰਮ੍ਰਿਤਦਾਨ ਦਿੱਤਾ। ਇੰਜ ਹੀ ਪੰਜਾਬ ਨੇ ਟ੍ਰਾਂਜ਼ੀਸ਼ਨ ਦੇ ਮਹਾ ਭਿਆਨਕ ਜ਼ਹਿਰ ਦਾ ਪਾਨ, ਵਿਸ਼ਪਾਨ ਕੀਤਾ ਤੇ ਭਾਰਤੀ ਇਤਿਹਾਸਾਂ 'ਚ ਨੀਲ ਕੰਠ ਬਣ ਗਿਆ। ਟ੍ਰਾਂਜ਼ੀਸ਼ਨ ਦਾ ਜ਼ਹਿਰ, ਜੰਗ-ਕਿਬਲ, ਦੋਰਾਨੇ-ਜੰਗ, ਤੇ ਜੰਗਬਾਦ ਦਿਆਂ ਮਤਵਾੜੀ ਤੇ ਮੁਸਲਸਲ ਬਹਿਰਾਂ ਤੇ ਰੌਆਂ ਦਾ ਜ਼ਹਿਰ ਪੀਤਾ। ਇਸ ਜ਼ਹਿਰ ਨੂੰ ਪੀਣ ਵਾਲੇ ਇਕ ਪੰਜਾਬੀ ਕਾਮਿਲ ਤੇ ਨੂਰਾਨੀ ਇਨਸਾਨ ਸਨ ਗੁਰੂ ਨਾਨਕ ਤੇ ਇਕ ਹੋਰ ਅਭਿੰਨ ਅਗੰਮੜੇ ਮਰਦ ਸਨ ਗੁਰੂ ਗੋਬਿੰਦ ਸਿੰਘ। ਇਨ੍ਹਾਂ ਮਹਾਨ ਅਦੁਤੀ ਸ਼ਖਸੀਅਤਾਂ ਨੇ ਯਕੇਬਾਦਦੀਗਰੇ ਮਤਵਾਤਰ ਇਹ ਜ਼ਹਿਰ ਪੀਤਾ। ਪੰਜਾਬੀਆਂ ਤੇ ਪਹਾੜੀਆਂ ਨੂੰ ਇਹ ਜ਼ਹਿਰ ਪੀਣ ਦਾ ਦਿਵ ਮਨੋਬਲ, ਮੁਸੱਸਿਮ ਤੇ ਪੁਖਤਾ ਇਰਾਦਾ ਤੇ ਰੂਹਾਨੀ ਕੁਵੱਤ ਅਤਾ ਫਰਮਾਈ। ਇਨ੍ਹਾਂ ਅਜ਼ੀਮ ਹਸਤੀਆਂ ਨੇ ਆਪ ਜ਼ਹਿਰ ਪੀ ਕੇ ਬਾਣੀ ਦਾ ਅੰਮ੍ਰਿਤ ਸੋਮਾ ਵਗਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਕ ਮਹਾਨ ਅੰਮ੍ਰਿਤ ਸੰਕਲਪ ਵੀ ਪ੍ਰਦਾਨ ਕੀਤਾ। ਕਾਲਜਯੀ ਬਣਨ ਦਾ ਨਿਸਚਾ, ਮੌਤ ਤੇ ਜਿੱਤ ਹਾਸਲ ਕਰਨੇ ਦਾ ਜਜ਼ਬਾ, ਜ਼ਿੰਦਗੀ ਦੇ ਰਣ 'ਚ ਜੂਝ ਮਰਨੇ ਦਾ ਮਹਾ ਮੰਤਰ ਬਖਸ਼ਿਆ।

ਇਸ ਬਹੁਮੁਖੀ ਟ੍ਰਾਂਜ਼ੀਸ਼ਨ ਨੇ ਪੰਜਾਬੀ ਲੋਕ ਜੀਵਨ ਦੀ ਨਸ ਨਸ 'ਚ ਆਪਣਾ ਜ਼ਹਿਰ ਫੈਲਾ ਦਿੱਤਾ। ਇਸ ਜ਼ਹਿਰੀਲੇ ਭਾਂਬੜਾਂ ਨਾਲ ਮੈਦਾਨ ਤਾਂ ਸੜੇ ਹੀ ਸਨ ਪਰ ਪ੍ਰਬਤ ਪਹਾੜ ਵੀ ਇਨ੍ਹਾਂ ਦੀ ਦਾਵਾ ਅੱਗ ਨਾਲ ਭੜਕ ਉਠੇ ਤੇ ਧੌਲਾਧਾਰ ਦੀਆਂ ਬਰਫੀਲੀਆਂ ਟੀਸੀਆਂ ਵੀ ਧੁਆਖੀਆਂ ਗਈਆਂ। ਇਸ ਧੂੰਏਂ ਦੀ ਕਾਲੀ ਛਾਇਆ ਤੇ ਦਮ-ਘੋਟੂ ਪ੍ਰਭਾਵ ਪਹਾੜੀ ਲੋਕ-ਜੀਵਨ ਤੇ ਵੀ ਪੈਂਦਾ ਹੈ। ਪੰਜਾਬ ਦੇ ਨੀਲ ਕੰਠ ਨੇ ਜ਼ਹਿਰ ਪੀ ਕੇ ਜੋ ਅੰਮ੍ਰਿਤ ਦਾਨ ਦਿੱਤਾ ਉਸ ਨਾਲ ਪੰਜਾਬ 'ਚ ਨਵਜੀਵਨ ਦੀ ਚੇਤਨਤਾ ਤੇ ਬੇਦਾਰੀ ਦੀ ਲਹਿਰ ਉਠਦੀ ਹੈ ਤੇ ਉਸ ਅੰਮ੍ਰਿਤ ਸੋਮੇਂ ਨਾਲ ਜਲਦੇ ਪਹਾੜ ਵੀ ਸੁਰਜੀਤ ਹੋ ਜਾਂਦੇ ਨੇ। ਇਤਿਹਾਸ ਦੇ ਪਟਵਾਰੀ ਦੋਆਂ ਫਰਦਾਂ 'ਚ ਇਹ ਗਵਾਹੀਆਂ ਮੌਜੂਦ ਹਨ।

ਇਸ ਪ੍ਰਕਾਰ ਮੱਧ-ਯੁਗੀਨ ਪੰਜਾਬ ਦਾ ਲੋਕ ਜੀਵਨ ਟ੍ਰਾਂਜ਼ੀਸ਼ਨ ਦੇ ਪਲੀਤਿਆਂ ਨਾਲ ਬਲਾਸਟ ਹੁੰਦਾ ਹੈ ਤੇ ਉਹ ਪ੍ਰਬਤੀ-ਲੋਕ-ਜੀਵਨ ਨੂੰ ਵੀ ਡਾਇਨਿਮਾਇਟ ਕਰ ਦੇਂਦਾ ਹੈ। ਮਧਯੁਗੀਨ ਪੰਜਾਬੀ ਤੇ ਪਹਾੜੀ ਲੋਕ-ਜੀਵਨ ਇਕ ਹੀ ਬਾਰੂਦੀ ਸੁਰੰਗ ਦੇ ਦਹਾਨੇ ਤੇ ਬੈਠੇ ਹਨ। ਇਹ ਇਨ੍ਹਾਂ ਦੀ ਆਪਣੀ ਸਾਂਝ ਹੈ। ਚਕ੍ਰਾਕਾਰ ਟ੍ਰਾਂਜ਼ੀਸ਼ਨ ਦਾ ਜ਼ਹਿਰ ਦੋਨਾਂ ਨੇ ਪੀਤਾ ਹੈ—ਦੋਨੋਂ ਨੀਲ ਕੰਠ ਬਣੇ ਹਨ। ਇਹ ਇਨ੍ਹਾਂ ਦੇ ਆਪਸੀ ਰਿਸ਼ਤਿਆਂ

Sri Satguru Jagjit Singh Ji Elibrary NamdhariElibrary@gmail.com

ਦੀ ਮੌਲੀ-ਗੰਢ ਹੈ। ਦੋਨੋਂ ਪ੍ਰਭਾਵਾਂ ਦੀ ਇਕ ਮੌਨਸੂਨ 'ਚ ਭਿੱਜੇ ਹਨ, ਇਕ ਇਵੈਪੋਰੇਸ਼ਨ ਵਿਊਪਾਰ ਤੋਂ ਗੁਜ਼ਰੇ ਹਨ। ਇਹ ਇਨ੍ਹਾਂ ਦੇ ਗੁੱਟ ਤੇ ਸਾਂਝਾ ਗਾਨਾ ਏ।

ਇਹੋ ਸਾਂਝ ਪੰਜਾਬੀ ਤੇ ਪਹਾੜੀ ਲੋਕ-ਜੀਵਨ 'ਚ ਕਈ ਸ਼ਕਲਾਂ ਧਾਰਣ ਕਰਦੀ ਹੈ ਪੰਜਾਬੀਆਂ ਤੇ ਪਹਾੜੀਆਂ ਦੇ ਇਜਲਾਸੀ, ਤਮੱਦਨੀ, ਸਮਾਜੀ ਤੇ ਸਭਿਆਚਾਰਕ-ਭਾਈਚਾਰਿਕ ਰਿਸ਼ਤੇ, ਰੋਟੀ ਤੇ ਬੇਟੀ ਦੇ ਸੰਬੰਧ, ਰਾਜਸੀ ਨੇੜ, ਰਾਜਸੀ ਏਕਾ, ਤਜਾਰਤੀ-ਆਵਾਜਾਈ, ਮੇਲੇ, ਪੁਰਬ, ਉਤਸਵ, ਖੇਲਾਂ, ਰੀਤੀ-ਰਿਵਾਜ, ਪਹਿਰਾਵਾ, ਵਹਿਮ-ਵਿਸ਼ਵਾਸ, ਅਕੀਦੇ-ਪਰੰਪਰਾਵਾਂ—ਇਹ ਸਭ ਬਹੁਤ ਮਿਕਦਾਰ 'ਚ ਨਾ ਕੇਵਲ ਹਮ ਸ਼ਕਲ ਹਨ ਬਲਕਿ ਬੁਨਿਆਦੀ ਤੌਰ ਤੇ ਇਕ ਹਨ। ਸ਼ੁਰੂਆਤੀ ਸਫਰ 'ਚ ਮੁਤਵਾਜ਼ੀ ਹਨ, ਸਮਾਨਾਂਤਰ ਹਨ। ਵਿਕਾਸ ਦੇ ਅਗਲੇ ਚਰਣਾਂ 'ਚ ਇਨ੍ਹਾਂ ਦੀਆਂ ਦਿਸ਼ਾਵਾਂ ਬੇਸ਼ਕ ਮੁਖਤਲਿਫ ਹੋਵਣ ਪਰ ਉਹ ਚਰਣ ਪ੍ਰਸਪਰ ਵਿਰੋਧੀ ਨਹੀਂ ਹਨ। ਜੇਕਰ ਨਿਸਬਤੋਨਾਸਬ ਦੀ ਰਿਸ਼ਤਿਆਂ ਦੇ ਅਨੁਪਾਤ ਦੀ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਤੇ ਪਹਾੜੀ ਲੋਕ-ਮਾਨਸ, ਲੋਕ-ਜੀਵਨ ਤੇ ਲੋਕ-ਸਾਹਿਤ ਦੀ ਅੰਦਰੂਨੀ ਸਾਂਝ ਬੈਰੂਨੀ ਸਾਂਝ ਦੀ ਬਜਾਏ ਜ਼ਿਆਦਾ ਹੈ। ਅੰਤਰੰਗ ਪੱਖ 'ਚ ਭਾਵਾਂ, ਵਲਵਲਿਆਂ ਤੇ ਸੰਵੇਦਨਾਵਾਂ ਦਾ ਏਕਾ ਹੈ, ਪਰ ਬਹਿਰੰਗ ਪੱਖ 'ਚ ਪ੍ਰਗਟਾ ਜਾਂ ਅਭਿਵਿਅੰਜਨਾਂ ਦੀ ਪੱਧਰ ਤੇ, ਇਕ ਤੇ ਇਜ਼ਹਾਰ ਕਰਨ ਵਾਲੇ ਦੀ ਸ਼ਖ਼ਸੀਅਤ ਹਾਵੀ ਰਹਿੰਦੀ ਹੈ ਦੂਜੇ ਹਰ ਖਿੱਤੇ ਦੇ ਆਪਣੇ ਆਪਣੇ ਤਕਾਜ਼ੇ ਹੁੰਦੇ ਹਨ, ਉਸ ਦਾ ਆਪਣਾ ਪਿਛੋਕੜ ਤੇ ਆਲਾ-ਦੁਆਲਾ ਹੁੰਦਾ ਹੈ। ਪ੍ਰਗਟਾ ਵੇਲੇ ਬਿੰਬਾਂ ਦੀ ਇਮੇਜਰੀ ਤੇ ਪ੍ਰਤੀਕਾਂ ਦੀ ਰੂਪਕਾਂ-ਅਲੰਕਾਰਾਂ-ਉਪਮਾਵਾਂ ਦੀ ਚੋਣ ਹਰ ਖਿੱਤੇ ਦੇ ਹੀ ਪਿਛੋਕੜ ਤੋਂ ਕੀਤੀ ਜਾਂਦੀ ਹੈ। ਕਮਿਊਨਿਕੇਸ਼ਨ ਦੇ ਸਰਕਟ ਤੇ ਸਰਕਲ ਦੀ ਇਹ ਮੁੱਢਲੀ ਤੇ ਲਾਜ਼ਮੀ ਸ਼ਰਤ ਹੈ। ਹਰ ਖਿੱਤਾ ਇਕ ਦੂਜੇ ਨਾਲ ਜੁੜਿਆ ਵੀ ਆਪਣੀ ਅੱਡ ਹਸਤੀ ਰਖਦਾ ਹੈ ਸੋ ਪ੍ਰਗਟਾ ਕਰਨ ਵਾਲੇ ਦੀ ਅਲਗ ਸ਼ਖ਼ਸੀਅਤ ਤੇ ਖਿੱਤਿਆਂ ਦੇ ਆਪਸੀ ਅੰਤਰਕਾਰਣ, ਅੰਤਰੰਗ ਪੱਖ ਦੀ ਇਕਰੂਪਤਾ ਅਭਿਵਿਅੰਜਨਾ ਦੀ ਪੱਧਰ ਤੇ ਕਾਫ਼ੀ ਹੱਦ ਤੀਕ ਭਿੰਨ ਭਿੰਨ ਪ੍ਰਕਾਰ ਦੀ ਹੋ ਜਾਂਦੀ ਹੈ।

ਪੰਜਾਬੀ ਤੇ ਪਹਾੜੀ ਲੋਕ ਸਾਹਿਤ ਦੇ ਰਿਸ਼ਤਿਆਂ ਦਾ ਜਾਇਜ਼ਾ ਲੈਂਦੇ ਵਕਤ ਅਨੁਭਵ ਦੇ ਅੰਤਰੰਗ ਪੱਖ ਤੇ ਪ੍ਰਗਟਾ ਤੇ ਬਹਿਰੰਗ ਪੱਖ ਦੀ ਇਹ ਸਿਧਾਂਤਕ ਪੇਚੀਦਗੀ ਧਿਆਨ 'ਚ ਰਖਣਾ ਨਿਹਾਇਤ ਲਾਜ਼ਮੀ ਹੈ।

ਆਪਸੀ ਰਿਸ਼ਤਿਆਂ ਤੇ ਸਾਂਝ ਦੀ ਇਸ ਚਰਚਾ ਦੌਰਾਨ ਮੇਰੇ ਅਗੇ ਇਕ ਹੋਰ ਕਾਂਟੈਕਸਟ ਫਲੈਸ਼ ਕਰ ਰਿਹਾ ਹੈ। ਇਸ ਮਜ਼ਮੂਨ ਨੂੰ ਪੰਜਾਬੀ ਤੇ ਪਹਾੜੀ ਦਾਇਰਿਆਂ 'ਚ ਵੰਡ ਕੇ ਵਿਚਾਰਨਾ ਹੀ ਕੁਝ ਵਿਸ਼ੇਸ਼ ਸੰਗਤ ਨਹੀਂ ਜਾਪ ਰਿਹਾ। ਪੰਜਾਬ ਤੇ ਹਿਮਾਚਲ ਜਾਂ ਪ੍ਰਖਤੀ-ਪ੍ਰਦੇਸ਼, ਇਹ ਨਾਂ ਅਸੀਂ ਦਿੱਤੇ ਹਨ। ਇਹ ਤਕਸੀਮ ਮਸਨੂਈ ਹੈ। ਇਹ ਹੱਦਾਂ ਬਣਾਵਟੀ ਹਨ। ਇਹ ਤਾਂ ਇਕ ਵਿਸ਼ਾਲ ਕੁਦਰਤੀ ਭੂ-ਖੰਡ ਹੈ। ਜਿਸਦੇ ਦਾਮਨ 'ਚ ਮੌਨਸੂਨੀ ਇਵੈਪੋਰੇਸ਼ਨ ਦਾ ਇਕ ਹੀ ਪ੍ਰਾਸੈਸ ਗਤੀਮਾਨ ਹੁੰਦਾ ਹੈ। ਇਕ ਹੀ ਸਾਇਕਲੀਕਲ ਟ੍ਰਾਂਜ਼ੀਸ਼ਨ ਦਾ ਜ਼ਹਿਰ ਸਾਰੇ ਭੂ-ਭਾਗ 'ਚ ਫੈਲਦਾ ਹੈ। ਡੰਗ ਪਿੰਡੇ ਤੇ ਕਿਤੇ ਵੀ ਲਗੇ, ਜ਼ਹਿਰ ਸਾਰੇ ਸਰੀਰ 'ਚ, ਨਸਾਂ-ਨਾੜੀਆਂ 'ਚ ਦੌੜਦਾ ਹੈ। ਪੰਜਾਬੀ ਤੇ ਪਹਾੜੀ ਲੋਕ-ਸਾਹਿਤ ਦੀ ਇਹ ਬੁਨਿਆਦੀ ਸਾਂਝ ਹੈ। ਪੰਜਾਬ ਹਿਮਾਚਲ ਦੇ ਆਪਣੇ ਆਪਣੇ ਕਈ ਛੋਟੇ ਬੜੇ ਖਿੱਤੇ

Sri Satguru Jagjit Singh Ji Elibrary NamdhariElibrary@gmail.com

ਹਨ। ਹਰ ਇਕ ਦੀ ਬੁਨਿਆਦੀ ਏਕੇ ਤੋਂ ਇਲਾਵਾ ਕੁਝ ਅੱਡ ਖੁਸ਼ਬੂ, ਮਹਿਕ ਤੇ ਰੰਗ ਹੈ। ਇਹ ਫਰਕ ਪੰਜਾਬ ਤੇ ਹਿਮਾਚਲ ਦੇ ਲੋਕ-ਜੀਵਨ ਤੇ ਲੋਕ-ਸਾਹਿਤ 'ਚ ਹੀ ਨਹੀਂ ਬਲਕਿ ਪੰਜਾਬ ਤੇ ਹਿਮਾਚਲ ਦੇ ਛੋਟੇ ਛੋਟੇ ਖਿੱਤਿਆਂ 'ਚ ਵੀ ਮੌਜੂਦ ਹੈ। ਸੋ ਲੋਕ-ਮਾਨਸ ਦੀ ਤਕਸੀਮ ਨਹੀਂ ਹੋ ਸਕਦੀ। ਪੰਜਾਬ ਤੇ ਪਰਬਤਾਂ ਦਾ ਲੋਕ-ਮਾਨਸ ਇਕ ਹੈ—ਇਸ ਨੂੰ ਇਕ ਇਕਾਈ ਸਮਝ ਕੇ ਹੀ ਵਿਚਾਰ ਕਰਨਾ ਜ਼ਿਆਦਾ ਵਾਜਿਬ ਹੋਵੇਗਾ।

ਪਰ ਕਈ ਵਾਰ ਪੜਚੋਲ ਤੇ ਮੁਆਇਨੇ ਲਈ ਇਕਾਈ ਖੰਡ ਖੰਡ ਕਰਨੀ ਪੈਂਦੀ ਹੈ ਤਾਂ ਜੋ ਇਕ ਇਕ ਅਣੂ ਨੂੰ ਪਕੜ ਕੇ ਐਗਜ਼ਾਮਿਨ ਕੀਤਾ ਜਾ ਸਕੇ।

ਸਾਰੇ ਤਬਸਰੇ ਨੂੰ ਸੂਈ ਦੀ ਨੋਕ ਤੇ ਸਮੇਟਣ ਦੀ ਕੋਸ਼ਿਸ਼ 'ਚ ਆਖਾਂਗਾ ਕਿ ਪੰਜਾਬੀ ਤੇ ਪਹਾੜੀ ਲੋਕ-ਸਾਹਿਤ 'ਚ ਅੰਦਰੂਨੀ ਪੱਖ ਦੀ ਏਕਤਾ ਹੈ, ਮਗਰ ਬੈਰੂਨੀ ਪੱਖ 'ਚ ਏਕਤਾ ਦੇ ਨਾਲ ਨਾਲ ਨਾਨਾ-ਰੂਪਤਾ ਵੀ ਮੌਜੂਦ ਹੈ ਜਿਸ ਦੇ ਕਾਰਣਾਂ ਦਾ ਮੈਂ ਜ਼ਿਕਰ ਕਰ ਚੁਕਾ ਹਾਂ। ਪ੍ਰਬਤਾਂ ਤੋਂ ਦਰਿਆ-ਨਦੀਆਂ ਨਾਲੇ ਬਹਿ ਕੇ ਪੰਜਾਬ ਦੇ ਮੈਦਾਨਾਂ 'ਚ ਆਉਂਦੇ ਹਨ ਤੇ ਨਾਲ ਲਿਆਉਂਦੇ ਨੇ ਪਹਾੜਾਂ ਦੀ ਜ਼ਰਖੇਜ਼ ਮਿੱਟੀ ਜੋ ਨਾ ਕੇਵਲ ਪੰਜਾਬ ਦੀ ਸਰਜ਼ਮੀਨ ਨੂੰ ਜ਼ਿਆਦਾ ਉਪਜਾਊ ਹੀ ਬਣਾਉਂਦੀ ਹੈ ਬਲਕਿ ਆਪਣੀ ਖੁਸ਼ਬੂ ਮਹਿਕ ਤੇ ਰੰਗ ਨਾਲ ਪੰਜਾਬ ਦੇ ਲੋਕ-ਜੀਵਨ ਤੇ ਲੋਕ-ਸਾਹਿਤ ਨੂੰ ਵੀ ਮਹਿਕਾਂਦੀ ਹੈ। ਪ੍ਰਬਤੀ ਜੀਵਨ ਦੇ ਬਿੰਬ, ਅਖਾਣ, ਕਹਾਵਤਾਂ, ਲੋਕ ਤੇ ਦੰਦ ਕਥਾਵਾਂ ਤੇ ਹੋਰ ਅਨੁਭਵ-ਸੰਸਾਰ ਪੰਜਾਬੀ ਲੋਕ-ਸਾਹਿਤ ਦੇ ਅਨੁਭਵ-ਸੰਸਾਰ 'ਚ ਸੁਮੇਲ ਪਾਉਂਦੇ ਹਨ। ਇੰਜ ਹੀ ਪੰਜਾਬ ਦੇ ਦੁਆਰਿਆਂ ਤੋਂ ਹੋ ਰਹੀ ਮੌਨਸੂਨੀ-ਇਵੈਪੋਰੇਸ਼ਨ ਪਹਾੜੀ ਲੋਕ ਜੀਵਨ ਤੇ ਲੋਕ-ਸਾਹਿਤ ਨੂੰ ਕਨਸੀਵ ਕਰਦੀ ਹੈ। ਪੰਜਾਬੀ ਇਮੇਜਰੀ, ਪ੍ਰੇਮ-ਕਿੱਸੇ, ਕਹਾਣੀਆਂ, ਕਹਾਵਤਾਂ, ਜ਼ਰ-ਬੁਲਮਿਸਲ, ਨਾਚ, ਪਰਹੇਜ਼-ਵਹਿਮ, ਅਕੀਦੇ ਵਗ਼ੈਰਾ-ਵਗ਼ੈਰਾ, ਪਹਾੜੀ ਲੋਕ ਸਾਹਿਤ 'ਚ ਕਿਸੇ ਨਾ ਕਿਸੇ ਰੂਪ 'ਚ ਨਮੂਦਾਰ ਹੋਏ ਹਨ।

ਮੈਂ ਆਰੰਭ 'ਚ ਇਲਤਮਾਸ ਕੀਤੀ ਸੀ ਕਿ ਇਹ ਮੁਆਇਨਾ ਕੋਈ ਫ਼ੈਸਲਾ ਨਹੀਂ। ਬਲਕਿ ਫੈਸਲੇ ਲਈ ਹੋਣ ਵਾਲੀ ਬਹਿਸ ਦਾ ਸਿਰਫ ਦੀਬਾਚਾ ਹੈ, ਉਸਦੀ ਤਮਹੀਦ ਹੈ। ਮੈਂ ਜ਼ੋਰ ਦਿੱਤਾ ਹੈ ਆਪਸੀ ਰਿਸ਼ਤਿਆਂ ਦੇ ਸਾਂਝਾਂ ਬਣਨ ਦੇ ਪ੍ਰਾਸੈਸ ਨੂੰ ਉਜਾਗਰ ਕਰਨ ਤੇ। ਕੋਸ਼ਿਸ਼ ਕੀਤੀ ਹੈ ਪੰਜਾਬੀ ਤੇ ਪਹਾੜੀ ਲੋਕ ਜੀਵਨ ਦੇ ਤਵਾਰੀਖੀ ਟ੍ਰਾਂਜੀਸ਼ਨ ਦੀ ਤਹਕੀਕ ਕਰਨ ਤੇ ਅਤੇ ਪੰਜਾਬੀ-ਪਹਾੜੀ ਲੋਕ-ਸਾਹਿਤ 'ਚ ਮੌਜੂਦ ਅੰਦਰੂਨੀ-ਬੈਰੂਨੀ ਇਕਰੂਪਤਾ-ਉਸਦੀ ਸ਼ਕਲ ਤੇ ਨਿਸਬਤਨਾਸਦ ਦੀਆਂ ਦਿਸ਼ਾਵਾਂ ਨੂੰ ਉਲੀਕਣ ਤੇ। ਪੰਜਾਬੀ ਤੇ ਪਹਾੜੀ ਲੋਕ-ਸਾਹਿਤ ਦੀਆਂ ਹਮਸ਼ਕਲ ਤੁਕਾਵਾਂ-ਟੋਟਕੇ ਪੇਸ਼ ਕਰਨ ਦੀ ਸਤਹੀ ਤਹਕੀਕ ਮੇਰਾ ਮਕਸਦ ਨਹੀਂ ਰਹੀ ਹੈ।

ਬਹਿਸ ਇਨਿਸ਼ੀਏਟ ਕਰਨ ਲਈ ਇਹ ਸਾਰੀ ਚਰਚਾ ਆਮ ਫਹਿਮ ਲੋਕ-ਭਾਸ਼ਾ ਤੇ ਲੋਕ-ਬਿੰਬਾਂ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਉਸ ਨੂੰ ਇਕ ਡਾਇਲਾਗ ਵਿਚ ਈਡੀਅਮ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

ਮੇਰੀ ਇਹ ਪੜਤਾਲ ਜੇਕਰ ਪੰਜਾਬੀ ਤੇ ਪਹਾੜੀ ਲੋਕ-ਜੀਵਨ ਤੇ ਲੋਕ-ਸਾਹਿਤ ਦੇ ਆਪਸੀ ਰਿਸ਼ਤਿਆਂ ਸਾਂਝਾਂ ਦੀ ਮੌਲੀ-ਗੰਢ ਦੇ ਇਕ ਸੂਤਰ ਨੂੰ ਵੀ ਜਾਣਨ 'ਚ ਮਦਦਗਾਰ ਸਾਬਿਤ ਹੋਵੇ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ।

Sri Satguru Jagjit Singh Ji Elibrary NamdhariElibrary@gmail.com

## ਪੰਜਾਬੀ


**ਸਹਾਇਕ ਗ੍ਰੰਥ :**

| | |
|---|---|
| ਕਾਂਗੜੇ ਦੇ ਲੋਕਗੀਤ | ਐਮ. ਐਸ. ਰੰਧਾਵਾ |
| ਪੰਜਾਬ | " " |
| ਪੰਜਾਬ ਦਾ ਲੋਕ ਸਾਹਿਤ | ਡਾ. ਸੁਰਿੰਦਰ ਸਿੰਘ ਬੇਦੀ |
| ਪੰਜਾਬ ਦੇ ਰੰਗੀਲੇ ਗੀਤ | ਤਰਲੋਕ ਸਿੰਘ ਤਰਲੋਕ |
| ਚੋਣਵੇਂ ਲੋਕਗੀਤ | ਬਖਸ਼ੀਸ਼ ਸਿੰਘ ਬਖਸ਼ੀ |
| ਪੰਜਾਬ ਦੇ ਲੋਕਨਾਚ | ਮੋਹਨ ਸਿੰਘ ਰਾਹੀ |
| ਪੰਜਾਬ ਦੀਆਂ ਲੋਕਗਥਾਵਾਂ (ਭਾਗ 1 ਅਤੇ 2) | ਸਰ ਰਿਚਰਡ ਟੈਂਪਲ |
| ਪੰਜਾਬ ਦੀ ਆਵਾਜ਼ | ਅੰਮ੍ਰਿਤਾ ਪ੍ਰੀਤਮ |
| ਕੰਧਾਰੀ ਹਵਾ | ਪ੍ਰਭਜੋਤ ਕੌਰ |
| ਗਿੱਧਾ | ਦੇਵਿੰਦਰ ਸਤਿਆਰਥੀ |
| ਦੀਵਾ ਬਲੇ ਸਾਰੀ ਰਾਤ | " |
| ਮੇਰਾ ਪਿੰਡ | ਗਿਆਨੀ ਗੁਰਦਿੱਤ ਸਿੰਘ |

## ਹਿੰਦੀ

| | |
|---|---|
| ਕਾਂਗੜੇ ਦੇ ਲੋਕਗੀਤ | ਡਾ. ਗੌਤਮ ਚੰਦਰ ਸ਼ਰਮਾ |
| ਕਾਂਗੜੇ ਦੇ ਲੋਕਗੀਤ | ਵਿਅਥਿਤ ਸਾਹਿਤਅਕ ਵਿਸ਼ਲੇਸ਼ਣ ਏਵੰ ਮੁਲਿਆਂਕਨ : (ਪ੍ਰਕਾਸ਼ਯ ਪੀ.ਐਚ.ਡੀ. ਥੀਸਸ) |
| ਉਪਭਾਸ਼ਾ ਵਿਸ਼ੇਸ਼ ਅੰਕ : ਸਪਤ-ਸਿੰਧੂ | 1965-66 |
| ਪਾਰਵਤੀ ਲੋਕ-ਮਾਨਸ ਵਿਸ਼ੇਸ਼ ਅੰਕ | ਜਨ-ਸਾਹਿਤ : 1966 |


Sri Satguru Jagjit Singh Ji Elibrary NamdhariElibrary@gmail.com

ਅਮਰਜੀਤ ਸਿੰਘ,

ਡਾਇਰੈਕਟਰ, ਪੰਜਾਬੀ ਵਿਕਾਸ

ਇਸ ਕਾਵਿ-ਮਈ ਖੋਜ-ਪੱਤਰ ਦਾ ਅਸੀਂ ਅਨੰਦ ਮਾਣਿਆ। ਅਸੀਂ ਡਾ. ਚੰਦਰ ਸ਼ੇਖਰ ਦੇ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਇਕ ਹਲੂਣਾ ਦਿੱਤਾ ਹੈ ਅਤੇ ਪੰਜਾਬੀ-ਪਹਾੜੀ ਸਾਂਝ ਨੂੰ ਟੁੰਬਕੇ ਜਗਾਇਆ ਹੈ। ਇਸ ਤੋਂ ਪਹਿਲਾਂ ਕਿ ਆਪਾਂ ਇਸ ਖੋਜ-ਪੱਤਰ ਤੇ ਵਿਚਾਰ-ਵਟਾਂਦਰਾ ਸ਼ੁਰੂ ਕਰੀਏ, ਮੈਂ ਚਾਹੁੰਦਾ ਹਾਂ ਕਿ ਮਿਥੇ ਪ੍ਰੋਗਰਾਮ ਅਨੁਸਾਰ ਆਪਾਂ ਪਹਿਲਾਂ ਪਹਾੜੀ ਕਵਿਤਾ ਤੇ ਗੀਤ ਬਾਹਰੋਂ ਆਏ ਕਲਾਕਾਰਾਂ ਤੋਂ ਸੁਣ ਲਈਏ। ਪਰ ਉਸ ਤੋਂ ਪਹਿਲਾਂ ਕਾਫੀ ਦਾ ਪਿਆਲਾ ਆਪਾਂ ਸਾਰਿਆਂ ਦਾ ਇੰਤਜ਼ਾਰ ਕਰ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

# ਪਹਾੜੀ ਕਵਿਤਾ, ਗੀਤ

ਨੋਟ : ਇਸ ਸੈਮੀਨਾਰ ਦੇ ਇਸ ਸੈਸ਼ਨ ਲਈ ਕ੍ਰਿਸ਼ਨਾ ਕੁਮਾਰੀ ਜੀ ਸਾਡੇ ਵਿਸ਼ੇਸ਼ ਸੱਦੇ ਉੱਤੇ ਆਏ ਸਨ ਅਤੇ ਉਨ੍ਹਾਂ ਨੇ ਪਹਾੜੀ ਗੀਤ/ਲੋਕ-ਗੀਤ ਗਾ ਕੇ ਆਪਣੇ ਕਿਸਮ ਦੀ ਹੀ ਸਮਾਂ ਬੰਨ੍ਹਿਆ ਸੀ। ਪਰ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਸੀਂ ਉਨ੍ਹਾਂ ਦੇ ਗਾਏ ਗੀਤ/ਲੋਕ-ਗੀਤ ਇਸ ਰਿਪੋਰਟ ਵਿਚ ਸ਼ਾਮਿਲ ਨਹੀਂ ਕਰ ਸਕੇ। ਪਹਾੜੀ ਬੋਲੀ ਦੇ ਹਰਮਨ ਪਿਆਰੇ ਕਵੀ ਸ੍ਰੀ ਜੈ ਦੇਵ ਕਿਰਨ ਜੀ ਦੀ ਰਚਨਾ ਦੀਆਂ ਕੁਝ ਵੰਨਗੀਆਂ ਅੰਕਿਤ ਕਰ ਰਹੇ ਹਾਂ ਜੋ ਉਨ੍ਹਾਂ ਨੇ ਸੈਸ਼ਨ ਵਿਚ ਪੇਸ਼ ਕੀਤੀਆਂ। (ਸੰਪਾਦਕ)

**ਪਹਾੜੀ ਕਵਿਤਾ :**

## 1. ਪੱਤਥਰੋ ਰੇ ਮਾਂਹੂ

ਜੈ ਦੇਵ ਕਿਰਨ*

ਪੱਤਥਰੋ ਰੇ ਮਾਂਹੂ ਅਸੇ ਪੱਤਥਰਾਂ ਰੀ ਜਿੰਦੜੀ ਨਰਮ ਨਰਮ ਕਾਲਜਾ
ਦਿਲੋਰੇ ਦੁਰੱਜੇ ਮਹਾਰੇ ਸਾਰੀ ਦੁਨੀਆਂ ਜੋ ਖੁਲ ਜਾਣੇ ਵਾਲੇ ਪਿਆਰ ਲੇਈਜਾ।

ਚੂਨੜੀਆ ਹਰੇ ਪੀਲੇ ਡਾਲੋਰੀਆ ਓਡੀਕੇ
ਛਾਵਾਂ ਸਾਈ ਚੁਪਚਾਪ ਧਾਰਕੀਆਂ ਖੜ੍ਹਕੀ

ਬਰਫਾਂ ਤੇ ਗੋਰੀ ਗੋਰੀ ਧਾਰਾਂ ਕੀਆਂ ਚਮਕੇ
ਜਾਣੀਏਂ ਬਣੀ ਚਾਂਦੀ ਰੀ ਦੀਵਾਰ ਕੀਏ ਮਜ਼ੂਰੀ।

ਲਾਓਲ ਤੇ ਮਨਾਲੀ ਧੌਲ ਧਾਰਾ ਰੀ ਏ ਪਿਆਰੀ ਪੌਣ ਸ਼ਿਮਲੇ ਰੀ ਠੰਡੀ ਸੜਕਾਂ।
ਸਾਰੇ ਮੁਲਖੋ ਰੇ ਮਾਂਹੂ ਦੌੜੀ ਦੌੜੀ ਦੇਖੂਵੇ ਚਲੋ ਰਾ ਸ਼ਹਿਰ ਸ਼ਿਮਲਾ

ਪਿਆਰੋ ਰੇ ਪੁਜਾਰੀ ਅਸੋ ਪਿਆਰ ਪਰਮੇਸ਼ਰ
ਏ ਗੀਤ ਗਾਂਦੇ ਗਾਂਦੇ ਮਿਟੀ ਕਿਤਣੀ ਜਵਾਨੀਆਂ

ਗੋਰੇ ਗੋਰੇ ਸਰਵਾ ਰੇ ਬਿਸਤਰੂ ਲਈ ਕੇ
ਪਿਆਰੋਂ ਕੀਆਂ ਕਿਤਣੀ ਕ ਸੁਤੱਰੀ ਕਹਾਣੀਆਂ

---

*ਜੈ ਦੇਵ ਕਿਰਨ, ਸਹਾਇਕ ਪ੍ਰਚਾਰ ਅਧਿਕਾਰੀ, ਸੁਆਸਥ ਵਿਭਾਗ, ਹਿਮਾਚਲ ਪ੍ਰਦੇਸ਼, ਬਲਾਕ 28-ਏ/5, ਨਾਭਾ ਹਾਊਸ, ਸ਼ਿਮਲਾ।

Sri Satguru Jagjit Singh Ji Elibrary NamdhariElibrary@gmail.com

ਬਾਮਣਾਂ ਰਾ ਛੋਰੂ ਤੂ ਨੀ ਦਿਸਦਾ ਬੋ ਮੋਹਣਾ ਰੋਇਆ ਕਦੀ ਤੇਰੇ ਘਰ ਮਿਤਰਾ
ਗਾਂਗਿਆ ਰੇ ਬੋਲ ਕੁੰਜੂ ਚੰਚਲੋਂ ਰਾ ਪਿਆਰ ਯੋ ਹਿਮਾਚਲੋਂ ਰੀ ਪਿਆਰੀ ਨੱਟਿਆ ।

ਪਹਨੂ ਰੀ ਗਰੀਬੀ ਭਵੇਂ ਗਮ ਨਹੀਂ ਕਰਦੇ
ਇਜਤਾਂ ਤ ਪੱਤਥਰਾਂ ਦੇ ਰਹਿਣੇ ਵਾਲੇ ਰਹਊ ਵੇ
ਦਖੀ ਨੋਅਵੇ ਸੂਰਜਾਂ ਜੋ ਬਾਦਲੋ ਰੇ ਖਿੰਦੜ

ਚੰਬਾ ਕੁੱਲੂ ਕਾਂਗੜਾ ਮ੍ਹਾਸੂ, ਮੰਡੀ, ਨਾਹਣ, ਬਲਾਸਰ, ਕੱਨੌਰ ਸ਼ਿਮਲਾ
ਹਿਮਾਚਲੋਂ ਰੀ ਛਾਤੀਆਂ ਦੇ ਪਿਆਰੋ ਰੀਆਂ ਛਾਲਿਆਂ ਤੇ ਸਤਲੁਜ ਬਿਆਸ ਬਗਦਾ

ਲਾਰੇ ਲੱਪੇ ਵਾਲੀ ਗੱਲ ਪੱਥਰ ਨੀ ਜਾਣਦੇ
ਮੂੰਵਾਂ ਪਰ ਜੋ ਰੰਗ ਸੋ ਰੰਗ ਅੰਦਰੋਂ ।

ਆਦਮੀ ਤਾਂ ਆਦਰ ਤੇ ਬੱਡੀ ਗੱਲ ਕੋਏ ਨੀ
ਪੱਥਰ ਸਰੀਖੇ ਅਸੇ ਪੂਜੀ ਦਿੱਤੇ ਮੰਦਿਰੋ ।

ਜ਼ਾਲਾ ਮੁਖੀ ਟਾਰਨਾ ਚਮੁੰਡਾ ਅਤੇ ਮਾਰਕੰਡ ਨੈਣਾ ਦੇਵੀ ਮਾਈ ਰੇਣ ਦਾ
ਸਿਆਗਾ ਸਾਂਝਾ ਧੂਪ ਦੀਪ ਸੰਖ ਨਗਾਰੇ ਤੇ ਜੈਕਾਰਾ ਸੁਣੇ ਭੈਣਾ ਵਾਲੀ ਦਾ

ਦੇਵੀ ਦੇਵਤੇ ਰਾ ਪੈਹਰਾ ਗਾਵਾਂ ਗਾਵਾਂ ਲਾਗੂਰ
ਸ਼ਿਬਜੀ ਰਾ ਬੱਸਾ ਕਲਾਸ਼ੋ ਰੀਆਂ ਕਵਾਲੀਆਂ

ਦੁਨੀਆਂ ਰਾ ਪਹਿਲਾ ਮਾਂਛੂ ਮਨੂ ਯੋਤੀ ਆਇਆ ਰਾ
ਤੇਸਰੀ ਕਹਾਣੀ ਲਿੱਖ ਪਾਤਥਰੋ ਮਨਾਲਿਆ ।

ਕੁੱਲੂ ਰਾ ਦਸ਼ਹਿਰਾ ਚੰਬਾ ਮੰਡੀਆਂ ਰਾ ਮੇਲਾ ਯੋਰਿਵਾਲਸਰ ਹੋਰ ਬਾੜੀਆ
ਸੀਂਹਪੁਰ ਰਾਸ ਪੁਰ ਲਵਿਆ ਰਾ ਮੇਲਾ ਯੋ ਬਿਲਾਸ ਪੋਰੋ ਰੀ ਨੁਲਾੜੀਆ ।

ਮ੍ਹਾਰੇ ਸਿਰ ਮੋਰ ਰੀ ਯੋ ਲਾਲ ਲਾਲ ਧਰਤੀ
ਬੱਲੂਵੀ ਹਿਮਾਚਲੋਂ ਪਰਸੂਰਾਮ ਆਏ ਥੇ

ਜਮਨਾ ਕਿਨਾਰੇ ਪਾਊਂਦੇ ਰਾ ਪਾਣੀ ਬੱਲੇ
ਕਵੀ ਦਰਬਾਰ ਗੁਰੂ ਗੋਬਿੰਦ ਲਗਾਏ ਥੇ

ਗੋਰਖੇ ਰੀ ਖੱਖਰੀ ਮਲਾਓਣ ਕਿਲੇ ਚਲੀ ਅੰਗ੍ਰੇਜ਼ੋ ਰੀਆਂ ਕਿੱਤੀ ਟਾੜੀਆਂ
ਅੱਜ ਭੀ ਹਿਮਾਚਲੋਂ ਰੇ ਗਭਰੂ ਸ਼ਹੀਦ ਹੋਏ ਬਾਬਾ ਅਤੇ ਛੰਬ ਜੋੜੀਆਂ

ਹਾਰੀਗੇ ਟ੍ਰੈਕਟਰ ਡੋਰ੍ਹਕੇ ਨੀ ਖੜਦੇ
ਪੱਥਰੋ ਰਾ ਮਾਂਛੂ ਈ ਤਾਂ ਪੂਰਾ ਪਕਾ ਹਾਲਿਆ

ਮੁਲਖਾ ਰੀ ਸੇ ਵਾਰਾਂ ਤੋਂ ਘਾਰ ਪਾਰ ਕੋਏ ਨੀ
ਫੋਜਾਂ ਚ ਬੰਦੂ ਘਰੇ ਚਲਵੀ ਕੂਲਾਲਿਆਂ

Sri Satguru Jagjit Singh Ji Elibrary NamdhariElibrary@gmail.com

ਪੈਰੀ ਪੈਣਾਂ ਸੁਖਸਾਂ ਦ ਰਾਮ ਰਾਮ ਜਸਦੇਯਾ ਯੇ ਗਲੇ ਮਿਲਣੇ ਰੀ ਘੜੀਆਂ
ਬੋਲੂਵਾ ਕਿਰਣੇ ਯੇ ਹਿਮਾਚਲੋ ਰੇ ਗਾਵਾ ਗਾਵਾਂ ਦੇਸ਼ ਸ ਪਿਆਰ ਰੀਆਂ ਝਾੜੀਆਂ

## 2. ਖੇਤ ਕਰਸਾਣ

ਜੈ ਦੇਵ ਕਿਰਨ

ਸੁਣ ਬੇ ਮੇਰਿਆ ਖੇਤ ਕਸਾਣੀਆਂ
ਦੇਸ਼ੋ ਰੀ ਜਿੰਦੜੀ ਤੇਰੇ ਸਹਾਰੇ।

ਧੰਨ ਕਸਾਣੀਆਂ ਤਾਖੇ ਬਣੀ ਜਿਨ੍ਹੇ ਜੀਵਨ ਸਬੀ ਖੇ ਦਾਨ ਕਰੀਤਾ
ਪੱਥਰੋਂ ਬਿਚੋਂ ਤੇ ਅੰਨ ਉਗਾਈ ਕੇ ਮਾਹੀ ਰੇ ਭਾਂਡੇ ਦੇ ਪ੍ਰਾਣ ਭਰੀਤਾ।

ਤੇਰੇ ਪਸਿਨੇ ਰੀ ਬੂੰਦੋ ਰਾ ਸਬੀ ਖੇ ਦਿੱਸ਼ੋ ਪਰਯਾਸ਼ਾ ਚਹੁ ਕਨਾਰੇ
ਸੁਣ ਬੇ ਮੇਰਿਆ ਖੇਤ ਕਸਾਣੀਆਂ ਦੇਸ਼ਾ ਰੀ ਜਿੰਦੜੀ ਤੇਰੇ ਸਹਾਰੇ।

ਔਖੀ ਉਮਰੋ ਰੀ ਬਾਟ ਹਾਂਡੀ ਤੀ ਸਬੀ ਖੇ ਫੁੱਲ ਬਗੀਚੜੇ ਬਾਂਡੇ
ਸੁਖੋਂ ਰੀ ਕਿਆਰੀਆਂ ਹੋਰੀ ਖੇ ਦਿੱਤਿਆਂ ਆਪਣੇ ਫੜਕੇ ਭੀਟਰਾ ਕਾਂਡੇ।

ਜਿਬਣੀ ਚਾਦਰ ਦੇਖੀ ਕਸਾਣੀਆਂ ਤਿਬਣੇਂ ਆਪਣੇ ਪੈਰ ਪਸਾਰੇ
ਸੁਣ ਬੇ ਮੇਰਿਆ ਖੇਤ ਕਸਾਣੀਆ ਦੇਸ਼ੋਂ ਰੀ ਜਿੰਦੜੀ ਤੇਰੇ ਸਹਾਰੇ।

ਦਵੋਂ ਤਪੀ ਜਬੇ ਜੇਠ ਹਾੜੋ ਰੀ ਤਬੇ ਬੀ ਜੀਅਰੀ ਆਸ ਨੀ ਮੁਕੀ
ਪੀ ਗੰਦੀ ਕਿਨਾਰੋ ਰੇ ਹੇਠਾ ਰੀ ਹਾਸੀ ਪਾਪੀ ਦੁਵਾਂ ਰੀ ਸੇ ਪਿਆਸ ਨੀ ਮੁਕੀ।

ਖੇਤੋ ਰਾ ਪਤਰਾ ਹਲੋਂ ਰੀ ਕਲਮ ਲਿਖ ਆਪਣੀ ਤਕਦੀਰ ਬਣਾ ਰੈ
ਸੁਣ ਬੇ ਮੇਰਿਆ ਖੇਤ ਕਸਾਣੀਆਂ ਦੇਸ਼ਾ ਰੀ ਜਿੰਦੜੀ ਤੇਰੇ ਸਹਾਰੇ।

ਧਾਨ ਰੂੰਬਦੇ ਕੁਕੜੀ ਗੋਡਦੇ ਹਥੋਂ ਛਾਲੂ ਪੈਰਾ ਫਟੀ ਬਿਆਈ
ਆਸੂ ਪਿਐ ਤੈਂ ਚੂਲੂ ਲਾਜੀ ਕੇ ਤੇਬੇ ਕੀ ਜਿੰਦੜੀ ਰਣੀ ਧਿਆਈ।

ਈਸ਼ੀ ਲਗਾਈ ਪਰਿਆਰਸ਼ ਰੀ ਕਲਮ ਬਾਗਟੀ ਦੇ ਖਿਲੇ ਚਾਂਦ ਸਿਤਾਰੇ
ਸੁਣ ਬੇ ਮੇਰਿਆ ਖੇਤ ਕਸਾਣੀਆਂ ਦੇਖਾ ਰੀ ਜਿੰਦੜੀ ਤੇਰੇ ਸਹਾਰ।

ਸਦਾ ਬਾਗਟੀ ਰੀ ਪੂਜਾ ਕਿਤੀ ਚਾਏ ਗਰਜੋ ਬਾਦਲ ਪੜੋ ਬਿਜਲੀ
ਲੋਕਾ ਖੇ ਬੀਜਾ ਰਾ ਧਾਗਟਾ ਦਿਤਾ ਆਪਣੇ ਬਾਲੂ ਦੇ ਲੂਣ ਪਿਪਲੀ।

ਬੋਲੋਂ ਕਿਰਣ ਬਣੀ ਸੁਣ ਕਸਾਣੀਆਂ ਸਬੀ ਰੀ ਹਾਸੀ ਤਦੀਂ ਕਨਾਰੇ
ਸੁਣ ਬੇ ਮੇਰਿਆ ਖੇਤ ਕਸਾਣੀਆਂ ਦੇਸ਼ਾ ਰੀ ਜਿੰਦੜੀ ਤੇਰੇ ਸਹਾਰੇ।

Sri Satguru Jagjit Singh Ji Elibrary NamdhariElibrary@gmail.com

## 3. ਗ਼ਜ਼ਲ

ਜੈ ਦੇਵ ਕਿਰਨ

ਪਿਆਰੈਂ ਰੀ ਜੇ ਨਾ ਛਾਵੇਂ ਮਿਲੀ ਤੋ ਤਪਦੀ ਰੀੜੀਆਂ ਬਹਈ ਗਏ
ਥਾ ਮੂੰਹ ਆਪਣਾ ਬੀ ਜੀਭ ਆਪਣੀ ਸਬ ਕਹਣੇ ਵਾਲੇ ਕਹਈ ਗਏ ।

ਯੇ ਠੀਕ ਹੈ ਮ੍ਹਾਹਰਾ ਜੀਣਾ ਭੀ ਅੱਗੀ ਪਰ ਭਖਦਾ ਲੋਹਾ ਯੇ
ਦੁਨੀਆਂ ਰੀ ਚੋਰਾ ਖੂਬ ਪਈ ਪਰ ਸਹਿੰਦੇ ਸਹਿੰਦੇ ਸਹਿ ਗਏ ।

ਮ੍ਹਾਰੀ ਬਰਬਾਦੀ ਰੀ ਖਾਤਰ ਦੁਨੀਆਂ ਨੇ ਕਿਆ ਕਿਆ ਕੁਛ ਕੀਤਾ
ਯੇ ਸੇ ਬਦਨੀਤੇ ਮਨਸੂਬੇ ਸਬ ਢੈਂਦੇ ਢਈ ਗਏ ।

ਧਰਤੀ ਪਰ ਕਾਲ ਜਿਨਾਂ ਲੋਕਾਂ ਅੰਬਰੇ ਤੇ ਘਰ ਨਈ ਸੁਝਾ
ਪੌਣੀ ਰੇ ਏਕ ਹਲੂਣੇ ਤੇ ਤਿਨਕੇ ਸਾਈਂ ਭੁਇਆਂ ਪਈ ਗਏ ।

ਪਿਆਰੈ ਰੀ ਬੇਦਣ ਜਿਨਾਂ ਪਰ ਆਈ ਤੋ ਛਾਲੂ ਛਾਲੂ ਥੇ
ਯੇ ਗੱਲ ਸਬੱਲੀ ਨੀ ਇਥਣੀ ਪਰ ਕਹਿੰਦੇ ਕਹਿੰਦੇ ਕਹਈ ਗਏ

ਮ੍ਹਾਰੇ ਜੀਵਾ ਰੀ ਪਰਖ 'ਕਿਰਣ' ਰਥੈ ਹੋਰ ਕਿਸੀ ਜੋ ਕਿਆ ਹੁੰਗੀ
ਛਾਲੂ ਦੇ ਮ੍ਹਾਰੇ ਲੂਣ ਲਾਇਆ ਅਸੇ ਮਲ੍ਹਮ ਸਮਝੀ ਸਹਿਈ ਗਏ ।

Sri Satguru Jagjit Singh Ji Elibrary NamdhariElibrary@gmail.com

## ਵਿਚਾਰ-ਵਟਾਂਦਰਾ

1. **ਸ਼ਾਮ ਲਾਲ ਡੋਗਰਾ**

ਪ੍ਰਧਾਨ ਜੀ ਤੇ ਆਦਰਨੀਯ ਵੀ. ਸੀ. ਸਾਹਿਬਾ। ਹੁਣ ਜੋ ਇਨ੍ਹਾਂ ਕਾਂਗੜੀ ਬੋਲੀ ਦਾ ਵਿਸ਼ਲੇਸ਼ਣ ਕੀਤਾ ਹੈ, ਇਹ ਜਿਹੜਾ ਪੇਪਰ ਪੜ੍ਹਿਆ ਹੈ, ਬੜਾ ਸੁੰਦਰ ਹੈ। ਪਰ ਜਿਹੜਾ ਉਸਦਾ ਮੂਲ ਤੱਤ ਹੈ ਉਸ ਬਾਰੇ ਲੇਖਕ ਨੇ ਆਪਣੇ ਵਿਚਾਰ ਨਹੀਂ ਦਸੇ। ਕੋਈ ਵੀ ਲਫਜ਼ ਲੈ ਲਉ, ਕੋਈ ਵੀ ਲੋਕ-ਗੀਤ ਲੈ ਲਉ, ਸਾਰੀਆਂ ਥਾਵਾਂ ਤੇ ਸੁਰ, ਲੈਅ ਸਭ ਦੀ ਆਪਣੀ ਆਪਣੀ ਵਿਸ਼ੇਸ਼ਤਾ ਹੈ। ਲੋਕ-ਸਾਹਿਤ ਤੇ ਲੋਕ-ਗੀਤਾਂ ਦੀ ਵੀ ਆਪਣੀ ਆਪਣੀ ਵਿਸ਼ੇਸ਼ਤਾ ਹੈ। ਇਉਂ ਤਾਂ ਪੰਜਾਬੀ ਲੋਕ-ਗੀਤ ਸਾਰੇ ਸਮਝਦੇ ਨੇ ਕਿਤਨਾ ਚੰਗਾ ਗਿਣਿਆ ਜਾਂਦਾ ਹੈ। "ਦਮਾ ਦਮ ਮਸਤ ਕਲੰਦਰ, ਅਲੀ ਦਾ ਪਹਿਲਾ ਨੰਬਰ" ਫਟਾ ਫਟ ਬੋਲਦੇ ਹਨ ਪਰ ਸਾਡਾ ਹੁਣੇ ਜੋ ਤੁਸਾਂ ਲੋਕ-ਗੀਤ ਸੁਣਿਆ ਹੈ, ਉਹ ਤੁਸਾਂ ਦੇਖਿਆ ਹੈ ਕਿਤਨਾ ਤਾਣ, ਸੁਰ ਤੇ ਲੈਅ ਵਾਲਾ ਹੈ ਤੇ ਕਿਵੇਂ ਹੱਥ ਚਲਦੇ ਨੇ। (ਇਨ੍ਹਾਂ ਦਾ ਇਸ਼ਾਰਾ ਕ੍ਰਿਸ਼ਨਾ ਕੁਮਾਰੀ ਜੀ ਦੇ ਗੀਤ ਵੱਲ ਸੀ।

2. **ਡਾ. ਬਲਬੀਰ ਸਿੰਘ ਸੰਧੂ**

ਪ੍ਰਧਾਨ ਜੀ, ਵਾਈਸ-ਚਾਂਸਲਰ ਸਾਹਿਬਾ ਤੇ ਪਿਆਰੇ ਸਾਥੀਓ! ਅੱਜ ਦਾ ਜਿਹੜਾ ਮੈਂ ਪੇਪਰ ਸੁਣਿਐ ਮੈਨੂੰ ਸਾਰਿਆਂ ਤੋਂ ਜ਼ਿਆਦਾ ਸੁਆਦ ਆਇਐ ਇਸਦੀ ਭਾਸ਼ਾ ਸੁਣ ਕੇ। ਇੰਨਾ ਪੋਇਟੀਕਲ (poetical) ਪੇਪਰ ਪਹਿਲੀ ਦਫਾ ਮੈਂ ਸੁਣਿਐ। ਇਕ critical Seminar ਦੇ ਵਿਚ ਇੰਨਾ 'poetical' ਪੇਪਰ ਹੋਵੇ ਔਰ ਸਾਰਿਆਂ ਤੋਂ ਵੱਡੀ ਚੀਜ਼ ਇਹ ਹੈ ਕਿ ਲੇਖਕ ਨੇ ਸਵਾਏ 'generlization' ਤੋਂ ਹੋਰ ਕਿਤੇ ਵੀ 'particularization' ਨਹੀਂ ਕੀਤੀ। ਇਥੇ ਵਗਦੇ ਨੇ ਸਮੁੰਦਰ, ਇਧਰ ਤੋਂ ਆਂਦੇ ਨੇ, ਆਦਿ ਇਸ ਨਾਲ ਸਾਡਾ ਕੀ ਸੰਬੰਧ ਹੈ ? ਭੂਗੋਲਿਕ ਸਥਿਤੀ ਹੈ ਕਿ ਦੋ ਚਾਰ ਲਫ਼ਜ਼ਾਂ ਵਿਚ ਕਹੀ ਜਾ ਸਕਦੀ ਹੈ। ਸਾਡੇ ਉਨ੍ਹਾਂ ਦੇ ਆਪਸੀ ਸੰਬੰਧ ਨੇ। ਦੋ ਚਾਰ ਸ਼ਬਦਾਂ ਵਿਚ ਕਹੇ ਜਾ ਸਕਦੇ ਨੇ। ਪਰ ਯੂਨੀਵਰਸਿਟੀ ਦਾ ਇਕ ਤਰੀਕਾ ਹੁੰਦਾ ਹੈ ਕਿਸੇ ਚੀਜ਼ ਨੂੰ ਸਟੱਡੀ ਕਰਨ ਦਾ, ਉਹ ਹੈ ਵਿਗਿਆਨਕ ਤਰੀਕਾ। ਯੂਨੀਵਰਸਿਟੀ ਵਿਸ਼ੇਸ਼ਤਾ ਰਖਦੀ ਹੈ ਵਿਗਿਆਨਕ ਦ੍ਰਿਸਟੀਕੋਣ ਨੂੰ ਲੈ ਕੇ ਕਿਸੇ ਚੀਜ਼ ਨੂੰ ਖੋਜਣ ਦੀ। ਉਹ ਚੀਜ਼ ਜਿਹੜੀ ਆਮ ਲੋਕਾਂ ਨੂੰ ਪਤਾ ਹੁੰਦੀ ਹੈ, ਅਸੀਂ ਉਸ ਨੂੰ ਵਿਗਿਆਨਕ ਕਸਵਟੀ ਤੇ ਪਰਖ ਕੇ, ਵਿਗਿਆਨਕ ਲੀਹਾਂ ਤੇ ਪੈ ਕੇ ਉਨ੍ਹਾਂ ਦੇ ਬਾਰੇ ਵਿਚ ਵੇਖਦੇ ਹਾਂ ਕਿ ਕੀ ਗੱਲ ਹੈ, ਕੀ ਨਹੀਂ। ਫਿਰ ਸੱਚ ਤਕ ਪਹੁੰਚਦੇ ਹਾਂ। ਜਿੱਥੋਂ ਤਕ ਪਹਾੜੀ ਦਾ ਸੰਬੰਧ, ਪਹਾੜੀ ਦਾ ਰਹਿਣ ਦਾ ਢੰਗ, ਪਹਾੜੀਆਂ ਦੀ ਆਪਣੀ ਸਾਰੀ ਦੀ ਸਾਰੀ ਦ੍ਰਿਸ਼ਟੀ ਨੂੰ ਕਿਸੇ ਹੋਰ ਸਮੇਂ ਤੇ ਸਥਾਨ ਦੇ ਵਿਚ ਬੰਨ ਕੇ 'reality' ਨੂੰ ਦੇਖਣ ਦਾ ਢੰਗ, ਮਹਿਸੂਸ ਕਰਨ ਦਾ ਢੰਗ ਤੇ ਉਸਨੂੰ 'express' ਕਰਨ ਦਾ ਢੰਗ,

Sri Satguru Jagjit Singh Ji Elibrary NamdhariElibrary@gmail.com

ਇਹ ਸਾਰਾ ਕੁਝ ਸਾਡੇ ਨਾਲੋਂ ਵੱਖਰਾ ਹੈ। ਦੇਖਣਾ ਇਹ ਸੀ ਕਿ ਕਿਵੇਂ ਉਹ ਸਾਡੇ ਨਾਲੋਂ 'reality' ਨੂੰ ਕੁਝ ਹੋਰ ਤਰੀਕੇ ਨਾਲ ਦੇਖਦੇ ਹਨ। ਉਹ ਸਾਡੇ ਨਾਲੋਂ ਸੱਚ ਮੁੱਚ ਸੁਰਜੇ ਤਰੀਕੇ ਨਾਲ ਦੇਖਦੇ ਹਨ ਜਿਵੇਂ ਪੱਥਰਾਂ ਨੂੰ ਕਹਿੰਦੇ ਹਨ ਕਿ ਪੱਥਰ ਬਦਲਦੇ ਨਹੀਂ, ਅੰਦਰੋਂ ਬਾਹਰੋਂ ਇਕ ਹੁੰਦੇ ਹਨ।

ਆਖ਼ਰ ਭਾਸ਼ਾ ਕੀ ਹੈ ? ਭਾਸ਼ਾ ਦਾ ਇਕ 'function' ਹੈ ਆਪਣੇ ਆਲੇ-ਦੁਆਲੇ ਨੂੰ 'express' ਕਰਨ ਦਾ। ਪਹਾੜੀ ਦੇ ਵਿਚ-ਆਪਣਾਪਣ ਹੈ, ਆਪਣਾ ਇਕ ਮਾਧਿਅਮ ਹੈ, ਇਸੇ ਤਰ੍ਹਾਂ ਜਿਸ ਤਰ੍ਹਾਂ ਪਹਾੜੀ ਪੇਂਟਿੰਗ। ਪਹਾੜੀ ਪੇਂਟਿੰਗ ਭਾਰਤ ਦੀ ਪੇਂਟਿੰਗ ਦਾ ਇਕ ਬਹੁਤ ਵੱਡਾ ਮਹੱਤਵਪੂਰਨ ਸਕੂਲ ਹੈ ਪਰ ਫਿਰ ਵੀ ਇਹ ਨਿਵੇਕਲਾ ਹੈ। ਇਸ ਲਈ ਜੇ ਅਸੀਂ 'generalization' ਰਾਹੀਂ ਇਨ੍ਹਾਂ ਦੀ 'study' ਕਰੀਏ ਤਾਂ ਉਸ 'study' ਦਾ ਕੁਲ ਅਰਥ ਨਹੀਂ ਰਹਿੰਦਾ। ਇਸ ਕਰਕੇ ਮੈਂ ਮਾਨਯੋਗ ਲੇਖਕ ਨੂੰ ਅਰਜ਼ ਕਰਾਂਗਾ ਕਿ ਮੈਂ ਬਹੁਤ ਪ੍ਰਭਾਵਿਤ ਹੋਇਆਂ, ਇਸ ਦੀ ਸ਼ੈਲੀ ਤੋਂ, ਇਨ੍ਹਾਂ ਦੇ ਬਹੁਤ ਸੁਹਣੇ ਅੱਛੇ ਖਿਆਲਾਂ ਤੋਂ, ਸੱਚੇ ਖਿਆਲਾਂ ਤੋਂ, ਪਰ ਨਾਲ ਹੀ ਨਾਲ ਚੀਜ਼ ਇਹ ਹੋਣੀ ਚਾਹੀਦੀ ਹੈ ਕਿ ਜਦੋਂ ਵੀ ਕਦੇ ਪੇਪਰ-ਪ੍ਰੋਗਰਾਮ ਕੀਤਾ ਜਾਵੇ ਤਾਂ ਇਸ ਨੂੰ 'concrete' ਬਣਾ ਕੇ ਫਿਰ 'generalize' ਕਰਨਾ ਚਾਹੀਦਾ ਹੈ। ਜੇ ਅਸੀਂ ਸਿਰਫ਼ 'generalization' ਨਾ ਕਰੀਏ ਤਾਂ ਉਹ ਕਹਿੰਦੇ ਨੇ ਕਿ ਇਹ ਤਾਂ ਛੋਟੀਆਂ ਗੱਲਾਂ ਵਲ ਧਿਆਨ ਦਿੰਦੇ ਹਨ। ਇਹ ਤਾਂ ਇਸ ਤਰ੍ਹਾਂ ਹੋ ਗਿਆ ਜਿਸ ਤਰ੍ਹਾਂ ਕਿ ਸਾਧੂ ਨੇ ਕਿਸੇ ਗਰੀਬ ਨੂੰ ਕਿਹਾ ਕਿ ਭਗਤਾ ਮਾਇਆ ਛਡ ਦੇ। ਉਹ ਕਹਿੰਦਾ ਕਿ ਮਾਇਆਧਾਰੀ ਤਾਂ ਪਹਿਲਾਂ ਬਣਾਉ। 'generalization' ਉਦੋਂ ਹੁੰਦੀ ਹੈ ਜਿਸ ਵਕਤ ਤੁਸੀਂ 'concrete examples' ਲੈ ਕੇ ਆਪਣੇ ਮਨੋਵਿਗਿਆਨਕ ਦ੍ਰਿਸ਼ਟੀ-ਕੋਣ ਤੋਂ ਦੇਖ ਸਕਦੇ ਹੋਵੋ। ਫਿਰ ਉਸ ਤੋਂ ਬਾਅਦ 'generalization ਕਰਦੇ ਹਾਂ। ਇਹ ਜਿਹੜੀਆਂ ਚੀਜ਼ਾਂ ਜੇ 'poetic way' ਨਾਲ ਕਹਿਣਾ, 'popular way' ਨਾਲ ਕਹਿਣਾ, ਅੱਛਾ ਹੈ। ਇਹ ਵੀ ਇਕ ਆਪਣੀ ਵੱਡੀ ਮਹਾਨਤਾ ਰਖਦਾ ਹੈ, ਪਰ ਤਾੜੀਆਂ ਵਜਣ ਵਿਚ ਹੀ ਸਾਰਾ ਕੁਝ ਨਹੀਂ। ਜੇ ਇਹ ਤਾੜੀਆਂ ਹੀ ਵੱਜਣ, ਤਾਂ ਸਾਡਾ ਅਕਾਦਮਿਕ ਸਟੈਂਡਰਡ 'lack' ਕੁਝ ਕਰਦਾ ਹੈ ਅਤੇ ਇਹ ਉਤੇ ਨਹੀਂ ਜਾਂਦਾ।

**ਸ. ਨਰਿੰਜਨ ਸਿੰਘ ਮਿੱਠਾ, ਮੈਂਬਰ, ਪਬਲਿਕ ਸਰਵਿਸ ਕਮਿਸ਼ਨ, ਪੰਜਾਬ, ਪਟਿਆਲਾ**

ਪ੍ਰਧਾਨ ਜੀ ਤੇ ਵਿਦਵਾਨ ਸਾਥੀਓ ! ਅੱਜ ਦੇ ਪੇਪਰ ਸੰਬੰਧੀ ਸ. ਬਲਬੀਰ ਸਿੰਘ ਹੋਰਾਂ ਨੇ ਜੋ ਵਿਚਾਰ ਦਿੱਤੇ ਨੇ, ਉਨ੍ਹਾਂ ਨੂੰ ਜੇ ਸਾਹਮਣੇ ਰਖੀਏ ਤਾਂ ਵਾਕਿਆ ਹੀ ਜਿਹੜੀ ਸ਼ਬਦਾਂ ਦੀ ਜਾਦੂਗਰੀ ਇਸ ਪੇਪਰ ਵਿਚ ਸੀ ਉਸ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਉਹ ਥੋੜ੍ਹੀ ਹੈ। ਲੇਕਿਨ ਇਕ ਚੀਜ਼ ਇਸ ਦੀ ਸ਼ਬਦਾਵਲੀ ਵਿਚ ਵੇਖਣ ਵਿਚ ਆਈ ਹੈ, ਸ਼ਾਇਦ ਉਸਦਾ ਇਹ ਪਿਛੋਕੜ ਹੈ ਕਿ ਵਿਦਵਾਨ ਲੇਖਕ ਹਿੰਦੀ ਡਿਪਾਰਟਮੈਂਟ ਵਿਚ ਹੈ ਅਤੇ ਉਹ ਜ਼ਿਆਦਾ ਚੇਤੰਨ (over cautious) ਸੀ ਜਿਸ ਵੇਲੇ ਉਸ ਨੇ ਇਹ ਪਰਚਾ ਲਿਖਣਾ ਸ਼ੁਰੂ ਕੀਤਾ ਤਾਂ ਉਸਦਾ ਸੰਤੁਲਨ ਠੀਕ ਨਹੀਂ ਰਿਹਾ। ਅਰਬੀ ਅਤੇ ਫ਼ਾਰਸੀ ਦੀ ਸ਼ਬਦਾ-ਵਲੀ ਇਸ ਪੇਪਰ ਵਿਚ ਬਹੁਤ ਜ਼ਿਆਦਾ ਆ ਗਈ। ਇਸ ਸ਼ਬਦਾਵਲੀ ਨੂੰ ਅਸੀਂ 'discourage' ਨਹੀਂ ਕਰਨਾ ਚਾਹੁੰਦੇ ਜਾਂ ਉਰਦੂ ਦੇ ਬਹੁਤੇ ਸ਼ਬਦਾਂ ਨੂੰ ਅਸੀਂ ਵਰਤੋਂ ਵਿਚ ਲਿਆਉਣ ਤੋਂ ਸੰਕੋਚ ਨਹੀਂ ਕਰਨੀ ਚਾਹੁੰਦੇ। ਲੇਕਿਨ ਕਿਸੇ ਚੀਜ਼ ਦੀ ਹੱਦ ਨੂੰ

Sri Satguru Jagjit Singh Ji Elibrary NamdhariElibrary@gmail.com

ਬਹੁਤ ਜ਼ਿਆਦਾ ਲੰਘ ਜਾਣਾ ਉਸਦੀ ਖੂਬਸੂਰਤੀ ਤੇ ਜ਼ਿਆਦਾ ਭਾਰੂ ਹੋ ਜਾਂਦੀ ਹੈ।

ਇਕ ਚੀਜ਼ ਹੋਰ ਵਿਦਵਾਨ ਲੇਖਕ ਨੇ ਆਪਣੇ ਪੇਪਰ ਵਿਚ ਅੱਜ ਦੇ ਪੰਜਾਬ ਤੇ ਪਹਾੜੀ ਪੰਜਾਬ ਦੇ ਇਤਿਹਾਸਕ ਅਤੇ ਰਾਜਨੀਤਿਕ ਸੰਬੰਧਾਂ ਨੂੰ ਸਾਹਮਣੇ ਰੱਖ ਕੇ, ਇਕ ਦੂਜੇ ਤੇ ਜਿਹੜੇ ਪ੍ਰਭਾਵ ਪਏ ਨੇ, ਉਨ੍ਹਾਂ ਨੂੰ ਜਾਣਨ ਦਾ ਬਹੁਤ ਸੋਹਣਾ ਯਤਨ ਕੀਤਾ ਹੈ। ਲੇਕਿਨ ਜਦੋਂ ਅਸੀਂ ਕਿਸੇ ਵਿਸ਼ੇ-ਵਸਤੂ ਨੂੰ ਵਿਚਾਰਦੇ ਹਾਂ ਤਾਂ ਉਸ ਤੋਂ ਬਾਅਦ ਭਵਿਖ ਵਾਲੇ ਪਾਸੇ ਵੀ ਥੋੜ੍ਹੀ ਝਾਤੀ ਪਾਉਣੀ ਜ਼ਰੂਰੀ ਹੁੰਦੀ ਹੈ। ਸਾਡੇ ਜਿਹੜੇ ਪੁਰਾਣੇ ਸੰਬੰਧੀ ਚਲੇ ਆ ਰਹੇ ਹਨ, ਇਨ੍ਹਾਂ ਦਾ ਆਉਣ ਵਾਲੇ ਸਮੇਂ ਵਿਚ ਸਾਡੇ ਸਾਹਿਤ, ਬੋਲੀ ਅਤੇ ਸਮਾਜਿਕ ਜੀਵਨ ਉਤੇ ਕੀ ਪ੍ਰਭਾਵ ਪਵੇਗਾ। ਮੈਂ ਇੰਨੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇਕ ਦਫ਼ਾ ਇਕ ਰਾਜਨੀਤਿਕ ਗੱਲ ਕਹੀ ਸੀ। ਉਨ੍ਹਾਂ ਨੇ ਰਾਜਨੀਤਿਕ ਅਤੇ ਦੂਸਰੇ ਹਾਲਾਤ ਨੂੰ ਸਾਹਮਣੇ ਰਖ ਕੇ ਕਿਹਾ ਸੀ ਕਿ ਪੰਜਾਬ ਦੀ ਭੂਗੋਲਿਕ ਹੱਦਬੰਦੀ ਤੇ ਕੁਝ ਇਹੋ ਜਿਹਾ ਪ੍ਰਭਾਵ ਹੈ ਕਿ ਇਹ ਹਰ ਦਸ ਸਾਲ ਬਾਅਦ ਬਦਲਦੀ ਹੈ। ਪਹਿਲਾਂ 1947 ਵਿਚ ਸਾਡਾ ਦੇਸ਼ ਆਜ਼ਾਦ ਹੋਇਆ ਅਤੇ 1956 ਵਿਚ ਯਾਨੀ 10 ਸਾਲ ਬਾਅਦ ਪੰਜਾਬ ਅਤੇ ਪੈਪਸੂ ਮਿਲ ਗਏ ਅਤੇ ਇਕ ਨਵਾਂ ਪੰਜਾਬ ਹੋਂਦ ਵਿਚ ਆਇਆ। ਉਸ ਤੋਂ ਅਗਲੇ 10 ਸਾਲ 1966 ਵਿਚ ਫੇਰ ਪੰਜਾਬੀ ਦੀ ਦੁਬਾਰਾ ਹੱਦ-ਬੰਦੀ ਹੋਈ। ਹਿਮਾਚਲ, ਹਰਿਆਣਾ ਤੇ ਮੌਜੂਦਾ ਪੰਜਾਬ ਹੋਂਦ ਵਿਚ ਆਏ। ਭਾਵੇਂ ਇਸ ਉਤੇ ਕਿਸੇ ਦਾ ਪ੍ਰਭਾਵ ਹੋਵੇ। ਹੁਣ 1976 ਆ ਗਿਆ ਅਜੇ ਤਕ ਤਾਂ ਕੁਝ ਬਦਲਿਆ ਨਹੀਂ। 10 ਸਾਲ ਕਹਿਣ ਦਾ ਮਤਲਬ ਇਹ ਨਹੀਂ ਕਿ ਹਰ 10 ਸਾਲ ਬਾਅਦ ਹੀ ਕੁਝ ਹੋਣਾ ਹੈ। 11 ਸਾਲ ਵੀ ਹੋ ਸਕਦੇ ਹਨ, 12 ਸਾਲ ਵੀ ਹੋ ਸਕਦੇ ਹਨ, ਲੇਕਿਨ ਇਹ ਇਕ ਅਟੁਟ ਰਿਸ਼ਤਾ ਜਿਹੜਾ ਬੋਲੀ ਦਾ ਹੈ, ਇਹ ਲੋਕਾਂ ਨੂੰ ਜ਼ਰੂਰ ਨੇੜੇ ਲਿਆਵੇਗਾ।

4. **ਗਿਆਨੀ ਲਾਲ ਸਿੰਘ**

ਵਾਈਸ ਚਾਂਸਲਰ ਸਾਹਿਬਾ ਤੇ ਲੇਖਕ ਦੋਸਤੋ ! ਸਭ ਤੋਂ ਪਹਿਲਾਂ ਮੈਂ ਇਸ ਧਰਤੀ ਦੇ ਲੇਖਕ ਔਰ ਇਹ ਸੁੰਦਰ ਸੁਹਾਵਣਾ ਸਮਾਂ ਬਣਾਉਣ ਵਾਲੇ ਪ੍ਰਬੰਧਕ, ਦੋਹਾਂ ਧਿਰਾਂ ਨੂੰ ਵਧਾਈ ਦਿੰਦਾ ਹਾਂ। ਜ਼ਬਾਨ ਵੈਸੇ ਵੀ ਸਾਂਝ ਪੈਦਾ ਕਰਨ ਦੀ ਹੁੰਦੀ ਹੈ, ਨਿਖੇੜਨ ਲਈ ਨਹੀਂ, ਵਰਨਾ ਜ਼ਬਾਨ ਤੋਂ, ਸ਼ਬਦਾਂ ਤੋਂ, ਸਾਹਿਤ ਬਣ ਹੀ ਨਹੀਂ ਸਕਦਾ। ਪੰਜਾਬੀ ਚੂੰਕਿ ਤੁਸੀਂ ਮੁਖ ਰੂਪ ਵਿਚ ਨਾਂ ਰਖਿਆ ਹੈ ਉਸ ਉਤੇ ਡੋਗਰੀ, ਪਹਾੜੀ, ਪੋਠੋਹਾਰੀ ਤੇ ਲਹਿੰਦੀ ਲਿਖੀ ਐ। ਪਰ ਮੇਰੇ ਹਿਸਾਬ ਸਿਰ ਇਹ ਹੈਡਿੰਗ (heading) ਠੀਕ ਨਹੀਂ। ਅਸਲ ਵਿਚ ਦੇਣ ਹੁੰਦੀ ਹੈ ਕਿਸੇ ਬਹੁਤ ਪੁਰਾਣੀ ਕਦੀਮੀ ਜ਼ਬਾਨ ਦੀ, ਸੰਬੰਧ ਹੁੰਦੇ ਹਨ ਆਪਸ ਵਿਚ ਭੈਣ ਭਾਈਆਂ ਦੇ। ਡੋਗਰੀ, ਪਹਾੜੀ, ਪੋਠੋਹਾਰੀ, ਲਹਿੰਦੀ ਦੇ ਵਿਚ ਮਿਲਾ ਦਿਉ ਹਰਿਆਣਵੀ ਤਾਂ ਪੂਰਾ ਹੀ ਹੱਥ ਬਣ ਜਾਂਦਾ ਹੈ ਔਰ ਇਹ ਪੰਜੇ ਦੀਆਂ ਪੰਜੇ ਉਂਗਲਾਂ ਜਿਵੇਂ ਸੁਚੱਜਤਾ ਨਾਲ ਕਿਸੇ ਨਾਰੀ ਦੀਆਂ ਸ਼ਿੰਗਾਰੀਆ ਹੋਈਆਂ ਹੋਣ। ਇਹ ਇਸ ਪੰਜਾਬੀ ਹੱਥ ਨੂੰ ਸੁੰਦਰ ਹੱਥ ਵਿਚ ਪੇਸ਼ ਕਰਨ ਦੇ ਸਮਰੱਥ ਹੋ ਜਾਣਗੀਆਂ। ਕਿੰਨੀ ਖੂਬਸੂਰਤੀ ਨਾਲ ਚੰਦਰ ਸ਼ੇਖਰ ਜੀ ਨੇ ਕਿਹਾ ਹੈ—ਜਿਵੇਂ ਮਾਨਵ ਇਕ ਹੈ; ਹੈ ਵੀ ਕਦੀਮੀਂ ਤੇ ਫਿਰ ਅੱਜ ਦਾ ਨਹੀਂ ਅਜ਼ਲੀ ਹੈ। ਇਸੇ ਤਰ੍ਹਾਂ ਇਸ ਦੇ ਬੋਲ ਉਹ ਵੀ ਅਜ਼ਲੀ ਹਨ। ਜਦੋਂ ਤੋਂ ਮਾਨਵ ਮਾਨਵ ਬਣ ਗਿਆ, ਉਦੋਂ ਤੋਂ ਇਹਦੇ ਬੋਲ ਮਿਲ ਗਏ। ਬਾਕੀਆਂ ਨੂੰ ਬੋਲ ਨਹੀਂ ਮਿਲੇ। ਜੂਨਾਂ ਤੇ

Sri Satguru Jagjit Singh Ji Elibrary NamdhariElibrary@gmail.com

ਅਸੀਂ 84 ਲਖ ਕਹਿੰਦੇ ਹਾਂ, ਉਨ੍ਹਾਂ ਨੂੰ ਸ਼ਬਦ ਨਹੀਂ ਮਿਲਿਆ, ਆਪਾਂ ਨੂੰ ਸ਼ਬਦ ਮਿਲ ਗਿਆ ਔਰ ਭਾਰਤੀ ਪਰੰਪਰਾ ਵਿਚ ਸ਼ਬਦ ਨੂੰ ਬ੍ਰਹਮ ਕਿਹਾ ਹੈ। ਜੇ ਬ੍ਰਹਮ ਸਰਬ-ਵਿਆਪੀ ਤੇ ਸਭ ਨੂੰ ਵਲੇਟਣ ਵਾਲਾ ਨਹੀਂ ਤਾਂ ਕੋਈ ਹੋਰ ਇਕਾਈ ਨਹੀਂ ਬਣ ਸਕਦੀ ਜੋ ਸਾਰਿਆਂ ਨੂੰ ਵਲੇਟਣ ਯੋਗ ਹੋਵੇ। ਨਿਖੇੜਨ ਦੀਆਂ ਜਦ ਗੱਲਾਂ ਇਸ ਸੰਸਾਰ 'ਚ ਚਲੀਆਂ। ਸਦੇਸ਼ਵਰ ਵਰਮਾ ਜੋ ਇਕ ਵੱਡੇ ਭਾਸ਼ਾ ਵਿਗਿਆਨੀ ਸਨ, ਨੇ ਭਾਸ਼ਾਵਾਂ ਤੇ ਹੀ ਕੰਮ ਕੀਤਾ। ਮੇਰੇ ਦੋਸਤ ਡਾ ਸੰਧੂ ਨੇ ਵੀ ਹਵਾਲੇ ਨਾਲ ਕੁਝ ਕਿਹਾ ਜੋ ਯੂਰਪ ਦੇ ਦੇਸ਼ਾਂ 'ਚੋਂ ਜ਼ਬਾਨ ਦੇ ਸ਼ਬਦਾਂ ਦੀ ਕਲਾ ਦੀ ਬੜੀ ਉੱਚੀ ਡਿਗਰੀ ਪ੍ਰਾਪਤ ਕਰਕੇ ਆਏ ਹਨ। ਡਾ. ਸਦੇਸ਼ਵਰ ਵਰਮਾ ਨੇ ਕਿਹਾ ਕਿ ਹਿੰਦੁਸਤਾਨ ਵਿਚ 225 ਜੀਵਤ ਬੋਲੀਆਂ ਹਨ, ਜਿਨ੍ਹਾਂ ਵਿਚ ਆਪਣੀ ਗੱਲ ਨੂੰ ਬਿਆਨ ਕੀਤਾ ਜਾ ਸਕਦਾ ਹੈ ਤੇ 750 ਉਪ-ਬੋਲੀਆਂ ਹਨ, ਜਿਨ੍ਹਾਂ ਨੇ ਬੋਲੀਆਂ ਵਲ ਵਿਕਾਸ ਕਰਨਾ ਹੈ। ਹਾਂ ਆਪਾਂ ਸਾਰੇ ਮਾਨਸ, ਜਿਵੇਂ 'ਮਾਨਸ ਦੀ ਜਾਤ' ਇਕ ਕਹਿੰਦੇ ਐ; ਆਪਣੀ ਕੋਈ ਸ਼ਕਲ ਆਪਸ ਵਿਚ ਮਿਲਦੀ ਹੈ। 400 ਕਰੋੜ ਮਨੁੱਖ ਇਸ ਧਰਤੀ ਤੇ ਵਸਦਾ ਹੈ। ਉਨ੍ਹਾਂ 400 ਕਰੋੜ ਦੀ ਸ਼ਕਲ ਵੱਖਰੀ ਵੱਖਰੀ ਹੈ। ਜਿਵੇਂ ਮਨੁੱਖ ਦੀ ਸ਼ਕਲ ਵੱਖਰੀ ਹੈ ਉਹਦੇ ਬੋਲ ਵਿਚ ਵੀ ਵਖਰੇਵਾਂ ਹੋਊ, ਇਹ ਅਵੱਸ਼ ਹੈ। ਸ਼ਕਲ ਹੀ ਵੱਖਰੀ ਵੱਖਰੀ ਹੈ।

ਜੁਗਰਾਫੀਆ ਗਰੁਪ ਬਣਾ ਦਿੰਦਾ ਹੈ। ਭੂਗੋਲ ਹੀ ਅਸਲ ਵਿਚ ਜ਼ਬਾਨਾਂ ਦੀ ਲੈਣ ਦੇਣ ਦਾ ਗਰੁਪ ਨਿਰਧਾਰਤ ਕਰਦਾ ਹੈ। ਜਿਨ੍ਹਾਂ ਦਰਿਆਵਾਂ ਦਾ ਪਾਣੀ ਸ਼ਿਵਾਲਕ ਤੋਂ ਤੁਰਦਾ ਹੈ, ਚਿਟੀ ਬਰਫ ਤੋਂ ਪਿਘਲਕੇ ਸਿੱਧਾ ਇਕੱਠਾ ਹੋਣ ਬਾਅਦ ਕਦੇ ਤਿੰਨ ਨਦੀਆਂ ਦੀ ਸੂਰਤ ਵਿਚ, ਤੇ ਕਦੇ ਪੰਜ ਨਦੀਆਂ ਦੀ ਸੂਰਤ ਵਿਚ, ਪੁਰਾਣੇ ਸਮੇਂ ਵਿਚ ਸਤ ਨਦੀਆਂ ਦੀ ਸੂਰਤ ਵਿਚ, ਜੋ ਪਹਾੜ ਤੋਂ ਚਲਦੀਆਂ ਹਨ ਅਤੇ ਦਰਿਆ ਅਰਬ ਵਿਚ ਜਾ ਵੜਦੀਆਂ, ਜਿਨ੍ਹਾਂ ਦਾ ਵਹਾਣ ਤੇ ਵਹਿਣ ਏਧਰ ਨੂੰ ਹੈ, ਉਹ ਪੰਜਾਬੀ ਖੇਤਰ ਹੈ। ਪਤਾ ਨਹੀਂ ਕਿੰਨੀ ਕੁ ਜ਼ਿਆਦਤੀ ਆਪਣੇ ਨਾਲ ਹੋਈ ਜਦੋਂ ਆਪਾਂ ਇਸ ਭੂਗੋਲਿਕ ਦ੍ਰਿਸ਼ਟੀ ਨੂੰ ਤਿਆਗ ਕੇ ਪੰਜਾਬ ਦੀਆਂ ਜ਼ਬਾਨਾਂ ਲਈ ਵੱਖ ਵੱਖ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ। ਕੋਈ ਸਾਹਿਤਕਾਰ ਮਰਦ ਹੀ ਜਿਹਦੇ ਵਿਚ ਰਾਜਨੀਤਕ ਤਾਕਤ ਹੋਏ, ਇਹ ਗੱਲ ਕਹਿ ਸਕਦਾ ਸੀ। ਪਰ ਸ਼ਹਾਬੂ-ਦੀਨ ਜੋ ਇਕ ਸੰਯੁਕਤ ਪੰਜਾਬ ਦਾ ਬੁਲਾਰਾ ਸੀ, ਨੇ ਇਹ ਗੱਲ ਕਹੀ ਕਿ ਪੰਜਾਬ ਤਾਂ ਰਾਜਨੀਤੀ ਤੇ ਧਰਮ ਦੋਹਾਂ ਨੇ ਘੁਟ ਕੇ ਮਾਰ ਲਿਆ। ਇਸ ਪੰਜਾਬ ਵਿਚ ਬੋਲੀਆਂ ਦੇ ਦਾਅਵੇਦਾਰ ਬਣ ਗਏ। ਪਰ ਸ਼ਹਾਬੁਦੀਨ ਕਹਿੰਦਾ ਸੀ ਕਿ ਇਹ ਦੋਵੇਂ ਦਾਅਵੇਦਾਰ ਝੂਠੇ ਹਨ, ਪੰਜਾਬ ਦੀ ਜ਼ਬਾਨ ਪੰਜਾਬੀ ਹੈ। ਬਹੁਤ ਵੱਡੀ ਬਾਤ ਸੀ ਕਿ ਸਪੀਕਰ, ਜੋ ਅਸਲ ਵਿਚ ਸਿਰਫ ਹੀਰ-ਰਾਂਝਾ, ਸੱਸੀ-ਪੁਨੂੰ ਵਰਗੇ ਕਿੱਸਿਆਂ ਦਾ ਗਾਹਕ ਹੀ ਹੋਵੇ ਅਤੇ ਇਹ ਗੱਲ ਬੜੀ ਦਲੇਰੀ ਨਾਲ ਕਹਿ ਗਿਆ ਹੋਵੇ। ਸ਼ਹਾਬੁਦੀਨ ਚਾਦਰਾਂ ਬੰਨ੍ਹ ਕੇ 'ਲਿਰੀਕਲ' ਪੰਜਾਬੀ ਵੇਸ ਵਿਚ ਜਦੋਂ ਹੀਰ ਆਪਣੇ ਵਿਹੜੇ ਵਿਚ ਗਾਉਂਦਾ ਸੀ, ਉਦੋਂ ਪੰਜਾਬੀ ਰਸ ਉਹਦੇ 'ਚ ਸੰਚਾਰ ਹੁੰਦਾ ਸੀ। ਇਹ ਸਾਰੀਆਂ ਹੀ ਬੋਲੀਆਂ ਜਿਹੜੀਆਂ ਉਤੋਂ ਤੁਰਦੀਆਂ ਨੇ, ਪੌਣ-ਪਾਣੀ, ਇਹ ਧਰਤੀ ਆਦਿ ਤੀਜੀ ਬੋਲੀ ਨੂੰ ਕੁਝ ਰੂਪ ਦਿੰਦੀਆਂ ਹਨ।

ਸ਼ਿਵਾਲਿਕ ਤੋਂ ਲੈ ਕੇ ਧੁਰ ਅਰਬ ਸਮੁੰਦਰ ਤਕ ਦੀ ਬੋਲੀ ਇਕ ਹੈ, ਬਾਕੀ ਧੀਆਂ ਹਨ। ਧੀ ਦੀ ਆਦਰ ਘਰ ਵਿਚ ਜ਼ੋਰਦਾਰ ਜਾਨ ਪਰਾਨ ਵਾਲਾ ਹੁੰਦਾ ਹੈ। ਪਰ ਜਦੋਂ

Sri Satguru Jagjit Singh Ji Elibrary NamdhariElibrary@gmail.com

ਮੁਟਿਆਰਾਂ ਹੋ ਜਾਂਦੀਆਂ ਹਨ, ਮਾਂ ਵੀ ਸੁਨੱਖੀ ਰਹੇ ਤੇ ਧੀ ਵੀ ਮੁਟਿਆਰ ਹੋ ਜਾਵੇ ਤੇ ਉਨ੍ਹਾਂ ਵਿਚ ਕਈ ਵਾਰ ਫਰਕ ਵੀ ਨਹੀਂ ਜਾਪਦਾ। ਇਹ ਸਬਬ ਨਾਲ ਕਿਸੇ ਨੇ ਖੇਡ ਖੇਡ ਦਿੱਤੀ ਖਬਨੀ ਰਾਜਨੀਤਕ ਹਿੱਤ ਕਹੋ ਜਾਂ ਜ਼ਬਾਨ ਵਾਲਿਆਂ ਦਾ ਹਿੱਤ ਕਹੋ। ਇਹ ਯੂਨੀ-ਵਰਸਿਟੀ ਜਦੋਂ 1962 ਵਿਚ ਕਾਇਮ ਹੋਈ ਤਾਂ ਹਿੰਦੁਸਤਾਨ ਦੇ ਸਭ ਤੋਂ ਵੱਡੇ ਉਸਤਾਦ ਨੇ ਇਹਦੀ ਕਾਇਮੀ ਸੰਬੰਧੀ ਇਹ ਸ਼ਬਦ ਕਹੇ ਸੀ,* ਤਰਜਮਾ ਉਨ੍ਹਾਂ ਦੀ ਅੰਗਰੇਜ਼ੀ ਬੋਲਣ ਦਾ ਮੈਂ ਪੰਜਾਬੀ ਵਿਚ ਇਸ ਬਾਰਾਂਦਰੀ ਗਾਰਡਨ ਵਿਚ ਕੀਤਾ ਸੀ, ਉਨ੍ਹਾਂ ਇਹ ਕਿਹਾ ਸੀ ਕਿ ਸੰਸਾਰ ਵਿਚ ਦੋ ਯੂਨੀਵਰਸਿਟੀਆਂ ਜ਼ਬਾਨ ਦੇ ਨਾਂ ਤੇ ਬਣੀਆਂ, ਇਕ ਹੈਬਰਰੀਊ ਦੀ ਤੇ ਇਕ ਪੰਜਾਬੀ ਦੀ। ਹੋਰ ਕੋਈ ਯੂਨੀਵਰਸਿਟੀ ਜ਼ਬਾਨ ਦੇ ਨਾਂ ਤੇ ਨਹੀਂ। ਉਨ੍ਹਾਂ ਨੇ ਇਹ ਇਕ ਦਾਅਵਾ ਕੀਤਾ ਸੀ ਅਤੇ ਉਹ ਦਾਅਵਾ ਇਹ ਸੀ ਕਿ ਇਹਦੇ ਦਰਵਾਜ਼ੇ ਮੋਕਲੇ ਹੋਣਗੇ ਜਿਵੇਂ ਪੰਜਾਬੀਆਂ ਦੇ ਦਿਲ ਉਦਾਰ ਤੇ ਮੋਕਲੇ ਹੁੰਦੇ ਨੇ। ਇਹ ਹਰੇਕ ਨੂੰ ਆਪਣੇ ਕਲਾਵੇ ਵਿਚ ਲੈ ਕੇ ਆਪਣੀ ਸੰਗਤ ਵਿਚ ਬਿਠਾਉਂਦੇ ਹਨ। ਇਨ੍ਹਾਂ ਪੰਜੇ ਬੋਲੀਆਂ ਵਿਚ ਹਰਿਆਣਵੀ ਅਵੱਸ਼ ਸ਼ਾਮਲ ਕਰਿਓ। ਦਰਿਆਵਾਂ ਦੀ ਧਰਤੀ ਦਾ ਨੇੜ ਹੈ। ਸਿੰਧ ਤੋਂ ਲੈ ਕੇ ਜਮਨਾ ਨਹੀਂ ਮੈਂ ਕਹਿੰਦਾ ਕਿਉਂਕਿ ਜਮਨਾ ਦਾ ਰੁਖ ਬਦਲ ਗਿਐ। ਮੈਂ ਸਰਸਵਤੀ ਕਹਿੰਦਾ ਹਾਂ ਉਹਦਾ ਰੂਪ ਇਧਰ ਨੂੰ ਜਾਂਦਾ ਮੁਕ ਜਾਵੇ ਤਾਂ ਗੱਲ ਵੱਖਰੀ ਹੈ। ਕੁਦਰਤ ਨੇ ਸਤਲੁਜ ਹੀ ਸੁਕਾ ਦਿੱਤਾ ਅਤੇ ਹੋਰ ਬਾਕੀ ਵੀ ਪੰਜੇ ਦਰਿਆ ਜਿਹੜੇ ਉਹ ਵੀ ਸੁਕ ਜਾਣੇ ਹਨ। ਪਰ ਇਹ ਪੰਜ ਨਦ ਵਹਿਣ ਨਿਰਧਾਰਿਤ ਕਰਦੇ ਸੀ ਅਤੇ ਸਰਸਵਤੀ ਧੁਰ ਕੁਰਕਸ਼ੇਤਰ ਤਕ ਰਾਹ ਵਿਚ ਤੁਰਦੀ ਸੀ। ਜ਼ਬਾਨ ਦੀ ਤੇ ਸ਼ਬਦ ਦੀ ਦ੍ਰਿਸ਼ਟੀ ਤੋਂ ਕਹੋ ਕਿ ਇਹ ਬਿਲਕੁਲ ਇਕ ਹੈ ਔਰ ਇਹ ਬਾਕੀ ਪੰਜੇ, ਜੇ ਧੀਆਂ ਕਹਿਣੀਆਂ ਤਾਂ ਧੀਆਂ ਕਹਿ ਲੋ, ਭੈਣਾਂ ਕਹਿਣੀਆਂ ਭੈਣਾਂ ਕਹਿ ਲੋ। ਸੁਚੱਜੀਆਂ ਭੈਣਾਂ ਉਹ ਹੁੰਦੀਆਂ ਹਨ ਜਿਹੜੀਆਂ ਕਤਣ ਵੀ ਤ੍ਰਿੰਞਣ ਵਿਚ ਤਾਂ ਇਕੋ ਜਿਹੇ ਪੀੜ੍ਹੇ ਤੇ, ਇਕੋ ਜਿਹੇ ਚਰਖੇ ਰਖ ਕੇ, ਉਹ ਗਲੋਟੇ ਐਸੇ ਬਾਰੀਕ ਕਤਦੀਆਂ ਹਨ ਕਿ ਬਹੁਤ ਵਧੀਆ ਤਾਣਾ ਪੇਟਾ ਬਣ ਜਾਂਦਾ ਹੈ। ਇਹ ਗਲੋਟੇ ਐਸੇ ਕਤੇ ਹੋਏ, ਬਾਰੀਕ ਤਾਣੇ ਪੇਟੇ ਦੀ ਫੁਲਕਾਰੀ ਨੇ ਇਹ ਸਾਰੀਆਂ ਜ਼ਬਾਨਾਂ ਵਲੇਟੀਆਂ ਹੋਈਆਂ ਨੇ। ਇਕ ਗੱਲ ਜਿਹੜੀ ਇਥੋਂ ਦੇ ਪ੍ਰਬੰਧਕਾਂ ਦੇ ਸੰਬੰਧ ਵਿਚ ਕਰਨੀ ਮੁਨਾਸਬ ਹੈ ਕਿ ਜਿਸ ਵਿਚ ਕਟੜਤਾ ਆ ਜਾਏ, ਸੰਕੀਰਣਤਾ ਆ ਜਾਏ, ਉਹ ਸਮਝੋ ਗਿਆ। ਜਿਸਨੂੰ ਵਟ ਚੜ੍ਹਨ ਲਗ ਜਾਣ ਉਨੇ ਟੁਟ ਜਾਣੈ। ਜਿਹੜਾ ਪੱਲਾ ਪੱਲਾ ਰਹਿ ਕਿ ਦੂਸਰੀਆਂ ਧਿਰਾਂ ਨੂੰ ਵਿਚ ਲਪੇਟਣ ਦੀ ਸਮਰੱਥਾ ਰਖਦਾ ਹੋਵੇ ਉਹ ਵੱਡਾ ਹੈ। ਮੈਂ ਪੰਜਾਬ ਦੇ ਸ਼ਾਇਰ ਦੀ ਗੱਲ ਨਾਲ ਕਹਿਨਾਂ :

"ਵਿਥਾਂ ਵਾਲੇ ਜਗ ਵਿਚ ਵਿਥਾਂ ਪਈਆਂ ਚਪੇ ਚਪੇ
ਅਡੋ ਅਡੀ ਸਭ ਕੋਈ ਜੋੜੀਆਂ ਨੇ ਥੋੜੀਆਂ।"

ਅੱਡ ਅੱਡ ਤਾਂ ਸਾਰਾ ਸੰਸਾਰ ਹੈ। ਹਰ ਇਕ ਆਪਣੀ ਵਡਿਆਈ ਕਰਦਾ ਹੈ। ਪਰ ਇਹ ਇਕ ਵਿਸ਼ਾਲ ਹਿਰਦਾ ਰਖਣਾ ਚਾਹੀਦਾ ਹੈ ਕਿ ਉਹ ਵੀ ਮੇਰੇ ਤੇ ਉਹ ਵੀ ਮੇਰੇ। ਇਹਦੇ ਵਿਚ ਜੇ ਕੋਈ ਵਿਤਕਰਾ ਪਾਉਂਦਾ ਹੈ ਤਾਂ ਉਸ ਤੋਂ ਵੱਡਾ ਗੁਨਾਹਗਾਰ ਕੋਈ

* ਇਹ ਸ਼ਬਦ ਡਾ. ਰਾਧਾ ਕ੍ਰਿਸ਼ਨਨ ਜੀ ਨੇ ਕਹੇ ਸਨ।

Sri Satguru Jagjit Singh Ji Elibrary NamdhariElibrary@gmail.com

ਨਹੀਂ। ਜੋ ਸ਼ਬਦ ਨੂੰ ਤੇ ਸਾਹਿਤ ਨੂੰ ਮੰਨੇ ਤੇ ਪਾਵੇ ਵਿਤਕਰਾ ਤਾਂ ਉਹ ਇਕ ਅਜੀਬ ਗੁਨਾਹ ਕਰ ਰਿਹਾ ਹੈ, ਜੋ ਮਾਫ਼ ਨਹੀਂ ਕੀਤਾ ਜਾ ਸਕਦਾ। ਇਸ ਚਮਨ ਨੂੰ, ਮੈਂ ਜੋਸ਼ ਤੋਂ ਉਧਾਰੀ ਲੈ ਕੇ ਤੁਕ ਵਿਚ ਕਹਿੰਦਾ ਹਾਂ ਕਿ ਜੋ ਅੱਜ ਦਾ ਇਹ ਬਾਗ਼ ਫੁਲਾਂ ਦੀ ਗੁਲਜ਼ਾਰ ਵਾਲਾ ਥਾਂ ਹੈ ਜੋ ਕਿ "ਇਸ ਜਹਾਂ ਕੋ ਗਨੀਮਤ ਹੈ ਇਤਫਾਕ ਹੈ"। ਇਸ ਸਮੁੱਚੇ ਹਾਲ ਦਾ ਨਾਂ ਜਿਥੇ ਅਸੀਂ ਬੈਠੇ ਹਾਂ, ਗੁਰੂ ਤੇਗ ਬਹਾਦਰ ਹਾਲ ਰੱਖਿਆ ਹੋਇਆ ਹੈ। ਗੁਰੂ ਤੇਗ ਬਹਾਦਰ ਸਮਸਤ ਰੂਪ ਵਿਚ ਮਿਲਣਸਾਰ ਸਨ। ਇਸ ਥਾਂ ਉਤੇ ਜਦੋਂ ਤੁਸੀਂ ਬੋਲੀਆਂ ਦੀ ਗੱਲ ਕਰੋ ਤਾਂ ਸਮਸਤ ਬੋਲੀਆਂ ਨੂੰ ਮੇਲਣਹਾਰ ਚਾਹੀਦੀਆਂ ਹਨ ਕਿਉਂਕਿ ਕਹਿਣ ਦਾ ਢੰਗ ਹੀ ਸ਼ਬਦ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਇਸ ਲਈ ਇਸ ਅਤਿ-ਸੁੰਦਰ ਸੈਮੀਨਾਰ ਤੋਂ ਜੋ ਤੁਸੀਂ ਇਨ੍ਹਾਂ ਦੀ ਸਾਂਭ ਵਾਲੀ ਪਰੰਪਰਾ ਕਾਇਮ ਕਰਨ ਲਗੇ ਹੋ ਮੈਂ ਇਸ ਉਤੇ ਵਧਾਈ ਦਿੰਦਾ ਹਾਂ। ਚੰਦਰ ਸ਼ੇਖਰ ਦੇ ਸ਼ਬਦ ਵਿਚ ਕਹਿੰਦੇ ਨੇ ਉਰਦੂ ਜ਼ਿਆਦਾ ਹੈ। ਅਗਰ ਜ਼ਬਾਨ ਪਾਚਣ ਸ਼ਕਤੀ ਰੱਖਦੀ ਹੋਵੇ, ਜਿਹੜੀ ਹਰ ਜ਼ਿੰਦਾ ਜ਼ਬਾਨ ਨੂੰ ਰਖਣੀ ਚਾਹੀਦੀ ਹੈ ਤਾਂ ਮਾੜੀ ਗੱਲ ਨਹੀਂ। ਪਹਾੜ ਤੋਂ ਤੁਰਦਾ ਪੱਥਰ ਪੰਜਾਬ ਵਿਚ ਆਉਂਦਾ ਗੋਲ ਹੋ ਜਾਂਦਾ ਹੈ, ਉਸ ਦੀ ਕੋਈ ਨੁਕਰ ਤਿੱਖੀ ਨਹੀਂ ਰਹਿ ਜਾਂਦੀ। ਸ਼ਬਦ ਕੁਲ ਦੁਨੀਆਂ ਦੇ ਸਾਂਝੇ ਹਨ। ਦੇਖੋ ਕਿਤੇ ਐਸੀ ਸੰਕੀਰਣ ਦ੍ਰਿਸ਼ਟੀ ਨਾ ਬਣਾ ਲੈਣਾ ਕਿ ਆਹ ਸ਼ਬਦ ਕੱਢ ਦਿਉ ਕਿਉਂਕਿ ਅਰਬੀ ਦਾ ਹੈ, ਆਹ ਸ਼ਬਦ ਕੱਢ ਦਿਉ ਫਾਰਸੀ ਦਾ, ਇਹ ਸ਼ਬਦ ਪਾ ਦਿਓ ਕਿਉਂਕਿ ਇਸ ਦਾ ਸ੍ਰੋਤ ਸੰਸਕ੍ਰਿਤ ਤੋਂ ਹੈ। ਇਹਦੇ ਨਾਲ ਧੋਖਾ ਖਾਉਗੇ। ਸੰਕੀਰਣਤਾ ਵਲ ਜਾਉਗੇ। ਜੋ ਕਲਾਵੇ ਤੁਹਾਡੇ ਖੁਲ੍ਹੇ ਹਨ ਉਸ ਨੂੰ ਮੇਲਣ ਵਾਲੀਆਂ ਇਹ ਬਾਹਾਂ ਬੰਦ ਹੋ ਜਾਣਗੀਆਂ। ਗਲ ਨਾਲ ਲਗੀਆਂ ਬਾਹਾਂ ਜਿਹੜੀਆਂ ਆਪਸ ਨੂੰ ਵਲੇਟੀ ਬੈਠੀਆਂ ਹੋਣ, ਉਹ ਬਾਕੀ ਸੰਸਾਰ ਨੂੰ ਸਹਾਇਤਾ ਦੇਣ ਵਿਚ ਸਮਰੱਥ ਨਹੀਂ ਹੋਣਗੀਆਂ। ਇਨ੍ਹਾਂ ਸ਼ਬਦਾਂ ਨਾਲ ਇਹ ਧਰਤੀ ਪਹਾੜ ਦੀ ਜਿਸ ਥਾਂ ਤੋਂ ਕਿੰਨੀ ਖੂਬਸੂਰਤੀ ਨਾਲ ਮੇਰੇ ਦੋਸਤ ਨੇ ਕਿਹਾ ਕਿ ਜੋ ਬਦਲ ਇਥੋਂ 'ਇਵੈਪੋਰੇਟ' ਹੁੰਦੇ ਹਨ ਉਹ ਪਹਾੜ ਤੇ ਚਿਟੀ ਬਰਫ਼ ਬਣ ਜਾਂਦੇ ਹਨ, ਇਹ ਨਿਰਮਲ ਦੁਧ ਵਾਂਗੂੰ ਤੁਰਦੇ ਹਨ। ਖਾਰਾ ਪਾਣੀ ਤੁਰਦਾ ਹੈ ਤੇ ਅਤਿ ਮਿਠਾ ਪਾਣੀ ਪਹਾੜਾਂ ਤੋਂ ਵਗਦਾ ਹੈ ਤੇ ਸਹਿਜ ਨਾਲ ਪੰਜਾਬ ਵਿਚ ਚਲਦਾ ਤੇ ਰੇਤਲੇ ਵਿਚੋਂ ਗੁਜ਼ਰਨ ਤੋਂ ਬਾਅਦ ਆਪਣੇ ਸਾਗਰ ਦੇ ਨਾਲ ਫੇਰ ਜਾ ਮਿਲਦਾ ਹੈ। ਇਹੀ ਜ਼ਬਾਨਾਂ ਦੀ ਕਹਾਣੀ ਹੈ। ਜੇ ਇਸ ਢੰਗ ਨਾਲ ਇਸਨੂੰ ਇਸ ਲੜੀ ਵਿਚ ਪਰੋ ਦਿਓ ਤਾਂ ਇਹ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਦੇ ਨਿਸ਼ਚਿਤ ਕੀਤੇ ਟੀਚੇ ਮੁਤਾਬਿਕ ਤੁਹਾਨੂੰ ਸਫਲਤਾ ਪ੍ਰਦਾਨ ਕਰਨ ਵਾਲਾ ਬਣੇਗਾ। ਇਨੇ ਸ਼ਬਦਾਂ ਨਾਲ ਧੰਨਵਾਦ ਕਹਿਕੇ ਆਗਿਆ ਮੰਗਦਾ ਹਾਂ।

2. **ਡਾ. ਹਰਨਾਮ ਸਿੰਘ ਸ਼ਾਨ**

ਮਾਨਯੋਗ ਪ੍ਰਧਾਨ ਜੀ ਤੇ ਵਾਈਸ-ਚਾਂਸਲਰ ਸਾਹਿਬ। ਮੈਂ ਇਸ ਪੇਪਰ ਬਾਰੇ ਕੇਵਲ ਚਾਰ ਗੱਲਾਂ ਕਰਨ ਦੀ ਇਜਾਜ਼ਤ ਮੰਗਦਾ ਹਾਂ। ਪਹਿਲੀ ਇਸ ਦੀ ਬੋਲੀ ਬਾਰੇ ਹੈ। ਇਹ ਪੇਪਰ ਜਦੋਂ ਸ਼ੁਰੂ ਹੋਇਆ ਤਾਂ ਇਸਦਾ ਪਹਿਲਾ ਪਹਿਰਾ ਪਾਕਿਸਤਾਨੀ ਉਰਦੂ ਵਿਚ ਜਾਂ ਮਿਲੀ ਪੰਜਾਬੀ ਵਿਚ ਪ੍ਰਤੱਖ ਸੀ। ਤੀਜੇ ਪਹਿਰੇ ਤੋਂ ਇਹ ਪੇਪਰ ਨਿਰੋਲ ਪੰਜਾਬੀ ਵਿਚ ਪੇਸ਼ ਹੋਣਾ ਸ਼ੁਰੂ ਹੋ ਗਿਆ। ਜੇ ਪਹਾੜੀ ਬੋਲੀ ਇੰਜ ਹੈ ਜਿਸ ਨੂੰ ਮੈਂ ਆਪਣੀ ਪੰਜਾਬੀ ਕਹਿਨਾਂ, ਤਾਂ ਮੇਰੇ ਲਈ ਉਹ ਪਹਾੜੀ ਪੰਜਾਬੀ ਹੈ। ਉਹ ਉਹੀ ਨਿਰੋਲ ਪੰਜਾਬੀ ਹੈ ਜਿਸਦੇ ਲਈ ਅਸੀਂ

Sri Satguru Jagjit Singh Ji Elibrary NamdhariElibrary@gmail.com

ਕਈ ਸਾਲਾਂ ਤੋਂ ਸੋਚ ਰਹੇ ਹਾਂ। ਤੀਜੇ ਪਹਿਰੇ ਤੋਂ ਲੈ ਕੇ ਉਨ੍ਹਾਂ ਨੇ ਪਹਾੜ ਦੇ ਲੋਕ-ਸਾਹਿਤ ਤੇ ਸਭਿਆਚਾਰ ਦਾ ਜੋ ਜ਼ਿਕਰ ਕੀਤਾ ਹੈ ਜੇ ਇਹੀ ਹੈ ਤਾਂ ਫਿਰ ਪੰਜਾਬ ਦਾ ਲੋਕ-ਸਾਹਿਤ ਤੇ ਸਭਿਆਚਾਰ ਬਿਲਕੁਲ ਇਸੇ ਤਰ੍ਹਾਂ ਹੈ।

ਦੂਜੀ ਗੱਲ ਜਿਥੋਂ ਤਕ ਸਾਂਝ ਦਾ ਤੁਅਲਕ ਹੈ ਸ਼ੇਖਰ ਜੀ ਨੇ ਪਹਾੜੀ ਅਤੇ ਪੰਜਾਬੀ ਦੀ ਪਰਸਪਰ ਸਾਂਝ ਦਾ ਜ਼ਿਕਰ ਕਰਦਿਆਂ ਜੋ ਕੁੜਮਾਚਾਰੀ ਦਾ ਬਿੰਬ ਵਰਤਿਆ ਉਹ ਬਿਲਕੁਲ ਦਰੁੱਸਤ ਹੈ। ਔਰ ਅਸੀਂ ਇਸ ਗੱਲ ਦੇ ਇਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ। ਤੀਜੀ ਗੱਲ ਇਸਦੇ ਲਹਿਜੇ ਬਾਰੇ ਕਰਨੀ ਸੀ ਜੋ ਮੈਂ ਹੁਣ ਨਹੀਂ ਕਰਦਾ ਕਿਉਂਕਿ ਡਾ. ਸ਼ੇਖਰ ਨਾਲ ਇਸ ਬਾਰੇ ਵਿਚਾਰ ਹੋ ਗਈ ਹੈ। ਇਸ ਲਈ ਮੈਂ ਇਸ ਗੱਲ ਨੂੰ ਇਥੇ ਹੀ ਛਡਦਾ ਹਾਂ।

ਚੌਥੀ ਗੱਲ ਬਾਰੇ ਮੈਂ ਡੋਗਰੀ ਦੇ ਸੰਬੰਧ ਵਿਚ ਕਹਿ ਚੁੱਕਾ ਹਾਂ। ਮੇਰਾ ਖਿਆਲ ਹੈ ਉਸਨੂੰ ਦੁਹਰਾਣ ਦੀ ਜ਼ਰੂਰਤ ਨਹੀਂ। ਜੋ ਮੇਰਾ ਆਪਣਾ ਨਿਸ਼ਚਾ ਜਾਂ ਮੇਰੀ ਆਪਣੀ ਦ੍ਰਿਸ਼ਟੀ ਹੈ ਉਹ ਮੈਂ ਕਲ੍ਹ ਬੜੇ ਸਪੱਸ਼ਟ ਸ਼ਬਦਾਂ ਵਿਚ ਦੱਸੀ ਸੀ। ਜਿਥੋਂ ਤਕ ਆਖਰੀ ਗੱਲ ਦਾ ਸੰਬੰਧ ਹੈ, ਉਹ ਹੈ ਦੇਣ ਬਾਰੇ। ਸਾਡੇ ਇਸ ਸੈਮੀਨਾਰ ਦੇ ਇਸ ਪਰਚੇ ਦਾ ਜੋ ਸਿਰਲੇਖ ਇਹ ਨਹੀਂ ਸੀ ਜੋ ਸ਼ੇਖਰ ਜੀ ਨੇ ਦਿੱਤਾ ਹੈ ਤੇ ਜੋ ਸਾਨੂੰ ਵਿਦਿਤ ਕੀਤਾ ਗਿਆ ਹੈ ਤੇ ਅਜੇ ਤਕ ਵਿਦਿਤ ਹੈ, ਉਹ ਹੈ ਪਹਾੜੀ ਦੀ ਪੰਜਾਬੀ ਨੂੰ ਦੇਣ। ਉਨ੍ਹਾਂ ਨੇ ਬੜੇ ਸੋਹਣੇ ਸ਼ਬਦਾਂ ਵਿਚ ਜਿਥੋਂ ਤਕ ਪਹਾੜੀ ਲੋਕ-ਸਾਹਿਤ ਦੀ ਪਰੰਪਰਾ ਦੀ ਦੇਣ ਦਾ ਸੰਬੰਧਾਂ ਦਾ ਤਾਂ ਜ਼ਿਕਰ ਕਰ ਦਿੱਤਾ ਹੈ ਅਤੇ ਬੜੇ ਸੁੰਦਰ, ਬੜੇ ਸਜੀਲੇ ਤੇ ਰਸੀਲੇ ਲਫਜ਼ਾਂ ਵਿਚ ਕੀਤਾ ਹੈ, ਜਿਸ ਲਈ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ। ਪਰ ਜਿਥੋਂ ਤਕ ਪਹਾੜੀ ਦੇ ਲਿਖਤੀ ਸਾਹਿਤ ਦਾ ਸੰਬੰਧ ਹੈ, ਉਸਦੀ ਦੇਣ ਬਾਰੇ ਮੇਰਾ ਖਿਆਲ ਹੈ ਕਿ ਕਿਸੇ ਇਕ ਸੱਤਰ ਜਾਂ ਇਕ ਪੈਰ੍ਹੇ ਵਿਚ ਵੀ ਕੋਈ ਜ਼ਿਕਰ ਨਹੀਂ। ਅਸੀਂ ਇਨ੍ਹਾਂ ਦੇ ਬੜੇ ਮਸ਼ਕੂਰ ਹੁੰਦੇ ਜੇ ਇਹ ਆਪਣੇ ਪੇਪਰ ਨੂੰ ਸੰਪੂਰਨ ਕਰਦਿਆਂ ਇਹਦੇ ਵਿਚ ਕੁਝ ਪੈਰ੍ਹੇ ਇਸ ਬਾਰੇ ਵੀ ਲਿਖਕੇ ਸਾਡੀ ਵਾਕਫੀ, ਸਾਡੀ ਜਾਣਕਾਰੀ ਵਿਚ ਵਾਧਾ ਕਰਦੇ। ਇਨ੍ਹਾਂ ਸ਼ਬਦਾਂ ਨਾਲ ਮੈਂ ਜਿਥੇ ਸ਼ੇਖਰ ਜੀ ਦਾ ਧੰਨਵਾਦ ਕਰਦਾ ਹਾਂ, ਉਥੇ ਇਕ ਬੜੇ ਵਧੀਆ ਪੇਪਰ ਲਈ ਇਸ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਕਰਮਚਾਰੀਆਂ ਤੇ ਪ੍ਰਬੰਧਕਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬੜਾ ਜ਼ਰੂਰੀ ਵਿਸ਼ਾ ਸਾਹਮਣੇ ਰਖਕੇ ਇਹ ਸੈਮੀਨਾਰ ਰਚਿਆ ਤੇ ਸਾਨੂੰ ਇਕ ਦੂਜੇ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਹੈ।

**6. ਕਮਲ ਕਸ਼ਮੀਰੀ**

ਇਨ੍ਹਾਂ ਦੇ ਪੇਪਰ ਤੋਂ ਮੈਨੂੰ ਇੰਝ ਜਾਪਿਆ ਹੈ ਜਿਵੇਂ ਇਨ੍ਹਾਂ ਨੇ ਇਕ ਸਫ਼ਰ ਕੀਤਾ ਹੈ ਤੇ ਉਹ ਸਫ਼ਰ ਇਨ੍ਹਾਂ ਤੁਰ ਕੇ ਨਹੀਂ ਕੀਤਾ। ਜੇ ਤੁਰ ਕੇ ਕਰਦੇ ਤਾਂ ਉਨ੍ਹਾਂ ਪਹਾੜਾਂ ਦੀ ਸਾਂਝ, ਦਰਿਆਵਾਂ ਦਾ ਵਹਿਣ, ਨਦੀ, ਨਾਲਿਆਂ ਦੀ ਕਲਕਲ ਸਾਨੂੰ ਨੇੜੇ ਮਹਿਸੂਸ ਹੁੰਦੀ, ਇਕ ਛੋਹ ਜਾਪਦੀ। ਇਨ੍ਹਾਂ ਇਹ ਸਫਰ ਹਵਾਈ ਜਹਾਜ਼ ਰਾਹੀਂ ਕੀਤਾ ਹੈ। ਇਕ ਸਟੇਸ਼ਨ ਤੋਂ ਟਿਕਟ ਲੈ ਕੇ ਦੂਜੇ ਸਟੇਸ਼ਨ ਦਿੱਲੀ ਤੱਕ ਦਾ। ਹਵਾਈ ਜਹਾਜ਼ ਤੋਂ ਜ਼ਮੀਨ ਦੇ ਟਿੱਬੇ ਨਾਲੇ ਤੇ ਹੋਰ ਸਭ ਚੀਜ਼ਾਂ ਪੱਧਰੀਆਂ ਲਗਦੀਆਂ ਹਨ। ਉੱਚੇ-ਨੀਵੇਂ ਦਾ ਕੋਈ ਸਵਾਲ ਨਹੀਂ ਹੁੰਦਾ। ਹਾਂ ਇਹ ਪਹਾੜੀ ਜ਼ਬਾਨ ਦੀ ਗੱਲ ਇੰਝ ਦੀ ਹੈ ਕਿ ਸਾਨੂੰ ਕੁਝ ਕਹਿਣਾ ਬਣਦਾ

Sri Satguru Jagjit Singh Ji Elibrary NamdhariElibrary@gmail.com

ਹੈ। ਉਹ ਹੈ—ਲਫਜ਼ ਪਹਾੜੀ ਬਾਰੇ। ਪਹਾੜੀ ਲਫਜ਼ ਤੋਂ ਬੜੀਆਂ ਗਲਤ ਫਹਿਮੀਆਂ ਪਈਆਂ ਹਨ।

ਪਹਾੜੀ ਲਫਜ਼ ਆਸਾਮ ਤੋਂ ਲੈ ਕੇ ਹਿਮਾਚਲ ਤਕ ਅਤੇ ਇਸ ਤੋਂ ਪਰ੍ਹੇ ਵੀ ਜਾਂਦਾ ਹੈ। ਈਸਟਰਨ ਪਹਾੜੀ, ਸੈਂਟਰਲ ਪਹਾੜੀ ਤੇ ਵੈਸਟਰਨ ਪਹਾੜੀ ਆਦਿ ਪ੍ਰਚੱਲਿਤ ਹਨ। ਅਸੀਂ ਇਹ ਕਹਿ ਸਕਦੇ ਹਾਂ ਕਿ ਆਸਾਮੀ ਪਹਾੜੀ ਬੋਲੀਆਂ ਯੂ. ਪੀ. ਦੀਆਂ ਪਹਾੜੀ ਬੋਲੀਆਂ ਨਾਲ ਦੀਆਂ ਹਨ ਪਰ ਜਿਹੜੀਆਂ ਹਿਮਾਚਲ ਵਿਚ ਨੇ, ਇਹ ਪੰਜਾਬੀ ਦਾ ਰੂਪ ਸਮਝੋ। ਪਰ ਹਿਮਾਚਲ ਵਿਚ ਕਾਂਗੜੀ, ਪੰਜਾਬੀ ਦੇ ਬਹੁਤ ਨੇੜੇ ਹੈ ਤੇ ਪਹਾੜੀ, ਯੂ. ਪੀ. ਦੀਆਂ ਪਹਾੜੀ ਬੋਲੀਆਂ ਦੇ ਨੇੜੇ ਹੈ। ਪਰ ਇਕ ਹੋਰ ਪਹਾੜੀ ਵੀ ਹੈ ਜਿਸ ਬਾਰੇ ਕਿਸੇ ਵੀ ਭਾਸ਼ਾ-ਵਿਗਿਆਨੀ ਨੇ ਗੱਲ ਨਹੀਂ ਕਹੀ, ਉਹ ਹੈ ਵੈਸਟਰਨ ਪਹਾੜੀ ਜਾਂ ਅਨਸਪੈਸੀਫਾਈਡ ਪਹਾੜੀ।' ਲਫਜ਼ ਪਹਾੜੀ ਇਥੇ ਵੀ ਹੈ।

ਪਰ ਗਲਤ ਫਹਿਮੀ ਐਸੀ ਤੁਰੀ ਹੈ ਤੇ ਮੈਂ ਕਈ ਪੰਜਾਬੀ ਦੀਆਂ ਭਾਸ਼ਾ-ਵਿਗਿਆਨ ਦੀਆਂ ਕਿਤਾਬਾਂ ਵੀ ਪੜ੍ਹੀਆਂ ਨੇ, ਉਨ੍ਹਾਂ ਨੇ ਗ੍ਰੀਅਰਸਨ ਦੀ ਪਹਾੜੀ ਨੂੰ ਹੀ ਅਗੇ ਤੋਰਿਆ ਹੈ ਅਤੇ ਜਿਉਂ-ਦੀ-ਤਿਉਂ ਮੱਖੀ ਤੇ ਮੱਖੀ ਮਾਰ ਦਿੱਤੀ ਹੈ। ਪਰੰਤੂ 'ਅਨਸਪੈਸੀਫਾਈਡ ਪਹਾੜੀ' ਗ੍ਰੀਅਰਸਨ ਵੀ 'ਸਪੈਸੀਫਾਈ' ਨਹੀਂ ਕਰ ਸਕਿਆ। ਇਹ ਇਲਾਕਾ ਮੁਜ਼ਫਰਾ-ਬਾਦ, ਪੁਣਛ, ਰਜੌਰੀ ਤੇ ਮੀਰਪੁਰ ਹੈ। ਇਸ ਬੋਲੀ ਦੀ ਇਕ ਇਹ ਲੰਮੀ ਜਿਹੀ ਕੁਖ ਦੂਰ ਤੱਕ ਚਲੀ ਜਾਂਦੀ ਹੈ। ਕਿਸੇ ਅਜੇ ਤਕ ਇਹ ਨਹੀਂ ਸੋਚਿਆ ਅਤੇ ਇਹ ਇਲਾਕਾ ਅਣਗੌਲਿਆ ਪਿਆ ਰਿਹਾ ਹੈ। ਪਰ ਗ੍ਰੀਅਰਸਨ ਨੇ ਪਹਿਲਾਂ ਸਿਧਾਂਤ ਦਿੱਤਾ ਹੈ ਪਰ ਇਹ ਕਿਹਾ 'ਅਨਸਪੈਸੀਫਾਈਡ'। ਪਹਾੜੀ ਇਲਾਕਾ ਇਸ ਕਰਕੇ ਛਡ ਦਿੱਤਾ ਕਿ ਇਸ ਲਈ ਉਸਦੇ ਵਰਕਰਾਂ ਨੇ ਕੋਈ ਡੈਟਾ ਨਹੀਂ ਭੇਜਿਆ। ਇਸ ਲਈ ਇਹ ਛਡ ਦਿਤਾ ਹੈ। ਗ੍ਰੀਅਰਸਨ ਤੋਂ ਇਸ ਵਕਤ ਤਕ ਜਿੰਨੀਆਂ ਵੀ ਮਰਦਮਸ਼ੁਮਾਰੀ ਰਿਪੋਰਟਾਂ ਆਈਆਂ ਹਨ, ਸਾਰੀਆਂ ਨੂੰ 'ਸਪੈਸੀਫਾਈਡ' ਅਤੇ 'ਅਨਸਪੈਸੀਫਾਈਡ' ਕਿਹਾ ਹੈ। ਇਹ ਗਜ਼ਬ ਦੀ ਗੱਲ ਹੈ ਕਿ ਜੰਮੂ ਕਸ਼ਮੀਰ ਦਾ ਡੈਟਾ ਸੈਂਸਰ ਹੁੰਦਾ ਹੈ। ਰਿਪੋਰਟਾਂ ਵਿਚ ਉਥੇ ਪੰਜਾਬੀ ਗਰੁਪ ਵਿਚ 'ਅਨਸਪੈਸੀਫਾਈਡ' ਤੇ ਪਹਾੜੀ ਵੱਖਰੇ ਰਹੇ ਹਨ। ਜਦੋਂ ਕਿ ਇਹ ਪੰਜਾਬੀ ਦੇ ਬਿਲਕੁਲ ਨੇੜੇ ਹੈ। ਪੰਜਾਬੀ ਦੇ ਭਾਸ਼ਾ-ਵਿਗਿਆਨ ਬਾਰੇ ਜਿਤਨੀਆਂ ਕਿਤਾਬਾਂ ਲਿਖੀਆਂ ਹਨ ਉਨ੍ਹਾਂ ਨੇ ਹੂ-ਬ-ਹੂ ਗ੍ਰੀਅਰਸਨ ਵਾਲੀ ਗੱਲ ਹੀ ਕੀਤੀ ਹੈ। ਪਤਾ ਨਹੀਂ ਜਾਂ ਤਾਂ ਕਿਸੇ ਨੇ ਕੰਮ ਨਹੀਂ ਕੀਤਾ ਤੇ ਜਾਂ ਕਿਤਾਬ ਵਿਚ ਗਲਤ ਗੱਲਾਂ ਲਿਖ ਮਾਰੀਆਂ ਹਨ। ਤੀਹ ਸਾਲ ਨੂੰ ਤਿੰਨ ਸਾਲ ਕਹਿ ਦਿੱਤਾ ਹੈ।

ਅਸਲ ਵਿਚ ਇਹ ਪਹਾੜੀ, 'ਵੈਸਟਰਨ' ਪਹਾੜੀ ਜਾਂ 'ਅਨਸਪੈਸੀਫਾਈਡ' ਪਹਾੜੀ ਹੈ। 'ਈਸਟਰਨ ਪਹਾੜੀ' ਨੰਬਰ ਤਿੰਨ ਤੇ ਆਉਂਦੀ ਹੈ। ਹਰ ਦਸਾਂ ਸਾਲਾਂ ਬਾਅਦ ਜਦੋਂ ਵੀ ਮਰਦਮਸ਼ੁਮਾਰੀ ਹੁੰਦੀ ਹੈ ਉਸਦੇ ਬਾਰੇ ਸਰਵੇਖਣ ਕਰਨ ਦੀ ਲੋੜ ਹੈ। ਮੈਂ ਭਾਸ਼ਾ ਵਿਗਿਆਨੀਆਂ ਨੂੰ ਅਪੀਲ ਕਰਾਂਗਾ ਕਿ ਇਸ ਗੱਲ ਨੂੰ ਕਹਿਣ ਤੋਂ ਇਸ ਤੇ ਕੰਮ ਕਰਨ। ਉਹ ਨਿਰੋਲ ਪੰਜਾਬੀ ਦਾ ਲਹਿੰਦਾ ਰੂਪ ਹੈ, ਚਾਹੇ ਮੁਜ਼ਫਰਾਬਾਦ ਵਿਚ ਉਸਨੂੰ (ਮੁਜ਼ਫਰਾਬਾਦ ਤੋਂ ਹਮੀਰਪੁਰ ਤਕ) ਪੁਣਛੀ ਵੀ ਕਿਹਾ ਗਿਆ ਹੈ। ਪੋਠੋਹਾਰੀ ਨੂੰ ਵੀ ਕਿਸੀ ਵਕਤ ਪਹਾੜੀ ਕਹਿ ਦਿੰਦੇ ਹਾਂ। ਪਰ ਅਸਲ ਵਿਚ ਉਹ 'ਵੈਸਟ੍ਰਨ' ਪਹਾੜੀ ਹੈ।

Sri Satguru Jagjit Singh Ji Elibrary NamdhariElibrary@gmail.com

7. ਖਾਲਿਦ ਹੁਸੈਨ

ਵੀ. ਸੀ. ਸਾਹਿਬਾ, ਪ੍ਰਧਾਨ ਜੀ ਤੇ ਸਾਥੀਓ ! ਸ਼ਾਨ ਸਾਹਿਬ ਨੇ ਜਿਹੜਾ ਲਫ਼ਜ਼ ਪਾਕਿਸਤਾਨੀ ਉਰਦੂ ਕਿਹਾ ਹੈ, ਉਹ ਠੀਕ ਨਹੀਂ। ਕਫ਼ਨ ਉਰਦੂ ਦਾ ਲਫ਼ਜ਼ ਹੈ, ਪਾਕਿਸਤਾਨੀ ਲਫ਼ਜ਼ ਨਹੀਂ ਹੈ, ਨਾ ਹੀ ਹਿੰਦੋਸਤਾਨੀ ਲਫ਼ਜ਼ ਹੈ। ਇਹ ਉਰਦੂ ਦਾ ਲਫ਼ਜ਼ ਹੈ। ਡਾਕਟਰ ਚੰਦਰ ਸ਼ੇਖਰ ਜੀ ਦੇ ਪਰਚੇ ਤੋਂ ਪਹਿਲੇ ਮੋਹਤਰਿਮਾ ਵੀ. ਸੀ. ਸਾਹਿਬਾ ਨੇ ਆਪਣਾ ਐਡਰੈਸ ਵੀ. ਸੀ. ਹਿਮਾਚਲ ਦੇ ਬਾਰੇ ਵਿਚ ਪੜ੍ਹਿਆ। ਇਸ ਲੇਖ ਨੂੰ ਉਨ੍ਹਾਂ ਨੇ ਪੜ੍ਹਿਆ ਤਾਂ ਮੈਨੂੰ ਗਾਲਿਬ ਦਾ ਸ਼ੇਅਰ ਯਾਦ ਆਇਆ :

"ਇਤਨੀ ਮਹਰਮ ਕਰੇ ਕੋਈ।
ਮੇਰੇ ਦਖ ਕੀ ਦੁਆ ਕਰੇ ਕੋਈ।"

ਮੇਰਾ ਦੁਖ ਇਹ ਸੀ ਕਿ ਉਹ ਸੰਸਕ੍ਰਿਤ ਜਾਂ ਹਿੰਦੀ ਵਿਚ ਡੁਬਿਆ ਹੋਇਆ ਸੀ। ਮੇਰੇ ਪਲੇ ਕੱਖ ਨਹੀਂ ਪਿਆ। ਇਸੇ ਤਰ੍ਹਾਂ ਡਾ. ਚੰਦਰ ਸ਼ੇਖਰ ਦਾ ਲੇਖ ਵੀ ਕੁਝ ਸੱਜਣਾਂ ਦੇ ਪਲੇ ਨਹੀਂ ਪਿਆ। ਨਰਿੰਜਨ ਸਿੰਘ ਮਿੱਠਾ ਜੀ ਦੇ ਕਹਿਣ ਮੁਤਾਬਕ ਇਨ੍ਹਾਂ ਨੇ ਉਰਦੂ ਫ਼ਾਰਸੀ ਦੇ ਲਫ਼ਜ਼ ਚੋਖੇ ਇਸਤੇਮਾਲ ਕੀਤੇ ਹਨ। ਕੁਝ ਲਫ਼ਜ਼ ਯਕੀਨਨ ਔਖੇ ਹਨ। ਇਨ੍ਹਾਂ ਦੀ ਥਾਂ ਤੇ ਕੁਝ ਸੌਖੇ ਲਫ਼ਜ਼ ਵੀ ਸਨ ਜਿਹੜੇ ਇਸਤੇਮਾਲ ਕੀਤੇ ਜਾ ਸਕਦੇ ਸਨ। ਪਰ ਨਾ ਜਾਣੇ ਕਿਉਂ ਨਹੀਂ ਕੀਤੇ। ਅਗਰ ਫ਼ਾਰਸੀਮਈ ਉਰਦੂ ਜਾਂ ਫ਼ਾਰਸੀਮਈ ਪੰਜਾਬੀ ਵਰਤੀ ਜਾਵੇ ਤੇ ਸੋਹਣੀ ਲਗੇ ਤਾਂ ਇਹ ਖੂਬੀ ਹੈ ਉਸ ਲੇਖਕ ਦੀ, ਖਾਮੀ ਨਹੀਂ ਕਹੀ ਜਾ ਸਕਦੀ।

ਜੇ ਵਿਦਵਾਨ, ਖ਼ਾਸ ਕਰਕੇ ਯੂਨੀਵਰਸਿਟੀ ਦੇ ਪ੍ਰੋਫੈਸਰ ਸਾਹਿਬਾਨ, ਇਕ ਜ਼ਬਾਨ ਨੂੰ ਹੀ ਮੁਖ ਰਖਣ ਜੋ ਅਕਸਰ ਆਪਣੇ ਆਰਟੀਕਲ ਮੈਗਜ਼ੀਨਾਂ ਵਿਚ ਦਿੰਦੇ ਰਹਿੰਦੇ ਹਨ ਤਾਂ ਗਿਆਨੀ ਲਾਲ ਸਿੰਘ ਜੀ ਦੇ ਕਹਿਣ ਮੁਤਾਬਕ ਇਸ ਜ਼ਬਾਨ ਦੀ ਤਰੱਕੀ ਕਰ ਸਕਦੇ ਹਨ ਤੇ ਇਸਦੇ ਨਾਲ ਹੀ ਸਾਡੇ ਵੀ ਕੁਝ ਪਲੇ ਪੈ ਸਕਦਾ ਹੈ। ਡਾ. ਚੰਦਰ ਸ਼ੇਖਰ ਨੇ ਸਿਰਫ਼ ਹਿਮਾਚਲ ਦਾ ਇਲਾਕਾ ਹੀ ਲਿਆ ਹੈ ਪਰ ਜੇ ਇਹ ਉਹ ਇਲਾਕਾ ਵੀ ਫੜਦੇ ਜਿਸ ਵਿਚ ਪਹਾੜੀ ਬੋਲੀ ਤਸਲੀਮ ਕੀਤੀ ਗਈ ਸੀ ਤਾਂ ਫਿਰ ਤੁਸੀਂ ਇਹ ਗੱਲ ਬੜੇ ਵਜ਼ਦ ਦੇ ਨਾਲ ਕਹਿ ਸਕਦੇ ਸੀ। ਪਰ ਡਾ. ਸਾਹਿਬ ਨੇ ਆਪ ਹੀ ਕਿਹਾ ਹੈ ਕਿ ਮੈਂ ਦੀਬਾਚਾ ਹੀ ਬੋਲ ਰਿਹਾ ਹਾਂ, ਇਹ ਪੂਰਾ ਨਹੀਂ ਹੈ।

8. ਗੁਰਬਚਨ ਸਿੰਘ 'ਤਾਲਿਬ'

ਸ੍ਰੀਮਾਨ ਸਭਾ ਪਤੀ ਜੀ, ਵਾਈਸ-ਚਾਂਸਲਰ ਸਾਹਿਬਾ ਅਤੇ ਮਿਤਰੋ ! ਡਾ. ਚੰਦਰ ਸ਼ੇਖਰ ਦੇ ਪੇਪਰ ਪੇਸ਼ ਕਰਨ ਵੇਲੇ, ਇਤਫ਼ਾਕ ਦੀ ਗੱਲ ਹੈ ਕਿ ਮੈਂ ਹਾਜ਼ਰ ਨਹੀਂ ਸਾਂ ਤੇ ਇਹ ਸੁਣ ਨਹੀਂ ਸਕਿਆ। ਪਰ ਉਸ ਤੋਂ ਬਾਅਦ ਜੋ ਟਿਪਣੀ ਹੋਈ ਹੈ ਤਾਂ ਉਸ ਬਾਰੇ ਪਤਾ ਲਗਾ ਹੈ। ਜੋ ਵਿਚਾਰ ਤੇ ਭਾਵ ਪ੍ਰਗਟ ਕੀਤੇ ਗਏ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਪੇਪਰ ਦਾ ਆਕਾਰ ਜ਼ਿਆਦਾ ਨਹੀਂ ਹੈ। ਪਰਭਾਵ ਤਾਂ ਆਪਣੇ ਆਪਣੇ ਨਿਜੀ ਹੁੰਦੇ ਹਨ ਅਤੇ ਉਨ੍ਹਾਂ ਦੀ ਕਿਸੇ ਪਾਸੇ ਵੀ ਵਿਆਖਿਆ ਕੀਤੀ ਜਾ ਸਕਦੀ ਹੈ। ਇਹ ਜਿਹੜੀਆਂ ਜ਼ਬਾਨਾਂ ਹਨ, ਜਿਨ੍ਹਾਂ ਚਾਰਾਂ ਦਾ ਜ਼ਿਕਰ ਕੀਤਾ ਗਿਆ ਹੈ—ਡੋਗਰੀ, ਪਹਾੜੀ, ਪੋਠੋਹਾਰੀ, ਲਹਿੰਦੀ, ਇਨ੍ਹਾਂ ਸਾਰੀਆਂ ਦਾ ਮੇਲ ਪੰਜਾਬੀ ਨਾਲ ਨਿਯਤ ਕਰਨ ਦਾ ਯਤਨ

Sri Satguru Jagjit Singh Ji Elibrary NamdhariElibrary@gmail.com

ਕੀਤਾ ਗਿਆ ਹੈ। ਇਸ ਬਾਰੇ ਦੋ ਤਿੰਨ ਨੁਕਤੇ ਐਸੇ ਹਨ ਜਿਹੜੇ ਕਿ ਸਾਨੂੰ ਧਿਆਨ ਵਿਚ ਰਖਣੇ ਚਾਹੀਦੇ ਹਨ।

ਇਕ ਤਾਂ ਇਹ ਗਲ ਹੈ ਕਿ ਜਿਸ ਜ਼ਬਾਨ ਨੂੰ ਹੁਣ ਅਸੀਂ ਪੰਜਾਬੀ ਕਹਿੰਦੇ ਹਾਂ ਇਹ ਪਿਛਲੇ ਥੋੜ੍ਹੇ ਸਮੇਂ ਤੋਂ ਹੀ ਇਸਨੂੰ ਇਹ ਨਾਂ ਦਿੱਤਾ ਗਿਆ ਹੈ ਅਤੇ ਇਸਦਾ ਅਸਲੀ ਰੂਪ ਨਿਸਚਿਤ ਕੀਤਾ ਹੈ। ਇਸ ਤੋਂ ਪਹਿਲਾਂ ਲੋਕ ਜਿਸ ਵੇਲੇ ਬੋਲਦੇ ਸੀ ਤਾਂ ਬਹੁਤ ਸਾਰੇ ਇਨ੍ਹਾਂ ਬੋਲੀਆਂ ਲਈ ਉਪ-ਭਾਖਾਵਾਂ ਦਾ ਹੀ ਨਾ ਲੈਂਦੇ ਸਨ ਤੇ ਸਮੁੱਚੇ ਤੌਰ ਤੇ ਪੰਜਾਬੀ ਹੀ ਉਸ ਨੂੰ ਕਿਹਾ ਜਾਂਦਾ ਸੀ। ਜਿਸ ਤਰ੍ਹਾਂ ਹਿੰਦੀ ਹੈ, ਇਸਦੀ ਜੋ ਵਿਆਖਿਆ ਹੈ ਉਹ ਬਦਲਦੀ ਰਹਿੰਦੀ ਹੈ। 18ਵੀਂ ਸਦੀ ਵਿਚ ਤੇ 19ਵੀ ਸਦੀ ਦੇ ਸ਼ੁਰੂ ਵਿਚ ਹਿੰਦੀ ਦਾ ਮਤਲਬ ਉਹ ਜ਼ਬਾਨ ਸੀ ਜਿਸ ਨੂੰ ਅਸੀਂ ਅੱਜ ਕਲ੍ਹ ਉਰਦੂ ਆਖਦੇ ਹਾਂ। ਸੋ ਜ਼ਬਾਨਾਂ ਦੇ ਨਾਮ, ਉਨ੍ਹਾਂ ਦੀ ਵਿਆਖਿਆ ਤੇ ਉਨ੍ਹਾਂ ਦਾ ਘੇਰਾ ਬਦਲਦਾ ਰਹਿਦਾ ਹੈ। ਬਹਰਹਾਲ ਜਿਸ ਜ਼ਬਾਨ ਨੂੰ ਅਸੀਂ ਪੰਜਾਬੀ ਆਖਦੇ ਹਾਂ ਅਤੇ ਜਿਸਦੇ ਇਰਦ ਗਿਰਦ ਬਹੁਤ ਸਾਰੀਆਂ ਉਪ-ਭਾਖਾਵਾਂ ਘੁੰਮਦੀਆਂ ਹਨ, ਉਸ ਬਾਰੇ ਦੋ ਤਿੰਨ ਨਿਸਚਿਤ ਗੱਲਾਂ ਸਪੱਸ਼ਟ ਹਨ। ਸਮੁੱਚੇ ਤੌਰ ਤੇ ਇਸ ਜ਼ਬਾਨ ਦੇ ਘੇਰੇ ਨੂੰ ਅਤੇ ਇਹਦੇ ਨਾਲ ਜੋ ਮਿਲਦੀਆਂ ਜ਼ਬਾਨਾਂ ਹਨ, ਜਿਵੇਂ ਗਿਆਨੀ ਲਾਲ ਸਿੰਘ ਜੀ ਦੇ ਕਥਨ ਮੁਤਾਬਕ ਹਰਿਆਣਵੀ ਵੀ ਸ਼ਾਮਲ ਹੋਣੀ ਚਾਹੀਦੀ ਹੈ ਇਨ੍ਹਾਂ ਦੀ ਇਕ ਵਿਸ਼ੇਸ਼ਤਾ ਹੈ ਤੇ ਉਹ ਵਿਸ਼ੇਸ਼ਤਾ ਭਾਸ਼ਾ-ਵਿਗਿਆਨ ਦੇ ਨੁਕਤਾ ਨਿਗਾਹ ਤੋਂ ਹੈ। ਸਾਡੇ ਦਰਮਿਆਨ ਵਿਚ ਭਾਸ਼ਾ-ਵਿਗਿਆਨ ਦੇ ਮਾਹਿਰ ਹਨ। ਜਿਵੇਂ ਡਾ. ਬਲਬੀਰ ਸਿੰਘ ਸੰਧੂ ਜੋ ਤਕਰੀਰ ਕਰਕੇ ਗਏ ਸੀ, ਉਹ ਵੀ ਇਸ ਨਾਲ ਸਹਿਮਤ ਹੋਣਗੇ।

ਹੁਣ ਦੂਜੇ ਪਾਸੇ ਸਾਡੇ ਸਾਹਮਣੇ ਸਵਾਲ ਆਉਂਦਾ ਹੈ ਇਨ੍ਹਾਂ ਇਲਾਕਿਆਂ ਵਿਚ ਵਸਣ ਵਾਲਿਆਂ ਉਨ੍ਹਾਂ ਲੋਕਾਂ ਦਾ ਜਿਨ੍ਹਾਂ ਦੀਆਂ ਰਾਸ਼ਟਰੀ ਯਾ ਅਰਧ-ਰਾਸ਼ਟਰੀ ਸਾਂਝਾਂ ਹਨ। ਉਨ੍ਹਾਂ ਦੇ ਆਪਣੇ ਜਜ਼ਬਾਤ ਹਨ ਤੇ ਉਨ੍ਹਾਂ ਦੀ ਵੱਖਰੀ ਸ਼ਖਸੀਅਤ ਬਣ ਗਈ ਹੈ, ਪ੍ਰਦੇਸ਼ ਵੱਖਰੇ ਮਿਲ ਗਏ ਹਨ ਅਤੇ ਆਪਣੀਆਂ ਜ਼ਬਾਨਾਂ ਵੱਖਰੇ ਢੰਗ ਨਾਲ ਨਿਸਚਿਤ ਕੀਤੀਆਂ ਹਨ। ਇਸਦੇ ਬਾਰੇ ਵਿਚ ਬਹੁਤ ਸਾਰਾ ਤੌਖਲਾ ਹੈ। ਸ਼ੁਰੂ ਵਿਚ ਹੀ ਸਾਡੇ ਦੇਸ਼ ਵਿਚ ਜਿਸ ਵੇਲੇ ਸਾਹਿਤ ਅਕਾਦਮੀ ਕਾਇਮ ਹੋਈ ਹੈ, ਸੰਵਿਧਾਨ ਬਣਨ ਬਾਅਦ ਤਾਂ ਸਿਰਫ 14 ਜ਼ਬਾਨਾਂ ਤਸਲੀਮ ਕੀਤੀਆਂ ਸਨ। ਹੁਣ ਸਾਹਿਤ ਅਕੈਡਮੀ ਨੇ 21 ਜ਼ਬਾਨਾਂ ਤਸਲੀਮ ਕੀਤੀਆਂ ਹੋਈਆਂ ਹਨ, ਮਸਲਨ ਪਹਿਲਾਂ ਜੋਧਪੁਰੀ ਯਾ ਮੈਥਲੀ ਨੂੰ ਹਿੰਦੀ ਦੀਆਂ ਉਪ-ਭਾਖਾਵਾਂ ਕਿਹਾ ਜਾਂਦਾ ਸੀ। ਪਿਛੇ ਜਿਹੇ ਸਾਹਿਤ ਅਕੈਡਮੀ ਦੀ 'Executive' ਦੀ ਮੀਟਿੰਗ ਸੀ। ਉਥੇ ਮਰਾਠੀ ਦੀ ਉਪ-ਭਾਸ਼ਾ ਕੋਂਕਣੀ ਬਾਰੇ ਬੜਾ ਭਾਰੀ ਝਗੜਾ ਪਿਆ ਸੀ। (ਮਹਾਰਾਸ਼ਟਰ ਦੇ ਪੱਛਮੀ ਪਾਸੇ ਕੋਂਕਣ ਇਕ ਇਲਾਕਾ ਹੈ, ਉਨ੍ਹਾਂ ਦੀ ਆਪਣੀ ਇਕ ਜ਼ਬਾਨ ਹੈ।) ਪਰ ਜੋ ਉਥੋਂ ਮਰਾਠੀ ਦੇ ਪ੍ਰਤੀਨਿਧ ਸੀ ਉਨ੍ਹਾਂ ਨੇ 'walk out' ਕੀਤਾ ਤੇ ਕਿਹਾ ਕਿ ਜੇ ਅਸੀਂ ਇਹ ਮੰਨ ਕੇ ਜਾਈਏ ਕਿ ਕੋਂਕਣੀ ਨੂੰ ਇਕ ਅਲਹਿਦਾ ਜ਼ਬਾਨ ਕਰਾਰ ਦਿੱਤਾ ਜਾਵੇ ਤਾਂ ਲੋਕ ਸਾਡੇ ਨਾਲ ਬੜੀ ਨਿਰਾਦਰੀ ਕਰਨਗੇ। ਲੇਕਿਨ ਪਿਛੇ ਜਿਹੇ ਰਿਪੋਰਟ ਆਈ ਹੈ ਕਿ ਕੋਂਕਣੀ ਨੂੰ ਵੀ ਇਕ ਜ਼ਬਾਨ ਮੰਨ ਲਿਆ ਹੈ। ਇਸ ਤਰ੍ਹਾਂ ਹੋਰ ਕਿੰਨੀਆਂ ਜ਼ਬਾਨਾਂ ਮੰਨੀਆਂ ਜਾਣਗੀਆਂ। ਸੋ ਜਿਵੇਂ ਸਾਨੂੰ ਇਸ ਗੱਲ ਦਾ ਸੰਕੋਚ ਨਹੀਂ ਹੋਣਾ ਚਾਹੀਦਾ ਹੈ ਕਿ ਪਹਾੜੀ ਜੇ ਇਕ ਜ਼ਬਾਨ ਮੰਨੀ ਜਾਵੇ ਤਾਂ ਬੜੀ ਅਛੀ ਗੱਲ ਹੈ। ਡੋਗਰੀ ਮੰਨੀ ਜਾ ਚੁੱਕੀ ਹੈ।

Sri Satguru Jagjit Singh Ji Elibrary NamdhariElibrary@gmail.com

ਸਾਹਿਤ ਅਕਾਡਮੀ ਦੇ ਅਵਾਰਡ ਡੋਗਰੀ ਨੂੰ ਦਿੱਤੇ ਜਾ ਰਹੇ ਹਨ। ਸੋ ਕਾਨੂੰਨੀ ਤੌਰ ਤੇ ਜ਼ਬਾਨ ਦੀ ਤਸਲੀਮ ਇਕ ਹੋਰ ਗੱਲ ਹੁੰਦੀ ਹੈ। ਲੇਕਿਨ ਕਲਚਰਲ, ਇਤਿਹਾਸਕ ਅਤੇ ਭਾਸ਼ਾ-ਵਿਗਿਆਨ ਦੇ ਤੌਰ ਤੇ ਉਹ ਜ਼ਬਾਨਾਂ ਫਿਰ ਵੀ ਇਕੋ ਹੀ ਰਹਿੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਸੈਮੀਟਕ ਜ਼ਬਾਨਾਂ ਕਹਿੰਦੇ ਹਾਂ। ਜੋ ਅਰਬੀ ਹੈ ਉਹੀ ਅਰਬੀ ਲਬਨਾਨ ਵਿਚ ਨਹੀਂ ਬੋਲੀ ਜਾਂਦੀ। ਉਹੀ ਅਰਬੀ ਸੀਰੀਆ ਵਿਚ ਨਹੀਂ ਬੋਲੀ ਜਾਂਦੀ, ਮਸਕਟ ਵਿਚ ਉਹੀ ਅਰਬੀ ਨਹੀਂ ਬੋਲੀ ਜਾਂਦੀ। ਲੇਕਿਨ ਮੂਲ ਰੂਪ ਜ਼ਬਾਨ ਇਕ ਹੈ। ਸੋ ਮੂਲ ਰੂਪ ਵਿਚ ਪੰਜਾਬੀ ਇਕ ਹੈ, ਭਾਵੇਂ ਵੱਖ ਵੱਖ ਤਰੀਕਿਆਂ ਨਾਲ ਬੋਲੀ ਜਾਂਦੀ ਹੈ। ਜੋ ਲੋਕਾਂ ਦੀ ਖਾਹਿਸ਼ ਦੇ ਮੁਤਾਬਕ ਉਨ੍ਹਾਂ ਨੇ ਇਸਨੂੰ ਤਸਲੀਮ ਕਰਨ ਦਾ ਯਤਨ ਕੀਤਾ ਹੈ, ਅਪਨਾਉਣ ਦਾ ਉਪਰਾਲਾ ਕੀਤਾ ਹੈ, ਆਪਣੇ ਯਤਨ ਨਾਲ, ਅੰਦੋਲਨ ਨਾਲ, ਤਾਂ ਉਸਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ। ਸਾਨੂੰ ਸਾਮਰਾਜਵਾਦੀ ਵਤੀਰਾ ਨਹੀਂ ਰਖਣਾ ਚਾਹੀਦਾ ਕਿ ਜਿਹੜੀ ਪੰਜਾਬੀ ਮਾਝੇ ਜਾਂ ਦੁਆਬੇ ਵਿਚ ਬੋਲਦੇ ਹਾਂ, ਜਿਹੜੀ ਕਿਤਾਬਾਂ ਵਿਚ ਲਿਖਦੇ ਹਾਂ, ਉਹੋ ਹੀ ਪੰਜਾਬੀ ਹੈ। ਸਗੋਂ ਪੰਜਾਬੀ ਉਸ ਤੋਂ ਬਹੁਤ ਵੱਡੀ ਹੈ। ਹੈਮਿੰਗਵੇ ਜੋ ਇੰਗਲਿਸਤਾਨ ਦਾ ਬਹੁਤ ਵੱਡਾ ਸ਼ਾਇਰ ਹੋਇਆ ਹੈ, ਉਸਨੇ ਵੀ ਕਿਹਾ ਸੀ ਕਿ ਇੰਗਲੈਂਡ ਨੂੰ ਜਾਨਣ ਵਾਸਤੇ ਕੇਵਲ ਇੰਗਲੈਂਡ ਨੂੰ ਹੀ ਜਾਨਣਾ ਕਾਫੀ ਨਹੀਂ। ਇੰਗਲੈਂਡ ਇਕ ਛੋਟਾ ਜਿਹਾ ਇਲਾਕਾ ਹੈ। ਮਾਝੇ ਤੇ ਦੁਆਬੇ ਜਾਂ ਮਾਲਵੇ ਨੂੰ ਜਾਣਨਾ ਕਾਫੀ ਨਹੀਂ, ਪੰਜਾਬੀ ਜਾਨਣ ਵਾਸਤੇ ਮੁਲਤਾਨ ਨੂੰ ਜਾਣਨਾ ਹੈ, ਰਾਵਲਪਿੰਡੀ ਨੂੰ ਜਾਣਨਾ ਹੈ ਅਤੇ ਹੋਰ ਸਾਰੇ ਇਲਾਕਿਆਂ ਨੂੰ ਜਾਣਨਾ ਵੀ ਜ਼ਰੂਰੀ ਹੈ। ਸ਼ਿਮਲੇ ਨੂੰ ਜਾਨਣਾ ਜ਼ਰੂਰੀ ਹੈ, ਕਾਂਗੜੇ ਨੂੰ ਜਾਨਣਾ ਜ਼ਰੂਰੀ ਹੈ ਅਤੇ ਹਰਿਆਣੇ ਨੂੰ ਵੀ ਜਾਨਣਾ ਜ਼ਰੂਰੀ ਹੈ। ਮੈਂ 8 ਸਾਲ ਕੁਰਕਸ਼ੇਤਰ ਯੂਨੀਵਰਸਿਟੀ ਪੜ੍ਹਾਉਂਦਾ ਰਿਹਾ ਹਾਂ ਅਤੇ ਉਥੇ ਲੋਕਾਂ ਨਾਲ ਆਪਸੀ ਸਾਂਝ ਹੀ ਉਥੇ ਦੀ ਜ਼ਬਾਨ ਬੋਲਣ ਦੀ ਪੈਂਦੀ ਸੀ। ਸਿਵਾਏ ਇਸਦੇ ਕਿ ਪੰਜਾਬੀ ਤੋਂ ਕੁਝ ਚੀਜ਼ਾਂ ਉਨ੍ਹਾਂ ਦੀਆਂ ਵੱਖਰੀਆਂ ਹੁੰਦੀਆਂ ਸਨ, ਪਰ ਮਤਲਬ ਉਹੀ ਹੁੰਦਾ ਸੀ। ਇਸ ਕਰਕੇ ਇਹ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਸੀਮਿਤ ਵੀ ਹੈ ਲੇਕਿਨ ਵਿਸ਼ਾਲ ਵੀ ਹੈ।

9. ਪ੍ਰਿੰਸੀਪਲ ਮੋਹਨ ਸਿੰਘ ਪ੍ਰੇਮ

ਇਹ ਜੋ ਪੇਪਰ ਅੱਜ ਪੜ੍ਹਿਆ ਗਿਆ ਹੈ, ਜਦ ਅਸੀਂ ਨਾਲ ਨਾਲ ਪੜ੍ਹਦੇ ਰਹੇ ਸਾਂ ਤਾਂ ਪੰਜਾਬੀ ਦਾ ਅਨੰਦ ਬਹੁਤ ਆਇਆ ਸੀ। ਸ਼ੈਲੀ ਦੇ ਪੱਖ ਤੋਂ ਦਿਲ ਪ੍ਰਸੰਸਾ ਨਾਲ ਭਰ ਗਿਆ ਹੈ। ਪਰ ਜਿਹੜੀ ਚੀਜ਼ ਦੀ ਕਮੀ ਮਹਿਸੂਸ ਹੋਈ ਹੈ, ਉਹ ਅਖੀਰ ਤੇ ਜਾ ਕੇ ਕਿ ਪੰਜਾਬੀ ਨੂੰ ਪਹਾੜੀ ਦੀ ਕੀ ਦੇਣ ਹੈ। ਇਹਦੇ ਬਾਰੇ ਸਾਨੂੰ ਕੁਝ ਨਹੀਂ ਪਤਾ ਲਗਾ, ਬਿਨਾਂ ਇਸ ਗੱਲ ਦੇ ਕਿ ਪੰਜਾਬ ਅਤੇ ਪਹਾੜੀ ਦੀ ਕੋਈ ਸਭਿਆਚਾਰਕ ਸਾਂਝ ਹੈ ਜਾਂ ਉਨ੍ਹਾਂ ਦੇ ਕੁਝ ਹੋਰ ਲੋਕ ਗੀਤਾਂ ਦੀ ਕਿੰਨੀ ਸਾਂਝ ਹੈ, ਉਹ ਵੀ ਲੋਕ ਗੀਤ ਗਾਉਂਦੇ ਨੇ ਤੇ ਇਹ ਵੀ ਲੋਕ ਗੀਤ ਗਾਉਂਦੇ ਨੇ, ਖੁਸ਼ੀ ਵੇਲੇ ਉਹ ਵੀ ਹਸ ਲੈਂਦੇ ਨੇ ਤੇ ਇਹ ਵੀ ਹਸ ਲੈਂਦੇ ਨੇ, ਉਹ ਵੀ ਦੁਖ ਵੇਲੇ ਰੋ ਲੈਂਦੇ ਨੇ ਤੇ ਇਹ ਵੀ ਰੋ ਲੈਂਦੇ ਨੇ। ਪਰ ਜੋ ਪਹਾੜੀ ਵਿਚੋਂ ਸ਼ਬਦ-ਭੰਡਾਰ ਪਹਾੜੀ ਦਾ ਪੰਜਾਬੀ ਬੋਲੀ ਨੇ ਆਪਣੇ ਪਿਛੇ ਸਿਰਜੇ ਸਾਹਿਤ ਵਿਚ ਅਪਣਾਇਆ ਹੈ, ਇਸ ਬਾਰੇ ਕੁਝ ਨਹੀਂ ਪਤਾ ਲਗਿਆ। ਜੋ ਪਹਾੜ ਦੇ ਬਿੰਬ ਤੇ ਪ੍ਰਤੀਕ ਪੰਜਾਬੀ ਨੇ ਕਦੇ ਅਪਣਾਏ ਨੇ, ਇਸ ਬਾਰੇ ਕੁਝ ਪਤਾ ਨਹੀਂ। ਕੋਈ ਲੋਕ ਕਹਾਣੀ ਪਹਾੜ ਦੀ, ਉਥੇ ਦੇ

Sri Satguru Jagjit Singh Ji Elibrary NamdhariElibrary@gmail.com

ਕਿਸੇ ਲੋਕ-ਗੀਤ ਦੀ, ਕੋਈ ਮੁਕਾਬਲੇ ਦੀ ਗੱਲ ਪੰਜਾਬੀ ਵਿਚ ਇਸ ਵੇਲੇ ਪ੍ਰਚੱਲਿਤ ਜਾਂ ਉਸ ਤੋਂ ਪਹਿਲੇ ਸਮੇਂ ਦੇ ਕਿਸੇ ਸਾਹਿਤ ਵਿਚ ਹੈ, ਇਸ ਬਾਰੇ ਕੁਝ ਪਤਾ ਨਹੀਂ। ਪਹਾੜੀ ਲੋਕਾਂ ਦੇ ਕੁਦਰਤ ਬਾਰੇ ਜੋ ਅਨੁਭਵ ਹਨ। ਪਹਾੜ ਵਿਚ ਬੜੀ ਕੁਦਰਤ ਹੈ। ਉਸ ਦਾ ਕੁਦਰਤ ਵਰਣਨ ਕਰਨ ਦਾ ਜਿਹੜਾ ਢੰਗ ਹੈ ਤੇ ਸਾਡੀ ਪੰਜਾਬੀ ਵਿਚ ਕੁਦਰਤ ਵਰਣਨ ਦੇ ਢੰਗ ਵਿਚ ਕੋਈ ਸਾਂਝ ਹੈ ਜਾਂ ਵਿਰੋਧ ਹੈ, ਇਸ ਬਾਰੇ ਕੋਈ ਪਤਾ ਨਹੀਂ ਲਗਿਆ।

10. ਪ੍ਰੋ. ਗੁਲਵੰਤ ਸਿੰਘ

ਸਤਿਕਾਰ ਯੋਗ ਪ੍ਰਧਾਨ ਜੀ, ਵੀ.ਸੀ. ਸਾਹਿਬਾ ਤੇ ਦੋਸਤੋ ! ਮੈਂ ਇਸ ਬੈਠਕ ਵਿਚ ਪੜ੍ਹੇ ਜਾਣ ਵਾਲੇ ਪੰਜਾਬੀ ਮਜ਼ਮੂਨ ਅਤੇ ਉਸ ਉਤੇ ਵਿਚਾਰ ਕਰਨ ਵਾਲੇ ਸਾਰੇ ਦੋਸਤਾਂ ਦਾ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਕਰਕੇ ਮੈਨੂੰ ਇਥੇ ਆ ਕੇ ਆਪ ਦੇ ਸਾਹਮਣੇ ਇਕ ਦੋ ਫਿਕਰੇ ਆਪ ਦੀ ਸੇਵਾ ਵਿਚ ਪੇਸ਼ ਕਰਨ ਦਾ ਜੋਸ਼ ਉਠਿਆ ਹੈ।

ਇਹ ਠੀਕ ਹੈ ਕਿ ਜੋ ਕੁਝ ਗਿਆਨੀ ਜੀ ਨੇ ਫੁਰਮਾਇਆ ਉਹ ਠੀਕ ਹੈ। ਦਰਸ਼ਨ ਵਿਚ ਜਿਹੜੀਆਂ ਕਈ ਪਰਪੱਕ ਸਖਸ਼ੀਅਤ ਹੁੰਦੀਆਂ ਹਨ, ਉਨ੍ਹਾਂ ਦੇ ਜੋਸ਼ ਵਿਵੇਕ ਦੇ ਅਧੀਨ ਹੁੰਦੇ ਨੇ ਕਈ ਐਸੇ ਵਿਵੇਕਹੀਨ ਮੇਰੇ ਵਰਗੇ ਹੁੰਦੇ ਨੇ ਕਿ ਜਿਹੜੇ ਜੋਸ਼ ਦੇ ਅਧੀਨ ਹੀ ਰਹਿੰਦੇ ਨੇ। ਮੇਰੇ ਦੋਸਤੋ ਪੰਜਾਬੀ ਜ਼ਬਾਨ ਤੇ ਪੰਜਾਬੀ ਦੇ ਨਾਲ ਤੁਅੱਲਕ ਰਖਣ ਵਾਲੀਆਂ ਗੁਆਂਢੀ ਬੋਲੀਆਂ ਜਾਂ ਉਪ-ਬੋਲੀਆਂ ਦੇ ਵੱਖੋ ਵੱਖਰੇ ਪੱਖਾਂ ਦੇ ਨਾਲ ਸੰਬੰਧਿਤ ਵਿਵਾਦ ਹੋ ਰਹੇ ਸਨ। ਉਸਦੇ ਇਕ ਪੱਖ ਨੂੰ ਮੁੱਖ ਰਖਕੇ ਇਕ ਪੇਪਰ ਸਾਡੇ ਸਾਹਮਣੇ ਪੜ੍ਹਿਆ ਗਿਆ ਤੇ ਉਸ ਤੋਂ ਬਾਅਦ ਉਸ ਉਤੇ ਕੁੱਝ ਵਿਚਾਰ ਕੀਤੇ ਗਏ। ਮੈਂ ਇਕ ਦੋ ਗੱਲਾਂ ਮਿਲੀਆਂ ਜੁਲੀਆਂ ਵੈਸੇ ਜ਼ਰੂਰੀ ਤੇ ਬੁਨਿਆਦੀ ਜਿਹੀਆਂ ਦੱਸਣੀਆਂ ਸਨ। ਮੈਂ ਆਪਣੇ ਵਿਚਾਰ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ।

ਇਕ ਗੱਲ ਬੁਨਿਆਦੀ ਤੌਰ ਤੇ ਧਿਆਨ ਵਿਚ ਰਖਣ ਵਾਲੀ ਇਹ ਹੈ ਕਿ ਹਰੇਕ ਜ਼ਬਾਨ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਕੁਝ ਦੋ, ਚਾਰ, ਪੰਜ, ਸੱਤ ਬੁਨਿਆਦੀ ਲਕੀਰਾਂ ਹਨ। ਜੇ ਉਨ੍ਹਾਂ ਦਾ ਕਿਤੇ ਉਲੰਘਣ ਹੁੰਦਾ ਹੈ ਤਾਂ ਉਦੋਂ ਕਿਹਾ ਜਾਂਦਾ ਹੈ ਕਿ ਇਥੇ ਇਹ ਲੇਖਕ ਆਜ਼ਾਦੀ ਲੈ ਰਿਹਾ ਹੈ। ਹਰ ਜ਼ਬਾਨ ਦੂਜੀਆਂ ਕੋਲੋਂ ਲਫਜ਼ ਲੈਂਦੀ ਹੈ। ਇਹਦੇ ਵਿਚ ਨਾ ਕਿਸੇ ਜ਼ਬਾਨ ਦੀ ਹੇਠੀ ਹੈ, ਨਾ ਕੋਈ ਮਿਲਣਾ ਹੈ ਅਤੇ ਜਿਸ ਤੋਂ ਲਫਜ਼ ਲਏ ਜਾਂਦੇ ਹਨ ਨਾ ਉਸਨੂੰ ਕੋਈ ਫਰਕ ਪੈਂਦਾ ਹੈ। ਸਵਾਗਤ ਕਰਨ ਵੇਲੇ ਵੀ.ਸੀ. ਸਾਹਿਬਾ ਨੇ ਕਿਹਾ ਸੀ ਕਿ ਬਾਹਰੋਂ ਵੀ ਜੇ ਕੋਈ ਹੋਰ ਲਫਜ਼ ਲੈ ਲਿਆ ਹੈ ਤਾਂ ਪੰਜਾਬੀ ਨੇ ਉਸਨੂੰ ਹਜ਼ਮ ਕਰਨਾ ਹੈ, ਜ਼ਮੀਨ ਨੇ ਬਾਰਸ਼ ਦਾ ਪਾਣੀ ਹਜ਼ਮ ਕਰਨਾ ਹੈ। ਪੰਜਾਬੀ ਵਿਚ ਲਫਜ਼ ਫਾਰਸੀ ਦੇ ਅੱਗੇ ਵੀ ਹੈਗੇ ਨੇ। ਇਹ ਨਾ ਕਿਸੇ ਵਿਉਂਤ ਨਾਲ ਲਏ ਜਾਂਦੇ ਨੇ, ਨਾ ਆਗਿਆ ਨਾਲ। ਪਰ ਇਹ ਲਫਜ਼ ਪੰਜਾਬੀ ਜ਼ਬਾਨ ਵਿਚ ਹੀ ਰਹਿਣੇ ਚਾਹੀਦੇ ਹਨ ਨਾ ਕਿ ਉਸ ਜ਼ਬਾਨ ਵਿਚ ਜਿਸ ਤੋਂ ਇਹ ਲਏ ਗਏ ਹੋਣ।

ਮੇਰੇ ਦੋਸਤ ਨੇ ਜਿਹੜੇ ਲਫਜ਼ ਇਹਦੇ ਵਿਚ ਵਰਤੇ ਹਨ ਉਹ ਇਹੋ ਜਿਹੇ ਹਨ ਜਿਹੜੇ ਮੈਂ ਛੋਟੀਆਂ ਕਲਾਸਾਂ ਵਿਚ ਪੜ੍ਹਦਾ ਰਿਹਾ ਹਾਂ। ਕਈ ਵਾਰੀ ਪੜ੍ਹਾਂਦੇ ਹੋਏ ਲਫਜ਼ ਮੈਂ ਵਰਤਦਾ ਵੀ ਹਾਂ। ਮੇਰੇ ਵਾਸਤੇ ਇਹ ਲਫਜ਼ ਫਾਰਸੀ ਵਿਚ, ਉਰਦੂ ਵਿਚ ਬੜੇ ਸਾਧਾਰਨ ਹਨ। ਪੰਜਾਬੀ ਜ਼ਬਾਨ ਤੇ ਉਸਦੀ ਗਰਾਮਰ ਦਾ ਥੋੜ੍ਹਾ ਜਿਹਾ ਗਿਆਨ ਜਿਹੜਾ

Sri Satguru Jagjit Singh Ji Elibrary NamdhariElibrary@gmail.com

ਮੈਨੂੰ ਹੈ ਉਸ ਦੇ ਮੁਤਾਬਕ ਮੇਰੀ ਗੁਜ਼ਾਰਸ਼ ਇਹ ਹੈ, ਕਿ ਜਿਥੇ ਸਮੁੱਚੇ ਤੌਰ ਤੇ ਇਸ ਲੇਖ ਦੀ ਭਾਸ਼ਾ ਦਾ ਕੁਝ ਦੋਸਤਾਂ ਨੇ ਸਵਾਗਤ ਕੀਤਾ ਹੈ, ਇਹ ਨਾਲ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਉਸੇ ਤਰ੍ਹਾਂ ਲਫਜ਼ ਨੂੰ ਲੈਣਾ ਭਾਸ਼ਾ ਦੀ ਸ਼ਬਦ-ਗ੍ਰਹਿਣ ਦੀ ਸ਼ਕਤੀ, ਪੰਜਾਬੀ ਦਾ ਜਿਹੜਾ ਸੁਭਾਉ ਹੈ, ਮੇਰੀ ਸੋਝੀ ਅਨੁਸਾਰ, ਉਸ ਦੇ ਅਨੁਕੂਲ ਨਹੀਂ । ਇਕ ਜ਼ਬਾਨ ਦੂਜੀ ਜ਼ਬਾਨ ਦੇ ਲਫਜ਼ ਲੈ ਕੇ ਉਸਨੂੰ ਆਪਣਾ ਹਿੱਸਾ ਬਣਾਉਂਦੀ ਹੈ ਨਾ ਕਿ ਖੁਦ ਬਦਲੀ ਜਾਂਦੀ ਹੈ । ਫਾਰਸੀ ਨੇ ਵੀ ਅਰਬੀ ਦੇ ਲਫਜ਼ ਲਏ ਹਨ ਪਰ ਉਸਨੂੰ ਆਪਣੇ ਅਨੁਸਾਰ ਬਦਲਿਆ ਹੈ । ਇਸੇ ਤਰ੍ਹਾਂ ਇਹ ਧਿਆਨ ਵਿਚ ਰਖਿਆ ਜਾਵੇ ਤਾਂ ਮੇਰੇ ਵਿਚਾਰ ਵਿਚ ਪੰਜਾਬੀ ਦੇ ਸੁਭਾਅ ਦੇ ਅਨੁਕੂਲ ਵਿਚਾਰ ਕਰ ਰਹੇ ਹੋਵਾਂਗੇ । ਪਤੰਗ ਉੱਨੀ ਹੀ ਉਡਦੀ ਹੈ ਜਿੰਨੀ ਉਸਦੀ ਡੋਰ ਹੋਵੇ ਤੇ ਲੰਮੀ ਤੋਂ ਲੰਮੀ ਡੋਰ ਦੇ ਬਾਵਜੂਦ ਵੀ ਉਸਦਾ ਇਕ ਮਕਸਦ ਹੈ ।

ਪੰਜਾਬੀ ਦੇ ਸੰਬੰਧ ਵਿਚ ਜਿਹੜੀ ਇਸਦੀ ਸਦਾਚਾਰਕ ਤਬੀਅਤ ਹੈ, ਮੇਰੇ ਸੁਭਾਅ ਅਨੁਸਾਰ, ਉਸਦਾ ਧਿਆਨ ਜ਼ਰੂਰੀ ਹੈ । ਸ਼ਬਦ/ਲਫਜ਼ ਦਾ ਕੰਮ ਹੈ ਅਰਥਾਂ ਨੂੰ ਪ੍ਰਗਟ ਕਰਨਾ ਤੇ ਲਫਜ਼ ਦਾ ਕੋਈ ਜਾਤ ਗੋਤ, ਨਸਲ ਕੋਈ ਨਹੀਂ । ਜਿਥੇ ਵੀ ਪ੍ਰਗਟ ਕਰਨ ਵਾਸਤੇ ਬੰਦੂਕ ਹੈ, ਜਰਮਨੀ ਵਿਚ ਮਿਲੇ ਭਾਵੇਂ ਜਿਥੇ ਵੀ ਮਿਲੇ ਉਸਦਾ ਕੰਮ ਹੈ ਬਾਰੂਦ ਦਾ ਇਸਤੇਮਾਲ ਕਰਨਾ । ਲਫਜ਼ ਜਿਹੜਾ ਅਰਥ ਪ੍ਰਗਟ ਕਰਨ ਵਿਚ ਸਹਾਇਤਾ ਦਿੰਦਾ ਹੈ, ਹਰ ਆਦਮੀ ਨੂੰ, ਅਰਥ ਗਿਆਤਾ ਨੂੰ ਉਸਦਾ ਸਵਾਗਤ ਕਰਨਾ ਚਾਹੀਦਾ ਹੈ । ਇਸ ਵਾਸਤੇ ਮੈਂ ਇਸਦਾ ਸਵਾਗਤ ਕਰਦਾ ਹਾਂ ਅਤੇ ਉਸ ਨੂੰ ਆਪਣੇ ਹਾਜ਼ਮੇ ਦੇ ਮੁਤਾਬਕ ਬਣਾਉਣਾ ਸਾਡਾ ਫਰਜ਼ ਹੈ ।

ਇਕ ਗੱਲ ਮੈਂ ਹੋਰ ਕਹਾਂਗਾ ਕਿ ਜ਼ਬਾਨਾਂ ਮੰਗਤੀਆਂ ਨਹੀਂ ਹੁੰਦੀਆਂ । ਜ਼ਬਾਨਾਂ ਵਿਚ ਵਿਜੈਸ਼ਾਲੀ ਪ੍ਰਗਟਾਵਾ ਹੁੰਦਾ ਹੈ । ਜ਼ਬਾਨਾਂ ਵਿਚ ਆਦਾਨ ਪ੍ਰਦਾਨ ਹੁੰਦਾ ਹੈ ਅਤੇ ਇਹ ਆਪੋ ਆਪਣੀ ਲੋੜ ਅਨੁਸਾਰ ਹੀ ਹੁੰਦਾ ਹੈ । ਜ਼ਬਾਨਾਂ ਗ੍ਰਹਿਣ ਕਰਦੀਆਂ ਹਨ— ਪਹਿਲਾਂ ਇਕੱਤਰ ਕਰ ਲਿਆ, ਫਿਰ ਉਸ ਨੂੰ ਆਪਣੇ ਸੁਭਾਉ ਅਨੁਸਾਰ ਆਪਣਾ ਬਣਾ ਲਿਆ । ਜ਼ਬਾਨਾਂ ਦੀ ਉੱਨਤੀ ਲਈ ਇਹ ਜ਼ਰੂਰੀ ਹੈ ਕਿ ਵੱਧ ਤੋਂ ਵੱਧ ਪਸਾਰ ਕੀਤਾ ਜਾਵੇ ਲੇਕਿਨ ਪਸਾਰ ਇਸ ਤਰ੍ਹਾਂ ਕੀਤਾ ਜਾਵੇ ਕਿ ਜਿਸਦੇ ਨਾਲ ਉਸਦਾ ਆਪਾ ਅਤੇ ਉਸਦਾ ਆਪਣਾ ਸੁਭਾਉ ਨਾ ਵਿਗੜੇ । ਇਹ ਜੋ ਲਫਜ਼ ਫਾਰਸੀ ਅਰਬੀ ਦੇ ਨੇ, ਇਸਦਾ ਸਵਾਗਤ ਹੈ, ਲੇਕਿਨ ਐਸੀ ਤਰ੍ਹਾਂ ਲਏ ਜਾਣ ਕਿ ਇਹ ਪੰਜਾਬੀ ਵਿਚ ਸਮਾ ਜਾਣ । ਇਸ ਤਰ੍ਹਾਂ ਨਹੀਂ ਜਿਵੇਂ ਇਸ ਪੇਪਰ ਵਿਚ ਲਏ ਗਏ ਹਨ ।

**ਡਾਕਟਰ ਚੰਦਰ ਸ਼ੇਖਰ[1]**

ਮੈਨੂੰ ਆਪਣੇ ਪੇਪਰ ਤੋਂ ਕੋਈ ਅਫਸੋਸ ਨਹੀਂ ਬਲਕਿ ਬੇਅੰਤ ਖੁਸ਼ੀ ਹੋਈ ਹੈ । ਮੈਂ ਸ਼ੁਰੂ ਵਿਚ ਕਿਹਾ ਸੀ ਕਿ ਮੈਂ ਬਹਿਸ ਦਾ ਸ਼ੁਰੂਆਤ ਹੀ ਕਰ ਰਿਹਾ ਹਾਂ । ਲੇਕਿਨ ਮੇਰੀ ਬਹਿਸ ਮੁਕੰਮਲ ਪੂਰੀ ਤਦ ਹੁੰਦੀ ਹੈ ਜੇ ਇਸਦੀ ਬੁਕਲ ਵਿਚ ਤੁਹਾਡੇ ਸਾਰੇ ਸੁਆਲ ਆ ਜਾਂਦੇ ਹਨ । ਹੁਣ ਇਸ ਵੇਲੇ ਜੋ ਤੁਸੀਂ ਸਾਰੇ ਸੁਆਲ ਕੀਤੇ ਨੇ, ਉਨ੍ਹਾਂ ਸਾਰਿਆਂ ਦੇ ਜੁਆਬ

1. ਡਾ. ਚੰਦਰ ਸ਼ੇਖਰ ਨੇ ਵਿਸ਼ੇਸ਼ ਤੌਰ ਤੇ ਵਕਤ ਮੰਗਿਆ ਸੀ । (ਸੰਪਾਦਕ)

Sri Satguru Jagjit Singh Ji Elibrary NamdhariElibrary@gmail.com

ਮੇਰੀ ਮਲਕੀਅਤ ਹੈ, ਕਿਉਂਕਿ ਇਨ੍ਹਾਂ ਸੁਆਲਾਂ ਦੀ ਰੌਸ਼ਨੀ ਵਿਚ ਮੈਂ ਨਵੇਂ ਸਿਰੇ ਤੋਂ ਆਪਣੇ ਖੋਜ-ਪੱਤਰ ਬਾਰੇ ਵਿਚਾਰ ਕਰਾਂਗਾ। ਖੋਜ ਸੰਬੰਧੀ ਬੜੇ ਠੋਸ ਸੁਝਾਅ ਆਏ ਨੇ, ਜਿਨ੍ਹਾਂ ਲਈ ਮੈਂ ਸਾਰੇ ਵਿਦਵਾਨ ਦੋਸਤਾਂ ਦਾ ਧੰਨਵਾਦੀ ਹਾਂ।

ਕਿਸੇ ਵੀ ਖੋਜ-ਪੱਤਰ ਤੇ ਕੋਈ ਵੀ ਗੱਲ ਨਾ ਹੋਣਾ ਇਹ ਸਾਬਤ ਕਰਦਾ ਹੈ ਕਿ ਉਹ ਬਿਨ ਮੌਤ ਮਰ ਗਿਆ ਹੈ। ਇਸੇ ਲਈ ਮੇਰਾ ਖੋਜ-ਪੱਤਰ ਜ਼ਿੰਦਾ ਹੀ ਨਹੀਂ ਹੋ ਗਿਆ ਹੈ ਬਲਕਿ ਜ਼ਿੰਦਾ ਹੋਣ ਦੇ ਪ੍ਰਾਸੈਸ (process) ਵਿਚ ਆ ਗਿਆ। ਪ੍ਰੋ. ਗੁਲਵੰਤ ਸਿੰਘ ਨੇ ਜੋ ਗਲ ਕੀਤੀ ਸੀ ਉਸ ਸੰਬੰਧ ਵਿਚ ਮੇਰੀ ਬੇਨਤੀ ਹੈ ਕਿ ਮੈਂ ਲਫਜ਼ਾਂ ਨੂੰ ਆਪਣਾ ਬਣਾਵਾਂਗਾ। ਅਕਸਰ ਹਿੰਦੀ ਵਾਲਿਆਂ ਨੂੰ ਮੇਰੇ ਤੇ ਸ਼ਿਕਾਇਤ ਰਹਿੰਦੀ ਹੈ ਕਿ ਮੈਂ ਹਿੰਦੀ ਵਿਚ ਉਰਦੂ ਲਫਜ਼ਾਂ ਦੀ ਜ਼ਿਆਦਾ ਵਰਤੋਂ ਕਰਦਾ ਹਾਂ। ਮੈਂ ਹਮੇਸ਼ਾਂ ਜੁਆਬ ਦਿੰਦਾ ਹਾਂ ਕਿ ਮੇਰੇ ਲਈ ਹਰ ਖੋਜ-ਪੱਤਰ ਸਰਹੱਦ ਦੀ ਚੌਂਕੀ ਤੇ ਲੜੀ ਗਈ ਗੁਰੀਲਾ ਲੜਾਈ ਹੈ। ਇਸ ਗੁਰੀਲਾ ਲੜਾਈ ਵਿਚ ਆਪਣੀ ਗੱਲ ਨੂੰ ਬਾਰੂਦ ਵਾਂਗ, ਬਰੂਦ ਭਾਵੇਂ ਅਰਬੀ ਦਾ ਹੋਵੇ, ਜਰਮਨੀ ਦਾ ਹੋਵੇ, ਫਾਰਸੀ ਦਾ ਹੋਵੇ ਜਾਂ ਪੰਜਾਬੀ ਦਾ, ਤੁਹਾਡੇ ਤਕ ਚਲਾ ਦੇਵਾਂ। ਤੁਸੀਂ ਵਿਚਾਰ ਕੀਤਾ ਹੈ, ਮੈਂ ਬਹੁਤ ਧੰਨਵਾਦ ਕਰਦਾ ਹਾਂ।

Sri Satguru Jagjit Singh Ji Elibrary NamdhariElibrary@gmail.com

# ਪ੍ਰਧਾਨਗੀ ਵਿਚਾਰ

ਡਾ. ਬੀ. ਐਸ. ਜੋਗੀ, ਵਾਈਸ-ਚਾਂਸਲਰ
ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ

ਵਿਦਵਾਨ ਦੋਸਤੋ ! ਮੈਨੂੰ ਇਸ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਰਦਾਰਨੀ ਇੰਦਰਜੀਤ ਕੌਰ ਸੰਧੂ ਦਾ ਟੈਲੀਫੋਨ ਆਇਆ। ਇਨ੍ਹਾਂ ਨੇ ਪੁਛਿਆ ਕਿ ਪਟਿਆਲੇ ਜੋ ਸੈਮੀਨਾਰ ਹੋ ਰਿਹਾ ਹੈ ਉਸ ਵਿਚ ਤੁਸੀਂ ਆ ਸਕਦੇ ਹੋ ਯਾ ਨਹੀਂ। ਮੈਂ ਸੈਮੀਨਾਰ ਦੇ ਨਾਂ ਬਾਰੇ ਪੁਛਿਆ। ਇਹ ਕਹਿਣ ਲਗੇ ਕਿ ਪੰਜਾਬੀ ਉਤੇ ਪਹਾੜੀ ਜ਼ਬਾਨ ਦੇ ਅਸਰ ਬਾਰੇ ਹੈ। ਤਾਂ ਮੈਂ ਬਿਨਾਂ ਕਿਸੀ ਹੋਰ ਵਿਚਾਰ ਦੇ ਕਿਹਾ ਕਿ ਮੈਂ ਜ਼ਰੂਰ ਆਵਾਂਗਾ। ਇਥੇ ਆ ਕੇ ਮੈਂ ਸੋਚਿਆ ਨਹੀਂ ਸੀ ਕਿ ਖਾਸ ਲੈਕਚਰ ਵੀ ਕਰਾਂਗਾ। ਮੈਂ ਸੋਚਿਆ ਸੀ ਕਿ ਤੁਹਾਡੇ ਕੋਲੋਂ ਇਹ ਸਿਖਾਂਗਾ ਕਿ ਪਹਾੜੀ ਜ਼ਬਾਨ ਦਾ ਪੰਜਾਬੀ ਉਤੇ ਕੀ ਅਸਰ ਹੈ।

ਡਾ. ਚੰਦਰ ਸ਼ੇਖਰ ਜੀ ਨੇ ਕਾਫੀ ਅੱਛੀ ਤਰ੍ਹਾਂ ਆਪਣੇ ਖੋਜ-ਪੱਤਰ ਨੂੰ ਪੇਸ਼ ਕੀਤਾ ਹੈ। ਇਹ ਸਾਡੇ ਖੇਤਰ ਦਾ ਹੀ ਹੈ। ਇਸ ਤੋਂ ਮੈਂ ਇਹ ਸੋਚਿਆ ਹੈ ਕਿ ਇਸ ਕਿਸਮ ਦੀ ਖੋਜ ਜਾਂ ਕੋਈ ਸੈਮੀਨਾਰ ਸਾਡੀ ਯੂਨੀਵਰਸਿਟੀ ਵੀ ਕਰੇ। ਛੇ ਮਹੀਨੇ ਪਹਿਲਾਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਡਾ. ਪਰਮਾਰ ਨੂੰ ਯੂਥ ਫੈਸਟੀਵਲ ਤੇ ਸੱਦਿਆ ਸੀ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਸਾਡੀ ਕਲਚਰ 'modern civilization' ਦੇ ਨਾਲ ਬੜੀ 'mix up' ਹੋ ਰਹੀ ਹੈ। ਕੀ ਕੋਈ ਐਸੀ ਰਿਸਰਚ ਕੀਤੀ ਜਾ ਸਕਦੀ ਹੈ ਕਿ ਇਸ ਨੂੰ ਬਿਲਕੁਲ ਠੀਕ ਰੱਖਿਆ ਜਾ ਸਕੇ। ਇਸ ਬਾਰੇ ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਵੇਗਾ ਕਿ ਸਾਡਾ ਇਕ ਪਹਾੜੀ ਜ਼ਬਾਨ ਦਾ ਡਿਪਾਰਟਮੈਂਟ ਬਣਾਉਣ ਦਾ ਪ੍ਰੋਗਰਾਮ ਹੈ।

ਡਾ. ਚੰਦਰ ਸ਼ੇਖਰ ਨੂੰ ਕਈ ਸੱਜਣ ਇਹ ਕਹਿ ਰਹੇ ਸੀ ਕਿ ਜਨਰਲ ਸਰਵੇ (general survery) ਤਾਂ ਹੋਈ ਹੈ ਸਾਰੇ ਦੀ ਲੇਕਿਨ ਕੋਈ 'ਸਪੇਸੇਫਿਕ' ਨਹੀਂ ਦੱਸਿਆ ਗਿਆ ਕਿ ਪਹਾੜੀ ਦਾ ਪੰਜਾਬੀ ਤੇ ਕੀ ਅਸਰ ਹੈ। ਮੈਂ ਸਾਰੇ ਪ੍ਰੋਫੈਸਰਾਂ ਤੇ ਸਾਰੇ ਖੋਜ-ਵਿਗਿਆਨੀਆਂ ਨੂੰ ਇਥੇ ਇਹ ਅਰਜ਼ ਕਰਾਂਗਾ ਕਿ ਸਾਡੇ ਹਿਮਾਚਲ ਪ੍ਰਦੇਸ਼ ਵਿਚ ਵੀ ਕਾਫੀ ਰਲ ਗੱਡ ਹੋਈ ਹੈ। ਇਸ ਵੇਲੇ ਸਭ ਕੁਝ 'mix up' ਹੋਇਆ ਪਿਆ ਹੈ।

ਇਕ ਦਫਾ ਮੈਨੂੰ 'ਚਾਂਸ' ਮਿਲਿਆ ਸੀ ਅਤੇ 25 ਦਿਨ ਅਸੀਂ ਉਪਰਲੇ ਇਲਾਕੇ ਵਿਚ ਤਿੱਬਤ ਵੱਲ ਦਾ ਦੌਰਾ ਕੀਤਾ। ਉਥੇ ਹਰ ਰੋਜ਼ 10 ਮੀਲ ਦਾ ਸਫਰ ਕਰਦੇ ਸੀ ਤੇ ਘੋੜੇ ਤੇ ਸਾਰਾ ਸਟਾਫ ਵੀ ਨਾਲ ਸੀ। ਇਕ ਅੱਛੀ ਗੱਲ ਇਹ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਹਰ 10 ਮੀਲ ਤੇ ਤੁਹਾਨੂੰ ਜੰਗਲਾਤ ਦਾ ਇਕ ਫਸਟ ਕਲਾਸ ਰੈਸਟ ਹਾਊਸ ਮਿਲੇਗਾ, ਜਿਥੇ ਬੈਠਕੇ ਤੁਸੀਂ ਆਸਾਨੀ ਨਾਲ ਤੇ ਅੱਛੇ ਆਲੇ ਦੁਆਲੇ ਦੇ ਨਾਲ ਚੰਗੀ

Sri Satguru Jagjit Singh Ji Elibrary NamdhariElibrary@gmail.com

ਖੋਜ ਕਰ ਸਕਦੇ ਹੋ। ਪੰਜਾਬੀ ਵਿਚ ਤਾਂ ਰਿਸਰਚ ਮੇਰੇ ਖਿਆਲ ਨਾਲ ਬਹੁਤ ਜ਼ਿਆਦਾ ਹੋ ਚੁੱਕੀ ਹੈ। ਜੇ ਤੁਸੀਂ ਆਪਣੇ ਵਿਦਵਾਨਾਂ ਨੂੰ ਅਗਰ ਕੋਈ ਸਮੱਸਿਆਵਾਂ ਦੇਣੀਆਂ ਹੋਣ ਤਾਂ ਹੋ ਸਕਦਾ ਹੈ ਕਿ ਹਿਮਾਚਲ ਪ੍ਰਦੇਸ਼ ਦੇ ਇਲਾਕੇ ਵਿਚੋਂ ਖ਼ਾਸ ਕਰਕੇ ਪੱਛਮੀ ਖੇਤਰ, ਭਾਸ਼ਾ-ਵਿਗਿਆਨੀਆਂ ਨੂੰ ਬਹੁਤ ਸਾਰੀ ਜਾਣਕਾਰੀ ਮਿਲ ਸਕੇ। ਸਾਡੀ ਯੂਨੀਵਰਸਿਟੀ ਬੜੀ ਖੁਸ਼ੀ ਦੇ ਨਾਲ ਤੁਹਾਡੇ ਨਾਲ ਮਿਲਵਰਤਣ ਕਰੇਗੀ ਅਤੇ ਜੋ ਵੀ ਸੰਭਵ ਸਹੂਲਤਾਂ ਹੋਣਗੀਆਂ ਅਸੀਂ ਕੋਸ਼ਿਸ਼ ਕਰਾਂਗੇ ਕਿ ਤੁਹਾਡੀ ਵੱਧ ਤੋਂ ਵੱਧ ਸਹਾਇਤਾ ਕੀਤੀ ਜਾਵੇ।

ਮੈਂ ਤਾਂ ਪਹਿਲਾਂ ਖੇਤੀ ਬਾੜੀ ਦੇ ਮਹਿਕਮੇ ਵਿਚ ਸੀ। ਇਸ ਤੋਂ ਬਾਅਦ ਯੂਨੀ-ਵਰਸਿਟੀ ਵਿਚ ਆਇਆ। ਭਾਸ਼ਾ ਦੀ ਖੋਜ ਦਾ ਕੋਈ ਖ਼ਾਸ 'ਆਈਡੀਆ' ਨਹੀਂ ਸੀ। ਲੇਕਿਨ ਫਿਰ ਵੀ ਮੈਂ ਆਉਣ ਤੋਂ ਪਹਿਲਾਂ ਸੋਚਿਆ ਕਿ ਕੁਝ ਤਾਂ ਪਤਾ ਹੋਣਾ ਚਾਹੀਦਾ ਹੈ। ਜਿਸ ਵੇਲੇ ਸਟੱਡੀ ਕਰ ਰਿਹਾ ਸੀ ਤਾਂ ਮੈਨੂੰ ਬੜੀ ਹੈਰਾਨੀ ਹੋਈ ਕਿ ਬਹੁਤ ਦੇਰ ਪਹਿਲੇ ਕਾਂਗੜਾ ਜ਼ਿਲ੍ਹੇ ਦੇ ਇਲਾਕੇ ਵਿਚ ਕਾਫ਼ੀ ਤੋਂ ਜ਼ਿਆਦਾ ਸਾਹਿਤਕ ਕੰਮ ਹੋਇਆ ਹੈ। ਹੋ ਸਕਦਾ ਹੈ ਤੁਹਾਡੀ ਯੂਨੀਵਰਸਿਟੀ ਅਤੇ ਤੁਹਾਡੇ ਵਿਦਵਾਨਾਂ ਨੇ ਕਾਫ਼ੀ ਸਟੱਡੀ ਕੀਤੀ ਹੋਵੇ। ਮੈਨੂੰ ਹਿਮਾਚਲ ਪ੍ਰਦੇਸ਼ ਵਿਚ ਕੋਈ 20 ਸਾਲ ਹੋ ਗਏ ਇਸੇ ਤਰ੍ਹਾਂ ਉਥੇ ਪਿੰਡਾਂ ਵਿਚ ਰਹਿੰਦੇ ਅਤੇ ਫਿਰਦੇ ਨੂੰ। ਲੇਕਿਨ ਮੈਂ ਇਕ ਚੀਜ਼ ਸਟੱਡੀ ਕੀਤੀ ਹੈ। ਉਥੇ ਕੋਈ 10 ਉਪ-ਭਾਸ਼ਾਵਾਂ ਹਨ। ਇਨ੍ਹਾਂ ਦੇ ਵਿਚ ਕੋਈ ਹੋਰ ਕਿਸੀ ਕਿਸਮ ਦੀ 'ਇਨਫਿਲਟਰੇਸ਼ਨ' ਨਹੀਂ ਹੈ। ਅਗਰ ਕੋਈ ਭਾਸ਼ਾ-ਵਿਗਿਆਨ ਦਾ ਮਾਹਿਰ ਹੋਵੇ ਤਾਂ ਉਹ ਇਨ੍ਹਾਂ ਜ਼ਬਾਨਾਂ ਨੂੰ ਸਟੱਡੀ ਕਰ ਸਕਦਾ ਹੈ ਕਿ ਇਹ ਕਿਵੇਂ 'ਡਵੈਲਪ' ਹੋਈਆਂ ਹਨ। ਕੀ ਸੰਸਕ੍ਰਿਤ ਤੋਂ ਜਾਂ ਦੂਸਰੀ ਕਿਸੀ ਜ਼ਬਾਨ ਤੋਂ ? ਅਗਰ ਇਨ੍ਹਾਂ ਦਾ ਕੁਝ 'ਉਰਿਜਨ' ਹੈ ਤਾਂ ਉਹ ਵੀ 'ਵਰਜਨ ਫੀਲਡ' ਹੈ ਅਤੇ ਇਹ ਵਿਦਵਾਨਾਂ ਨੇ ਸਟੱਡੀ ਕਰਨੀ ਹੈ। ਦੋ ਚਾਰ ਵਿਦਵਾਨ ਮੈਨੂੰ ਹਿਮਾਚਲ ਪ੍ਰਦੇਸ਼ ਵਿਚ ਮਿਲੇ ਸੀ। ਜਿਨ੍ਹਾਂ ਨੇ ਕੁਝ ਇਲਾਕੇ ਨੂੰ 'ਐਕਸਪਲੋਰ' ਕੀਤਾ ਹੈ। ਉਥੇ ਵੀ ਤੁਹਾਡੇ ਵਾਂਗ ਲੋਕ-ਗੀਤ ਹਨ, ਨਾਚ ਹਨ ਤੇ ਭੰਗੜਾ ਹੈ। ਦਰਅਸਲ ਸਤੰਬਰ ਮਹੀਨਾ ਇਕ ਐਸਾ ਹੈ ਕਿ ਹਰ ਪਿੰਡ ਵਿਚ, ਤੀਜੇ ਚੌਥੇ ਪਿੰਡ ਇਨ੍ਹਾਂ ਦੇ ਮੇਲੇ ਲਗਦੇ ਹਨ। ਇਨ੍ਹਾਂ ਮੇਲਿਆਂ ਤੇ ਇਹ ਲੋਕ ਬੜੀ ਖੁਸ਼ੀ ਦੇ ਨਾਲ, ਬੜੀ ਆਜ਼ਾਦੀ ਨਾਲ ਆਪਣੇ ਲੋਕ-ਗੀਤ ਗਾਉਂਦੇ ਹਨ। ਮੈਂ ਕਾਫ਼ੀ ਸਟੱਡੀ ਕੀਤੀ ਹੈ—ਇਨ੍ਹਾਂ ਦਾ 'ਉਰਿਜਨ' ਕੀ ਹੈ ? ਉਸ ਦਾ ਅਸਰ ਪੰਜਾਬੀ ਜ਼ਬਾਨ ਉਤੇ ਹੈ ਜਾਂ ਨਹੀਂ ? ਕਿਹੜੀ ਚੀਜ਼ ਤੋਂ ਕਿਹੜੀ ਚੀਜ਼ ਇਥੇ 'ਇਨਫਲਟਰੇਟ' ਹੋਈ ਹੈ ਜਾਂ ਕਿਹੜੀ ਚੀਜ਼ ਉਥੋਂ ਇਥੇ ਪਹੁੰਚੀ ਹੈ ?

ਹਿਮਾਚਲ ਪ੍ਰਦੇਸ਼ ਦੀ ਖੂਬਸੂਰਤੀ ਹੈ ਕਿ ਦੂਰੋਂ ਹਰ ਇਕ ਚੀਜ਼ ਬਹੁਤ ਅੱਛੀ ਲਗਦੀ ਹੈ। ਜਦੋਂ ਡਾ. ਚੰਦਰ ਸ਼ੇਖਰ ਪੇਪਰ ਪੜ੍ਹ ਰਿਹਾ ਸੀ ਤਾਂ ਮਨ ਸਾਡਾ ਵੀ ਗੋਤੇ ਖਾਣ ਲੱਗਾ ਸੀ। ਮੈਂ ਇਹ ਕਹਾਂਗਾ ਕਿ ਸਾਡੇ ਹਿਮਾਚਲ ਪ੍ਰਦੇਸ਼ ਦੇ ਇਲਾਕੇ ਵਿਚ ਬਹੁਤ 'ਸਕੋਪ' ਹੈ, ਜਿਸਦੇ ਵਿਚ ਰਿਸਰਚ ਕੀਤੀ ਜਾ ਸਕਦੀ ਹੈ ਅਤੇ ਫੀਲਡ ਇਤਨਾ ਅੱਛਾ ਹੈ ਕਿ ਜਿਤਨਾ ਵੀ ਸਾਹਿਤ ਲਿਖਿਆ ਜਾਵੇ ਉਤਨਾ ਹੀ ਘੱਟ ਹੋਵੇਗਾ।

ਵੀ. ਸੀ. ਸਾਹਿਬਾ ਅਤੇ ਆਪ ਸਾਹਿਬਾਨ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਥੇ ਆਉਣ ਦਾ ਮੌਕਾ ਦਿੱਤਾ। ਮੈਂ ਕੋਸ਼ਿਸ਼ ਇਹ ਕਰਾਂਗਾ ਕਿ ਪਹਾੜਾਂ ਦੇ ਵਿਚ,

Sri Satguru Jagjit Singh Ji Elibrary NamdhariElibrary@gmail.com

ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਦੇ ਵਿਚ, ਵੀ ਇਦਾਂ ਦਾ ਹੀ, ਇਸੇ ਤਰੀਕੇ ਦਾ ਸੰਮੇਲਨ ਕੀਤਾ ਜਾਏ ਤੇ ਤੁਹਾਡੇ ਜਿਤਨੇ ਵੀ ਵਿਦਵਾਨ ਹਨ ਅਸੀਂ ਉਨ੍ਹਾਂ ਨੂੰ 'ਇਨਵਾਈਟ' ਕਰਾਂਗੇ। ਤੁਹਾਡੀ 'knowledge' ਦਾ ਅਸੀਂ ਫਾਇਦਾ ਉਠਾਕੇ ਅਸੀਂ ਵੀ ਨਵੀਂ ਪਹਾੜੀ ਜ਼ਬਾਨ 'ਡਿਵੈਲਪ' ਕਰ ਹੀ ਲਵਾਂਗੇ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਚੌਥਾ ਸੈਸ਼ਨ

9 ਅਪ੍ਰੈਲ, 1976

ਪੰਜਾਬੀ ਦੀਆਂ ਉਪ-ਭਾਸ਼ਾਵਾਂ : ਸੰਖੇਪ ਸਰਵੇਖਣ

ਖੋਜ-ਪੱਤਰ : ਡਾ. ਪ੍ਰੇਮ ਪ੍ਰਕਾਸ਼ ਸਿੰਘ

ਪ੍ਰਧਾਨ

ਡਾ. ਹਰਦੇਵ ਬਾਹਰੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

1

## ਆਰੰਭਕ ਸ਼ਬਦ

ਅਮਰਜੀਤ ਸਿੰਘ, ਡਾਇਰੈਕਟਰ, ਪੰਜਾਬੀ ਵਿਕਾਸ

ਇਸ ਸੈਮੀਨਾਰ ਦਾ ਇਹ ਚੌਥਾ ਤੇ ਆਖਰੀ ਸੈਸ਼ਨ ਹੈ। ਇਸਦੀ ਪ੍ਰਧਾਨਗੀ ਕਰਨੀ ਡਾ. ਹਰਦੇਵ ਬਾਹਰੀ ਜੀ ਨੇ ਪ੍ਰਵਾਨ ਕੀਤੀ ਹੈ, ਇਸ ਲਈ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ। ਇਹ ਸੈਸ਼ਨ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਸਰਵੇਖਣ ਦਾ ਹੈ। ਇਸ ਵਿਸ਼ੇ ਸੰਬੰਧੀ ਖੋਜ-ਪੱਤਰ ਪੇਸ਼ ਕਰਨ ਲਈ ਮੈਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੂੰ ਵੀ ਬੇਨਤੀ ਕਰਦਾ ਹਾਂ।

Sri Satguru Jagjit Singh Ji Elibrary NamdhariElibrary@gmail.com

II

# ਪੰਜਾਬੀ ਦੀਆਂ ਉਪ-ਭਾਸ਼ਾਵਾਂ ਦਾ ਸੰਖੇਪ ਸਰਵੇਖਣ

ਡਾ. ਪ੍ਰੇਮ ਪ੍ਰਕਾਸ਼ ਸਿੰਘ

ਸਤਿਕਾਰ ਯੋਗ ਪ੍ਰਧਾਨ ਜੀ, ਮੇਰੇ ਵਿਦਵਾਨ ਸਾਥੀਓ, ਭੈਣੋਂ ਅਤੇ ਭਰਾਵੋ ! ਮੈਨੂੰ ਜਿਹੜਾ ਇਹ ਵਿਸ਼ਾ ਦਿੱਤਾ ਗਿਆ ਹੈ, ਇਹ ਬੜਾ ਵਿਆਪਕ ਹੈ । ਇਸ ਦੇ ਇਕ ਇਕ ਹਿੱਸੇ ਤੇ ਕਈ ਕਈ ਪੁਸਤਕਾਂ ਲਿਖੀਆਂ ਗਈਆਂ ਅਤੇ ਲਿਖੀਆਂ ਜਾ ਰਹੀਆਂ ਹਨ । ਇਸ ਲਈ ਮੈਂ ਇਸਦਾ ਸੰਖੇਪ ਜਾਂ ਸੰਖਿਪਤ ਸਰਵੇਖਣ ਲਿਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਹੋਰ ਥੋੜ੍ਹਾ ਜਿਹਾ ਇਸ ਨੂੰ ਤਕਨੀਕੀ ਪੱਖ ਤੋਂ ਬਾਹਰ ਵੀ ਕਢਿਆ ਹੈ । ਮੈਂ ਆਸ ਕਰਾਂਗਾ ਕਿ ਆਪ ਜੋ ਮੈਂ ਆਪ ਜੀ ਦੀ ਸੇਵਾ ਵਿਚ ਪੇਸ਼ ਕਰਾਂਗਾ ਤੁਸੀਂ ਉਸ ਲਈ ਕੁਝ ਧਿਆਨ ਦੇ ਸਕੋਗੇ ।

**ਪ੍ਰਸ਼ਨ ਹੀ ਪ੍ਰਸ਼ਨ**

ਪੰਜਾਬੀ ਭਾਸ਼ਾ ਬਾਰੇ ਮਿਲਦੇ ਇਤਿਹਾਸਕ ਹਵਾਲਿਆਂ ਤੋਂ ਇਨ੍ਹਾਂ ਗੱਲਾਂ ਦਾ ਕੋਈ ਸਾਫ਼ ਸਾਫ਼ ਉੱਤਰ ਨਹੀਂ ਮਿਲਦਾ ਕਿ :

(1) ਪੰਜਾਬੀ ਭਾਸ਼ਾ ਦਾ ਉਪਜ-ਸੋਮਾ ਕਿਹੜੀ ਪ੍ਰਾਕ੍ਰਿਤ/ਅਪਭ੍ਰੰਸ਼ ਹੈ ?
(2) ਪੰਜਾਬੀ ਦੇ ਕਿਹੜੇ ਤੇ ਕਿਵੇਂ ਹੱਦਾਂ-ਬੰਨੇ ਰਹੇ ਹਨ ?
(3) ਪੰਜਾਬੀ ਦਾ 'ਪੰਜਾਬੀ' ਨਾਂ ਕਦੋਂ ਤੇ ਕਿਵੇਂ ਪਿਆ ਹੈ ?
(4) ਪੰਜਾਬੀ ਦੀਆਂ ਕਿਹੜੀਆਂ ਕਿਹੜੀਆਂ ਉਪ-ਭਾਸ਼ਾਵਾਂ ਹਨ ?

**ਪਹਿਲੀ ਗੱਲ**

ਜਦੋਂ ਤਕ ਪੰਜਾਬੀ ਅਤੇ ਉਸ ਦੀਆਂ ਉਪ-ਭਾਸ਼ਾਵਾਂ ਦੀ ਪਹਿਲੀ ਗੱਲ ਦਾ ਪ੍ਰਸ਼ਨ ਹੈ, ਇਸ ਪ੍ਰਕਰਣ ਵਿਚ ਅਲਬੈਰੂਨੀ, ਅਮੀਰ ਖੁਸਰੋ ਤੇ ਅਬੁੱਲ ਫ਼ਜ਼ਲ ਦੇ ਨਾਂ ਬੜੇ ਮਾਣ ਨਾਲ ਲਏ ਜਾ ਸਕਦੇ ਹਨ । ਅਲਬੈਰੂਨੀ ਨੇ ਕੋਈ 1030 ਈ. ਦੇ ਲਾਗੇ-ਚਾਗੇ ਭਾਰਤ ਦੀਆਂ ਪ੍ਰਚੱਲਿਤ (ਜਿਉਂਦੀਆਂ) ਭਾਸ਼ਾਵਾਂ ਬਾਰੇ ਸੂਚਨਾ ਦੇਣ ਦੀ ਸਭ ਤੋਂ ਪਹਿਲੀ ਗੱਲ ਤੋਰੀ ਸੀ । ਉਸ ਨੇ ਲਿਖਿਆ ਸੀ ਕਿ ਭਾਰਤ ਦੇਸ਼ ਵਿਚ ਭਾਸ਼ਾ ਦੇ ਦੋ ਵੱਡੇ ਵਰਗ ਹਨ, ਇਕ ਵਰਗ ਭੁੱਲੀਆਂ-ਵਿਸਰੀਆਂ ਲੋਕ ਬੋਲੀਆਂ ਦਾ ਹੈ ਜਿਨ੍ਹਾਂ ਨੂੰ ਆਮ ਸਾਧਾਰਨ ਲੋਕ ਵਰਤਦੇ ਹਨ ਅਤੇ ਦੂਜਾ ਵਰਗ ਕਲਾਸੀਕਲ ਭਾਸ਼ਾਵਾਂ ਦਾ ਹੈ ਜਿਹੜੀਆਂ ਉੱਨਤ ਤੇ ਪ੍ਰਫੁੱਲਿਤ ਹਨ ਅਤੇ ਜਿਨ੍ਹਾਂ ਦਾ ਪ੍ਰਚਾਰ ਉੱਚ ਵਰਗ ਦੇ ਪੜ੍ਹੇ-ਲਿਖੇ ਲੋਕਾਂ ਵਿਚ ਖੂਬ ਹੈ । ਅਲਬੈਰੂਨੀ ਨੇ ਪ੍ਰਾਂਤਕ ਭਾਸ਼ਾਵਾਂ ਦਾ ਕੋਈ ਉੱਘਾ ਜ਼ਿਕਰ ਨਹੀਂ ਕੀਤਾ ।

ਪੰਜਾਬੀ ਦੀ ਜਿਉਂਦੀ ਪ੍ਰਾਂਤਿਕ ਭਾਸ਼ਾ ਵਲ ਪਹਿਲੀ ਵਾਰ ਯਥਾਰਥ ਇਸ਼ਾਰਾ ਕਰਨ ਦਾ ਸਿਹਰਾ ਅਮੀਰ ਖੁਸਰੋ ਦੇ ਸਿਰ ਹੈ । ਭਾਰਤ ਦੇ ਜੰਮ-ਪਲ ਤੇ ਤੁਰਕ ਖ਼ਾਨਦਾਨੀ

Sri Satguru Jagjit Singh Ji Elibrary NamdhariElibrary@gmail.com

ਖੁਸਰੋ[1] ਨੇ ਚੋਧਵੀਂ ਸਦੀ ਦੇ ਸ਼ੁਰੂ ਵਿਚ (1317 ਈ.) "ਨੂਹ ਸਿਪਿਹਰ" ਵਿਚ ਭਾਰਤ ਦੀਆਂ ਪ੍ਰਾਂਤਕ ਬੋਲੀਆਂ ਬਾਰੇ ਪੂਰੀ ਜਾਣਕਾਰੀ ਦੇਣ ਦਾ ਹੀਆ ਕੀਤਾ ਹੈ ਅਤੇ ਇਹ ਸਪੱਸ਼ਟ ਕਿਹਾ ਹੈ ਕਿ ਇਸ ਵੇਲੇ (ਖੁਸਰੋ ਦੇ ਸਮੇਂ) ਭਾਰਤ ਦੇ ਹਰ ਪ੍ਰਾਂਤ ਦੀ ਆਪੋ ਆਪਣੀ ਵੱਖਰੀ ਖ਼ਾਸ ਬੋਲੀ ਹੈ। ਖੁਸਰੋ ਨੇ ਸਿੰਧੀ, ਕਸ਼ਮੀਰੀ, ਧੁਰ-ਸਮੁੰਦਰੀ, ਤਿਲੰਗੀ ਆਦਿ ਗਿਆਰਾਂ ਉੱਘੀਆਂ ਪ੍ਰਾਂਤਕ ਬੋਲੀਆਂ ਵਿਚ ਪੰਜਾਬ ਦੀ ਜਿਉਂਦੀ ਜਾਗਦੀ ਲੋਕ-ਭਾਸ਼ਾ ਦਾ ਵੀ ਜ਼ਿਕਰ ਕੀਤਾ ਹੈ ਜਿਸਨੂੰ ਉਹ 'ਲਾਹੌਰੀ' ਲਿਖਦਾ ਹੈ। ਥੋੜ੍ਹੇ ਚਿਰ ਮਗਰੋਂ 'ਆਇਨੇ-ਅਕਬਰੀ' ਦੇ ਰਚੇਤਾ ਅਬੁੱਲ-ਫ਼ਜ਼ਲ ਨੇ ਵੀ ਆਪਣੇ ਸਮੇਂ ਭਾਰਤ ਦੀਆਂ ਲੋਕ-ਪ੍ਰਵਾਣਤ ਪ੍ਰਾਂਤਕ ਭਾਸ਼ਾਵਾਂ ਦਾ ਉਲੇਖ ਕੀਤਾ ਹੈ ਅਤੇ ਇਨ੍ਹਾਂ ਵਿਚ 'ਮੁਲਤਾਨੀ' ਦੇ ਨਾਂ ਹੇਠ ਪੰਜਾਬੀ ਭਾਸ਼ਾ ਦੀ ਉੱਘੀ ਹਸਤੀ ਦਾ ਇਤਿਹਾਸਕ ਲਿਖਤੀ ਸਬੂਤ ਪੇਸ਼ ਕੀਤਾ ਹੈ। ਉਪਰੋਕਤ ਹਵਾਲਿਆਂ ਤੋਂ ਜ਼ਾਹਰ ਹੁੰਦਾ ਹੈ ਕਿ ਜਿਥੇ ਅਮੀਰ ਖੁਸਰੋ "ਪੰਜਾਬੀ" ਨੂੰ 'ਲਾਹੌਰੀ' ਕਹਿਣਾ ਲੋੜਦਾ ਹੈ ਉਥੇ ਅਬੁੱਲ-ਫ਼ਜ਼ਲ ਇਸਨੂੰ 'ਮੁਲਤਾਨੀ' ਕਹਿੰਦਾ ਹੈ ਭਾਵ ਇਨ੍ਹਾਂ ਦੋਹਾਂ ਦੀ ਮਨਸ਼ਾ ਨਿਰਸੰਦੇਹ ਵਿਸ਼ਾਲ ਪੰਜਾਬ ਦੀ ਸਮੁੱਚੀ ਭਾਸ਼ਾ ਤਾਈਂ ਹੈ।

**ਯਥਾਰਥ ਜਾਣਕਾਰੀ**

ਪਰ ਪੰਜਾਬੀ ਤੇ ਉਸਦੀਆਂ ਉਪ-ਭਾਸ਼ਾਵਾਂ ਬਾਰੇ ਯਥਾਰਥ ਜਾਣਕਾਰੀ ਯੂਰਪੀ ਸਕਾਲਰਾਂ ਦੀਆਂ ਖੋਜ-ਲਿਖਤਾਂ ਨਾਲ ਹੀ ਸ਼ੁਰੂ ਹੁੰਦੀ ਹੈ। ਇਨ੍ਹਾਂ ਯੂਰਪੀ ਵਿਦਵਾਨਾਂ ਵਿਚੋਂ ਵਿਲੀਅਮ ਜੋਨਸ (William Jones) ਪਹਿਲਾ ਭਾਸ਼ਾ-ਨਿਰੀਖਕ ਹੈ ਜਿਸਨੇ 1786 ਈ. ਨੇੜੇ-ਤੇੜੇ ਭਾਰਤੀ ਭਾਸ਼ਾਵਾਂ ਦੀ ਤਸਦੀਕ ਸ਼ੁਦਾ ਵਾਕਫ਼ੀ ਹਾਸਲ ਕੀਤੀ ਅਤੇ ਭਾਰਤ ਦੀ ਕਲਾਸੀਕਲ ਭਾਸ਼ਾ 'ਸੰਸਕ੍ਰਿਤ' ਦੀ ਵਿਗਿਆਨਕ ਜਾਣ-ਪਛਾਣ ਕਰਾ ਕੇ ਸਾਰੇ ਯੂਰਪ ਨੂੰ ਚਕ੍ਰਿਤ ਕਰ ਦਿੱਤਾ। ਜੋਨਜ਼ ਦਾ ਅਨੁਯਾਈ ਵਿਲੀਅਮ ਕੈਰੇ (William Carey) ਭਾਰਤੀ ਭਾਸ਼ਾਵਾਂ ਦਾ ਪਹਿਲਾ ਸਰਵੇਖਣ-ਕਾਰ ਹੈ ਜਿਸ ਨੇ 1816 ਈ. ਦੇ ਭਾਰਤ ਦੀਆਂ ਭਾਸ਼ਾਵਾਂ ਵਿਚ ਸੱਤ ਨੂੰ ਪ੍ਰਧਾਨ ਭਾਸ਼ਾਵਾਂ ਮੰਨਿਆ ਹੈ ਅਤੇ ਬਾਕੀ ਕਈਆਂ ਬੋਲੀਆਂ ਨੂੰ ਉਪ-ਭਾਸ਼ਾਵਾਂ ਦੀ ਸ਼੍ਰੇਣੀ ਵਿਚ ਗਿਣ ਛੱਡਿਆ ਹੈ। ਪ੍ਰਧਾਨ ਭਾਸ਼ਾਵਾਂ ਵਿਚ ਉਸ ਨੇ ਪੰਜਾਬੀ ਨੂੰ 'ਸਿੱਖਾਂ ਦੀ ਭਾਸ਼ਾ' ਕਹਿ ਕੇ ਪੰਜਾਬੀ ਨਾਂ ਹੇਠ ਸ਼ਾਮਲ ਕੀਤਾ ਹੈ ਅਤੇ 'ਮੁਲਤਾਨੀ' ਉਚ (Wuch) ਅਤੇ ਡੋਗਰਾ (ਡੋਗਰੀ) ਨੂੰ ਉਪ-ਭਾਸ਼ਾਵਾਂ ਦੀ ਲੜੀ ਵਿਚ ਰਖਿਆ ਹੈ।[2]

1812 ਵਿਚ ਵਿਲੀਅਮ ਕੇਰੇ ਨੇ ਪੰਜਾਬੀ ਦਾ ਵਿਆਕਰਣ ਵੀ ਲਿਖਿਆ ਸੀ ਅਤੇ ਇਸਦੀ ਰੀਸੋਂ-ਰੀਸ ਰਾਬਰਟ ਲੀਚ (M. Robert Leech) ਨੇ 1838 ਤੋਂ 1843 ਈ. ਤਕ ਦੇ ਦਰਮਿਆਨੀ ਸਮੇਂ ਵਿਚ ਪੰਜਾਬੀ ਦਾ ਵਿਆਕਰਣ ਰਚਿਆ ਸੀ।

ਕੈਰੇ ਤੋਂ ਕੋਈ ਅੱਧੀ ਸਦੀ ਬਾਅਦ ਸਰ ਪੇਰੀ (Sir Erskine Perry) ਨੇ 1853 ਵਿਚ "ਭਾਰਤੀ ਭਾਸ਼ਾਵਾਂ ਦੀ ਭੂਗੋਲਿਕ ਵੰਡ" ਸਿਰਲੇਖ ਅਧੀਨ ਖੋਜ-ਪੱਤਰ ਪੇਸ਼ ਕੀਤਾ ਸੀ। ਜਿਸ ਵਿਚ ਉਸਨੇ ਉੱਤਰੀ ਭਾਰਤ ਦੀਆਂ ਸੱਤ-ਭਾਸ਼ਾਵਾਂ ਹੀ ਪ੍ਰਮੁਖ ਭਾਸ਼ਾਵਾਂ ਮੰਨੀਆਂ ਹਨ ਅਤੇ ਦਸ ਉਪ-ਭਾਸ਼ਾਵਾਂ (dialects) ਗਿਣੀਆਂ ਹਨ। ਉਪ-ਭਾਸ਼ਾਵਾਂ ਦੀ ਸ਼੍ਰੇਣੀ ਵਿਚ ਪੇਰੀ ਨੇ ਪੰਜਾਬੀ ਅਤੇ ਮੁਲਤਾਨੀ ਨੂੰ ਵੀ ਰਖਿਆ।[3]

**ਰਾਵਾਂ ਵੰਨ-ਸੁਵੰਨੀਆਂ**

ਜਾਹਨ ਬੀਮਜ਼ (John Beams) ਨੇ ਪੰਜਾਬੀ ਦੀਆਂ ਜਨ-ਭਾਸ਼ਾਵਾਂ ਨੂੰ ਨੋਟ ਤਾਂ

Sri Satguru Jagjit Singh Ji Elibrary NamdhariElibrary@gmail.com

ਕੀਤਾ ਹੈ ਪਰ ਏਨਾ ਕਹਿ ਕੇ ਬਸ ਕਰ ਦਿੱਤੀ ਕਿ ਪੰਜਾਬੀ ਦੀਆਂ ਉਪ-ਬੋਲੀਆਂ ਬਹੁਤ ਹਨ ਅਤੇ ਉਨ੍ਹਾਂ ਦੀ ਗਿਣਤੀ ਕਰਨਾ ਅਸੰਭਵ ਹੈ।[4] ਡਾ. ਹਾਰਨਲੇ (Dr. Hoernle) ਨੇ ਪੰਜਾਬੀ ਦੀਆਂ ਦੋ ਪ੍ਰਧਾਨ ਉਪ-ਭਾਸ਼ਾਵਾਂ ਦਾ ਜ਼ਿਕਰ ਕੀਤਾ ਹੈ। ਇਕ ਹੈ ਮੁਲਤਾਨੀ ਜਿਹੜੀ ਦੱਖਣੀ ਪੰਜਾਬ ਵਿਚ ਬੋਲੀ ਜਾਂਦੀ ਸੀ ਅਤੇ ਦੂਜੀ ਉੱਤਰੀ ਪੰਜਾਬ ਦੀ ਉਪ-ਭਾਸ਼ਾ[5] ਇਸ ਤੋਂ ਅਗੇ ਸਰ ਰਿਚਰਡ ਟੈਂਪਲ (Sir Ritchard C. Temple) ਨੇ ਪੰਜਾਬ ਦੀਆਂ ਚਾਰ ਉਪ-ਭਾਸ਼ਾਵਾਂ ਮੁਲਤਾਨੀ, ਮਾਂਝੀ, ਪਹਾੜੀ ਅਤੇ ਉੱਤਰੀ ਉਪ-ਭਾਸ਼ਾਵਾਂ ਸਵੀਕਾਰ ਕੀਤੀਆਂ ਹਨ।[6] ਭਾਈ ਮਈਆ ਸਿੰਘ ਦੇ 'ਪੰਜਾਬੀ ਸ਼ਬਦ ਕੋਸ਼' ਦੀ ਭੂਮਿਕਾ ਵਿਚ ਸੰਪਾਦਕ ਨੇ ਪੰਜਾਬੀ ਦੀਆਂ ਠੇਠ ਪੰਜਾਬੀ, ਮੁਲਤਾਨੀ, ਪੋਠੋਹਾਰੀ ਅਤੇ ਪਹਾੜੀ ਚਾਰ ਉਪ-ਭਾਸ਼ਾਵਾਂ ਲਿਖੀਆਂ ਹਨ।[7] ਇਸੇ ਤਰ੍ਹਾਂ ਭਾਈ ਬਿਸ਼ਨ ਦਾਸ ਪੁਰੀ ਦੇ ਅਨੁਸਾਰ ਪੰਜਾਬੀ ਨੂੰ ਠੇਠ ਪੰਜਾਬੀ, ਪੋਠੋਹਾਰੀ, ਲਹਿੰਦੀ ਅਤੇ ਪਹਾੜੀ ਇਨ੍ਹਾਂ ਚਾਰ ਉਪ-ਭਾਸ਼ਾਵਾਂ ਵਿਚ ਵੰਡਿਆ ਜਾਂਦਾ ਹੈ।[8]

**ਉਪ-ਭਾਸ਼ਾਈ ਚੇਤੰਨਤਾ**

ਚੜ੍ਹਦੀ ਵੀਹਵੀਂ ਸਦੀ ਨਾਲ ਹੀ, ਸਹੀ ਮਾਇਨਿਆਂ ਵਿਚ, ਉਪ-ਭਾਸ਼ਾਈ ਚੇਤੰਨਤਾ ਦਾ ਦੌਰ ਸ਼ੁਰੂ ਹੁੰਦਾ ਹੈ। ਡਾ. ਜਾਰਜ ਅਬਰਾਹੀਮ ਗ੍ਰੀਅਰਸਨ ਪਹਿਲਾ ਯੂਰਪੀ ਭਾਸ਼ਾ ਵਿਗਿਆਨੀ ਹੈ ਜਿਸ ਨੇ ਇਹ ਬਹੁਤ ਵੱਡੇ ਪੈਮਾਨੇ ਉਤੇ ਭਾਰਤੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦੀ ਆਪਣੇ ਢੰਗ ਨਾਲ ਵੰਡ ਕਰਨ ਦਾ ਧੜੱਲੇਦਾਰ ਉਪਰਾਲਾ ਕੀਤਾ ਹੈ। ਅਸੀਂ ਗ੍ਰੀਅਰਸਨ ਦੇ ਕਈ ਨਤੀਜਿਆਂ ਅਤੇ ਫੈਸਲਿਆਂ ਨਾਲ ਭਾਵੇਂ ਪੂਰੀ ਤਰ੍ਹਾਂ ਸਹਿਮਤ ਹੋਈਏ ਜਾਂ ਨਾ ਹੋਈਏ ਪਰ ਉਸ ਵਿਦਵਾਨ ਦੀ ਦਿਆਨਤਦਾਰੀ ਅਤੇ ਕਾਬਲੀਅਤ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਉਸ ਕੱਲੇ ਮੁਕੱਲੇ ਨੇ ਪੂਰੇ ਭਾਰਤੀ ਉਪ-ਦੀਪ (ਸਣੇ ਪਾਕਿਸਤਾਨ) ਦੀਆਂ ਕੋਈ 179 ਭਾਸ਼ਾਵਾਂ ਅਤੇ 544 ਉਪ-ਭਾਸ਼ਾਵਾਂ[9] ਦਾ ਸਰਵੇਖਣ ਕੀਤਾ ਅਤੇ ਉਨ੍ਹਾਂ ਵਿਚ ਪੰਜਾਬੀ/ਲਹਿੰਦੀ ਦੀਆਂ ਉਪ-ਬੋਲੀਆਂ ਦੀ ਪਹਿਲੀ ਵਾਰ ਵੱਧ ਤੋਂ ਵੱਧ ਵਿਗਿਆਨਕ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਬੀੜਾ ਉਠਾਇਆ। ਅਸਲ ਵਿਚ ਡਾ. ਗ੍ਰੀਅਰਸਨ ਦਾ 'ਭਾਰਤੀ ਭਾਸ਼ਾ ਸਰਵੇਖਣ' (Linguistic Survey of India) ਹੀ ਸਾਡੀ ਉਪ-ਭਾਸ਼ਾਈ ਚੇਤੰਨਤਾ ਦਾ ਪਹਿਲਾ ਪ੍ਰੇਰਕ ਸੋਮਾ ਹੈ ਅਤੇ ਭਾਸ਼ਾ ਸਾਮੱਗਰੀ ਦਾ ਅਮਰ ਭੰਡਾਰ ਹੈ।

**ਪੰਜਾਬੀ-ਲਹਿੰਦੀ ਵਿਤਕਰਾ**

ਪੰਜਾਬ ਸਦੀਆਂ ਤੋਂ ਜੁਗ ਗਰਦੀਆਂ ਦਾ ਅਖਾੜਾ ਰਿਹਾ ਹੈ। ਇਸ ਦੀਆਂ ਹੱਦਾਂ ਕਦੇ ਸੁੰਗੜਦੀਆਂ ਤੇ ਕਦੇ ਮੋਕਲੀਆਂ ਹੁੰਦੀਆਂ ਰਹੀਆਂ। ਇਸ ਦੇ ਬੰਨੇ ਕਦੇ ਸੱਜੇ ਕਦੇ ਖੱਬੇ ਵਧਦੇ ਰਹੇ। ਜਰਵਾਣੇ ਇਸ ਦੇ ਸਭਿਆਚਾਰ ਨੂੰ ਝਰੀਟਦੇ ਰਹੇ ਅਤੇ ਬੇਗਾਨੇ ਇਸ ਦੀ ਬੋਲੀ ਦੇ ਪਿੰਡੇ ਉਤੇ ਨਹੁੰਦਰਾਂ ਚੁਭੋਂਦੇ ਰਹੇ। ਇਸ ਸਭ ਕਾਸੇ ਦਾ ਨਤੀਜਾ ਇਹੋ ਨਿਕਲਿਆ ਕਿ ਪੰਜਾਬੀ ਦਾ ਨਾ ਤਾਂ ਭੂਗੋਲਿਕ ਖੇਤਰ ਹੀ ਸੁਨਿਸ਼ਚਿਤ ਹੋ ਸਕਿਆ ਅਤੇ ਨਾ ਹੀ ਇਸ ਦੀਆਂ ਉਪ-ਭਾਸ਼ਾਵਾਂ ਅਤੇ ਲੋਕ ਬੋਲੀਆਂ ਦਾ ਕੋਈ ਨਿਰਣਾ ਹੋ ਸਕਿਆ। ਜਿਵੇਂ ਕਿ ਅਸੀਂ ਪਿਛੇ ਵੇਖਿਆ ਹੈ ਅਮੀਰ ਖੁਸਰੋ ਲਈ ਲਾਹੌਰੀ ਹੀ ਪੰਜਾਬ ਦੀ ਕੇਂਦਰੀ ਤੇ ਪ੍ਰਤਿਨਿਧ ਪੰਜਾਬੀ ਹੈ ਜਿਥੇ ਕਿ ਅਬੁਲ ਫ਼ਜ਼ਲ ਦੀ ਨਿਗਾਹ ਵਿਚ ਮੁਲਤਾਨੀ ਹੀ ਸਾਰੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਛੋਹਿਆ ਹੈ ਪਰ ਏਨਾ ਕਹਿ ਕੇ ਬਸ ਕਰ ਦਿੱਤੀ ਕਿ ਪੰਜਾਬੀ ਦੀਆਂ ਉਪ-ਬੋਲੀਆਂ ਬਹੁਤ ਹਨ ਅਤੇ ਉਨ੍ਹਾਂ ਦੀ ਗਿਣਤੀ ਕਰਨਾ ਅਸੰਭਵ ਹੈ।[4] ਡਾ. ਹਾਰਨਲੇ (Dr. Hoernle) ਨੇ ਪੰਜਾਬੀ ਦੀਆਂ ਦੋ ਪ੍ਰਧਾਨ ਉਪ-ਭਾਸ਼ਾਵਾਂ ਦਾ ਜ਼ਿਕਰ ਕੀਤਾ ਹੈ। ਇਕ ਹੈ ਮੁਲਤਾਨੀ ਜਿਹੜੀ ਦੱਖਣੀ ਪੰਜਾਬ ਵਿਚ ਬੋਲੀ ਜਾਂਦੀ ਸੀ ਅਤੇ ਦੂਜੀ ਉੱਤਰੀ ਪੰਜਾਬ ਦੀ ਉਪ-ਭਾਸ਼ਾ। ਇਸ ਤੋਂ ਅਗੇ ਸਰ ਰਿਚਰਡ ਟੈਂਪਲ (Sir Ritchard C. Temple) ਨੇ ਪੰਜਾਬ ਦੀਆਂ ਚਾਰ ਉਪ-ਭਾਸ਼ਾਵਾਂ ਮੁਲਤਾਨੀ, ਮਾਂਝੀ, ਪਹਾੜੀ ਅਤੇ ਉੱਤਰੀ ਉਪ-ਭਾਸ਼ਾਵਾਂ ਸਵੀਕਾਰ ਕੀਤੀਆਂ ਹਨ।[6] ਭਾਈ ਮਈਆ ਸਿੰਘ ਦੇ 'ਪੰਜਾਬੀ ਸ਼ਬਦ ਕੋਸ਼' ਦੀ ਭੂਮਿਕਾ ਵਿਚ ਸੰਪਾਦਕ ਨੇ ਪੰਜਾਬੀ ਦੀਆਂ ਠੇਠ ਪੰਜਾਬੀ, ਮੁਲਤਾਨੀ, ਪੱਠੋਹਾਰੀ ਅਤੇ ਪਹਾੜੀ ਚਾਰ ਉਪ-ਭਾਸ਼ਾਵਾਂ ਲਿਖੀਆਂ ਹਨ।[7] ਇਸੇ ਤਰ੍ਹਾਂ ਭਾਈ ਬਿਸ਼ਨ ਦਾਸ ਪੁਰੀ ਦੇ ਅਨੁਸਾਰ ਪੰਜਾਬੀ ਨੂੰ ਠੇਠ ਪੰਜਾਬੀ, ਪੋਠੋਹਾਰੀ, ਲਹਿੰਦੀ ਅਤੇ ਪਹਾੜੀ ਇਨ੍ਹਾਂ ਚਾਰ ਉਪ-ਭਾਸ਼ਾਵਾਂ ਵਿਚ ਵੰਡਿਆ ਜਾਂਦਾ ਹੈ।[8]

**ਉਪ-ਭਾਸ਼ਾਈ ਚੇਤੰਨਤਾ**

ਵੀਹਵੀਂ ਸਦੀ ਨਾਲ ਹੀ, ਸਹੀ ਮਾਇਨਿਆਂ ਵਿਚ, ਉਪ-ਭਾਸ਼ਾਈ ਚੇਤੰਨਤਾ ਦਾ ਦੌਰ ਸ਼ੁਰੂ ਹੁੰਦਾ ਹੈ। ਡਾ. ਜਾਰਜ ਅਬਰਾਹੀਮ ਗ੍ਰੀਅਰਸਨ ਪਹਿਲਾ ਯੂਰਪੀ ਭਾਸ਼ਾ ਵਿਗਿਆਨੀ ਹੈ ਜਿਸ ਨੇ ਇਹ ਬਹੁਤ ਵੱਡੇ ਪੈਮਾਨੇ ਉਤੇ ਭਾਰਤੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦੀ ਆਪਣੇ ਢੰਗ ਨਾਲ ਵੰਡ ਕਰਨ ਦਾ ਪੜਤੋਲੇਦਾਰ ਉਪਰਾਲਾ ਕੀਤਾ ਹੈ। ਅਸੀਂ ਗ੍ਰੀਅਰਸਨ ਦੇ ਕਢੇ ਨਤੀਜਿਆਂ ਅਤੇ ਫੈਸਲਿਆਂ ਨਾਲ ਭਾਵੇਂ ਪੂਰੀ ਤਰ੍ਹਾਂ ਸਹਿਮਤ ਹੋਈਏ ਜਾਂ ਨਾ ਹੋਈਏ ਪਰ ਉਸ ਵਿਦਵਾਨ ਦੀ ਦਿਆਨਤਦਾਰੀ ਅਤੇ ਕਾਬਲੀਅਤ ਤੋਂ ਮੁਨਕਰ ਨਹੀਂ ਹੋ ਸਕਦੇ। ਉਸ ਕੱਲ ਮੁਕੱਲੇ ਨੇ ਪੂਰੇ ਭਾਰਤੀ ਉਪ-ਦੀਪ (ਸਣੇ ਪਾਕਿਸਤਾਨ) ਦੀਆਂ ਕੋਈ 179 ਭਾਸ਼ਾਵਾਂ ਅਤੇ 544 ਉਪ-ਭਾਸ਼ਾਵਾਂ[9] ਦਾ ਸਰਵੇਖਣ ਕੀਤਾ ਅਤੇ ਇਨ੍ਹਾਂ ਵਿਚ ਪੰਜਾਬੀ/ਲਹਿੰਦੀ ਦੀਆਂ ਉਪ-ਬੋਲੀਆਂ ਦੀ ਪਹਿਲੀ ਵਾਰ ਵੱਡੇ ਤੇ ਵੱਡੇ ਵਿਗਿਆਨਕ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਬੀੜਾ ਉਠਾਇਆ। ਅਸਲ ਵਿਚ ਡਾ. ਗ੍ਰੀਅਰਸਨ ਦਾ 'ਭਾਰਤੀ ਭਾਸ਼ਾ ਸਰਵੇਖਣ' (Linguistic Survey of India) ਹੀ ਸਾਡੀ ਉਪ-ਭਾਸ਼ਾਈ ਚੇਤੰਨਤਾ ਦਾ ਪਹਿਲਾ ਪ੍ਰੇਰਕ ਸੋਮਾ ਹੈ ਅਤੇ ਭਾਸ਼ਾ ਸਮੱਗਰੀ ਦਾ ਅਮੁੱਕ ਭੰਡਾਰ ਹੈ।

**ਪੰਜਾਬੀ-ਉਪਭਾਸ਼ਾਈ ਵਿਵਸਥਾ**

ਪੰਜਾਬ ਸਦੀਆਂ ਤੋਂ ਜੰਗ ਗਰਦੀਆਂ ਦਾ ਅਖਾੜਾ ਰਿਹਾ ਹੈ। ਇਸ ਦੀਆਂ ਹੱਦਾਂ [illegible] ਤਬਦੀਲੀਆਂ ਹੁੰਦੀਆਂ ਰਹੀਆਂ। ਇਸ ਦੇ ਬੰਨੇ ਕਦੇ ਸੁੰਗੜੇ ਕਦੇ [illegible] ਇਸ ਦੇ ਸਭਿਆਚਾਰ ਨੂੰ ਝਰੀਟਦੇ ਰਹੇ ਅਤੇ ਬੇਗਾਨੇ ਇਸ [illegible] ਬੋਲਦੇ ਰਹੇ। ਇਸ ਸਭ ਕਾਸੇ ਦਾ ਨਤੀਜਾ ਇਹ [illegible] ਤਾਂ ਭੂਗੋਲਿਕ ਖੇਤਰ ਹੀ ਸੁਨਿਸ਼ਚਿਤ ਹੋ ਸਕਿਆ ਅਤੇ [illegible] ਉਪ-ਭਾਸ਼ਾਵਾਂ ਅਤੇ ਲੋਕ ਬੋਲੀਆਂ ਦਾ ਕੋਈ ਨਿਰਣਾ ਹੋ ਸਕਿਆ। [illegible] ਖੁਸਰੋ ਲਈ ਲਾਹੌਰੀ ਹੀ ਪੰਜਾਬ ਦੀ ਕੇਂਦਰੀ [illegible] ਫਜ਼ਲ ਦੀ ਨਿਗਾਹ ਵਿਚ ਮੁਲਤਾਨੀ ਹੀ ਸਾਰੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਹੈ। ਉਧਰ ਯੂਰਪੀ ਵਿਦਵਾਨ ਵੀ ਪੰਜਾਬੀ ਬਾਰੇ ਭੁਲੇਖਾ ਉਪਜਾਊ ਸੂਚਨਾਵਾਂ ਦਿੰਦੇ ਰਹੇ ਅਤੇ ਅਖੀਰ ਵਿਚ ਡਾ. ਗ੍ਰੀਅਰਸਨ ਨੇ ਪੰਜਾਬੀ ਨੂੰ ਦੋ ਬਰਾਬਰ ਹਿੱਸਿਆਂ ਵਿਚ ਵੰਡ ਕੇ ਪੰਜਾਬੀ ਤੇ ਲਹਿੰਦੀ ਦਾ ਭਾਰੀ ਵਿਤਕਰਾ ਪੈਦਾ ਕਰ ਦਿੱਤਾ।

ਡਾ. ਗ੍ਰੀਅਰਸਨ ਨੇ ਲਹਿੰਦੀ-ਪੰਜਾਬੀ ਵਿਤਕਰੇ ਦਾ ਆਧਾਰ ਡਾ. ਹਾਰਨਲੇ ਦੁਆਰਾ 1880 ਈ. ਵਿਚ ਪੇਸ਼ ਕੀਤਾ ਇਹ ਸਿਧਾਂਤ (ਕਿਆਸ) ਮੰਨ ਲਿਆ ਕਿ ਆਰੀਆ ਲੋਕ ਦੋ ਸ਼ਾਖਾਂ ਵਿਚ ਭਾਰਤ ਦੇਸ਼ ਵਿਚ ਆਏ ਸਨ। ਇਕ ਸ਼ਾਖਾ ਦੇ ਆਰੀਏ ਪੰਜਾਬ ਵਿਚ ਵਸ ਗਏ ਅਤੇ ਦੂਜੇ ਲੋਕ ਕਾਬੁਲ ਨਦੀ (ਕੁਭਾ) ਦੇ ਕੰਢੇ ਕੰਢੇ ਗਿਲਗਿਤ ਤੇ ਚਿਤ੍ਰਾਲ ਹੁੰਦੇ ਹੋਏ ਮੱਧ ਦੇਸ਼ ਵਿਚ ਆ ਵੜੇ। ਇਕ ਸ਼ਾਖ ਅੰਦਰੋਂ ਅੰਦਰ ਫੈਲਦੀ ਰਹੀ ਅਤੇ ਦੂਜੀ ਉਨ੍ਹਾਂ ਦੇ ਆਲੇ-ਦੁਆਲੇ ਖਿੱਲਰ ਗਈ। ਗ੍ਰੀਅਰਸਨ ਨੇ ਇਸ 'ਕਿਆਸ' ਦੀ ਵਿਆਖਿਆ ਕਰਕੇ ਕਿਹਾ ਕਿ ਅੰਦਰਲੀ ਸ਼ਾਖਾ ਦੀਆਂ ਵਰਤਮਾਨ ਭਾਸ਼ਾਵਾਂ ਪੰਜਾਬੀ, ਪੱਛਮੀ ਹਿੰਦੀ, ਰਾਜਸਥਾਨੀ ਗੁਜਰਾਤੀ ਤੇ ਪਹਾੜੀ ਹਨ ਅਤੇ ਬਾਹਰਲੀ ਸ਼ਾਖਾ ਵਿਚ ਲਹਿੰਦੀ, ਸਿੰਧੀ, ਮਰਾਠੀ, ਉੜੀਆ, ਬਿਹਾਰੀ, ਬੰਗਾਲੀ ਤੇ ਆਸਾਮੀ ਸਨ। ਇਨ੍ਹਾਂ ਦੋਹਾਂ ਦੇ ਵਿਚਕਾਰ ਇਕ ਤੀਜੀ ਸ਼ਾਖ ਹੋ ਗਈ ਪੂਰਬੀ ਹਿੰਦੀ। ਇਸ ਥਿਊਰੀ ਨੇ ਪੰਜਾਬੀ ਦੇ ਦੋ ਟੁਕੜੇ ਕਰ ਦਿੱਤੇ। ਲਹਿੰਦੀ ਦਾ ਸੰਬੰਧ ਬਾਹਰਲੀ ਸ਼ਾਖ ਨਾਲ ਬਣਾ ਦਿੱਤਾ ਅਤੇ ਪੰਜਾਬੀ ਦਾ ਅੰਦਰਲੀ ਸ਼ਾਖ ਨਾਲ। ਮਜ਼ਾਕ ਇਹ ਬਣ ਗਿਆ ਲਹਿੰਦੀ ਪੰਜਾਬੀ ਤੋਂ ਤਾਂ ਗ਼ੈਰ ਹੋ ਗਈ ਤੇ ਬੰਗਾਲੀ ਤੇ ਉੜੀਆ ਦੀ ਭੈਣ ਬਣ ਗਈ। ਏਧਰ ਪੰਜਾਬੀ ਨੇ ਗੁਜਰਾਤੀ ਤੇ ਹਿੰਦੀ ਨੂੰ ਗਲਵਕੜੀ ਪਾਈ। ਪੰਜਾਬੀ ਤੇ ਲਹਿੰਦੀ ਵਿਚ ਵਿਤਕਰੇ ਦਾ ਮੁੱਢ ਸੀ ਇਹੋ ਸਿੱਧਾਂਤ।

ਪਰ ਇਸ ਵਿਤਕਰੇ ਦਾ ਭਾਰਤੀ ਤੇ ਪੰਜਾਬੀ ਵਿਦਵਾਨ ਸ਼ੁਰੂ ਤੋਂ ਹੀ ਖੰਡਨ ਕਰਦੇ ਆ ਰਹੇ ਹਨ ਅਤੇ ਹੁਣ ਵੀ ਦੋਹਾਂ ਪੰਜਾਬਾਂ ਦੇ ਪੰਜਾਬੀ ਸਾਹਿਤਕਾਰ ਮਹਿਮੂਦ ਸ਼ੀਰਾਨੀ, ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ, ਡਾ. ਹਰਦੇਵ ਬਾਹਰੀ ਪੂਰਬੀ ਪੰਜਾਬੀ ਤੇ ਪੱਛਮੀ ਪੰਜਾਬੀ (ਲਹਿੰਦੀ) ਨੂੰ ਇਕੋ ਹੀ ਵਿਸ਼ਾਲ ਭਾਸ਼ਾ ਮੰਨਦੇ ਹਨ।[10] ਇਹ ਇਕ ਗੰਭੀਰ ਮਸਲਾ ਹੈ ਅਤੇ ਇਸਦਾ ਖੋਲ੍ਹ ਕੇ ਬਿਆਨ ਕਰਨ ਲਈ ਕਾਫ਼ੀ ਹੋਰ ਸਫ਼ਿਆਂ ਦੀ ਲੋੜ ਹੈ। ਅਸੀਂ ਏਥੇ ਇਹ ਗੱਲ ਪੂਰੇ ਜ਼ੋਰ ਨਾਲ ਕਹਿ ਕੇ ਵਿਸ਼ੇ ਨੂੰ ਅਗਾਂਹ ਤੋਰਦੇ ਹਾਂ ਕਿ ਗ੍ਰੀਅਰਸਨ ਦਾ ਪੰਜਾਬੀ ਤੇ ਲਹਿੰਦੀ ਵਾਲਾ ਘੋਰ ਵਿਤਕਰ ਭਰਿਆ ਸਿੱਧਾਂਤ ਕਿਸੇ ਵੀ ਨਜ਼ਰੀਏ ਤੋਂ ਨਾ ਤਾਂ ਵਜ਼ਨੀ ਹੈ, ਨਿਆਂਸ਼ੀਲ ਹੈ ਅਤੇ ਨਾ ਹੀ ਪੰਜਾਬੀਆਂ ਨੂੰ ਕਿਸੇ ਵੀ ਕੀਮਤ ਤੇ ਪ੍ਰਵਾਨ ਹੈ। 1954 ਵਿਚ ਮੈਂ ਸਮੂਹ ਪੰਜਾਬੀਆਂ ਵਲੋਂ ਇਸ ਵਿਤਕਰੇ ਦੇ ਵਿਰੁਧ ਆਪਣੀ ਪੁਸਤਕ 'ਪੰਜਾਬੀ ਬੋਲੀ ਦਾ ਨਿਕਾਸ' ਦੇ ਰਾਹੀਂ ਇਸ ਦੇ ਵਿਰੁਧ ਆਵਾਜ਼ ਉਠਾਈ ਸੀ ਜਿਸਨੂੰ ਹਰ ਪਾਸੇ ਤੋਂ ਪ੍ਰੋੜ੍ਹਤਾ ਮਿਲੀ ਹੈ।

**ਗ੍ਰੀਅਰਸਨ ਅਤੇ ਲਹਿੰਦਾਵਾਦ**

ਗ੍ਰੀਅਰਸਨ ਨੇ ਸਾਂਝੇ ਪੰਜਾਬ (ਭਾਰਤੀ ਤੇ ਪਾਕਿਸਤਾਨੀ ਪੰਜਾਬ) ਦੀਆਂ ਪੰਜਾਬੀ ਤੇ ਲਹਿੰਦੀ ਦੋ ਵੱਖਰੀਆਂ ਵੱਖਰੀਆਂ ਭਾਸ਼ਾਵਾਂ ਮੰਨ ਕੇ ਇਕ ਪਾਸੇ ਪੰਜਾਬੀ ਦੀਆਂ ਅਤੇ ਦੂਜੇ ਪਾਸੇ ਲਹਿੰਦੀ ਦੀਆਂ ਵੱਖ ਵੱਖ ਉਪ-ਭਾਸ਼ਾਵਾਂ ਬਿਆਨ ਕੀਤੀਆਂ ਹਨ। ਗ੍ਰੀਅਰਸਨ ਅਨੁਸਾਰ ਉਪ-ਭਾਸ਼ਾਵਾਂ ਇਹ ਹਨ :

Sri Satguru Jagjit Singh Ji Elibrary NamdhariElibrary@gmail.com

(ੳ) ਪੰਜਾਬੀ (ਪੂਰਬੀ ਪੰਜਾਬੀ) ਦੀਆਂ ਉਪ-ਭਾਸ਼ਾਵਾਂ :
ਮਾਝੀ, ਦੁਆਬੀ, ਪੁਵਾਧੀ, ਮਲਵਈ,
ਰਾਠੀ, ਭਟਿਆਣੀ, ਡੋਗਰਾ, ਕਾਂਗੜੀ

(ਅ) ਲਹਿੰਦੀ (ਪੱਛਮੀ ਪੰਜਾਬੀ) ਦੀਆਂ ਉਪ-ਭਾਸ਼ਾਵਾਂ :
1. ਦਖਣੀ ਲਹਿੰਦੀ—ਮੁਲਤਾਨੀ, ਸਿਰਾਇਕੀ, ਥਲੀ (ਜਟਕੀ)
2. ਉੱਤਰ ਪੱਛਮੀ ਲਹਿੰਦੀ—ਧੰਨੀ, ਹਿੰਦਕੋ, ਤਿਨਾਉਲੀ
3. ਉੱਤਰ ਪੂਰਬੀ ਲਹਿੰਦੀ—ਪੋਠੋਹਾਰੀ, ਪੁੰਛੀ, ਅਵਾਣਕਾਰੀ ਘੇਬੀ, ਪਹਾੜੀ।

ਗ੍ਰੀਅਰਸਨ ਦੇ ਇਸ ਲਹਿੰਦਾਵਾਦ ਦੀ ਰੀਸ ਕਈਆਂ ਵਿਦਵਾਨਾਂ ਨੇ ਕੀਤੀ ਹੈ। ਯੂਰਪੀ ਹਲਕਿਆਂ ਵਿਚ ਅਜੇ ਲਹਿੰਦਾਵਾਦ ਦਾ ਹੀ ਪ੍ਰਚਾਰ ਹੈ। ਲਹਿੰਦਾਵਾਦ ਦੇ ਸਮਰਥਕ ਵਿਦਵਾਨਾਂ ਵਿਚ ਈ. ਓਬਰਾਇਨ, ਬਾਬੂਰਾਮ ਸਕਸੈਨਾ, ਧੀਰੇਂਦ੍ਰ ਵਰਮਾ, ਪੀ. ਡੀ. ਗੁਣੇ, ਬਨਾਰਸੀ ਦਾਸ ਜੈਨ, ਵਿਦਿਆ ਭਾਸਕਰ ਅਰੁਣ ਹਨ।

**ਲਹਿੰਦਾਵਾਦ ਦਾ ਖੰਡਨ**

ਗ੍ਰੀਅਰਸਨ ਦੀ ਇਸ ਥਿਊਰੀ ਦੀਆਂ ਸਭ ਤੋਂ ਪਹਿਲਾਂ ਡਾ. ਐਸ. ਕੇ. ਚੈਟਰਜੀ ਨੇ ਖੂਬ ਧੱਜੀਆਂ ਉਡਾਈਆਂ। ਬਾਅਦ ਵਿਚ ਡਾ. ਹਰਦੇਵ ਬਾਹਰੀ, ਜਿਹੜੇ ਕਿ ਆਪ ਲਹਿੰਦੀ ਵਾਲੇ ਇਲਾਕੇ ਦੇ ਜੰਮਪਲ ਹਨ, ਨੇ ਗ੍ਰੀਅਰਸਨ ਦੇ ਇਸ ਸਿੱਧਾਂਤ ਦਾ ਜ਼ੋਰਦਾਰ ਖੰਡਨ ਕਰਕੇ ਲਹਿੰਦੀ ਤੇ ਪੰਜਾਬੀ ਨੂੰ ਇਕੋ ਭਾਸ਼ਾ ਸਾਬਤ ਕਰਨ ਵਿਚ ਬੜੀਆਂ ਠੋਸ ਦਲੀਲਾਂ ਪੇਸ਼ ਕੀਤੀਆਂ।

ਡਾ. ਬਾਹਰੀ ਦਾ ਕਹਿਣਾ ਹੈ ਕਿ "ਲਹਿੰਦੀ ਬੋਲਣ ਵਾਲਾ ਪੰਜਾਬੀ ਬੋਲਣ ਵਾਲੇ ਨਾਲ ਗੱਲ ਕੱਥ ਕਰਕੇ ਅਨੁਭਵ ਕਰਦਾ ਹੈ ਜੋ ਸਾਡੀਆਂ ਬੋਲੀਆਂ ਦਾ ਮੁੱਖ ਭੇਦ ਲਹਿਜੇ ਮਾਤਰ ਦਾ ਹੈ।[11]" ਉਨ੍ਹਾਂ ਨੇ ਪੰਜਾਬੀ, ਪੱਛਮੀ ਹਿੰਦੀ ਤੇ ਲਹਿੰਦੀ ਦਾ ਟਾਕਰਾ ਕਰਦਿਆਂ ਅਗੇ ਜਾ ਕੇ ਲਿਖਿਆ ਹੈ ਕਿ "ਲਹਿੰਦੀ, ਪੰਜਾਬੀ ਦੇ ਵਧੀਕ ਨੇੜੇ ਹੈ। ਪੰਜਾਬੀ ਵਿਚ ਸ਼ਬਦ ਨਿਰਮਾਣ ਦਾ ਢੰਗ ਲਹਿੰਦੀ ਨਾਲ ਤਾਂ ਮਿਲਦਾ ਹੈ ਪਰ ਪੱਛਮੀ ਹਿੰਦੀ ਤੋਂ ਕਈ ਗੱਲਾਂ ਦਾ ਫਰਕ ਹੈ" ਮੱਥਾ, ਨੱਕ, ਕੰਨ, ਅੱਖ, ਦੁੱਧ, ਹੱਥ, ਸੱਪ, ਰਿਛ ਪੰਜਾਬੀ ਤੇ ਲਹਿੰਦੀ ਵਿਚ ਸਾਂਝੇ ਹਨ। ਪਰ, ਪੱਛਮੀ ਹਿੰਦੀ ਵਿਚ ਮਾਥਾ, ਨਾਕ, ਕਾਨ ਆਦਿ ਹੋ ਗਏ ਹਨ। ਲਹਿੰਦੀ ਤੇ ਪੰਜਾਬੀ ਵਿਚ ਸੰਸਕ੍ਰਿਤ ਦੇ /ਸ਼/ਅਤੇ/ਸ/ ਦੀ ਥਾਂ ਪਹਿਲੋਂ /ਹ/ ਹੋਇਆ ਤੇ ਫਿਰ ਇਕ ਲਹਿਜਾ tone ਹੋ ਗਿਆ। ਪਰ ਹਿੰਦੀ ਵਿਚ /ਸ/ ਕਾਇਮ ਹੈ। ਡਾ. ਬਾਹਰੀ ਨੇ ਇਸ ਖ਼ਿਆਲ ਦੀ ਮੁੜ ਮੁੜ ਪੁਸ਼ਟੀ ਕੀਤੀ ਹੈ ਅਤੇ ਅਖੀਰ ਵਿਚ ਨਿਰੋੜ ਕਢਕੇ ਪੇਸ਼ ਕੀਤੇ ਹਨ :

(1) ਲਹਿੰਦੀ ਪੰਜਾਬੀ ਦੀ ਇਕ ਉਪ-ਭਾਸ਼ਾ ਹੈ।
(2) ਪੂਰਬੀ ਪੰਜਾਬੀ ਤੇ ਲਹਿੰਦੀ ਦਾ ਘਣਾ ਮੇਲ ਹੈ।
(3) ਪੂਰਬੀ ਪੰਜਾਬੀ ਤੇ ਲਹਿੰਦੀ ਦਾ ਭੇਦ ਬਹੁਤ ਕੁਝ ਉਚਾਰਨ ਦਾ ਹੈ।
(4) ਲਹਿੰਦਾ ਦੀ ਥਾਂ ਬੋਲੀ ਦਾ ਨਾਂ ਲਹਿੰਦੀ ਹੀ ਹੋਵੇਗਾ।[12]

**ਉਪ-ਭਾਸ਼ਾਵਾਂ ਦੀ ਵੰਡ : ਸੁਦੇਸ਼ੀ ਦ੍ਰਿਸ਼ਟੀ**

ਭਾਰਤੀ ਤੇ ਪਾਕਿਸਤਾਨੀ ਪੰਜਾਬੀਆਂ ਨੇ ਡਾ. ਗ੍ਰੀਅਰਸਨ ਦੇ ਲਹਿੰਦੀ ਪੰਜਾਬੀ ਦੀ

Sri Satguru Jagjit Singh Ji Elibrary NamdhariElibrary@gmail.com

ਦੁਵੰਡ ਨੂੰ ਰੱਦ ਕਰਕੇ ਸਾਂਝੇ ਪੰਜਾਬ ਦੀ ਇਸ ਵਿਸ਼ਾਲ ਬੋਲੀ ਨੂੰ ਇਕੋ ਸਰਬ-ਪ੍ਰਵਾਣਤ ਨਾਂ % "ਪੰਜਾਬੀ" ਕਹਿਣ ਦਾ ਮਾਣ ਪ੍ਰਾਪਤ ਕੀਤਾ ਹੈ। ਇਸ ਦ੍ਰਿਸ਼ਟੀ ਤੋਂ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ ਨੂੰ ਵੰਡਣ ਤੇ ਨਿਰਧਾਰਤ ਕਰਨ ਦੇ ਸਮੇਂ ਸਮੇਂ ਉਪਰਾਲੇ ਕੀਤੇ ਹਨ।

ਇਤਿਹਾਸਿਕ ਤੌਰ ਤੇ ਸਭ ਤੋਂ ਪਹਿਲਾਂ ਪ੍ਰਮਾਣਿਕ ਵੰਡ ਪੇਸ਼ ਕਰਨ ਦਾ ਸਿਹਰਾ ਪੰਜਾਬ ਸਰਕਾਰ (ਉਦੋਂ ਪੈਪਸੂ ਸਰਕਾਰ) ਦੇ "ਭਾਸ਼ਾ ਵਿਭਾਗ" ਦੇ ਸਿਰ ਹੈ। ਵਿਭਾਗ ਨੇ 1955 ਦੇ "ਪੰਜਾਬੀ ਦੁਨੀਆਂ" ਦੇ ਵਿਸ਼ੇਸ਼ ਉਪ-ਭਾਸ਼ਾ ਅੰਕ[13] ਵਿਚ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ :

1. ਪੋਠੋਹਾਰੀ
2. ਝਾਂਗੀ
3. ਮੁਲਤਾਨੀ
4. ਡੋਗਰੀ
5. ਕਾਂਗੜੀ
6. ਪਹਾੜੀ
7. ਮਾਝੀ
8. ਦੁਆਬੀ
9. ਮਲਵਈ
10. ਪੁਆਧੀ
11. ਭਟਿਆਣੀ
12. ਰਾਠੀ

**ਸ੍ਰੀ ਨਰੇਂਦ੍ਰ ਧੀਰ**

ਇਸ ਤੋਂ ਉਪਰੰਤ ਸ੍ਰੀ ਨਰੇਂਦ੍ਰ ਧੀਰ ਨੇ ਹਿੰਦੀ ਦੀ ਪੁਸਤਕ "ਮੈਂ ਧਰਤੀ ਪੰਜਾਬ ਕੀ" ਵਿਚ ਪੰਜਾਬੀ ਦੀਆਂ ਉਪ-ਭਾਸ਼ਾਵਾਂ ਤੇ ਅਧੀਨ ਉਪ-ਭਾਸ਼ਾਵਾਂ (sub-dialects) ਦਾ ਬੜਾ ਵਿਸਤ੍ਰਿਤ ਤੇ ਸੂਖਮ ਵੇਰਵਾ ਅੰਕਿਤ ਕੀਤਾ ਹੈ। ਵੇਰਵਾ ਇਸ ਪ੍ਰਕਾਰ ਹੈ :

**ਅਨੁਲਹਕ ਫਰੀਦਕੋਟੀ**

ਇਸ ਨੇ ਆਪਣੀ ਉਰਦੂ ਪੁਸਤਕ 'ਉਰਦੂ ਜ਼ਬਾਨ ਕੀ ਕਦੀਮ ਤਾਰੀਖ਼' ਵਿਚ ਲਿਖਿਆ ਹੈ ਕਿ 'ਮੌਜੂਦਾ' ਪੰਜਾਬੀ ਔਰ ਇਸਕੀ ਤਮਾਮ ਇਲਾਕਾਈ ਬੋਲੀਆਂ, ਮਸਲਨ : ਮਲਵਈ, ਦਵਾਬੀ, ਮਾਝੀ, ਮੁਲਤਾਨੀ, ਸਿਰਾਇਕੀ (ਬਾਲਾਈ ਸਿੰਧ ਦੀ ਪੰਜਾਬੀ ਬੋਲੀ), ਧੰਨੀ, ਪੋਠੋਹਾਰੀ, ਪਹਾੜੀ ਔਰ ਹਿੰਦਕੋ (ਸੂਬਾ ਸਰਹਦ ਕੀ ਪੰਜਾਬੀ ਬੋਲੀ) ਵਗੈਰਾ ਇਸ ਪਿਸ਼ਾਚੀ ਕੇ ਕੁਨਬੇ ਦੀ ਹੈਸੀਅਤ ਰਖਤੀ ਹੈਂ।[14]

ਪ੍ਰੋ. ਆਤਮ ਸਿੰਘ ਨੇ ਆਪਣੇ ਅੰਗ੍ਰੇਜ਼ੀ ਦੇ ਇਕ ਲੇਖ ਵਿਚ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਵਿਗਿਆਨਕ ਵੰਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੋਫੈਸਰ ਸਾਹਿਬ ਦੇ ਅਨੁਸਾਰ ਉਪ-ਭਾਸ਼ਾਵਾਂ ਇਹ ਹਨ :

1. ਮਾਝੀ 2. ਦੁਆਬੀ 3. ਮਲਵਈ 4. ਭਟਿਆਣੀ

Sri Satguru Jagjit Singh Ji Elibrary NamdhariElibrary@gmail.com

| | | | |
|---|---|---|---|
| 5. ਰਾਠੀ | 6. ਪੋਵਾਧੀ | 7. ਮੁਲਤਾਨੀ | 8. ਸ਼ਾਹਪੁਰੀ |
| 9. ਥਲੀ (ਜਟਕੀ) | 10. ਨਿਮਕੀ ਪਹਾੜੀ ਬੋਲੀ | | 11. ਪੋਠੋਹਾਰੀ |
| 12. ਮੰਡਿਆਲੀ | 13. ਚੰਬਿਆਲੀ | 14. ਕੁਲੂਈ | 15. ਡੋਗਰੀ |
| 16. ਕਾਂਗੜੀ[15] | | | |

**ਭਾਸ਼ਾ ਵਿਗਿਆਨ ਵਿਭਾਗ :** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਗਿਆਨ ਵਿਭਾਗ ਵਲੋਂ ਡਾ. ਹਰਜੀਤ ਸਿੰਘ ਗਿੱਲ ਦੀ ਅਗਵਾਈ ਹੇਠ ਪਿਛੇ ਜਿਹੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦਾ ਜਿਹੜਾ ਵੇਰਵਾ ਅਤੇ ਉਪ-ਭਾਸ਼ਾਈ ਨਕਸ਼ਾ[16] ਤਿਆਰ ਕੀਤਾ ਗਿਆ ਹੈ ਉਹ ਹੁਣ ਤਕ ਹੋਈ ਸਾਰੀ ਘਾਲਣਾ ਦਾ ਪ੍ਰਮਾਣਿਕ ਤੇ ਵਿਗਿਆਨਿਕ ਸਿੱਟਾ ਹੈ। ਇਸ ਨਕਸ਼ੇ ਵਿਚ ਬੜੀ ਹੀ ਸੂਝ-ਬੂਝ ਨਾਲ ਸਾਂਝੇ ਪੰਜਾਬੀ (ਭਾਰਤੀ/ ਪਾਕਿਸਤਾਨੀ) ਦੀਆਂ ਜਿਥੋਂ ਉਪ-ਭਾਸ਼ਾਈ ਰੇਖਾਵਾਂ ਉਲੀਕੀਆਂ ਹਨ ਉਥੇ ਵੱਖ ਵੱਖ ਉਪ-ਭਾਸ਼ਾਵਾਂ ਦਾ ਨਾਮਕਰਣ ਵੀ ਪ੍ਰਮਾਣਾਂ ਨਾਲ ਪੁਸ਼ਟ ਅਤੇ ਇਤਿਹਾਸ ਨਾਲ ਬਲਵੰਤ ਬਣਿਆ ਹੈ। ਇਸ ਨਕਸ਼ੇ ਵਿਚ ਜਿਨ੍ਹਾਂ ਉਪ-ਭਾਸ਼ਾਵਾਂ ਦੀ ਭੂਗੋਲਿਕ ਰੇਖਾ ਵੰਡ ਕੀਤੀ ਗਈ ਹੈ ਉਹ ਨਿਮਨ ਅਨੁਸਾਰ ਹੈ :

| | | | |
|---|---|---|---|
| 1. ਭਟਿਆਣੀ | 2. ਰਾਠੀ | 3. ਮਲਵਈ | 4. ਪੁਆਧੀ |
| 5. ਪਹਾੜੀ | 6. ਦੋਆਬੀ | 7. ਕਾਂਗੜੀ | 8. ਚੰਬਿਆਲੀ |
| 9. ਡੋਗਰੀ | 10. ਵਜ਼ੀਰਾਬਾਦੀ | 11. ਬਾਰ ਦੀ ਬੋਲੀ | 12. ਜਾਂਗਲੀ |
| 13. ਜਟਕੀ | 14. ਛਿਨਾਵਰੀ | 15. ਮੁਲਤਾਨੀ | 16. ਬਹਾਵਲਪੁਰੀ |
| 17. ਬਲੋਚਰੀ | 18. ਥਲੀ | 19. ਭਿਰੋਚੀ | 20. ਕੱਛੀ |
| 21. ਅਵਾਣਕਾਰੀ | 22. ਧੰਨੀ | 23. ਘੇਬੀ | 24. ਹਿੰਦਕੋ |
| 25. ਸਵਾਇਨ | 26. ਛੱਛੀ | 27. ਪੋਠੋਹਾਰੀ | 28. ਪੁਣਛੀ |

**ਉਪ-ਭਾਸ਼ਾਵਾਂ ਦੀ ਪਰਖ**

ਉਪ-ਭਾਸ਼ਾਵਾਂ ਦੀ ਉਪਰੋਕਤ ਵੰਡ ਦੇ ਕਈ ਆਧਾਰ ਮਿਥੇ ਗਏ ਜਾਪਦੇ ਹਨ। ਜਿਨ੍ਹਾਂ ਵਿਚ ਕੌਮੀਅਤ, ਜਾਤ-ਗੋਤ, ਸ਼ਹਿਰ, ਇਲਾਕਾ ਜਾਂ ਪ੍ਰਮੁਖ ਲੱਛਣ ਸ਼ਾਮਲ ਹਨ। ਕਈਆਂ ਉਪ-ਭਾਸ਼ਾਵਾਂ ਦੇ ਨਾਮਕਰਣ ਜਾਂ ਤਾਂ ਕੌਮੀਅਤਾਂ ਦੇ ਆਧਾਰ ਉਤੇ ਪ੍ਰਚਾਰੇ ਗਏ ਹਨ ਅਤੇ ਜਾਂ ਕਈ ਨਾਂ ਖ਼ਾਸ ਖ਼ਾਸ ਨਗਰਾਂ ਨੂੰ ਸਾਹਮਣੇ ਰਖਕੇ ਰਖੇ ਗਏ ਹਨ।

ਗ੍ਰੀਅਰਸਨ ਨੇ ਭਟਿਆਣੀ ਰਾਠੀ ਨਾਂ ਮੁਸਲਮਾਨੀ ਕੌਮਾਂ ਭੱਟੀਆਂ ਤੇ ਰਾਠਾਂ ਦੇ ਮਗਰ ਲਗ ਕੇ ਰਖੇ ਹਨ। ਜਟਕੀ, ਅਵਾਣਕਾਰੀ ਨਾਂ ਵੀ ਜਾਤੀਗਤ ਹੀ ਹਨ। ਵਜ਼ੀਰਾਬਾਦੀ, ਬਹਾਵਲਪੁਰੀ, ਘੇਬੀ, ਮੁਲਤਾਨੀ ਆਦਿ ਨਾਂ ਖ਼ਾਸ ਖ਼ਾਸ ਸ਼ਹਿਰਾਂ ਦੇ ਆਧਾਰ ਤੇ ਪ੍ਰਚਾਰੇ ਗਏ ਹਨ।

ਦਰਅਸਲ ਪੰਜਾਬੀ ਉਪ-ਭਾਸ਼ਾਵਾਂ ਦੀ ਜਾਤੀਗਤ ਅਤੇ ਨਗਰਗਤ ਵੰਡ ਕੋਈ ਬਹੁਤੀ ਵਿਗਿਆਨਿਕ ਨਹੀਂ ਕਹੀ ਜਾ ਸਕਦੀ, ਭਾਵੇਂ ਅਜੋਕੇ ਯੁਗ ਵਿਚ 'ਕਲਾਸ ਡਾਇਲੈਕਟ' ਪ੍ਰੋਫੈਸ਼ਨਲ ਡਾਇਲੈਕਟ' ਦੀ ਚਰਚਾ ਵੀ ਅੱਵਸ਼ ਕੀਤੀ ਜਾਂਦੀ ਹੈ ਪਰ ਇਹ ਜ਼ਰੂਰੀ ਨਹੀਂ ਕਿ ਭੂਗੋਲਿਕ ਤੌਰ ਤੇ ਜੁੜਵੇਂ ਇਕੋ ਇਲਾਕੇ ਵਿਚ ਇਕੱਠੀਆਂ ਵਸਦੀਆਂ ਦੋ ਪੰਜਾਬੀ ਕੌਮਾਂ ਅੱਡ ਅੱਡ ਦੋ ਉਪ-ਬੋਲੀਆਂ ਬੋਲਦੀਆਂ ਹੋਣ। ਹਕੀਕਤ ਇਹ ਹੈ ਕਿ

Sri Satguru Jagjit Singh Ji Elibrary NamdhariElibrary@gmail.com

ਭੂਗੋਲਿਕ ਖੇਤਰ ਵਿਚ ਇਕੱਠੀਆਂ ਵਸਦੀਆਂ ਅਨੇਕਾਂ ਜਾਤਾਂ ਇਕੋ ਹੀ ਉਪਬੋਲੀ ਬੋਲਦੀਆਂ ਹੋਣਗੀਆਂ, ਇਹ ਪ੍ਰਤੱਖ ਹੈ, ਪ੍ਰਮਾਣ ਦੀ ਲੋੜ ਨਹੀਂ। ਇਸ ਕਾਰਨ ਪੰਜਾਬੀ ਦੀਆਂ ਬਹੁਤ ਸਾਰੀਆਂ ਗਿਣੀਆਂ ਗਈਆਂ ਉਪ-ਬੋਲੀਆਂ ਕਹਾਉਣ ਦੀਆਂ ਅਧਿਕਾਰੀ ਨਹੀਂ ਬਣਦੀਆਂ। ਬਹੁਤੀਆਂ ਸਬ-ਡਾਇਲੈਕਟਾਂ ਇਕ ਦੂਜੀ ਵਿਚ ਅੰਤਰ-ਪ੍ਰਵੇਸ਼ ਕਰ ਜਾਂਦੀਆਂ ਹਨ। ਇਥੇ ਉਨ੍ਹਾਂ ਉਪ-ਬੋਲੀਆਂ ਨੂੰ ਮੁੱਖ ਤੌਰ ਤੇ ਗਿਣਿਆ ਜਾਣਾ ਹੈ ਜਿਹੜੀਆਂ ਭੂਗੋਲਿਕ ਇਲਾਕਾਈ ਇਕਾਈ ਦੀ ਪ੍ਰਤਿਨਿਧਤਾ ਕਰਦੀਆਂ ਹਨ ਅਤੇ ਜਾਤਾਂ, ਗੋਤਾਂ, ਪੇਸ਼ਿਆਂ, ਕਿੱਤਿਆਂ, ਧਰਮਾਂ ਅਤੇ ਅੱਲਾਂ ਤੋਂ ਪਾਕ ਹਨ। ਹੋ ਸਕਦਾ ਹੈ ਇਨ੍ਹਾਂ ਸਬ-ਡਾਇਲੈਕਟਾਂ ਵਿਚ ਕੁਝ ਨਾ ਕੁਝ ਵੱਖਰਾਪਣ ਹੋਵੇ ਜਿਹੜੀ ਨੇੜੇ ਦੀ ਦੂਜੀ ਉਪ-ਬੋਲੀ ਵਿਚ ਨਾ ਮਿਲਦਾ ਹੋਵੇ ਪਰ ਯਾਦ ਰਖਣ ਵਾਲੀ ਗੱਲ ਇਹ ਹੈ ਕਿ ਅਜੇਹਾ ਵੱਖਰਾਪਣ ਜਾਂ ਨਿਆਰਾਪਣ ਸਿਰਫ ਮੌਖਿਕ ਪੱਧਰ (ਉਚੇਰਨੀ ਪੱਧਰ) ਤੇ ਵੀ ਜ਼ਿਆਦਾਤਰ ਮਿਲਦਾ ਹੈ। ਵਿਆਕਰਣਕ ਪੱਧਰ ਉਤੇ ਨਹੀਂ। ਜਦ ਤੋੜੀ ਵਿਆਕਰਣਕ ਜੁਗਤ ਇਕ ਹੈ, ਸ਼ੈਲੀ-ਪ੍ਰਯੋਗ ਇਕ ਹੈ, ਉਹ ਸਾਰੀਆਂ ਹੀ ਸਬ-ਡਾਇਲੈਕਟਾਂ ਇਕੋ ਹੀ ਉਪ-ਬੋਲੀ ਵਿਚ ਸ਼ਾਮਲ ਕੀਤੀਆਂ ਜਾਣੀਆਂ ਜਾਇਜ਼ ਹਨ। ਮੌਖਿਕ ਵਖਰੇਵਾਂ ਵੱਖਰੀ ਉਪ-ਬੋਲੀ ਦਾ ਲੱਛਣ ਨਹੀਂ ਬਣ ਸਕਦਾ। ਉਂਜ ਅਸਲੀ ਅਰਥਾਂ ਵਿਚ ਹਰ ਵਿਅਕਤੀ ਦਾ ਮੌਖਿਕ ਉਚਾਰਨੀ ਪੱਧਰ ਵੱਖਰਾ ਵੱਖਰਾ ਹੁੰਦਾ ਹੈ, ਜਿਸ ਕਾਰਣ ਇਸ ਰੂਪ ਨੂੰ 'Idealect' ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਲਈ ਅਸੀਂ ਇਥੇ ਇਲਾਕਿਆਂ (ਭੂਗੋਲਿਕ ਇਕਾਈ) ਨੂੰ ਹੀ ਪ੍ਰਮੁਖਤਾ ਦਿੰਦੇ ਹੋਏ ਪੰਜਾਬੀ ਦੀਆਂ ਇਹ ਮੁੱਖ ਮੁੱਖ ਉਪ-ਭਾਸ਼ਾਵਾਂ ਪ੍ਰਸਤਾਵਿਤ ਕਰਦੇ ਹਾਂ :

**ਪੰਜਾਬੀ ਭਾਸ਼ਾ-ਮੰਡਲ ਤੇ ਉਸ ਦੀਆਂ ਉਪ-ਬੋਲੀਆਂ**

(1) ਕੇਂਦਰੀ ਪੰਜਾਬੀ
(2) ਮਾਝੀ
(3) ਮਲਵਈ
(4) ਪੁਆਧੀ (ਪੁਵਾਧੀ)
(5) ਪਹਾੜੀ
(6) ਪੋਠੋਹਾਰੀ
(7) ਲਹਿੰਦੀ (ਪੱਛਮੀ) : ਮੁਲਤਾਨੀ
(8) ਮੰਡਲੀ ਭਾਸ਼ਾ-ਟਾਪੂ
(9) ਪਰਦੇਸੀ ਪੰਜਾਬੀ (ਜਿਪਸੀ)

**(1) ਕੇਂਦਰੀ ਪੰਜਾਬੀ : ਉਦੋਂ ਤੇ ਹੁਣ**

ਪੰਜਾਬੀ ਭਾਸ਼ਾ ਦੇ ਧੁਰ ਜਨਮ ਤੋਂ ਲੈ ਕੇ ਕੇਂਦਰੀ ਪੰਜਾਬੀ ਅਰਥਾਤ 'ਸਾਹਿਤਕ ਪੰਜਾਬੀ' ਦਾ ਕੇਂਦਰ ਤੇ ਖੇਤਰ ਬਦਲਦਾ ਹੀ ਆ ਰਿਹਾ ਹੈ। ਸਾਡੇ ਇਤਿਹਾਸ ਵਿਚ ਮਿਲਦੇ ਲਿਖਤੀ ਸਬੂਤਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਬਾਰੇ ਪਹਿਲ ਪਲੇਠਾ ਭਰਵਾਂ ਸੰਕੇਤ ਕਰਨ ਵਾਲੇ ਅਮੀਰ ਖੁਸਰੋ ਨੇ ਪੰਜਾਬੀ ਨੂੰ 'ਲਾਹੌਰੀ' ਜ਼ਬਾਨ ਕਹਿ ਕੇ ਯਾਦ ਕੀਤਾ ਹੈ। ਪਰ ਇਸ ਤੋਂ ਕੁਝ ਚਿਰ ਮਗਰੋਂ ਅਬੁੱਲ ਫਜ਼ਲ ਨੇ ਪੰਜਾਬੀ ਨੂੰ 'ਮੁਲਤਾਨੀ' ਕਿਹਾ ਹੈ। ਪ੍ਰਗਟ ਹੈ ਕਿ ਪੰਜਾਬੀ ਦੇ ਦੋ ਹੀ ਕੇਂਦਰ ਅਰਥਾਤ ਲਾਹੌਰ ਤੇ ਮੁਲਤਾਨ ਸਾਬਤ ਹੁੰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਪਰੰਤੂ ਜਦ ਅਸੀਂ ਪੁਰਾਤਨ ਪੰਜਾਬੀ ਵਿਚ ਲਿਖੇ ਤੇ ਉਪਲਬਧ ਪੰਜਾਬੀ ਸਾਹਿਤ ਉਤੇ ਨਿਗਾਹ ਮਾਰਦੇ ਹਾਂ ਤਾਂ ਸਾਨੂੰ ਸਭ ਤੋਂ ਪ੍ਰਾਚੀਨ ਪੰਜਾਬੀ ਸਾਹਿਤ ਮੁਲਤਾਨੀ ਪੰਜਾਬੀ ਵਿਚ ਲਿਖਿਆ ਹੀ ਮਿਲਦਾ ਹੈ । ਅਜੋਕੀਆਂ ਖੋਜਾਂ ਨੇ ਇਹ ਹੁਣ ਸਿੱਧ ਕਰ ਦਿੱਤਾ ਹੈ ਕਿ ਪ੍ਰਥਮ ਪੰਜਾਬੀ ਕਵੀ ਅਦੱਹਮਾਣ ਦਾ (ਦੂਤ ਕਾਵਿ) 'ਸੰਦੇਸ਼ ਰਾਸਕ' ਪੰਜਾਬੀ ਦੀ ਪ੍ਰਥਮ ਕਾਵਿ-ਰਚਨਾ ਹੈ ਅਤੇ ਜਿਸ ਦੀ ਖੰਡ-ਕਥਾ ਦਾ ਆਰੰਭ ਹੀ ਮੁਲਤਾਨ (ਮੂਲਸਥਾਨ) ਨਗਰ ਦੇ ਵਰਣਨ ਤੋਂ ਹੁੰਦਾ ਲਿਖਿਆ ਗਿਆ ਹੈ । ਕਥਨ ਹੈ :

'ਣਯਰ ਨਾਮੂ ਸਾਮੋਰੂ ਸਰੋਰਹੁ ਦਲ ਨਯਣਿ'[16]
'ਸਾਮੋਰੈ ਮੂਲਸਥਾਨੈ ਨਾਮ ਨਗਰੈ'
(ਟੀਕਾ ਅਵਚੂਰਿਕਾ)

ਇਸ ਤੋਂ ਉਪਰੰਤ ਬਾਬਾ ਫਰੀਦ ਦੀ ਰਚਨਾ, ਸ਼ਾਹ ਹੁਸੈਨ ਦਾ ਕਲਾਮ, ਗੁਰੂ ਨਾਨਕ ਦੇਵ ਦੀ ਬਾਣੀ ਅਤੇ ਬਹੁਤ ਸਾਰਾ ਕਿੱਸਾ ਸਾਹਿਤ, ਜਨਮ ਸਾਖੀ ਸਾਹਿਤ, ਮੁਲਤਾਨੀ ਜ਼ਬਾਨ ਨੂੰ ਪੰਜਾਬੀ ਸਾਹਿਤ ਦੇ ਮਾਧਿਅਮ ਦੇ ਤੌਰ ਤੇ ਕਈਆਂ ਸਦੀਆਂ ਤਕ ਵਰਤਿਆ ਜਾਂਦਾ ਰਿਹਾ ਅਤੇ ਇਹ ਚਿਰਕਾਲ ਤਕ ਪ੍ਰਮਾਣਿਕ ਬੋਲੀ ਬਣੀ ਰਹੀ । ਡਾ. ਹਰਦੇਵ ਬਾਹਰੀ ਦਾ ਇਹ ਕਥਨ ਬੜਾ ਵਜ਼ਨਦਾਰ ਹੈ ਕਿ "ਇਉਂ ਜਾਪਦਾ ਹੈ ਜਿਵੇਂ ਮੁਲਤਾਨੀ ਉਸ ਸਮੇਂ ਦੀ ਸਾਹਿਤਕ ਭਾਸ਼ਾ ਸੀ ਤੇ ਕਵੀ ਭਾਵੇਂ ਲਾਹੌਰ ਦਾ ਹੋਵੇ, ਭਾਵੇਂ ਗੁਜਰਾਤ (ਪਾਕਿਸਤਾਨ) ਦਾ, ਭਾਵੇਂ ਗੁਜਰਾਂ ਵਾਲੇ ਦਾ, ਤੇ ਭਾਵੇਂ ਕਿਸੇ ਹੋਰ ਥਾਂ ਦਾ ਉਹ ਮੁਲਤਾਨੀ ਦੇ ਅਸਰ ਹੇਠ ਲਿਖਣਾ ਆਪਣੀ ਵਡਿਆਈ ਸਮਝਦਾ ਸੀ" (ਪੰਜਾਬੀ ਦੁਨੀਆਂ, 1955)

ਪਰ ਇਸ ਦੇ ਮੁਕਾਬਲੇ ਵਿਚ ਸਤਾਰ੍ਹਵੀਂ ਸਦੀ ਤਕ ਲਾਹੌਰੀ ਰੰਗ ਵਾਲੀ ਕੋਈ ਵਿਸ਼ੇਸ਼ ਪੰਜਾਬੀ ਰਚਨਾ ਨਹੀਂ ਮਿਲਦੀ । ਭਾਈ ਗੁਰਦਾਸ ਹੀ ਸ਼ਾਇਦ ਪਹਿਲਾ ਕਵੀ ਹੈ ਜਿਸਨੇ ਮੁਲਤਾਨੀ ਨੂੰ ਛਡ ਕੇ ਲਾਹੌਰੀ (ਮਾਝੀ) ਨੂੰ ਆਪਣੇ ਵਾਰ-ਕਾਵਿ ਦਾ ਮਾਧਿਅਮ ਬਣਾਇਆ ਹੈ ।

ਪ੍ਰਗਟ ਹੈ ਕਿ ਕੇਂਦਰੀ ਪੰਜਾਬੀ ਦਾ ਪਹਿਲਾ ਕੇਂਦਰ ਮੁਲਤਾਨ ਹੀ ਰਿਹਾ ਅਤੇ ਮੁਲਤਾਨੀ ਉਪ-ਭਾਸ਼ਾ ਹੀ ਸਾਹਿਤਕ ਪੰਜਾਬੀ ਦੀ ਪਦਵੀ ਤੇ ਬਿਰਾਜਮਾਨ ਰਹੀ ਹੈ । ਇਸ ਦੀ ਅਗੇਰੀ ਪੁਸ਼ਟੀ ਕਰਦਿਆਂ ਡਾ. ਬਿਕਰਮ ਸਿੰਘ ਘੁੰਮਣ ਨੇ ਲਿਖਿਆ ਹੈ ਕਿ ਕਾਸਮ ਨੇ 712 ਈ. ਵਿਚ ਸਿੰਧ ਦੇ ਬ੍ਰਾਹਮਣ ਰਾਜੇ ਦਾਹਰ ਨੂੰ ਜਿੱਤਿਆ ਤਾਂ ਇਸਲਾਮ ਦਾ ਭਾਰਤ ਨਾਲ ਬਹੁਤ ਨੇੜੇ ਦਾ ਸੰਪਰਕ ਹੋ ਗਿਆ......ਕਾਸਮ ਦੀ ਵਿਜੈ ਦਾ ਘੇਰਾ ਦੇਵਲ ਤੋਂ ਲੈ ਕੇ ਮੁਲਤਾਨ ਤਕ ਸੀ । ਮੁਲਤਾਨ ਇਕ ਪੁਰਾਣਾ ਵਪਾਰਕ ਕੇਂਦਰ ਸੀ । ਮੁਲਤਾਨ ਪੁਰਾਣੇ ਵਪਾਰਕ ਰਸਤੇ ਉਤੇ ਹੋਣ ਕਰਕੇ ਮੁਲਤਾਨੀ ਬੋਲੀ ਦੀ ਚਿਰਕਾਲ ਤੋਂ ਮਹੱਤਾ ਹੈ ।[17] ਪਾਕਿਸਤਾਨੀ ਦੇ ਭਾਸ਼ਾ-ਵਿਗਿਆਨੀ ਇਰਕਾਮ-ਉਲ-ਹਕ ਨੇ ਲਿਖਿਆ ਹੈ ਕਿ ਮੁਲਤਾਨ ਨੂੰ ਚਾਰ ਹਜ਼ਾਰ ਸਾਲ ਪਹਿਲਾਂ ਆਰੀਆ ਦੀ ਟੋਲੀ ਨੇ ਮੂਲ ਅਸਥਾਨ ਜਾਂ ਮੂਲ-ਤਰਨ ਕਿਹਾ ਸੀ ਅਤੇ ਮੁਲਤਾਨ ਆਰਥਿਕ ਤੇ ਸਭਿਆਚਾਰਕ ਤੌਰ ਤੇ ਮਹਾਨ ਕੇਂਦਰ ਸੀ ।[18]

ਡਾ. ਘੁੰਮਣ ਨੇ ਅਗੇ ਜਾ ਕੇ ਫੇਰ ਲਿਖਿਆ ਹੈ ਕਿ ਮਹਿਮੂਦ ਗਜ਼ਨਵੀ ਦੇ ਹਮਲਿਆਂ ਨਾਲ ਖੈਬਰ, ਪਸ਼ੌਰ ਤੇ ਲਾਹੌਰ ਦਾ ਰਸਤਾ ਵਪਾਰਕ ਪੱਖ ਤੋਂ ਪ੍ਰਧਾਨ ਹੋ ਜਾਣ ਨਾਲ ਮੁਲਤਾਨ ਪਿਛੇ ਹਟ ਗਿਆ । ਇਸ ਦੇ ਨਾਲ ਹੀ ਬੋਲੀ ਤੇ ਸਾਹਿਤਕ ਪਰੰਪਰਾ ਦੇ ਪੱਖ

Sri Satguru Jagjit Singh Ji Elibrary NamdhariElibrary@gmail.com

ਤੋਂ ਹੌਲੀ ਹੌਲੀ ਮੁਲਤਾਨੀ ਨਾਲੋਂ ਕੇਂਦਰੀ ਪੰਜਾਬੀ ਅਰਥਾਤ (ਲਾਹੌਰ) ਦਾ ਮਾਣ ਵਧਣ ਲਗ ਪਿਆ।

ਇਹ ਠੀਕ ਹੈ ਕਿ ਹੌਲੀ ਹੌਲੀ ਮੁਲਤਾਨ ਨਾਲੋਂ ਲਾਹੌਰ ਕੇਂਦਰੀ ਸਾਹਿਤਕ ਪੰਜਾਬੀ ਦਾ ਕੇਂਦਰ ਬਣਦਾ ਗਿਆ। ਪਰੰਤੂ ਜਿੰਨਾ ਅਮੀਰ ਤੇ ਢੇਰ ਸਾਹਿਤ ਪਹਿਲੀਆਂ ਸਦੀਆਂ ਵਿਚ ਮੁਲਤਾਨੀ ਅੰਦਰ ਰਚਿਆ ਗਿਆ ਓਨਾ ਲਾਹੌਰੀ ਵਿਚ ਉੱਕਾ ਹੀ ਨਹੀਂ ਪੈਦਾ ਹੋ ਸਕਿਆ। ਮੁਲਤਾਨੀ ਨੂੰ ਮੁਸਲਮਾਨ ਫਕੀਰਾਂ, ਸੂਫੀਆਂ, ਕਿੱਸੇਕਾਰਾਂ ਤੇ ਸਾਖੀਕਾਰਾਂ ਦੀ ਪੂਰੀ ਪੂਰੀ ਸਰਪ੍ਰਸਤੀ ਤੇ ਦਿਲਚਸਪੀ ਪ੍ਰਾਪਤ ਨਹੀਂ ਸੀ ਜਿਹੜੀ ਕਿ ਲਾਹੌਰੀ ਨੂੰ ਨਸੀਬ ਨਾ ਹੋ ਸਕੀ। ਲਾਹੌਰ ਰਾਜਧਾਨੀ ਦੇ ਸਿੱਖ ਮਹਾਰਾਜੇ ਰਣਜੀਤ ਸਿੰਘ ਨੇ ਵੀ ਲਾਹੌਰੀ ਨੂੰ ਕੋਈ ਰਾਜ-ਪਦਵੀ ਨਹੀਂ ਬਖਸ਼ੀ, ਨਾ ਹੀ ਸਿੱਖ ਧਰਮ ਜਾਂ ਕਿਸੇ ਹੋਰ ਧਰਮ ਨੇ ਉਸਦਾ ਲੜ ਫੜਿਆ। ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀਆਂ ਵਿਚ ਸਿੱਖ ਧਰਮ ਤੇ ਸਭਿਆਚਾਰਕ ਦੀ ਸਾਹਿਤਕ ਭਾਸ਼ਾ ਵਧੇਰੇ ਕਰਕੇ ਬ੍ਰਿਜਭਾਸ਼ਾ ਹੀ ਰਹੀ ਅਤੇ ਉਦੋਂ ਸਿੱਖ ਲਿਖਾਰੀਆਂ ਜਿਵੇਂ ਕਿ ਪੰਡਿਤ ਕੌਰ ਸਿੰਘ, ਪੰਡਿਤ ਗੁਲਾਬ ਸਿੰਘ, ਤਾਰਾ ਸਿੰਘ ਨਰੋਤਮ, ਗਿ. ਗਿਆਨ ਸਿੰਘ, ਸੁਖਾ ਸਿੰਘ, ਸਰੂਪ ਚੰਦ ਭੱਲਾ, ਫਿੰਬਰ, ਕੁਇਰ ਸਿੰਘ, ਭਾਈ ਸੰਤੋਖ ਸਿੰਘ ਦੇ ਹੱਥੋਂ ਵੀ ਲਾਹੌਰੀ ਨੂੰ ਕੋਈ ਮਾਣ ਨਹੀਂ ਮਿਲ ਸਕਿਆ। ਇਸ ਤਰ੍ਹਾਂ ਮੁਲਤਾਨੀ ਤੋਂ ਹਟ ਕੇ ਲਾਹੌਰੀ ਕੇਂਦਰੀ ਭਾਸ਼ਾ ਤਾਂ ਬਣਨ ਲਗੀ ਪਰ ਕੋਈ ਵਿਸ਼ੇਸ਼ ਪ੍ਰਫੁੱਲਤਾ ਨਸੀਬ ਨਾ ਹੋ ਸਕੀ।

ਏਧਰ ਦੂਜੇ ਬੰਨੇ 19ਵੀਂ ਸਦੀ ਦੇ ਸ਼ੁਰੂ ਵਿਚ ਅੰਗ੍ਰੇਜ਼ਾਂ ਨੇ ਲੁਧਿਆਣੇ ਵਿਚ ਫੌਜੀ ਛਾਉਣੀ ਸਥਾਪਿਤ ਕਰਕੇ ਮਲਵਈ ਉਪ-ਭਾਸ਼ਾ ਵਿਚ ਈਸਾਈ ਮੱਤ ਦੀਆਂ ਪੁਸਤਕਾਂ ਅਤੇ ਪੰਜਾਬੀ ਦੇ ਕੋਸ਼ ਤੇ ਵਿਆਕਰਣ ਲਿਖਾਉਣੇ ਸ਼ੁਰੂ ਕਰ ਦਿੱਤੇ। ਇਸ ਸੰਬੰਧ ਵਿਚ ਡਾ. ਗ੍ਰੀਅਰਸਨ ਦਾ ਇਹ ਕਥਨ ਲੁਧਿਆਣਵੀ (ਮਲਵਈ ਉਪ-ਭਾਸ਼ਾ) ਦੀ ਮਹਾਨਤਾ ਉਤੇ ਭਰਪੂਰ ਚਾਨਣਾ ਪਾਉਂਦਾ ਹੈ :

> But owing to the accidental circumstances that the first serious European students of Punjabi lived at Ludhiana and not at Amritsar, another stand Panjabi, which we may call the European Standard 'Panjabi' has also come into existance. Ludhiana where J. Newton worte his grammer in 1851 where a committee of the Ludhiana mission published the first Panjabi Dictionary in 1854, and where E.P. Newton published the latest and most complete grammer of the language in 1898, has since the middle of the last century, been the fountain of instruction in Panjabi for Englishman. G.A. Grierson *Linguistic Servey of India.*
>
> Vol. IX, Part I (Introduction, p. 3)

ਇਸ ਕਥਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅੰਗਰੇਜ਼ ਵਿਦਵਾਨਾਂ ਨੇ ਮਲਵਈ ਨੂੰ ਕੇਂਦਰੀ ਪੰਜਾਬੀ ਸਵੀਕਾਰ ਕਰਕੇ ਉਸ ਵਿਚ ਗ੍ਰਾਮਰ ਅਤੇ ਡਿਕਸ਼ਨਰੀਆਂ ਤਿਆਰ ਕੀਤੀਆਂ। ਡਾ. ਗ੍ਰੀਅਰਸਨ ਨੇ ਅੱਗੇ ਜਾ ਕੇ ਲਿਖਿਆ ਹੈ ਕਿ ਇਹ ਕੁਦਰਤੀ ਸੀ ਕਿ ਮਸ਼ਹੂਰ

Sri Satguru Jagjit Singh Ji Elibrary NamdhariElibrary@gmail.com

ਵਿਦਵਾਨ ਇਸ ਲੁਧਿਆਣਵੀ ਤੋਂ ਹੀ ਜਾਣੂੰ ਹੋਏ ਅਤੇ ਇਸ ਨੂੰ ਹੀ 'ਸਟੈਂਡਰਡ' ਪੰਜਾਬੀ ਮੰਨਦੇ ਰਹੇ। ਇਹੋ ਕਾਰਣ ਹੈ ਕਿ ਉਨ੍ਹਾਂ ਦੀ ਜ਼ਬਾਨ ਵਿਚ ਮਲਵਈ ਵਾਲੀ ਕੋਮਲ ਲਲੇ (ਲ਼) ਦੀ ਧੁਨੀ ਦੀ ਬਹੁਤਾਤ ਹੈ ਜਿਸਦੀ ਕਿ ਮਾਝੀ ਉਪ-ਭਾਸ਼ਾ ਵਿਚ ਅਣਹੋਂਦ ਹੈ। ਇਸ ਤਰ੍ਹਾਂ ਲੁਧਿਆਣੇ ਦੇ ਆਲੇ-ਦੁਆਲੇ ਦੀ ਮਲਵਈ ਉਪ-ਭਾਸ਼ਾ ਕਾਫ਼ੀ ਸਮੇਂ ਤਕ ਸਾਹਿਤਕ ਕੇਂਦਰੀ ਪੰਜਾਬੀ ਦੇ ਤੌਰ ਤੇ ਸਥਾਪਿਤ ਰਹੀ।

ਪਰ ਸਿੱਖ ਰਾਜ ਦੇ ਖ਼ਾਤਮੇ ਤੇ ਲਾਹੌਰ ਉਤੇ ਅੰਗਰੇਜ਼ਾਂ ਦੇ ਕਬਜ਼ਾ ਹੋਣ ਉਪਰੰਤ ਸਾਹਿਤਕ ਪੰਜਾਬੀ ਦਾ ਖੇਤਰ ਮੁੜ ਕੇ ਮਾਝੀ ਬਣ ਗਿਆ। ਮਾਝੀ ਨੂੰ ਹੀ ਪੰਜਾਬੀ ਦੀ ਸਾਹਿਤਕ ਭਾਸ਼ਾ ਦਾ ਆਧਾਰ ਮਿਥ ਲਿਆ ਗਿਆ। ਅਤੇ ਇਸ ਤਰ੍ਹਾਂ ਲਾਹੌਰ-ਅੰਮ੍ਰਿਤਸਰ ਦੀ ਬੋਲੀ ਕੇਂਦਰੀ ਬੋਲੀ ਬਣ ਗਈ।

ਹੁਣ ਫਿਰ ਇਕ ਵਾਰ ਨਵੀਆਂ ਹਾਲਤਾਂ ਅੰਦਰ ਕੇਂਦਰੀ ਪੰਜਾਬੀ ਦਾ ਖੇਤਰ ਲਾਹੌਰ-ਅੰਮ੍ਰਿਤਸਰ ਦੇ ਘੇਰੇ ਤੋਂ ਉਰਾਰ-ਪਾਰ ਹਿਲਦਾ ਦਿਖਾਈ ਦਿੰਦਾ ਹੈ। 1947 ਵਿਚ ਪੰਜਾਬ ਦੀ ਵੰਡ ਤੋਂ ਉਪਰੰਤ ਮਾਝੀ ਦਾ ਖੇਤਰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। 'ਭਾਰਤੀ ਮਾਝੀ' ਬਿਲਕੁਲ ਸਰਹੱਦ ਤੇ ਹੈ। ਭੂਗੋਲਿਕ ਤੌਰ ਤੇ ਇਹ ਇਕ ਖੂੰਜੇ ਤੇ ਖੜੀ ਹੈ। ਇਸ ਲਈ ਭਾਰਤੀ ਪੰਜਾਬੀ ਦਾ ਭੂਗੋਲਿਕ ਮੁਖ ਭਾਗ ਮਲਵਈ ਵਾਲੇ ਖੇਤਰ ਤੇ ਆ ਟਿਕਦਾ ਹੈ। ਨਾਲੇ ਨਵੇਂ ਪੰਜਾਬ ਵਿਚ ਵਿਦਿਆ ਦੇ ਕੇਂਦਰ ਪਟਿਆਲਾ ਤੇ ਲੁਧਿਆਣਾ ਦੇ ਉਦਾਲੇ ਉਸਰ ਰਹੇ ਹਨ। ਜਨਸੰਖਿਆ ਦੇ ਪੱਖੋਂ ਮਲਵਈ ਵਾਲਾ ਹਿੱਸਾ ਬਹੁਗਿਣਤੀ ਵਾਲਾ ਹੈ। ਨਵੇਂ ਲਿਖਤੀ ਸਾਹਿਤ ਵਿਚ ਮਲਵਈ ਦਾ ਮੁਹਾਵਰਾ ਤੇ ਅੰਸ਼ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਛੇਤੀ ਹੀ ਮਲਵਈ ਉਪ-ਬੋਲੀ ਮੁੜ ਇਕ ਵਾਰ ਸਾਹਿਤਕ ਕੇਂਦਰੀ ਪੰਜਾਬੀ ਦੀ ਹੈਸੀਅਤ ਵਿਚ ਉਦੈਮਾਨ ਹੋ ਸਕੇਗੀ।

ਉਧਰ ਪਾਕਿਸਤਾਨੀ ਪੰਜਾਬੀ ਦੀਆਂ ਹਾਲਤਾਂ ਵੀ ਬਦਲਦੀਆਂ ਜਾ ਰਹੀਆਂ ਹਨ। ਉਸ ਪਾਰ ਸਾਹਿਤਕ ਅਤੇ ਵਿਦਿਅਕ ਸਾਧਨ ਵਜੋਂ ਲਹਿੰਦੀ ਪੰਜਾਬੀ ਨੂੰ ਮੁੜ ਅਪਣਾਇਆ ਜਾ ਰਿਹਾ ਹੈ ਅਤੇ ਬਹੁਤ ਸਾਰੀਆਂ ਗੱਦ-ਲਿਖਤਾਂ ਮੁਲਤਾਨੀ ਮੁਹਾਵਰੇ ਵਿਚ ਅੰਕਿਤ ਹੋ ਰਹੀਆਂ ਹਨ।

ਇਸ ਸਾਰੀ ਲੰਮੀ ਭੂਮਿਕਾ ਤੋਂ ਅਸੀਂ ਇਹ ਕਹਿਣਾ ਚਾਹਿਆ ਹੈ ਕਿ ਸਾਹਿਤਕ ਤੇ ਵਿਦਿਅਕ ਟਕਸਾਲੀ ਪੰਜਾਬੀ ਦਾ ਉਪ-ਭਾਸ਼ਾਈ ਆਧਾਰ ਕਦੇ ਮੁਲਤਾਨੀ, ਕਦੇ ਲਾਹੌਰੀ, ਕਦੇ ਮਲਵਈ ਅਤੇ ਕਦੇ ਮਾਝੀ ਬਣਦਾ ਰਿਹਾ ਹੈ। ਇਸ ਲਈ ਕੇਂਦਰੀ ਪੰਜਾਬੀ ਦਾ ਅਰਥ ਮਰਕਜ਼ ਜਾਂ ਮਧਵਰਤੀ ਨਾ ਹੋ ਕੇ ਉਸਦਾ ਸਾਹਿਤਕ ਦਰਜੇ ਤਕ ਅਪੜਨ ਦਾ ਅਧਿਕਾਰ ਹੀ ਕਿਹਾ ਜਾ ਸਕਦਾ ਹੈ।

## (2) ਮਾਝੀ : ਇਕ ਦਾ/ਦੀ ਬੋਲੀ

ਪੰਜਾਬੀ ਭਾਸ਼ਾ ਹੈ, ਪਰ ਮਾਝੀ ਉਪ-ਭਾਸ਼ਾ ਹੈ। ਉਪ-ਭਾਸ਼ਾਵਾਂ ਦੇ ਆਪੋ ਆਪਣੇ ਇਲਾਕੇ ਹਨ, ਘੇਰੇ ਹਨ ਪਰ ਪੰਜਾਬੀ ਦਾ ਘੇਰਾ ਸਾਰਾ ਪੰਜਾਬ ਹੈ, ਕੋਈ ਇਕ ਖੇਤਰ ਨਹੀਂ। ਪੰਜਾਬੀ ਮਾਝੀ ਨਹੀਂ, ਮਾਝੀ ਇਕ ਉਪ-ਬੋਲੀ ਹੈ ਭਾਵੇਂ ਸਾਹਿਤਕ ਮੁਹਾਵਰੇ ਲਈ ਮਾਝੀ ਨੂੰ ਇਕ ਆਧਾਰ ਮੰਨਿਆ ਗਿਆ ਹੈ। ਇਥੇ ਮਾਝੀ ਨੂੰ ਇਕ ਉਪ-ਭਾਸ਼ਾ ਦੀ ਹੈਸੀਅਤ ਵਿਚ ਹੀ ਦ੍ਰਿਸ਼ਟੀਗੋਚਰ ਕਰਨਾ ਹੈ।

Sri Satguru Jagjit Singh Ji Elibrary NamdhariElibrary@gmail.com

ਮਾਝੀ ਅੰਮ੍ਰਿਤਸਰ, ਲਾਹੌਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ। ਪ੍ਰੋ. ਆਤਮ ਸਿੰਘ ਦੇ ਇਸ ਕਥਨ ਨਾਲ ਅਸੀਂ ਸਹਿਮਤ ਨਹੀਂ ਕਿ ਪੰਜਾਬੀ ਦੀ ਮਾਝੀ ਸ਼ੁੱਧ ਠੇਠ ਬੋਲੀ ਹੈ (The purest form of Panjabi is Majhi, Bhakha Sanjam, No. 1-2, 1970) ਕਿਉਂਕਿ ਹਰ ਉਪ-ਭਾਸ਼ਾ ਆਪਣੇ ਆਪ ਵਿਚ ਸੁੱਚੀ ਤੇ ਠੇਠ ਹੈ। ਕੋਈ ਉਪ-ਭਾਸ਼ਾ ਉਦੋਂ ਤਕ ਠੇਠ ਹੈ ਜਦੋਂ ਤਕ ਉਹ ਵਿਦਿਆ ਤੇ ਸਾਹਿਤ ਦਾ ਵਾਹਨ ਨਹੀਂ ਬਣਦੀ। ਇਸ ਤੋਂ ਉਪਰੰਤ ਉਹ ਟਕਸਾਲੀ ਬਣ ਜਾਂਦੀ ਹੈ, ਠੇਠ ਨਹੀਂ ਰਹਿੰਦੀ। ਇਹ ਗੱਲ ਅਸੀਂ ਮਾਝੀ ਉੱਤੇ ਲਾਗੂ ਹੁੰਦੀ ਵੇਖਦੇ ਹਾਂ। ਮਾਝੀ ਦਾ ਬੋਲਚਾਲੀ ਰੂਪ ਵੱਖਰਾ ਹੈ ਲੇਕਿਨ ਮਾਝੀ ਉੱਤੇ ਆਧਾਰਿਤ ਸਾਹਿਤਕ ਰੂਪ ਟਕਸਾਲੀ ਤੇ ਸਮੂਹਕ ਪੰਜਾਬ ਰੰਗਣ ਵਾਲਾ ਹੈ। ਮਾਝੀ ਦੇ ਅਧਿਕਾਰੀ ਡਾ. ਹਰਜੀਤ ਸਿੰਘ ਗਿੱਲ ਨੇ ਮਾਝੀ ਦੇ ਧੁਨੀਗ੍ਰਾਮਿਕ ਪੱਖ ਤੋਂ ਦਸ ਸੁਰ ਅਤੇ 29 ਵਿਅੰਜਨ ਧੁਨੀਗ੍ਰਾਮ (Phoneme) ਲਭੇ ਹਨ।[19] ਮੂਰਧਨੀ ਲੱਲਾ ਮਲਵਈ ਦੇ ਪ੍ਰਭਾਵ ਹੇਠ ਹੀ ਮਾਝੀ ਵਿਚ ਪ੍ਰਵਿਸ਼ਟ ਹੋਇਆ ਜਾਪਦਾ ਹੈ, ਉਂਜ ਬੁਨਿਆਦੀ ਤੌਰ ਤੇ ਗ੍ਰੀਅਰਸਨ ਦਾ ਇਹ ਪ੍ਰੇਖਣ ਬੜਾ ਠੀਕ ਹੈ ਕਿ ਮਾਝੀ ਵਿਚ ਮੂਰਧਨੀ ਲ ਵਿਅੰਜਨ ਦੀ ਉੱਕਾ ਹੀ ਅਣਹੋਂਦ ਹੈ।

ਮਾਝੀ ਅਸਲੀ ਤੌਰ ਤੇ ਦਾ/ਦੀ/ਦੇ ਉਪ-ਬੋਲੀ ਹੈ। ਮਲਵਈ ਕਾ-ਕੀ-ਕੇ ਉਪ-ਬੋਲੀ ਹੈ ਅਤੇ ਪੋਠੋਹਾਰੀ ਨਾ-ਨੀ-ਨੇ ਉਪ-ਬੋਲੀ ਹੈ। ਸਬੰਧਕ (Genitive) ਕਾਰਕ ਦੇ ਚਿੰਨ੍ਹਾਂ ਦੇ ਆਧਾਰ ਉੱਤੇ ਪੰਜਾਬੀ ਵਿਚ ਇਹ ਉਪ-ਭਾਸ਼ਾਈ ਵਿਸ਼ੇਸ਼ਤਾਵਾਂ ਬੜੀਆਂ ਵਿਲਖਣ ਹਨ। ਇਨ੍ਹਾਂ ਨੂੰ ਸੰਖੇਪ ਕਰਕੇ ਦਾ/ਦੀ ਮਾਝੀ, ਕਾ/ਕੀ ਮਲਵਈ, ਅਤੇ ਨਾ/ਨੀ ਲਹਿੰਦੀ ਪੋਠੋਹਾਰੀ ਵੀ ਕਿਹਾ ਜਾ ਸਕਦਾ ਹੈ: ਬੂੜ ਸਿੰਹੁ ਦਾ ਘਰ (ਮਾਝੀ), ਬੂੜ ਸਿੰਹੁ ਕਾ ਘਰ (ਮਲਵਈ) ਅਤੇ ਬੂੜ ਸਿੰਘੇ ਨਾ ਘਾਰ (ਪੋਠੋਹਾਰੀ)। ਕਾਰਕੀ ਚਿੰਨ੍ਹਾਂ ਦੀ ਇਹ ਵਿਸ਼ੇਸ਼ਤਾ ਮਾਝੀ ਦੀ ਇਕ ਖ਼ਾਸੀਅਤ ਹੈ। ਵਿਆਕਰਣ ਵਿਚ ਬਹੁਤ ਵਿਲਖਣਤਾ ਨਹੀਂ ਪਰ ਸ਼ਬਦਾਵਲੀ ਵਿਚ ਕਾਫ਼ੀ ਨਿਰਾਲਾਪਣ ਹੈ:

**ਸ਼ਬਦਾਵਲੀ**

| | |
|---|---|
| ਯਾਰਾਂ | (ਗਿਆਰਾਂ) |
| ਮੁਢ | (ਕੋਲ) |
| ਰਮਾਨ | (ਅਰਾਮ) |
| ਟੱਲੀ | (ਲੀਰ, ਟਾਕੀ) |
| ਲਾਗੇ | (ਨੇੜੇ) |
| ਗਾੜ੍ਹੀ, ਅਗਾੜ੍ਹੀ | (ਅਗੇ) |

**ਸ਼ੈਲੀ**

| | |
|---|---|
| ਕੀ ਕਰਨ ਡਿਹਾ ਏਂ | (ਕੀ ਕਰਨੈਂ) |
| ਉਸ ਕਿਹਾ | (ਉਸਨੇ ਕਿਹਾ) |
| ਕਿਸ ਕਿਹਾ | (ਕਿਸਨੇ ਕਿਹਾ) |

(3) **ਮਲਵਈ : ਇਕ ਕਾ/ਕੀ ਬੋਲੀ**

ਮਲਵਈ ਨਾਉਂ ਸ਼ਾਇਦ ਸਭ ਤੋਂ ਪੁਰਾਣੀ ਆਰੀਆ ਜਾਤੀ ਦੀ ਕਿਸੇ ਟੋਲੀ ਵਲ

Sri Satguru Jagjit Singh Ji Elibrary NamdhariElibrary@gmail.com

ਇਸ਼ਾਰਾ ਕਰਦਾ ਹੈ। ਮਾਝੀ, ਮੁਲਤਾਨੀ, ਪੋਠੋਹਾਰੀ, ਡੋਗਰੀ, ਕਾਂਗੜੀ ਸਾਰੀਆਂ ਉਪ-ਬੋਲੀਆਂ ਦੇ ਨਾਵਾਂ ਨਾਲੋਂ ਮਲਵਈ ਜਾਂ ਮਾਲਵਈ ਇਹ ਨਾਂ ਬਹੁਤ ਪੁਰਾਣਾ ਹੈ। ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥ ਮਹਾਂਭਾਰਤ ਅਤੇ ਅਸ਼ਟਾਧਿਆਈ ਵਿਚ ਮਾਲਵ ਗਣ ਰਾਜ ਸੰਘ ਦਾ ਬੜਾ ਉੱਘਾ ਉਲੇਖ ਹੋਇਆ ਹੈ' ਚੌਥੀ ਸਦੀ ਪੂ. ਈ. ਦੀ ਅਸ਼ਟਾਧਿਆਈ ਵਿਚ ਇਕ ਤੁਕ ਮਿਲਦੀ ਹੈ— "ਕਸ਼ੁਦ੍ਰਕ ਮਾਲਾਵਾਤ ਸੈਨਾ ਸੰਗਯਾਜਾਮ।" ਮਾਲਵ ਅਤੇ ਕਸ਼ੁਦ੍ਰਕ ਦੇਸ਼ ਦੇ ਦੋ ਮਸ਼ਹੂਰ ਗਣਰਾਜ (ਰੀਪਬਲਿਕ) ਸਨ। ਵਾਹੀਕ ਦਰਅਸਲ ਪੰਜਾਬ ਦਾ ਹੀ ਨਾਂ ਹੈ। ਮਹਾਂਭਾਰਤ ਦੇ ਕਰਣ ਪਰਵ (44/7) ਵਿਚ ਪੰਜਾਬ ਨੂੰ ਹੀ ਵਾਹੀਕ ਕਿਹਾ ਗਿਆ ਹੈ:

ਪੰਚਾਨਾਂ ਸਿੰਧੂ ਸ਼ਸ਼ਠਾਨਾਂ ਨਦੀਨਾਂ  
ਯੇ ਅੰਤਰਾਸ੍ਰਿਤਾਹ  
ਵਾਹੀਕਾ ਨਾਮ ਤੇ ਦੇਸ਼ਾਹ।

ਮਾਲਵ ਬਾਰੇ ਪ੍ਰਸਿੱਧ ਯੂਨਾਨੀ ਲੇਖਕਾਂ ਤੋਂ ਵੀ ਵਾਕਫ਼ੀ ਮਿਲਦੀ ਹੈ।[30]
(ਵੇਖੋ : ਪਾਣਿਨਿਕਾਲੀਨ ਭਾਰਤ ਵਰਸ਼, ਪੰਨਾ 457)

ਮਾਲਵ ਗਣਰਾਜ ਦੇ ਵਸਨੀਕ ਨੂੰ 'ਮਾਲਵਯ' ਕਿਹਾ ਜਾਂਦਾ ਸੀ ਅਤੇ ਇਸ ਦੀ ਵਰਤੋਂ ਵੱਲ ਵੀ ਪਾਣਿਨੀ ਦਾ ਇਸ਼ਾਰਾ ਮਿਲਦਾ ਹੈ। ਵਾਹੀਕ ਅਰਥਾਤ ਪੰਜਾਬ ਦੀਆਂ ਦੋ ਰੀਪਬਲਿਕਾਂ ਵਿਚੋਂ ਕਸ਼ੁਦ੍ਰਕ ਦਾ ਤਾਂ ਕੋਈ ਬਕਾਇਆ ਨਹੀਂ ਮਿਲਦਾ ਪਰ ਮਾਲਵ ਦਾ ਉਤਰਾਧਿਕਾਰੀ ਮਾਲਵ ਪ੍ਰਦੇਸ਼ ਅੱਜ ਵੀ ਜਿਉਂਦਾ ਜਾਗਦਾ ਕਾਇਮ ਹੈ। ਪੰਜਾਬ ਦੇ ਮਾਲਵਾ ਇਲਾਕੇ ਤੋਂ ਇਹ ਲੋਕ ਹਿਜਰਤ ਕਰਕੇ ਮਾਰਵਾੜ, ਗਵਾਲੀਅਰ, ਭੋਪਾਲ ਵਿਚੋਂ ਹੁੰਦੇ ਹੋਏ ਉਜੈਨੀ ਨਗਰੀ ਵਿਚ ਵਸੇ ਹਨ। ਜਿਥੇ ਉਨ੍ਹਾਂ ਦੀ ਅਜੋਕੀ ਬੋਲੀ ਵਿਚ ਵੀ ਮਲਵਈ ਦੇ ਭਾਸ਼ਾ-ਅੰਸ਼ ਅਵਸ਼ੇਸ਼ ਹਨ। ਇਸ ਬਾਰੇ ਡਾ. ਗ੍ਰੀਅਰਸਨ ਦਾ ਲੇਖ ਵੇਖਣ ਯੋਗ ਹੈ। ਮਾਲਵੇ ਦੀ ਇਸ ਪ੍ਰਾਚੀਨਤਾ ਦਾ ਸਿੱਟਾ ਇਹ ਹੈ ਕਿ ਇਸ ਵਿਚ ਪੁਰਾਣੀ ਭਾਸ਼ਾ ਦੇ ਕਾਫ਼ੀ ਸ਼ਬਦ ਸੰਭਾਲੇ ਪਏ ਹਨ। ਦਰ, ਦਰਵਾਜ਼ਾ, ਦੁਆਰਾ, ਦੁਆਰ, ਦੱਵਾਰ, ਕਈ ਨਾਂ ਹਨ ਪਰ ਸਿਰਫ 'ਬਾਰ' ਬੂਹੇ ਦੇ ਅਰਥ ਵਿਚ ਜਾਂ ਤਾਂ ਵੈਦਿਕ ਭਾਸ਼ਾ ਵਿਚ ਹੈ ਜਾਂ ਫਿਰ ਮਲਵਈ ਉਪ-ਬੋਲੀ ਵਿਚ ਹੀ ਹੈ। (ਬਾਰ ਭੇੜ ਦੇ) ਪੰਜਾਬੀ ਦੇ ਪਰੂੰ-ਪਰਾਰ ਸ਼ਬਦ ਵੈਦਿਕ ਸ਼ਬਦ 'ਪਰਾਰਿ' ਦੀ ਯਾਦ ਕਰਵਾਉਂਦੇ ਹਨ। ਸਮਾਂ ਵੈਦਿਕ ਸਮਾਂ (ਅਰਥਾਤ ਸਾਲ-ਵਰ੍ਹਾ) ਦਾ ਹੀ ਮਲਵਈ ਰੂਪ ਹੈ। ਮਲਵਈ ਕਾ/ਕੀ ਦੀ ਬੋਲੀ ਹੈ। ਬੜੇ ਨਿਆਰੇ ਢੰਗ ਨਾਲ ਸੰਬੰਧ ਕਾਰਕ ਦਾ-ਦੀ-ਦੇ ਦੀ ਥਾਂ ਕਾ/ਕੀ/ਕੇ ਦਾ ਪ੍ਰਯੋਗ ਹੁੰਦਾ ਹੈ। ਮਲਵਈ ਦਾ ਮੁਹਾਂਦਰਾ ਰਾਜਿਸਥਾਨੀ ਵਿਚੋਂ ਹੁੰਦਾ ਹੋਇਆ ਗੁਜਰਾਤ ਦੀ ਸਥਾਨਕ ਬੋਲੀਆਂ ਨਾਲ ਜਾ ਮਿਲਦਾ ਹੈ।

ਮਾਲਵੇ ਨੂੰ ਅਕਸਰ 'ਜੰਗਲ' ਵੀ ਕਿਹਾ ਜਾਂਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਨੂੰ ਛੱਡ ਕੇ ਮਾਲਵੇ ਦੇ ਪ੍ਰਸਿੱਧ ਅਸਥਾਨ ਲੱਖੀ-ਜੰਗਲ ਵਲ ਹੀ ਆਏ ਸਨ। ਲਖੀ-ਜੰਗਲ ਵਿਚ ਆਇਆ 'ਜੰਗਲ' ਇਸ ਇਲਾਕੇ ਦੇ ਨਾਂ ਵਲ ਸਪੱਸ਼ਟ ਸੰਕੇਤ ਕਰਦਾ ਹੈ। ਪਰ ਅੱਜ ਕਲ ਕੋਈ ਮਲਵਈ ਜਾਂ ਮਲਵੈਣ ਆਪਣੀ ਬੋਲੀ ਨੂੰ ਜੰਗਲੀ ਬੋਲੀ ਨਹੀਂ ਕਹੇਗੀ/ਗਾ। ਗ੍ਰੀਅਰਸਨ ਨੇ ਦੱਸਿਆ ਹੈ ਕਿ ਉਹ ਪਟਿਆਲੇ ਤੋਂ ਲੈ ਕੇ ਬਠਿੰਡੇ ਤੇ

ਫੀਰੋਜ਼ਪੁਰ ਤਕ ਇਹ ਪੁੱਛਦਾ ਪੁੱਛਦਾ ਤੁਰਦਾ ਗਿਆ ਕਿ ਜੰਗਲ ਦਾ ਇਲਾਕਾ ਤੇ ਜੰਗਲੀ ਬੋਲੀ ਕਿਥੇ ਹੈ ਤਾਂ ਹਰ ਥਾਂ ਹਰੇਕ ਜਣਾ ਇਹੋ ਕਹਿ ਦਿੰਦਾ ਸੀ ਕਿ ਏਥੋਂ ਜੰਗਲ ਦਾ ਇਲਾਕਾ ਹੋਰ ਅਗੇ ਹੈ। ਸਾਰਾ ਮਾਲਵਾ ਗਾਹ ਕੇ ਅਖੀਰ ਬਠਿੰਡਾ ਫੀਰੋਜ਼ਪੁਰ ਤਕ ਪੁੱਜਣ ਤੋਂ ਵੀ ਕਿਸੇ ਨੇ ਵੀ ਇਹ ਨਹੀਂ ਮੰਨਿਆ ਕਿ ਇਹੋ ਹੀ ਜੰਗਲ ਹੈ ਜਿਸ ਨੂੰ ਹੁਣ ਮਾਲਵਾ ਕਿਹਾ ਜਾਂਦਾ ਹੈ।

ਮਲਵਈ ਦਾ ਇਲਾਕਾ ਪਟਿਆਲੇ ਦਾ ਦੱਖਣ-ਪੱਛਮੀ ਵਿਸ਼ਾਲ ਭਾਗ ਲੁਧਿਆਣਾ, ਬਠਿੰਡਾ, ਫ਼ਰੀਦਕੋਟ ਤੇ ਫ਼ੀਰੋਜ਼ਪੁਰ ਜ਼ਿਲ੍ਹੇ ਹਨ। ਪਰ ਇਸ ਵਿਸ਼ਾਲ ਖੇਤਰ ਵਿਚ ਮਲਵਈ ਦੇ ਕਈ ਰੰਗ ਮਿਲ ਜਾਂਦੇ ਹਨ। ਸਾਡੇ ਫਰੀਦਕੋਟ ਦੇ ਛਿਪਦੇ ਵਾਲੇ ਪਾਸੇ ਨੂੰ 'ਹਿਠਾੜ' ਤੇ ਚੜ੍ਹਦੇ ਵਾਲੇ ਪਾਸੇ ਨੂੰ 'ਉਤਾੜ' ਆਮ ਕਿਹਾ ਜਾਂਦਾ ਹੈ।

ਮਲਵਈ ਦਾ ਸਭ ਤੋਂ ਨਿਰਾਲਾ ਰੰਗ ਇਸ ਦੇ ਪੜਨਾਂਵ ਹਨ :

**ਪੜਨਾਂਵ**

'ਤੁਹਾਡਾ' ਦੀ ਥਾਂ ਥੋਡਾ, ਠੋਡਾ, ਥੁਆਡਾ, ਸੋਡਾ ਆਦਿ ਕਈ ਰੂਪਾਂਤਰ ਵਰਤੇ/ਬੋਲੇ ਜਾਂਦੇ ਹਨ ਜਿਹੜੇ ਗ਼ੈਰ-ਮਲਵਈ ਸਰੋਤਿਆਂ ਲਈ ਇਕ ਅਜੂਬਾ ਬਣੇ ਹੋਏ ਹਨ। 'ਤੁਹਾਨੂੰ' ਨੂੰ ਵੀ ਥੋਨੂੰ, ਥੁਆਨੂੰ, ਸੋਨੂੰ ਬੋਲਿਆ ਜਾਂਦਾ ਹੈ। ਤੂੰ ਤੇ ਮੈਂ ਦਾ ਸਾਂਝਾ ਪੜਨਾਂਵ 'ਆਪਾਂ' ਬੜਾ ਸੁਆਦਲਾ ਹੈ। ਆਪਣਾ ਦੀ ਥਾਂ ਆਵਦਾ ਬੜਾ ਰੋਚਕ ਦ੍ਰਿਸ਼ਟਾਂਤ ਹੈ।

**ਧੁਨੀ ਬਣਤਰ**

/ਛ-ਸ਼-ਸ/ ਦਾ ਅੰਤਰ-ਵਟਾਂਦਰਾ
ਸ਼ੇਰ ਨੂੰ ਛੇਰ
ਸੜਕ ਨੂੰ ਛੜਕ, ਸ਼ੜਕ
ਛਾਤੀ ਨੂੰ ਸ਼ਾਤੀ,
ਛੇਤੀ ਨੂੰ ਸ਼ੇਤੀ

**ਪਰਸਰਗ**

ਥਾਣੀ (ਰਾਹੀਂ), ਖੁਣੋਂ (ਬਿਨਾਂ), ਕੰਨੀ (ਵੱਲ)

**ਸ਼ਬਦਾਵਲੀ**

ਐਰਕੀ, ਐਤਕੀ (ਇਸ ਸਾਲ)
ਭਲਕੇ (ਕਲ)
ਸਾਹਜਰੇ, ਸਿਦਿੰਹਾਂ (ਸੁਵਖਤੇ, ਸੁਵੇਲੇ)
ਬਾਈ (ਭਰਾ), ਬਾਹਲਾ (ਬਹੁਤਾ), ਮੂਹਰੇ (ਅਗੇ), ਬੋਤਾ (ਊਠ)*
ਜਮਾਂ (ਉਕਾ ਹੀ) ਲੋਣੇ, ਗ੍ਰਾਂ, (ਵਾਂ ਦੇ), ਸੋਬਤੀ (ਸੁਭਾਵਿਕ ਤੌਰ ਤੇ)
ਸੌਫੀ (ਅਣ ਸ਼ਰਾਬੀ), ਜੰਨ (ਜੰਜ)

**ਸੰਖੇਪੀਕਰਣ**

ਮਖਿਆ, ਮਖ (ਮੈਂ ਆਖਿਆ)

*ਬੋਤਾ ਮਾਹੀ ਨਜ਼ਰ ਨਾ ਆਵੇ ਉਡਦੀ ਦਿੱਸੇ... ...ਲੋਕ ਗੀਤ

Sri Satguru Jagjit Singh Ji Elibrary NamdhariElibrary@gmail.com

| | |
|---|---|
| ਕੇਰਾਂ | (ਇਕ ਵੇਰਾਂ) |
| ਕੁਨੀਂ | (ਕੁਝ ਨਹੀਂ) |
| ਖੰਜਾ | (ਖੜ੍ਹੇ ਜਾ) |
| ਬਲਾ ਈਂ | (ਬਾਹਲਾ ਹੀ) |
| ਖਬਨੀ | (ਖ਼ਬਰ ਨਹੀਂ) |
| ਉਂ ਈ | (ਉਂਜੇ ਹੀ) |
| ਛਈ ਦੇਣੇ | (ਛੇਤੀ ਦੇ ਕੇ) |
| ਕਰਤਾ | (ਕਰ ਦਿਤਾ) |
| ਪਾ ਤਾ | (ਪਾ ਦਿੱਤਾ) ਆਦਿ |
| ਹਟਾ ਤਾ | (ਹਟਾ ਦਿੱਤਾ) |
| ਕਾ ਤੇ | (ਕਾਸ ਤੋਂ, ਕਿਸ ਕਾਰਨ) |

ਪ੍ਰੋ. ਮੁਖਤਿਆਰ ਸਿੰਘ ਗਿਲ ਦੇ ਥੀਸਿਸ, "Phonological & Morphological Patterns in Teh. Barnala Distt. Sangrur Pb." ਵਿਚ ਮਲਵਈ ਦੇ ਧੁਨੀ-ਤੱਤ ਤੇ ਰੂਪ-ਤੱਤ ਤੇ ਕਾਫੀ ਚਾਨਣਾ ਪਾਇਆ ਹੈ। ਪ੍ਰੋ. ਗਿੱਲ ਅਨੁਸਾਰ ਮਲਵਈ ਵਿਚ 25 ਵਿਅੰਜਨ-ਧੁਨੀਗ੍ਰਾਮ ਹਨ ਅਤੇ 10 ਸੁਰ-ਧੁਨੀਗ੍ਰਾਮ ਹਨ।

(4) ਪੁਆਧੀ : ਇਕ ਕਾ/ਕੀ ਬੋਲੀ

ਡਾ. ਗ੍ਰੀਅਰਸਨ ਨੇ 'ਪੁਆਧ' ਦਾ ਅਰਥ East (ਮਸ਼ਰਕ) ਲਿਖਿਆ ਹੈ। ਪਰ ਇਹ ਪੂਰਾ ਠੀਕ ਨਹੀਂ। ਪੁਆਧ ਦੀ ਵਿਉਂਤਪੱਤੀ ਸ਼ਾਇਦ ਸੰਸਕ੍ਰਿਤ ਸ਼ਬਦ 'ਪੂਰਵ-ਅਰਧ' ਤੋਂ ਸੰਭਵ ਹੈ ਜਿਸਦਾ ਅਰਥ ਹੈ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ।' ਪੁਆਧ ਦੇ ਐਨ ਮੁਕਾਬਲੇ ਦਾ ਵਿਪਰਿਆਇ (antonym) 'ਪੱਚਾਧ' ਹੈ ਜਿਸ ਵਲ ਇਸ਼ਾਰਾ ਡਾ. ਗ੍ਰੀਅਰਸਨ ਨੇ ਵੀ 'ਰਾਠੀ' ਦੇ ਪ੍ਰਸੰਗ ਵਿਚ ਕੀਤਾ ਹੈ। ਪੱਚਾਧ ਜਾਂ ਪੱਚਾਧਾ ਆਮ ਵਰਤੋਂ ਵਿਚ ਮੁਸਲਮਾਨਾਂ ਨੂੰ ਕਿਹਾ ਜਾਂਦਾ ਹੈ। ਪੱਚਾਧ ਦੀ ਨਿਰੁਕਤੀ ਸੰ. ਪਸ਼ਚ-ਅਰਧ ਤੋਂ ਸੰਭਵ ਹੈ ਅਰਥਾਤ ਪਿਛਲਾ ਅੱਧਾ ਹਿੱਸਾ, ਜਾਂ ਛਿਪਦੇ ਵਾਲੇ ਪਾਸੇ ਦਾ ਅੱਧਾ ਹਿੱਸਾ। ਇਸ ਤਰ੍ਹਾਂ ਪੁਆਧ (ਪਵਾਧ) ਤੇ ਪੱਚਾਧ ਇਕ ਦੂਜੇ ਦੇ ਐਨ ਸਮਾਨਾਂਤਰ ਸ਼ਬਦ ਹਨ ਅਤੇ ਦੋਵੇਂ ਪ੍ਰਚੱਲਿਤ ਹਨ। ਪੁਆਧ ਪੰਜਾਬ ਦੇ ਪੂਰਬੀ ਭਾਗ ਨੂੰ ਕਿਹਾ ਜਾਂਦਾ ਹੈ ਅਤੇ ਪੱਚਾਧ ਪੰਜਾਬ ਦੇ ਪੱਛਮੀ ਭਾਗ ਨੂੰ ਕਿਹਾ ਜਾਂਦਾ ਰਿਹਾ ਹੋਵੇਗਾ।

'ਪੂਰਵਾਰਧ' ਤੋਂ ਹੀ ਪੁਆਧ/ਪਵਾਧ ਦਾ ਨਿਕਾਸ ਹੋਇਆ ਹੈ, ਇਹ ਕਾਫ਼ੀ ਹੱਦ ਤਕ ਪ੍ਰਮਾਣੀਕ ਹੀ ਹੈ। ਪੰਜਾਬੀ ਭਾਸ਼ਾ ਦਾ ਪੂਰਬੀ ਸਿਰਾ ਪੁਆਧੀ ਦਾ ਇਲਾਕਾ ਹੈ। ਡਾ. ਗ੍ਰੀਅਰਸਨ ਨੇ ਪੁਆਧੀ ਦੇ ਖੇਤਰ ਬਾਰੇ ਕਾਫ਼ੀ ਅਨਿਸ਼ਚਿਤ ਗੱਲਾਂ ਕੀਤੀਆਂ ਹਨ। ਰੋਪੜ ਤੋਂ ਲੈ ਕੇ ਬਿਆਸ ਦਰਿਆ ਦੇ ਕੰਢਿਆਂ ਤਕ ਪੁਆਧੀ ਦਾ ਵਿਸਤਾਰ ਮੰਨਿਆ ਹੈ। ਪਰ ਪੁਆਧੀ ਏਨੀ ਦੂਰ ਤਕ ਨਹੀਂ ਮੰਨੀ ਜਾ ਸਕਦੀ। ਪੁਆਧੀ ਦਾ ਅਸਲੀ ਘਰ ਪਟਿਆਲੇ ਸ਼ਹਿਰ ਤੋਂ ਪੂਰਵ ਵਲ ਚਲਦੇ ਹੋਏ ਅੰਬਾਲਾ ਤਕ ਅਤੇ ਓਧਰ ਰੋਪੜ ਤਕ ਫੈਲਿਆ ਹੋਇਆ ਹੈ। ਟਕਸਾਲੀ ਪੁਆਧੀ ਪਟਿਆਲੇ ਦਾ ਪੂਰਬੀ ਖੇਤਰ ਹੀ ਹੈ।

ਡਾ. ਬਲਬੀਰ ਸਿੰਘ ਸੰਧੂ (ਪੰਜਾਬ ਯੂਨੀਵਰਸਿਟੀ, ਚੰਡੀਗੜ) ਨੇ ਪਹਿਲੀ ਵਾਰ

Sri Satguru Jagjit Singh Ji Elibrary NamdhariElibrary@gmail.com

ਪੁਆਧੀ ਦੀ ਭਾਸ਼ਾ ਵਿਗਿਆਨਕ ਰੂਪ ਰੇਖਾ ਆਪਣੇ ਪੀ.ਐਚ.ਡੀ. ਦੇ ਥੀਸਿਸ A Descriptive Grammar of Puadhi ਵਿਚ ਬੜੇ ਅਧਿਕਾਰ ਨਾਲ ਉਲੀਕੀ ਹੈ। ਡਾ. ਸੰਧੂ ਖੁਦ ਪੁਆਧ ਦੇ ਜੰਮਪਲ ਹਨ। ਇਸ ਲਈ ਉਨ੍ਹਾਂ ਦੇ ਪੁਆਧੀ ਦੇ ਵਿਆਕਰਣ ਤੇ ਵਾਕ-ਬਣਤਰ ਉਤੇ ਬੜਾ ਵਿਗਿਆਨਿਕ ਚਾਨਣਾ ਪਾਇਆ ਹੈ । ਡਾ. ਸੰਧੂ ਵਲੋਂ ਇਕ ਵੰਨਗੀ ਹੈ :

**ਚਪੜ ਸ਼ੀਲਕਾ ਮੇਲਾ**

ਮਾਰ੍ਹੇ ਪੁਆਦ ਕੇ ਪਾਸੇ ਕਾ ਇਯੋ ਮੇਲਾ ਬੋਅਤ ਮਸ਼ਹੂਰ ਐ । ਹਾੜ੍ਹੀ ਕੀਆਂ ਫਸਲਾਂ ਜਦ ਪੱਕ ਚੁਕਾਂ, ਤਾਂ ਇਯੋ ਮੇਲਾ ਭਰਾ । ਬੜੀ ਦੂਰ ਦੂਰ ਤੇ ਲੋਕ ਇਸ ਮੇਲੇ ਨੂੰ ਦੇਖਣੇ ਬਾਸਤੇ ਆਮਾਂ, ਅਰ ਇਸ ਮਾ ਆ ਕੈ ਆਪਣੀਐਂ ਸੁੱਖਣੈਂ ਤਾਰਾਂ ।...ਮੇਲੇ ਮਾ ਬੋਅਤ ਸਾਰੇ ਮਦਾਰੀ ਆਪਣੇ ਜਾਦੂ ਕੇ ਕਮਾਲ ਦੇਖ ਕੇ ਲੋਕਾਂ ਨੂੰ ਖੁਸੀ ਕਰੈ (ਪਰਖ, ਪੰ. ਯੂ. ਚੰਡੀਗੜ ਅੰਕ-2 ਸਾਲ 1968)

ਉਕਤ ਟੂਕ ਤੋਂ ਇਹ ਸਹਿਜੇ ਹੀ ਵੇਖਿਆ ਜਾ ਸਕਦਾ ਹੈ ਕਿ ਪੁਆਧੀ ਦਰਅਸਲ ਪੰਜਾਬੀ ਬੋਲੀਆਂ ਤੇ ਹਿੰਦੀ ਬੋਲੀਆਂ ਦਾ ਸੰਗਮ ਜਿਹਾ ਹੈ । ਪੰਜਾਬੀ ਦੀ ਪੰਜਾਬੀਅਤ ਹਿੰਦੀ-ਬੋਲੀ (ਹਰਿਆਣਵੀ/ਬਾਂਗਰੂ) ਨਾਲ ਵਿਲੀਨ ਹੁੰਦੀ ਜਾ ਰਹੀ ਹੈ । ਕਈ ਬੜੀਆਂ ਮਜ਼ੇਦਾਰ ਵੰਨਗੀਆਂ ਹਨ ਜਿਥੇ ਸ਼ਬਦ ਦਾ ਪਹਿਲਾ ਸਿਰਾ ਜਾਂ ਮੁੱਢ ਹਿੰਦਵੀ ਹੈ ਅਤੇ ਦੂਜਾ ਹਿੱਸਾ ਖਾਲਸ ਪੰਜਾਬੀ ਹੈ ਪਰ ਦੋਵੇਂ ਅਛੋਪਲੇ ਜਿਹੇ ਘੁਲਮਿਲ ਗਏ ਹਨ । ਯਥਾ: ਹਮਾਨੂੰ ਜਾਂ ਮਾਨੂੰ । ਏਥੇ/ਹਮ/ਹਿੰਦੀ ਅਤੇ/ਨੂੰ/ਪੰਜਾਬੀ ਦਾ ਅੰਸ਼ ਹੈ । ਇਸੇ ਤਰ੍ਹਾਂ ਪਰਸਰਗ/ ਬਿਚਮਾਂ/ਵਿਚ 'ਵਿਚ' ਪੰਜਾਬੀ ਅਤੇ 'ਮਾ' ਹਿੰਦਵੀ ਦਾ ਰਲਾਉ ਹੈ।

ਪੁਆਧੀ ਦੀ ਨਿੱਜੀ ਵਿਲੱਖਣਤਾ ਉਸਦੇ ਪੜਨਾਂਵ ਅਤੇ ਕ੍ਰਿਆ-ਵਿਸ਼ੇਸ਼ਣ ਹਨ। ਇਹ ਗ਼ੈਰ-ਪੁਆਧੀਆਂ ਲਈ ਬੜੇ ਦਿਲਚਸਪ ਹਨ । ਕਿਉਂਕਿ ਇਨ੍ਹਾਂ ਦਾ ਲਹਿਜਾ, ਉਚਾਰਣ, ਸਮਾਸੀ ਮੇਲ ਅਤੇ ਸ਼ੈਲੀ ਬੜੀ ਰੋਮਾਂਟਿਕ ਹੈ। ਮਿਸਾਲ ਵਜੋਂ :

**ਪੜਨਾਂਵ**

ਹੱਮ, ਹਮੈ (ਅਸੀਂ, ਅਸ਼ੀਂ)
ਥਮ, ਥਮੇਂ (ਤੂੰ, ਤੁਸੀਂ)
ਮ੍ਹਾਰੇ, ਥਾਰੇ, (ਤੇਰਾ, ਸਾਡਾ)
ਮ੍ਹਾਨੂੰ, ਥਮਾਹੈ (ਤੈਨੂੰ, ਤੁਹਾਨੂੰ)
ਇਯੋ, ਇਯੇ (ਇਹ, ਇਹ)

**ਕ੍ਰਿਆ ਵਿਸ਼ੇਸ਼ਣ**

ਇਬ (ਹਣ, ਓਗਲ)
ਜੱਗਲ (ਜਦ), ਕੱਗਲ (ਕਦ)
ਤੱਗਲ (ਤਦ)
ਇਯੂੰ (ਇਉਂ), ਨਿਯੂੰ (ਇਉਂ)
ਇੱਕਰ, ਜਿੱਕਰ, ਕਿੱਕਰ, ਉੱਕਰ

Sri Satguru Jagjit Singh Ji Elibrary NamdhariElibrary@gmail.com

**ਪਰਸਰਗ**

ਗੈਲ (ਨਾਲ) ਨਾਲੋ ਕੇ ਗੈਲ ਗੈਲ

ਬਿਚਮਾ (ਵਿਚ) ਪਟਿਆਲੇ ਕੇ ਬਿਚਮਾ,

ਪੁਆਧੀ ਵਿਚ ਵੀ ਬਾਕੀ ਪੰਜਾਬੀ ਉਪ-ਬੋਲੀਆਂ ਵਾਂਗ ਟੋਨ ਮਿਲਦੀ ਹੈ ਜਿਸਨੂੰ ਡਾ. ਸੰਧੂ ਨੇ Supersegmental ਵਰਗ ਅਧੀਨ low high ਅਤੇ level ਤਿੰਨ ਕਿਸਮਾਂ ਵਿਚ ਵੰਡਿਆ ਹੈ। ਮਿਸਾਲ ਵਜੋਂ :

ਘੜ (chisel) : low tone
ਕੜ੍ਹ (boil) : high tone
ਕੜ (bottom) : level tone

**(5) ਪਹਾੜੀ ਪੰਜਾਬੀ**

ਡਾ. ਵਿਦਿਆ ਭਾਸਕਰ ਅਰੁਣ ਨੇ ਸਾਰੀਆਂ ਪੰਜਾਬੀ ਪਹਾੜੀ ਬੋਲੀਆਂ ਨੂੰ ਇਕ ਵਰਗ ਵਿਚ ਸ਼ਾਮਲ ਕਰਕੇ ਇਕ ਨਾਂ 'ਉੱਤਰ ਅਤੇ ਪੂਰਬੀ ਵਰਗ' ਹੇਠ ਇਕੱਤਰ ਕੀਤਾ ਹੈ। ਡਾ. ਅਰੁਣ ਦੇ ਅਨੁਸਾਰ ਇਸ ਵਰਗ ਵਿਚ (1) ਡੋਗਰੀ (2) ਕਾਂਗੜੀ (3) ਕੰਡਿਆਲੀ (4) ਭਟਿਆਲੀ। ਇਹ ਪਹਾੜੀ ਉਪ-ਭਾਸ਼ਾਵਾਂ ਹਨ। ਪ੍ਰੋ. ਆਤਮ ਸਿੰਘ ਨੇ ਪਹਾੜੀ ਪੰਜਾਬੀ ਉਪ-ਬੋਲੀਆਂ ਵਿਚ ਪੱਛਮੀ ਪਹਾੜੀ, ਮੰਡਿਆਲੀ, ਚੰਬਿਆਲੀ, ਕੁਲੂਈ, ਡੋਗਰੀ ਅਤੇ ਕਾਂਗੜੀ ਗਿਣੀਆਂ ਹਨ ਪਰ ਇਨ੍ਹਾਂ ਵਿਚੋਂ ਕੁਝ ਤਾਂ ਸਥਾਨਿਕ ਨਗਰਾਂ ਦੀਆਂ ਹੀ ਬੋਲੀਆਂ ਹਨ ਜਿਵੇਂ 'ਮੰਡੀ' ਦੀ ਮੰਡਿਆਲੀ, ਚੰਬੇ ਦੀ ਚੰਬਿਆਲੀ, ਕੁੱਲੂ ਦੀ ਕੁਲੂਈ, ਸ਼ਾਹਪੁਰ-ਕੰਡੀ ਦੀ ਕੰਡਿਆਲੀ। ਇਸ ਲਈ ਇਸ ਵਰਗ ਦੀਆਂ ਡੋਗਰੀ ਤੇ ਕਾਂਗੜੀ ਦੋ ਹੀ ਪ੍ਰਮੁੱਖ ਉਪਬੋਲੀਆਂ ਹਨ। ਬਾਕੀ ਇਨ੍ਹਾਂ ਦੇ ਹੀ ਮਿਸ਼ਰਤ ਉਪ ਰੂਪ ਹਨ। ਸ੍ਰੀ ਪੀ. ਕੇ. ਹਰਿਵੰਸ਼ ਨੇ ਵੀ ਇਨ੍ਹਾਂ ਸਾਰੀਆਂ ਬੋਲੀਆਂ ਨੂੰ ਇਕੋ ਨਾਂ 'ਪਹਾੜੀ ਭਾਸ਼ਾਵਾਂ' ਦੇ ਅੰਤਰਗਤ ਹੀ ਰਖਿਆ ਹੈ।[33]

**ਡੋਗਰੀ**

ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਦੀ ਇਹ ਬੋਲੀ ਡੋਗਰੀ ਵਿਕਾਸ ਕਰਦੀ ਹੋਈ ਹੁਣ ਸੁਤੰਤਰ ਭਾਸ਼ਾ ਦੇ ਰੂਪ ਵਿਚ ਉਜਾਗਰ ਹੋ ਰਹੀ ਹੈ। ਭਾਰਤ ਸਰਕਾਰ ਦੀ ਸਾਹਿਤ ਅਕਾਦਮੀ ਦਿੱਲੀ ਨੇ ਹੁਣੇ ਜਿਹੇ ਭਾਰਤੀ ਸੰਵਿਧਾਨ ਦੇ ਅੱਠਵੀਂ ਅਨੁਸੂਚੀ ਵਿਚ ਦਰਜ ਭਾਰਤੀ ਭਾਸ਼ਾਵਾਂ ਦੇ ਨਾਲ ਡੋਗਰੀ ਨੂੰ ਬਤੌਰ ਸੁਤੰਤਰ ਭਾਸ਼ਾ ਮਾਨਤਾ ਪ੍ਰਦਾਨ ਕਰ ਦਿੱਤੀ ਹੈ। The Tribune March 18, 1976, ਜੰਮੂ-ਕਸ਼ਮੀਰ ਰਿਆਸਤੀ ਸਰਕਾਰ ਨੇ ਡੋਗਰੀ ਵਿਭਾਗ ਕਾਇਮ ਕਰ ਦਿੱਤਾ ਹੈ ਅਤੇ ਡੋਗਰੀ ਵਿਚ ਸਾਹਿਤ ਵੀ ਲਿਖਿਆ ਜਾ ਰਿਹਾ ਹੈ। ਪਹਿਲਾਂ ਡੋਗਰੀ ਦੀ 'ਸ਼ਾਰਦਾ' ਆਪਣੀ ਵੱਖਰੀ ਲਿਪੀ ਵੀ ਸੀ ਪਰ ਹੁਣ ਇਹ ਦੇਵਨਾਗਰੀ ਵਿਚ ਹੀ ਲਿਖੀ ਜਾ ਰਹੀ ਹੈ।

ਪ੍ਰੋ. ਗੋਰੀ ਸ਼ੰਕਰ ਨੇ 'ਡੋਗਰੀ' ਦੇ ਨਿਕਾਸ ਉਤੇ ਚਾਨਣਾ ਪਾਉਂਦਿਆਂ ਲਿਖਿਆ ਹੈ ਕਿ ਡੋਗਰੀ 'ਦੁਰਗਰ' ਜਾਤੀ ਦੀ ਭਾਸ਼ਾ ਸੀ ਅਤੇ ਦੁਰਗਰ ਦਾ ਉਲੇਖ ਚੰਬਾ ਦੇ ਰਾਜਿਆਂ ਦੇ ਤਾਮਰ-ਪੱਤਰਾਂ (1060-1080 ਈ.ਡੀ.) ਉਤੇ ਅੰਕਿਤ ਹੋਇਆ ਮਿਲਦਾ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਹੈ ਕਿ ਡੋਗਰ ਸੰਸਕ੍ਰਿਤ : ਦ੍ਵਿ-ਗਰਤ ਦਾ ਤਦਭਵ ਰੂਪ ਹੈ ਜਿਵੇਂ

ਤ੍ਰਿ-ਗਰਤ ਦਾ ਤਦਭਵ 'ਤਿਗੜਾ ਜਾਂ ਤਿਗਾੜਾ' ਹੈ। ਇਥੇ ਦਿ-ਗਰਤ ਤੋਂ ਭਾਵ ਰਾਵੀ ਤੇ ਚਨਾਬ ਦੋ ਦਰਿਆਵਾਂ ਦਾ ਹੈ ਜਿਨ੍ਹਾਂ ਦੇ ਵਿਚਕਾਰ ਇਹ ਲੋਕ ਆਬਾਦ ਸਨ ਅਤੇ ਡੋਗਰੀ ਬੋਲੀ ਬੋਲਦੇ ਸਨ (ਪਰਖ, ਪੰ. ਯੂ. ਚੰਡੀਗੜ ਨੰ. 1, ਸਾਲ 1965)। ਪ੍ਰੋ. ਉੱਜਲ ਸਿੰਘ ਬਾਹਰੀ ਅਨੁਸਾਰ 'ਡੁੱਗਰ' ਦੋ ਝੀਲਾਂ 'ਸਰੋਈਸਰ' ਅਤੇ 'ਮਾਨਸਰ' ਦੇ ਆਲੇ-ਦੁਆਲੇ ਦੇ ਇਲਾਕੇ ਦਾ ਨਾਂ ਹੈ। ਗਰਤ ਦਾ ਅਰਥ ਹੈ ਟੋਆ। ਦੋ ਟੋਏ ਤੋਂ ਵਿਗੜਦਾ ਇਹ ਡੋਗਰ, ਡੋਗਰੀ ਬਣ ਗਿਆ। (ਆਲੋਚਨਾ-1967)

ਡੋਗਰੀ ਦਾ ਮੁਖ ਕੇਂਦਰ ਜੰਮੂ ਪ੍ਰਾਂਤ ਹੈ ਤੇ ਰਾਵੀ ਤੋਂ ਲੈ ਕੇ ਚਨਾਬ (ਝਨਾਂ) ਤੀਕ ਹੈ। ਪ੍ਰੋ. ਗੋਰੀ ਸ਼ੰਕਰ ਨੇ ਡੋਗਰੀ ਤੇ ਪੰਜਾਬੀ ਦੇ ਫਰਕ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ tone, cadence, accent, intonation, rhythm ਇਤਿਆਦਿ। ਭਾਸ਼ਾ ਤੱਤ ਖ਼ਾਸ ਕਰਕੇ ਡੋਗਰੀ ਦੇ, ਨਿਰਾਲੇ ਹਨ।

ਬਹੁਤੇ ਤੱਤ ਪੰਜਾਬੀ ਵਰਗੇ ਹੀ ਹਨ ਪਰ ਕੁਝ ਕੁ ਤੱਤ ਨਿਰਾਲੇ ਹਨ ਜਿਨ੍ਹਾਂ ਵਿਚੋਂ ਪੜਨਾਂਵ ਅਤੇ ਕ੍ਰਿਆਰੂਪ ਉਲੇਖ ਯੋਗ ਹਨ :

| ਡੋਗਰੀ | | ਪੰਜਾਬੀ | |
|---|---|---|---|
| (ਇਕ ਵਚਨ) | (ਬਹੁ-ਵਚਨ) | (ਇਕ ਵਚਨ) | (ਬਹੁ-ਵਚਨ) |
| ਮੈਂ, ਅਹੂੰ | ਅਸੂ, ਅਸੇਂ | ਮੈਂ | ਅਸੀਂ |
| ਮਿਗੀ, ਮੀਂਹ | ਅਸੇਂਗੀ, ਅਸੇਂਕੀ | ਮੈਨੂੰ | ਅਸੀਂ |
| ਮੇਰੇ ਥਵਾਂ | ਸਾੜ੍ਹੇ ਥਵਾਂ | ਮੈਥੋਂ | ਸਾਥੋਂ |
| ਮ੍ਹਾੜਾ, ਮ੍ਹਾੜੀ | ਸਾੜ੍ਹਾਂ, ਸਾਹੜੀਆਂ | ਮੇਰਾ | ਸਾਡਾ |

ਪੱਠੋਹਾਰੀ ਪੁਣਛੀ ਦੀ 'ਪਕਾਈ ਛੋੜਿਆ' ਡੋਗਰੀ ਵਿਚ 'ਪਕਾਈ ਓੜਿਆ' ਜਾਂ 'ਪੱਕਾ-ਊੜਿਆ' ਬਣ ਜਾਂਦਾ ਹੈ। ਇਸ ਸਮਾਨਤਾ ਦਾ ਇਕ ਕ੍ਰਿਆ ਵਰਗ ਹੀ ਹੈ :—

ਖਾਈ/ਓੜਿਆ, ਪੀ-ਓੜਿਆ, ਕਰੀ/ਓੜਿਆ, ਡਰਾਈ-ਓੜਿਆ (ਡਰਾਊੜਿਆ)।

ਪ੍ਰਾਚੀਨ ਡੋਗਰੀ ਲੋਕ ਸਾਹਿਤ ਦੀ ਵੰਨਗੀ ਹਾਜ਼ਰ ਹੈ :

ਲਹੁਕੀ ਉਮਰ ਤੇ ਚੜ੍ਹਦੀ ਜੁਆਨੀ, ਅਮਲੇਂ ਬਿਚ ਗਲ ਗਈ ਜਿੰਦਗਾਨੀ।
ਸੁਕੀ ਗਿਆ ਤੇ ਲੱਭਦਾ ਈ ਜੀਹਾਂ ਕਾਨੀ, ਭਾਮੇਂ ਗਿਣੀ ਲਓ ਬੱਖ ਬੱਖ ਹੱਡੀਆਂ।
ਅਜੇ ਕਲੇ ਦੇ ਜੁਆਨ ਬਚਾਰੇ, ਸੁੱਕਾ ਦਾ ਮੂੰਹ ਬਿਪਦਾ ਦੇ ਮਾਰੇ।
ਚਲਦੇ ਮਸਾਂ ਸੋਈਏ ਦੇ ਸੁਾਰੇ, ਰੋਹੀ ਗਈਆਂ ਹੁਣ ਕੰਘੀਆਂ ਪਟੀਆਂ।

(ਕਵੀ ਦੱਤ ਦੀ ਕਵਿਤਾ)

ਠੰਡੇ ਠੰਡੇ ਪਾਨੀ ਜਿਨ੍ਹੇ ਪੀਤੇ ਬਰਫਾਨੀ ਭਲੇ ਤੇਹਿਯਾ ਦਾ ਪਾਨੀ ਨ ਚੇਤੇ ਕੁਸ ਆਉਂਦਾ।
ਮਿੱਠੇ ਮਿੱਠੇ ਅੰਬ ਜਿਨ੍ਹੇ ਚੂਪ ਛੋਲ ਪੰਜਲੇ ਦੇ ਕੁੱਥੋ ਖਰਬੂਜਾ ਹੁਨ ਤਿੱਖੋ ਮਨ ਭਾਉਂਦਾ।
ਲਿਖ ਲਿਖ ਥਕੇ ਨੈਨ ਪੱਕੇ ਰਾਹ ਦਿੱਖੀ ਦਿੱਖੀ ਭਨੇ ਨੇਏਸੋਲ ਛੋੜੀ ਕੁਣ ਆਉਂਦਾ।
ਪਈ ਬਰਸਾਤ ਫਿਰੀ ਉਥੇ ਮਨ ਸ਼ਾਂਤ ਭਲੇ ਅਸੇਂ ਬੱਖੀ ਕੈਸ ਕੀ ਤੁਸਾੜਾ ਮਨ ਭਾਉਂਦਾ।

(ਵ੍ਰਜਰਾਜ ਪੰਚਾਸਿਕਾ : ਕਵੀ ਦੱਤ ਵਿਚੋਂ)

**ਕਾਂਗੜੀ**

ਪੰਜਾਬੀ ਪਹਾੜੀ ਉਪ-ਭਾਸ਼ਾਵਾਂ ਵਿਚੋਂ ਕਾਂਗੜੀ ਦੂਜੀ ਪ੍ਰਮੁਖ ਬੋਲੀ ਹੈ, ਡਾ. ਸਿੱਧੇਸ਼ਵਰ

Sri Satguru Jagjit Singh Ji Elibrary NamdhariElibrary@gmail.com

ਵਰਮਾ ਦਾ ਵਿਚਾਰ ਹੈ ਕਿ ਪੰਜਾਬੀ ਲੋਕਾਂ ਦਾ ਅਨੁਭਵ ਹੈ ਕਿ ਜਦ ਕਾਂਗੜੇ ਦੇ ਇਲਾਕੇ ਦੇ ਦੋ ਆਦਮੀ ਆਪੋ ਵਿਚ ਆਪਣੀ ਬੋਲੀ ਵਰਤਣ ਤਦ ਪੰਜਾਬੀ ਸਰੋਤਾ ਨੂੰ ਉਨ੍ਹਾਂ ਦੀ ਗੱਲ ਦਾ ਥੋੜ੍ਹਾ ਹੀ ਹਿੱਸਾ ਸਮਝ ਵਿਚ ਆਉਂਦਾ ਹੈ। ਇਸਦਾ ਪਹਿਲਾ ਕਾਰਣ ਤਾਂ ਕਾਂਗੜੀ ਦਾ ਲਹਿਜਾ ਹੈ। ਦੂਜਾ ਕਾਰਨ ਗੱਲ-ਬਾਤ ਵਿਚ ਬਹੁਤਾ ਚਾਲੂ ਸੰਬੰਧਕ (ਅਵਯਯ) ਹਨ। ਲਹਿਜੇ, ਸੰਬੰਧ-ਸ਼ਬਦਾਂ ਤੇ ਵਾਕ-ਰਚਨਾ ਦੇ ਓਪਰੇ ਹੋਣ ਦੇ ਕਾਰਣ ਇਹ ਦਾਅਵੇ ਨਾਲ ਕਹਿਣਾ ਕਿ ਕਾਂਗੜੀ ਪੰਜਾਬ ਦੀ ਸ਼ਾਖ ਹੈ ਜ਼ਰਾ ਔਖਾ ਹੈ। (ਆਲੋਚਨਾ 1965), ਡਾ. ਗ੍ਰੀਅਰਸਨ ਨੇ ਕਾਂਗੜੀ ਨੂੰ ਪੰਜਾਬੀ ਦੀ ਡਾਇਲੈਕਟ ਹੀ ਮੰਨਿਆ ਹੈ। ਅਸੀਂ ਕਹਿ ਸਕਦੇ ਹਾਂ ਕਿ ਕਾਂਗੜੀ ਤੇ ਹੋਰ ਪਹਾੜੀ ਬੋਲੀਆਂ ਪੰਜਾਬੀ ਭਾਸ਼ਾ ਮੰਡਲ ਦੀਆਂ ਜੁੜੀਆਂ ਸ਼ਾਖਾਂ ਹਨ। ਪ੍ਰੋ. ਉੱਜਲ ਸਿੰਘ ਬਾਹਰੀ ਨੇ ਬੜੇ ਅਦਬ ਨਾਲ ਡਾ. ਵਰਮਾ ਜੀ ਦੇ ਵਿਚਾਰ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ "ਮੈਨੂੰ ਇਹ ਲਗਦਾ ਹੈ ਕਿ ਜੇ ਭੇਦਾਂ ਤੇ ਸਮਾਨਤਾਵਾਂ ਦੀ ਮਾਤਰਾ ਗਣਿਤ ਦੇ ਕਿਸੇ ਮਾਹਿਰ ਕੋਲੋਂ ਕਢਵਾਈ ਜਾਵੇ ਤਾਂ ਡਾਕਟਰ ਸਾਹਿਬ ਹੈਰਾਨ ਹੋਣਗੇ।" (ਆਲੋਚਨਾ 1965), ਪ੍ਰੋ. ਬਾਹਰੀ ਨੇ ਕਾਂਗੜੇ ਦੀ ਬੋਲੀ ਬਾਰੇ ਲੇਖ ਵਿਚ ਪੰਜਾਬੀ ਤੇ ਕਾਂਗੜੇ ਦੀ ਬਹੁਤ ਸਾਰੇ ਉਦਾਹਰਣ ਦੇ ਕੇ ਇਹ ਸਿੱਧ ਕੀਤਾ ਹੈ ਕਿ ਦੋਵਾਂ ਵਿਚ ਉਹੋ ਰਿਸ਼ਤਾ ਹੈ ਜਿਹੜਾ ਇਕ ਭਾਸ਼ਾ ਤੇ ਉਸਦੀ ਉਪ-ਭਾਸ਼ਾ ਵਿਚ ਹੋ ਸਕਦਾ ਹੈ। ਅਸਲ ਵਿਚ ਕਾਂਗੜਾ ਜਾਂ ਬਾਕੀ ਪਹਾੜੀ ਇਲਾਕਿਆਂ ਵਿਚ ਬੋਲੀ ਥਾਰੀਂ ਕੋਹੀਂ ਬਦਲ ਜਾਂਦੀ ਹੈ। ਪ੍ਰੋ. ਮੋਹਨ ਮੈਤ੍ਰੇਯ ਨੇ ਠੀਕ ਕਿਹਾ ਹੈ ਕਿ "ਕਾਂਗੜਾ ਦੇਸ਼ ਦੀਆਂ ਬੋਲੀਆਂ ਦਸ-ਦਸ, ਬਾਰਾਂ ਬਾਰਾਂ ਮੀਲ ਦੇ ਫਾਸਲੇ ਉਤੇ ਬਦਲ ਜਾਂਦੀਆਂ ਹਨ। ਕਾਂਗੜੇ ਵਿਚ ਹੀ ਲਗ ਪਗ ਅੱਠ ਤਰ੍ਹਾਂ ਦੀ ਬੋਲੀ ਪ੍ਰਚੱਲਿਤ ਹੈ" (ਮੋਹਨ ਮੈਤ੍ਰੇਯ : ਪੰਜਾਬ ਕੀ ਪਰਵਤੀਯ ਭਾਸ਼ਾ ਤਥਾ ਬੋਲਿਯਾਂ, ਜਨ ਸਾਹਿਤਯ, ਭਾਸ਼ਾ ਵਿਭਾਗ 1965)।

ਕਾਂਗੜੀ ਦੀਆਂ ਵਿਲਖਣਤਾਵਾਂ ਤੇ ਇਕ ਨਜ਼ਰ ਮਾਰਦੇ ਹਾਂ :

**ਪੜਨਾਂਵ**

ਮਿੰਜੋ (ਮੈਨੂੰ) ਅਸਾਂ ਜੋ (ਸਾਨੂੰ)
ਮਿੰਜੋ ਤੇ (ਮੈਥੋਂ) ਅਸਾਂ ਤੇ
ਤਿਜੋ (ਤੈਨੂੰ) ਤੁਸਾਂ ਜੋ (ਤੁਹਾਨੂੰ)
ਘੋੜੀ ਕੀ (ਘੋੜੀ ਨੂੰ) ਘੋੜੀਆਂ ਕੀ (ਘੋੜਿਆਂ ਨੂੰ)

ਭਿੰਨ ਭਿੰਨ ਪੰਜਾਬੀ ਪਹਾੜੀ ਬੋਲੀਆਂ ਦੇ ਨਮੂਨੇ ਪੇਸ਼ ਹਨ :

ਪੰਜਾਬੀ : ਮੈਂ ਅੱਜ ਹਿੰਡਦਾ ਹਿੰਡਦਾ ਬੜੀ ਦੂਰੋਂ ਆਇਆ ਹਾਂ।
ਭਟਿਆਲੀ : ਮੈਂ ਅੱਜ ਬੜੇ ਦੂਰਾ ਕਛਾ ਹਾਂ ਡੀ ਆਇਆ।
ਚੰਬਿਆਲੀ : ਹਾਓਂ ਅੱਜ ਬੜੇ ਦੂਰਾ ਕਛਾ ਹਾਂ ਡੀ ਆਇਆ।
ਭਰਮੌਰੀ : ਔਂ ਅੱਜ ਬੜੇ ਦੂਰਾਂ ਥਾਉਂ ਹਾਂਡੇਆਂ ਹੂੰ।
ਚੁਰਾਹੀ : ਔਂ ਅੱਜਾ ਦੂਰ ਕਨਾ ਹਾਂ ਡੀ ਯਾਹ।
ਪੰਗਵਾਲੀ : ਔਂ ਅੱਜ ਬੜਾ ਦੂਰ ਹੰਠਾ।

ਕਾਂਗੜੀ ਦੇ ਲੋਕ-ਕਾਵਿ ਦਾ ਨਮੂਨਾ ਪੇਸ਼ ਹੈ :

ਜੀਣਾ, ਪਹਾੜੇ ਦਾ ਜੀਣਾ।

Sri Satguru Jagjit Singh Ji Elibrary NamdhariElibrary@gmail.com

ਠੰਡੀ ਠੰਡੀ ਹਵਾ ਚਲਦੀ, ਬਰਫਾਂ ਦਾ ਪਾਣੀ ਪੀਣਾ ।
ਹੋਰਨਾਂ ਬਾਗੀਂ ਸਭ ਫੁੱਲ ਫੁੱਲਦੇ ਮੇਰੇ ਬਾਗੀ ਫੁਲ ਮਹਿੰਦੀ ।
ਰਾਜੀ ਰਹੀਓਂ ਅੜੀਓ । ਜੁਗ ਜੁਗ ਦੁਨੀਆਂ ਈਹਾਂ ਹੀ ਕਹਿੰਦੀ ।

(ਕਾਂਗੜਾ : ਡਾ. ਐਮ. ਐਸ. ਰੰਧਾਵਾ)

(6) ਪੋਠੋਹਾਰੀ : ਇਕ ਨਾਂ/ਨੀ ਬੋਲੀ

ਪੋਠੋਹਾਰੀ ਪਾਕਿਸਤਾਨ ਦੇ ਜੇਹਲਮ ਤੇ ਰਾਵਲਪਿੰਡੀ ਦੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ । ਇਸ ਨੂੰ ਕਈਆਂ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਜਿਵੇਂ ਪੋਠੋਹਾਰੀ, ਧੰਨੀ, ਅਵਾਣ-ਕਾਰੀ, ਘੇਬੀ, ਪਰ ਇਨ੍ਹਾਂ ਵਿਚ ਥੋੜ੍ਹਾ ਥੋੜ੍ਹਾ ਫ਼ਰਕ ਜ਼ਰੂਰ ਹੈ । ਡਾ. ਸੋਹਿੰਦਰ ਸਿੰਘ ਬੇਦੀ ਨੇ[33] ਲਿਖਿਆ ਹੈ ਕਿ ਪੋਠੋਹਾਰੀ ਦੇ ਕਈ ਰੂਪ ਹਨ—ਮੈਦਾਨੀ ਇਲਾਕੇ ਵਿਚ ਹੀ ਸ਼ਹਿਰੀ ਤੇ ਪੇਂਡੂ ਪੋਠੋਹਾਰੀ ਵਿਚ ਕਾਫ਼ੀ ਅੰਤਰ ਹੈ । ਪਿੰਡਾਂ ਵਿਚ ਮਹਾੜਾ, ਤੁਹਾੜਾ, ਅੱਛਣਾ, ਗੱਛਣਾ ਆਦਿ ਸ਼ਬਦ ਆਮ ਮਿਲਦੇ ਹਨ । ਸ਼ਹਿਰੀ ਮੈਂਡਾ, ਤੈਂਡਾ, ਆਲਾ, ਜਾਨਾ ਦਾ ਪ੍ਰਯੋਗ ਕਰਦੇ ਹਨ । ਵੰਡ ਤੋਂ ਪਹਿਲਾਂ ਹਿੰਦੂ ਸਿੱਖਾਂ, ਅਤੇ ਮੁਸਲਮਾਨਾਂ ਦੀ ਪੋਠੋਹਾਰੀ ਵਿਚ ਵੀ ਫ਼ਰਕ ਸੀ :

| ਮੁਸਲਮਾਨ | ਹਿੰਦੂ-ਸਿੱਖ |
|---|---|
| ਨਿਮਾਸ਼ਾ | ਪਿਛਾਹੀ |
| ਫਜਰੀਂ | ਸਰਘੀ ਵੇਲੇ, ਵਡੇ ਵੇਲੇ |
| ਨਿਕਾਹ | ਵਿਆਹ |
| ਸਾਫ਼ਾ | ਪੱਗ |
| ਕਟਵੀ | ਕੁੱਲੀ |

ਪੋਠੋਹਾਰੀ ਸ਼ਬਦਾਵਲੀ ਦੇ ਪੱਖੋਂ ਆਮ ਕਰਕੇ ਠੇਠ ਪੰਜਾਬੀ ਨਾਲ ਮਿਲਦੀ ਹੈ ਪਰ ਉਹ ਵਿਆਕਰਣਿਕ ਅੰਸ਼ਾਂ ਵਿਚ ਨਵੇਕਲੀਆਂ ਵਿਸ਼ੇਸ਼ਤਾਵਾਂ ਸੰਭਾਲੀ ਬੈਠੀ ਹੈ । ਇਨ੍ਹਾਂ ਵਿਸ਼ੇਸ਼ਤਾਵਾਂ ਵਿਚੋਂ ਮੁਖ ਮੁਖ ਇਹ ਹਨ :

(1) ਅੱਧਕ ਦੀ ਪ੍ਰਵਿਰਤੀ : ਰੱਤਾ (ਰਤਾ ਕੁ), ਪੱਤਾ (ਪਤਾ, ਪੰਜਾਬੀ)
(2) ਕਨੌੜਾ ਦਾ ਘਟ ਪ੍ਰਯੋਗ : ਚੈਂੜਾ (ਚੰਗਾ) ਸੈਣਾ (ਸੌਣਾ)
(3) /ਹ/ ਦੀ ਵਧ ਵਰਤੋਂ : ਹੁੱਸ (ਉਸ) ਹਿੱਸ (ਇਸ), ਹਿੱਕ (ਇਕ)
(4) ਅੰਤਲੇ /ਹ/ ਦੀ ਵਾਧੂ ਵਰਤੋਂ : ਜਾਹ (ਜਾ) ਨਾਂਹ (ਨਾ) ਦੇ (ਦੇਹ)
(5) ਨਾਸਿਕਤਾ ਦਾ ਲੋਪ : ਕਘੀ (ਕੰਘੀ), ਕੱਧ (ਕੰਧ), ਲੱਘ (ਲੰਘ), ਸੱਢ (ਸੰਢ), ਗੱਢ (ਗੰਢ),
(6) /ਛ/ ਨੂੰ /ਸ਼/ ਵਿਚ ਬਦਲਣਾ : ਜਿਹਲਮ ਵਿਚ-ਗ੍ਰਮਾ ਛੋੜਿਆ ਸੂ
ਰਾਵਲਪਿੰਡੀ ਵਿਚ-ਗੁਮਾ ਦੀ ਸ਼ੋੜਿਆ ਸੂ
(7) /ਉ/ ਦੀ ਥਾਂ /ਵ/ ਦੀ ਪ੍ਰਵਿਰਤੀ : ਸਾਉਣ (ਸਾਵਣ), ਖਾਉਣ (ਖਾਵਣ)
(8) ਘ, ਝ, ਢ, ਧ, ਭ ਦਾ ਹਿੰਦੀ ਨੁਮਾ ਉਚਾਰਨ
(9) ਪ੍ਰਾਚੀਨ ਵੈਦਿਕ ਭਾਸ਼ਾ ਦੇ ਸ਼ਬਦ : ਅੱਛ, ਗੱਛ, ਜੰਘ, ਗਿਰਾ, ਖੇਹਨੂੰ (ਕੰਦੂਕ)
(10) ਅੰਤਲੇ ਵਿਅੰਜਨਾਂ ਨਾਲ ਨਾਂ : ਹੱਲੇ (ਹੱਲ), ਪੁੱਤਰ (ਪੁੱਤਰੇ), ਹੁੱਠੇ (ਹੇਠ)

Sri Satguru Jagjit Singh Ji Elibrary NamdhariElibrary@gmail.com

(11) ਅੰਤਲੇ ਵਿਅੰਜਨਾਂ ਨਾਲ ਲਾ : ਮਹਿੰਦਰੇ ਨੀ ਰੋਟੀ (ਮਹਿੰਦਰ ਦੀ ਰੋਟੀ) ਮਝੀ ਕੀ ਗਤਾਵਾ ਪਾ (ਮੱਝ ਨੂੰ ਗੁਤਾਵਾ ਪਾ)

(12) ਪੜਨਾਂਵ : ਕਰਮ ਕਾਰਕ : ਮਿੱਕੀ, ਮਿੱਘੀ, ਮਿੰਘੀ, (ਮੈਨੂੰ)
ਸੰਬੰਧ ਕਾਰਕ : ਮਾੜਾ, ਮਾੜ੍ਹੀ (ਮੇਰਾ)
ਸਾੜਾ, ਸਾੜ੍ਹੀ (ਅਸਾਡਾ)
ਤੁੱਘੀ, ਤੁੱਕੀ (ਤੈਨੂੰ)
ਤੁਸਾੜ੍ਹਾ, ਤੁਹਾਡਾ (ਤੁਹਾਡਾ)

(13) ਸੰਜੁਗਤ /ਤ/ ਦਾ ਸੁਰਖਿਆ : ਤ੍ਰੈ, ਤੇਤਰੀ, ਪੰਤਰੀ, ਸਤੱਤਰੀ, ਅਠੱਤਰੀ

(14) ਭਵਿਖਵਾਚੀ /ਸ/ ਦੀ ਵਰਤੋਂ : ਹੋਸਾਂ (ਹੋਵਾਂਗਾ) ਹੋਸਨ (ਹੋਣਗੇ)

(15) ਭੂਤ ਕ੍ਰਿਦੰਤ ਵਿਚ /ਤ, ਧ/ ਦੀ ਰਖਿਆ : ਲੱਧਾ (ਲਭਿਆ), ਸਿੰਵਾਤਾ (ਸਿੰਵਾਣਿਆ)

(16) ਸ਼ੈਲੀ ਪੱਖੋਂ ਸ਼ਲੇਸ਼ਾਤਮਕ/ਸੰਜੋਗਾਤਮਕ ਹੈ : ਸੁੱਤਮ (ਮੈਂ ਸੁੱਤਾ)
ਸੁੱਤੇ ਸੇ (ਅਸੀਂ ਸੁੱਤੇ) ਕੀਤੇ ਇ (ਤੂੰ ਕੀਤਾ)
ਕੀਤੋ ਵੇ (ਤੁਸੀਂ ਕੀਤਾ) ਮਾਰਿਓਸ (ਉਹ ਮਾਰਦਾ) ਮਾਰਿਓਨੇ (ਉਹ ਮਾਰਦੇ)

ਪੋਠੋਹਾਰੀ ਲੋਕ-ਕਾਵਿ ਦਾ ਨਮੂਨਾ ਪੇਸ਼ ਹੈ :

ਕਿਹੀ ਮਿੱਠੀ ਮਿੱਠੀ ਵਗਨੀ ਏ ਵਾ,
ਢਲੀ ਗਿਆ ਜੋਬਨਾਂ ਅਥਰੂਆਂ ਕੀ ਡਕੀ ਡਕੀ,
ਹੁਣ ਤੈਂ ਸੂਹੇ ਸੂਹੇ ਫੁਲਾਂ ਕੀ ਤਕੀ ਤਕੀ,
ਮੈਂਡਾ ਬੰਦ ਬੰਦ ਉਠਣਾ ਏ ਗਾ,
ਕਿਹੀ ਮਿੱਠੀ ਮਿੱਠੀ ਵਗਨੀ ਏ ਵਾ ।

(ਦੁੱਗਲ : ਕੰਢੇ ਕੰਢੇ)[23]

(7) ਮੁਲਤਾਨੀ

ਪਿਛਲੇ ਸਾਲ 1975 ਵਿਚ ਮਾਸਕੋ ਤੋਂ ਰੂਸ ਦੇ ਵਿਦਵਾਨ ਸ੍ਰੀ U. A. Smirnov ਨੇ The Lahndi Language ਪੁਸਤਕ ਪ੍ਰਕਾਸ਼ਿਤ ਕੀਤੀ ਹੈ । ਇਹ ਰੂਸੀ ਤੋਂ ਅੰਗਰੇਜ਼ੀ ਉਲਥਾ ਹੈ । ਸਮਿਰਨੋਵ ਨੇ ਲਹਿੰਦੀ ਵਿਚ ਪੋਠੋਹਾਰੀ-ਵਰਗ ਨਾਲ ਮੁਲਤਾਨੀ ਨੂੰ ਵੀ ਸ਼ਾਮਲ ਕਰਕੇ ਸਮੁੱਚੀ ਪੱਛਮੀ ਪੰਜਾਬੀ (ਲਹਿੰਦੀ) ਦਾ ਵਿਗਿਆਨਿਕ ਅਧਿਐਨ ਕੀਤਾ ਹੈ । ਉਸਦਾ ਕਥਨ ਹੈ :

ਲਹਿੰਦੀ ਇਕ ਉਹ ਭਾਸ਼ਾ ਹੈ ਜਿਸਦਾ ਇਤਿਹਾਸ ਵਿਚ ਬਹੁਤ ਡੂੰਘਾ ਅਸਥਾਨ ਹੈ । ਇਹ ਪੁਰਾਤਨ ਕਲਚਰ ਨਾਲ ਗੂੜ੍ਹੀ ਤਰ੍ਹਾਂ ਸੰਪਰਕਿਤ ਹੈ । ਲਹਿੰਦੀ ਦੀ ਬਹੁਤ ਮਹੱਤਵ-ਪੂਰਨ ਬੋਲੀ 'ਮੁਲਤਾਨੀ' ਹੈ ਜਿਹੜੀ ਕਿ ਪਾਕਿਸਤਾਨ ਦੇ ਪ੍ਰਸਿੱਧ ਭਾਸ਼ਾ-ਵਿਗਿਆਨੀ ਸ਼ੇਖ ਇਕਰਾਮ-ਉਲ-ਹਕ ਦੇ ਆਖਣ ਅਨੁਸਾਰ, ਪਾਕਿਸਤਾਨ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਜ਼ਬਾਨ ਹੈ । 50 ਲੱਖ ਮੁਲਤਾਨੀ ਵਕਤੇ ਕੋਈ 75,000 ਮੁਰੱਬਾ ਮੀਲਾਂ ਵਿਚ ਵਸਦੇ ਹਨ (ਹਕ) । ਮੁਲਤਾਨ ਸਿੰਧਵਾਦੀ ਦਾ ਪ੍ਰਾਚੀਨ ਸਭਿਆਚਾਰਕ ਕੇਂਦਰ ਰਿਹਾ ਹੈ ।

Sri Satguru Jagjit Singh Ji Elibrary NamdhariElibrary@gmail.com

ਚਾਰ ਹਜ਼ਾਰ ਸਾਲ ਪਹਿਲਾਂ ਜਦੋਂ ਆਰੀਆ ਲੋਕ ਉੱਤਰ ਦਿਸ਼ਾ ਵਲੋਂ ਹਿੰਦ ਵਿਚ ਆਏ ਤਾਂ ਉਹ ਮੁਲਤਾਨ ਵਿਚ ਹੀ ਆ ਕੇ ਵਸੇ ਸਨ ਸ਼ਾਇਦ ਇਸੇ ਲਈ ਇਸ ਥਾਂ ਨੂੰ ਸੰਸਕ੍ਰਿਤ ਵਿਚ 'ਮੂਲ-ਸਥਾਨ' (ਮੁੱਢਲੀ ਥਾਂ) ਆਖਿਆ ਗਿਆ ਹੋਵੇਗਾ ਜਿਸਦਾ ਤਦਭਵ ਰੂਪ ਅਜੋਕਾ ਮੁਲਤਾਨ ਹੈ (ਸਮਿਰਨੋਵ)।

1962 ਵਿਚ ਹੋਈ ਪਹਿਲੀ ਪਾਕਿਸਤਾਨੀ ਭਾਸ਼ਾ-ਇਕੱਤਰਤਾ (ਪਾਕਿਸਤਾਨ) ਵਿਚ ਸ਼ੇਖ ਇਕਰਾਮ-ਉਲ-ਹਕ ਨੇ ਕਿਹਾ ਸੀ ਸਾਡੀ ਬੜੀ ਬਦਕਿਸਮਤੀ ਹੈ ਕਿ ਸਿਆਸੀ ਤੌਰ ਤੇ ਹੋਈ ਪਾਕਿਸਤਾਨ ਦੀ ਪੁਨਰ-ਵੰਡ ਨਾਲ ਪੰਜਾਬੀ, ਸਿੰਧੀ ਤੇ ਬਲੋਚੀ ਭਾਸ਼ਾਵਾਂ ਅਹਿਮੀਅਤ ਧਾਰਨ ਕਰ ਗਈਆਂ ਹਨ ਪਰੰਤੂ ਮੁਲਤਾਨੀ ਜਿਹੜੀ ਕਿ ਪਾਕਿਸਤਾਨ ਦੇ ਵਿਸ਼ਾਲ ਖੇਤਰ ਦੀ ਜ਼ਬਾਨ ਹੈ, ਨੂੰ ਅੱਖੋਂ ਉਹਲੇ ਕਰ ਦਿੱਤਾ ਗਿਆ ਹੈ। ਪਿਛਲੇ ਦਿਨੀਂ ਪਾਕਿਸਤਾਨ ਦੇ ਬੀ.ਏ. ਜ਼ਾਮੀ ਨੇ ਮੁਲਤਾਨੀ ਕੋਸ਼ ਤਿਆਰ ਕੀਤਾ ਅਤੇ ਕੈਫੀ ਨੇ ਮੁਲਤਾਨੀ (ਸਰਾਇਕੀ) ਦੇ ਕਵੀਆਂ ਦਾ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕੀਤਾ। ਪਿਛੇ ਜਿਹੇ ਇਹ ਮੰਗ ਵੀ ਪੇਸ਼ ਕੀਤੀ ਗਈ ਕਿ ਪਾਕਿਸਤਾਨ ਦੀ ਸਰ ਜ਼ਮੀਨ ਉਤੇ ਲਹਿੰਦੀ ਸੂਬੇ ਦੀ ਕਾਇਮੀ ਕੀਤੀ ਜਾਵੇ। ਕਈ ਸਰਾਇਕੀ ਅਦਬੀ ਕਾਨਫ੍ਰੰਸਾਂ ਵੀ ਕੀਤੀਆਂ ਜਾਂਦੀਆਂ ਹਨ (ਸਮਿਰਨੋਵ ਪੰਨਾ 22)

ਡਾ. ਸਮਿਰਨੋਵ ਨੇ ਲਹਿੰਦੀ ਦੇ ਦੋ ਵਰਗ-- ਦੱਖਣੀ ਵਰਗ ਤੇ ਉੱਤਰੀ ਵਰਗ ਮੰਨਕੇ ਦੱਖਣ ਵਿਚ ਮੁਲਤਾਨੀ, ਜਟਕੀ, ਥਲੀ ਸ਼ਾਮਿਲ ਕੀਤੀਆਂ ਹਨ। ਅਤੇ ਉੱਤਰੀ ਵਰਗ ਵਿਚ ਪੋਠੋਹਾਰੀ ਛਿਬਾਲੀ, ਪੁਣਛੀ ਅਵਾਣਕਾਰੀ, ਸ਼ਾਹਪੁਰੀ ਘੇਬੀ, ਧੰਨੀ, ਹਿੰਦਕੋ, ਤਿਨੌਲੀ ਅਤੇ ਢੂੰਡੀ-ਕੈਰਾਲੀ ਗਿਣੀਆਂ ਹਨ। ਸਮਿਰਨੋਵ ਨੇ ਪੋਠੋਹਾਰੀ ਵਰਗ (ਉੱਤਰੀ ਵਰਗ) ਅਤੇ ਮੁਲਤਾਨੀ ਵਰਗ (ਦੱਖਣੀ) ਵਿਚ ਅੰਤਰ ਵੀ ਦੱਸਿਆ ਹੈ :

| | | | |
|---|---|---|---|
| 1. ਪਰਸਰਗ : | ਪੋ./ਨਾ/. | ਮੁਲ | /ਦਾ/ |
| 2. /ਰ/ ਦੀ ਵਰਤੋਂ | ਕੋਰ, | — | ਕੋਣ (ਕੌਣ) |
| 3. ਕ੍ਰਿਆਰੂਪ : | ਗੱਛਣਾ, | — | ਵੰਜਣ (ਜਾਣਾ) |
| | ਅੱਛਣਾ, | | ਆਵਣ (ਆਉਣਾ) |
| 4. ਪੜਨਾਂਵ : | ਮੈਂਡਾ | — | ਮੇਰਾ |

ਪਰੰਤੂ ਆਮ ਕਰਕੇ ਲਹਿੰਦੀ ਸ਼ਬਦ ਮੁਲਤਾਨੀ ਵਾਸਤੇ ਹੀ ਵਿਸ਼ਾਲ ਅਰਥਾਂ ਵਿਚ ਵਰਤਿਆ ਜਾਂਦਾ ਹੈ ਅਤੇ ਲਹਿੰਦੀ ਤੇ ਮੁਲਤਾਨੀ ਪਰਿਆਇਵਾਚੀ ਬਣ ਗਏ ਹਨ।

ਡਾ. ਹਰਦੇਵ ਬਾਹਰੀ[24] ਨੇ ਵੀ ਮੁਲਤਾਨੀ ਦੇ ਅੰਤਰਗਤ ਡੇਰ੍ਹਾਵਾਲੀ, ਜਟਕੀ, ਸਰਾਇਕੀ, ਭਾਂਗੀ, ਸ਼ਾਹਪੁਰੀ, ਅਵਾਣਕਾਰੀ, ਬਹਾਵਲਪੁਰੀ ਆਦਿ ਛੋਟੀਆਂ ਛੋਟੀਆਂ ਉਪ-ਬੋਲੀਆਂ ਸ਼ਾਮਲ ਕੀਤੀਆਂ ਹਨ (ਬਾਹਰੀ : ਮੁਲਤਾਨੀ : ਪੰਜਾਬੀ ਦੁਨੀਆ, ਪਟਿਆਲਾ 1955)। ਅੱਠਵੀਂ ਸਦੀ ਤੋਂ ਲੈ ਕੇ ਬਾਰ੍ਹਵੀਂ ਸਦੀ ਤਕ ਲਗਪਗ ਚਾਰ ਸੌ ਵਰ੍ਹੇ ਮੁਲਤਾਨ ਦਾ ਰਾਜਨੀਤਕ ਤੇ ਸਭਿਆਚਾਰਕ ਸੰਬੰਧ ਸਿੰਧ ਨਾਲ ਰਿਹਾ ਹੈ ਅਤੇ ਮੁਲਤਾਨੀ ਤੇ ਸਿੰਧੀ ਉਤੇ ਅਰਬੀ ਫਾਰਸੀ ਦਾ ਅਸਰ ਬਰਾਬਰ ਪੈਂਦਾ ਰਿਹਾ ਹੈ।

ਮੁਲਤਾਨੀ ਤੇ ਪੂਰਬੀ ਪੰਜਾਬੀ ਨਾਲ ਘਣੀ ਸਾਂਝ ਹੋ ਪਰੰਤੂ ਕੁਝ ਕੁ ਆਪਣੀਆਂ ਉਪ-ਭਾਸ਼ਾਈ ਵੱਖਰਤਾਵਾਂ ਵੀ ਖ਼ਾਸ ਖ਼ਾਸ ਹਨ :

Sri Satguru Jagjit Singh Ji Elibrary NamdhariElibrary@gmail.com

(1) -ਅੜ ਜਾਂ -ਅਰ ਅੰਤਕ ਸ਼ਬਦ ਇਸਤ੍ਰੀ ਲਿੰਗ ਵਿਚ 'ਇੜ' ਜਾਂ 'ਇਰ' ਹੋ ਜਾਂਦੇ ਹਨ :

ਕੁੱਕੜ (ਪੁ), ਕੁੱਕਿੜ (ਇ. ਲਿੰਗ), ਛੋਹਰ (ਪੁ) ਛੋਹਿਰ (ਇ. ਲਿੰਗ),
ਵੈਹੜ (ਪੁ) ਵੈਹਿੜ (ਇ. ਲਿੰਗ)

(2) ਕਾਰਕੀ ਚਿੰਨ੍ਹ :

ਕਰਮ ਕਾਰਕ : ਕੂੰ (ਅਸਾਂ ਕੂੰ, ਤੁਸਾਂ ਕੂੰ)
ਸਾਨੂੰ, ਤੁਹਾਨੂੰ
ਕਰਣ ਕਾਰਕ : ਕਨੂੰ, ਥੀਂ (ਅਸਾਂ ਥੀਂ, ਅਸਾਂ ਕੰਨੂੰ)
ਸੰਬੰਧ ਕਾਰਕ : ਡਾ. (ਤੈਂਡਾ, ਮੈਂਡਾ)
" " ਦਾ (ਜੈਂਦਾ, ਕੈਂਦਾ)

(3) ਕ੍ਰਿਆਰੂਪ :

ਖਾਂਦੀ ਵੈਂਦਾ, ਖਾਂਦੀ ਵੈਂਦੇਨ, ਖਾਂਦੇ ਗਏ
ਅਸੀਂ ਖਾਂਦੇ ਹਾਸੇ
ਉ ਖਾਧੀ, ਉ ਖਾਸਨ (ਖਾਣਗੇ)
ਤੁਸਾਂ ਖਾਸੋ, ਅਸਾਂ ਖਾਸੂੰ

(4) ਵਿਸ਼ੇਸ਼ ਖ਼ਾਸ ਕ੍ਰਿਆ-ਪ੍ਰਯੋਗ :

ਮਾਰਿਉਸ (ਉਸਨੇ ਉਸਨੂੰ ਮਾਰਿਆ)
ਮਾਰੈਨੇਂ (ਉਨ੍ਹਾਂ ਨੇ ਉਸਨੂੰ ਮਾਰਿਆ)
ਮਾਰਿਆਈ (ਤੂੰ ਉਸਨੂੰ ਮਾਰਿਆ)
ਮਾਰਈ ਵੇ (ਤੁਸਾਂ ਉਸਨੂੰ ਮਾਰਿਆ)
ਮਾਰਿਉਸ (ਮੈਂ ਉਸਨੂੰ ਮਾਰਿਆ)
ਮਾਰਿਐਸੇ (ਅਸਾਂ ਉਸਨੂੰ ਮਾਰਿਆ)

(5) **ਸ਼ਬਦ-ਭੰਡਾਰ**

ਮੁਲਤਾਨੀ ਨਿੱਜੀ ਇਲਾਕਾਈ ਸ਼ਬਦ ਬਹੁਤ ਹਨ ਜਿਨ੍ਹਾਂ ਦਾ ਮੂਲ-ਜੜ ਅਜੇ ਵੀ ਖੋਜ ਤੋਂ ਬਾਹਰ ਹੈ :

ਢੰਡ (ਝੀਲ), ਵੀਟਣ (ਡੁਲ੍ਹਣਾ), ਵਿਸਮਨ (ਬੁੱਝਣਾ), ਘੱਤਣ (ਰਖਣਾ), ਪਲ੍ਹਤ (ਗਲੀਆਂ), ਪਤੰਦਰ (ਮਰ੍ਹਿਆ ਬਾਪ ਪਰ ਪੂ. ਪੰਜਾਬੀ ਵਿਚ ਇਕ ਗਾਲ੍ਹ), ਪਾਵਲੀ (ਜੁਲਾਹਾ), ਗਰੇੜਾ (ਝੌਂਪੜਾ), ਅਖ਼ਤਾ (ਤੰਗ)

ਡਾ. ਬਾਹਰੀ ਨੇ ਬਹੁਤ ਸਾਰੇ ਸ਼ਬਦ/ਕ੍ਰਿਆਵਾਂ ਮੁਲਤਾਨੀ ਦੀਆਂ ਵਿਸ਼ੇਸ਼ ਮੰਨੀਆਂ ਹਨ ਪਰ ਉਹ ਮਲਵਈ ਵਿਚ ਵੀ ਹਨ :

ਕੱਸੀ (ਨਾਲੀ, ਛੋਟੀ ਨਹਿਰ ਜਾਂ ਸੂਆ), ਬੱੜਾ (ਬੋਲਾ, ੜ ਤੇ ਲ ਵਿਚ ਅੰਤਰ-ਵਟਾਂਦਰਾ ਹੈ), ਟੈਰ, ਓਦਰਣ/ਓਧਰਣ (ਉਦਾਸ ਹੋਣਾ), ਅਟੇਰਣ (ਮਲ : ਅਟੇਰਣਾ : ਧੋਖੇ ਨਾਲ ਉਧਾਲ ਲੈ ਜਾਣਾ), ਭੋਰਨ (ਮਲ : ਭੋਰਨਾ : ਫ਼ਲੀਆਂ ਦੇ ਦਾਣੇ ਭੋਰਦਾ ਹੈ) ਆਦਿ ।

Sri Satguru Jagjit Singh Ji Elibrary NamdhariElibrary@gmail.com

ਵੰਨਗੀ :

ਅਲਫ ਇਥਾਂ ਉਥਾਂ ਸਾਕ ਆਸ ਤੈਂਡੀ, ਅਤੇ ਆਸਰਾ ਤੈਂਡੇ ਜ਼ੋਰ ਦਾ ਏ।
ਮੱਝੀਂ ਸਭ ਹਵਾਲੜੇ ਤੈਂਡੜੇ ਨੇ ਅਸਾਂ ਖ਼ੌਫ਼ ਨਾ ਖਾਦੜਾ ਚੋਰ ਦਾ ਏ।
(ਅਲੀ ਹੈਦਰ ਮੁਲਤਾਨੀ)

(8) **ਪੰਜਾਬੀ ਮੰਡਲ ਦੇ ਭਾਸ਼ਾ-ਟਾਪੂ**

ਪੰਜਾਬੀ ਵਿਸ਼ਾਲ ਇਲਾਕੇ ਵਿਚ ਫੈਲੀ ਹੋਈ ਇਕ ਮੰਡਲਾਕਾਰ ਭਾਸ਼ਾ ਹੈ ਪਰ ਇਸ ਦੇ ਇਕ-ਦੋ ਖੂੰਜਿਆਂ ਤੇ ਨੁਕਰ ਵਾਂਗ ਬਾਹਰ ਨਿਕਲੀਆਂ ਹੋਈਆਂ ਦੋ ਉਪ-ਬੋਲੀਆਂ ਹਨ ਜਿਨ੍ਹਾਂ ਨੂੰ ਡਾ. ਗ੍ਰੀਅਰਸਨ ਨੇ 'ਰਾਠੀ' ਤੇ 'ਭਟਿਆਣੀ' ਕਿਹਾ ਹੈ। ਇਹ ਭੂਗੋਲਿਕ ਦ੍ਰਿਸ਼ਟੀ ਤੋਂ ਨੁਕਰੀਂ ਸਥਿਤ ਹੋਣ ਕਰਕੇ ਪੰਜਾਬੀ ਦੇ 'ਭਾਸ਼ਾ-ਟਾਪੂ' ਕਹੇ ਜਾ ਸਕਦੇ ਹਨ।

**ਰਾਠੀ**

ਹਿਸਾਰ ਜ਼ਿਲ੍ਹੇ (ਹਰਿਆਣਾ ਪ੍ਰਾਂਤ) ਦੀ ਘੱਗਰ ਵਾਦੀ ਦੇ ਵਸਨੀਕ ਪੰਜਾਬੀ ਮੁਸਲਮਾਨਾਂ ਦੀ ਇਹ ਬੋਲੀ ਹੈ। ਇਨ੍ਹਾਂ ਵਕਤਿਆਂ ਨੂੰ ਪੱਛਮ ਤੋਂ ਆਉਣ ਕਰਕੇ 'ਪੱਛਾਧੇ' ਅਤੇ ਮਗ਼ਰੂਰ ਹੋਣ ਕਰਕੇ 'ਰਾਠ' ਕਿਹਾ ਜਾਂਦਾ ਹੈ। ਕਬੀਲੇ ਦਾ ਇਹ ਨਾਂ ਹੋਣ ਕਰਕੇ ਇਨ੍ਹਾਂ ਦੀ ਬੋਲੀ ਨੂੰ 'ਰਾਠ' ਦਾ ਨਾਂ ਦਿੱਤਾ ਗਿਆ ਹੈ। ਇਸਦੇ ਨਾਲ ਲਗਦੀ ਪੁਰਾਣੀ ਜੀਂਦ ਰਿਆਸਤ ਦੀ ਬੋਲੀ ਨੂੰ 'ਨਾਲੀ ਦੀ ਬੋਲੀ' ਹੈ ਜਿਸਨੂੰ ਘੱਘਰ ਦੇ ਦੂਜੇ ਨਾਂ 'ਨਾਲੀ' ਦੀ ਨਕਲ ਕਰਕੇ ਨਾਲੀ ਦੀ ਬੋਲੀ ਕਿਹਾ ਜਾਂਦਾ ਹੈ। ਰਾਠੀ ਵਿਚ ਮਲਵਈ ਤੇ ਬਾਂਗਰੂ ਦਾ ਕਾਫ਼ੀ ਮਿਸ਼ਰਨ ਹੈ।

ਪਰੰਤੂ ਪਾਕਿਸਤਾਨ ਬਣਨ ਤੋਂ ਉਪਰੰਤ ਰਾਠੀ ਪੰਜਾਬੀ ਦੀ ਹਾਲਤ ਬਦਲ ਗਈ ਜਾਪਦੀ ਹੈ। ਕਾਫ਼ੀ ਮੁਸਲਮਾਨ ਹਿਜਰਤ ਕਰ ਗਏ ਹਨ ਅਤੇ ਇਸ ਦੀ ਹੋਂਦ ਸ਼ਕੀ ਹੀ ਹੋ ਗਈ ਹੈ। ਇਸ ਦੇ ਪੁਨਰ-ਸਰਵੇਖਣ ਦੀ ਲੋੜ ਹੈ।

**ਭਟਿਆਣੀ**

ਇਹ ਵੀ ਕਬਾਇਲੀ ਪੰਜਾਬੀ ਹੈ। ਬੀਕਾਨੇਰ ਦੇ ਇਰਦ ਗਿਰਦ ਵਸਦੇ ਭੱਟੀ ਮੁਸਲਮਾਨੀ ਰਾਜਪੂਤਾਂ ਦੀ ਇਹ ਬੋਲੀ ਹੈ। ਇਸ ਦੀ ਆਧਾਰ ਮਲਵਈ ਹੈ ਪਰ ਬਾਗੜੀ ਦਾ ਬਹੁਤ ਰਲਾ ਹੈ। ਇਸ ਇਲਾਕੇ ਵਿਚ ਭੱਟੀ ਰਾਜਪੂਤਾਂ ਦੀ ਬਹੁਤ ਗਿਣਤੀ ਵੀ ਰਹੀ ਹੈ ਅਤੇ ਗ਼ਲਬਾ ਵੀ। ਇਸੇ ਕਰਕੇ ਇਸ ਭੂ-ਖੰਡ ਵਿਚ ਕਈਆਂ ਨਗਰਾਂ ਦੇ ਨਾਂ ਭੱਟੀਆਂ ਦੇ ਮਹੱਤਵ ਨੂੰ ਪ੍ਰਗਟਾਉਂਦੇ ਹਨ ਜਿਵੇਂ ਭਟਿੰਡਾ (ਬਠਿੰਡਾ), ਭਟਨੇਰ।

ਬੀਕਾਨੇਰ ਦੇ ਵਸਨੀਕ ਹਿੰਦੀ/ਰਾਜਸਥਾਨੀ ਦੇ ਰਾਸ਼ਟਰ-ਪ੍ਰਸਿੱਧ ਖੋਜੀ ਸ੍ਰੀ ਅਗਰ ਚੰਦ ਨਾਹਟਾ ਨੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਲਿਖੀ ਇਕ ਚਿੱਠੀ ਵਿਚ ਭੱਟੀਆਂ ਦੀ ਅਹਿਮੀਅਤ ਤੇ ਉਨ੍ਹਾਂ ਦੀ ਪੰਜਾਬੀ ਭਾਸ਼ਾ ਬਾਰੇ ਸੰਕੇਤ ਕੀਤਾ ਹੈ :

ਬੀਕਾਨੇਰ

ਡਾ. ਪ੍ਰੇਮ ਪ੍ਰਕਾਸ਼ ਸਿੰਘ,

ਪਤ੍ਰ ਅਭੀ ਮਿਲਾ। ਭਟਨੇਰ ਮੇਂ ਅਧਿਕਾਂਸ਼ ਜੈਨੀ ਵ ਮਾਰਵਾੜੀ ਰਹਤੇ ਹੈਂ ਉਨਕੀ ਭਾਸ਼ਾ ਰਾਜਸਥਾਨੀ ਹੈ, ਕੁਛ ਲੋਗ ਪੰਜਾਬ ਕੇ ਭੀ ਵਹਾਂ ਰਹਨੇ ਲਗੇ ਹੈਂ। ਉਨਕੀ ਭਾਸ਼ਾ ਪੰਜਾਬੀ ਹੋਗੀ। ਮੂਲ ਰੂਪ ਸੇ ਤੋ ਵਹਾਂ ਕੇ ਲੋਗੋਂ ਸੇ ਸੰਪਰਕ ਕਰਕੇ

Sri Satguru Jagjit Singh Ji Elibrary NamdhariElibrary@gmail.com

ਰਾਜਸਥਾਨੀ ਪੰਜਾਬੀ ਦਾ ਮਿਸ਼੍ਰਣ ਕਿਸ ਰੂਪ ਮੇਂ ਹੈ ਯਹ ਤੋਂ ਸਵਯੰ ਜਾਕਰ ਹੀ ਪਤਾ ਲਗਾਨਾ ਚਾਹਿਏ। ਹਨੁਮਾਨ ਗਢ ਬਹੁਤ ਪ੍ਰਸਿੱਧ ਮੰਡੀ ਹੈ। ਆਪ ਸਵਯੰ ਹੀ ਆਵੇਂ। ਭਟਨੇਰ ਉਸੀ ਕਾ ਪੁਰਾਨਾ ਨਾਮ ਹੈ। ਮੂਲ ਸ਼ਬਦ ਭੱਟੀ ਨਯਰ ਯਾ ਨਗਰ ਥਾ ਅਰਥਾਤ ਭਾਟਿਯਾਂ ਰਾਜਾਓਂ ਕਾ ਨਗਰ। ਬੀਕਾਨੇਰ ਮੇਂ ਭੀ 'ਨੇਰ' ਸ਼ਬਦ ਨਗਰ ਕਾ ਹੀ ਸੰਕਸ਼ਿਪਤ ਰੂਪ ਹੈ।

ਅਗਰ ਚੰਦ ਨਾਹਟਾ
ਨਾਟਹੋਂ ਕਾ ਅਗਵਾੜ
ਬੀਕਾਨੇਰ।
...... ਵੇਖੋ ਪੰਨਾ 28 ੲ

(9) **ਹਾਫਿਜ਼ ਮਹਮੂਦ ਸ਼ੀਰਾਨ**

'ਮਗਰ ਅਹਲੇ ਪੰਜਾਬ (ਪੰਜਾਬ ਵਾਸੀ) ਯਿਹ ਫਰਕ ਤਸਲੀਮ ਨਹੀਂ ਕਰਤੇ ਉਨਕਾ ਬਯਾਨ ਹੈ ਕਿ ਪੰਜਾਬੀ ਔਰ ਲਹੰਦਾ ਏਕ ਹੀ ਚੀਜ਼ ਹੈ। ਮਗ਼ਰਬੀ ਔਰ ਮਸ਼ਰਕੀ ਜ਼ਬਾਨ ਮੇਂ ਜੋ ਫਰਕ ਹੈ ਵੁਹ ਅਸੂਲੀ ਨਹੀਂ ਹੈ ਬਲਕਿ ਕੁਦਰਤੀ ਔਰ ਜ਼ਿਲਾ ਜ਼ਿਲਾ ਕੀ ਮੁਕਾਮੀ ਖ਼ਸੂਸੀਆਤ ਕੀ ਬਿਨਾ ਪਰ ਪੈਦਾ ਹੋਤਾ ਚਲਾ ਗਯਾ ਹੈ। ਔਰ ਯਹ ਤਕਸੀਮ ਹਰ ਹਾਲ ਮੇਂ ਨਾਜਾਇਜ਼ ਹੈ। (ਪੰਜਾਬ ਮੇਂ ਉਰਦੂ, ਸਫਾ 81)।

**ਭਾਈ ਜੋਧ ਸਿੰਘ**

"ਲਹਿੰਦੀ ਅਤੇ ਪੂਰਬੀ ਪੰਜਾਬੀ ਇਕ ਰੁਖ ਦੀਆਂ ਦੋ ਟਾਹਣੀਆਂ ਹਨ ਜਿਨ੍ਹਾਂ ਉਤੇ ਚੁਗਿਰਦੇ ਦੇ ਅਸਰ ਪੈਣ ਕਰਕੇ ਕੁਝ ਵਖੇਵੇਂ ਪ੍ਰਤੀਤ ਹੁੰਦੇ ਹਨ" (ਪੰਜਾਬੀ ਭਾਸ਼ਾ ਦਾ ਵਿਕਾਸ, ਦੁਨੀ ਚੰਦ ਦਾ ਮੁਖ ਬੰਧ

**ਪ੍ਰਿੰਸੀਪਲ ਤੇਜਾ ਸਿੰਘ**

"ਕਈ ਲੋਕ ਗ੍ਰੀਅਰਸਨ ਪਿੱਛੇ ਲਗ ਕੇ ਲਹਿੰਦੇ ਪਾਸੇ ਦੀ ਬੋਲੀ ਨੂੰ ਪੰਜਾਬੀ ਵਿਚੋਂ ਕੱਢ ਦਿੰਦੇ ਹਨ। ਪਰ ਇਹ ਠੀਕ ਨਹੀਂ ਲਹਿੰਦੀ ਪੰਜਾਬੀ ਦੀ ਨਿੱਗਰ ਅੰਗ ਹੈ। ਇਸ ਦਾ ਸਾਹਿਤ ਪੰਜਾਬੀ ਦਾ ਮਾਣ ਹੈ। ਕੌਣ ਕਹਿ ਸਕਦਾ ਹੈ ਕਿ ਮੁਲਤਾਨ ਅਲੀ ਹੈਦਰ ਦੀਆਂ ਸੀਹਰਫੀਆਂ ਪੰਜਾਬੀ ਨਹੀਂ ? (ਸਾਹਿਤ ਦਰਸ਼ਨ, ਪੰਨਾ 20-21)

## ਸੰਦਰਭ ਪੁਸਤਕ ਸੂਚੀ

"Khusarau says, the language originally was Hindi......Now in India every province has a peculiar idiom for the expression of various thoughts. There is Sindhi, Lahori, Kasmiri, Kabari, Dhun-Samundari, Tilangi, Gujari, Mabari, Gauri, Bengali and Oudhi, but in Delhi and all around in its suburbs the language is the same Hindui that has been current here for all forms of speech since older times."

Nuh Sipihr (III Sipihr-persian)

1. Dr. Wahid Mirza : *The Life and Works of Amir Khusrau*, p. 185.

Sri Satguru Jagjit Singh Ji Elibrary NamdhariElibrary@gmail.com

2. G.A. Grierson, *Linguistic Survey of India*, p. I & p. II, Vol. I, part I (Introductory).
3. ਉਹੀ p. 15.
4. John Beams : *A Comparative Grammar of the Modern Aryan Languages of India*, p. 98
5. There are apparently two principal dialects of this language, viz. the *Multani* spoken in the Southern Punjab about Multan, and the dialect of the Northern Punjab. Dr. Hoernle : A Grammar of Eastern Hindi compared with other Guardian Languages (Part III) 1880 A.D.
6. Sir Ritchard C. Tample : Punjab Notes and Queries, 1883 A.D.
7. Punjabi Dictionary by Bhai Mayia Singh (Introduction).
8. ਪੰਜਾਬੀ ਸ਼ਬਦ ਭੰਡਾਰ (ਭਾਈ ਬਿਸ਼ਨ ਦਾਸ ਪੁਰੀ) ਉਥਾਨਕਾ।

ਡਾ. ਮੋਹਨ ਸਿੰਘ

9. Linguistic Survery of India, Vol I, part I, p. 18.

"Finally we should properly call Punjabi neither an Apabhramsa nor a dialect of Western Hindi but an independent Des Bhakhia or Deshi Bhasha, regional speech which, in its variations, covers the whole area from the Sind to the Jumna".

*A History of Punjabi Literature*, p. III.

ਡਾ. ਹਰਦੇਵ ਬਾਹਰੀ

"ਇਸ ਤੋਂ ਉਤੇ ਹੋਰ ਕੀ ਪ੍ਰਮਾਣ ਦਿੱਤਾ ਜਾ ਸਕਦਾ ਹੈ ਕਿ ਲਹਿੰਦੀ ਤੇ ਪੂਰਬੀ ਪੰਜਾਬੀ ਵਿਚ ਬੋਲੀ ਦਾ ਭੇਦ ਹੈ, ਪਰ ਇਹ ਕਹਿਣਾ ਅਤਿਆਚਾਰ ਦੇ ਬਰਾਬਰ ਹੋਵੇਗਾ ਕਿ ਇਹ ਦੋਵੇਂ ਵੱਖ ਵੱਖ ਭਾਸ਼ਾਵਾਂ ਹਨ। ਲਹਿੰਦੀ ਪੰਜਾਬੀ ਦੀ ਇਕ ਉਪ-ਭਾਸ਼ਾ ਹੈ। ਪੂਰਬੀ ਪੰਜਾਬੀ ਤੇ ਲਹਿੰਦੀ ਦਾ ਘਣਾ ਮੇਲ ਹੈ। ਦੋਵੇਂ ਪੰਜਾਬੀ ਦੇ ਹੀ ਰੂਪ ਹਨ।" (ਪਜਾਬੀ ਤੇ ਲਹਿੰਦੀ, ਲੇਖ, ਭਾਸ਼ਾ ਵਿਭਾਗ ਪੰਜਾਬ, 1958-59).

ਪ੍ਰੋ. ਪਿਆਰਾ ਸਿੰਘ ਪਦਮ

"ਲਹਿੰਦੇ ਦੀਆਂ ਉਪ-ਭਾਖਾਵਾਂ ਜ਼ਰੂਰ ਪੰਜਾਬੀ ਦਾ ਅੰਗ ਹਨ ਕਿਉਂਕਿ ਉਨ੍ਹਾਂ ਦਾ ਸ਼ਬਦ ਭੰਡਾਰ ਪੰਜਾਬੀ ਨਾਲ ਰਲਦਾ ਹੈ ਕੇਵਲ ਉਚਾਰਨ ਨੇ ਉਨ੍ਹਾਂ ਦਾ ਮੁਹਾਂਦਰਾ ਬਦਲਿਆ ਹੈ।" (ਪੰਜਾਬੀ ਬੋਲੀ ਦਾ ਇਤਿਹਾਸ, ਪੰਨਾ 321)।

ਸ੍ਰੀ ਨਰੇਂਦ੍ਰ ਧੀਰ

"ਯਹੀ ਨਹੀਂ ਵਹ (ਡਾ. ਗ੍ਰੀਅਰਸਨ) ਤੋਂ ਪੰਜਾਬ ਕੀ ਕਈ ਉਪਭਾਸ਼ਾਓਂ ਕੀ ਉਪੇਕਸ਼ਾ ਭੀ ਕਰਤਾ ਹੈ, ਜੈਸੇ ਉਸ ਨੇ ਲਹਿੰਦੀ ਕੋ ਪੰਜਾਬੀ ਸੇ ਭਿੰਨ ਮਾਨਾ ਹੈ ਜੋ ਅਸਤਯ ਹੈ।" (ਮੈਂ ਧਰਤੀ ਪੰਜਾਬ ਕੀ, ਪੰਨਾ 87)

Sri Satguru Jagjit Singh Ji Elibrary NamdhariElibrary@gmail.com

ਡਾ. ਦਰਸ਼ਨ ਸਿੰਘ

"ਗ੍ਰੀਅਰਸਨ ਦੀ ਇਸ ਪੁਸਤਕ ਦੇ ਅਧਿਐਨ ਤੋਂ ਅਤੇ ਲਹਿੰਦਾ ਨਾਲ ਸੰਬੰਧਿਤ ਭਾਗ ਦੇ ਅਧਿਐਨ ਤੋਂ ਇਹ ਗੱਲ ਆਪਣੇ ਆਪ ਸਿੱਧ ਹੋ ਜਾਂਦੀ ਹੈ ਕਿ ਇਹ ਦੋਵੇਂ ਬੋਲੀਆਂ (ਲਹਿੰਦਾ ਤੇ ਪੂਰਬੀ ਪੰਜਾਬੀ) ਅਲਗ ਨਹੀਂ ਹਨ।" (ਪੰਜਾਬੀ ਭਾਸ਼ਾ, ਪੰਨਾ 192).

11. ਹਰਦੇਵ ਬਾਹਰੀ : ਪੰਜਾਬੀ ਤੇ ਲਹਿੰਦੀ, ਭਾਸ਼ਾ ਵਿਭਾਗ ਸੈਮੀਨਾਰ 1958-59.
12. -ਉਹੀ, ਪੰਨਾ 39.
13. ਪੰਜਾਬੀ ਦੁਨੀਆ (ਉਪਭਾਸ਼ਾ ਅੰਕ) ਮਹਿਕਮਾ ਪੰਜਾਬੀ ਪਟਿਆਲਾ, 1955 (ਨਕਸ਼ਾ)
14. ਐਨਉਲ ਹਕ ਫਰੀਦਕੋਟੀ : ਉਰਦੂ ਜ਼ਬਾਨ ਕੀ ਕਦੀਮ ਤਾਰੀਖ਼ ਅਰਸਲਾਨ ਪਬਲੀਕੇਸ਼ਨਜ਼, ਲਾਹੌਰ 1975, ਪੰਨਾ 79.
15. ਭਾਖਾ ਸੰਜਮ, ਜਿਲਦ 3, ਨੰ. 1-3, 1970.
16. ਉਹੀ।
17. U. A. Smirnov, *The Lahnda Language*, p. 19 NAUKA Publishing House, Moscow 1975.
18. —do—
19. Harjit Singh Gill, *A Reference Grammar of Punjabi*, Punjabi University, Patiala, 1969.
20. ਵਾਸੁਦੇਵ ਸ਼ਰਣ ਅਗਰਵਾਲ : ਪਾਣਿਨਿਕਾਲੀਨ ਭਾਰਤ ਵਰਸ਼, ਪੰਨਾ 457.
21. ਸਪਰ ਸਿੰਧੂ (ਹਿੰਦੀ) ਉਪਭਾਸ਼ਾ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪਟਿਆਲਾ, 1965-66
22. ਆਲੋਚਨਾ, ਲੁਧਿਆਣਾ, 1968.
23. ਹਰਦੇਵ ਬਾਹਰੀ 'ਮੁਲਤਾਨੀ' ਪੰਜਾਬੀ ਦੁਨੀਆ, ਉਪਭਾਸ਼ਾ ਅੰਕ, 1955.

ਇਸ ਖੋਜ-ਪੱਤਰ ਦੇ ਸੰਬੰਧ ਵਿਚ ਕਾਫ਼ੀ ਗੰਭੀਰ ਵਿਚਾਰ ਵਟਾਂਦਰਾ ਹੋਇਆ ਜਿਸ ਵਿਚ ਉੱਘੇ ਭਾਸ਼ਾ ਵਿਗਿਆਨੀਆਂ ਨੇ ਭਾਗ ਲਿਆ। ਇਸ ਸੈਸ਼ਨ ਦੇ ਪ੍ਰਧਾਨ ਡਾ. ਹਰਦੇਵ ਬਾਹਰੀ ਜੀ, ਜਿਨ੍ਹਾਂ ਨੇ ਇਸ ਸੈਮੀਨਾਰ ਦੇ ਦੂਸਰੇ ਸੈਸ਼ਨ ਵਿਚ ਆਪਣਾ ਖੋਜ-ਪੱਤਰ "ਪੰਜਾਬੀ ਨੂੰ ਲਹਿੰਦੀ ਦੀ ਦੇਣ" ਬਾਰੇ ਪੜ੍ਹਿਆ ਸੀ, ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਆਪਣੇ ਆਪ ਵਿਚ ਇਕ ਵੱਖਰਾ ਤੇ ਵਿਸ਼ਾਲ ਵਿਸ਼ਾ ਹੈ ਜਿਸ ਸੰਬੰਧੀ ਵੱਖਰਾ ਸੈਮੀਨਾਰ ਕਰਵਾਉਣ ਦੀ ਵਿਉਂਤ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਬਹੁਤਾ ਹੀ ਮਹੱਤਵਪੂਰਨ ਤੇ ਵਿਚਾਰਸ਼ੀਲ ਨੁਕਤੇ ਉਠਾਏ ਹਨ ਜਿਨ੍ਹਾਂ ਸੰਬੰਧੀ ਵੱਖਰੀ ਗੋਸ਼ਟੀ ਦੀ ਲੋੜ ਹੈ। ਉਸਦੀ ਰਿਪੋਰਟ ਵਿਚ ਹੀ ਇਹ ਵਿਸ਼ਾ ਲਿਆਂਦਾ ਜਾਵੇਗਾ।

(ਸੰਪਾਦਕ)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com